## ਤਤਕਰਾ


ਪ੍ਰਸਤਾਵਨਾ ੧੦

ੳ

ਉਗ੍ਰਸੇਨ ੨੧
ਉਜੂ ੨੧
ਉੜੀਸਾ ੨੨
ਉਦਾਸੀ ੨੩
ਉਨਮਨਿ ੨੩
ਊਧੋ ੨੪
ਓਅੰਕਾਰ ੨੪
ਓਅੰਕਾਰ (ਬਾਣੀ) ੨੫

ਅ

ਅਉਧੂਤ ੨੬
ਅਸਟ ਸਿਧਿ ੨੭
ਅਸਟ ਧਾਤੂ ੨੭
ਅਸਟਪਦੀ ੨੮
ਅਸਟਮੀ ੨੮
ਅਸਿ ੨੮
ਅਸੁਰ ੨੯
ਅਸੁਮੇਧ ੩੦
ਅਹਲਿਆ ੩੧
ਅਹੋਈ ੩੨
ਅਕ੍ਰੂਰ ੩੨
ਅਗਨਿ ੩੨
ਅਜ ੩੩
ਅਜਰਾਈਲ ੩੪
ਅਜਾਮਲ ੩੪
ਅਠਸਠਿ ਤੀਰਥ ੩੫
ਅਠਾਰਹ ਸਿਧੀਆਂ-ਦੇਖੋ ਅਸਟਸਿਧਿ ੩੬
ਅਠਾਰਹ ਪੁਰਾਣ ੩੬
ਅਥਰਵ-ਦੇਖੋ ਚਾਰ ਵੇਦ ੩੭
ਅਨਹਤ ਨਾਦ ੩੭
ਅਨੰਦ (ਬਾਣੀ) ੩੮
ਅਪਸਰਾ ੩੮
ਅਪਰਸ ੩੯
ਅਬਦਾਲ ੩੯
ਅਭੀਚ ੪੦
ਅਮਰਦਾਸ (ਗੁਰੂ) ੪੦
ਅਮਰਾਪਦ-ਦੇਖੋ ਚਉਥਾ ਪਦ ੪੧
ਅਰਜਨ ੪੧
ਅਰਜਨ ਦੇਵ(ਗੁਰੂ) ੪੨
ਅਰੁਣ ੪੩
ਅਰਧਉਰਧ ੪੩
ਅਲਾਹੁਣੀ ੪੩
ਅਵਸਥਾ ੪੪
ਅਵਤਾਰ ੪੪
ਆਈ ਪੰਥ ੪੫
ਆਸਨ-ਦੇਖੋ ਚਉਰਾਸੀਹ ਆਸਣ ੪੬
ਆਸ਼੍ਰਮ-ਦੇਖੋ ਚਾਰ ਆਸ਼੍ਰਮ ੪੬
ਆਸਾ ੪੬
ਆਸਾਵਰੀ ੪੬

ਆਗਮ ਨਿਗਮ ੪੬
ਆਤਮਾ ੪੭
ਆਦਮ ੪੮
ਆਰਤੀ ੪੮
ਆਵਾਗਉਣ ੪੯
ਅੰਸ਼ਾਵਤਾਰ (ਦੇਖੋ ਅਵਤਾਰ) ੪੯
ਅੰਗਦ ਗੁਰੂ ੪੯
ਅੰਗਿਰਾ (ਰਿਸ਼ੀ) ੫੦
ਅੰਜੁਲੀ ੫੧
ਅੰਬ੍ਰੀਕ ੫੧
ਅੰਮ੍ਰਿਤ ੫੨
ਅੰਮ੍ਰਿਤਸਰ ੫੩

ੲ
ਇੰਦ੍ਰ ੫੩
ਇੜਾ ੫੪
ਈਦ ੫੫
ਏਕਾਦਸੀ ਬ੍ਰਤ ੫੫

ਸ
ਸਉਣ ਸ਼ਾਸਤ੍ਰ ੫੬
ਸਹਸਕ੍ਰਿਤੀ ੫੬
ਸਹਸਬਾਹੁ ੫੭
ਸਹਜਪਦ-ਦੇਖੋ ਚਉਥਾ ਪਦ ੫੭
ਸ਼ਕਤੀ-ਦੇਖੋ ਸ਼ਿਵ ਸ਼ਕਤਿ ਤੇ ਸਾਕਤ ੫੭
ਸ਼ਗਨ ਅਪਸ਼ਗਨ-ਦੇਖੋ ਸਉਣ ਸ਼ਾਸਤ੍ਰ ੫੮
ਸਚਖੰਡ-ਦੇਖੋ ਖੰਡ ੫੮
ਸਤਾ ਬਲਵੰਡ ੫੮
ਸਤਿਸੰਗ ੫੮
ਸਤਿਗੁਰੂ ੫੯
ਸਤਿਜੁਗ-ਦੇਖੋ ਚਾਰ ਜੁਗ ੫੯
ਸਤੀ ੬੦
ਸਦੂ ੬੧
ਸਧਨਾਂ ੬੧
ਸਨਕਾਦਿ ੬੨
ਸਬਦ ਸੁਰਤਿ ੬੨
ਸਮਾਧਿ ੬੩
ਸਰਸਵਤੀ (ਨਦੀ) ੬੪
ਸਰਮ ਖੰਡ-ਦੇਖੋ ਖੰਡ ੬੩
ਸਰਾਧ ੬੪
ਸਰੀਅਤ ੬੫
ਸ੍ਰਤਿ ੬੫
ਸਲਜ ੬੬
ਸਲੋਕ ੬੬
ਸਲੋਕ ਵਾਰਾਂ ਤੇ ਵਧੀਕ ੬੬
ਸਵਯੇ ੬੭
ਸ਼ਾਸਤ੍ਰ-ਦੇਖੋ ਖਟ ਦਰਸ਼ਨ ੬੭
ਸਾਕਤ ੬੭
ਸਾਮ-ਦੇਖੋ ਚਾਰਵੇਦ ੬੯
ਸਾਰੰਗ ੬੯
ਸਾਰਦਾ ੬੯
ਸਾਲਗ੍ਰਾਮ ੭੦
ਸਿਧ-ਦੇਖੋ ਚਉਰਾਸੀਹ ਸਿੱਧ ੭੦
ਸਿਧ ਗੋਸਟਿ ੭੦
ਸਿਧਿ-ਦੇਖੋ ਅਸਟਸਿਧਿ ੭੧
ਸਿਮ੍ਰਿਤਿ ੭੧
ਸਿਰੀ ੭੨
ਸ਼ਿਵ ੭੨
ਸ਼ਿਵ ਸ਼ਕਤਿ ੭੩
ਸੀਤਲਾ ੭੪
ਸੀਤਾ ੭੪
ਸੁਕ (ਸੁਖਦੇਵ) ੭੫
ਸੂਕ੍ਰ ੭੬
ਸੁਖਮਨਾ ੭੭
ਸੁਖਮਨੀ (ਬਾਣੀ) ੭੭
ਸੁਚਜੀ ਦੇਖੋ 'ਕੁਚੱਜੀ-ਸੁਚੱਜੀ ੭੮

ਸੁੰਦਰ ੭੮
ਸੁਦਾਮਾ ੭੮
ਸੁੰਨਤਿ ੭੯
ਸੁਮੇਰ ੮੦
ਸਵਰਗ ੮੦
ਸੁਲਹੀ ੮੧
ਸੂਹੀ ੮੧
ਸੂਤਕ ੮੨
ਸੂਰਜ ੮੨
ਸੂਰਦਾਸ ੮੩
ਸ਼ੇਸਨਾਗ ੮੩
ਸੇਵਾ ੮੪
ਸੈਣ ੮੫
ਸ਼ੈਤਾਨ ੮੫
ਸੋਰਠਿ ੮੬
ਸੋਲਹਸ਼ਿੰਗਾਰ ੮੬
ਸੋਲਹਕਲਾਂ ੮੬
ਸੋਲਹੇ ੮੭
ਸ਼ੰਕਰ-ਦੇਖੋਂ ਸ਼ਿਵ ੮੭
ਸੰਗਮ-ਦੇਖੋਂ ਬੇਣੀ ਸੰਗਮ ੮੭
ਸੰਡਾਮਰਕਾ ੮੭
ਸੰਧਿਆ ੮੮
ਸੰਨਿਆਸੀ ੮੮
ਸੰਮਨ ੮੯

ਹ
ਹਕੀਕਤ ੮੯
ਹੱਜ ੮੯
ਹਠ ਜੋਗ-ਦੇਖੋਂ ਜੋਗ ਤੇ ਜੋਗੀ ੯੦
ਹਦੀਸ ੯੦
ਹਨੁਮਾਨ ੯੦
ਹਰਿਗੋਬਿੰਦ (ਗੁਰੂ) ੯੧
ਹਰਿ ਚੰਦਉਰੀ ੯੨
ਹਰਨਾਖਸ਼ ੯੨
ਹਰਿਬੰਸ (ਭੱਟ) ੯੩
ਹਰੀਚੰਦ ੯੩
ਹਲਾਲ ੯੪
ਹਾਹਾ ਹੂ ਹੂ ੯੫
ਹਾੜੰਬਾ-ਦੇਖੋਂ ਮਗਹਰ ੯੫
ਹਿੰਡੋਲ-ਦੇਖੋਂ ਬਸੰਤ ੯੫
ਹਿੰਦੁਸਤਾਨ ੯੫
ਹਿੰਦੂ ੯੬
ਹਿਮਾਚਲ ੯੬
ਹੋਮ ਜੱਗ ੯੭
ਹੋਲੀ ੯੭

ਕ
ਕਸਤੂਰੀ ੯੮
ਕਸੁੰਭਾ ੯੯
ਕੱਛ (ਅਵਤਾਰ) ੯੯
ਕਜਲੀ ਬਨ ੧੦੦
ਕਤੇਬ ੧੦੦
ਕਦੂਰੀ ੧੦੧
ਕਪਾਲ ੧੦੧
ਕਪਿਲ (ਰਿਸ਼ੀ) ੧੦੨
ਕਪਿਲਾ-ਦੇਖੋਂ ਕੈਲੀ ੧੦੩
ਕਬੀਰ ੧੦੩
ਕਮਲਾ-ਦੇਖੋਂ ਲੱਛਮੀ ੧੦੩
ਕਰਹਲੇ ੧੦੩
ਕਰਤਾਰਪੁਰ ੧੦੪
ਕਰਮ ੧੦੪
ਕਰਮਖੰਡ-ਦੇਖੋਂ ਖੰਡ ੧੦੫
ਕਰਾਮਾਤ ੧੦੫
ਕ੍ਰਿਸ਼ਨ ੧੦੬
ਕਲਜ ਭੱਟ ੧੦੮
ਕਲਪਤਰੁ ੧੦੯

ਕਲਿਆਨ ੧੦੯
ਕਾਂਸ਼ੀ ੧੦੯
ਕਾਜ਼ੀ ੧੧੧
ਕਾਂਤੀ ੧੧੨
ਕਾਨ੍ਹ-ਦੇਖੋ ਕ੍ਰਿਸ਼ਨ ੧੧੨
ਕਾਨੜਾ ੧੧੨
ਕਾਪੜੀਆ ੧੧੩
ਕਾਫ਼ੀ ੧੧੩
ਕਾਬਲ ੧੧੪
ਕਾਬਾ ੧੧੪
ਕਾਮ ੧੧੫
ਕਾਮਧੇਨ ੧੧੬
ਕਾਲਜਮਨ (ਕਾਲਯਵਨ) ੧੧੬
ਕਾਲਨੇਮ ੧੧੭
ਕਾਲੀ (ਦੇਵੀ) ੧੧੭
ਕਾਲੀ (ਨਾਗ) ੧੧੮
ਕਿੰਨਰ ੧੧੯
ਕੀਰਤ (ਭੱਟ) ੧੧੯
ਕੁਚੱਜੀ, ਸੁਚੱਜੀ ੧੧੯
ਕੁੱਠਾ-ਦੇਖੋ ਹਲਾਲ ੧੨੦
ਕੁੰਡਲਨੀ ੧੨੦
ਕੁਬਿਜਾ ੧੨੧
ਕੁਬੇਰ (ਕੁਮੇਰ) ੧੨੧
ਕੁੰਭਕ-ਦੇਖੋ ਜੋਗ ਤੇ ਜੋਗੀ ੧੨੨
ਕੁਰਖੇਤਰ ੧੨੨
ਕੁਵਲੀਆਪੀੜ ੧੨੩
ਕੁਰਾਨ ੧੨੩
ਕੇਸੀ ੧੨੪
ਕੇਦਾਰਾ ੧੨੪
ਕੈਰਉ ੧੨੪
ਕੈਲਾਸ (ਕਬਿਲਾਸ) ੧੨੫
ਕੈਲੀ (ਕਪਿਲਾ) ੧੨੫
ਕੈਸ ੧੨੬

**ਖ**

ਖਟ-ਸ਼ਾਸਤ੍ਰ-ਦੇਖੋ ਖਟ ਦਰਸ਼ਨ ੧੨੭
ਖਟ ਕਰਮ ੧੨੭
ਖਟ ਚਕ੍ਰ ੧੨੭
ਖਟ ਦਰਸ਼ਨ ੧੨੮
ਖਟ ਰਸ ੧੩੧
ਖਟ ਲਖਣ ੧੩੨
ਖਡੂਰ ੧੩੨
ਖਤ੍ਰੀ-ਦੇਖੋ ਚਾਰ ਵਰਣ ੧੩੩
ਖਾਣੀ-ਦੇਖੋ ਚਾਰ ਖਾਣੀਆਂ ੧੩੩
ਖੀਵੀ ੧੩੩
ਖੁਰਾਸਾਨ ੧੩੩
ਖੇਚਰ ਭੂਚਰ ੧੩੪
ਖੰਡ ੧੩੪
ਖੰਡ ਦੇਖੋ ਨਉ ਖੰਡ ੧੩੫

**ਗ**

ਗਉੜੀ ੧੩੫
ਗਇਆ ੧੩੫
ਗਣ ੧੩੬
ਗਣੇਸ਼ ੧੩੬
ਗਨਿਕਾ ੧੩੭
ਗੜ੍ਹ ੧੩੮
ਗਰੁੜ ੧੩੯
ਗਾਇਤ੍ਰੀ ੧੪੦
ਗਾਥਾ ੧੪੦
ਗੀਤਾ ੧੪੧
ਗੁਣਵੰਤੀ ੧੪੨
ਗੁਰਮੁਖਿ ੧੪੨
ਗੂਜਰੀ ੧੪੨
ਗੋਇੰਦਵਾਲ (ਗੋਬਿੰਦਵਾਲ) ੧੪੩
ਗੋਤਮ (ਰਿਸ਼ੀ) ੧੪੩
ਗੋਦਾਵਰੀ ੧੪੪

| | | | |
|---|---|---|---|
| ਗੋਪੀ | ੧੪੫ | ਚਿਤ੍ਰ ਗੁਪਤ | ੧੬੫ |
| ਗੋਪੀਚੰਦ | ੧੪੫ | ਚਿੰਤਾਮਣਿ | ੧੬੫ |
| ਗੋਮਤੀ | ੧੪੬ | ਚੁਲੀ | ੧੬੬ |
| ਗੋਰਖ | ੧੪੭ | ਚੰਡੂਰ | ੧੬੬ |
| ਗੋਂਡ | ੧੪੮ | ਚੰਦ | ੧੬੬ |
| ਗੰਗਾ | ੧੪੮ | ਚੰਦ੍ਰਹਾਂਸ | ੧੬੮ |
| ਗੰਗੇਵ ਪਿਤਾਮਾ | ੧੪੯ | ਚੰਦ੍ਰਾਵਲਿ | ੧੬੮ |
| ਗੰਧ੍ਰਬ | ੧੪੯ | | |
| | | **ਛ** | |
| **ਘ** | | ਛਤੀਹ ਭੋਜਨ | ੧੬੯ |
| ਘਰ | ੧੫੦ | ਛਮਛਰੀ | ੧੬੯ |
| ਘੜੀਆਂ | ੧੫੦ | ਛਿਅ ਜਤੀ | ੧੬੯ |
| | | ਛੇ ਘਰ | ੧੭੦ |
| **ਚ** | | ਛੰਤ | ੧੭੦ |
| ਚਉਥਾ ਪਦ | ੧੫੧ | | |
| ਚਉਦਹ ਰਤਨ | ੧੫੧ | **ਜ** | |
| ਚਉਦਹ ਲੋਕ | ੧੫੨ | ਜਸਰਥਰਾਇ (ਦਸਰਥ) | ੧੭੧ |
| ਚਉਬੋਲੇ | ੧੫੨ | ਜਸੋਧਾ | ੧੭੧ |
| ਚਉਰਾਸੀਹ ਆਸਨ | ੧੫੩ | ਜਖ੍ਯ | ੧੭੨ |
| ਚਉਰਾਸੀਹ ਸਿੱਧ | ੧੫੪ | ਜਗ-ਦੇਖੋ ਹੋਮ ਜੱਗ | ੧੭੨ |
| ਚਉਰਾਸੀ ਲਖ ਜੂਨ | ੧੫੫ | ਜਗੰਨਨਾਥਪੁਰੀ-ਦੇਖੋ ਉੜੀਸਾ | ੧੭੨ |
| ਚਕਵਾ ਚਕਵੀ | ੧੫੬ | ਜਤੀ—ਦੇਖੋ ਛਿਅ ਜਤੀ | ੧੭੨ |
| ਚਰਪਟ | ੧੫੬ | ਜਨਕ | ੧੭੨ |
| ਚਾਰ ਅਗਨਿ | ੧੫੭ | ਜਨਮੇਜਾ | ੧੭੩ |
| ਚਾਰ ਆਸ਼ਰਮ | ੧੫੭ | ਜਨੇਊ | ੧੭੪ |
| ਚਾਰ ਕਿਲਵਿਖ | ੧੫੮ | ਜਪੁ (ਬਾਣੀ) | ੧੭੪ |
| ਚਾਰ ਖਾਣੀਆਂ | ੧੫੯ | ਜਮਦਗਨ | ੧੭੫ |
| ਚਾਰ ਜੁਗ | ੧੫੯ | ਜਮਨਾ | ੧੭੫ |
| ਚਾਰ ਪਦਾਰਥ | ੧੬੧ | ਜਮਰਾਜ | ੧੭੬ |
| ਚਾਰ ਬਾਣੀਆਂ | ੧੬੨ | ਜਰਾਸੰਧ | ੧੭੭ |
| ਚਾਰ ਮੁਕਤੀਆਂ | ੧੬੨ | ਜਾਤਿਪਾਤਿ | ੧੭੭ |
| ਚਾਰ ਵਰਣ | ੧੬੩ | ਜਾਲਪ | ੧੭੯ |
| ਚਾਰ ਵੇਦ | ੧੬੪ | ਜੀਵਨ-ਪਦਵੀ-ਦੇਖੋ ਚਉਥਾਪਦ | ੧੭੯ |

ਜੀਵਨ ਮੁਕਤ-ਦੇਖੋ ਚਾਰ ਮੁਕਤੀਆਂ ੧੭੯
ਜੁਗ-ਦੇਖੋ ਚਾਰ ਜੁਗ ੧੭੯
ਜੇਜ਼ੀਆ ੧੭੯
ਜੈਜਾਵੰਤੀ ੧੮੦
ਜੈਤਸਰੀ ੧੮੦
ਜੈਦੇਵ ੧੮੦
ਜੈਨ ਮਾਰਗ ਤੇ ਜੈਨੀ ੧੮੧
ਜੋਗ ਤੇ ਜੋਗੀ ੧੮੨
ਜੋਤਕ (ਜੋਤਿਸ਼) ੧੮੪
ਜੰਤ੍ਰ ਮੰਤ੍ਰਤੰਤ੍ਰ-ਦੇਖੋ ਤੰਤ੍ਰ ਮੰਤ੍ਰ ਜੰਤ੍ਰ ੧੮੫

**ਟ**

ਟੋਡੀ ੧੮੫
ਠਗ/ਠਗਉਰੀ ੧੮੫
ਡਖਣਾ ੧੮੬
ਡੰਡਉਤ ੧੮੬
ਡੰਡਾਧਾਰੀ ੧੮੭
ਢਾਡੀ ੧੮੮

**ਤ**

ਤਸਬੀ ੧੮੮
ਤਕਬੀਰ ੧੮੯
ਤਪਾ ੧੮੯
ਤਰੀਕਤ ੧੯੦
ਤ੍ਰੇਤਾ-ਦੇਖੋ ਚਾਰ ਜੁਗ ੧੯੦
ਤ੍ਰੈਗੁਣ ੧੯੦
ਤਾਪ-ਦੇਖੋ ਤਿੰਨ ਤਾਪ ੧੯੧
ਤਿਤੁਕੇ ੧੯੧
ਤਿੰਨ ਗੁਣ-ਦੇਖੋ ਤ੍ਰੈਗੁਣ ੧੯੧
ਤਿੰਨ ਤਾਪ ੧੯੧
ਤਿੰਨ ਦੇਵ-ਦੇਖੋ ਤ੍ਰਿਮੂਰਤਿ ੧੯੨
ਤਿਪਦਾ—ਦੇਖੋ ਪਦਾ ੧੯੨
ਤ੍ਰਿਕੁਟੀ ੧੯੨
ਤ੍ਰਿਬੇਣੀ-ਦੇਖੋ ਬੇਣੀ ਸੰਗਮ ੧੯੨
ਤ੍ਰਿਮੂਰਤਿ ੧੯੨
ਤ੍ਰਿਲੋਚਨ ੧੯੩
ਤੀਰਥ-ਦੇਖੋ ਅਠਸਠਿ ਤੀਰਥ ੧੯੩
ਤੁਖਾਰੀ ੧੯੩
ਤੁਰਕ ੧੯੪
ਤੁਰੀਆ ਪਦ-ਦੇਖੋ ਚਉਥਾਪਦ ੧੯੪
ਤੇਜੋ ੧੯੪
ਤੰਤ੍ਰ ਮੰਤ੍ਰ ਜੰਤ੍ਰ ੧੯੫

**ਥ**

ਥਿਤੀ ੧੯੫

**ਦ**

ਦਸ ਅਵਤਾਰ-ਦੇਖੋ ਅਵਤਾਰ ੧੯੬
ਦਸ ਦਿਸ਼ਾ ੧੯੬
ਦਸਮਦੁਆਰ ੧੯੭
ਦਸਰਥ-ਦੇਖੋ ਜਸਰਥਰਾਇ ੧੯੭
ਦਹਸਿਰ-ਦੇਖੋ ਰਾਵਣ ੧੯੭
ਦਰਵੇਸ਼ ੧੯੭
ਦਰੂਦ ੧੯੮
ਦ੍ਰੋਪਦੀ ੧੯੮
ਦਾਨ ੧੯੯
ਦਾਨਵ ੨੦੦
ਦਿਗੰਬਰ ੨੦੦
ਦਿਨ ਰੈਣਿ ੨੦੧
ਦੀਪ ੨੦੧
ਦੁਆਦਸ ਸਿਲਾ ੨੦੨
ਦੁਆਪੁਰ-ਦੇਖੋ ਚਾਰ ਜੁਗ ੨੦੩
ਦੁਆਰਕਾ ਪੁਰੀ ੨੦੩
ਦੁਹਸਾਸਨ ੨੦੩
ਦੁਪਦਾ-ਦੇਖੋ ਪਦਾ ੨੦੪
ਦੁਰਗਾ ੨੦੪

ਦੁਰੌਬਾਸਾ ੨੦੪
ਦੁਰਜੋਧਨ ੨੦੫
ਦੇਵਕੀ ੨੦੬
ਦੇਵਤੇ ੨੦੬
ਦੇਵੀ ੨੦੭
ਦੈਂਤ ੨੦੮

**ਧ**

ਧਨਾਸਰੀ ੨੦੮
ਧਰਮ ੨੦੮
ਧਰਮਸਾਲ ੨੦੯
ਧਰਮਖੰਡ-ਦੇਖੋ ਖੰਡ ੨੧੦
ਧਰਮਰਾਜ ੨੧੦
ਧ੍ਰਿਸਟ ਬੁਧਿ-ਦੇਖੋ ਚੰਦ੍ਰਹਾਂਸ ੨੧੧
ਧਰੂ ੨੧੧
ਧਿਆਨ ੨੧੨
ਧੁਨਿ ੨੧੨
ਧੌਲ ਧਰਮ ੨੧੩
ਧੰਨਾ ੨੧੪

**ਨ**

ਨਉ ਖੰਡ ੨੧੫
ਨਉ ਦੁਆਰ ੨੧੫
ਨਉ ਨਾਥ ੨੧੬
ਨਉ ਨਿਧੀ ੨੧੬
ਨਉ ਮੁਨਿ ੨੧੭
ਨਖਿਅਤ੍ਰ ੨੧੭
ਨਟ ਨਾਰਾਇਣ ੨੧੮
ਨਦਰਿ ਕਰਮ ੨੧੮
ਨਮਾਜ਼ ੨੧੯
ਨਰਸਿੰਘ ੨੧੯
ਨਰਕ ੨੨੦
ਨਲਜ (ਭਟ) ੨੨੧
ਨਵ ਗ੍ਰਹ ੨੨੧
ਨਵਧਾ ਭਗਤਿ ੨੨੧
ਨਾਥ-ਦੇਖੋ ਨਉਂ ਨਾਥ ੨੨੨
ਨਾਦ ੨੨੨
ਨਾਨਕ (ਗੁਰੂ) ੨੨੩
ਨਾਭਿ ਕਮਲ ੨੨੪
ਨਾਮ ੨੨੫
ਨਾਮਦੇਵ ੨੨੬
ਨਾਰਦ ੨੨੭
ਨਿਹਕਲੰਕ ੨੨੮
ਨਿਗਮ-ਦੇਖੋ ਆਗਮ ਨਿਗਮ ੨੨੮
ਨਿਧਿ-ਦੇਖੋ ਨਉਨਿਧਿ ੨੨੮
ਨਿਰਬਾਣ ੨੨੮
ਨੀਸਾਣ ੨੨੯
ਨੰਦ ੨੨੯

**ਪ**

ਪਉੜੀ ੨੩੦
ਪਹਿਰਿਆ ਕੈ ਘਰਿ ਗਾਵਣਾ ੨੩੦
ਪਹਰੇ ੨੩੧
ਪਟੀ ੨੩੧
ਪਦਮਾਸਨ-ਦੇਖੋ ਚਉਰਾਸੀਹ ਆਸਨ ੨੩੨
ਪਦਾ ੨੩੨
ਪਦਾਰਥ-ਦੇਖੋ ਚਾਰ ਪਦਾਰਥ ੨੩੨
ਪਰਸੁਰਾਮ ੨੩੨
ਪ੍ਰਸਾਦਿ ੨੩੩
ਪ੍ਰਹਲਾਦ ੨੩੪
ਪ੍ਰਭਾਤੀ ੨੩੪
ਪਰਮਗਤਿ ੨੩੫
ਪਰਮਪਦ-ਦੇਖੋ ਚਉਥਾਪਦ ੨੩੫
ਪਰਮਾਨੰਦ ੨੩੫
ਪ੍ਰਾਣਾਯਾਮ–ਦੇਖੋ ਜੋਗ ਤੇ ਜੋਗੀ ੨੩੫
ਪਰੀਖਜਤ ੨੩੫

| | | | |
|---|---|---|---|
| ਪਰੂਰਉ | ੨੩੬ | ਬਸੰਤ | ੨੪੮ |
| ਪੜਤਾਲ | ੨੩੬ | ਬਕਰੀਦ | ੨੪੯ |
| ਪਾਖੰਡੀ | ੨੩੭ | ਬਤੀਸ ਸੁਲੱਖਣੀ | ੨੪੯ |
| ਪਾਂਡਵ | ੨੩੭ | ਬਧਿਕ | ੨੫੦ |
| ਪਾਰਜਾਤ-ਦੇਖੋ ਕਲਪਤਰੂ | ੨੩੮ | ਬਨਾਰਸ-ਦੇਖੋ ਕਾਂਸ਼ੀ | ੨੫੦ |
| ਪਾਰਬਤੀ | ੨੩੮ | ਬਭੀਖਣ (ਭਿਭੀਖਣ) | ੨੫੦ |
| ਪਿਸ਼ਾਚ | ੨੩੮ | ਬ੍ਰਹਿਮੰਡ | ੨੫੧ |
| ਪਿੰਗਲਾ | ੨੩੯ | ਬ੍ਰਹਮਾ | ੨੫੧ |
| ਪੀਪਾ | ੨੩੯ | ਬਰਾਹ | ੨੫੨ |
| ਪੀਰ | ੨੪੦ | ਬ੍ਰਾਹਮਣ | ੨੫੨ |
| ਪੁਰਸਲਾਤ | ੨੪੦ | ਬਲਭਦ੍ਰ | ੨੫੩ |
| ਪੁਰਖ | ੨੪੧ | ਬਲਵੰਡ | ੨੫੩ |
| ਪੁਰਾਣ-ਦੇਖੋ ਅਠਾਰਹ ਪੁਰਾਣ | ੨੪੧ | ਬਲਿ ਰਾਜਾ | ੨੫੪ |
| ਪੁਰੀ | ੨੪੧ | ਬਾਬਰ ਤੇ ਬਾਬਰਵਾਣੀ | ੨੫੪ |
| ਪੂਜਾ | ੨੪੨ | ਬਾਬਾ ਆਦਮ-ਦੇਖੋ ਆਦਮ | ੨੫੫ |
| ਪੂਤਨਾ | ੨੪੩ | ਬਾਬੀਹਾ | ੨੫੫ |
| ਪੂਰਕ-ਦੇਖੋ ਜੋਗ ਤੇ ਜੋਗੀ | ੨੪੩ | ਬਾਰਾਂਮਾਹ | ੨੫੫ |
| ਪੈਗੰਬਰ | ੨੪੩ | ਬਾਲਮੀਕਿ | ੨੫੬ |
| ਪੰਚ ਸ਼ਬਦ | ੨੪੩ | ਬਾਵਨ ਅਖਰੀ | ੨੫੭ |
| ਪੰਚ ਤਤ | ੨੪੪ | ਬਿਆਸ | ੨੫੭ |
| ਪੰਚਦੋਖ-ਦੇਖੋ ਪੰਚ ਬਿਕਾਰ | ੨੪੫ | ਬਿਹਾਗੜਾ | ੨੫੮ |
| ਪੰਚ ਬਿਕਾਰ | ੨੪੫ | ਬਿਦਰ | ੨੫੮ |
| ਪੰਚਾਲੀ-ਦੇਖੋ ਦ੍ਰੋਪਦੀ | ੨੪੫ | ਬਿੰਦ੍ਰਾਬਨ | ੨੫੯ |
| ਪੰਡਿਤ | ੨੪੫ | ਬਿਪਾਸ | ੨੫੯ |
| | | ਬਿਰਹੜੇ | ੨੬੦ |
| **ਫ** | | ਬਿਲਾਵਲ | ੨੬੦ |
| ਫਰੀਦ (ਸ਼ੇਖ) | ੨੪੬ | ਬੀਠਲ | ੨੬੦ |
| ਫਰੇਸ਼ਤਾ | ੨੪੭ | ਬੁਧ | ੨੬੧ |
| ਫੁਨਹੇ | ੨੪੭ | ਬੇਣੀ (ਭਗਤ) | ੨੬੧ |
| ਫੇਰੂ | ੨੪੭ | ਬੇਣੀ ਸੰਗਮ | ੨੬੨ |
| | | ਬੇਤਾਲ | ੨੬੨ |
| **ਬ** | | ਬੈਸਨੋ-ਦੇਖੋ ਵੈਸ਼ਣਵ | ੨੬੨ |
| ਬਸਿਸ਼ਟ | ੨੪੮ | ਬੈਕੁੰਠ | ੨੬੩ |

ਬੈਰਾਗੀ ੨੬੩
ਬੈਰਾੜੀ ੨੬੪

**ਭ**

ਭਗਤ ਤੇ ਭਗਤ ਬਾਣੀ ੨੬੪
ਭੱਟ ੨੬੫
ਭਰਥਰਿ ੨੬੬
ਭਲਜ ੨੬੬
ਭਵ ਸਾਗਰ ੨੬੬
ਭਵਨ-ਚਉਦਹ ਲੋਕ ੨੬੭
ਭਵਾਨੀ ੨੬੭
ਭਿਸ਼ਤ ੨੬੭
ਭਿਖਾ ੨੬੮
ਭੀਸ਼ਮ ਪਿਤਾਮਾ-ਦੇਖੋ ਗੰਗੇਵ ਪਿਤਾਮਾ ੨੬੮
ਭੀਖਨ ੨੬੮
ਭੇਖ ੨੬੮
ਭੈਰਉ ੨੬੯

**ਮ**

ਮਹਿਖਾਸੁਰ ੨੬੯
ਮਹਲਾ ੨੭੦
ਮਹਾਂਦੇਵ-ਦੇਖੋ ਸ਼ਿਵ ੨੭੦
ਮੱਕਾ-ਦੇਖੋ ਕਾਬਾ ੨੭੦
ਮਗਹਰ ੨੭੦
ਮਛ (ਅਵਤਾਰ) ੨੭੧
ਮਛਿਦ੍ਰਨਾਥ ੨੭੧
ਮਜੀਠ ੨੭੨
ਮਥਰਾ ੨੭੨
ਮਥਰਾ (ਭੱਟ) ੨੭੨
ਮਧੁ ਕੈਟਭ ੨੭੩
ਮਨਮੁਖਿ ੨੭੩
ਮਰਦਾਨਾ ੨੭੪
ਮਲਕੁਲਮੌਤ-ਦੇਖੋ ਅਜਰਾਈਲ ੨੭੪
ਮਲਾਰ ੨੭੪
ਮਾਇਆ ੨੭੪
ਮਾਝ ੨੭੫
ਮਾਧਾਂਤਾ ੨੭੫
ਮਾਨਸਰੋਵਰ ੨੭[illegible]
ਮਾਰਕੰਡੇ ੨੭੬
ਮਾਰਫਤ ੨੭੭
ਮਾਰਵਾੜ ੨੭੭
ਮਾਰੂ ੨੭੭
ਮਾਲੀਗਉੜਾ ੨੭੮
ਮ੍ਰਿਗ-ਤ੍ਰਿਸ਼ਨਾ ੨੭੮
ਮੁਸਲਮਾਨ ੨੭੮
ਮੁਸੱਲਾ ੨੭੯
ਮੁਕਤੀ-ਦੇਖੋ ਚਾਰ ਮੁਕਤੀਆਂ ੨੭੯
ਮੁਗਲ ੨੭੯
ਮੁੰਦਾਵਣੀ ੨੮੦
ਮੂਸਨ-ਦੇਖੋ ਸੰਮਨ ੨੮੦
ਮੂਰਤਿ ਪੂਜਾ ੨੮੦
ਮੇਰੁ-ਦੇਖੋ ਸੁਮੇਰ ੨੮੧
ਮੋਹਨ ੨੮੧
ਮੋਹਰੀ ੨੮੨
ਮੰਤ੍ਰ ਜੰਤ੍ਰ ਤੰਤ੍ਰ-ਦੇਖੋ ਤੰਤ੍ਰ ਮੰਤ੍ਰ ਜੰਤ੍ਰ ੨੮੨

**ਯ**

ਯਜੁਰ-ਦੇਖੋ ਚਾਰ ਵੇਦ ੨੮੨
ਯਾਦਵ (ਜਾਦਵ) ੨੮੨
ਯਾਨੜੀਏ ਕੈ ਘਰਿ ਗਾਵਣਾ ੨੮੨

**ਰ**

ਰਸ-ਦੇਖੋ ਖਟ ਰਸ ੨੮੩
ਰਸੂਲ-ਦੇਖੋ ਪੈਗੰਬਰ ੨੮੩
ਰਹਰਾਸਿ ੨੮੩

| | |
|---|---|
| ਰਹਾਉ | ੨੮੩ |
| ਰਹੋਏ ਕੇ ਛਤਾਂ ਕੇ ਘਰਿ | ੨੮੪ |
| ਰਕਤਬੀਜ | ੨੮੪ |
| ਰਤਨ-ਦੇਖੋ ਚਉਦਹ ਰਤਨ | ੨੮੪ |
| ਰਵਿਦਾਸ | ੨੮੪ |
| ਰਾਸ ਮੰਡਲ | ੨੮੫ |
| ਰਾਗ | ੨੮੬ |
| ਰਾਮਕਲੀ | ੨੮੭ |
| ਰਾਮਚੰਦ੍ਰ | ੨੮੭ |
| ਰਾਮਦਾਸ (ਗੁਰੂ) | ੨੮੮ |
| ਰਾਮਦਾਸਪੁਰ | ੨੮੮ |
| ਰਾਮਦਾਸੀ | ੨੮੯ |
| ਰਾਮਾਨੰਦ | ੨੮੯ |
| ਰਾਵਣ | ੨੯੦ |
| ਰਿਖਿ | ੨੯੧ |
| ਰਿਗ-ਦੇਖੋ ਚਾਰਵੇਦ | ੨੯੧ |
| ਰੁਕਮਾਂਗਦ | ੨੯੧ |
| ਰੁਤੀ | ੨੯੧ |
| ਰੁਦ੍ਰ-ਦੇਖੋ ਸ਼ਿਵ | ੨੯੨ |
| ਰੇਚਕ-ਦੇਖੋ ਜੋਗ ਤੇ ਜੋਗੀ | ੨੯੨ |
| ਰੋਜ਼ੇ | ੨੯੨ |
| **ਲ** | |
| ਲਹਣਾ-ਦੇਖੋ ਅੰਗਦ (ਗੁਰੂ) | ੨੯੩ |
| ਲਛਮਣ | ੨੯੩ |
| ਲਛਮੀ | ੨੯੪ |
| ਲਾਹੌਰ | ੨੯੫ |
| ਲਾਲੋ | ੨੯੫ |
| ਲੋਹਾਰੀਪਾ | ੨੯੬ |
| ਲੰਕਾ | ੨੯੬ |
| **ਵ** | |
| ਵਡਹੰਸ | ੨੯੭ |
| ਵਣਜਾਰਾ | ੨੯੭ |
| ਵਰਣ-ਦੇਖੋ ਚਾਰ-ਵਰਣ | ੨੯੭ |
| ਵਰਤ | ੨੯੭ |
| ਵਾਹਗੁਰੂ | ੨੯੮ |
| ਵਾਰ | ੨੯੯ |
| ਵਾਰ ਸਤ | ੨੯੯ |
| ਵਿਆਕਰਣ | ੩੦੦ |
| ਵਿਸ਼ਨੂ | ੩੦੧ |
| ਵੇਦ-ਦੇਖੋ ਚਾਰ ਵੇਦ | ੩੦੧ |
| ਵੈਸ਼ਣਵ | ੩੦੧ |

## ਪ੍ਰਸਤਾਵਨਾ

ਕਿਸੇ ਧਰਮ-ਗ੍ਰੰਥ ਦਾ ਤੱਤਸਾਰ ਜਾਣਨ ਤੇ ਮਹੱਤਵ ਪਛਾਣਨ ਲਈ ਦੋ ਗੱਲਾਂ ਨੂੰ ਧਿਆਨ ਗੋਚਰਾ ਕਰਨਾ ਜ਼ਰੂਰੀ ਹੁੰਦਾ ਹੈ, ਕਿ ਉਸ ਵਿਚ ਕੀ ਆਖਿਆ ਗਿਆ ਹੈ ਤੇ ਕਿਸ ਤਰ੍ਹਾਂ ਆਖਿਆ ਗਿਆ ਹੈ। ਪਹਿਲੇ ਉਸ ਦਾ ਵਿਸ਼ਾ-ਵਸਤੂ (matter) ਅਰਥਾਤ ਵਿਚਾਰਧਾਰਾ ਕੀ ਹੈ ਤੇ ਦੂਜੇ ਉਸ ਵਿਚਾਰਧਾਰਾ ਨੂੰ ਕਿਸ ਵਿਧੀ ਯਾ ਢੰਗ (manner) ਨਾਲ ਪੇਸ਼ ਕੀਤਾ ਗਿਆ ਹੈ ਅਰਥਾਤ ਉਸ ਦੀ ਅਭਿਵਿਅੰਜਨਾ ਸ਼ੈਲੀ ਕੀ ਹੈ। ਗੁਰੂ ਗ੍ਰੰਥ ਦਾ ਵਿਸ਼ਾ-ਵਸਤੂ ਅਧਿਆਤਮਕ ਵਿਚਾਰ ਹੈ ਜਿਸ ਨੂੰ ਕਈ ਸਦੀਆਂ ਦੇ ਰਹੱਸਵਾਦੀ ਸੰਤਾਂ, ਭਗਤਾਂ ਤੇ ਗੁਰੂਆਂ ਆਪਣੇ ਆਪਣੇ ਅਨੁਭਵ ਉਪਰੰਤ, ਸਮੇਂ ਦੀ ਸ਼ੈਲੀ ਤੇ ਬੋਲੀ ਵਿਚ ਅੰਕਿਤ ਕੀਤਾ। ਭਾਰਤੀ ਵਿਚਾਰਧਾਰਾ ਦੇ ਪ੍ਰਵਾਹ ਵਿਚ ਆਦਿ ਗੁਰੂ ਗ੍ਰੰਥ ਦੀ ਵਿਚਾਰਧਾਰਾ ਦਾ ਇਸੇ ਲਈ ਪ੍ਰਮੁੱਖ ਅਸਥਾਨ ਹੈ ਕਿ ਭਗਤੀ ਲਹਿਰ ਦੀ ਸਾਰੀ ਧਰਮ-ਸਾਧਨਾ ਦਾ ਸਾਰ-ਸਰੂਪ ਤੱਤ ਗਿਆਨ, ਤੇ ਗੁਰੂਆਂ ਦਾ ਮੌਲਿਕ ਅਨੁਭਵ ਇਸ ਗ੍ਰੰਥ ਵਿਚ ਇਕੱਤਰ ਕਰ ਦਿਤਾ ਗਿਆ ਹੈ। ਭਾਵੇਂ ਕਈ ਸੰਸਕ੍ਰਿਤ ਗ੍ਰੰਥ ਵੀ ਪਰਮਾਰਥਕ ਗਿਆਨ ਦੀਆਂ ਅਮੋਲਕ ਵਿਚਾਰਾਂ ਨਾਲ ਭਰਪੂਰ ਹਨ ਪਰ ਸੰਸਕ੍ਰਿਤ ਦੇ ਲੋਕ-ਭਾਸ਼ਾ ਨਾ ਰਹਿਣ ਕਾਰਣ ਉਨ੍ਹਾਂ ਦਾ ਸੰਬੰਧ ਤੇ ਪ੍ਰਭਾਵ ਹੁਣ ਉਤਨਾ ਨਹੀਂ ਰਿਹਾ। ਕੁਝ ਕੁ ਗਿਣਤੀ ਦੇ ਸੰਸਕ੍ਰਿਤਵੇਤਾ ਵਿਦਵਾਨ ਤਾਂ ਉਸ ਤੋਂ ਲਾਹਾ ਲੈ ਸਕਦੇ ਹਨ, ਆਮ ਲੋਕਾਂ ਲਈ ਉਹ ਬਿਖਮ ਰਚਨਾਵਾਂ ਹਨ। ਆਦਿ ਗ੍ਰੰਥ, ਸੰਤ-ਭਾਸ਼ਾ ਵਿਚ ਹੈ ਜੋ ਕਿ ਹਿੰਦੁਸਤਾਨ ਭਰ ਵਿਚ ਸਮਝੀ ਜਾਣ ਵਾਲੀ ਭਾਸ਼ਾ ਰਹੀ ਹੈ ਤੇ ਜਿਸ ਨੂੰ ਰਮਤੇ ਸੰਤਾਂ, ਸਾਧੂਆਂ ਅਤੇ ਫ਼ਕੀਰਾਂ ਦਰਵੇਸ਼ਾਂ ਮਾਂਜ ਸਵਾਰ ਕੇ ਲੋਕ-ਪ੍ਰਿਯ ਬਣਾਇਆ। ਅਜੇਹੀ ਸਾਂਝੀ ਤੇ ਸਰਲ ਭਾਸ਼ਾ ਵਿਚ ਰਚਿਆ ਅਧਿਆਤਮਕ ਗਿਆਨ ਦਾ ਇਹ ਮਹਾਨ ਗ੍ਰੰਥ ਭਾਰਤ ਭਰ ਵਿਚ ਅਜੇ ਵੀ ਸਮਝਿਆ ਜਾਣ-ਜੋਗਾ ਹੈ ਜਦੋਂ ਕਿ ਦੇਸ਼ ਦੀ ਕਿਸੇ ਵੀ ਪ੍ਰਾਂਤਕ ਬੋਲੀ ਵਿਚ ਅਜੇਹੀ ਅਮੋਲਕ ਰਚਨਾ ਹੋਰ ਪ੍ਰਾਪਤ ਨਹੀਂ। ਫਿਰ ਇਸ ਵਿਚ ਕੇਵਲ ਪੰਜਾਬ ਦੇ ਗੁਰੂਆਂ ਦੀ ਬਾਣੀ ਨਹੀਂ ਬਲਕਿ ਭਾਰਤ ਦੇ ਪ੍ਰਸਿੱਧ ਸੰਤਾਂ ਮਹਾਂ-ਪੁਰਸ਼ਾਂ ਦੇ ਬਚਨ ਚੁਣ ਚੁਣ ਕੇ ਸ਼ਾਮਿਲ ਕੀਤੇ ਗਏ ਹਨ, ਇਹ ਗੱਲ ਇਸ ਦੀ ਵਿਆਪਕਤਾ, ਸਮੱਰਥਾ ਤੇ ਸ਼ਕਤੀ ਨੂੰ ਦਰਸਾਉਣ ਵਾਲੀ ਹੈ। ਅਜਿਹੇ ਸੰਕਲਪ ਦਾ ਮੁੱਖ ਆਧਾਰ ਵਿਚਾਰਧਾਰਾ ਦੀ ਸਾਂਝ ਸੀ। ਇਸ ਦੇ ਸੰਗ੍ਰਹਿਕਾਰ ਗੁਰੂਆਂ ਨੂੰ, ਜ਼ਿੰਦਗੀ ਨੂੰ ਸ਼ਕਤੀ ਬਖਸ਼ਣ ਵਾਲਾ ਜੋ ਵੀ ਰੂਹਾਨੀ ਬਚਨ ਪ੍ਰਾਪਤ ਹੋਇਆ, ਚਾਹੇ ਬੰਗਾਲ ਯਾ ਮਹਾਰਾਸ਼ਟ੍ਰ ਦੇ ਸੰਤ

ਦਾ ਸੀ, ਚਾਹੇ ਰਾਜਸਥਾਨ ਜਾਂ ਉੱਤਰ ਪ੍ਰਦੇਸ਼ ਦੇ ਮਹਾਤਮਾ ਦਾ, ਉਹ ਸਭ ਇਸ ਮਾਲਾ ਵਿਚ ਪ੍ਰੋ ਦਿਤਾ ਗਿਆ। ਗੁਰੂ, ਜ਼ਿੰਦਗੀ ਦਾ ਸੰਜੋਗ ਰਚਣ ਆਏ ਸਨ, ਉਨ੍ਹਾਂ, ਇਸ ਸੰਕਲਪ ਦੁਆਰਾ ਭਾਰਤ ਭਰ ਦੇ ਸੰਤਾਂ ਦਾ ਸੰਜੋਗ ਸਾਜ ਕੇ ਇਕ ਆਦਰਸ਼ ਸਥਾਪਤ ਕੀਤਾ ਤਾਂ ਕਿ ਸਭੇ, ਪ੍ਰੇਮਾ ਭਗਤੀ ਰਾਹੀਂ ਪ੍ਰਭੂ-ਸੰਜੋਗ ਪ੍ਰਾਪਤ ਕਰ ਸਕਣ। ਇਸੇ ਲਈ ਉਨ੍ਹਾਂ ਦਾ ਸੱਦਾ, ਸਭ ਪ੍ਰਤੀ ਸਾਂਝਾ ਸੱਦਾ ਸੀ :

ਆਵਹੁ ਭੈਣੇ ਗਲਿ ਮਿਲਹਿ, ਅੰਕਿ ਸਹੇਲੜੀਆਹ,<br>
ਮਿਲਿ ਕੈ ਕਰਹ ਕਹਾਣੀਆ, ਸੰਮ੍ਰਥ ਕੰਤ ਕੀਆਹ ।੧।

(ਸਿਰੀ ੧)

ਭਗਤੀ ਲਹਿਰ ਤੇ ਗੁਰੂ ਦਾ ਪ੍ਰੇਮ-ਮਾਰਗ, ਦਾਰਸ਼ਨਿਕ ਨਿਖੇੜੇ ਯਾ ਸਮਾਜਕ ਵੰਡ ਤੇ ਆਧਾਰਤ ਨਹੀਂ, ਬਲਕਿ ਉਸ ਦਾ ਮੂਲ ਆਧਾਰ ਭਾਵਾਤਮਕ ਏਕਤਾ ਸੀ। ਇਨ੍ਹਾਂ ਰਹੱਸਵਾਦੀ ਮਹਾਂਪੁਰਸ਼ਾਂ ਦੇ ਸਨਮੁਖ ਆਦਰਸ਼ ਵੀ ਇਹੋ ਸੀ ਕਿ ਜ਼ਿੰਦਗੀ ਦਾ ਪਰਮੇਸ਼ਰ ਨਾਲ ਤੇ ਮਨੁੱਖਾਂ ਦਾ ਪਰਸਪਰ ਸੰਜੋਗ ਸਿਰਜਿਆ ਜਾਵੇ; 'ਸਗਲਿ ਸੰਗਿ ਹਮ ਕਉ ਬਨਿ ਆਈ' ਦਾ ਇਹੋ ਭਾਵ ਸੀ। ਇਸੇ ਲਈ ਬਾਣੀ ਦੀ ਵੰਡ ਵਿਚਾਰਾਂ ਦੀ ਥਾਂ ਰਾਗਾਂ ਅਨੁਸਾਰ ਕੀਤੀ ਗਈ ਕਿਉਂਕਿ ਸੰਗੀਤਕ ਪ੍ਰਭਾਵ ਸਾਡੇ ਜਜ਼ਬਿਆਂ ਨੂੰ ਟੁੰਬਣ ਲਈ ਵਧੇਰੇ ਸਮਰੱਥ ਹੈ। ਇਹ ਠੀਕ ਹੈ ਕਿ ਮਨੁੱਖ ਵਿਚਾਰਸ਼ੀਲ ਪ੍ਰਾਣੀ ਹੈ ਪਰ ਆਮ ਤੌਰ ਤੇ ਇਹ ਵਿਚਾਰ ਅਨੁਸਾਰ ਘਟ ਹੀ ਚਲਦਾ ਸਗੋਂ ਭਾਵਾਂ ਦੇ ਪ੍ਰਬਲ ਝੁਕਾ ਹੀ ਇਸ ਨੂੰ ਤੋਰਦੇ ਹਨ ਤੇ ਗਿਆਨ-ਸ਼ਕਤੀ ਦਾ ਪ੍ਰਯੋਗ ਤਾਂ ਇਹ ਕਿਤੇ ਕਿਤੇ ਉਨ੍ਹਾਂ ਨੂੰ ਠੀਕ ਸਿੱਧ ਕਰਨ ਲਈ ਹੀ ਕਰਦਾ ਹੈ। ਸੋ ਗਿਆਨ ਸਭੋ ਕੁਝ ਨਹੀਂ, ਜੀਵਨ ਪਰਿਵਰਤਨ ਲਈ ਮਨੁੱਖ ਦੇ ਜਜ਼ਬਿਆਂ, ਭਾਵਾਂ ਦਾ ਵਸੀਕਰਣ ਵੀ ਜ਼ਰੂਰੀ ਹੈ, ਇਨ੍ਹਾਂ ਨੂੰ ਪ੍ਰਭਾਵਿਤ ਕਰਕੇ ਹੀ ਮਨ ਨੂੰ ਕਿਸੇ ਉਚੇਰੇ ਆਦਰਸ਼ ਯਾ ਪਰਮਾਰਥ ਵਲ ਲਾਇਆ ਜਾ ਸਕਦਾ ਹੈ। ਸੋ ਜੇਕਰ ਜੀਵਨ, ਭਾਵ-ਪ੍ਰਧਾਨ ਹੈ, ਸੁਭਾਵ ਆਸਰੇ ਚਲਦਾ ਹੈ ਤਾਂ ਇਸ ਵਿਚ ਤਬਦੀਲੀ ਲਿਆਉਣ ਲਈ 'ਮਾਨਸਿਕ ਕਾਇਆ-ਕਲਪ' ਜ਼ਰੂਰੀ ਹੈ। ਤੇ ਉਹ ਨਾਮ ਸਿਮਰਨ ਦੁਆਰਾ ਹੀ ਸੰਭਵ ਹੈ। ਇਸੇ ਕਰਕੇ ਗੁਰੂਆਂ, ਬਾਣੀ ਦੀ ਤਰਤੀਬ, ਵਿਚਾਰ ਦੀ ਥਾਂ ਸੰਗੀਤ ਨੂੰ ਮੁੱਖ ਰੱਖ ਕੇ ਕੀਤੀ। ਗੁਰੂ ਦਰਸ਼ਨ-ਸ਼ਾਸਤ੍ਰ ਨਹੀਂ ਸੀ ਰਚ ਰਹੇ, ਜੀਵਨ-ਸ਼ਾਸਤ੍ਰ ਤਿਆਰ ਕਰ ਰਹੇ ਸਨ, ਇਸ ਲਈ ਉਨ੍ਹਾਂ ਮਨੁੱਖੀ ਮਨੋ-ਮੰਡਲ ਨੂੰ ਸੁਆਰਨ ਲਈ ਅਮਲੀ ਯਤਨ ਕੀਤੇ। ਕਈ ਲੋਕ ਇਹ ਪ੍ਰਸ਼ਨ ਆਮ ਕਰਦੇ ਹਨ ਕਿ ਇਸ ਬਾਣੀ ਨੂੰ ਵਿਸ਼ੇ ਤੇ ਵਿਚਾਰ ਦੇ ਆਧਾਰ ਤੇ ਕਿਉਂ ਨਹੀਂ ਤਰਤੀਬਿਆ ਗਿਆ, ਇਸ ਦਾ ਜਵਾਬ ਇਹੋ ਹੈ ਕਿ ਇਥੇ ਵਿਚਾਰ ਦੀ ਥਾਂ ਭਾਵ ਨੂੰ ਪ੍ਰਧਾਨਤਾ ਦਿਤੀ ਗਈ ਹੈ ਕਿਉਂਕਿ ਜੀਵਨ ਵਿਚ ਐਸਾ ਹੀ ਹੈ, ਇਸੇ ਕਰਕੇ ਸੰਗੀਤ ਨੂੰ ਪ੍ਰਮੁਖਤਾ ਮਿਲਣੀ ਕੁਦਰਤੀ ਗੱਲ ਸੀ।

ਪੁਰਾਣੇ ਜ਼ਮਾਨੇ ਦੇ ਧਾਰਮਿਕ ਗਿਆਨ ਵਿਚ ਪਰਮੇਸ਼ਰ ਦੀ ਪ੍ਰਾਪਤੀ ਲਈ ਪ੍ਰਚਲਿਤ ਤਰੀਕੇ-ਗਿਆਨ ਮਾਰਗ, ਕਰਮ ਮਾਰਗ ਤੇ ਉਪਾਸ਼ਨਾ ਮਾਰਗ ਸਨ ਤੇ ਪਰਮਾਰਥ ਵਾਲੇ ਪਾਸੇ ਜਾਣ ਲਈ 'ਸੰਸਾਰ-ਤਿਆਗ' ਵੀ ਇਕ ਜ਼ਰੂਰੀ ਸ਼ਰਤ ਸੀ।

ਲੇਕਿਨ ਗੁਰੂਆਂ ਨੇ ਕਿਸੇ ਇਕ ਪੱਧਤੀ ਦਾ ਅਨੁਸਰਣ ਨਹੀਂ ਕੀਤਾ ਬਲਕਿ ਗਿਆਨ, ਕਰਮ ਤੇ ਉਪਾਸ਼ਨਾ ਦਾ ਸੁਜਿੰਦ ਭਾਗ ਲੈ ਕੇ ਇਕ ਸਾਂਝਾ ਮਾਰਗ-'ਨਾਮ ਮਾਰਗ' ਪ੍ਰਚਲਤ ਕੀਤਾ। ਉਹ ਇਸ ਗੱਲ ਦੇ ਹਾਮੀ ਨਹੀਂ ਸਨ ਕਿ ਕੇਵਲ ਸ਼ਾਸਤ੍ਰੀ ਗਿਆਨ ਹੀ ਮਨੁੱਖ ਦਾ ਉਧਾਰ ਕਰ ਸਕਦਾ ਹੈ ਤੇ ਨਾ ਹੀ ਉਹ ਇਹ ਠੀਕ ਮੰਨਦੇ ਸਨ ਕਿ ਕੇਵਲ ਕਰਮਕਾਂਡ ਦੁਆਰਾ ਮਨੁੱਖ ਤੇ ਕਰਮ-ਯੋਗ ਦੀ ਸੰਧੀ ਕੀਤੀ ਤੇ ਪ੍ਰੇਮਾ-ਭਗਤੀ ਨੂੰ ਤਰਜੀਹ ਦਿਤੀ। ਅੱਗੇ ਅਧਿਆਤਮਕ ਪਾਸੇ ਵਲ ਤੁਰਨ ਵਾਲੇ ਲੋਕ, ਸਮਾਜ ਦੀ ਪ੍ਰਵਾਹ ਨਹੀਂ ਸੀ ਕਰਦੇ, ਆਤਮਕ ਕਲਿਆਣ ਲਈ ਦੁਨੀਆਂ ਛੱਡਣਾ ਜ਼ਰੂਰੀ ਕਰਮ ਮੰਨਦੇ ਸਨ। ਪਰੰਤੂ ਗੁਰੂਆਂ ਇਸ ਗੱਲ ਉਤੇ ਜ਼ੋਰ ਦਿਤਾ ਕਿ ਇਹ ਸੰਸਾਰ ਛੱਡਣਾ ਨਹੀਂ, ਸਗੋਂ ਇਸ ਵਿਚ ਰਹਿੰਦਿਆਂ ਇਸ ਦੀ ਉਸਾਰੀ ਤੇ ਵਿਕਾਸ ਵਿਚ ਯੋਗ ਹਿੱਸਾ ਪਾਉ ਦਿਆਂ, ਪਰਮਾਰਥ ਵਲ ਕਦਮ ਵਧਾਉਣੇ ਹਨ :—

> ਵਿਚਿ ਦੁਨੀਆ ਸੇਵ ਕਮਾਈਐ
> ਤ ਦਰਗਹਿ ਬੈਸਣਿ ਪਾਈਐ ॥ (ਸਿਰੀ ੧)

ਪਰ ਇਸ ਪ੍ਰਾਕ੍ਰਿਤਕ ਪਸਾਰੇ ਵਿਚ ਰਹਿੰਦਿਆਂ ਨਿਰਲੇਪ ਇਉਂ ਰਹਿਣਾ ਹੈ, ਜਿਵੇਂ ਪਾਣੀ ਵਿਚ ਕੰਵਲ :

> ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ
> ਸੁਰਤਿ ਸਬਦ ਭਵ ਸਾਗਰ ਤਰੀਐ, ਨਾਨਕ ਨਾਮ ਵਖਾਣੇ।
> (ਰਾਮਕਲੀ ਸਿਧ ਗੋਸਟਿ, ੧)

ਇਹ ਗੱਲ ਗੁਰੂ-ਵਿਚਾਰਧਾਰਾ ਦੀ ਵਿਸ਼ੇਸ਼ਤਾ ਸੀ ਕਿ ਸਮਾਜਕ ਜੀਵਨ ਬਸਰ ਕਰਦਿਆਂ ਪਰਮਾਰਥਕ ਸਿਖਰਾਂ ਨੂੰ ਛੋਹਿਆ ਜਾਵੇ। ਗੁਰੂ-ਵਾਕ ਹੈ :-

> ਸਤਿਗੁਰ ਕੀ ਐਸੀ ਵਡਿਆਈ।
> ਪੁਤ੍ਰ ਕਲਤ੍ਰ ਵਿਚੇ ਗਤਿ ਪਾਈ! (ਧਨਾਸਰੀ ੧)

ਸੋ ਆਦਿ ਗ੍ਰੰਥ ਦੀ ਵਿਚਾਰਧਾਰਾ ਦੇ ਦੋ ਬੜੇ ਪ੍ਰਮੁਖ ਤੇ ਵਿਲੱਖਣ ਪਹਲੂ ਹਨ, ਪ੍ਰੇਮਾ ਭਗਤੀ ਦਾ ਪ੍ਰੇਮ ਤੇ ਗ਼ਲਤ ਤਿਆਗ ਦਾ ਤਿਆਗ। ਇਸ ਤੋਂ ਪਹਿਲਾਂ ਕਈ ਹੋਰ ਵੀ ਗ਼ੈਰ-ਸਿਹਤਮੰਦ ਵਿਚਾਰ ਪ੍ਰਚਲਤ ਸਨ ਜੋ ਜ਼ਿੰਦਗੀ ਲਈ ਸਾਰਥਕ ਸਿੱਧ ਨਹੀਂ ਸੀ ਹੋਏ ਉਨ੍ਹਾਂ ਦਾ ਥਾਂ ਥਾਂ ਸਪਸ਼ਟ ਖੰਡਨ ਕੀਤਾ ਗਿਆ ਹੈ। ਜੀਵਨ-ਵਿਕਾਸ ਲਈ ਕੀ ਕੁਝ ਕਰਨ ਯੋਗ ਹੈ ਤੇ ਕੀ ਕੁਝ ਨਾ ਕਰਨ ਯੋਗ, ਇਨ੍ਹਾਂ ਗੁਣਾਂ ਔਗੁਣਾਂ ਦੀ ਘੋਖ ਪੜਤਾਲ ਡੂੰਘੀ ਨੀਝ ਨਾਲ ਕੀਤੀ ਗਈ ਹੈ। ਸਦਾਚਾਰ ਸਬੰਧੀ ਉਨ੍ਹਾ ਦੀ ਵਿਸ਼ੇਸ਼ ਹਦਾਇਤ ਹੈ—ਸਾਂਝ ਕੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ। (ਸੂਹੀ ੧)

ਇਸ ਤੋਂ ਇਲਾਵਾ ਸਿਧਾਂਤਕ ਦ੍ਰਿਸ਼ਟੀ ਤੋਂ ਹੋਰ ਗੱਲਾਂ ਵੀ ਵਿਲੱਖਣਤਾ ਰਖਦੀਆਂ ਹਨ।

### (ੳ) ਵਿਚਾਰਧਾਰਾ

ਜੇਕਰ ਪੰਛੀ-ਝਾਤ ਦੁਆਰਾ ਸੰਖਿਪਤ ਰੂਪ ਵਿਚ ਆਦਿ ਗ੍ਰੰਥ ਦੇ ਵਿਸ਼ਾਵਸਤੂ ਜਾਂ ਵਿਚਾਨਧਾਰਾ ਦਾ ਸਰੂਪ ਚਿਤ੍ਰਨਾ ਹੋਵੇ ਤਾਂ ਕੁਝ ਕੁ ਵਿਸ਼ੇਸ਼ ਨੁਕਤੇ ਇਉਂ ਅੰਕਿਤ ਕੀਤੇ

ਜਾ ਸਕਦੇ ਹਨ :

(੧) ਸਾਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਪਰਮੇਸ਼ਰ ਇਕ ਹੈ ਤੇ ਉਹੋ ਪੂਜਣ-ਯੋਗ ਹੈ ਤੇ ਹੋਰ ਦੇਵੀ ਦੇਵਤਿਆਂ, ਅਵਤਾਰਾਂ ਯਾ ਕਿਸੇ ਵਿਅਕਤੀ ਦੀ ਪੂਜਾ, ਮਨੁੱਖ ਲਈ ਯੋਗ ਨਹੀਂ ।

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ।

(ਵਾਰ ਗੂਜਰੀ, ੩)

(੨) ਮਨੁੱਖ ਜੋਤਿ ਪਰਮ ਜੋਤਿ ਦੀ ਅੰਸ਼ ਹੈ, ਪ੍ਰਭੂ ਨਾਲ ਮੁੜ ਸੰਜੋਗ ਪ੍ਰਾਪਤ ਕਰਨਾ ਹੀ ਜੀਵਨ-ਮਨੋਰਥ ਹੈ :

ਮਨ ਤੂ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ ।

(ਆਸਾ ੩)

(੩) ਪਰਮ ਸੱਤ ਦੀ ਪ੍ਰਾਪਤੀ ਦਾ ਸਾਧਨ ਹਉਮੈ ਮੇਟ ਕੇ ਹੁਕਮ ਨੂੰ ਬੁਝਣਾ ਹੈ । ਸੋ 'ਹੁਕਮ ਰਜਾਈ ਚਲਣਾ' ਯਾ ਭਾਣਾ ਮੰਨਣਾ ਹੀ ਸੱਚਾ 'ਗਾਡੀ ਰਾਹ' ਹੈ ।

ਨਾਨਕ ਹੁਕਮੈ ਜੇ ਬੁਝਹਿ ਤਾ ਹਉਮੈ ਕਹੈ ਨ ਕੋਇ ।

(ਜਪੁ, ੧)

(੪) ਇਸ 'ਗਾਡੀ ਰਾਹ' ਦੇ ਪਾਂਧੀ ਬਣਨ ਲਈ 'ਨਾਮ ਸਿਮਰਨ' ਅਤਿ ਜ਼ਰੂਰੀ ਹੈ, ਸਿਮਰਨ ਦੇ ਵਾਤਾਵਰਣ ਦੁਆਰਾ ਹੀ ਸਾਡਾ ਮਨ ਭਾਣੇ ਵਿਚ ਚਲਣ ਦੇ ਯੋਗ ਹੋ ਸਕਦਾ ਹੈ ਅਤੇ ਸਿਮਰਨ ਦਾ ਵਧੀਆ ਤਰੀਕਾ 'ਕੀਰਤਨ' ਹੈ । ਸੋ ਕੀਰਤਨ ਗੁਰਮਤਿ ਦਾ ਸਰਬੋਤਮ ਧਰਮ-ਕਰਮ ਹੈ :

ਹਰਿ ਕੀਰਤਿ ਸਾਧ-ਸੰਗਤਿ ਹੈ, ਸਿਰ ਕਰਮਨ ਕੈ ਕਰਮਾ
ਕਹੁ ਨਾਨਕ ਤਿਸ ਭਇਓ ਪ੍ਰਾਪਤ, ਜਿਸੁ ਪੁਰਬ ਲਿਖੇ ਕਾ ਲਹਨਾ ।

(ਸੋਰਠਿ ੫)

(੫) ਇਸ ਮਾਰਗ ਦਾ ਰਹਿਨੁਮਾ 'ਸਤਿਗੁਰੂ' ਹੈ ਤੇ ਉੱਚ ਆਦਰਸ਼ ਵੀ । ਉਸੇ ਦੀ ਦੱਸੀ ਸੇਧ ਤੇ ਚਲ ਕੇ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ ਅਤੇ ਇਹ ਗੁਰੂ, ਬਾਣੀ ਯਾ ਸ਼ਬਦ ਰੂਪ ਹੈ :

ਸਬਦ ਗੁਰਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ।

(ਸੋਰਠਿ ੧)

(੬) ਕਿਉਂਕਿ ਮਨੁੱਖ ਭਾਈਚਾਰਕ ਜੀਵ ਹੈ, ਇਸ ਲਈ ਸ੍ਰੇਸ਼ਟ ਸੰਗਤ, ਜੀਵਨ—ਪਰਿਵਰਤਨ ਵਿਚ ਵੱਡਾ ਹਿੱਸਾ ਪਾਉਂਦੀ ਹੈ । ਇਸ ਲਈ ਚੰਗੇ ਗੁਰਮੁਖਾਂ, ਸਾਧੂ ਪੁਰਸ਼ਾਂ ਦੇ ਮੇਲ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ । ਸਤਿਸੰਗ ਮਨੁੱਖਾਂ ਦਾ ਇਕੱਠ ਮਾਤ੍ਰ ਨਹੀਂ ਬਲਕਿ ਇਹ ਉਹ ਥਾਂ ਹੈ ਜਿਥੇ ਸਦਾ ਨਾਮ ਦਾ ਵਖਿਆਨ ਕੀਰਤਨ ਹੁੰਦਾ ਹੈ :

ਸਤਿਸੰਗਤਿ ਕੈਸੀ ਜਾਣੀਐ । ਜਿਥੈ ਏਕੋ ਨਾਮੁ ਵਖਾਣੀਐ
ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰ ਦੀਆ ਬੁਝਾਇ ਜੀਉ ।

(ਸਿਰੀ ੧)

(੭) ਸੰਸਾਰ ਕਰਮ-ਭੂਮੀ ਹੈ, ਇਸ ਲਈ ਇਥੇ ਕਰਮਯੋਗੀ ਬਣਕੇ ਰਹਿਣਾ ਹੀ ਉਚਿਤ ਹੈ, ਇਸ ਨੂੰ 'ਮਿਥਿਆ' ਆਖ ਕੇ ਬਿਰਕਤੀ ਧਾਰਨਾ ਠੀਕ ਨਹੀਂ :

'ਘਾਲ ਖਾਇ ਕਿਛੁ ਹਥਹੁ ਦੇਇ । ਨਾਨਕ ਰਾਹੁ ਪਛਾਣਹਿ ਸੇਇ ।'

(ਮਹਲਾ ੧)

(੮) ਹਾਂ, ਮਾਇਆ ਦਾ ਤਿਆਗ ਜ਼ਰੂਰੀ ਹੈ, ਮਾਇਆ ਦਾ ਅਰਥ ਹੈ, ਦਵੈਤ ਭਾਵ ਵਾਲੀ ਬਿਰਤੀ ਅਤੇ ਇਸ ਦਾ ਤਿਆਗ ਕੇਵਲ ਪ੍ਰਭੂ ਵਲ ਲਿਵ ਲਾ ਕੇ ਹੀ ਸੰਭਵ ਹੈ ।

ਇਹੁ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ ।
ਕਹੈ ਨਾਨਕ ਗੁਰਪ੍ਰਸਾਦੀ ਜਿਨਾ ਲਿਵ ਲਾਗੀ,
ਤਿਨੀ ਵਿਚੇ ਮਾਇਆ ਪਾਇਆ ।

(ਰਾਮਕਲੀ ੩)

(੯) ਮਨੁੱਖੀ ਸਮਾਜ ਵਿਚ ਕਿਵੇਂ ਵਿਚਰਨਾ ਹੈ, ਇਸ ਦੀ ਆਚਾਰ-ਸੰਹਿਤਾ ਕੀ ਹੈ, ਸੰਖੇਪ ਵਿਚ ਕਹੀਏ ਤਾਂ ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦਾ ਤਿਆਗ, ਸਦਾਚਾਰ ਦਾ ਮੂਲਮੰਤ੍ਰ ਹੈ :

ਅਉਗਣ ਛੋਡਹੁ ਗੁਣ ਕਰਹੁ, ਐਸੇ ਤਤੁ ਪਰਾਵਹੁ ।

(ਆਸਾ ੧)

(੧੦) ਦੇਵ-ਦੂਜਾ, ਮੂਰਤੀ-ਪੂਜਾ, ਅਵਤਾਰ-ਪੂਜਾ, ਵਰਣਮਰਯਾਦਾ, ਜਾਤਪਾਤ, ਤੀਰਥ-ਇਸ਼ਨਾਨ, ਸੁਰਗ ਨਰਕ, ਸੁੱਚ ਭਿਟ, ਸੂਤਕ ਪਾਤਕ, ਰੋਜ਼ੇ, ਬਰਤ, ਸ਼ਗਨ ਅਪਸ਼ਗਨ, ਮੰਤ੍ਰ, ਜੰਤ੍ਰ, ਤੰਤ੍ਰ, ਟੂਣੇ ਤਵੀਤ ਆਦਿ ਰੂੜੀਵਾਦੀ ਕਰਮ-ਕਰਮ, ਤਿਆਗਣ ਯੋਗ ਹਨ, ਕਿਉਂਕਿ ਇਹ ਅਦਵੈਤਵਾਦੀ ਵਿਸ਼ਵਾਸ ਤੇ ਪ੍ਰੇਮਾ-ਭਗਤੀ ਨੂੰ ਨਿਰਮਲ ਨਹੀਂ ਰਹਿਣ ਦਿੰਦੇ । ਪਰਮਾਰਥ ਦੇ ਕਿਹੜੇ ਰਸਤੇ ਠੀਕ ਹਨ, ਕਿਹੜੇ ਗਲਤ, ਗੁਰੂ ਸਾਹਿਬ ਦੇ ਜ਼ਮਾਨੇ ਚਲ ਰਹੀਆਂ ਵਿਚਾਰਧਾਰਾਵਾਂ ਕਿਸ ਤਰ੍ਹਾਂ ਦੀਆਂ ਸਨ ਤੇ ਉਹ ਮਾਨਵ-ਜੀਵਨ ਦੇ ਵਿਕਾਸ ਲਈ ਸਾਰਥਕ ਸਨ ਜਾਂ ਨਿਰਾਰਥਕ ? ਗੁਣਾਂ ਔਗੁਣਾਂ ਦਾ ਸਵਿਸਤ੍ਰਿਤ ਨਿਰਣਾ ਕੀ ਹੈ, ਜਿਸ ਨੇ ਸਾਡੇ ਸਦਾਚਾਰ ਦਾ ਅਧਾਰ ਬਣਨਾ ਹੈ, ਇਹ ਸਾਰੀ ਚਰਚਾ ਸਵਿਸਤਾਰ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਥਾਂ ਥਾਂ ਕੀਤੀ ਗਈ ਹੈ ।

## (ਅ) ਅਭਿਵਿਅੰਜਨਾ ਸ਼ੈਲੀ

ਪਰ ਇਸ ਸਾਰੀ ਵਿਚਾਰਾਵਲੀ ਨੂੰ ਕਾਵਿ-ਭਾਸ਼ਾ ਵਿਚ, ਪੇਸ਼ ਕਰਨ ਲਗਿਆਂ ਪੁਰਾਤਨ ਪਰੰਪਰਾ ਦੇ ਪ੍ਰਮਾਣਾਂ ਦਾ ਖੁਲ੍ਹ ਕੇ ਆਸਰਾ ਲਿਆ ਗਿਆ ਹੈ ਕਿਉਂਕਿ ਕਾਵਿ-ਰਚਨਾ ਲਈ ਜ਼ਰੂਰੀ ਹੈ ਕਿ ਉਹ ਸਮੇਂ ਦੀ ਚਲਦੀ ਸ਼ੈਲੀ ਤੇ ਪਰੰਪਰਾ ਵਿਚ ਆਏ ਪ੍ਰਤੀਕਾਂ, ਚਿੰਨ੍ਹਾਂ ਤੇ ਹਵਾਲਿਆਂ ਦੁਆਰਾ ਗੱਲ ਕਰੇ, ਇਸ ਨੂੰ ਕਿਵੇਂ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ । ਨਾਲੇ ਆਮ ਲੋਕਾਂ ਨੂੰ ਆਪਣੇ . ਸਿਧਾਂਤਾਂ ਨਾਲ ਜੋੜਨ ਲਈ ਉਨ੍ਹਾਂ ਵਿਚ ਪ੍ਰਚਲਤ ਪੁਰਾਤਨ ਗਾਥਾਵਾਂ ਦਾ ਆਸਰਾ ਲੈਣਾ ਇਕ

ਸੁਭਾਵਕ ਵਿਧੀ ਹੈ ਜਿਸ ਨੂੰ ਮਹਾਨ ਕਲਾਕਾਰ ਆਮ ਵਰਤਦੇ ਆਏ ਹਨ। ਇਸੇ ਕਰਕੇ ਪੁਰਾਣਕਾਰਾਂ ਆਖਿਆ ਹੈ, ਜੋ 'ਪੁਰਾਣ' ਨਹੀਂ ਜਾਣਦਾ ਉਹ ਸਿਆਣਾ ਨਹੀਂ ਹੋ ਸਕਦਾ। ਸੋ ਇਹ ਰਵਾਇਤ, ਪੁਰਾਣ ਯਾ ਪਰੰਪਰਾ ਦੀ ਕੱਚੀ ਸਮੱਗਰੀ ਐਸੀ ਹੈ ਜਿਸ ਆਸਰੇ ਨਵੇਂ ਸਿਧਾਂਤਾਂ ਨੂੰ ਸਮਝਣ ਵਿਚ ਸਹਿਜੇ ਹੀ ਚੋਖੀ ਸਹਾਇਤਾ ਮਿਲਦੀ ਹੈ। ਮਨੁੱਖੀ ਵਿਰਸੇ ਦਾ ਪੁਰਾਤਨ ਭਾਗ, ਨਵੀਂ ਨਸਲ ਨਾਲ ਨਵੇਂ ਸਬੰਧ ਜੋੜ ਕੇ ਆਉਂਦਾ ਹੈ ਤੇ ਉਹ ਇਕ ਤਰ੍ਹਾਂ 'ਦੁਭਾਸ਼ੀਏ' ਦਾ ਕੰਮ ਕਰਦਾ ਹੈ। ਅੰਗਰੇਜ਼ੀ ਸ਼ਬਦ Tradition ਦਾ ਭਾਵ 'ਸੌਂਪਣਾ' ਯਾ ਹਵਾਲੇ ਕਰਨਾ' ਹੈ, ਪਿਛਲੀ ਪੀੜ੍ਹੀ ਦੇ ਲੋਕ ਜੋ ਕੁਝ ਅਗਲੀ ਪੀੜ੍ਹੀ ਨੂੰ 'ਸੌਂਪ ਜਾਂਦੇ' ਹਨ, ਉਹ 'ਰਵਾਇਤ' ਯਾ 'ਪਰੰਪਰਾ' ਕਹਾਉਂਦੀ ਹੈ। ਹਜ਼ਰਤ ਈਸਾ ਮਸੀਹ ਨੇ ਬਾਇਬਲ ਵਿਚ ਆਖਿਆ ਸੀ ਕਿ 'ਮੈਂ ਪਿਛਲਾ ਜ਼ਾਇਆ ਕਰਨ ਲਈ ਨਹੀਂ ਬਲਕਿ ਉਸ ਨੂੰ ਪੂਰਿਆਂ ਕਰਨ ਲਈ ਆਇਆ ਹਾਂ।' ਇਸ ਤਰ੍ਹਾਂ ਪਰੰਪਰਾ, ਆਧੁਨਿਕਤਾ ਨੂੰ ਸ਼ਕਤੀ ਪ੍ਰਦਾਨ ਕਰਦੀ ਆਈ ਹੈ। ਇਹ ਵੀ ਇਕ ਹਕੀਕਤ ਹੈ, ਭਾਰਤ ਦੇ ਅਧਿਆਤਮਕ ਤੇ ਧਾਰਮਿਕ ਸਾਹਿੱਤ ਵਿਚ ਹਿੰਦੂ ਮਿਥਿਹਾਸ ਦੀ ਪਰਧਾਨਤਾ ਹੈ ਕਿਉਂਕਿ ਸਾਡਾ ਇਤਿਹਾਸ, ਸਾਡੀ ਪਰੰਪਰਾ, ਸਾਡੀ ਸੰਸਕ੍ਰਿਤੀ ਇਸੇ ਨਾਲ ਓਤਪੋਤ ਹੈ। ਹਿੰਦੂ ਮਿਥਿਹਾਸ, ਨੇਕੀ ਤੇ ਬਦੀ—ਦੇਵ ਅਤੇ ਦੈਂਤ—ਸ਼ਕਤੀਆਂ ਦੀ ਲੰਮੀ ਗਾਥਾ ਹੈ। ਇਹ ਦੇਵ ਦੈਂਤ, ਪ੍ਰਕ੍ਰਿਤੀ ਦਾ ਮਾਨਵੀਕਰਣ ਕਰਕੇ ਬਣਾਏ ਗਏ ਤੇ ਇਨ੍ਹਾਂ ਦੀਆਂ ਕਥਾ-ਕਹਾਣੀਆਂ ਦੁਆਰਾ ਧਾਰਮਿਕ ਵਿਸ਼ਵਾਸ਼ਾਂ ਨੂੰ ਦ੍ਰਿੜ੍ਹ ਕਰਾਇਆ ਗਿਆ ਹੈ। ਨਾਲੇ ਬ੍ਰਹਿਮ ਦੀ ਅਦ੍ਰਿਸ਼ਟ ਹਸਤੀ ਨੂੰ ਜਾਣਨਾ-ਪਛਾਣਨਾ ਕਠਿਨ ਸੀ, ਇਸ ਕਰਕੇ ਉਸ ਦੀ ਸੱਤਾ ਦਾ ਅਹਿਸਾਸ ਵੱਖ ਵੱਖ ਦੇਵੀ ਦੇਵਤਿਆਂ ਦੇ ਰੂਪ ਵਿਚ ਕੀਤਾ ਗਿਆ। ਇਹ ਸੌਖਾ ਢੰਗ ਸੀ ਭਾਵੇਂ ਇਸ ਦੇ ਸਿਟੇ ਪਿਛੋਂ ਹਾਨੀਕਾਰਕ ਹੋਏ। ਚੂੰਕਿ ਬ੍ਰਾਹਮਣੀ ਪਰੋਹਤ ਜਮਾਤ ਇਨ੍ਹਾਂ ਧਾਰਮਿਕ ਕੰਮਾਂ-ਕਾਰਾਂ ਆਸਰੇ ਹੀ ਆਪਣਾ ਨਿਰਬਾਹ ਤੋਰਦੀ ਸੀ, ਇਸ ਲਈ ਉਨ੍ਹਾਂ ਨੇ, ਦੇਵਗਾਥਾਵਾਂ ਵਿਚ ਲੋੜ ਅਨੁਸਾਰ ਵਾਧਾ ਕੀਤਾ, ਪੁਰਾਣ ਰਚੇ ਤੇ ਉਨ੍ਹਾਂ ਵਿਚ ਅੱਗੇ ਤੋਂ ਅੱਗੇ ਕਈ ਤਰ੍ਹਾਂ ਦੀਆਂ ਕਥਾ-ਕਹਾਣੀਆਂ ਜੋੜੀਆਂ। ਕਈ ਇਤਿਹਾਸਕ ਕਾਰਨਾਮੇ ਸਨ ਤੇ ਕਈ ਕਾਲਪਨਿਕ ਕਥਾਵਾਂ, ਇਨ੍ਹਾਂ ਸਾਰਿਆਂ ਨੂੰ ਰਲਾ-ਮਿਲਾਕੇ ਹਜ਼ਾਰਾਂ ਸਾਲਾਂ ਵਿਚ ਮਿਥਿਹਾਸ ਦਾ ਮਾਨਸਰੋਵਰ ਮੂਰਤੀਮਾਨ ਹੋਇਆ। ਇਨ੍ਹਾਂ ਵਿਚ ਦੇਵੀ ਦੇਵਤੇ ਵਧੇਰੇ ਪੂਜਾ ਦਾ ਕੇਂਦਰ ਬਣੇ; ਬ੍ਰਹਮਾ, ਵਿਸ਼ਨੂੰ ਮਹੇਸ਼ ਦੀ ਤ੍ਰਿਮਰਤੀ ਸਾਜੀ ਗਈ, ਬ੍ਰਹਮਾ ਉਪਜਾਵਨਹਾਰ ਸੀ, ਵੇਦ-ਵਕਤਾ ਸੀ, ਇਸ ਦੀ ਮਾਨਤਾ ਘੱਟ ਹੋਈ। ਸ਼ਾਇਦ ਵਿਦਵਤਾ ਦਾ ਸਦਾ ਇਹੋ ਹਾਲ ਰਿਹਾ ਹੈ। ਵਿਸ਼ਨੂ, ਪਾਲਣਾ ਦਾ ਦੇਵਤਾ ਸੀ ਤੇ ਮਹੇਸ਼ ਨਾਸ ਦਾ, ਇਸ ਕਰਕੇ ਇਨ੍ਹਾਂ ਦੋਹਾਂ ਦੀ ਪੂਜਾ ਵਧੇਰੇ ਹੋਈ। ਜੋ ਵੀ ਸ਼ਕਤੀਸ਼ਾਲੀ ਪੁਰਖ ਪਰਗਟਿਆ, ਉਸ ਨੂੰ ਵਿਸ਼ਨੂ ਦਾ ਅਵਤਾਰ ਆਖਿਆ ਗਿਆ। ਇਸ ਤਰ੍ਹਾਂ ੨੪ ਅਵਤਾਰ ਹੋਏ, ਇਨ੍ਹਾਂ ਵਿਚੋਂ ਰਾਮ ਤੇ ਕ੍ਰਿਸ਼ਣ ਨੂੰ ਪਰਧਾਨਤਾ ਮਿਲੀ। ਅੱਗੋ ਇਨ੍ਹਾਂ ਦੇ ਅਨੇਕਾਂ ਸ਼ਰਧਾਲੂਆਂ ਤੇ ਅਸ਼ਰਧਾਲੂਆਂ ਦੀਆਂ ਅਦਭੁਤ ਕਥਾਵਾਂ ਚਲੀਆਂ। ਕਰਾਮਾਤੀ ਅੰਸ਼ ਵਧਾ ਚੜ੍ਹਾ ਕੇ ਪਾਇਆ ਗਿਆ ਤਾਂ ਕਿ ਲੋਕ-ਰੁਚੀ ਸੰਤੁਸ਼ਟਤਾ ਪਾਉਂਦੀ ਰਹੇ। ਇਸ ਤਰ੍ਹਾਂ ਹੌਲੀ ਹੌਲੀ ਇਹ ਸਾਰੀ ਦੇਵ-

ਗਾਥਾ ਸਾਡੀ ਪਰੰਪਰਾ ਤੇ ਸਾਡੇ ਵਿਰਸੇ ਦਾ ਅਨਿਖੜ ਅੰਗ ਬਣ ਗਈ ਅਤੇ ਭਗਤੀ ਲਹਿਰ ਦੇ ਸੰਤਾਂ ਭਗਤਾਂ ਇਸ ਪਰੰਪਰਾ ਦੇ ਹਵਾਲੇ ਨਾਲ ਆਪਣੀ ਗੱਲ ਕਹਿਣੀ ਠੀਕ ਸਮਝੀ । ਇਹ ਠੀਕ ਹੈ ਕਿ ਨਵਾਂ ਜ਼ਮਾਨਾ ਪੁਰਾਣੀਆਂ ਕਥਾਵਾਂ ਦੀ ਸਚਾਈ ਉਤੇ ਜਲਦੀ ਜਲਦੀ ਯਕੀਨ ਨਹੀਂ ਕਰਦਾ ਪਰ ਇਨ੍ਹਾਂ ਵਿਚ ਜੋ ਮੁਖ ਸਿਧਾਂਤ—ਨੇਕੀ ਦੀ ਫਤਹਿ ਤੇ ਬੁਰਿਆਈ ਦੀ ਹਾਰ ਦਾ ਕੰਮ ਕਰ ਰਿਹਾ ਹੈ, ਉਹ ਸਦਾ ਮਨੁੱਖ ਨੂੰ ਪ੍ਰੇਰਨਾ ਪ੍ਰਦਾਨ ਕਰਦਾ ਆਇਆ ਹੈ, ਉਸ ਤੋਂ ਨਵੇਂ ਜਗਿਆਸੂ ਨੂੰ ਧੀਰਜ ਤੇ ਆਸ਼ਾ ਬੱਝਦੀ ਹੈ ਤੇ ਉਹ ਸੱਚੇ ਮਾਰਗ ਉਤੇ ਚਲਣ ਲਈ ਤਤਪਰ ਹੋ ਜਾਂਦਾ ਹੈ । ਇਹੋ ਕਾਰਣ ਹੈ ਕਿ ਆਦਿ ਗ੍ਰੰਥ ਦੇ ਸੰਤ ਯਾ ਗੁਰੂ-ਕਵੀਆਂ ਆਪਣੀ ਅਧਿਆਤਮਕ ਕਾਵਿ-ਰਚਨਾ ਵਿਚ ਪਰੰਪਰਾ ਦਾ ਪ੍ਰਯੋਗ ਖੁਲ੍ਹ ਕੇ ਕੀਤਾ ਹੈ ਤੇ ਪੁਰਾਣੀਆਂ ਕਥਾਵਾਂ ਦੇ ਹਵਾਲੇ ਆਮ ਦਿਤੇ ਹਨ । ਮਿਸਾਲ ਲਈ ਪੰਦਰਵੀਂ ਸਦੀ ਦੇ ਭਗਤ ਕਬੀਰ, ਜੀਵ ਨੂੰ ਨਾਮ ਸਿਮਰਨ ਲਈ ਪ੍ਰੇਰਦੇ ਹਨ ਪਰ ਧਰੂ, ਪ੍ਰਹਿਲਾਦ ਦੀ ਮਿਸਾਲ ਦੇ ਕੇ ।

ਰਾਮ ਜਪਹੁ ਜੀਅ ਐਸੇ ਐਸੇ
ਧਰੂ ਪ੍ਰਹਿਲਾਦ ਜਪਿਓ ਹਰਿ ਜੈਸੇ । (ਗਉੜੀ ਕਬੀਰ)

ਸਤਾਰ੍ਹਵੀਂ ਸਦੀ ਦੇ ਵੈਰਾਗਪੁੰਜ ਸਤਿਗੁਰੂ, ਗੁਰੂ ਤੇਗ ਬਹਾਦਰ ਇਸੇ ਸਿਧਾਂਤ ਨੂੰ ਵਰਣਨ ਕਰਦੇ ਹਨ ਕਿ ਨਾਮ ਸਿਮਰਨ ਸਦਾ ਹੀ ਸੁਖਦਾਤਾ ਅਤੇ ਦੁਖਾਂ ਨੂੰ ਮਿਟਾਉਣ ਵਾਲਾ ਹੈ ਪਰ ਇਸ ਸਚਾਈ ਨੂੰ ਵਧੇਰੇ ਸਪਸ਼ਟ ਤੇ ਪ੍ਰਮਾਣਿਤ ਕਰਨ ਲਈ ਉਹ ਪਰੰਪਰਾ ਵਿਚੋਂ ਤਿੰਨ ਚਾਰ ਮਿਸਾਲਾਂ ਦਿੰਦੇ ਹਨ, ਅਜਾਮਲ, ਗਨਿਕਾ ਤੇ ਪੰਚਾਲੀ ਦੀ :

ਹਰਿ ਕੋ ਨਾਮੁ ਸਦਾ ਸੁਖਦਾਈ
ਜਾਕਉ ਸਿਮਰਿ ਅਜਾਮਲ ਉਧਰਿਓ, ਗਨਿਕਾ ਹੂ ਗਤਿ ਪਾਈ
ਪੰਚਾਲੀ ਕਉ ਰਾਜ ਸਭਾ ਮਹਿ, ਰਾਮ ਨਾਮ ਸੁਧਿ ਆਈ
ਤਾਂਕਉ ਦੁਖ ਹਰਿਓ ਕਰੁਣਾਮੈ, ਅਪਨੀ ਪੈਜ ਬਢਾਈ ।

ਗੁਰੂ ਨਾਨਕ ਸਾਹਿਬ ਨੇ ਇਹ ਦੱਸਣ ਲਈ ਕਿ ਸੰਸਾਰ ਦਾ ਹਰ ਪ੍ਰਾਣੀ ਦੁਖਾਂ ਦਾ ਸ਼ਿਕਾਰ ਹੈ, ਭਾਰਤੀ ਮਿਥਿਹਾਸ ਤੇ ਇਤਿਹਾਸ ਵਿਚੋਂ ਲਗਭਗ ੮-੧੦ ਕਥਾਵਾਂ ਦਾ ਹਵਾਲਾ ਦਿਤਾ ਹੈ :

ਸਹੰਸਰ ਦਾਨ ਦੇ ਇੰਦ੍ਰ ਰੁਆਇਆ । ਪਰਸਰਾਮ ਰੋਵੈ ਘਰਿ ਆਇਆ
ਅਜੈ ਸੁ ਰੋਵੈ ਭੀਖਿਆ ਖਾਇ । ਐਸੀ ਦਰਗਹ ਮਿਲੈ ਸਜਾਇ ।
ਰੋਵੈ ਰਾਮੁ ਨਿਕਾਲਾ ਭਇਆ । ਸੀਤਾ ਲਛਮਣੁ ਵਿਛੁੜਿ ਗਇਆ
ਰੋਵੈ ਦਹਸਿਰੁ ਲੰਕ ਗਵਾਇ । ਜਿਨਿ ਸੀਤਾ ਆਦੀ ਡਉਰੂ ਵਾਇ
ਰੋਵਹਿ ਪਾਂਡਵ ਭਏ ਮਜੂਰ । ਜਿਨ ਕੈ ਸੁਆਮੀ ਰਹਤ ਹਦੂਰਿ
ਰੋਵੈ ਜਨਮੇਜਾ ਖੁਇ ਗਇਆ । ਏਕੀ ਕਾਰਣਿ ਪਾਪੀ ਭਇਆ
ਰੋਵਹਿ ਸੇਖ ਮਸਾਇਕ ਪੀਰ । ਅੰਤਿ ਕਾਲਿ ਮਤੁ ਲਾਗੈ ਭੀੜ
ਰੋਵਹਿ ਰਾਜੇ ਕੰਨ ਪੜਾਇ । ਘਰਿ ਘਰਿ ਮਾਂਗਹਿ ਭੀਖਿਆ ਜਾਇ
ਰੋਵਹਿ ਕਿਰਪਨ ਸੰਚਹਿ ਧਨੁ ਜਾਇ । ਪੰਡਿਤ ਰੋਵਹਿ ਗਿਆਨੁ ਗਵਾਇ

ਬਾਲੀ ਰੋਵੈ ਨਾਹਿ ਭਤਾਰੁ । ਨਾਨਕ ਦੁਖੀਆ ਸਭੁ ਸੰਸਾਰੁ ।
ਮੰਨੇ ਨਾਉ ਸੋਈ ਜਿਣਿ ਜਾਇ । ਅਉਰੀ ਕਰਮ ਨ ਲੇਖੈ ਲਾਇ ।

(ਵਾਰ ਰਾਮਕਲੀ, ਮ: ੧)

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਇਕ ਥਾਂ ਗਰਬ ਦੀ ਹਾਨੀ ਦਸਦਿਆਂ ਪੁਰਾਣਕ ਹਵਾਲੇ ਇਸ ਪਰਕਾਰ ਦਿਤੇ ਹਨ :—

ਬ੍ਰਹਮੈ ਗਰਬੁ ਕੀਆ ਨਹੀਂ ਜਾਨਿਆ । ਬੇਦ ਕੀ ਬਿਪਤਿ ਪੜੀ ਪਛੁਤਾਨਿਆ
ਜਹ ਪ੍ਰਭੁ ਸਿਮਰੇ ਤਹੀ ਮਨੁ ਮਾਨਿਆ ।
ਐਸਾ ਗਰਬੁ ਬੁਰਾ ਸੰਸਾਰੈ । ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ।
।੧। ਰਹਾਉ ।
ਬਲਿ ਰਾਜਾ ਮਾਇਆ ਅਹੰਕਾਰੀ । ਜਗਨ ਕਰੈ ਬਹੁ ਭਾਰ ਅਫਾਰੀ
ਬਿਨੁ ਗੁਰ ਪੂਛੇ ਜਾਇ ਪਇਆਰੀ ।੨।
ਹਰੀਚੰਦੁ ਦਾਨੁ ਕਰੈ ਜਸੁ ਲੇਵੈ । ਬਿਨੁ ਗੁਰ ਅੰਤੁ ਨ ਪਾਇ ਅਭੇਵੈ
ਆਪਿ ਭੁਲਾਇ ਆਪੇ ਮਤਿ ਦੇਵੈ ।੩।
ਦੁਰਮਤਿ ਹਰਣਾਖਸੁ ਦੁਰਾਚਾਰੀ । ਪ੍ਰਭੂ ਨਾਰਾਇਣੁ ਗਰਬ ਪ੍ਰਹਾਰੀ
ਪ੍ਰਹਲਾਦ ਉਧਾਰੇ ਕਿਰਪਾ ਧਾਰੀ ।੪।
ਭੂਲੋ ਰਾਵਣੁ ਮੁਗਧੁ ਅਚੇਤਿ । ਲੂਟੀ ਲੰਕਾ ਸੀਸ ਸਮੇਤਿ
ਗਰਬਿ ਗਇਆ ਬਿਨੁ ਸਤਿਗੁਰ ਹੇਤਿ ।੫।
ਸਹਸਬਾਹੁ ਮਧੁਕੀਟ ਮਹਖਾਸਾ । ਹਰਣਾਖਸੁ ਲੇ ਨਖਹੁ ਬਿਧਾਸਾ
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ।੬।
ਜਰਾਸੰਧਿ ਕਾਲ ਜਮਨ ਸੰਘਾਰੇ । ਰਕਤਬੀਜ ਕਾਲੁਨੇਮੁ ਬਿਦਾਰੇ
ਦੈਤ ਸੰਘਾਰਿ ਸੰਤ ਨਿਸਤਾਰੇ ।੭।
ਆਪੇ ਸਤਿਗੁਰੁ ਸਬਦੁ ਬੀਚਾਰੇ । ਦੂਜੈ ਭਾਇ ਦੈਤ ਸੰਘਾਰੇ
ਗੁਰਮੁਖਿ ਸਾਚਿ ਭਗਤਿ ਨਿਸਤਾਰੇ ।੮।
ਬੂਡਾ ਦੁਰਜੋਧਨੁ ਪਤਿ ਖੋਈ । ਰਾਮੁ ਨ ਜਾਨਿਆ ਕਰਤਾ ਸੋਈ
ਜਨ ਕਉ ਦੂਖਿ ਪਚੈ ਦੁਖੁ ਹੋਈ ।੯।
ਜਨਮੇਜੈ ਗੁਰਸਬਦੁ ਨ ਜਾਨਿਆ । ਕਿਉ ਸੁਖੁ ਪਾਵੈ ਭਰਮਿ ਭੁਲਾਨਿਆ
ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ।੧੦।
ਕੰਸੁ ਕੇਸੁ ਚਾਂਡੂਰੁ ਨ ਕੋਈ । ਰਾਮੁ ਨ ਚੀਨਿਆ ਅਪਨੀ ਪਤਿ ਖੋਈ
ਬਿਨੁ ਜਗਦੀਸ ਨ ਰਾਖੈ ਕੋਈ ।੧੧।
ਬਿਨੁ ਗੁਰ ਗਰਬੁ ਨ ਮੇਟਿਆ ਜਾਇ । ਗੁਰਮਤਿ ਧਰਮੁ ਧੀਰਜੁ ਹਰਿ ਨਾਇ
ਨਾਨਕ ਨਾਮੁ ਮਿਲੈ ਗੁਣ ਗਾਇ ।੧੨।੯। (ਗਉੜੀ ਮ: ੧)

ਅਸੀਂ ਇਹ ਦੋ ਚਾਰ ਸ਼ਬਦ ਇਸ ਪੁਸ਼ਟੀ ਲਈ ਪੇਸ਼ ਕੀਤੇ ਹਨ ਕਿ ਇਨ੍ਹਾਂ ਅਧਿਆਤਮਕ ਕਵੀਆਂ ਪੁਰਾਤਨ ਮਿਥਿਹਾਸ ਦੀਆ 'ਮਸਾਲਾਂ ਆਮ ਵਰਤੀਆਂ ਹਨ

ਕਿਉਂਕਿ ਜਨਸਾਧਾਰਣ ਇਨ੍ਹਾਂ ਤੋਂ ਪਰਿਚਤ ਸੀ ਤੇ ਇਨ੍ਹਾਂ ਦੇ ਉਦਾਹਰਣਾਂ ਨਾਲ ਆਖੀ ਜਾਣ ਵਾਲੀ ਗੱਲ ਨੂੰ ਭਲੀ ਭਾਂਤ ਸਮਝ ਸਕਦਾ ਸੀ। ਪਰ ਜਿਥੋਂ ਤਕ ਸਿਧਾਂਤ ਦਾ ਸੰਬੰਧ ਹੈ, ਆਦਿ ਗ੍ਰੰਥ ਦੇ ਮਹਾਂ ਪੁਰਸ਼ ਏਕਵਾਦੀ ਸਨ, ਉਹ ਕਿਸੇ ਦੇਵੀ ਦੇਵਤਾ ਯਾ ਅਵਤਾਰ ਦੀ ਪੂਜਾ ਮਾਨਤਾ ਦੇ ਹਾਮੀ ਨਹੀਂ ਸਨ, ਸਗੋਂ ਥਾਂ ਥਾਂ ਇਹੋ ਆਦੇਸ਼ ਦੇ ਰਹੇ ਸਨ :

'ਸਾਹਿਬ ਮੇਰਾ ਏਕੋ ਹੈ
ਏਕੋ ਹੈ ਭਾਈ ਏਕੋ ਹੈ ।੧।

(ਆਸਾ ੧)

ਯਾ

ਕਰਣ ਕਾਰਣ ਪ੍ਰਭ ਏਕੁ ਹੈ
ਦੂਸਰ ਨਾਹੀ ਕੋਇ ।

(ਗਉੜੀ ਸੁਖਮਨੀ ੫)

ਇਸੇ ਤਰ੍ਹਾਂ ਬ੍ਰਹਮਾਂ, ਵਿਸ਼ਨੂ, ਮਹੇਸ਼, ਭਵਾਨੀ ਅਤੇ ਰਾਮ, ਕ੍ਰਿਸ਼ਣ ਆਦਿ ਬਾਰੇ ਸਪਸ਼ਟ ਬਿਆਨ ਐਸੇ ਮਿਲਦੇ ਹਨ ਕਿ ਪਰਮੇਸ਼ਰ ਦੀ ਥਾਂ ਇਹ ਪੂਜਣ-ਯੋਗ ਨਹੀਂ, ਇਹਨਾਂ ਦੀ ਮਾਮੂਲੀ ਪ੍ਰਭੂਤਾ ਉਸ ਪ੍ਰਭੂ ਅਗੇ ਹੇਚ ਹੈ — 'ਪਉਣ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧਿ ਕੀਆ' ਵਾਲੇ ਸ਼ਬਦ (ਪੰਨਾ ੩੫੦) ਵਿਚ ਸਾਫ ਰਾਮ, ਕ੍ਰਿਸ਼ਣ ਆਦਿ ਅਵਤਾਰਾਂ ਦੇ ਮਹੱਤਵ ਦਾ ਵਿਰੋਧ ਹੈ। ਮਿਸਾਲ ਵਜੋਂ ਬ੍ਰਹਮਾ ਬਾਰੇ ਆਏ ਕੁਝ ਹਵਾਲਿਆਂ ਦਾ ਅਧਿਐਨ ਵੀ ਇਸ ਪੱਖ ਨੂੰ ਵਧੇਰੇ ਸਪਸ਼ਟ ਕਰ ਸਕੇਗਾ :—

'ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ
ਇਕ ਸੰਸਾਰੀ ਇਕ ਭੰਡਾਰੀ, ਇਕ ਲਾਏ ਦੀਬਾਣੁ ।'
'ਕੇਤੇ ਬਰਮੇ ਘਾੜਤ ਘੜੀਅਹਿ'......(ਜਪੁ)
'ਕੋਟਿ ਬ੍ਰਹਮੇ ਜਗ ਸਾਜਣ ਲਾਏ ।'
'ਨਾਭਿ ਕਮਲ ਤੇ ਬ੍ਰਹਮਾ ਉਪਜੇ, ਵੇਦ ਪੜਹਿ ਮੁਖ ਕੰਠ ਸਵਾਰਿ
ਤਾਕੋ ਅੰਤੁ ਨ ਜਾਈ ਲਖਣਾ, ਆਵਤ ਜਾਤ ਰਹੈ ਗੁਬਾਰਿ ।'

(ਗੂਜਰੀ ੧)

ਨਾਲ ਕੁਟੰਬ ਸਾਥਿ ਵਰਦਾਤਾ, ਬ੍ਰਹਮਾ ਭਾਲਣ ਸ੍ਰਿਸਟਿ ਗਇਆ
ਆਗੈ ਅੰਤ ਨ ਪਾਇਓ ਤਾਕਾ, ਕੰਸੁ ਛੇਦਿ ਕਿਆ ਵਡਾ ਭਇਆ ।

(ਆਸਾ ੧)

ਚਾਰ ਵੇਦ ਬ੍ਰਹਮੇ ਕਉ ਦੀਏ, ਪੜਿ ਪੜਿ ਕਰੇ ਵੀਚਾਰੀ
ਤਾ ਕਾ ਹੁਕਮੁ ਨ ਬੂਝੈ ਬਪੁੜਾ, ਨਰਕਿ ਸੁਰਗਿ ਅਵਤਾਰੀ ।

(ਆਸਾ ੩)

ਬ੍ਰਹਮੈ ਵੇਦ ਪੜੇ ਵਾਦੁ ਵਖਾਣੈ
ਅੰਤਰਿ ਤਾਮਸੁ ਆਪੁ ਨ ਪਛਾਣੈ ।

(ਗਉੜੀ ੩)

ਬ੍ਰਹਮਾ ਬਿਸਨ ਮਹੇਸੁ ਤ੍ਰੈਮੂਰਤਿ, ਤ੍ਰਿਗੁਣਿ ਭਰਮਿ ਭੁਲਾਈ ।

(ਰਾਮਕਲੀ ੩)

ਬ੍ਰਹਮਾ ਬਡਾ ਕਿ ਜਾਸੁ ਉਪਾਇਆ
ਬੇਦ ਬਡਾ ਕਿ ਜਹਾਂ ਤੇ ਆਇਆ ।

(ਗਉੜੀ ਕਬੀਰ)

ਸਪਸ਼ਟ ਹੈ, ਜੇਕਰ ਸੰਤਾਂ ਯਾ ਗੁਰੂ ਸਾਹਿਬਾਨ ਨੇ ਇਨ੍ਹਾਂ ਪੁਰਾਤਨ ਦੇਵੀ ਦੇਵਤਿਆਂ ਦੇ ਹਵਾਲੇ ਦਿਤੇ ਹਨ ਤਾਂ ਕੇਵਲ ਆਪਣੇ ਸਿਧਾਂਤ ਦੀ ਪੁਸ਼ਟੀ ਲਈ ਦਿਤੇ ਹਨ ਨਾ ਕਿ ਲੋਕਮਾਨਤਾ ਅਨੁਸਾਰ ਇਨ੍ਹਾਂ ਦੀ ਵਡਿਆਈ ਕਰਨ ਲਈ। ਸੋ ਇਹ ਦੇਵ-ਗਾਥਾ ਦੇ ਹਵਾਲੇ, ਕੇਵਲ ਆਮ ਪ੍ਰਚਲਤ ਕਥਾਵਾਂ ਰਾਹੀਂ ਬੁਨਿਆਦੀ ਗੱਲ ਨੂੰ ਦ੍ਰਿੜ੍ਹ ਕਰਾਉਣ ਦਾ ਜਤਨ ਹਨ ਤੇ ਇਨ੍ਹਾਂ ਨੂੰ ਇਸੇ ਦ੍ਰਿਸ਼ਟੀ ਤੋਂ ਵਿਚਾਰਨਾ ਚਾਹੀਦਾ ਹੈ। ਇਸੇ ਤਰ੍ਹਾਂ ਇਤਿਹਾਸਕ ਨਾਂ ਥਾਂ, ਮਤ ਮਤਾਂਤਰਾਂ ਦੇ ਕਈ ਸੰਕੇਤ ਤੇ ਸਾਹਿਤਕ ਬਿੰਬਾਵਲੀ ਦੇ ਅਨੇਕ ਪਦ ਵੀ ਧਿਆਨ ਯੋਗ ਹਨ। ਪਰੰਤੂ ਇਨ੍ਹਾਂ ਸਾਰੀਆਂ ਪੁਰਾਤਨ ਵਸਤਾਂ, ਦੇਵ-ਕਥਾਵਾਂ, ਪ੍ਰਤੀਕਾਂ, ਚਿੰਨ੍ਹਾਂ ਤੇ ਹਵਾਲਿਆਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ ਤਾਂ ਹੀ ਗੁਰਬਾਣੀ ਦੇ ਅਰਥ ਤੇ ਭਾਵ ਨੂੰ ਸਹੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਪਹਿਲੇ ਆਦਿ ਗ੍ਰੰਥ ਦੀ ਵਿਚਾਰਧਾਰਾ ਨੂੰ ਜਾਣਨ ਲਈ ਲਗਭਗ ਚਾਰ ਸੌ ਵਿਸ਼ਿਆਂ ਬਾਰੇ ਸਬੰਧਤ ਤੁਕਾਂ ਚੁਣ ਕੇ, ਗੁਰੂ ਗ੍ਰੰਥ ਵਿਚਾਰ ਕੋਸ਼ ਬਣਾਇਆ ਗਿਆ ਸੀ। ਹੁਣ ਇਨ੍ਹਾਂ ਵਰਤੇ ਹਵਾਲਿਆਂ ਦੀ ਜਾਣਕਾਰੀ ਵਾਸਤੇ ਇਹ 'ਗੁਰੂ ਗ੍ਰੰਥ ਸੰਕੇਤ ਕੋਸ਼' ਤਿਆਰ ਕੀਤਾ ਗਿਆ ਹੈ ਤਾਂ ਕਿ ਗੁਰਬਾਣੀ ਨੂੰ ਸਮਝਣ ਵਿਚ ਲੋੜੀਂਦੀ ਸੌਖ ਹੋਵੇ। ਇਸ ਕੋਸ਼ ਦੀ ਤਿਆਰੀ ਲਈ ਭਾਵੇਂ ਅਸਾਂ ਹੋਰ ਕਈ ਗ੍ਰੰਥਾਂ ਤੋਂ ਵੀ ਸਹਾਇਤਾ ਲਈ ਹੈ ਪਰੰਤੂ ਮੁਖ ਤੌਰ ਤੇ ਇਹ ਕੋਸ਼ ਵਧੇਰੇ ਸਹਾਇਕ ਸਿੱਧ ਹੋਏ ਹਨ :

1. Dictionary of Hindu Mytholgy : John Dowson
2. Encyclopaedia of Religion and Ethics :
   James Hastings (1911)
3. ਹਿੰਦੀ ਵਿਸ਼ਵ ਕੋਸ਼ (੨੪ ਜਿਲਦਾਂ), ਸ੍ਰੀ ਨਗੇਂਦ੍ਰ ਨਾਥ ਵਸੂ, ਕਲਕੱਤਾ,੧੯੩੧
4. ਹਿੰਦੀ ਵਿਸ਼ਵਕੋਸ਼ (੧੨ ਜਿਲਦਾਂ), ਨਾਗਰੀ ਪ੍ਰਚਾਰਣੀ ਸਭਾ,ਵਾਰਾਣਸੀ,੧੯੭੦
5. ਹਿੰਦੀ ਸਾਹਿਤ ਕੋਸ਼ (ਦੋ ਜਿਲਦਾਂ), ਗਿਆਨ ਮੰਡਲ, ਵਾਰਾਣਸੀ
6. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ : ਭਾਈ ਕਾਨ੍ਹ ਸਿੰਘ ਨਾਭਾ (ਮ. ਕੋ.)
7. ਨਾਵਾਂ ਥਾਵਾਂ ਦਾ ਕੋਸ਼ : ਮਾਸਟਰ ਮਹਿਤਾਬ ਸਿੰਘ
8. ਗੁਰਮਤਿ ਨਿਰਣਯ ਭੰਡਾਰ : ਗਿ. ਲਾਲ ਸਿੰਘ ਸੰਗਰੂਰ

ਮੈਂ ਆਪਣੇ ਖੋਜ ਸਾਥੀਆਂ-ਬੀਬੀ ਬਲਬੀਰ ਕੌਰ, ਬੀਬੀ ਗੁਰਨਾਮ ਕੌਰ ਤੇ ਸ. ਹਿੰਮਤ ਸਿੰਘ ਦਾ ਧੰਨਵਾਦੀ ਹਾਂ ਜਿਨ੍ਹਾਂ ਮੁਢਲਾ ਮਸਾਲਾ ਇਕੱਤਰ ਕਰਨ ਵਿਚ ਯਥਾਯੋਗ ਹੱਥ ਵਟਾਇਆ। ਵਿਭਾਗ ਦੇ ਮੁਖੀ ਡਾ: ਤਾਰਨ ਸਿੰਘ ਜੀ ਦਾ ਅਭਾਰੀ ਹਾਂ ਜਿਨ੍ਹਾਂ ਸਮੇਂ ਸਮੇਂ ਕਈ ਸੁਝਾ ਦਿਤੇ। ਸਾਨੂੰ ਪੂਰਨ ਆਸ ਹੈ ਕਿ 'ਗੁਰੂ ਗ੍ਰੰਥ ਵਿਚਾਰ ਕੋਸ਼' ਵਾਂਙ ਹੀ, ਗੁਰਬਾਣੀ-ਪ੍ਰੇਮੀ ਇਸ ਦਾ ਸੁਆਗਤ ਕਰਨਗੇ ਅਤੇ ਇਸ ਤੋਂ ਲੋੜੀਂਦਾ ਲਾਭ ਉਠਾ ਸਕਣਗੇ।

ਪੰਜਾਬੀ ਯੂਨੀਵਰਸਿਟੀ, ਪਿਆਰਾ ਸਿੰਘ ਪਦਮ
ਪਟਿਆਲਾ

**ਉਗ੍ਰਸੈਨ**

ਯਾਦਵਬੰਸੀ ਰਾਜਾ ਦੇਵਕ ਦਾ ਛੋਟਾ ਭਾਈ ਉਗ੍ਰਸੈਨ ਸੀ ਜੋ ਕਿ ਬ੍ਰਿਸ਼ਣੀਆਂ ਦਾ ਰਾਜਾ ਤੇ ਕੰਸ ਦਾ ਪਿਤਾ ਸੀ । ਮਹਾਂਭਾਰਤ ਵਿਚ ਇਸਦਾ ਨਾਮ ਆਹੁਕ ਵੀ ਲਿਖਿਆ ਹੈ। ਦੇਵਕ ਨੇ ਆਪਣੀ ਧੀ ਦੇਵਕੀ, ਵਸੁਦੇਵ ਨੂੰ ਵਿਆਹੀ ਜਿਸਤੋਂ ਸ੍ਰੀ ਕ੍ਰਿਸ਼ਣ ਜੀ ਨੇ ਜਨਮ ਲਿਆ । ਸੋ ਦੇਵਕ ਕ੍ਰਿਸ਼ਣ ਜੀ ਦਾ ਨਾਨਾ ਸੀ ਪਰ ਉਗ੍ਰਸੈਨ ਦੀ ਪ੍ਰਸਿੱਧੀ ਇਸ ਕਰਕੇ ਹੈ ਕਿ ਇਸ ਨੇ ਦੇਵਕੀ ਦੀ ਪਾਲਣਾ ਧੀਆਂ ਵਾਂਗ ਕੀਤੀ। ਇਹ ਮਥਰਾ ਦਾ ਰਾਜਾ ਬਣਿਆ ਪਰ ਕੰਸ ਨੇ ਆਪਣੇ ਸਹੁਰੇ ਜਰਾਸੰਧ ਦੀ ਮੱਦਦ ਨਾਲ ਪਿਤਾ ਨੂੰ ਗੱਦੀ ਤੋਂ ਉਤਾਰ ਕੇ ਕੈਦ ਕਰ ਦਿਤਾ ਤੇ ਰਾਜ-ਭਾਗ ਆਪ ਸੰਭਾਲ ਲਿਆ।

ਜਦ ਸ੍ਰੀ ਕ੍ਰਿਸ਼ਣ ਜੀ ਨੂੰ ਇਸ ਅਤਿਆਚਾਰ ਦਾ ਪਤਾ ਲਗਾ ਤਾਂ ਉਨ੍ਹਾਂ ਆਪਣੇ ਮਾਮੇ ਕੰਸ ਨੂੰ ਮਾਰ ਕੇ ਮੁੜ ਨਾਨੇ ਉਗ੍ਰਸੈਨ ਨੂੰ ਸਿੰਘਾਸਨ ਉਤੇ ਬਿਠਾਇਆ ਕਿਉਂਕਿ ਇਹ ਬੜੀ ਹੀ ਭਗਤੀ ਭਾਵਨਾ ਵਾਲਾ ਤੇ ਨੇਕ ਪੁਰਸ਼ ਸੀ। ਇਸ ਘਟਨਾ ਵਲ ਸੰਕੇਤ ਕਰਦਿਆਂ ਕੱਲ ਭੱਟ ਨੇ ਲਿਖਿਆ ਹੈ :—

'ਦੁਆਪਰਿ ਕ੍ਰਿਸ਼ਨ ਮੁਰਾਰਿ, ਕੰਸ ਕਿਰਤਾਰਥੁ ਕੀਓ<br>
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ ।

(ਸਵਈਏ ਮਹਲੇ ੧, ੧੩੯੦)

**ਉਜੂ**

ਅਰਬੀ ਲਫਜ਼ 'ਵੁਜ਼ੂ' ਦਾ ਪੰਜਾਬੀ ਰੂਪ ਉਜੂ ਹੈ । ਮੁਸਲਮਾਨ ਨਿਮਾਜ਼ ਪੜ੍ਹਨ ਤੋਂ ਪਹਿਲਾਂ ਨਿਯਮ ਅਨੁਸਾਰ ਹੱਥ ਮੂੰਹ ਧੋਂਦਾ, ਕੁਰਲੀ ਕਰਦਾ ਤੇ ਮਸਤਕ ਉਤੇ ਪਾਣੀ ਦੇ ਛਿੱਟੇ ਮਾਰਦਾ ਅਤੇ ਉਪਰੰਤ ਬਾਂਹਵਾਂ ਤੇ ਪੈਰ ਵੀ ਸਾਫ ਕਰਦਾ ਹੈ। ਇਸ ਸਾਰੀ ਕ੍ਰਿਆ ਨੂੰ ਮੁਸਲਮ ਸੰਕੇਤਾਵਲੀ ਵਿਚ 'ਵੁਜ਼ੂ' ਕਿਹਾ ਜਾਂਦਾ ਹੈ। ਮੋਮਨਾਂ ਦਾ ਖਿਆਲ ਹੈ ਕਿ ਅਜਿਹਾ ਕਰਨ ਨਾਲ ਅਪਵਿਤ੍ਰਤਾ ਦੂਰ ਹੁੰਦੀ ਤੇ ਪਵਿਤ੍ਰਤਾ ਹਾਸਲ ਹੁੰਦੀ ਹੈ। ਸ਼ੇਖ ਫਰੀਦ ਬੰਦਗੀ ਦੀ ਪਰੇਰਨਾ ਕਰਦੇ ਲਿਖਦੇ ਹਨ :—

ਉਠੁ ਫਰੀਦਾ ਉਜੂ ਸਾਜਿ<br>
ਸੁਬਹ ਨਿਵਾਜ ਗੁਜਾਰਿ ।੭।

(ਸਲੋਕ ਫਰੀਦ, ਪੰਨਾ ੧੩੮੧)

ਪਰੰਤੂ ਕਬੀਰ ਸਾਹਿਬ ਨੇ ਅਜੇਹੇ ਕਰਮਕਾਂਡਾਂ ਦੀ ਇਸ ਲਈ ਵਿਰੋਧਤਾ ਕੀਤੀ ਹੈ ਕਿ ਜੇਕਰ ਦਿਲ ਨੂੰ ਪਵਿਤਰ ਨਾ ਕੀਤਾ ਗਿਆ ਤਾਂ ਇਨ੍ਹਾਂ ਦਾ ਕੋਈ ਆਤਮਕ ਲਾਭ ਨਹੀਂ :—

ਕਿਆ ਉਜੂ ਪਾਕੁ ਕੀਆ ਮੁਹੁ ਧੋਇਆ
ਕਿਆ ਮਸੀਤਿ ਸਿਰੁ ਨਾਇਆ ।
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ
ਕਿਆ ਹਜ ਕਾਬੈ ਜਾਇਆ ।

(ਪ੍ਰਭਾਤੀ ਕਬੀਰ, ਪੰਨਾ ੧੩੫੦)

**ਉੜੀਸਾ**

ਉੜੀਸਾ ਯਾ ਉੜੀਸਾ ਭਾਰਤ ਦਾ ਇਕ ਪ੍ਰਾਂਤ ਹੈ ਜਿਸਦੇ 'ਪੁਰੀ' ਨਾਮੀ ਨਗਰ ਦਾ 'ਜਗਨਨਾਥ' ਮੰਦਰ ਤੇ ਕਨਾਰਕ ਦਾ 'ਸੂਰਜ-ਮੰਦਰ' ਦੇਸ ਭਰ ਵਿਚ ਪ੍ਰਸਿੱਧ ਹਨ । ਇਸ ੬੬੫ ਫੁਟ ਲੰਮੇ, ੬੪੪ ਫੁਟ ਚੋੜੇ ਤੇ ੧੯੨ ਫੁਟ ਉਚੇ ਮੰਦਰ ਵਿਚ ਜਗਨਨਾਥ (ਕ੍ਰਿਸ਼ਣ) ਤੋਂ ਇਲਾਵਾ ਬਲਰਾਮ ਤੇ ਸੁਭੱਦ੍ਰਾ ਦੀਆਂ ਚੰਦਨ-ਮੂਰਤੀਆਂ ਬਣੀਆਂ ਹੋਈਆਂ ਹਨ । ਮੰਦਰ ਦੇ ਆਲੇ-ਦੁਆਲੇ ੨੨ ਫੁਟ ਉਚੀਆਂ ਦੀਵਾਰਾਂ ਤੇ ਬਾਹਰਲੇ ਪਾਸੇ ੬੫ ਫੁਟ ਚੋੜੀ ਸੜਕ ਹੈ । ਗੁਰੂ ਨਾਨਕ ਸਾਹਿਬ ਨੇ ਜਗਨਨਾਥ ਪੁਰੀ ਦੇ ਪੰਡਤਾਂ ਨੂੰ ਉਪਦੇਸ਼ ਦਿੰਦਿਆਂ ਇਥੇ 'ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ' ਆਰਤੀ ਦਾ ਉਚਾਰਣ ਕੀਤਾ ਸੀ ਤੇ ਇਥੇ ਹੀ ਬੰਗਾਲ ਦੇ ਪ੍ਰਸਿੱਧ ਸੰਤ ਚੈਤੰਨਦੇਵ ਨਾਲ ਆਪ ਦਾ ਮੇਲ ਹੋਇਆ ਸੀ । ਜੇਠ ਹਾੜ੍ਹ ਦੇ ਮਹੀਨਿਆਂ ਵਿਚ 'ਇਸ਼ਨਾਨ ਯਾਤਰਾ' ਤੇ 'ਰਥ ਯਾਤਰਾ' ਦੇ ਭਾਰੇ ਪੁਰਬ ਲਗਦੇ ਹਨ ਜਦੋਂ ਕਿ ਦੇਸ਼ ਭਰ ਵਿਚੋਂ ਵੈਸ਼ਣਵ ਯਾਤਰੂ, ਦਰਸ਼ਨ ਇਸ਼ਨਾਨ ਲਈ ਇਥੇ ਪਹੁੰਚਦੇ ਹਨ । ਪਹਿਲੇ ਉਤਸਵ ਸਮੇਂ ਮੂਰਤੀ ਨੂੰ ਇਸ਼ਨਾਨ ਕਰਾਇਆ ਜਾਂਦਾ ਤੇ ਦੂਜੇ ਉਤਸਵ ਸਮੇਂ ਹਾੜ੍ਹ ਸੁਦੀ ਦੂਜ ਨੂੰ ਜਗਨਨਾਥ ਦੀ ਮੂਰਤੀ ਦੀ 'ਰਥ-ਯਾਤਰਾ' ਹੁੰਦੀ ਹੈ, ਇਹ ਰਥ ਸੋਲਾਂ ਪਹੀਆਂ ਵਾਲਾ ਹੁੰਦਾ ਹੈ ਜਿਸ ਨੂੰ ਸ਼ਰਧਾਲੂ ਬੜੇ ਚਾਉ ਤੇ ਸ਼ਰਧਾ ਨਾਲ ਖਿਚਦੇ ਹਨ । ਪੁਰਾਣੇ ਜ਼ਮਾਨੇ ਵਿਚ ਇਸ ਰਥ ਹੇਠ ਆ ਕੇ ਮਰਨਾ ਵੀ ਮੁਕਤੀ ਦਾ ਕਾਰਣ ਮੰਨਿਆ ਜਾਂਦਾ ਸੀ ।

ਇਸ ਮੂਰਤੀ ਦੀ ਕਹਾਣੀ ਇਹ ਦੱਸੀ ਜਾਂਦੀ ਹੈ ਕਿ ਜਦੋਂ ਇਕ ਸ਼ਿਕਾਰੀ ਨੇ ਸ੍ਰੀ ਕ੍ਰਿਸ਼ਣ ਜੀ ਨੂੰ ਮਾਰ ਕੇ ਇਕ ਦਰਖਤ ਹੇਠ ਸੁੱਟ ਦਿਤਾ ਤਾਂ ਕਿਸੇ ਸਿਆਣੇ ਨੇ ਲਾਸ਼ ਨੂੰ ਸੰਦੂਕ ਵਿਚ ਪਾ ਦਿਤਾ । ਵਿਸ਼ਣੂ ਨੇ ਰਾਜੇ ਇੰਦ੍ਰ-ਦਯੁਮਨ ਨੂੰ ਆਗਿਆ ਕੀਤੀ ਕਿ ਸ੍ਰੀ ਕ੍ਰਿਸ਼ਣ ਦੀਆਂ ਹੱਡੀਆਂ ਪਾ ਕੇ ਵਿਸ਼ਵਕਰਮਾ ਤੋਂ ਇਸਦੀ ਮੂਰਤੀ ਬਣਵਾਓ । ਵਿਸ਼ਕਰਮਾ ਨੇ ਸ਼ਰਤ ਲਾਈ ਕਿ ਜੇ ਮੇਰੇ ਕੰਮ ਵਿਚ ਕਿਸੇ ਤਰ੍ਹਾਂ ਦਾ ਦਖਲ ਨਾ ਦਿਤਾ ਜਾਵੇ ਤਾ ਮੈਂ ਮੂਰਤੀ ਬਣਾ ਦਿਆਂਗਾ ਪਰ ਰਾਜੇ ਤੋਂ ਰਹਿ ਨ ਹੋਇਆ, ਉਹ ਦੋ ਹਫਤੇ ਪਿਛੋਂ ਮੁੜ ਪੁੱਛਣ ਲਈ ਆ ਗਿਆ, ਜਿਸ ਕਰਕੇ ਵਿਸ਼-ਕਰਮਾਂ ਇਸ ਨੂੰ ਵਿਚੇ ਛੱਡ ਕੇ ਚਲਾ ਗਿਆ ਤੇ ਹੱਥ ਪੈਰ ਬਣ ਨ ਸਕੇ । ਰਾਜੇ ਨੇ ਬ੍ਰਹਮਾ ਨੂੰ ਬੇਨਤੀ ਕੀਤੀ ਤਾਂ ਉਹ ਪਰੋਹਤ ਬਣ ਕੇ ਆਇਆ ਤੇ ਇਸ ਮੂਰਤੀ ਨੂੰ ਅੱਖਾਂ, ਆਤਮਾ ਤੇ ਸੱਤਾ ਪ੍ਰਦਾਨ ਕੀਤੀ । ਹੁਣ ਜਿਥੇ ਸ਼ਰਧਾਲੂ ਇਸ ਦੇ ਦਰਸ਼ਨਾਂ ਲਈ ਆਉਂਦੇ ਹਨ, ਉਥੇ ਇਸ ਥਾਂ ਦੇ ਇਸ਼ਨਾਨ ਦਾ ਬੜਾ ਮਹਾਤਮ

ਮੰਨਦੇ ਹਨ ਪਰੰਤੂ ਸੰਤ ਭਗਤ ਤੇ ਗੁਰੂ, ਤੀਰਥ ਇਸ਼ਨਾਨ ਮਾਤ੍ਰ ਨੂੰ ਉੱਚਾ ਕਰਮ-ਧਰਮ ਨਹੀਂ ਮੰਨਦੇ, ਇਸੇ ਲਈ ਕਿਹਾ ਹੈ :—

ਕਹਾਂ ਉਡੀਸੇ ਮਜਨੁ ਕੀਆ, ਕਿਆ ਮਸੀਤਿ ਸਿਰੁ ਨਾਏਂ ।
ਦਿਲ ਮਹਿ ਕਪਟੁ ਨਿਵਾਜ ਗੁਜਾਰੈ, ਕਿਆ ਹਜ ਕਾਬੈ ਜਾਏਂ ।

(ਪ੍ਰਭਾਤੀ ਕਬੀਰ ਪੰਨਾ, ੧੩੪੯)

## ਉਦਾਸੀ

ਭਾਰਤ ਵਿਚ ਕਈ ਬਿਰਕਤ ਸੰਪ੍ਰਦਾਵਾਂ ਹਨ ਜਿਵੇਂ ਸੰਨਿਆਸੀ, ਵੈਰਾਗੀ, ਉਦਾਸੀ ਆਦਿ । ਇਹ ਗ੍ਰਿਸਤ ਜੀਵਨ ਬਿਤੀਤ ਕਰਨ ਦੀ ਥਾਂ ਤਿਆਗ ਵੈਰਾਗ ਨੂੰ ਵਧੇਰੇ ਮਹਾਨਤਾ ਦਿੰਦੇ ਸਨ । ਗੁਰਬਾਣੀ ਦੇ ਹਵਾਲਿਆਂ ਤੋਂ ਸਪਸ਼ਟ ਹੈ ਕਿ ਤਿਆਗ ਮਾਰਗ ਅਪਣਾਉਣਾ ਇਨ੍ਹਾਂ ਦਾ ਵਿਸ਼ੇਸ਼ ਅਚਾਰ ਸੀ :—

ਮੋਨੀ ਮੋਨ ਧਾਰੀ
ਸਨਿਆਸੀ ਬ੍ਰਹਮਚਾਰੀ
ਉਦਾਸੀ, ਉਦਾਸਿ ਰਾਤਾ ।

(ਸਿਰੀ ੫, ਪੰਨਾ ੭੧)

ਉਦਾਸੀ ਦਾ ਸ਼ਬਦੀ ਦਾ ਅਰਥ, ਸੰਸਾਰ ਤੋਂ ਉਦਾਸੀਨਤਾ ਧਾਰਨ ਕਰਨ ਵਾਲਾ ਹੈ । ਪੰਦ੍ਹਵੀਂ ਸੋਲ੍ਹਵੀਂ ਸਦੀ ਵਿਚ ਅਜੇਹੀ ਤਿਆਗੀ ਸੰਪ੍ਰਦਾ ਮੌਜੂਦ ਸੀ ਭਾਵੇਂ ਇਸ ਦੀ ਰਹੁ-ਰੀਤਿ ਦਾ ਪੂਰਾ ਵੇਰਵਾ ਨਹੀਂ ਮਿਲਦਾ । ਗੁਰੂ ਸਾਹਿਬ ਅਨੁਸਾਰ ਉਹੋ ਗ੍ਰਿਸਤੀ ਤੇ ਉਹੋ ਸੱਚਾ ਉਦਾਸੀ ਹੈ ਜਿਸ ਨੇ ਸਹਿਜ ਵਾਲਾ ਜੀਵਨ ਬਿਤਾ ਕੇ ਆਤਮ-ਪਛਾਣ ਕੀਤੀ ਹੈ । ਕੇਵਲ 'ਸੰਸਾਰ ਤਿਆਗ' ਮਾਤਰ ਨਾਲ ਇਹ ਪਦਵੀ ਪ੍ਰਾਪਤ ਨਹੀਂ ਹੁੰਦੀ :—

ਸੋ ਗਿਰਹੀ ਸੋ ਦਾਸ ਉਦਾਸੀ
ਜਿਨਿ ਗੁਰਮੁਖਿ ਆਪੁ ਪਛਾਨਿਆ ।

(ਪ੍ਰਭਾਤੀ ੧, ਪੰਨਾ ੧੩੩੨)

ਪਿਛੋਂ ਜਾ ਕੇ ਗੁਰੂ ਨਾਨਕ ਸਾਹਿਬ ਦੇ ਸਪੁੱਤਰ ਬਾਬਾ ਸ੍ਰੀ ਚੰਦ ਦੇ ਸ਼ਰਧਾਲੂ ਸਾਧੂ ਵੀ 'ਉਦਾਸੀ' ਨਾਂ ਨਾਲ ਪਰਸਿੱਧ ਹੋਏ, ਸ਼ਾਇਦ ਇਹ ਕੁਝ ਪੁਰਾਤਨ ਪਰੰਪਰਾ ਦਾ ਪ੍ਰਭਾਵ ਸੀ ।

## ਉਨਮਨਿ

ਹਠਯੋਗ ਦੀਆਂ ਪੰਜ ਮੁੱਦ੍ਰਾਵਾਂ—ਖੇਚਰੀ, ਭੂਚਰੀ, ਸਾਂਭਵੀ, ਅਵਧੂਤੀ ਤੇ 'ਉਨਮਨੀ' ਹਨ । ਉਨਮਨੀ ਭੋਹਾਂ ਨੂੰ ਉਪਰ ਵਲ ਖਿਚ ਕੇ ਨੱਕ ਦੀ ਨੋਕ ਉਤੇ ਨਜ਼ਰ ਟਿਕਾਉਣਾ ਹੈ । ਜਦੋਂ ਯੋਗੀ, ਸੁਖਮਨਾ ਨੂੰ ਜਗਾ ਲੈਂਦਾ ਹੈ ਤਾਂ ਸਵਾਸ ਇਸ ਵਿਚੀਂ ਚਲਣ ਲਗ ਪੈਂਦਾ ਤੇ ਮਨ ਦੀ ਚੰਚਲਤਾ ਖਤਮ ਹੋ ਜਾਂਦੀ ਹੈ, ਇਸ ਨੂੰ ਵੀ

'ਉਨਮਨੀ' ਕਿਹਾ ਗਿਆ ਹੈ। ਸੰਤ-ਸਾਹਿੱਤ ਵਿਚ ਇਸ ਸੰਕੇਤ ਨੂੰ ਆਤਮਾ ਦੀ ਉਚੀ ਅਵਸਥਾ ਲਈ ਵਰਤਿਆ ਗਿਆ ਹੈ। ਸੰਤਾਂ ਦਾ ਖਿਆਲ ਹੈ ਕਿ ਜੇਕਰ ਦੁਨੀਆਵੀ ਬੰਧਨਾਂ ਤੋਂ ਉਪਰ ਉਠਾ ਕੇ ਮਨ ਨੂੰ ਉਚੀ ਅਵਸਥਾ ਨਾਲ ਜੋੜਿਆ ਜਾਵੇ ਤਾਂ ਇਹ ਵਿਸਮਾਦ-ਮਈ ਰੰਗ ਆਪਣੇ ਆਪ ਪੈਦਾ ਹੋ ਜਾਂਦਾ ਹੈ, ਹਠਯੋਗ ਵਾਲੀ ਕਠਿਨ ਘਾਲ ਦੀ ਲੋੜ ਨਹੀਂ ਰਹਿ ਜਾਂਦੀ। ਕਬੀਰ ਕਹਿੰਦੇ ਹਨ :—

ਇਹੁ ਮਨੁ ਸਕਤੀ ਇਹੁ ਮਨੁ ਸੀਉ
ਇਹੁ ਮਨੁ ਪੰਚ ਤਤ ਕੋ ਜੀਉ
ਇਹੁ ਮਨੁ ਲੇ ਜਉ ਉਨਮਨਿ ਰਹੈ
ਤਉ ਤੀਨਿ ਲੋਕ ਕੀ ਬਾਤੈ ਕਹੈ।

(ਗਉੜੀ ਬਾਵਨ ਅਖਰੀ, ਕਬੀਰ, ਪੰਨਾ ੩੪੨)

ਭਗਤ ਰਵਿਦਾਸ ਜੀ ਦਾ ਤਜਰਬਾ ਹੈ ਕਿ ਗੁਰੂ ਦੇ ਮੇਲ ਨਾਲ ਇਹ ਅਵਸਥਾ ਸੌਖਿਆਂ ਪ੍ਰਾਪਤ ਹੋ ਜਾਂਦੀ ਹੈ :—

ਪਰਮ ਪਰਸ ਗੁਰੁ ਭੇਟੀਐ, ਪੂਰਬ ਲਿਖਤ ਲਿਲਾਟ
ਉਨਮਨ ਮਨ ਹੀ ਮਿਲੇ, ਛੁਟਕਤ ਬਜਰ ਕਪਾਟ।

(ਗਉੜੀ ਬੈਰਾਗਣਿ, ਰਵਿਦਾਸ, ਪੰਨਾ ੩੪੬)

## ਉਮਾਪਤਿ—ਦੇਖੋ ਸ਼ਿਵ

## ਊਧੋ

ਹਿੰਦੂ ਪੁਰਾਣਕ ਕਥਾਵਾਂ ਅਨੁਸਾਰ ਊਧੋ ਸ੍ਰੀ ਕ੍ਰਿਸ਼ਣ ਜੀ ਦਾ ਭਗਤ ਸੀ। ਜੋ ਦੇਵਭਾਗ ਦਾ ਪੁਤ੍ਰ ਤੇ ਰਿਸ਼ਤੇ ਵਿਚ ਸ੍ਰੀ ਕ੍ਰਿਸ਼ਣ ਜੀ ਦਾ ਚਾਚਾ ਲਗਦਾ ਸੀ ਤੇ ਉਂਜ ਇਹ ਭਗਵਾਨ ਕ੍ਰਿਸ਼ਣ ਵਿਚ ਡੂੰਘੀ ਭਗਤੀ ਭਾਵਨਾ ਰਖਦਾ ਸੀ। ਇਹ ਗੋਕਲ ਤੋਂ ਗੋਪੀਆਂ ਦੇ ਸੰਦੇਸੇ ਲੈ ਕੇ ਬਿੰਦ੍ਰਾਬਨ ਸ੍ਰੀ ਕ੍ਰਿਸ਼ਣ ਜੀ ਨੂੰ ਪਹੁੰਚਾਇਆ ਕਰਦਾ ਸੀ ਅਤੇ ਇਕ ਵਾਰ ਦੁਆਰਕਾ ਤੋਂ ਬਿੰਦ੍ਰਾਬਨ ਸ੍ਰੀ ਕ੍ਰਿਸ਼ਣ ਜੀ ਦਾ ਸੰਦੇਸ਼, ਗੋਪੀਆਂ ਪਾਸ ਲਿਆਇਆ ਸੀ। ਇਸ ਨੂੰ ਭਗਵਾਨ ਦੇ ਅੰਨਿੰਨ ਭਗਤਾਂ ਵਿਚ ਗਿਣਿਆ ਗਿਆ ਹੈ :

ਊਧੋ ਅਕ੍ਰੂਰ ਬਿਦਰੁ ਗੁਣ ਗਾਵੈ
ਸਰਬਾਤਮੁ ਜਿਨਿ ਜਾਣਿਓ।

(ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੯੦)

## ਓਅੰਕਾਰ

ਭਾਰਤੀ ਅਧਿਆਤਮਕ ਸ਼ਬਦਾਵਲੀ ਵਿਚ ਪਰਮਸੱਤਾ ਦਾ ਬੋਧਕ ਸਭ ਤੋਂ ਵਧ ਪ੍ਰਚਲਤ ਤੇ ਪ੍ਰਾਚੀਨ ਨਾਮ 'ਓਅੰਕਾਰ' ਹੈ। ਵੈਦਿਕ ਰਚਨਾ ਵਿਚ 'ਓਮ' ਸ਼ਬਦ

ਤੇ ਆਮ ਵਰਤਿਆ ਮਿਲਦਾ ਹੈ ਪਰ 'ਓਅੰਕਾਰ' ਸ਼ਬਦ ਪਹਿਲੇ ਪਹਿਲ ਉਪਨਿਸ਼ਦਾਂ ਵਿਚ ਹੀ ਪ੍ਰਾਪਤ ਹੈ। ਮਾਂਡੂਕ ਉਪਨਿਸ਼ਦ ਵਿਚ ਇਸ ਦਾ ਸਵਰੂਪ ਇਉਂ ਚਿਤ੍ਰਿਆ ਗਿਆ ਕਿ ਉਹ ਭੂਤ, ਭਵਿਸ਼ਤ ਤੇ ਵਰਤਮਾਨ ਵਿਚ ਸਦਾ ਹੈ ਤੇ ਤ੍ਰੈਕਾਲਾਤੀਤ ਅਵਸਥਾ ਵਿਚ ਵੀ ਓਅੰਕਾਰ ਰਹਿੰਦਾ ਹੈ। ਸੰਸਕ੍ਰਿਤ ਵਿਉਤਪਤੀਕਾਰਾਂ ਏਕਾਖਰੀ ਕੋਸ਼ ਅਨੁਸਾਰ 'ਓਮ' ਦੇ ਅਕਾਰ, ਉਕਾਰ ਤੇ ਮਕਾਰ ਭਾਗ ਕਰਕੇ ਤੇ ਇਨ੍ਹਾਂ ਨੂੰ ਬ੍ਰਹਮਾ, ਵਿਸ਼ਣੂ, ਮਹੇਸ਼ ਕਲਪਕੇ ਉਸ ਨੂੰ ਸਰਬ ਸ਼ਕਤੀਆਂ ਦਾ ਸੋਮਾਂ ਸਿੱਧ ਕੀਤਾ ਹੈ, ਭਾਵੇਂ ਇਹ ਵਿਆਕਰਣਕ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਠੀਕ ਨ ਵੀ ਹੋਵੇ, ਫਿਰ ਵੀ ਇਹ ਪੁਰਾਤਨ ਅਰਥ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਓਅੰਕਾਰ ਸਾਰੇ ਸੰਸਾਰ ਦਾ ਮੂਲ ਹੈ।

ਗੁਰੂ ਨਾਨਕ ਸਾਹਿਬ ਨੇ ਭਾਰਤੀ ਪਰੰਪਰਾ ਵਿਚ ਪ੍ਰਸਿੱਧੀ-ਪ੍ਰਾਪਤ ਇਸ ਪਦ ਨੂੰ ਮੁੱਢ ਵਿਚ ਰੱਖ ਕੇ ਜਿਥੇ ਅੰਗੀਕਾਰ ਕੀਤਾ ਹੈ, ਉਥੇ ਨਾਲ ਹੀ ਕੁਝ ਖਾਸ ਵਿਸੇਸ਼ਣ-੧, ਸਤਿ, ਨਾਮੁ, ਕਰਤਾ, ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਤੇ ਸੈਭੰ-ਜੋੜ ਕੇ ਇਸ ਦੇ ਸਰੂਪ ਦੀ ਵਿਆਖਿਆ ਕੀਤੀ ਹੈ ਕਿ ਉਹ ਇਕ ਹੈ, ਦੋ ਨਹੀਂ, ਉਹ ਸਤਿ ਹੈ, ਅਸਤਿ ਨਹੀਂ, ਉਹ ਸਾਰੇ ਸੰਸਾਰ ਨੂੰ ਕਰਨ ਵਾਲਾ ਹੈ, ਉਸ ਦਾ ਕਰਤਾ ਕੋਈ ਨਹੀਂ, ਉਹ ਵਿਆਪਕ ਪੁਰਖ ਹੈ, ਇਕ ਥਾਂ ਰਹਿਣ ਵਾਲਾ ਨਹੀਂ, ਉਹ ਭੈ, ਦਵੈਸ਼, ਕਾਲ, ਜੂਨੀ ਦੇ ਘੇਰੇ ਤੋਂ ਉਪਰ ਹੈ ਅਤੇ ਸੁਤੇ-ਪ੍ਰਕਾਸ਼ ਹਸਤੀ ਹੈ।

ਓਅੰਕਾਰ ਨਾਲ ਇਹ ਵਿਸ਼ੇਸ਼ਣ ਇਸ ਲਈ ਜੋੜੇ ਗਏ ਹਨ ਕਿਉਂਕਿ ਗੁਰੂ ਸਾਹਿਬ ਦੇ ਜ਼ਮਾਨੇ ਪਰਮ ਸੱਤਾ ਦੀ ਹਸਤੀ ਬਾਰੇ ਸਪਸ਼ਟਤਾ ਦੀ ਥਾਂ ਭੁਲੇਖੇ ਵਧੇਰੇ ਸਨ। ਇਸ ਕਰਕੇ ਸਤਿਗੁਰਾਂ ਜਪੁ ਦੇ ਮੁਢਲੇ ਮੂਲ ਮੰਤ੍ਰ ਵਿਚ ਹੀ ਓਅੰਕਾਰ ਦਾ ਸਰੂਪ ਚਿਤ੍ਰਿਤ ਕੀਤਾ ਤੇ ਦਰਸਾਇਆ ਇਹ ਹੈ ਕਿ ਉਹ ਪਰਮ ਸੱਤਾ ਸਾਰੀ ਸ੍ਰਿਸ਼ਟੀ ਦੀ ਸਿਰਜਣਹਾਰ, ਸਦਾ ਅਮਰ ਤੇ ਇਕ ਹੈ। ਲੋਕ ਬ੍ਰਹਮਾ ਨੂੰ ਸ੍ਰਿਸ਼ਟੀਕਰਤਾ ਮੰਨਦੇ ਹਨ ਪਰ ਸਤਿਗੁਰੂ ਕਹਿੰਦੇ ਹਨ ਕਿ ਓਅੰਕਾਰ ਬ੍ਰਹਮਾ, ਵੇਦ ਆਦਿ ਸਭ ਦਾ ਕਰਤਾ ਹੈ:—

ਓਅੰਕਾਰਿ ਬ੍ਰਹਮਾ ਉਤਪਤਿ, ਓਅੰਕਾਰੁ ਕੀਆ ਜਿਨਿ ਚਿਤ<br>
ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ।

(ਓਅੰਕਾਰ, ਰਾਮਕਲੀ ਦੱਖਣੀ ੧, ਪੰਨਾ ੯੩੦)

## ਓਅੰਕਾਰ (ਬਾਣੀ)

ਭਾਰਤੀ ਸਾਹਿੱਤ ਵਿਚ ਵਰਣਮਾਲਾ ਆਸਰੇ ਕਾਵਿ-ਰਚਨਾ ਕਰਨ ਦਾ ਰਿਵਾਜ ਪੁਰਾਣਾ ਹੈ। 'ਓਅੰਕਾਰ' ਇਸੇ ਕਿਸਮ ਦੀ ਪ੪ ਛੰਦਾਂ ਦੀ ਬਾਣੀ ਹੈ ਜੋ ਗੁਰੂ ਨਾਨਕ ਸਾਹਿਬ ਨੇ ਰਾਮਕਲੀ ਦਖਣੀ ਵਿਚ ਉਚਾਰੀ ਹੈ। ਇਸਦਾ ਪਰਧਾਨ ਵਿਸ਼ਾ ਪੜ੍ਹੀ-ਲਿਖੀ ਜਮਾਤ ਨੂੰ ਸਹੀ ਸੇਧ ਦੇਣਾ ਹੈ। ਰਹਾਉ ਦੀ ਤੁਕ ਹੈ :—

ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ।੧ ਰਹਾਉ ।

ਇਸ ਕਥਨ ਤੋਂ ਅਸੀਂ ਤਿੰਨ ਸਿੱਟੇ ਕੱਢਦੇ ਹਾਂ—ਪਹਿਲੀ ਗੱਲ ਇਹ ਕਿ ਇਹ ਅਧਿਆਪਕ ਨੂੰ ਸੰਬੋਧਨ ਕੀਤਾ ਗਿਆ ਹੈ, ਦੂਜੀ ਗੱਲ ਲਿਖਣ ਬਾਰੇ ਹੈ ਕਿ ਜੋ ਤੂੰ ਲਿਖਦਾ ਹੈਂ, ਠੀਕ ਨਹੀਂ, ਤੀਸਰੇ ਠੀਕ ਲਿਖਤ ਰੱਬੀ ਨਾਮ ਦਾ ਲੇਖਨ ਹੈ। ਸਪਸ਼ਟ ਹੈ ਕਿ ਗੁਰੂ ਸਾਹਿਬ ਦੇ ਜ਼ਮਾਨੇ ਪਾਂਡੇ ਜੋ ਅੱਖਰ ਲਿਖਣਾ ਸਿਖਾਉਂਦੇ ਸਨ, ਉਹ ਅਧੂਰੀ ਵਿਦਿਆ ਸੀ। ਗੁਰੂ ਸਾਹਿਬ ਉਸ ਨਾਲ ਅਧਿਆਤਮਕ ਵਿਦਿਆ ਦਾ ਮੇਲ ਕਰਨਾ ਜ਼ਰੂਰੀ ਸਮਝਦੇ ਸਨ। ਅੰਤਲੀਆਂ ਸਤਰਾਂ ਵਿਚ ਸਾਰੀ ਵਿਚਾਰ ਦਾ ਤੱਤ ਕਢਦਿਆਂ ਫੇਰ ਕਿਹਾ ਹੈ ਕਿ ਉਹ ਅਧਿਆਪਕ ਜਾਂ ਪਾਂਧਾ ਅੱਛਾ ਨਹੀਂ ਜੋ ਚਾਰ ਪੈਸਿਆਂ ਵੱਟੇ ਵਿਦਿਆ ਵੇਚਦਾ ਤੇ ਲੋਕਾਂ ਨੂੰ ਪੁੱਠਾ ਗਿਆਨ ਪੜ੍ਹਾਉਂਦਾ ਹੈ। ਉਤਮ ਉਹੋ ਹੈ ਜੋ ਜੀਵਨ ਦੇ ਰੂਹਾਨੀ ਪਹਿਲੂ ਨੂੰ ਵੀ ਅੱਖੋਂ ਉਹਲੇ ਨਹੀਂ ਹੋਣ ਦਿੰਦਾ ਤੇ ਖੁਦ ਵੀ ਪ੍ਰਭੂ ਸਿਮਰਨ ਨੂੰ ਗਲ ਦਾ ਹਾਰ ਬਣਾ ਕੇ ਰਖਦਾ ਹੈ :—

ਪਾਂਧਾ ਗੁਰਮੁਖਿ ਆਖੀਐ, ਚਾਟੜਿਆ ਮਤਿ ਦੇਇ
ਨਾਮ ਸਮਾਲਹੁ ਨਾਮ ਸੰਗਰਹੈ, ਲਾਹਾ ਜਗ ਮਹਿ ਲੇਇ
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ
ਨਾਨਕ ਸੋ ਪੜਿਆ ਸੋ ਪੰਡਿਤ ਬੀਨਾ, ਜਿਸੁ ਰਾਮ ਨਾਮੁ ਗਲਿ ਹਾਰੁ ।

(ਰਾਮਕਲੀ ਓਅੰਕਾਰ ੧, ਪੰਨਾ ੯੩੮)

## ਅਉਧੂਤ

ਇਕ ਕਿਸਮ ਦੇ ਵਿਰਕਤ ਸਾਧੂ ਜੋ ਪਿੰਡੇ ਤੇ ਸੁਆਹ ਮਲ ਕੇ ਰਖਦੇ ਤੇ ਸੁਆਹ ਯਾ ਮਿਟੀ ਦੀ ਸੇਜਾ ਤੇ ਹੀ ਸੌਂਦੇ ਹਨ, ਇਹ ਅਵਧੂਤ ਜਾਂ ਅਉਧੂਤ ਕਹਾਉਂਦੇ ਹਨ। ਅਵਧੂਨਨ ਦਾ ਅਰਥ ਝਾੜਨਾ ਹੈ, ਜੋ ਸੰਨਿਆਸੀ ਆਪਣੇ ਮਨ ਤੋਂ ਵਿਕਾਰਾਂ ਦੀ ਮੈਲ ਝਾੜ ਕੇ ਸੁਟਦਾ,ਉਹ ਅਵਧੂਤ ਹੈ। ਪੁਰਾਣੇ ਜ਼ਮਾਨੇ ਵਿਚ ਇਹ ਇਕ ਸੰਨਿਆਸੀ ਫਿਰਕਾ ਸੀ, ਪਿਛੋਂ ਜੋਗੀਆਂ ਵਿਚ ਵੀ ਇਸ ਸੰਕੇਤ ਦੀ ਕਾਫੀ ਵਰਤੋਂ ਰਹੀ, ਚੰਗੇ ਵੈਰਾਗੀ ਤਿਆਗੀ ਜੋਗੀ ਨੂੰ 'ਅਉਧੂ' ਯਾ 'ਅਉਧੂਤ' ਕਿਹਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਦੀ ਨਜ਼ਰ ਵਿਚ ਸੱਚਾ ਅਉਧੂਤ ਉਹ ਹੈ, ਜੋ ਵਿਕਾਰਾਂ ਤੇ ਕਾਬੂ ਪਾਉਂਦਾ ਤੇ ਸਦਾ ਪ੍ਰਭੂ ਵਿਚ ਲੀਨ ਰਹਿੰਦਾ ਹੈ :—

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ । ਵਸਗਤਿ ਪੰਚ ਕਰੇ ਨਹ ਡੋਲੈ
ਐਸੀ ਜੁਗਤਿ ਜੋਗ ਕਉ ਪਾਲੇ । ਆਪਿ ਤਰੈ ਸਗਲੇ ਕੁਲ ਤਾਰੇ
ਸੋ ਅਉਧੂਤੁ ਐਸੀ ਮਤਿ ਪਾਵੈ । ਅਹਿਨਿਸਿ ਸੁੰਨਿ ਸਮਾਧਿ ਸਮਾਵੈ ।

(ਰਾਮਕਲੀ ੧, ਪੰਨਾ ੯੭੭)

## ਅਸਟ ਸਿਧਿ

ਯੋਗ ਸਾਧਨਾ ਕਰਨ ਉਪਰੰਤ ਜੋ ਸ਼ਕਤੀ ਪ੍ਰਾਪਤ ਹੁੰਦੀ ਹੈ, ਉਸਨੂੰ ਸਿਧਿ ਯਾ ਸਿਧੀ ਕਹਿੰਦੇ ਹਨ। ਇਹ ਮੁਖ ਅੱਠ ਮੰਨੀਆਂ ਗਈਆਂ ਹਨ :—

ਅਣਿਮਾ — ਛੋਟਾ ਹੋ ਜਾਣਾ
ਮਹਿਮਾ — ਵੱਡਾ ਹੋ ਜਾਣਾ
ਗਰਿਮਾ — ਭਾਰੀ ਹੋਣਾ
ਲਘਿਮਾ — ਹੌਲਾ ਹੋ ਜਾਣਾ
ਪ੍ਰਾਪਤਿ — ਮਨਚਾਹੀ ਚੀਜ਼ ਪਾ ਲੈਣਾ
ਪ੍ਰਾਕਾਮਯ — ਅੰਦਰ ਦੀ ਜਾਣ ਲੈਣਾ
ਈਸ਼ਿਤਾ — ਮਰਜ਼ੀ ਅਨੁਸਾਰ ਦੂਜਿਆਂ ਨੂੰ ਪ੍ਰੇਰ ਲੈਣਾ
ਵਸ਼ਿਤਾ — ਹਰ ਕਿਸੇ ਨੂੰ ਕਾਬੂ ਕਰ ਲੈਣਾ।

(ਮ. ਕੋ.)

ਅਸਟ ਸਿਧਿ ਨਵਨਿਧਿ ਏਹ
ਕਰਮਿ ਪਰਾਪਤਿ ਜਿਸ ਨਾਮ ਦੇਹ।

(ਬਸੰਤ ਮ.੫)

ਇਨ੍ਹਾਂ ਤੋਂ ਇਲਾਵਾ ਦਸ ਸਿਧੀਆਂ ਹੋਰ ਮਿਲਾ ਕੇ ਅਠਾਰਾਂ ਗਿਣਤੀ ਵੀ ਕੀਤੀ ਜਾਂਦੀ ਹੈ, ਜੋ ਇਸ ਪਰਕਾਰ ਹੈ :—

ਅਨੂਰਮਿ (ਭੁਖ ਤੇਹ ਨ ਲਗਣਾ), ਦੂਰ ਸ੍ਰਵਣ, ਦੂਰ ਦਰਸ਼ਨ, ਮਨੋਵੇਗ, ਕਾਮਰੂਪ, ਪਰ-ਕਾਇਆ ਪ੍ਰਵੇਸ਼, ਸ੍ਵਛੰਦ ਮ੍ਰਿਤੂ, ਸੁਰ ਕ੍ਰੀੜਾ, ਸੰਕਲਪ ਸਿਧਿ ਤੇ ਅਪ੍ਰਤਿਹਤ ਗਤਿ (ਬਿਨਾ ਰੋਕ ਰੁਕਾਵਟ ਦੇ ਹਰ ਥਾਂ ਜਾ ਸਕਣਾ)।

ਨਾਮ ਸਿਮਰਨ ਕਰਨ ਵਾਲੇ ਦੇ ਇਹ ਸਿਧੀਆਂ ਪਿਛੇ ਲਗੀਆਂ ਫਿਰਦੀਆਂ ਹਨ। ਗੁਰੂ ਅਮਰਦਾਸ ਲਿਖਦੇ ਹਨ :—

'ਨਵ ਨਿਧੀ ਅਠਾਰਹ ਸਿਧੀ, ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ।

(ਵਾਰ ਸੋਰਠਿ ੩, ਪੰਨਾ ੬੪੯)

## ਅਸਟ ਧਾਤੂ

ਸੋਨਾ, ਚਾਂਦੀ, ਤਾਂਬਾ ਜਿਸਤ, ਪਾਰਾ, ਕਲੀ, ਲੋਹਾ, ਤੇ ਸਿੱਕਾ-ਅੱਠ ਧਾਤਾਂ ਮੰਨੀਆਂ ਗਈਆਂ ਹਨ। ਸਰੀਰ ਦੀਆਂ ਅੱਠ ਧਾਤਾਂ ਇਹ ਕਹੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਕਾਇਆ ਦਾ ਢਾਂਚਾ ਬਣਦਾ ਹੈ :—ਰਸ, ਰੁਧਿਰ, ਮਾਸ, ਚਰਬੀ, ਹੱਡੀ, ਮਿੱਝ, ਬੀਰਜ ਤੇ ਬਲ।

ਅਸਟਮੀ ਅਸਟ ਧਾਤੁ ਕੀ ਕਾਇਆ।

(ਗਉੜੀ ਥਿਤੀ, ਕਬੀਰ)

## ਅਸਟਪਦੀ

ਜਿਸ ਚਰਣ-ਪ੍ਰਬੰਧ ਵਿਚ ਅੱਠ ਪਦੇ ਜਾਂ ਅੱਠ ਬੰਦ ਹੋਣ ਅਸਟਪਦੀ ਹੈ। ਕੁਝ ਅਸਟਪਦੀਆਂ ਵਿਚ ਦੋ ਦੋ ਤੁਕਾਂ ਦੇ ਬੰਦ ਹਨ ਤੇ ਕੁਝ ਵਿਚ ਦੋ ਤੋਂ ਵਧ ਤਿੰਨ ਚਾਰ, ਪੰਜ, ਛੇ, ਤੁਕਾਂ ਦੇ। ਸੁਖਮਨੀ ਵਿਚ ੧੦ ਤੁਕਾਂ ਦੇ ਪਦੇ ਵਰਤੇ ਹਨ, ਅਜੇਹੇ ਅਠ ਪੱਦੇ ਮਿਲਾਕੇ ਇਕ ਅਸ਼ਟਪਦੀ ਬਣਦੀ ਹੈ। ਦੁਪਦੇ, ਚਉਪਦੇ ਵਾਂਗ ਇਨ੍ਹਾਂ ਦਾ ਵੱਖਰਾ ਸਿਰਲੇਖ ਦਿਤਾ ਗਿਆ ਹੈ। ਤੇ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਨੇ ਵਖੋ ਵੱਖ ਰਾਗਾਂ ਵਿਚ ਅਨੇਕਾਂ ਅਸ਼ਟ-ਪਦੀਆਂ ਲਿਖੀਆਂ ਹਨ। ਪਰੰਤੂ ਸਾਰੀ ਬਾਣੀ ਇਨ੍ਹਾਂ ਦਾ ਤੋਲ ਵਜ਼ਨ ਇਕੋ ਨਹੀਂ; ਅਨੇਕ-ਭਾਂਤਾ ਹੈ।

## ਅਸਟਮੀ

ਕ੍ਰਿਸ਼ਣ ਜੀ ਦਾ ਜਨਮ ਭਾਦੋਂ ਵਦੀ ਅਸਟਮੀ ਨੂੰ ਹੋਇਆ ਮੰਨਿਆ ਜਾਂਦਾ ਹੈ। ਇਸ ਕਰਕੇ ਹਿੰਦੂਆਂ ਵਿਚ ਇਸ ਤਿਥਿ ਦੀ ਪੂਜਾ ਮਾਨਤਾ ਹੈ। ਕਈ ਇਹ ਸਮਝਦੇ ਹਨ ਇਸ ਦਿਨ ਭਗਵਾਨ ਨੇ ਅਵਤਾਰ ਲਿਆ ਪਰ ਗੁਰਬਾਣੀ ਅਨੁਸਾਰ ਇਹ ਭੁਲੇਖਾ ਹੈ ਕਿਉਂਕਿ ਪਰਮੇਸ਼ਰ ਕਦੀ ਆਵਾਗਉਣ ਦੇ ਚੱਕ੍ਰ ਵਿਚ ਨਹੀਂ ਆਉਂਦਾ। ਇਸ ਲਈ ਗੁਰੂ ਜੀ ਦਾ ਫੁਰਮਾਨ ਹੈ :—

'ਸਗਲੀ ਥੀਤਿ ਪਾਸ ਡਾਰਿ ਰਾਖੀ
ਅਸਟਮੀ ਥੀਤਿ ਗੋਬਿੰਦ ਜਨਮਾਸੀ।
ਭਰਮਿ ਭੂਲੇ ਨਰ ਕਰਤ ਕਚਰਾਇਣ
ਜਨਮ ਮਰਣ ਤੇ ਰਹਤ ਨਾਰਾਇਣ।੨।

(ਭੈਰਉ ੫, ਪੰਨਾ ੧੧੩੬)

## ਅਸਿ

ਕਾਂਸ਼ੀ ਨਾਮ ਦੀ ਪ੍ਰਸਿੱਧ ਨਗਰੀ 'ਵਾਰਣੀ' ਤੇ 'ਅਸਿ' ਨਾਂ ਦੀਆਂ ਦੋ ਨਦੀਆਂ ਵਿਚਕਾਰ ਵਸੀ ਹੋਈ ਹੈ, ਇਸੇ ਕਰਕੇ ਇਸਨੂੰ 'ਵਾਰਾਣਸੀ' ਕਹਿੰਦੇ ਹਨ। ਇਹ 'ਅਸਿ' ਨਦੀ ਜੋ ਹੁਣ ਮਾਮੂਲੀ ਨਾਲਾ ਬਣ ਕੇ ਰਹਿ ਗਈ ਹੈ, ਦੱਖਣ ਵਲ ਨੂੰ ਜਾ ਕੇ ਗੰਗਾ ਵਿਚ ਮਿਲ ਜਾਂਦੀ ਹੈ। ਹਿੰਦੂ ਲੋਕ ਇਸ ਦੇ ਇਸ਼ਨਾਨ ਨੂੰ ਬੜਾ ਪਵਿਤਰ ਖਿਆਲ ਕਰਦੇ ਹਨ। ਇਸੇ ਵਲ ਸੰਕੇਤ ਕਰਦਿਆਂ ਭਗਤ ਨਾਮਦੇਵ ਜੀ ਨੇ ਲਿਖਿਆ ਹੈ :—

ਗਇਆ ਪਿੰਡੁ ਭਰਤਾ
ਬਨਾਰਸਿ ਅਸਿ ਬਸਤਾ
ਮੁਖਿ ਬੇਦ ਚਤੁਰ ਪੜਤਾ।

(ਗੋਂਡ ਨਾਮਦੇਵ, ਪੰਨਾ ੮੭੩)

## ਅਸੁਰ

ਹਿੰਦੂ ਮਿਥਿਆਸ ਵਿਚ ਸੁਰ (ਦੇਵ) ਦੇ ਵਿਰੋਧੀ ਨੂੰ ਅਸੁਰ ਕਿਹਾ ਗਿਆ ਹੈ। ਇਨ੍ਹਾਂ ਦੀ ਪੈਦਾਇਸ਼ ਬਾਰੇ ਕਈ ਮਨੌਤਾਂ ਹਨ। 'ਸ਼ਤਪਥਜ ਬ੍ਰਾਹਮਣ ਅਨੁਸਾਰ' ਜਦੋਂ ਪ੍ਰਜਾਪਤਿ ਨੇ ਆਪਣਾ ਸਾਹ ਹੇਠਾਂ (ਬਾਹਰ) ਵਲ ਸੁਟਿਆ, ਓਦੋਂ ਅਸੁਰ ਪੈਦਾ ਹੋਏ ਅਤੇ ਇਨ੍ਹਾਂ ਨੇ ਪ੍ਰਿਥਵੀ ਉਤੇ ਪ੍ਰਵੇਸ਼ ਕੀਤਾ। ਪ੍ਰਜਾਪਤਿ ਨੇ ਉਨ੍ਹਾਂ ਨੂੰ ਤਮੋਗੁਣ ਅਤੇ ਮਾਇਆ ਦਿਤੀ ਅਤੇ ਇਸ ਪ੍ਰਕਾਰ ਉਸ ਅਸਤਿ (ਝੂਠ) ਵਿਚ ਖਚਿਤ ਹੋ ਗਏ। ਅਰੰਭ ਵਿਚ ਅਸੁਰਾਂ ਨੇ ਦੇਵਤਿਆਂ ਕੋਲੋਂ ਆਪਣੇ ਹਿੱਸੇ ਆਉਂਦਾ ਸੰਸਾਰ ਵੰਡ ਲਿਆ, ਪਿਛੋਂ ਉਹ ਹਮੇਸ਼ਾਂ ਦੇਵਤਿਆਂ ਨਾਲ ਝਗੜਦੇ ਰਹਿੰਦੇ ਪਰ ਆਮ ਤੌਰ ਤੇ ਇੰਦ੍ਰ ਜਾਂ ਬ੍ਰਿਹਸਪਤਿ ਇਨ੍ਹਾਂ ਦਾ ਸੰਘਾਰ ਕਰ ਦਿੰਦੇ ਸਨ।

ਮਹਾਂਭਾਰਤ ਅਤੇ ਪੁਰਾਣਾਂ ਅਨੁਸਾਰ ਅਸੁਰਾਂ ਦੀ ਪੈਦਾਇਸ਼ ਇਉਂ ਦੱਸੀ ਜਾਂਦੀ ਹੈ। ਬ੍ਰਹਮਾ ਦੇ ਛੇ ਮਾਨਸਕ ਪੁਤਰਾਂ ਵਿਚੋਂ ਇਕ 'ਮਰੀਚਿ' ਨੇ ਆਪਣੀ ਇੱਛਾ ਨਾਲ ਇਕ ਪੁੱਤਰ ਉਤਪੰਨ ਕੀਤਾ ਜਿਸ ਦਾ ਨਾਮ 'ਕਸ਼ਯਪ' ਸੀ। ਕਸ਼ਯਪ ਨੇ ਦਕਸ਼ ਨਾਮਕ ਪ੍ਰਜਾਪਤਿ ਦੀਆਂ ਤੇਰ੍ਹਾਂ ਧੀਆਂ ਨਾਲ ਵਿਆਹ ਕੀਤਾ, ਇਨ੍ਹਾਂ ਧੀਆਂ ਵਿਚੋਂ ਸਭ ਤੋਂ ਪਹਿਲਾਂ ਨਾਮ ਅਦਿਤੀ ਦਾ ਆਉਂਦਾ ਹੈ ਪਰ ਸਭ ਤੋਂ ਵਡੀ ਲੜਕੀ 'ਦਿਤੀ' ਸੀ। ਦਿਤੀ ਦਾ ਇਕ ਪੁੱਤਰ ਹਰਣਯਕਸ਼ਿਪੁ ਸੀ ਜੋ ਅਸੁਰਾਂ ਦਾ ਰਾਜਾ ਸੀ। ਹਰਣਕਸ਼ਿਪੁ ਦੇ ਪੰਜ ਪੁਤ੍ਰ ਪ੍ਰਹਲਾਦ ਆਦਿ ਸਨ। ਅਗਲੀ ਧੀ 'ਵਿਰੋਚਨਾਂ' ਵਿਚੋਂ 'ਬਲਿ' ਪੈਦਾ ਹੋਇਆ। 'ਦਨੁ' ਤੋਂ ਕਸ਼ਯਪ ਦੇ ਸੱਤ ਪੁਤਰ ਜਨਮੇ। ਕਸਯਪ ਦੀ ਚੌਥੀ ਪਤਨੀ 'ਸਿੰਘਿਕਾ' ਵਿਚੋਂ 'ਰਾਹੂ' ਨਾਮਕ ਅਸੁਰ ਜਨਮਿਆ ਜਿਸਦਾ ਸਿਰ ਵਿਸ਼ਨੂੰ ਨੇ ਵੱਢ ਦਿਤਾ ਅਤੇ ਉਹ ਓਦੋਂ ਤੋਂ ਸੂਰਜ ਅਤੇ ਚੰਦ ਦਾ ਪ੍ਰਹਾਰ ਕਰਦਾ ਹੈ; ਅਤੇ ਕਦੇ ਕਦੇ ਇਨ੍ਹਾਂ ਦੋਹਾਂ ਨੂੰ ਨਿਗਲ ਲੈਂਦਾ ਹੈ। ਕਸ਼ਯਪ ਦੀ ਪੰਜਵੀਂ ਪਤਨੀ ਦਨਾਯ ਤੋਂ 'ਬਲਿ' ਅਤੇ 'ਵ੍ਰਿਤਿ' ਪੈਂਦਾ ਹੋਏ ਜਿਨ੍ਹਾਂ ਦਾ ਸੰਘਾਰ ਇੰਦ੍ਰ ਨੇ ਕੀਤਾ। ਸੋ, ਮਹਾਂਭਾਰਤ ਅਨੁਸਾਰ ਅਸੁਰਾਂ ਦੀ ਸਾਰੀ ਨਸਲ ਦਕਸ਼ ਦੀਆਂ ਪੰਜ ਧੀਆਂ ਤੋਂ ਉਪਜੀ ਮੰਨੀ ਜਾਂਦੀ ਹੈ।

ਪੁਰਾਣਾਂ ਵਿਚ ਅਸੁਰਾਂ ਦੀ ਪੈਦਾਇਸ਼ ਹੋਰ ਤਰ੍ਹਾਂ ਦੱਸੀ ਹੈ ਕਿ ਬ੍ਰਹਮਾ ਦੇ ਮਨ ਵਿਚ ਚਾਰ ਪ੍ਰਕਾਰ ਦੇ ਜੀਵ ਪੈਦਾ ਕਰਨ ਦਾ ਸੰਕਲਪ ਪੈਦਾ ਹੋਇਆ। ਇਹ ਜੀਵ ਸਨ : ਦੇਵਤੇ, ਦੈਂਤ (ਅਸੁਰ) ਬਨਸਪਤਿ ਅਤੇ ਮਨੁੱਖ। ਉਸ ਨੇ ਇਕ-ਚਿਤ ਹੋ ਕੇ ਅੰਤਰਆਤਮੇ ਧਿਆਨ ਜੋੜਿਆ। ਇਸ ਧਿਆਨ ਦੇ ਦੌਰਾਨ ਬ੍ਰਹਮਾ ਦੇ ਦੁਆਲੇ ਤਮੋਗੁਣ ਛਾ ਗਿਆ ਅਤੇ ਸਭ ਤੋਂ ਪਹਿਲਾਂ ਅਸੁਰ ਪੈਦਾ ਹੋਏ।

ਅਸੁਰਾਂ ਦਾ ਨਿਵਾਸ ਸਥਾਨ (ਪਾਤਾਲ) ਆਪਣੇ ਐਸ਼ਵਰਜ਼ ਲਈ ਦੇਵਰਾਜ ਨਾਲੋਂ ਕਿਸੇ ਗੱਲੋਂ ਘਟ ਨਹੀਂ। ਅਸੁਰਾਂ ਦਾ ਗੁਰੂ ਇਕ ਮਹਾਨ ਰਿਸ਼ੀ 'ਸੁਕ੍ਰ' ਸੀ ਜੋ 'ਭ੍ਰਿਗੂ' ਰਿਸ਼ੀ ਦਾ ਪੁੱਤਰ ਸੀ।

ਦੇਵਤਿਆਂ ਦੇ ਮੁਕਾਬਲੇ ਅਸੁਰਾਂ ਦਾ ਜ਼ਿਕਰ ਭੱਟਾਂ ਨੇ ਇਉਂ ਕੀਤਾ ਹੈ :—

ਰਹਸੁ ਕੀਅਉ ਸੁਰਦੇਵ ਤੋਹਿ ਜਸੁ ਜਯ ਜਯ ਜੰਪਹਿ।<br>
ਅਸੁਰ ਗਏ ਤੇ ਭਾਗਿ ਪਾਪ ਤਿਨ੍ਹ ਭੀਤਰਿ ਕੰਪਹਿ।

(ਸਵਈਏ ਮ ੫ ਕੇ, ਪੰਨਾ ੧੪੧੧)

## ਅਸੁਮੇਧ

ਭਾਰਤੀ ਯੱਗ-ਪਰੰਪਰਾ ਵਿਚ ਅਸ੍ਵਮੇਧ ਯੱਗ ਸਰਵਸ੍ਰੇਸ਼ਟ ਸਮਝਿਆ ਜਾਂਦਾ ਹੈ। ਰਿਗਵੇਦ ਵਿਚ ਦੋ ਮੰਤ੍ਰ (ਰਿਚਾ) ਇਸ ਪੁਰਬ ਬਾਰੇ ਮਿਲਦੇ ਹਨ। ਇਸ ਦਾ ਮਨੋਰਥ ਪਾਪਾਂ, ਅਤੇ ਉਪਾਧੀਆਂ ਤੋਂ ਮੁਕਤਿ ਪ੍ਰਾਪਤ ਕਰਨਾ ਅਤੇ ਮੰਗਲ ਕਾਮਨਾਵਾਂ ਹਾਸਲ ਕਰਨਾ ਸੀ। ਆਮ ਕਰਕੇ ਵਡੇ ਵਡੇ ਮਹਾਰਾਜੇ ਜਾਂ ਸਮਰਾਟ ਇਹ ਯੱਗ ਕਰਵਾਉਂਦੇ ਸਨ। ਇਹ ਯੱਗ ਉਨ੍ਹਾਂ ਦੀ ਪ੍ਰਤਿਸ਼ਠਾ ਅਤੇ ਪ੍ਰਭੂਸੱਤਾ ਦਾ ਦਿਖਾਵਾ ਸੀ ਯਾ ਫਿਰ ਔਲਾਦ ਦੀ ਪ੍ਰਾਪਤੀ ਲਈ ਵੀ ਇਹ ਯੱਗ ਕੀਤਾ ਜਾਂਦਾ ਸੀ।

ਅਸ੍ਵਮੇਧ ਯੱਗ ਕਰਨ ਸੰਬੰਧੀ ਬ੍ਰਾਹਮਣ ਗ੍ਰੰਥਾਂ ਵਿਚ ਕਈ ਹਵਾਲੇ ਮਿਲਦੇ ਹਨ। ਜਦੋਂ ਯੁਧਿਸਟਰ ਨੇ ਕੁਰੂਆਂ ਉਤੇ ਵਿਜੈ ਪ੍ਰਾਪਤ ਕੀਤੀ ਤਾਂ ਉਸ ਨੇ ਅਸ੍ਵ-ਮੇਧ ਯੱਗ ਕੀਤਾ, ਇਸ ਦਾ ਹਾਲ ਮਹਾਂਭਾਰਤ ਵਿਚ ਦਿਤਾ ਹੈ।

ਇਹ ਯੱਗ ਬਸੰਤ ਜਾਂ ਫਿਰ ਗਰਮੀਆਂ ਦੀ ਰੁਤ ਵਿਚ ਕੀਤਾ ਜਾਂਦਾ ਸੀ। ਸਭ ਤੋਂ ਪਹਿਲਾਂ ਸੁੰਦਰ ਸਫੈਦ ਘੋੜੇ ਦੀ ਚੋਣ ਕੀਤੀ ਜਾਂਦੀ ਤੇ ਉਸਦੇ ਮੱਥੇ ਉਤੇ ਰਾਜੇ ਦਾ ਨਾਮ ਅਤੇ ਪ੍ਰਭੁਤਾ ਲਿਖੀ ਹੁੰਦੀ ਸੀ ਤੇ ਘੋੜੇ ਨੂੰ ਸੁਤੰਤਰ ਤੋਰ ਤੇ ਖੁਲ੍ਹਾ ਛੱਡ ਦਿਤਾ ਜਾਂਦਾ ਤਾਂ ਜੁ ਉਹ ਇਕ ਵਰ੍ਹੇ ਤੀਕ ਆਪਣੀ ਮਨਮਰਜ਼ੀ ਨਾਲ ਜਿਥੇ ਜੀਅ ਚਾਹੇ ਤੁਰੇ ਫਿਰੇ। ਘੋੜੇ ਦੀ ਨਿਗਰਾਨੀ ਲਈ ਇਕ ਸੌ ਸ਼ਹਿਜ਼ਾਦੇ, ਰਾਜ ਦਰਬਾਰ ਦੇ ਸੌ ਅਮੀਰ ਵਜ਼ੀਰ, ਅਹਿਲਾਕਾਰਾਂ ਦੇ ਸੌ ਪੁੱਤਰ ਅਤੇ ਹੇਠਲੇ ਦਰਜੇ ਦੇ ਅਹੁਦੇਦਾਰਾਂ ਦੇ ਸੌ ਪੁਤਰ, ਘੋੜੇ ਦੇ ਪਿਛੇ ਪਿਛੇ ਰਹਿੰਦੇ ਤਾਂ ਜੁ ਇਸਨੂੰ ਕੋਈ ਕਿਤੇ ਰੋਕੇ ਨ, ਜਾਂ ਕੋਈ ਇਸ ਨੂੰ ਚੁਰਾ ਕੇ ਨਾ ਲੈ ਜਾਵੇ। ਜੇ ਕਿਤੇ ਕੋਈ ਰੋਕ ਕੇ ਘੋੜੇ ਨੂੰ ਬੰਨ੍ਹ ਲੈਂਦਾ ਤਾਂ ਉਸ ਨਾਲ ਘਮਸਾਣ ਦਾ ਯੁੱਧ ਕਰਕੇ ਉਸ ਨੂੰ ਛੁਡਾਇਆ ਜਾਂਦਾ। ਇਸ ਤਰ੍ਹਾਂ ਸਾਲ ਪਿਛੋਂ ਘੋੜਾ ਵਾਪਸ ਰਾਜਧਾਨੀ ਵਿਚ ਆ ਜਾਂਦਾ ਤੇ ਫਿਰ ਜਸ਼ਨ ਮਨਾਏ ਜਾਂਦੇ। ਦਾਨ ਪੁੰਨ ਹੁੰਦੇ, ਸੂਰਜ ਦੇਵ ਅਗੇ ਨਿਤ ਭੇਟਾ ਚੜ੍ਹਾ-ਈਆਂ ਜਾਂਦੀਆਂ ਤੇ ਰਾਜ ਭਾਗ ਦੇ ਮੰਗਲ ਲਈ ਢਾਢੀ, ਭੱਟ ਗਾਇਨ ਕਰਦੇ। ਯੱਗ ਦਾ ਵਿਸ਼ੇਸ ਪੁਰਬ ਤਿੰਨ ਦਿਨ ਚਲਦਾ ਰਹਿੰਦਾ ਅਤੇ ਨਾਲ ਹੀ ਕਈ ਹੋਰ ਪਸ਼ੂਆਂ ਦੀ ਵੀ ਕੁਰਬਾਨੀ ਦਿਤੀ ਜਾਂਦੀ। ਦੂਜੇ ਦਿਨ ਘੋੜੇ ਨੂੰ ਤਿੰਨ ਹੋਰ ਘੋੜਿਆਂ ਸਹਿਤ ਇਕ ਸੁਨਹਿਰੀ ਰਥ ਅਗੇ ਲਗਾਇਆ ਜਾਂਦਾ। ਘੋੜੇ ਦੀ ਗਰਦਨ ਦੁਆਲੇ ਸੋਨੇ ਦੇ ਗਹਿਣੇ ਸਜੇ ਹੁੰਦੇ। ਸੁਨਹਰੀ ਰਥ ਨੂੰ ਇਧਰ ਉਧਰ ਦੌੜਾ ਕੇ ਘੋੜੇ ਨੂੰ ਫਿਰ ਨੁਹਾਇਆ ਜਾਂਦਾ।

ਰਾਜੇ ਦੀਆਂ ਤਿੰਨ ਰਾਣੀਆਂ ਘੋੜੇ ਦੇ ਸਰੀਰ ਉਤੇ ਸੁਗੰਧੀਆਂ ਮਲਦੀਆਂ ਤੇ ਸ਼ਿੰਗਾਰਦੀਆਂ। ਬ੍ਰਾਹਮਣ ਜੱਗ-ਮੰਡਪ ਬਣਾਉਂਦੇ, ਵੇਦੀ ਰਚਦੇ ਤੇ ਹਵਨ ਲਈ ੨੮ ਹਵਨ ਕੁੰਡ ਤਿਆਰ ਕਰਦੇ। ਇਕ ਬੱਕਰ ਨੂੰ ਇਕੱਠਿਆਂ ਹੀ ਨਿਸਚਿਤ ਕਿਲੇ ਨਾਲ ਬੰਨ੍ਹ ਦਿਤਾ ਜਾਂਦਾ ਅਤੇ ਨਾਲ ਹੀ ਹੋਰ ਕਈ ਸੈਂਕੜੇ ਪਸ਼ੂ ਵੀ ਕੁਰਬਾਨ ਕਰਨ ਲਈ ਨਾਲ ਬੰਨ੍ਹ ਦਿਤੇ ਜਾਂਦੇ। ਘੋੜੇ ਦੁਆਲੇ ਕਪੜਾ ਵਲ੍ਹੇਟ ਕੇ ਇਸ ਦਾ ਸਾਹ ਘੁਟਿਆ ਜਾਂਦਾ। ਰਾਜੇ ਦੀ ਪਟਰਾਣੀ ਜ਼ਰਾ ਪਰਦੇ ਜਿਹੇ ਹੇਠ ਘੋੜੇ ਦੇ ਪਾਸੇ ਵਲ ਲੇਟੀ ਹੁੰਦੀ ਤੇ ਮੌਨ-ਧਿਆਨ ਵਿਚ ਲੀਨ ਰਹਿੰਦੀ। ਜਿਸ ਘੜੀ

ਪਟਰਾਣੀ ਉਠਦੀ ਉਸੇ ਹੀ ਘੜੀ ਘੋੜੇ ਦੀ ਗਰਦਨ ਬੜੀ ਚਤੁਰਾਈ ਨਾਲ ਕੱਟ ਦਿਤੀ ਜਾਂਦੀ ਸੀ। ਭੇਟ ਕੀਤੇ ਘੋੜੇ ਦੇ ਮਾਸ ਨੂੰ ਭੁੰਨ ਕੇ ਪ੍ਰਜਾਪਤਿ ਦੀ ਭੇਟ ਕੀਤਾ ਜਾਂਦਾ। ਤੀਜੇ ਦਿਨ ਯੱਗ ਕਰਵਾਉਣ ਵਾਲੇ ਸਾਰੇ ਲੋਕ ਪਾਪਾਂ ਦੀ ਨਵਿਰਤੀ ਲਈ ਇਸ਼ਨਾਨ ਕਰਦੇ ਅਤੇ ਯੱਗ ਕਰਨ ਵਾਲੇ ਬ੍ਰਾਹਮਣ, ਨੂੰ ਦਾਨ ਦਿੰਦੇ। ਇਸ ਪ੍ਰਕਾਰ ਯੱਗ ਦੀ ਸਮਾਪਤੀ ਹੁੰਦੀ। ਹਿੰਦੂ ਨਿਸਚੇ ਅਨੁਸਾਰ ਇੰਦ੍ਰ ਦੀ ਪਦਵੀ ਪ੍ਰਾਪਤ ਕਰਨ ਲਈ ਸੌ ਅਸੁਮੇਧ ਕਰਨਾ ਜ਼ਰੂਰੀ ਸੀ, ਜੇ ਕੋਈ ਐਸਾ ਕਰਦਾ ਸੀ ਤਾਂ ਇੰਦ੍ਰ ਉਸਨੂੰ ਸਿਰੇ ਨਹੀਂ ਸੀ ਚੜ੍ਹਨ ਦਿੰਦਾ, ਕੋਈ ਨ ਕੋਈ ਵਿਘਨ ਪਾ ਦਿੰਦਾ ਸੀ। ਕਿਸੇ ਸਮੇਂ ਇਹ ਯੱਗ ਬੜਾ ਉਤਮ ਧਰਮ ਕਰਮ ਮੰਨਿਆ ਜਾਂਦਾ ਸੀ ਪਰੰਤੂ ਬਾਣੀ ਇਸ ਨੂੰ ਪਰਵਾਣ ਨਹੀਂ ਕਰਦੀ :—

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ।

(ਰਾਮਕਲੀ ਨਾਮਦੇਵ, ਪੰਨਾ ੯੭੩)

## ਅਹੱਲਿਆ

ਅਹੱਲਿਆ ਨੂੰ ਉਨ੍ਹਾਂ ਪੰਜ ਪਵਿਤ੍ਰ ਕੰਨਿਆਵਾਂ 'ਵਿਚੋਂ' ਵੱਡੀ ਮੰਨਿਆ ਗਿਆ ਹੈ ਜਿਨ੍ਹਾਂ ਦਾ ਸਵੇਰ ਸਾਰ ਸਿਮਰਨ ਪਾਪਾਂ ਤੋਂ ਬਚਾਉਂਦਾ ਹੈ। ਇਹ ਗੋਤਮ ਰਿਸ਼ੀ ਦੀ ਪਤਨੀ ਸੀ। ਇੰਦ੍ਰ ਦੇਵਤੇ ਨੇ ਉਸਦੀ ਸੁੰਦਰਤਾ ਦੀ ਖਬਰ ਚੰਦ੍ਰਮਾਂ ਪਾਸੋਂ ਸੁਣੀ ਤੇ ਰਮਣ ਦਾ ਨਿਸਚਾ ਕੀਤਾ। ਉਸ ਦਾ ਮੇਲ ਅਸਾਨੀ ਨਾਲ ਨਹੀਂ ਸੀ ਹੋ ਸਕਦਾ ਇਸ ਲਈ ਉਸ ਨੇ ਅਹੱਲਿਆ ਦੇ ਪਤੀ ਗੋਤਮ ਦਾ ਰੂਪ ਧਾਰਨ ਕੀਤਾ। ਕਈ ਥਾਂਈ ਜ਼ਿਕਰ ਹੈ ਕਿ ਚੰਦ੍ਰਮਾ ਨੇ ਇੰਦ੍ਰ ਦੀ ਸਹਾਇਤਾ ਖ਼ਾਤਰ ਕੁੱਕੜ ਦਾ ਸਵਾਂਗ ਬਣਾਇਆ ਅਤੇ ਤੜਕਸਾਰ ਤੋਂ ਪਹਿਲਾਂ ਹੀ ਅੱਧੀ ਰਾਤ ਨੂੰ ਬਾਂਗ ਦਿਤੀ ਜਿਸ ਕਾਰਨ ਗੋਤਮ ਪੂਜਾ ਪਾਠ ਅਤੇ ਇਸ਼ਨਾਨ ਕਰਨ ਲਈ ਤੁਰ ਗਿਆ ਅਤੇ ਇੰਦ੍ਰ ਉਸ ਦੇ ਘਰ ਚਲਿਆ ਗਿਆ। ਗੋਤਮ ਨੂੰ ਜਦੋਂ ਇੰਦ੍ਰ ਦੀ ਇਸ ਚਾਲ ਦਾ ਪਤਾ ਲਗਾ ਤਾਂ ਉਸ ਨੇ ਇੰਦ੍ਰ ਨੂੰ ਸ਼ਰਾਪ ਦਿਤਾ ਕਿ ਤੂੰ ਇਥੇ ਇਕ ਭਗ ਖਾਤਰ ਆਇਆ ਹੈਂ, ਤੇਰੇ ਸਰੀਰ ਉਤੇ ਹਜ਼ਾਰ ਭਗਾਂ ਹੋ ਜਾਣ। ਪਰ ਪਿਛੋਂ ਇਹ ਹਜ਼ਾਰ ਭਗ-ਚਿੰਨ੍ਹ ਇੰਦ੍ਰ ਦੀਆਂ ਹਜ਼ਾਰ ਅੱਖਾਂ ਵਿਚ ਬਦਲ ਗਏ। ਚੰਦ੍ਰਮਾ ਨੂੰ ਗੋਤਮ ਨੇ ਮ੍ਰਿਗਸ਼ਾਲਾ ਮਾਰ ਕੇ ਕਲੰਕਿਤ ਕਰ ਦਿਤਾ। ਅਹੱਲਿਆ ਨੂੰ ਗੋਤਮ ਨੇ ਸ੍ਰਾਪ ਦੇ ਕੇ ਪੱਥਰ ਬਣਾ ਦਿਤਾ ਜਿਸਨੂੰ ਫਿਰ ਤ੍ਰੇਤਾ ਯੁਗ ਵਿਚ ਸੂਰਜਵੰਸੀ ਰਾਮਚੰਦਰ ਜੀ ਨੇ ਮੁਕਤ ਕੀਤਾ :—

ਗੋਤਮੁ ਤਪਾ ਅਹਲਿਆ ਇਸਤ੍ਰੀ
ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ
ਤਾ ਮਨਿ ਪਛੋਤਾਇਆ।

(ਪ੍ਰਭਾਤੀ ੧.੨. ੧੩੪੪)

ਗੋਤਮ ਨਾਰਿ, ਅਹਲਿਆ ਤਾਰੀ
ਪਾਹਨ ਕੇਤਕ ਤਾਰੀਅਲੇ।

(ਮਾਲੀ ਗਉੜਾ ਨਾਮਦੇਵ ਪੰ. ੯੮੮)

## ਅਹੋਈ

ਹਿੰਦੂਆਂ ਦਾ ਇਕ ਬਰਤ ਜੋ ਅਹਿਬੰਸ਼ ਵਿਚ ਹੋਣ ਵਾਲੀ ਇਕ ਦੇਵੀ 'ਅਹੋਈ' ਦੇ ਨਾਂ ਤੇ ਰੱਖਿਆ ਜਾਂਦਾ ਹੈ। ਅੱਸੂ ਦੇ ਨਰਾਤਿਆਂ ਵਿਚ ਕੁਆਰੀਆਂ ਲੜਕੀਆਂ ਇਸ ਦੇਵੀ ਦੀ ਮਿਟੀ ਤੇ ਗੋਹੇ ਦੀ ਮੂਰਤੀ ਬਣਾਉਂਦੀਆਂ ਹਨ ਜਿਸਨੂੰ 'ਸਾਂਝੀ' ਕਹਿੰਦੀਆਂ ਤੇ ਉਸਦੇ ਗੀਤ ਗਾਉਂਦੀਆਂ ਹਨ। ਅਸ਼ਟਮੀ ਦਾ ਬਰਤ ਰੱਖਕੇ ਇਸਦੀ ਪੂਜਾ ਉਪਾਸਨਾ ਵੀ ਕੀਤੀ ਜਾਂਦੀ. ਹੈ ਤੇ ਸ਼ਾਮ ਧੂਪ ਬੱਤੀ ਕੀਤੀ ਜਾਂਦੀ ਹੈ। ਕੱਤਕ ਸੁਦੀ ਏਕਾਦਸਿ ਨੂੰ ਇਹ ਮੂਰਤਿ, ਟੋਭੇ ਯਾ ਨਦੀ ਨਾਲੇ ਵਿਚ ਪ੍ਰਵਾਹ ਦਿਤੀ ਜਾਂਦੀ ਹੈ ਜਿਸ ਨੂੰ 'ਸਾਂਝੀ ਤਾਰਨਾ' ਕਹਿੰਦੇ ਹਨ (ਮ. ਕ.) ਇਸ ਉਪਰੰਤ ਲੜਕੀਆਂ ਬਰਤ ਖੋਲ੍ਹਦੀਆਂ ਤੇ ਕੋਈ ਚੰਗੀ ਮਿੱਠੀ ਚੀਜ਼ ਬਣਾ ਕੇ ਖਾਂਦੀਆਂ ਹਨ। ਇਸ ਬਰਤ ਦਾ ਮੰਤਵ ਦੇਵੀ ਤੋਂ ਵੀਰ ਯਾ ਭਤੀਜੇ ਦਾ ਵਰਦਾਨ ਮੰਗਣਾ ਹੈ। ਬਾਣੀ ਵਿਚ ਐਸੇ ਭਰਮ-ਕਰਮਾਂ ਨੂੰ ਪਰਵਾਣ ਨਹੀਂ ਕੀਤਾ ਗਿਆ :—

ਹਰਿ ਕਾ ਸਿਮਰਨ ਛਾਡ ਕੇ, ਅਹੋਈ ਰਾਖੈ ਨਾਰਿ
ਗਦਹੀ ਹੋਇ ਕੈ ਅਉਤਰੈ, ਭਾਰ ਸਹੈ ਮਨ ਚਾਰਿ।

(ਸਲੋਕ ਕਬੀਰ, ਪੰ. ੧੩੭੦)

## ਅਕ੍ਰੂਰ

ਕ੍ਰਿਸ਼ਣ ਜੀ ਦਾ ਇਕ ਪ੍ਰੇਮੀ ਭਗਤ ਜੋ ਰਿਸ਼ਤੇ ਵਿਚ ਕ੍ਰਿਸ਼ਣ ਜੀ ਦਾ ਚਾਚਾ ਲਗਦਾ ਸੀ। ਇਹ ਸ੍ਵਫਲਕ ਦੇ ਘਰ ਗਾਂਦਨੀ ਦੇ ਉਦਰ ਤੋਂ ਪੈਦਾ ਹੋਇਆ। ਜਦੋਂ ਕੰਸ ਨੇ ਕ੍ਰਿਸ਼ਨ ਤੇ ਬਲਰਾਮ ਜੀ ਨੂੰ ਜੱਗ ਦੇ ਬਹਾਨੇ ਸੱਦਿਆ ਤਾਂ ਇਹੋ ਇਨ੍ਹਾਂ ਨੂੰ ਗੋਕਲ ਤੋਂ ਮਥਰਾ ਲੈ ਕੇ ਗਿਆ ਸੀ। ਇਹ ਕ੍ਰਿਸ਼ਣ ਜੀ ਵਿਚ ਭਾਰੀ ਸ਼ਰਧਾ ਰੱਖਦਾ ਸੀ। ਪੁਰਾਤਨ ਭਗਤਾਂ ਦੀ ਲੜੀ ਵਿਚ ਇਸ ਦਾ ਨਾਮ ਆਦਰ ਨਾਲ ਲਿਆ ਜਾਂਦਾ ਹੈ :—

ਉਧੌ ਅਕ੍ਰੂਰ ਬਿਦਰ ਗੁਣ ਗਾਵੈ
ਸਰਬਾਤਮੁ ਜਿਨਿ ਜਾਣਿਓ।

(ਸਵਏ, ਮ. ੧ ਕੇ. ਪੰਨਾ ੧੩੯੦)

ਜਾਗੇ ਸੁਕਦੇਉ ਅਰੁ ਅਕ੍ਰੂਰੁ।
ਹਣਵੰਤੁ ਜਾਗੇ ਧਰਿ ਲੰਕੂਰੁ।

(ਬਸੰਤ ਕਬੀਰ, ਪੰ. ੧੧੯੩)

## ਅਗਨਿ (ਦੇਵਤਾ)

ਵੈਦਿਕ ਕਾਲ ਦੇ ਤਿੰਨ ਦੇਵਤਿਆਂ (ਅਗਨਿ, ਇੰਦ੍ਰ, ਸੂਰਜ) ਵਿਚੋਂ ਅਗਨੀ ਪ੍ਰਮੁੱਖ ਦੇਵਤਾ ਹੈ, ਜਿਸ ਨੂੰ ਯੱਗ ਹੋਮ ਰਾਹੀਂ ਪ੍ਰਸੰਨ ਕੀਤਾ ਜਾਂਦਾ ਹੈ। ਇਹ

ਆਕਾਸ਼ ਵਿਚ ਸੂਰਜ, ਪੁਲਾੜ ਵਿਚ ਬਿਜਲੀ ਅਤੇ ਧਰਤੀ ਤੇ ਸਾਧਾਰਣ ਰੂਪ ਵਿਚ ਪਰਗਟ ਹੁੰਦਾ ਹੈ। ਹਿੰਦੂ ਮਤ ਵਿਚ ਹਰ ਪਵਿਤਰ ਅਵਸਰ ਤੇ ਵਿਆਹ ਦੀ ਰਸਮ ਸਮੇਂ ਇਸ ਦੀ ਪੂਜਾ ਕੀਤੀ ਜਾਂਦੀ ਹੈ। ਰਿਗ ਵੇਦ ਵਿਚ ਇਸ ਦੀ ਉਸਤਤਿ ਦੇ ਮੰਤ੍ਰ ਸਭ ਤੋਂ ਵਧ ਹਨ। ਵਿਸ਼ਨੂ ਪੁਰਾਣ ਅਨੁਸਾਰ ਇਹ ਬ੍ਰਹਮਾ ਦਾ ਵੱਡਾ ਪੁਤ੍ਰ ਹੈ ਜਿਸ ਦੀ ਪਤਨੀ ਦਾ ਨਾਮ ਸਵਾਹਾ ਹੈ। ਇਸ ਤੋਂ ਪਾਵਕ, ਪਵਮਾਨ, ਤੇ ਸੁਚੀ ਨਾਮ ਦੇ ਤਿੰਨ ਪੁੱਤਰਾਂ ਦਾ ਜਨਮ ਹੋਇਆ। ਇਨ੍ਹਾਂ ਤੋਂ ਅੱਗੇ ਹੋਰ ਪੰਤਾਲੀ ਬਾਲਕ ਜਨਮੇ ਜਿਨ੍ਹਾਂ ਨਾਲ ਉਣੰਜਾ ਅਗਨੀਆਂ ਕਾਇਮ ਹੋਈਆਂ।

'ਹਰਿਵੰਸ਼ ਪੁਰਾਣ' ਅਨੁਸਾਰ ਅਗਨੀ ਦੇਵਤੇ ਦੇ ਕਪੜੇ ਕਾਲੇ ਰੰਗ ਦੇ ਹਨ ਅਤੇ ਧੂੰਆਂ ਇਸ ਦੀ ਧਵਜਾ (ਸਿਰ ਦਾ ਤਾਜ) ਅਤੇ ਲਾਟਾਂ ਛੱਡਦਾ ਬਰਛਾ ਇਸ ਦਾ ਹਥਿਆਰ ਹੈ। ਇਹ ਸੱਤਾ ਜੀਭਾਂ ਨਾਲ ਯੱਗ ਦੀ ਸਮੱਗਰੀ ਨੂੰ ਚਟਦਾ ਹੈ। ਇਸ ਦੇ ਚਾਰ ਰਥ ਹਨ, ਜਿਸ ਨੂੰ ਲਾਲ ਰੰਗ ਦੇ ਘੋੜੇ ਖਿਚਦੇ ਹਨ। ਇਸ ਦੇ ਰਥ ਦੇ ਪਹੀਏ ਸੱਤ ਹਵਾਵਾਂ ਹਨ ਅਤੇ ਇਹ ਕਦੀ ਕਦੀ ਭੇਡੂ ਨੂੰ ਵੀ ਆਪਣਾ ਆਵਾਹਨ ਬਣਾਉਂਦਾ ਹੈ :—

ਅੰਨੁ ਦੇਵਤਾ ਪਾਣੀ ਦੇਵਤਾ
ਬੈਸੰਤਰ ਦੇਵਤਾ ਲੂਣੁ।

(ਵਾਰ ਆਸਾ ੧)

ਗੁਰਬਾਣੀ ਵਿਚ ਅਗਨੀ ਨੂੰ ਪੂਜਨੀਕ ਦੇਵਤਾ ਨਹੀਂ ਸਗੋਂ ਇਕ ਤੱਤ, ਇਕ ਸ਼ਕਤੀ ਮੰਨਕੇ ਇਹ ਆਖਿਆ ਗਿਆ ਹੈ ਕਿ ਇਹ ਵੀ ਉਸੇ ਪ੍ਰਭੂ ਦੀ ਸੇਵਕਾ ਹੈ :

ਭੈ ਵਿਚਿ ਅਗਨਿ ਕਢੈ ਵੇਗਾਰਿ।
ਭੈ ਵਿਚਿ ਧਰਤੀ ਦਬੀ ਭਾਰਿ।

(ਵਾਰ ਆਸਾ ੧, ਪੰ. ੪੬੪)

## ਅਜ

ਇਕ ਸੂਰਜ-ਬੰਸੀ ਰਾਜਾ, ਜੋ ਦਸ਼ਰਥ ਦਾ ਪਿਤਾ ਅਤੇ ਰਾਮਚੰਦ੍ਰ ਦਾ ਦਾਦਾ ਸੀ। ਇਸ ਨੇ ਸਵਯੰਬਰ ਵਿਚ ਬਿਦਰ ਦੇ ਰਾਜੇ ਦੀ ਪੁੱਤਰੀ ਇੰਦੂਮਤੀ ਨੂੰ ਵਿਆਹਿਆ ਸੀ। 'ਰਘੂਵੰਸ' ਵਿਚ ਜ਼ਿਕਰ ਹੈ ਕਿ ਜਿਸ ਸਮੇਂ ਅਜ, ਇੰਦੂਮਤੀ ਨੂੰ ਚੁਣਨ ਲਈ ਸਵਯੰਬਰ ਵਿਚ ਜਾ ਰਿਹਾ ਸੀ ਤਾਂ ਉਸ ਨੇ ਰਸਤੇ ਵਿਚ ਇਕ ਮਦਮਸਤ ਜੰਗਲੀ ਹਾਥੀ ਵੇਖਿਆ, ਇਹ ਹਾਥੀ ਅਠਖੇਲੀਆਂ ਕਰ ਰਿਹਾ ਸੀ। ਰਾਜੇ ਨੇ ਖਿਝ ਕੇ ਹਾਥੀ ਨੂੰ ਮਾਰਨ ਦਾ ਹੁਕਮ ਦਿਤਾ ਜਦੋਂ ਹਾਥੀ ਮਰਨ ਲਗਾ ਤਾਂ ਉਸ ਵਿਚੋਂ ਇਕ ਗੰਧਰਵ ਨਿਕਲਿਆ। ਇਹ ਗੰਧਰਵ ਹਾਥੀ ਦੇ ਸਰੀਰ ਵਿਚ ਇਸ ਲਈ ਆਇਆ ਸੀ ਕਿਉਂਕਿ ਕਿਸੇ ਸਮੇਂ ਇਕ ਰਿਸ਼ੀ ਨੂੰ ਇਸ ਨੇ ਮਖੌਲ ਕੀਤਾ ਸੀ, ਜਿਸ ਕਾਰਨ ਇਹ ਪਾਗਲ ਹਾਥੀ ਬਣ ਗਿਆ। ਇਸ ਗੰਧਰਵ ਦੀ ਮੁਕਤੀ ਅਜ ਦੇ ਹੱਥੋਂ ਹੋਣੀ ਸੀ। ਇਸ ਗੰਧਰਵ ਨੇ ਅਜ ਨੂੰ ਤੀਰ ਦਿਤੇ, ਜਿਨ੍ਹਾਂ ਦੀ ਸਹਾਇਤਾ ਨਾਲ

ਰਾਜੇ ਨੇ ਸਵਯੰਬਰ ਵਿਚ ਜਿੱਤ ਪ੍ਰਾਪਤ ਕੀਤੀ।

ਰਾਜੇ ਅਜ ਦੇ ਜੀਵਨ ਦੀ ਇਕ ਹੋਰ ਪ੍ਰਸਿੱਧ ਘਟਨਾ ਹੈ। ਇਕ ਵਾਰ ਇਕ ਤਪਸ੍ਵੀ ਬ੍ਰਾਹਮਣ ਇਸ ਕੋਲ ਭਿੱਖਿਆ ਮੰਗਣ ਆਇਆ। ਰਾਜੇ ਨੇ ਖਿਝ ਕੇ ਉਸ ਭਿਖਾਰੀ ਨੂੰ ਘੋੜੇ ਦੀ ਲਿੱਦ ਭਿਖਿਆ ਵਜੋਂ ਦਿਤੀ। ਭਿਖਾਰੀ ਬ੍ਰਾਹਮਣ ਭਿਖਿਆ ਲੈ ਕੇ ਆਪਣੇ ਟਿਕਾਣੇ ਵਲ ਤੁਰ ਗਿਆ। ਭਿਖਿਆ ਵਿਚ ਮਿਲੀ ਲਿੱਦ ਨੂੰ ਉਸ ਨੇ ਇਕ ਪਾਸੇ ਧਰ ਦਿਤਾ। ਸਮਾਂ ਪਾ ਕੇ ਥੋੜ੍ਹੀ ਜਿਹੀ ਲਿੱਦ ਇਕ ਵਡੇ ਢੇਰ ਵਿਚ ਬਦਲ ਚੁਕੀ ਸੀ। ਆਪਣੀ ਪਤਨੀ ਇੰਦੂਮਤੀ ਦੇ ਵਿਯੋਗ ਵਿਚ ਰਾਜਾ ਤਿਆਗੀ ਹੋ ਗਿਆ ਅਤੇ ਜੰਗਲ ਵਿਚ ਉਸੇ ਬ੍ਰਾਹਮਣ ਤਪੱਸੀ ਨਾਲ ਉਹਦਾ ਮੇਲ ਹੋਇਆ। ਤਪੱਸੀ ਨੇ ਰਾਜੇ ਨੂੰ ਉਹੋ ਸਾਂਭੀ ਹੋਈ ਲਿੱਦ ਨਜ਼ਰ ਕੀਤੀ। ਇਸ ਪੁਰ ਰਾਜੇ ਨੂੰ ਸ਼ਰਮਿੰਦਗੀ ਕਾਰਨ ਕਸ਼ਟ ਹੋਇਆ ਅਤੇ ਉਹ ਕੀਤੇ ਕਰਮ ਉਤੇ ਪਛਤਾਇਆ।

ਅਜੈ ਸੁ ਰੋਵੈ ਭੀਖਿਆ ਖਾਇ।
ਐਸੀ ਦਰਗਹ ਮਿਲੈ ਸਜਾਇ।

(ਵਾਰ ਰਾਮਕਲੀ ੩, ਪੰਨਾ ੯੫੩)

## ਅਜਰਾਈਲ

ਸਾਮੀ ਮਤ ਅਨੁਸਾਰ ਮੰਨੇ ਗਏ ਫਰਿਸ਼ਤਿਆਂ ਵਿਚੋਂ ਅਜ਼ਰਾਈਲ, ਮੌਤ ਦਾ ਫਰਿਸ਼ਤਾ ਹੈ ਇਸ ਨੂੰ 'ਮਲਕੁਲ ਮੌਤ' ਵੀ ਕਹਿੰਦੇ ਹਨ। ਇਸਦਾ ਕੰਮ ਅੱਲ੍ਹਾ-ਪਰਮੇਸ਼ਰ ਤੋਂ ਉਹ ਪੱਤੇ ਪ੍ਰਾਪਤ ਕਰਨਾ ਹੈ ਜਿਨ੍ਹਾਂ ਉਤੇ ਮਰਨ ਵਾਲਿਆਂ ਦੇ ਨਾਮ ਲਿਖੇ ਹੁੰਦੇ ਹਨ ਤੇ ਇਹ ਪੱਤੇ ਲੈ ਕੇ ਉਹ ਫੌਰਨ ਮੌਤ ਦਾ ਸੰਦੇਸ਼ ਲਿਜਾਂਦਾ ਤੇ ਔਧ ਪੁਗੀ ਵਾਲਿਆਂ ਨੂੰ ਮਾਰ ਦਿੰਦਾ ਹੈ।

ਪਹਿਲੇ ਪਹਿਲ ਜਦ ਖ਼ੁਦਾ ਨੇ ਫਰਿਸ਼ਤਾ ਸਾਜਿਆ ਤਾਂ ਇਸਨੂੰ ਛੁਪਾ ਕੇ ਰੱਖਿਆ ਸੀ, ਦੂਜੇ ਫਰਿਸ਼ਤਿਆਂ ਇਸ ਨੂੰ ਦੇਖਣ ਦੀ ਚਾਹ ਪ੍ਰਗਟ ਕੀਤੀ। ਜਦ ਖ਼ੁਦਾ ਦੇ ਹੁਕਮ ਨਾਲ ਇਸ ਨੇ ਆਪਣਾ ਆਪ ਦਿਖਾਇਆ ਤਾਂ ਇਕ ਵਾਰ ਸਭ ਉਤੇ ਡੂੰਘੀ ਨੀਂਦ ਛਾ ਗਈ ਜੋ ਹਜ਼ਾਰ ਵਰ੍ਹੇ ਤਕ ਰਹੀ।

ਹਿੰਦੂ ਮਿਥਿਹਾਸ ਅਨੁਸਾਰ ਜੋ ਕਰਤੱਵ ਯਮਰਾਜ ਦਾ ਹੈ, ਉਹੋ ਇਸ ਦਾ ਹੈ ਇਸ ਦੀ ਸਖ਼ਤ ਕਾਰਵਾਈ ਦਾ ਜ਼ਿਕਰ ਇਸ ਲਈ ਕੀਤਾ ਗਿਆ ਹੈ ਤਾਂ ਕਿ ਮਨੁੱਖ ਬੁਰਿਆਈ ਤੋਂ ਸਾਵਧਾਨ ਰਹੇ :—

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।

(ਵਾਰ ਗਉੜੀ ੫, ਪੰਨਾ ੩੧੫)

## ਅਜਾਮਲ

ਭਾਗਵਤ ਪੁਰਾਣ ਅਨੁਸਾਰ ਇਕ ਬ੍ਰਾਹਮਣ ਜੋ ਕਨੌਜ ਦਾ ਵਸਨੀਕ ਸੀ। ਇਸ ਨੇ ਵੇਸ਼ਵਾ ਨਾਲ ਵਿਆਹ ਕੀਤਾ ਜਿਸ ਤੋਂ ਦਸ ਪੁੱਤਰ ਹੋਏ। ਜਦ ਛੋਟੇ

ਪੁਤਰ ਦਾ ਨਾਮ ਰਖਣ ਦਾ ਸਮਾਂ ਆਇਆ ਤਾਂ ਇਸ, ਉਸ ਦਾ ਨਾਮ 'ਨਾਰਾਇਣ' ਰਖਿਆ। ਜਦੋਂ ਇਸਦਾ ਮਰਣ-ਕਾਲ ਨੇੜੇ ਆਇਆ ਤਾਂ ਇਸਨੇ ਆਪਣੇ ਪੁੱਤਰ 'ਨਾਰਾਇਣ' ਨੂੰ ਬਾਰ ਬਾਰ ਆਵਾਜ਼ ਮਾਰੀ। ਨਤੀਜਾ ਇਹ ਕਿ ਇਸ ਦਾ ਧਿਆਨ ਪਰਮੇਸ਼ਰ ਵਿਚ ਜੁੜ ਗਿਆ ਤੇ ਰੱਬੀ ਗੁਣਾਂ ਨੇ ਇਸ ਦੀ ਜਿੰਦ ਨੂੰ ਜਮ-ਗਣਾਂ ਤੋਂ ਛੁਡਾ ਲਿਆ ਤੇ ਇਹ ਮੁਕਤ ਹੋਇਆ। ਗੁਰੂ ਸਾਹਿਬ ਨੇ ਇਸ ਘਟਨਾ ਵਲ ਸੰਕੇਤ ਕਰਦਿਆਂ ਲਿਖਿਆ ਹੈ :—

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ
ਕਹਿ ਨਾਰਾਇਣ ਬੋਲਾਰੇ
ਮੇਰੇ ਠਾਕੁਰ ਕੇ ਮਨਿ ਭਾਇ ਭਾਵਨੀ
ਜਮ ਕੰਕਰ ਮਾਰਿ ਬਿਦਾਰੇ।

(ਨਟ ੪, ਪੰਨਾ ੯੮੧)

ਅਜਾਮਲ ਕਉ ਅੰਤਿ ਕਾਲ ਮਹਿ
ਨਾਰਾਇਣ ਸੁਧਿ ਆਈ।

(ਰਾਮਕਲੀ ੯, ਪੰਨਾ ੯੦੨)

## ਅਠਸਠਿ ਤੀਰਥ

ਹਿੰਦੂ ਮਨੌਤ ਅਨੁਸਾਰ ਅਠਾਹਠ ਤੀਰਥਾਂ ਦਾ ਇਸ਼ਨਾਨ ਮੁਕਤੀ-ਦਾਤਾ ਮੰਨਿਆ ਗਿਆ ਹੈ। ਇਹ ਪੁਰਾਣੇ ਜ਼ਮਾਨੇ ਦੇ ਧਰਮ-ਕੇਂਦਰ ਸਨ ਜਿਥੇ ਜਾ ਕੇ ਯਾਤਰੂ ਇਸ਼ਨਾਨ ਕਰਦੇ ਤੇ ਪੁੰਨ ਕਰਕੇ ਆਪਣੀ ਆਤਮਾ ਨੂੰ ਪਵਿੱਤਰ ਕਰਦੇ ਸਨ। ਇਸ ਵਿਸ਼ਾਲ ਦੇਸ਼ ਵਿਚ ਬੇਅੰਤ ਤੀਰਥ ਹਨ। ਮਤਸਜ ਪੁਰਾਣ ਵਿਚ ੨੨੨੧ ਦੱਸੇ ਹਨ। ਭਵਿਸ਼ਜ ਪੁਰਾਣ ਦੇ ਨਾਗ ਖੰਡ ਵਿਚ ਇਹ ਗਿਣਤੀ ਹੋਰ ਤਰ੍ਹਾਂ ਹੈ। ਪਰੰਤੂ ਵਧੇਰੇ ਪ੍ਰਸਿਧ ੬੮ ਹਨ। ਕਪਿਲ ਤੰਤ੍ਰ ਅਨੁਸਾਰ ਅਠਾਹਠ ਤੀਰਥ ਇਹ ਹਨ :—

ਓਅੰਕਾਰ, ਅਯੁੱਧਿਆ, ਅਵੰਤਿਕਾ, ਏਰਾਵਤੀ (ਰਾਵੀ) ਸ਼ਤੁਦ੍ਰ, ਸਰਸਵਤੀ, ਸਰਯੂ, ਸਿੰਧੁ, ਸ਼ਿਪ੍ਰਾ, ਸ਼ੋਣ, ਸ੍ਰੀ ਸ਼ੈਲ, ਸ੍ਰੀ ਰੰਗ, ਹਰਿਦਵਾਰ, ਕਪਾਲ ਮੋਚਨ, ਕਪਿਲੋਦਕ, ਕਾਂਸ਼ੀ, ਕਾਂਚੀ, ਕਾਲੰਜਰ, ਕਾਵੇਰੀ, ਕੁਰਖੇਤ੍ਰ, ਕੇਦਾਰਨਾਥ ਕੌਸ਼ਿਕੀ, ਗਯਾ, ਗੋ-ਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾ ਸਾਗਰ, ਗੰਡਕਾ, ਘਰਘਰਾ, ਚਰਮਨਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜਗਨਨਾਥ, ਜਵਾਲਾ ਮੁਖੀ, ਤਾਪਤੀ, ਤਾਮ੍ਰ ਪਰਣੀ, ਤੁੰਗਭਦ੍ਰਾ, ਦਸ਼ਾਸ੍ਵਮੇਧ, ਦ੍ਰਿਸ਼ਦਵਤੀ, ਦਵਾਰਿਕਾ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ (ਤ੍ਰਿਵੇਣੀ ਸੰਗਮ), ਪ੍ਰਿਥੂਦਕ, ਬਦਰੀ ਨਾਰਾਇਣ, ਭਦ੍ਰੇਸ਼ਵਰ, ਭੀਮੇਸ਼ਵਰ, ਭ੍ਰਿਗੁ ਤੁੰਗ, ਮਹਾਂਕਾਲ, ਮਹਾਂਬੋਧਿ, ਮਥਰਾ, ਮਾਨਸਰੋਵਰ, ਮਾਯਾਪੁਰੀ, ਮੰਦਾਕਿਨੀ, ਯਮੁਨਾ, ਰਾਮੇਸ਼ਵਰ, ਵਿਤਸਤਾ, ਵਿੰਧ੍ਯ, ਵਿਯਾਸ, ਵਿਮਲੇਸਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦਜਨਾਥ। ਜੈਨੀਆਂ ਤੇ ਬੋਧੀਆਂ ਦੇ ਤੀਰਥ ਇਨ੍ਹਾਂ ਤੋਂ ਭਿੰਨ ਹਨ। ਗੁਰੂ ਗ੍ਰੰਥ ਅਨੁਸਾਰ ਅਠਾਹਠ ਤੀਰਥ ਜਿਨ੍ਹਾਂ ਨੂੰ ਮੁਕਤੀ ਦੇਣ ਵਾਲੇ ਅਤੇ ਪਰਮ-ਪਵਿੱਤਰ ਮੰਨਿਆ ਗਿਆ ਹੈ, ਉਹ ਵੀ

ਪਰਮਾਤਮਾ ਦੇ ਗੁਣ ਗਾਉਂਦੇ ਹਨ। ਇਸ ਲਈ ਕੇਵਲ ਨਾਮ ਹੀ ਮੁਕਤੀਦਾਤਾ ਹੈ।

ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ।੨੭। (ਜਪੁ)

'ਜਪੁ' ਵਿਚ ਨਾਮ ਸ੍ਰਵਣ ਨਾਲ ਅਠਾਹਠ ਤੀਰਥਾਂ ਦਾ ਪੁੰਨ ਦਸਿਆ ਹੈ। ਗੁਰਮਤਿ ਅਨੁਸਾਰ ਨਾਮ ਹੀ ਤੀਰਥ ਹੈ ਜਿਸ ਨਾਲ ਮਨ ਪਵਿਤਰ ਹੁੰਦਾ ਹੈ:

ਸੁਣਿਐ ਅਠਸਠਿ ਕਾ ਇਸਨਾਨੁ।੧੦।

(ਜਪੁ ੧)

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।
ਤੀਰਥੁ ਸਬਦ ਬੀਚਾਰ ਅੰਤਰਿ ਗਿਆਨੁ ਹੈ।

(ਧਨਾਸਰੀ ੧, ਪੰਨਾ ੬੮੭)

**ਅਠਾਰ੍ਹਾਂ ਸਿਧੀਆਂ—ਦੇਖੋ ਅਸ਼ਟ ਸਿਧਿ**

**ਅਠਾਰਹਾਂ ਪੁਰਾਣ**

ਪੁਰਾਣ ਦਾ ਲਫ਼ਜ਼ੀ ਅਰਥ ਹੈ- ਪ੍ਰਾਚੀਨ ਭਾਵ ਪਰੰਪਰਾਗਤ ਪੁਰਾਤਨ ਕਥਾ-ਕਹਾਣੀਆਂ। ਸੋ 'ਪੁਰਾਣ' ਸੰਸਕ੍ਰਿਤ ਵਿਚ ਲਿਖੇ ਉਹ ਗ੍ਰੰਥ ਹਨ ਜਿਨ੍ਹਾਂ ਵਿਚ ਭਾਰਤ-ਵਰਸ਼ ਦਾ ਬਹੁ ਭਾਂਤਾ ਗਿਆਨ-ਭੰਡਾਰ ਸੰਚਿਤ ਹੈ। ਇਨ੍ਹਾਂ ਵਿਚ ਸਨਾਤਨੀ ਮਤ ਮਤਾਂਤਰ, ਬ੍ਰਹਮੰਡ ਰਚਨਾ, ਸ੍ਰਿਸ਼ਟੀ, ਪੁਰਾਤਨ ਰਾਜਿਆਂ ਅਤੇ ਰਿਸ਼ੀਆਂ ਦੀਆਂ ਕਥਾਵਾਂ, ਧਾਰਮਕ ਰਹਿਤ ਮਰਯਾਦਾ, ਪੂਜਾ ਉਪਾਸਨਾ, ਯੱਗ, ਨੀਤੀ, ਦਰਸ਼ਨ ਅਤੇ ਕਈ ਪਰਕਾਰ ਦੇ ਭਾਈਚਾਰਕ ਅਤੇ ਰਾਜਨੀਤਕ ਵਿਧਾਨ ਅੰਕਿਤ ਹਨ। ਵਿਸ਼ਨੂ ਪੁਰਾਣੁ ਅਨੁਸਾਰ ਜਿਸ ਵਿਚ ੧. ਸ੍ਰਿਸ਼ਟੀ-ਉਤਪਤੀ, ੨. ਪ੍ਰਲੈ ੩. ਦੇਵਤਿਆਂ ਤੇ ਪਿਤਰਾਂ ਦੀ ਬੰਸਾਵਲੀ, ੪. ਮਨੁ ਰਾਜੇ ਦਾ ਬ੍ਰਿਤਾਂਤ, ੫. ਸੂਰਜ-ਬੰਸੀ ਤੇ ਚੰਦ੍ਰ ਬੰਸੀ ਰਾਜਿਆਂ ਦਾ ਹਾਲ-ਪੰਜ ਪ੍ਰਸੰਗ ਹੋਣ, ਉਹ ਪੁਰਾਣ ਹੈ।

ਅਠਾਰਾਂ ਪੁਰਾਣ ਇਹ ਹਨ—ਬ੍ਰਹਮ, ਪਦਮ, ਵਿਸ਼ਨੂ, ਸ਼ਿਵ, ਭਾਗਵਤ, ਮਾਰਕੰਡੇਯ, ਅਗਨਿ, ਨਾਰਦ, ਬ੍ਰਹਮ, ਵੈਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮਾਂਡ ਤੇ ਭਵਿਸ਼ਯ। ਇਸ ਤੋਂ ਇਲਾਵਾ ੧੮ ਉਪ ਪੁਰਾਣ ਵੀ ਮੰਨੇ ਗਏ ਹਨ—ਦੇਵੀ ਭਾਗਵਤ, ਸਨਤ ਕੁਮਾਰ, ਨਾਰਦੀਯ, ਨਾਰ ਸਿੰਘ, ਦੁਰਵਾਸਾ, ਕਪਿਲ, ਮਾਨਵ, ਔਸ਼ਨਸ, ਵਰੁਣ, ਕਾਲਿਕ, ਸ਼ਾਂਬ, ਨੰਦਾ, ਸ਼ੌਰ, ਪਾਰਾਸ਼ਰ, ਆਦਿਤਯ, ਮਾਹੇਸ਼ਵਰ, ਭਾਰਗਵ ਤੇ ਵਾਸ਼ਿਸ਼ਠ।

ਦਸ ਅਠ ਪੁਰਾਣ ਤੀਰਥ ਰਸ ਕੀਆ

(ਗੋਂਡ ਕਬੀਰ, ਪੰਨਾ ੮੭੨)

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ
ਕੀਨੇ ਰਾਮ ਨਾਮ ਇਕ ਆਖਰ।

(ਗਉੜੀ ਸੁਖਮਨੀ ੫, ਪੰਨਾ ੨੬੨)

**ਅਥਰਵ**—ਦੇਖੋ ਚਾਰ ਵੇਦ

## ਅਨਹਤ ਨਾਦ

ਜੋ ਦੋ ਯਾ ਦੋ ਤੋਂ ਵਧ ਚੀਜ਼ਾਂ ਦੇ ਵਜਣ ਤੋਂ ਧੁਨਿ ਪੈਦਾ ਹੋਵੇ ਉਹ ਆਹਤ ਨਾਦ; ਜੋ ਬਿਨਾ ਕਿਸੇ ਚੀਜ਼ ਦੇ ਟਕਰਾਉ ਦੇ ਪੈਦਾ ਹੋਵੇ, ਅਨਾਹਤ ਨਾਦ ਹੈ। ਜਦੋਂ ਯੋਗੀ ਪ੍ਰਾਣਾਯਾਮ ਦੁਆਰਾ ਕੁੰਡਲਨੀ ਨੂੰ ਜਗਾ ਲੈਂਦੇ ਹਨ ਤਾਂ ਉਹ ਉਪਰ ਨੂੰ ਉਠਦੀ ਹੈ, ਉਸ ਦੇ ਉਭਾਰ-ਨਾਲ ਇਕ ਆਵਾਜ਼ ਪੈਦਾ ਹੁੰਦੀ ਹੈ ਜੋ ਕੇਵਲ ਯੋਗ ਨੂੰ ਹੀ ਸੁਣਾਈ ਦਿੰਦੀ ਹੈ। ਯੋਗ ਮਤ ਅਨੁਸਾਰ ਸਰੀਰ ਵਿਚ ਛੇ ਚੱਕ੍ਰ ਮੰਨੇ ਗਏ ਹਨ ਮੂਲਾਧਾਰ, ਸ੍ਵਾਧਿਸ਼-ਠਾਨ, ਮਣਿਪੂਰ, ਅਨਾਹਤ, ਵਿਸ਼ੁੱਧ ਤੇ ਆਗਿਆ ਚਕ੍ਰ। ਜਦੋਂ ਸੁਖਮਨਾ ਤੋਂ ਕੁੰਡਲਨੀ ਉਭਰ ਕੇ ਅਨਾਹਤ ਚੱਕ੍ਰ ਵਿਚ ਪਹੁੰਚਦੀ ਹੈ ਤਾਂ ਇਹ ਅਵਾਜ਼ ਸੁਣਾਈ ਦਿੰਦੀ ਹੈ, ਇਸੇ ਕਰਕੇ ਇਸ ਨੂੰ ਅਨਾਹਤ ਨਾਦ ਕਿਹਾ ਜਾਂਦਾ ਹੈ। ਅਨੁਭਵੀ ਲੋਕਾਂ ਦਾ ਵਿਚਾਰ ਹੈ ਕਿ ਪਹਿਲੇ ਇਹ ਧੁਨੀ ਸਮੁੰਦਰੀ ਗੜ-ਗੜਾਹਟ ਯਾ ਬੱਦਲਾਂ ਦੀ ਗਰਜ ਵਾਂਙ ਹੁੰਦੀ ਹੈ, ਫਿਰ ਸੰਖ ਘੰਟਿਆਂ ਵਰਗੀ ਤੇ ਅਖੀਰ ਬੰਸਰੀ ਯਾ ਬੀਣਾ ਵਰਗੀ ਸੁਣਾਈ ਦਿੰਦੀ ਹੈ। ਦਰਅਸਲ ਇਹ ਨਾੜੀਆਂ ਵਿਚ ਸਵਾਸਾਂ ਦੀ ਰਗੜ ਨਾਲ ਪੈਦਾ ਹੋਈ ਅੰਦਰਲੀ ਧੁਨਿ ਹੈ ਜੋ ਏਕਾਗਰ ਹੋਕੇ ਸੁਣੀ ਜਾ ਸਕਦੀ ਹੈ ਪਰ ਯੋਗ ਮਤ ਵੀ ਇਸ ਨੂੰ ਆਖਰੀ ਪੜਾ ਨਹੀਂ ਮੰਨਦਾ। ਹਠਯੋਗ ਪ੍ਰਦੀਪਿਕਾ (ਚੌਥਾ ਉਪਦੇਸ, ਸਲੋਕ ੧੦੬-੭) ਅਨੁਸਾਰ 'ਜਦ ਤਕ ਅਨਾਹਤ ਸ਼ਬਦ ਸੁਣੀਂਦਾ ਹੈ, ਅਕਾਸ਼ ਦਾ ਸੰਕਲਪ ਰਹਿੰਦਾ ਹੈ, ਸ਼ਬਦ ਰਹਿਤ ਨੂੰ ਪਾਰਬ੍ਰਹਮ ਤੇ ਪਰਮਾਤਮਾ ਕਹਿੰਦੇ ਹਨ। ਜੋ ਕੁਝ ਨਾਦ ਦੇ ਰੂਪ ਵਿਚ ਸੁਣੀਂਦਾ ਹੈ, ਉਹ ਸ਼ਕਤੀ ਹੈ। ਜਿਥੇ ਤੱਤਾਂ ਦਾ ਅੰਤ ਹੈ, ਉਹ ਨਿਰਾਕਾਰ ਹੈ, ਉਹੋ ਹੀ ਪਰਮੇਸਰ ਹੈ।'

ਗੁਰਬਾਣੀ ਨੇ ਆਤਮਾ ਦੇ ਪਰਮਾਤਮਾ ਨਾਲ ਮੇਲ ਦੇ ਅਨੰਦ ਨੂੰ 'ਅਨਹਦ ਨਾਦ' ਕਹਿਕੇ ਗਾਇਆ ਹੈ ਪਰ ਇਸ ਦਾ ਭਾਵ ਯੋਗੀਆਂ ਵਾਲਾ ਨਹੀਂ। ਇਹ ਕੇਵਲ ਪੁਰਾਣਾ ਸੰਕੇਤ ਵਰਤਕੇ ਅਸਚਰਜਮਈ ਰਹੱਸਾਤਮਕ ਅਵਸਥਾ ਨੂੰ ਪਰਗਟਾਉਣ ਹਿਤ ਕਿਹਾ ਗਿਆ ਹੈ :

ਸੁੰਨ ਸਮਾਧਿ ਅਨਹਤ ਤਹ ਨਾਦ। ਕਹਨੁ ਨ ਜਾਈ ਅਚਰਜ ਬਿਸਮਾਦੁ।

(ਗਉੜੀ ਸੁਖਮਨੀ ੫, ੨੯੩)

ਬਿਨਵੰਤਿ ਨਾਨਕ ਗੁਰਚਰਣ ਲਾਗੇ
ਬਾਜੇ ਅਨਹਦ ਤੂਰੇ।

(ਰਾਮਕਲੀ ਅਨੰਦ ੩, ਪੰਨਾ ੯੨੨)

## ਅਨੰਦ-(ਬਾਣੀ)

ਗੁਰੂ ਅਮਰਦਾਸ ਰਚਿਤ ਰਾਮਕਲੀ ਰਾਗ ਵਿਚ ਉਚਾਰੀ ਇਕ ਬਾਣੀ ਜਿਸ ਦੀਆਂ ੪੦ ਪਉੜੀਆਂ ਹਨ। ਸਿਖ ਇਤਿਹਾਸ ਦੀ ਰਵਾਇਤ ਇਹ ਹੈ ਕਿ ਇਹ ਬਾਣੀ ਗੁਰੂ ਸਾਹਿਬ ਨੇ ੧੫੫੪ ਵਿਚ ਆਪਣੇ ਪੋਤਰੇ ਅਨੰਦ ਜੀ ਨੂੰ ਸਿਖਿਆ ਦੇਣ ਲਈ ਉਚਾਰੀ ਸੀ, ਹੋ ਸਕਦਾ ਹੈ ਅਜੇਹਾ ਹੀ ਹੋਵੇ। ਇਸ ਛੋਟੀ ਜੇਹੀ ਰਚਨਾ ਵਿਚ ਗੁਰੂ ਸਾਹਿਬ ਨੇ ਅਨੰਦ ਦੀ ਪ੍ਰਾਪਤੀ ਦਾ ਮਾਰਗ ਸਮਝਾਇਆ ਅਤੇ ਸਤਿਗੁਰੂ ਦੁਆਰਾ ਸਹਿਜ ਪਦ ਤੇ ਪਹੁੰਚਣ ਦਾ ਰਸਤਾ ਦੱਸਿਆ ਹੈ। ਪਰ ਨਾਲ ਹੀ ਇਸ ਸਰੀਰ, ਮਨ, ਨੇਤ੍ਰ, ਸ੍ਰਵਣ ਆਦਿ ਅੰਗਾਂ ਨੂੰ ਵੀ ਤਾਕੀਦ ਕੀਤੀ ਗਈ ਹੈ ਕਿ ਇਹ ਪ੍ਰਭੂ ਨਾਲ ਆਪਣੇ ਆਪ ਨੂੰ ਇਕ ਸੁਰ ਕਰਨ ਤਾਂ ਹੀ ਸੱਚੇ ਅਨੰਦ ਦੀ ਪ੍ਰਾਪਤੀ ਸੰਭਵ ਹੈ। ਅੰਤ ਦਾ ਵਾਕ ਹੈ :

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ।
ਪਾਰਬ੍ਰਹਮੁ ਪ੍ਰਭੁ ਪਾਇਆ, ਉਤਰੇ ਸਗਲ ਵਿਸੂਰੇ।

(ਰਾਮਕਲੀ ਅਨੰਦ ੩, ਪੰਨਾ ੯੨੨)

## ਅਪਸਰਾ

ਇੰਦ੍ਰ ਦੇਵਤੇ ਦੇ ਦਰਬਾਰੀ ਗਵੱਈਏ 'ਗੰਧਰਬ' ਹਨ। ਇਨ੍ਹਾਂ ਗਵੱਈਆਂ ਦੀਆਂ ਗਾਇਕਾ ਨਾਇਕਾਵਾਂ-ਅਪਸਰਾਂ ਕਹਾਉਂਦੀਆਂ ਹਨ ਜੋ ਅਤਿ ਸੁੰਦਰ ਹੋਣ ਕਰਕੇ ਇੰਦ੍ਰ ਸਭਾ ਦਾ ਸ਼ਿੰਗਾਰ ਮੰਨੀਆਂ ਜਾਂਦੀਆਂ ਹਨ। ਜਦੋਂ ਕੋਈ ਮਹਾਂ ਰਿਸ਼ੀ ਆਪਣੇ 'ਸਤ' ਦੇ ਪ੍ਰਤਾਪ ਨਾਲ ਉਚ ਪਦਵੀ ਉਤੇ ਪਹੁੰਚ ਰਿਹਾ ਹੋਵੇ ਉਸ ਸਮੇਂ ਦੇਵਤਿਆਂ ਦੇ ਰਾਜੇ ਇੰਦ੍ਰ ਦਾ ਸਿੰਘਾਸਨ ਡੋਲਣ ਲਗ ਪੈਂਦਾ ਹੈ। ਇੰਦ੍ਰ ਆਪਣੀ ਪ੍ਰਭੁਸੱਤਾ ਨੂੰ ਬਰਕਰਾਰ ਰੱਖਣ ਲਈ ਕਿਸੇ ਅਪਸਰਾ ਨੂੰ ਰਿਸ਼ੀ ਦਾ 'ਸਤ' ਭੰਗ ਕਰਨ ਲਈ ਭੇਜਦਾ ਹੈ। ਸੁੰਦਰ ਅਪਸਰਾ ਉਤੇ ਰਿਸ਼ੀ ਦਾ ਮਨ ਰੀਝ ਜਾਂਦਾ ਹੈ ਅਤੇ ਉਸ ਦਾ ਤਪ ਭੰਗ ਹੋ ਜਾਂਦਾ ਹੈ ਤੇ ਇੰਦ੍ਰ ਦਾ ਸਿੰਘਾਸਨ ਅਤੇ ਸ਼ਾਨ ਸਥਿਰ ਬਣੇ ਰਹਿੰਦੇ ਹਨ।

ਭਾਰਤੀ ਸਾਹਿਤ ਵਿਚ ਉਰਵਸ਼ੀ, ਰੰਭਾ, ਮੇਨਕਾ ਆਦਿ ਅਪਸਰਾਂ ਦੇ ਨਾਮ ਪ੍ਰਸਿੱਧ ਹਨ।

ਗੁਰਬਾਣੀ ਵਿਚ ਇਨ੍ਹਾਂ ਨੂੰ ਇੰਦ੍ਰ ਸਭਾ ਦੀਆਂ ਗਾਇਕਾ ਨਾਰੀਆਂ ਦੇ ਤੌਰ ਤੇ ਵਰਨਣ ਕੀਤਾ ਗਿਆ ਹੈ :—

ਪ੍ਰਿਆ ਕੀ ਸੋਭ ਸੁਹਾਵਨੀ ਨੀਕੀ
ਹਾਹਾ ਹੂਹੂ ਗੰਧ੍ਰਬ ਅਪਸਰਾ
ਅਨੰਦ ਮੰਗਲ ਰਸ ਗਾਵਨੀ ਨੀਕੀ।

(ਮਲਾਰ ੫, ਪੰਨਾ ੧੨੭੨)

## ਅਪਰਸ

ਅਜੇਹਾ ਸੋਧੀ ਬ੍ਰਾਹਮਣ ਜੋ ਕਿਸੇ ਨੂੰ ਸਪਰਸ਼ ਕਰਨਾ ਯਾ ਛੂਹਣਾ ਤਕ ਪਸੰਦ ਨਾ ਕਰੇ, ਆਮ ਧਾਤਾਂ ਦੇ ਭਾਂਡਿਆਂ ਨੂੰ ਹੱਥ ਨ ਲਾਵੇ, ਦੂਜੇ ਦਾ ਪੱਕਿਆ ਨਾ ਖਾਵੇ ਅਤੇ ਆਪ ਹੀ ਚੌਂਕਾ ਪੋ ਸਵਾਰ ਕੇ ਪਕਾ ਕੇ ਖਾਵੇ, ਉਹ 'ਅਪਰਸ' ਕਹਾਉਂਦਾ ਹੈ।

ਗੁਰਬਾਣੀ ਵਿਚ ਅਜੇਹੀ ਸੁੱਚ ਭਿਟ ਰਖਣ ਵਾਲੇ ਵਹਿਮੀ ਦੀ ਨਿਖੇਧੀ ਕਰਦਿਆਂ ਸੱਚੇ ਅਪਰਸ ਦੇ ਲੱਛਣ ਇਉਂ ਕੀਤੇ ਹਨ ਕਿ ਜੋ ਝੂਠ ਨ ਬੋਲੇ, ਪਰਾਇਆ ਰੂਪ ਨ ਤੱਕੇ, ਨਿੰਦਾ ਨ ਕਰੇ ਤੇ ਮਨ ਦੀ ਵਾਸਨਾ ਤੇ ਕਾਬੂ ਪਾ ਕੇ ਪੰਜਾਂ ਵਿਕਾਰਾਂ ਤੋਂ ਬਚ ਕੇ ਰਹੇ।

ਮਿਥਿਆ ਨਾਹੀ ਰਸਨਾ ਪਰਸ ।ਮਨ ਮਹਿ ਪ੍ਰੀਤਿ ਨਿਰੰਜਨ ਦਰਸ
ਪਰਤ੍ਰਿਅ ਰੂਪੁ ਨ ਪੇਖੈ ਨੇਤ੍ਰ ।ਸਾਧ ਕੀ ਟਹਲ ਸੰਤਸੰਗਿ ਹੇਤ
ਕਰਨ ਨ ਸੁਨੈ ਕਾਹੂ ਕੀ ਨਿੰਦਾ ।ਸਭ ਤੇ ਜਾਨੈ ਆਪਸ ਕਉ ਮੰਦਾ
ਗੁਰਪ੍ਰਸਾਦਿ ਬਿਖਿਆ ਪਰਹਰੈ ।ਮਨ ਕੀ ਬਾਸਨਾ ਮਨ ਤੇ ਟਰੈ
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ।ਨਾਨਕ ਕੋਟਿ ਮਧੇ ਕੋ ਐਸਾ ਅਪਰਸ ।

(ਗਉੜੀ ਸੁਖਮਨੀ ੫, ਪੰਨਾ ੨੭੪)

## ਅਬਦਾਲ

ਅਬਦਾਲ ਸ਼ਬਦ ਬਦਲ ਦਾ ਬਹੁਵਚਨ ਤੇ ਇਸ ਦਾ ਅਰਥ ਤਬਦੀਲ ਹੋਣ ਵਾਲਾ ਹੈ। ਭਾਵ ਉਹ ਵਿਅਕਤੀ ਜੋ ਜਗਤ ਦੇ ਵਜੂਦ ਤੋਂ ਲੈ ਕੇ ਆਪਣੀ ਥਾਂ ਕਿਸੇ ਦੂਜੇ ਉਤਰਾਧਿਕਾਰੀ ਨੂੰ ਬਦਲਦੇ ਚਲੇ ਜਾਂਦੇ ਹਨ।

ਸਾਮੀ, ਮਤ (ਇਸਲਾਮ) ਵਿਚ ਇਕ ਖਿਆਲ ਹੈ ਕਿ ਇਸ ਜਗਤ ਉਤੇ ਕੁਝ ਅਜਿਹੇ ਵਿਅਕਤੀ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਪਰਮਾਤਮਾ ਦੁਨੀਆਂ ਦੀ ਹੋਂਦ ਨੂੰ ਬਰਕਰਾਰ ਰਖਦਾ ਹੈ। ਕਈ ਥਾਈਂ ਇਨ੍ਹਾਂ ਵਿਅਕਤੀਆਂ ਦੀ ਗਿਣਤੀ ਬੇਅੰਤ ਦਸੀ ਗਈ ਹੈ ਅਤੇ ਕਈ ਪੁਸਤਕਾਂ ਅਨੁਸਾਰ ਇਹ ਗਿਣਤੀ ੭੦ ਹੈ ਜਿਨ੍ਹਾਂ ਵਿਚੋਂ ੪੦ ਸ਼ਾਮ ਦੇਸ ਵਿਚ ਅਤੇ ਬਾਕੀ ੩੦ ਜਗਤ ਦੇ ਦੂਜੇ ਭਾਗਾਂ ਵਿਚ ਰਹਿੰਦੇ ਹਨ। ਜਦੋਂ ਇਨ੍ਹਾਂ ਸ੍ਰੇਸ਼ਟ ਵਿਅਕਤੀਆਂ ਵਿਚੋਂ ਕਿਸੇ ਇਕ ਦੀ ਮ੍ਰਿਤੂ ਹੋ ਜਾਂਦੀ ਹੈ ਤਾਂ ਬਾਕੀ ਦੀ ਮਨੁਖ ਜਾਤਿ ਵਿਚੋਂ ਕਿਸੇ ਸ੍ਰੇਸ਼ਟ ਵਿਅਕਤੀ ਨੂੰ ਚੁਣ ਕੇ ਇਹ ਪਦਵੀ ਥਾਂ ਦਿਤੀ ਜਾਂਦੀ ਹੈ। ਇਸ ਕਿਸਮ ਦੇ ਲੋਕ ਅਬਦਾਲ ਕਹੇ ਜਾਂਦੇ ਹਨ।

ਪਿਛੋਂ ਇਹ ਸ਼ਬਦ ਸਾਧੂ, ਸੰਤਾਂ, ਵਲੀ, ਫਕੀਰਾਂ ਆਦਿ ਲਈ ਵੀ ਵਰਤਿਆ ਜਾਂਦਾ ਰਿਹਾ ਹੈ—

ਆਉ ਕਲੰਦਰ ਕੇਸਵਾ ।ਕਰਿ ਅਬਦਾਲੀ ਭੇਸਵਾ ।ਰਹਾਉ ।੧।

(ਭੈਰਉ ਨਾਮਦੇਵ, ਪੰਨਾ ੧੧੬੭)

ਸਰਾ ਸਰੀਅਤਿ ਲੇ ਕੰਮਾਵਹੁ ।ਤਰੀਕਤਿ ਤਰਕ ਖੋਜਿ ਟੋਲਾਵਹੁ ।
ਮਾਰਫਤਿ ਮਨੁ ਮਾਰਹੁ ਅਬਦਾਲਾ, ਮਿਲਹੁ ਹਕੀਕਤ ਜਿਤੁ ਫਿਰਿ ਨ ਮਰਾ ।੩।

(ਮਾਰੂ ੫, ਪੰਨਾ ੧੦੮੩)

**ਅਠਾਰਹ ਸਿਧੀ**—ਦੇਖੋ ਸਿਧਿ

### ਅਭੀਚ

ਜੋਤਿਸ਼ ਸ਼ਾਸਤ੍ਰ ਅਨੁਸਾਰ ੨੭ ਨਛੱਤਰਾਂ ਵਿਚੋਂ ਇਕ ਉਤਰਾਖਾੜਾ ਨਛੱਤਰ ਹੈ, ਇਸਦੇ ਚਾਰ ਭਾਗ ਤੇ ਦੂਜੇ, ਸ੍ਰਵਣ ਨਛਤਰ ਦੀਆਂ ਪਹਿਲੀਆਂ ਚਾਰੇ ਕਲਾ ਮਿਲਣ ਤੇ ਉਤਮ ਲਗਨ ਮੰਨਿਆ ਗਿਆ ਹੈ। ਖਿਆਲ ਹੈ ਇਸ ਸਮੇਂ ਸਨਮੁਖ ਹੋ ਕੇ ਵੈਰੀ ਉਤੇ ਵਿਜਯ ਸੌਖਿਆਂ ਪਾਈ ਜਾ ਸਕਦੀ ਹੈ। ਇਸ ਕਰਕੇ ਇਸਨੂੰ 'ਅਭਿਜਿਤ' ਕਹਿੰਦੇ ਹਨ। ਇਸ ਅਭਿਜਿਤ ਦਾ ਬਦਲਿਆ ਰੂਪ ਹੀ 'ਅਭੀਚ' ਹੈ।

ਗੁਰੂ ਅਮਰਦਾਸ ੧੫੫੩ ਈ: ਵਿਚ ਅਭੀਚ ਪੁਰਬ ਸਮੇਂ ਤੀਰਥ-ਯਾਤਰਾ ਤੇ ਗਏ ਸਨ, ਇਸਦਾ ਹਾਲ ਚੌਥੇ ਗੁਰੂ ਨੇ ਅੰਕਿਤ ਕੀਤਾ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਗੁਰੂ ਦਾ ਦਰਸ਼ਨ ਹੀ ਸਾਡੇ ਲਈ 'ਅਭੀਚ' ਪੁਰਬ ਹੈ, ਜਿਸਦਾ ਬਹੁਤ ਪੁੰਨ ਹੈ :

ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ।

(ਤੁਖਾਰੀ ਛੰਤ ੪, ਪੰਨਾ ੧੧੧੬)

### ਅਮਰਦਾਸ (ਗੁਰੂ)

ਗੁਰੂ ਨਾਨਕ-ਗੱਦੀ ਉਤੇ ਬੈਠਣ ਵਾਲੇ ਤੀਜੇ ਗੁਰੂ ਅਮਰਦਾਸ ਜਨ। ਆਪ ਦਾ ਜਨਮ ੫ ਮਈ, ੧੪੭੯ ਈ. ਨੂੰ ਪਿੰਡ ਬਾਸਰਕੇ, ਜ਼ਿਲਾ ਅੰਮ੍ਰਿਤਸਰ, ਭੱਲਾ ਬੰਸ ਵਿਚ ਭਾਈ ਤੇਜੋ ਦੇ ਘਰ ਮਾਤਾ ਲੱਖੋ ਦੀ ਕੁੱਖੋਂ ਹੋਇਆ। ਪਹਿਲੇ ਵੈਸ਼ਣਵ ਵਿਚਾਰਾਂ ਦੇ ਸਨ ਤੇ ਕਈ ਵਾਰ ਤੀਰਥ ਯਾਤਰਾ ਕਰ ਚੁਕੇ ਸਨ। ਗੁਰੂ ਅੰਗਦ ਦੇਵ ਜੀ ਸਪੁੱਤਰੀ ਬੀਬੀ ਅਮਰੋ, ਜੋ ਆਪਦੇ ਭਤੀਜੇ ਨੂੰ ਵਿਆਹੀ ਹੋਈ ਸੀ, ਉਸ ਤੋਂ ਗੁਰਬਾਣੀ ਸੁਣਕੇ ਗੁਰੂ ਘਰ ਦਾ ਪਿਆਰ ਜਾਗਿਆ ਤੇ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਆਏ। ਲੰਗਰ ਦੀ ਸੇਵਾ ਕਰਨਾ ਤੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਲਿਆਉਣਾ ਆਪਦਾ ਨਿਤ ਕਰਮ ਸੀ। ਇਸ ਕਰੜੀ ਘਾਲ ਤੋਂ ਪ੍ਰਸੰਨ ਹੋ ਕੇ ੧੫੫੨ ਈ: ਵਿਚ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਿਆਈ ਸੌਂਪੀ।

ਗੁਰ-ਗੱਦੀ ਤੇ ਬੈਠਦਿਆਂ ਆਪ ਨੇ ਗੋਇੰਦਵਾਲ ਨੂੰ ਕੇਂਦਰ ਬਣਾਇਆ ਤੇ ਪ੍ਰਚਾਰ ਲਈ ੨੨ ਮੰਜੀਆਂ ਸਥਾਪਤ ਕੀਤੀਆਂ। ਬਾਉਲੀ ਤਿਆਰ ਕਰਵਾਈ, ਵਿਸਾਖੀ ਦੇ ਮੌਕੇ ਤੇ ਸਾਲਾਨਾ ਜੋੜ ਮੇਲ ਕਰਨ ਦੀ ਰੀਤਿ ਚਲਾਈ। ਮਨੁੱਖੀ ਸਾਂਝ ਨੂੰ ਪੱਕਿਆਂ ਕਰਨ ਲਈ ਸਾਂਝੇ ਲੰਗਰ ਉਤੇ ਜ਼ੋਰ ਦਿਤਾ, ਇਥੋਂ ਤਕ ਹਦਾਇਤ ਕੀਤੀ ਕਿ ਕੋਈ ਆਦਮੀ ਲੰਗਰ ਵਿਚੋਂ ਭੋਜਨ ਖਾਏ ਬਿਨਾ ਦਰਸ਼ਨ ਲਈ ਨ ਆਵੇ। ਇਸ ਤੋਂ ਬਿਨਾਂ ਸਿਖਾਂ ਵਿਚੋਂ ਪੜਦੇ ਤੇ ਸਤੀ ਹੋਣ ਦੀ ਰਸਮ ਰੀਤਿ ਨੂੰ ਬੰਦ ਕੀਤਾ। ਆਪ ਨੇ ਪੁਤਰ ਮੋਹਨ ਤੇ ਮੋਹਰੀ ਅਤੇ ਪੋਤਰਿਆਂ ਪਾਸੋਂ ਗੁਰਬਾਣੀ ਦੀਆਂ ਸੈਂਚੀਆਂ ਲਿਖਾਉਣ ਦਾ ਉਚਚਾ ਕਾਰਜ ਕੀਤਾ। ਆਪ ਨੇ ਜੋ ਖੁਦ ਬਾਣੀ ਰਚੀ, ਉਹ ੧੭ ਰਾਗਾਂ ਵਿਚ ੯੦੭

ਸ਼ਬਦ ਹਨ ਤੇ ਇਸ ਵਿਚੋਂ 'ਅਨੰਦ' ਬਾਣੀ ਵਧੇਰੇ ਪ੍ਰਸਿਧ ਹੈ। ੧ ਸਤੰਬਰ ੧੫੭੪ ਈ. ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ। ਭੱਲਜ਼ ਭੱਟ ਲਿਖਦਾ ਹੈ:—

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ।

(ਸਵਈਏ ਮਹਲੇ ਤੀਜ ਕੇ, ਪੰਨਾ ੧੩੯੬)

**ਅਮਰਾ ਪਦ**—ਦੇਖੋ ਚਉਥਾ ਪਦ

## ਅਰਜਨ

ਰਾਜਾ ਪਾਂਡੂ ਦੀ ਇਸਤਰੀ ਕੁੰਤੀ ਦੇ ਪੇਟ ਤੋਂ ਪੈਦਾ ਹੋਣ ਵਾਲਾ ਪੰਜਾਂ ਪਾਂਡਵਾਂ ਵਿਚੋਂ ਵਿਚਕਾਰਲਾ ਭਾਈ, ਅਰਜਨ ਇਕ ਬੀਰ ਬਹਾਦਰ ਪੁਰਸ਼ ਹੋਇਆ ਹੈ। ਇਹ ਧਨੁਸ਼ ਵਿਦਿਆ ਤੇ ਤੀਰੰਦਾਜ਼ੀ ਵਿਚ ਬੜਾ ਪ੍ਰਬੀਨ ਸੀ, ਇਨ ਵਿਦਿਆ ਦੇ ਅਨੋਖੇ ਕਮਾਲ ਨਾਲ ਹੀ ਇਸਨੇ ਮੱਛੀ ਦੀ ਅੱਖ ਦੀ ਛਾਇਆ, ਤੇਲ ਦੇ ਕੜਾਹੇ ਵਿਚ ਤੱਕ ਕੇ ਉਸਦਾ ਨਿਸ਼ਾਨਾ ਫੁੰਡਿਆ ਤੇ ਰਾਜੇ ਦ੍ਰੋਪਦ ਦੀ ਬੇਟੀ ਦ੍ਰੋਪਦੀ ਨੂੰ ਸ੍ਵੰਵਰ ਵਿਚ ਹਾਸਲ ਕੀਤਾ ਸੀ। ਮਹਾਂ ਭਾਰਤ ਦੀ ਜੰਗ ਸਮੇਂ ਇਹ ਆਪਣੇ ਹੀ ਸਾਕ ਸੰਬੰਧੀਆਂ ਨੂੰ ਲੜਨ ਆਏ ਦੇਖਕੇ ਹਥਿਆਰ ਸੁੱਟ ਬੈਠਾ ਤੇ ਸ੍ਰੀ ਕ੍ਰਿਸ਼ਨ ਜੀ ਨੇ ਇਸਨੂੰ ਕਰਤੱਵ ਪਾਲਣਾ ਦੀ ਸਿਖਿਆ ਦੇ ਕੇ ਮੁੜ ਸਾਵਧਾਨ ਕੀਤਾ। ਇਉਂ ਅਰਜਨ 'ਗੀਤਾ ਗਿਆਨ' ਦਾ ਸਾਧਨ ਬਣਿਆ। ਜਦੋਂ ਅਸ਼ਵਮੇਧ ਕਰਨ ਲਈ ਯੁਧਿਸ਼ਟਰ ਨੇ ਘੋੜਾ ਛੱਡਿਆ ਤਾਂ ਅਰਜਨ ਇਸ ਘੋੜੇ ਦੇ ਨਾਲ ਨਾਲ ਰਿਹਾ ਤੇ ਕਈ ਥਾਂ ਜੰਗ-ਜੁਧ ਕਰਕੇ ਰੁਕਾਵਟਾਂ ਦੂਰ ਕੀਤੀਆਂ ਤੇ ਯੱਗ ਨੂੰ ਸਫਲ ਬਣਾਇਆ।

ਬਾਕੀ ਪਾਂਡਵ ਭਰਾਵਾਂ ਨਾਲ ਇਸਨੇ ਬਾਰਾਂ ਸਾਲ ਬਨਵਾਸ ਕੱਟਿਆ। ਇਸ ਸਮੇਂ ਇਹ ਰਾਜੇ ਵਿਰਾਟ ਦੇ ਘਰ ਰਿਹਾ। ਇਸੇ ਮੌਕੇ ਰਾਜਕੁਮਾਰੀ ਉਲੂਪੀ ਨਾਲ ਇਸਦੀ ਸ਼ਾਦੀ ਹੋਈ ਜਿਸ ਤੋਂ ਇਰਾਵਤ ਪੈਦਾ ਹੋਇਆ। ਮਣੀਪੁਰ ਦੀ ਰਾਜਕੁਮਾਰੀ ਚਿਤ੍ਰਾਂਗਦਾ ਨਾਲ ਵੀ ਇਸਦੀ ਸ਼ਾਦੀ ਹੋਈ, ਇਸਤੋਂ ਬਬਰੂ ਵਾਹਨ ਪੁੱਤਰ ਜਨਮਿਆ। ਕ੍ਰਿਸ਼ਨ ਦੀ ਭੈਣ ਸੁਭਦ੍ਰਾ ਵੀ ਅਰਜਨ ਨੂੰ ਵਿਆਹੀ ਹੋਈ ਸੀ, ਇਸ ਤੋਂ ਅਭਿਮਨਯੂ ਦਾ ਜਨਮ ਹੋਇਆ ਜੋ ਕਿ ਆਪਣੇ ਪਿਤਾ ਵਾਂਗ ਬੜਾ ਬਹਾਦਰ ਸੀ, ਅਜ ਵੀ ਅਰਜਨ ਦੀ ਮਿਸਾਲ ਬਹਾਦਰੀ ਲਈ ਆਮ ਦਿਤੀ ਜਾਂਦੀ ਹੈ। ਭੱਟ, ਗੁਰੂ ਅਰਜਨ ਸਾਹਿਬ ਦੀ ਅਡੋਲਤਾ ਤੇ ਦ੍ਰਿੜ੍ਹਤਾ ਦੀ ਉਸਤਤਿ ਕਰਦਾ ਪਾਰਥ (ਅਰਜਨ) ਨਾਲ ਤਸ਼ਬੀਹ ਦਿੰਦਾ ਹੈ—

ਗੁਰੂ ਅਰਜਨ ਪੁਰਖੁ ਪ੍ਰਮਾਣੁ, ਪਾਰਥਉ ਚਾਲੈ ਨਹੀਂ।

(ਸਵਈਏ ਮਹਲੇ ਪੰਜਵੇਂ ਕੇ)

ਜਾਂਚੈ ਘਰਿ ਨਿਕਟਿਵਰਤੀ ਅਰਜਨੁ ਧਰੂ ਪ੍ਰਹਿਲਾਦੁ ਅੰਬਰੀਕੁ
ਨਾਰਦ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ

(ਮਲਾਰ ਨਾਮਦੇਉ, ਪੰਨਾ, ੧੨੯੨)

## ਅਰਜਨ ਦੇਵ (ਗੁਰੂ)

ਗੁਰੂ-ਨਾਨਕ-ਗੱਦੀ ਉਤੇ ਬਿਰਾਜਣ ਵਾਲੇ ਪੰਚਮ ਗੁਰੂ ਅਰਜਨ ਦੇਵ ਸਨ, ਆਪ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਦੀ ਕੁੱਖੋਂ ੧੫ ਅਪਰੈਲ ੧੫੬੩ ਈ: ਨੂੰ ਗੋਇੰਦਵਾਲ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਮੁੱਢ ਤੋਂ ਹੀ ਸਾਹਿਤ ਤੇ ਸੰਗੀਤ ਦਾ ਸ਼ੋਕ ਸੀ ਜੋ ਗੁਰੂ ਪਿਤਾ ਦੀ ਨਿਗਰਾਨੀ ਹੇਠ ਪ੍ਰਫੁਲਤ ਹੋਇਆ। ਨਾਨਾ ਗੁਰੂ ਅਮਰਦਾਸ ਜੀ ਦੀ ਦੂਰ ਦ੍ਰਿਸ਼ਟੀ ਬਾਲ ਸ਼ਖਸ਼ੀਅਤ ਵਿਚ ਹੀ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਰੂਪ ਤੱਕ ਰਹੀ ਸੀ। ੧ ਸਤੰਬਰ ੧੫੮੧ ਈ. ਨੂੰ ਗੁਰਗੱਦੀ ਉਤੇ ਬੈਠੇ ਤੇ ਸਿਖ ਸੰਗਠਨ ਨੂੰ ਮਜ਼ਬੂਤ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ। ਸਾਈਂ ਮੀਆਂ ਮੀਰ ਹੱਥੋਂ ਹਰਿ-ਮੰਦਰ ਦੀ ਬੁਨਿਆਦ ਰਖਾਈ, ੩੦-੩੫ ਮਹਾਂਪੁਰਸ਼ਾਂ ਦੀ ਬਾਣੀ ਸੰਚਿਤ ਕਰਕੇ ਆਦਿ ਗ੍ਰੰਥ ਦੀ ਬੀੜ ਤਿਆਰ ਕਰਵਾਈ। ਲੋਕ ਭਲਾਈ ਲਈ ਕਈ ਸਰੋਵਰ, ਬਾਉਲੀਆਂ, ਖੂਹ ਲਵਾਏ, ਤਰਨਤਾਰਨ ਤੇ ਕਰਤਾਰਪੁਰ ਵਰਗੀਆਂ ਵਸਤੀਆਂ ਆਬਾਦ ਕੀਤੀਆਂ। ਸਿਖਾਂ ਨੂੰ, ਕਾਬਲ ਤੇ ਬਲਖ ਬੁਖਾਰੇ ਤਕ ਵਾਪਾਰ ਲਈ ਪ੍ਰੇਰਿਆ, ਮਸੰਦ-ਪ੍ਰਣਾਲੀ ਨੂੰ ਮਜ਼ਬੂਤ ਕਰਕੇ ਪਰਚਾਰ ਦਾ ਖੇਤਰ ਵਧਾਇਆ, ਸਿਖਾਂ ਨੂੰ ਕੀਰਤਨ ਦਾ ਹੁਨਰ ਸਿਖਾਇਆ, ਪਹਿਲੇ ਆਮ ਤੋਰ ਤੇ ਰਬਾਬੀ ਹੀ ਕੀਤਤਨ ਕਰਿਆ ਕਰਦੇ ਸਨ। ਅਜੇਹੇ ਲੋਕ-ਸੇਵਾ ਦੇ ਪ੍ਰਗਤੀ-ਸ਼ੀਲ ਕੰਮਾਂ ਦਾ ਪ੍ਰਭਾਵ ਸੀ ਕਿ ਅਕਬਰਨਾਮੇ ਦੀ ਲਿਖਤ ਅਨੁਸਾਰ ਬਾਦਸ਼ਾਹ ਅਕਬਰ ੨੪ ਨਵੰਬਰ ੧੫੯੮ ਈ. ਨੂੰ ਕਰਤਾਰਪੁਰ ਦੇ ਮੁਕਾਮ ਤੇ ਆਪਨੂੰ ਮਿਲਣ ਆਇਆ ਤੇ ਆਪਦੇ ਕਹਿਣ ਤੇ ਪੰਜਾਬ ਦੇ ਕਿਸਾਨਾਂ ਦਾ ਵਧਾਇਆ ਮਾਮਲਾ ਕਾਫੀ ਹਦ ਤਕ ਮਾਫ ਕਰ ਦਿਤਾ। ਇਹ ਸਮਾਂ ਸਿਖ ਲਹਿਰ ਦੀ ਚੜ੍ਹਦੀ ਕਲਾ ਦਾ ਸੀ। ਮੋਹਸਨ ਫਾਨੀ ਦੇ ਲਿਖਣ ਅਨੁਸਾਰ 'ਹਿੰਦੁਸਤਾਨ ਦਾ ਕੋਈ ਐਸਾ-ਵੱਡਾ ਸ਼ਹਿਰ ਨਹੀਂ ਸੀ ਜਿਥੇ ਤੰਕੜੀ ਗਿਣਤੀ ਵਿਚ ਸਿਖ ਨ ਵਸਦੇ ਹੋਣ।'

ਅਕਬਰ ਦੀ ਮੌਤ ਪਿਛੋਂ ਜਹਾਂਗੀਰ ਦੇ ਗੱਦੀ ਉਤੇ ਬੈਠਣ ਦੀ ਦੇਰ ਸੀ ਕਿ ਤਅੱਸਬੀ ਮੁਸਲਮਾਨ ਪਰੋਹਤ ਜਮਾਤ ਨੇ ਬਾਦਸ਼ਾਹ ਦੇ ਮਨ ਨੂੰ ਜ਼ਹਿਰ ਨਾਲ ਭਰ ਦਿਤਾ ਜਿਸ ਦਾ ਨਤੀਜਾ ਇਹ ਹੋਇਆ ਕਿ ਅਜੇਹੇ ਹਰਮਨ ਪਿਆਰੇ ਸਤਿਗੁਰੂ ਨੂੰ ਸ਼ਾਹੀ ਹੁਕਮ ਨਾਲ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ੩੦ ਮਈ ੧੬੦੬ ਈ. ਨੂੰ ਲਾਹੋਰ ਰਾਵੀ ਕਿਨਾਰੇ ਸ਼ਹੀਦ ਕਰ ਦਿਤਾ ਗਿਆ ਜਿਥੇ ਕਿ ਡੇਰਾ ਸਾਹਿਬ ਥਾਂ ਤੇ ਆਪਦੀ ਯਾਦਗਾਰ ਕਾਇਮ ਹੈ। ਗੁਰੂ ਅਰਜਨ ਸਾਹਿਬ ਆਦਿ ਗ੍ਰੰਥ ਦੇ ਸੰਪਾਦਕ ਹੋਣ ਤੋਂ ਇਲਾਵਾ ਖੁਦ ਮਹਾਨ ਕਵੀ ਸਨ ਜਿਨ੍ਹਾਂ ਦੀ ਬਾਣੀ ਸਭ ਤੋਂ ਵੱਧ ਹੈ। 'ਸੁਖਮਨੀ' ਆਪ ਦੀ ਪ੍ਰਸਿਧ ਰਚਨਾ ਹੈ। ਮਥਰਾ ਭੱਟ ਲਿਖਦਾ ਹੈ:—

ਜਪਹੁ ਜਿਨ ਅਰਜੁਨ ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ ਨ ਆਯਉ।

(ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯)

## ਅਰੁਣ

ਦੱਖਸ਼ ਦੀਆਂ ਦੋ ਧੀਆਂ-ਕਦਰੂ ਤੇ ਵਿਨਤਾ, ਕੱਸ਼ਜਪ ਨੂੰ ਵਿਆਹੀਆਂ ਹੋਈਆਂ ਸਨ। ਕਦਰੂ ਤੋਂ ਹਜ਼ਾਰ ਨਾਗ ਪੈਦਾ ਹੋਏ ਤੇ ਵਿਨਤਾ ਤੋਂ ਅਰੁਣ ਤੇ ਗਰੜ। ਕਹਾਣੀ ਇਹ ਦੱਸੀ ਜਾਂਦੀ ਹੈ ਜਦ ੫੦੦ ਵਰ੍ਹੇ ਉਪਰੰਤ ਕਦਰੂ ਦੇ ਅੰਡੇ ਫੁਟ ਪਏ ਤਾਂ ਇਕ ਹਜ਼ਾਰ ਨਾਗ ਪੈਦਾ ਹੋਏ। ਭੈਣ 'ਕਦਰੂ' ਦੀ ਔਲਾਦ ਨੂੰ ਤੱਕ ਕੇ ਵਿਨਤਾ ਵੀ ਆਪਣੀ ਆਉਣ ਵਾਲੀ ਔਲਾਦ ਨੂੰ ਵੇਖਣ ਲਈ ਬੇਤਾਬ ਹੋ ਉਠੀ। ਉਸਨੇ ਆਪਣਾ ਇਕ ਅੰਡਾ ਤੋੜ ਲਿਆ। ਇਸ ਅਧ-ਪੱਕੇ ਅੰਡੇ ਵਿਚ ਇਕ ਲਾਲ ਲਾਲ ਪੰਛੀ ਸੀ ਜਿਸ ਦੇ ਸਰੀਰ ਦਾ ਅਜੇ ਉਪਰਲਾ ਭਾਗ ਹੀ ਬਣਿਆ ਸੀ। ਇਸ ਕਾਰਨ ਇਸ ਪੰਛੀ ਨੂੰ 'ਅਨੁਰ' (ਅਨ+ਉਰ) ਭਾਵ ਹੇਠਲੇ ਧੜ ਤੋਂ ਸੱਖਣਾ ਹੋਣ ਕਰਕੇ ਪਿੰਗੁਲਾ ਸਦਿਆ ਜਾਂਦਾ ਹੈ। ਪੁਰਾਣਕ ਖਿਆਲ ਅਨੁਸਾਰ ਇਹ ਅਰੁਣ, ਸੂਰਜ ਦੇ ਰਥ ਨੂੰ ਹੱਕਣ ਵਾਲਾ ਹੈ :

ਬਿਸ੍ਵ ਕਾ ਦੀਪਕੁ ਸਵਾਮੀ ਤਾ ਚੇ ਰੇ ਸੁਆਰਥੀ
ਪੰਖੀ ਰਾਇ ਗਰੁੜ ਤਾਂਚੇ ਬਾਂਧਵਾ
ਕਰਮ ਕਰਿ ਅਰੁਣ ਪਿੰਗੁਲਾ ਰੀ।

(ਧਨਾਸਰੀ ਤ੍ਰਿਲੋਚਨ ਪੰਨਾ, ੬੯੫)

## ਅਰਧ ਉਰਧ

ਹਠ ਯੋਗ ਸਾਧਨਾ ਵਿਚ ਰੀੜ੍ਹ ਦੀ ਹੱਡੀ... ਹਠ ਯੋਗ ਸਾਧਨਾ ਵਿਚ ਕੰਗਰੋੜ ਨਾਲ ਲਗੀ ਸੁਖਮਨਾ ਨਾੜੀ, ਮੇਰੂ ਦੰਡ ਹੈ ਤੇ ਮੇਰੂ ਦੰਡ ਦੇ ਹੇਠਲੇ ਪਾਸੇ ਮੂਲਾਧਾਰ ਨੂੰ 'ਅਰਧ' ਤੇ ਉਪਰਲੇ ਪਾਸੇ ਨੂੰ ਜਿਥੇ 'ਸਹਸਰ ਦਲ ਕਮਲ' ਹੈ, 'ਉਰਧ' ਕਿਹਾ ਗਿਆ ਹੈ। ਜਦੋਂ ਕੁੰਡਲਨੀ ਪੰਜ ਚੱਕਾਂ ਵਿਚੋਂ ਲੰਘ ਕੇ ਅੰਤਮ ਚੱਕ੍ਰ ਵਿਚ ਪਹੁੰਚਦੀ ਹੈ ਤਾਂ ਸਾਧਕ ਨੂੰ ਵਿਸ਼ੇਸ਼ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸੇ ਨੂੰ ਦਸਮ ਦੁਆਰ ਯਾ ਗਗਨ ਮੰਡਲ ਕਹਿੰਦੇ ਹਨ, ਜਿਥੋਂ ਅੰਮ੍ਰਿਤਰਸ ਝਰਦਾ ਹੈ।

ਸੋ ਉਦਾਸੀ ਜਿ ਪਾਲੇ ਉਦਾਸੁ
ਅਰਧ ਉਰਧ ਕਰੈ ਨਿਰੰਜਨਿ ਵਾਸੁ।
ਚੰਦ ਸੂਰਜ ਕੀ ਪਾਏ ਗੰਢਿ
ਤਿਸੁ ਉਦਾਸੀ ਕਾ ਪੜੈ ਨ ਕੰਧੁ।

(ਵਾਰ ਰਾਮਕਲੀ ੧, ਪੰਨਾ ੯੫੨)

## ਅਲਾਹੁਣੀ

ਅਲਾਹੁਣੀ ਪੰਜਾਬੀ ਦਾ ਸ਼ੋਕ-ਗੀਤ ਹੈ ਜਿਸ ਵਿਚ ਵਿਛੜੇ ਸਨੇਹੀ ਦੀ ਮੌਤ ਤੇ ਵੈਣ ਪਾਏ ਜਾਂਦੇ ਤੇ ਉਸ ਦੇ ਗੁਣ ਚੇਤੇ ਕੀਤੇ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਰਾਗ ਵਡਹੰਸ ਵਿਚ ਇਸ ਲੋਕ-ਤਰਜ਼ ਨੂੰ ਅਪਣਾ ਕੇ ੫ ਅਲਾਹੁਣੀਆਂ ਲਿਖੀਆਂ ਹਨ। ਇਸ ਦਾ ਛੰਦ-ਪ੍ਰਬੰਧ 'ਛੰਤ' ਵਰਗਾ ਹੀ ਹੈ। ਵੰਨਗੀ ਇਹ ਹੈ :

ਸਾਹਿਬੁ ਸਿਮਰਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ।
ਏਥੈ ਧੰਧਾ ਕੂੜਾ ਚਾਰਿ ਦਿਹਾ, ਆਗੈ ਸਰਪਰ ਜਾਣਾ
ਆਗੈ ਸਰਪਰ ਜਾਣਾ ਜਿਉ ਮਿਹਮਾਣਾ, ਕਾਹੇ ਗਾਰਬੁ ਕੀਜੈ
ਜਿਤੁ ਸੇਵਿਐ ਦਰਗਹ ਸੁਖ ਪਾਈਐ, ਨਾਮੁ ਤਿਸੈ ਕਾ ਲੀਜੈ
ਆਗੈ ਹੁਕਮੁ ਨਾ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ
ਸਾਹਿਬੁ ਸਿਮਰਿਹੁ ਮੇਰੇ ਭਾਈ ਹੋ ਸਭਨਾ ਏਹੁ ਪਇਆਣਾ।

(ਵਡਹੰਸ ੧, ਪੰਨਾ ੫੭੯)

### ਅਵਸਥਾ

ਉਮਰ ਦੇ ਲਿਹਾਜ਼ ਨਾਲ ਜੀਵਨ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਗਈਆਂ ਹਨ :—ਬਚਪਨ, ਜੁਆਨੀ, ਬੁਢਾਪਾ।

ਬਾਲ ਜੁਆਨੀ ਅਰ ਬਿਰਧ ਫੁਨਿ
ਤੀਨਿ ਅਵਸਥਾ ਜਾਨਿ।

(ਸਲੋਕ ੯)

ਮਨੁਖੀ ਜੀਵਨ ਦੀ ਦਸ਼ਾ ਤਿੰਨ ਪ੍ਰਕਾਰ ਦੀ ਦੱਸੀ ਗਈ ਹੈ।

ਜਾਗ੍ਰਤਿ, ਸੁਪਨ, ਸਖੋਪਤਿ।

ਇਨ੍ਹਾਂ ਤਿੰਨਾਂ ਪੜਾਵਾਂ ਤੋਂ ਲੰਘ ਕੇ ਪਰਮਾਤਮਾ ਮੇਲ ਦੀ ਮੰਜ਼ਲ ਤੇ ਪਹੁੰਚਣਾ ਚੌਥੀ ਅਵਸਥਾ ਹੈ ਜੋ ਗੁਰੂ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ:—

ਤੀਨਿ ਅਵਸਥਾ ਕਹਹਿ ਵਖਿਆਨੁ
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ।

(ਗਉੜੀ ੧ ਪੰਨਾ, ੧੫੪)

### ਅਵਤਾਰ

ਪੁਰਾਣਕ ਮਨੌਤ ਅਨੁਸਾਰ ਕਿਸੇ ਦੇਵ ਆਤਮਾ ਦਾ ਸਰੀਰ ਧਾਰਕੇ ਪਰਗਟ ਹੋਣਾ ਯਾ ਬੈਕੁੰਠ ਤੋਂ ਧਰਤ ਤੇ ਉਤਰਨਾ ਅਵਤਾਰ ਕਹਾਉਂਦਾ ਹੈ। ਹਿੰਦੂ ਮਤ ਦਾ ਵਿਸ਼ਵਾਸ ਹੈ ਕਿ ਵਿਸ਼ਨੂੰ ਭਗਵਾਨ ਆਪਣੇ ਭਗਤਾਂ ਦੀ ਰੱਖਿਆ ਲਈ ਸਮੇਂ ਸਮੇਂ ਅਵਤਾਰ ਧਾਰਦਾ ਆਇਆ ਹੈ। 'ਗੀਤਾ' ਤੋਂ ਵੀ ਇਸੇ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਧਰਮ ਦੀ ਸਥਾਪਨਾ ਤੇ ਪਾਪ ਨੂੰ ਬਿਨਾਸ਼ ਕਰਨ ਲਈ ਭਗਵਾਨ ਸਮੇਂ ਸਮੇਂ ਪਰਗਟ ਹੁੰਦਾ ਰਹਿੰਦਾ ਹੈ। ਵਿਸ਼ਣੂ ਦੇ ਚੌਵੀ ਅਵਤਾਰ ਇਹ ਹਨ:—ਮੱਛ, ਕੱਛ, ਬਰਾਹ, ਮੋਹਨੀ, ਨਰਸਿੰਹ, ਪਰਸੁਰਾਮ, ਰਾਮਚੰਦ੍ਰ, ਕ੍ਰਿਸ਼ਨ, ਬਲਰਾਮ, ਵਾਮਨ, ਬੁਧ,

ਨਾਰਦ, ਰਿਸ਼ਭ, ਕਪਿਲ, ਬਿਆਸ, ਹੰਸ, ਪ੍ਰਿਥੂ, ਦਤਾਤ੍ਰੇ, ਨਰ, ਨਰਾਯਣ, ਹਯਗ੍ਰੀਵ, ਵੈਵਸਤ ਮਨੂ, ਧਨੰਤਰ, ਕਲਕੀ। ਇਨ੍ਹਾਂ ਵਿਚੋਂ ਦਸ ਮੁੱਖ ਮੰਨੇ ਗਏ ਹਨ। ਭਾਗਵਤ ਪਰਾਣ ਵਿਚ ਲਿਖਿਆ ਹੈ ਕਿ ਜਿਵੇਂ ਕਿਸੇ ਮੰਹਾਨ ਝੀਲ ਵਿਚੋਂ ਅਨੇਕਾਂ ਨਦੀਆਂ ਤੇ ਦਰਿਆ ਨਿਕਲਦੇ ਰਹਿੰਦੇ ਹਨ ਤਿਵੇਂ ਵਿਸ਼ਨੂੰ ਦੇ ਅਵਤਾਰ ਬੇਗਿਣਤ ਹਨ, ਰਿਸ਼ੀ, ਮੁਨੀ, ਦੇਵਤੇ, ਪ੍ਰਜਾਪਤਿ, ਮਨੂ ਤੇ ਉਸਦੇ ਸਪੁੱਤਰ ਸਭ ਉਸੇ ਦੀ ਅੰਸ਼ ਹਨ। ਪਰਮੇਸਰ ਅਨੰਤ ਕਲਾ ਦਾ ਮਾਲਕ ਹੈ। ਖਿਆਲ ਇਹ ਹੈ ਕਿ ਉਸ ਦੀਆਂ ਕੁਝ ਕਲਾਵਾਂ ਦੀ ਸ਼ਕਤੀ ਲੈ ਕੇ ਯਾ ਕਿਸੇ ਦੇਵੀ ਦੇਵਤੇ ਦੀ ਕਲਾ ਪਾ ਕੇ ਅਵਤਾਰ ਇਸ ਧਰਤੀ ਤੇ ਆਉਂਦਾ ਤੇ ਸੰਸਾਰ ਦੀ ਭਲਾਈ ਲਈ ਕੰਮ ਕਰਦਾ ਹੈ। ਸ੍ਰੀ ਕ੍ਰਿਸ਼ਣ ਸੋਲਾਂ ਕਲਾ ਅਵਤਾਰ ਸਨ, ਸ੍ਰੀ ਰਾਮਚੰਦ੍ਰ ਚੋਦਾਂ ਕਲਾ। ਇਸ ਤਰ੍ਹਾਂ ਵਖੋ ਵੱਖ ਤਰ੍ਹਾਂ ਦੀਆਂ ਅੰਸ਼ ਮਾਤਰ ਕਲਾ ਧਾਰਨ ਵਾਲੇ ਮਹਾਪੁਰਸ਼ ਅੰਸ਼ਾਵਤਾਰ ਕਹੇ ਜਾਂਦੇ ਹਨ।

ਅਨਿਕ ਪੁਰਖ ਅੰਸਾ ਅਵਤਾਰ।

(ਸਾਰੰਗ,੫)

ਗੁਰਬਾਣੀ ਵਿਚ ਵਿਚਾਰ ਇਹ ਦਿਤਾ ਗਿਆ ਹੈ ਕਿ ਬਹੁਤ ਸਾਰੇ ਮਹਾਂਪੁਰਸ਼ ਆਪਣੇ ਸਮੇਂ ਦੇ ਪ੍ਰਸਿੱਧ ਰਾਜੇ ਸਨ ਤੇ ਲੋਕ ਉਨ੍ਹਾਂ ਨੂੰ ਮੱਲੋਮੱਲੀ ਅਵਤਾਰ ਕਰਕੇ ਪੂਜਣ ਲਗ ਪਏ। ਦਰਅਸਲ ਪਰਮੇਸ਼ਰ ਅਜੋਨੀ ਹੈ, ਉਹ ਕਦੀ ਵੀ ਜਨਮ ਨਹੀਂ ਲੈਂਦਾ। ਇਸ ਕਰਕੇ ਸਰਬਵਿਆਪੀ ਭਗਵਾਨ ਦਾ ਸੀਮਤ ਮਨੁੱਖ ਰੂਪ ਵਿਚ ਅਵਤਾਰ ਧਾਰਨਾ ਮੰਨਣਾ ਠੀਕ ਨਹੀਂ।

ਜੁਗਹਿ ਜੁਗਹਿ ਕੇ ਰਾਜੇ ਕੀਏ<br>
ਗਾਵਹਿ ਕਰਿ ਅਵਤਾਰੀ।

(ਆਸਾ ੩, ਪੰਨਾ ੪੨੩)

ਹਾਂ, ਇਹ ਜ਼ਰੂਰ ਹੈ ਕਿ ਇਹ ਅਵਤਾਰੀ ਸ਼ਕਤੀਆਂ, ਸਭ ਉਸੇ ਦੇ ਹੁਕਮ ਦੀ ਖੇਡ ਹਨ:

ਹੁਕਮਿ ਉਪਾਏ ਦਸ ਅਵਤਾਰਾ<br>
ਦੇਵ ਦਾਨਵ ਅਗਣਤ ਅਪਾਰਾ।

(ਮਾਰੂ ੧, ਪੰਨਾ ੧੦੩੭)

## ਆਈ ਪੰਥ

ਜੋਗੀਆਂ ਦੇ ਬਾਰਾਂ ਪੰਥ ਪ੍ਰਸਿਧ ਹਨ-ਹੇਤੂ, ਪਾਵ, ਆਈ, ਗਮਯ, ਪਾਗਲ, ਗੋਪਾਲ ਕੰਥੜੀ, ਬਨ, ਧ੍ਰਜ, ਚੋਲੀ ਰਾਵਲ, ਦਾਸ। ਆਈ-ਦੁਰਗਾ ਦਾ ਨਾਮ ਹੈ, ਦੁਰਗਾ ਦੇ ਪੁਜਾਰੀ ਵਾਮ ਮਾਰਗੀ ਜੋਗੀ 'ਆਈ ਪੰਥੀ' ਕਹੇ ਜਾਂਦੇ ਹਨ, ਇਹਨਾਂ ਦੀ ਇਕ ਖੂਬੀ ਇਹ ਹੈ ਕਿ ਇਹ ਹੋਰਾਂ ਨਾਲ ਬੜੀ ਮਿਲਵਰਤਨ ਤੇ ਖੁਲ੍ਹ-ਦਿਲੀ ਨਾਲ ਪੇਸ਼ ਆਉਂਦੇ

ਹਨ। ਗੁਰੂ ਨਾਨਕ ਸਾਹਿਬ ਦੇ ਖਿਆਲ ਵਿਚ 'ਸਭ ਦਾ ਮਿਤ੍ਰ ਸਾਥੀ ਹੋਣਾ' ਤੇ ਆਪਣੇ ਮਨ ਨੂੰ ਜਿੱਤ ਲੈਣਾ ਇਹੋ ਆਈ ਪੰਥ ਹੈ।

ਆਈ ਪੰਥੀ ਸਗਲਿ ਜਮਾਤੀ, ਮਨਿ ਜੀਤੈ ਜਗੁਜੀਤੁ।

(ਜਪੁ ੧, ਪੰਨਾ ੬)

**ਆਸਨ**—ਦੇਖੋ ਚਉਰਾਸੀਹ ਆਸਣ

**ਆਸ਼੍ਰਮ**—ਦੇਖੋ ਚਾਰ ਆਸ਼੍ਰਮ

**ਆਸਾ**

ਸੰਪੂਰਣ ਜਾਤਿ ਦਾ ਇਕ ਰਾਗ ਜਿਸ ਨੂੰ ਸੱਤੇ ਸ਼ੁੱਧ ਸੁਰ ਲਗਦੇ ਹਨ। ਇਸਦਾ ਵਾਦੀ ਰੇ ਤੇ ਸੰਵਾਦੀ ਮਾ ਹੈ। ਕਈ ਧਾ ਨੂੰ ਵਾਦੀ ਤੇ ਗਾ ਨੂੰ ਸੰਵਾਦੀ ਸੁਰ ਮੰਨਦੇ ਹਨ। ਗਾਉਣ ਸਮਾਂ ਤੜਕਸਾਰ ਹੈ ਤੇ ਕਈ ਸ਼ਾਮ ਸਮੇਂ ਵੀ ਇਸਦਾ ਗਾਇਨ ਕਰਦੇ ਹਨ।

ਦਰਅਸਲ ਪੰਜਾਬ ਦੇ ਇਕ ਇਲਾਕੇ ਦਾ ਨਾਂ 'ਆਸਾ' ਸੀ ਜੈਸਾ ਕਿ ਜਨਮ ਸਾਖੀਆਂ ਵਿਚ ਸੰਕੇਤ ਮਿਲਦਾ ਹੈ। ਇਹ ਇਲਾਕੇ ਦੀ ਗਾਉਣ-ਧੁਨਿ ਹੀ 'ਆਸਾ' ਕਹਿਲਾਈ ਤੇ ਇਹੋ ਪਿਛੇ ਰਾਗ ਰੂਪ ਵਿਚ ਮੂਰਤੀਮਾਨ ਹੋਈ। ਪੁਰਾਤਨ ਸੰਗੀਤਵੇਤਾ ਇਸਨੂੰ ਮੇਘ ਰਾਗ ਦੀ ਰਾਗਣੀ ਮੰਨਦੇ ਹਨ। ਆਦਿ ਗ੍ਰੰਥ ਵਿਚ ਇਹ ਰਾਗ ਚੋਥੀ ਥਾਂ ਤੇ ਦਰਜ ਹੈ:

**ਆਸਾਵਰੀ**

ਸੰਪੂਰਣ ਜਾਤਿ ਦਾ ਇਕ ਰਾਗ, ਜਿਸਦਾ ਧਾ ਵਾਦੀ ਤੇ ਗਾ ਸੰਵਾਦੀ ਹੁੰਦਾ ਹੈ। ਇਸ ਵਿਚ ਗਾ, ਧਾ ਤੇ ਨੀ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ, ਆਰੋਹੀ ਵਿਚ ਗਾ ਤੇ ਨੀ ਨਹੀਂ ਲਾਏ ਜਾਂਦੇ। ਗਾਉਣ ਦਾ ਸਮਾਂ ਸੂਰਜ ਚੜ੍ਹਨ ਤੋਂ ਲੈ ਕੇ ਪਹਿਰ ਦਿਨ-ਚੜ੍ਹੇ ਤਕ ਹੈ।

ਇਹ ਰਾਗ ਆਦਿ ਗ੍ਰੰਥ ਵਿਚ ਆਸਾ ਨਾਲ ਮਿਲਾਕੇ ਲਿਖਿਆ ਹੈ, ਵੱਖਰਾ ਨਹੀਂ ਦਿਤਾ।

ਕਈ ਆਸਾਵਰੀ ਨੂੰ ਭੈਰਵੀ ਠਾਟ ਤੇ ਵੀ ਗਾਉਂਦੇ ਹਨ।

**ਆਗਮ ਨਿਗਮ**

ਤਾਂਤ੍ਰਿਕ ਮਤ ਦੇ ਉਹ ਧਰਮ-ਗ੍ਰੰਥ ਜੋ ਸ਼ਿਵਾਂ ਨੇ ਉਚਾਰੇ ਤੇ ਪਾਰਬਤੀ ਨੇ ਸ੍ਰਵਣ ਕੀਤੇ, 'ਆਗਮ ਕਹਿਲਾਉਂਦੇ. ਹਨ। ਆਗਮ ਦਾ ਅੱਖਰੀ ਅਰਥ ਪਰੰਪਰਾਗਤ

ਵਸਤੂ ਹੈ। ਵਾਰਾਹੀ ਤੰਤ੍ਰ ਅਨੁਸਾਰ ਇਨ੍ਹਾਂ ਵਿਚ ਛੇ ਵਿਸ਼ਿਆਂ-ਉਤਪਤੀ, ਪ੍ਰਲਯ, ਦੇਵਪੂਜਾ, ਮੰਤ੍ਰ-ਸਾਧਨਾ, ਪ੍ਰਾਸ਼ਚਿਤ, ਅਤੇ ਖਟ ਕਰਮ (ਸ਼ਾਂਤਿ, ਵਸੀਕਰਣ, ਸਤੰਭਨ, ਵਿਦੇਵੇਸ਼ਣ, ਉਚਾਟਨ ਤੇ ਮਾਰਣ) ਬਾਰੇ ਲਿਖਿਆ ਗਿਆ ਹੈ। ਨਿਗਮ ਤੋਂ ਮੁਰਾਦ ਵੇਦ ਹੈ। ਜਦੋਂ ਇਨ੍ਹਾਂ ਦੋਹਾਂ ਸ਼ਬਦਾਂ ਦੀ ਇਕੱਠੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਆਮ ਭਾਵ ਹੁੰਦਾ ਹੈ ਕਿ ਨਾਸਤਿਕ ਤੇ ਆਸਤਿਕ ਭਾਵ ਵੇਦ ਵਿਪ੍ਰੀਤ ਤੇ ਵੇਦ-ਅਨੁਸਾਰੀ ਸਮੂਹ ਧਰਮ-ਗ੍ਰੰਥ। ਇਸ ਸ਼ਬਦ ਦੀ 'ਪੂਰਨ ਪਰਮਾਰਥਕ ਗਿਆਨ' ਯਾ ਧਰਮ ਸ਼ਾਸਤ੍ਰ ਦੇ ਅਰਥਾਂ ਵਿਚ ਵੀ ਵਰਤੋਂ ਮਿਲਦੀ ਹੈ।

ਅਗਮ ਨਿਗਮੁ ਕਹੈ ਜਨੁ ਨਾਨਕ, ਸਭੁ ਦੇਖੈ ਲੋਕੁ ਸਬਾਇਆ।

(ਟੋਡੀ ੫, ਪੰਨਾ ੭੧੪)

ਆਗਮ ਨਿਰਗਮ ਜੋਤਿਕ ਜਾਨੈ ਬਹੁ ਬਹੁ ਬਯਾਕਰਨਾ।
ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ।

(ਆਸਾ ਕਬੀਰ, ੪੭੭)

## ਆਤਮਾ

ਮਨੁਖ ਯਾ ਪ੍ਰਾਣੀ ਮਾਤਰ ਅੰਦਰ ਸਮਾਈ ਚੇਤਨਾ 'ਆਤਮਾ' ਹੈ। ਇਸਦਾ ਸਥੂਲ ਰੂਪ ਭਾਵੇਂ ਕੋਈ ਨਹੀਂ ਦਿਸਦਾ, ਵੈਸੇ ਇਹ ਪਰਮਾਤਮਾ ਦੀ ਅੰਸ਼ ਹੋਣ ਕਰਕੇ ਅਜਰ, ਅਮਰ ਤੇ ਨਿੱਤ ਹੈ। ਇਸਦਾ ਸਰੂਪ ਸਤ, ਚਿਤ ਅਨੰਦ ਦੱਸਿਆ ਗਿਆ ਹੈ। 'ਐਤਰੇਯ ਉਪਨਿਸ਼ਧ' ਨੇ ਆਤਮਾ ਨੂੰ ਮੂਲ ਤੱਤ ਤੇ ਸੰਸਾਰ ਦਾ 'ਆਦਿ ਕਾਰਣ' ਆਖਿਆ ਹੈ, ਮਾਂਡੂਕ ਉਪਨਿਸ਼ਧ ਇਸ ਨੂੰ ਬ੍ਰਹਮ ਕਹਿੰਦਾ ਹੈ, ਇਸੇ ਤਰ੍ਹਾਂ ਵੇਦਾਂਤ-ਵਾਕਾਂ ਵਿਚ ਇਸਨੂੰ ਬ੍ਰਹਮ ਨਾਲ ਬਿਲਕੁਲ ਅਭੇਦ ਨਿਰੂਪਣ ਕੀਤਾ ਗਿਆ ਹੈ। ਕਬੀਰ ਸਾਹਿਬ 'ਰਾਮ ਕੀ ਅੰਸ਼' ਆਖਦੇ ਹਨ ਤੇ ਗੁਰੂਆਂ ਆਤਮਾ ਨੂੰ 'ਜੋਤਿ ਸਰੂਪ' ਕਹਿਕੇ ਯਾਦ ਕੀਤਾ ਹੈ। ਇਸੇ ਕਰਕੇ ਭਗਤੀ ਲਹਿਰ ਦੇ ਸੰਤਾਂ, ਪਰਮਾਤਮਾ ਦਾ ਗਿਆਨ ਪਰਾਪਤ ਕਰਨ ਲਈ, ਆਤਮ-ਚੀਨਣ ਉਤੇ ਬਹੁਤ ਜ਼ੋਰ ਦਿਤਾ ਹੈ। ਗੁਰੂ ਨਾਨਕ ਸਾਹਿਬ ਦਾ ਵਾਕ ਹੈ :—

ਜਿਨੀ ਆਤਮ ਚੀਨਿਆ, ਪਰਮਾਤਮ ਸੋਈ
ਏਕੋ ਅੰਮ੍ਰਿਤ ਬਿਰਖੁ ਹੈ, ਫਲ ਅੰਮ੍ਰਿਤ ਹੋਈ।

(ਆਸਾ ੧, ਪੰਨਾ ੪੨੧)

ਇਸ ਅਭੇਦਤਾ ਯਾ ਏਕਤਾ ਨੂੰ ਪਛਾਨਣਾ ਹੀ ਜ਼ਿੰਦਗੀ ਦਾ ਉਦੇਸ਼ ਹੈ—

ਆਤਮਾ ਪਰਮਾਤਮਾ ਏਕੋ ਕਰੈ
ਅੰਤਰ ਕੀ ਦੁਬਿਧਾ ਅੰਤਰਿ ਮਰੈ।

(ਧਨਾਸਰੀ ੧, ਪੰਨਾ ੬੬੧)

## ਆਦਮ

ਸਾਮੀ ਰਵਾਇਤ ਅਨੁਸਾਰ ਸਭ ਤੋਂ ਪਹਿਲਾ ਮਨੁੱਖ, ਆਦਮ ਸੀ। ਬਾਇਬਲ ਵਿਚ ਕਹਾਣੀ ਹੈ ਕਿ ਜਦ ਉਹ ਸੌਂ ਗਿਆ ਤਾਂ ਰੱਬ ਨੇ ਉਸਦੀ ਪੱਸਲੀ ਕੱਢ ਕੇ ਇਸਤਰੀ ਬਣਾ ਦਿਤੀ ਤਾਂ ਕਿ ਆਦਮ ਦਾ ਦਿਲ ਲਗਿਆ ਰਹੇ; ਇਸੇ ਪਹਿਲੀ ਇਸਤਰੀ ਦਾ ਨਾਮ 'ਹੱਵਾ' ਸੀ। ਆਦਮ ਤੇ ਹੱਵਾ ਦੋਵੇਂ ਅਦਨ ਬਾਗ ਵਿਚ ਘੁੰਮਦੇ ਫਿਰਦੇ ਐਸ਼-ਅਰਾਮ ਦਾ ਜੀਵਨ ਬਤੀਤ ਕਰਦੇ ਸਨ; ਖ਼ੁਦਾ ਨੇ ਹਦਾਇਤ ਕੀਤੀ ਹੋਈ ਸੀ ਕਿ ਹੋਰ ਭਾਵੇਂ ਕੁਝ ਵੀ ਖਾਂਦੇ ਪੀਦੇ ਜਾਓ ਪਰ ਇਕ ਗਿਆਨ ਦੇ ਬੂਟੇ ਦਾ ਫਲ ਨ ਖਾਣਾ। ਸ਼ੈਤਾਨ ਨੇ ਸੱਪ ਦਾ ਰੂਪ ਧਾਰ ਕੇ ਦੋਹਾਂ ਨੂੰ ਵਰਗਲਾਇਆ ਤੇ ਹੱਵਾ ਨੇ ਇਹ ਵਰਜਿਤ ਫਲ ਖਾ ਲਿਆ ਤੇ ਆਦਮ ਨੂੰ ਵੀ ਖਲਾ ਦਿਤਾ। ਜਿਸਦਾ ਸਿਟਾ ਇਹ ਹੋਇਆ ਕਿ ਦੋਵੇਂ ਇਸ ਦੋਸ਼ ਅਧੀਨ ਬਾਗ ਵਿਚੋਂ ਕੱਢ ਦਿਤੇ ਗਏ।

ਕਈਆਂ ਇਹ ਵੀ ਲਿਖਿਆ ਹੈ ਕਿ ਜਦੋਂ ਇਹ ਬਹਿਸ਼ਤ ਵਿਚੋਂ ਕੱਢੇ ਗਏ ਗਏ ਤਾਂ ਆਦਮ ਲੰਕਾ ਵਿਚ ਤੇ ਹੱਵਾ ਅਰਬ ਵਿਚ ਜੱਦਾਹ ਦੇ ਪਾਸ ਜਾ ਕੇ ਡਿਗੀ, ਚਿਰਾਂ ਬਾਦ ਦੋਹਾਂ ਨੂੰ ਫਰਿਸ਼ਤੇ ਨੇ ਮਿਲਾਇਆ। ਕਹਿੰਦੇ ਹਨ ਕਿ ੯੩੦ ਵਰ੍ਹੇ ਦੀ ਉਮਰ ਭੋਗਣ ਉਪਰੰਤ ਆਦਮ ਦਾ ਦੇਹਾਂਤ ਹੋਇਆ।

ਕਬੀਰ ਜੀ ਨੇ ਬਾਬਾ ਆਦਮ ਵਲ ਇਸ ਤਰ੍ਹਾਂ ਸੰਕੇਤ ਕੀਤਾ ਹੈ :

ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ
ਉਨਿ ਭੀ ਭਿਸਤਿ ਘਨੇਰੀ ਪਾਈ।

(ਭੈਰਉ ਕਬੀਰ, ਪੰਨਾ ੧੧੬੧)

## ਆਰਤੀ

ਇਸ਼ਟਦੇਵ ਦੀ ਪੂਜਾ ਉਪਾਸ਼ਨਾ ਕਰਦਿਆਂ ਉਸਦੀ ਮਹਿਮਾ ਗਾਉਣਾ ਤੇ ਵਾਰਨੇ ਜਾਣਾ ਆਰਤੀ ਹੈ। ਹਿੰਦੂ ਮਤ ਅਨੁਸਾਰ ਇਸ਼ਟ ਨੂੰ ਪ੍ਰਸੰਨ ਕਰਨ ਲਈ ਦੀਵੇ ਜਗਾ ਕੇ ਸੱਤ ਵਾਰ ਉਸਦੇ ਦੁਆਲੇ ਘੁਮਾਉਣੇ ਚਾਹੀਦੇ ਹਨ, ਚਾਰ ਵਾਰ ਉਸਦੇ ਚਰਨਾਂ ਤੇ ਦੋ ਵਾਰ ਨਾਭਿ ਤੇ ਤੇ ਇਕ ਵਾਰ ਮੁਖੜੇ ਉਤੋਂ। ਆਰਤੀ ਸਮੇਂ ਧੂਪ, ਫੁਲ ਬਰਖਾ ਤੇ ਵਾਜੇ ਵਜਾਉਣ ਆਦਿ ਦਾ ਵੀ ਵਿਧਾਨ ਹੈ।

ਗੁਰੂ ਨਾਨਕ ਸਾਹਿਬ ਨੇ ਜਗਨਨਾਥ ਦੇ ਮੰਦਰ ਵਿਚ ਇਹ ਕਰਮਕਾਂਡੀ ਆਰਤੀ ਦੇਖ ਕੇ ਕੁਦਰਤ ਵਲੋਂ ਹੋ ਰਹੀ ਨਿੱਤ ਨਵੀਂ ਆਰਤੀ ਦਾ ਸਰੂਪ ਇਉਂ ਸੁਝਾਇਆ ਸੀ :—

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਕਾ ਮੰਡਲ ਜਨਕ ਮੋਤੀ
ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।

(ਧਨਾਸਰੀ ੧, ਪੰਨਾ ੧੩)

## ਆਵਾਗਉਣ

ਆਵਾਗਉਣ ਦਾ ਲਫਜ਼ੀ ਅਰਥ-ਆਉਣਾ ਜਾਣਾ ਯਾ ਜੰਮਣਾ ਮਰਨਾ ਹੈ। ਵੈਦਿਕ ਮਤਾਂ ਅਨੁਸਾਰ ਅਸਾਡਾ ਇਹ ਜਨਮ ਪੂਰਬਲੇ ਕਰਮਾਂ ਦਾ ਸਿਟਾ ਹੈ ਤੇ ਹੁਣ ਦੇ ਕੀਤੇ ਕਰਮਾਂ ਅਨੁਸਾਰ ਅਗਲਾ ਜਨਮ ਮਿਲੇਗਾ। ਇਸਤਰ੍ਹਾਂ ਜੀਵ, ਕਰਮਾਂ ਦਾ ਬੱਧਾ ਛੋਟੀਆਂ ਵਡੀਆਂ ਯਾ ਨੀਵੀਆਂ ਉਚੀਆਂ ਜੋਨਾਂ ਦੇ ਚੱਕ੍ਰ ਵਿਚ ਭਉਂਦਾ ਰਹਿੰਦਾ ਹੈ। ਸੋ ਸੰਸਾਰ ਤੇ ਜਨਮ ਲੈਣਾ ਯਾ ਮਰਨਾ ਕੇਵਲ ਇਤਫਾਕੀਆ ਗੱਲ ਨਹੀਂ ਸਗੋਂ ਕਰਮਾਂ ਦੇ ਫਲ ਵਜੋਂ ਆਤਮਾ ਨੂੰ ਇਹ ਸਰੀਰ ਧਾਰਨੇ ਪੈਂਦੇ ਹਨ । ਭਾਵੇ ਸਾਮੀ ਮਜ਼ਬ ਇਹ ਮਨੋਤ ਇਉਂ ਪਰਵਾਣ ਨਹੀਂ ਕਰਦੇ ਪਰ ਗੁਰੂ ਸਾਹਿਬਾਨ ਨੇ ਇਹੋ ਮੰਨਿਆ ਹੈ ਕਿ ਅਸਾਨੂੰ ਜੋ ਮਨੁਖਾ ਜਨਮ ਮਿਲਿਆ ਹੈ, ਇਹ ਕਈ ਜੋਨੀ ਚੱਕ੍ਰਾਂ ਤੋਂ ਬਾਦ ਪਰਾਪਤ ਹੋਇਆ ਹੈ ਤੇ ਇਹ ਸਭ ਤੋਂ ਵਧ ਸ੍ਰੇਸ਼ਟ ਵੀ ਹੈ :—

ਕਈ ਜਨਮ ਭਏ ਕੀਟ ਪਤੰਗਾ
ਕਈ ਜਨਮ ਗਜ ਮੀਨ ਕੁਰੰਗਾ
ਕਈ ਜਨਮ ਪੰਖੀ ਸਰਪ ਹੋਇਓ ।
ਕਈ ਜਨਮ ਹੈਵਰ ਬ੍ਰਿਖ ਜੋਇਓ ।
ਮਿਲੁ ਜਗਦੀਸ ਮਿਲਨ ਕੀ ਬਰੀਆ
ਚਿਰੰਕਾਲ ਇਹ ਦੇਹ ਸੰਜਰੀਆ ।

(ਗਉੜੀ ੫, ਪੰਨਾ ੧੭੬)

ਭਾਰਤੀ ਚਿੰਤਕਾਂ ਤਾਂ ਆਵਾਗਉਣ ਨੂੰ ਜੀਵਨ ਦੀ ਵੱਡੀ ਸਮੱਸਿਆ ਮੰਨਿਆ ਹੈ ਤੇ ਇਸ ਤੋਂ ਛੁਟਕਾਰਾ ਪਾਉਣ ਨੂੰ ਹੀ ਮੁਕਤੀ ਆਖਿਆ ਹੈ। ਇਸ ਆਵਾਗਾਉਣ ਦਾ ਮੂਲ ਮਾਇਆ ਦਾ ਮੋਹ ਹੈ, ਜਿਸ ਕਾਰਣ ਜੀਵ ਜੋਨਾਂ ਵਿਚ ਭਰਮਦਾ ਹੈ :—

ਆਵਾਗਉਣ ਹੈ ਸੰਸਾਰਾ ।
ਮਾਇਆ ਮੋਹੁ ਚਿਤੈ ਬਿਕਾਰਾ ।
ਥਿਰੁ ਸਾਚਾ ਸਾਲਾਹੀ ਸਦਹੀ, ਜਿਨਿ ਗੁਰ ਕਾ ਸਬਦੁ ਪਛਾਤਾ ਹੈ :

(ਮਾਰੂ ੩, ਪੰਨਾ ੧੦੫੧)

**ਅੰਸ਼ਾਵਤਾਰ** – ਦੇਖੋ ਅਵਤਾਰ

## ਅੰਗਦ (ਗੁਰੂ)

ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂ ਅੰਗਦ ਜੀ ਦਾ ਜਨਮ ੩੧ ਮਾਰਚ ੧੫੦੪ ਈ: ਨੂੰ ਜ਼ਿਲਾ ਫੀਰੋਜ਼ਪੁਰ ਦੇ ਪਿੰਡ ਮਤੇ ਦੀ ਸਰਾਂ ਵਿਚ ਭਾਈ ਫੇਰੂ ਦੇ ਘਰ ਮਾਤਾ ਦਯਾ ਕੌਰ ਦੀ ਕੁਖੋਂ ਹੋਇਆ। ਪਹਿਲਾ ਨਾਮ ਲਹਿਣਾ ਤੇ ਧਾਰਮਿਕ ਝੁਕਾ ਵੈਸ਼ਣਵ ਮਾਨਤਾ ਵਾਲਾ ਸੀ। ਇਹ ਦੇਵੀ ਦੀ ਯਾਤ੍ਰਾ ਲਈ ਜਾਂਦੇ ਰਹਿੰਦੇ। ਜਦ ਭਾਈ ਲਹਿਣੇ ਨੇ ਗੁਰੂ ਨਾਨਕ ਦੇ ਰੂਹਾਨੀ ਪ੍ਰਭਾਵ ਦੀ ਸੋਅ ਸੁਣੀ ਤਾਂ ਉਹ ਕਰਤਾਰਪੁਰ ਸਤਿਗੁਰਾਂ ਨੂੰ ਮਿਲਣ ਆਇਆ, ਦਿਲੋਂ ਮਨੋ ਆਪ ਦਾ ਸੇਵਕ ਬਣ ਗਿਆ।

ਰਾਤ ਦਿਨ ਸੇਵਾ ਵਿਚ ਜੁੱਟਿਆ ਰਹਿੰਦਾ ਤੇ ਸਿਖ ਸੰਗਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਦਾ। ਅਖੀਰ ਗੁਰੂ ਨਾਨਕ ਸਾਹਿਬ ਨੇ ਲਾਸਾਨੀ ਸੇਵਾ ਦੇਖਕੇ ਆਪ ਨੂੰ ਛਾਤੀ ਨਾਲ ਲਾਇਆ ਤੇ ਗੁਰਆਈ ਦੇ ਕੇ 'ਗੁਰੂ ਅੰਗਦ' ਬਣਾ ਦਿਤਾ। ਆਪ ਨੇ ਗੁਰਿਆਈ ਦੀ ਕਾਰ ਸੰਭਾਲਦਿਆਂ ਖਡੂਰ ਨਿਵਾਸ ਕੀਤਾ ਤੇ ਗੁਰੂ ਨਾਨਕ-ਵਿਚਾਰਧਾਰਾ ਦੇ ਪ੍ਰਚਾਰ ਲਈ ਉਨ੍ਹਾਂ ਦੀ ਬਾਣੀ ਤੇ ਜੀਵਨ ਸਾਖੀ ਲਿਖਵਾਉਣ ਦਾ ਉਦਮ ਕੀਤਾ। ਗੁਰਮੁਖੀ ਲਿਪੀ ਦੀ ਸਿਖਿਆ ਲਈ ਉਚੇਚੀ ਪਾਠਸ਼ਾਲਾ ਚਲਾਈ ਤੇ ਇਕ ਮੱਲ-ਅਖਾੜਾ ਵੀ ਰਚਿਆ। ਆਪ ਦਾ ਸਾਂਝਾ ਲੰਗਰ ਖਾਸ ਮਹੱਤਵ ਰਖਦਾ ਸੀ ਜਿਸ ਵਿਚ ਘਿਆਲੀ ਖੀਰ ਦਾ ਆਮ ਵਰਤਾਰਾ ਰਹਿੰਦਾ ਸੀ। ਆਪ ਦੀ ਰਚਨਾ ੬੨ ਸਲੋਕ ਹਨ।

ਆਪ ਦੇ ਦੋ ਪੁੱਤਰ ਸਨ-ਦਾਤੂ ਤੇ ਦਾਸੂ। ਲੇਕਿਨ ਗੱਦੀ ਆਪ ਨੇ ਬਿਰਧ ਸੇਵਕ ਸ੍ਰੀ ਅਮਰਦਾਸ ਜੀ ਨੂੰ ਹੀ ਸੌਂਪੀ।

੨੯ ਮਾਰਚ ੧੫੫੨ ਈ. ਨੂੰ ਖਡੂਰ ਜ਼ਿਲਾ ਅੰਮ੍ਰਿਤਸਰ ਵਿਚ ਆਪਿ ਜੋਤੀ ਜੋਤਿ ਸਮਾਏ।

ਨਾਨਕ ਕੁਲਿ ਨਿੰਮਲੁ ਅਵਤਰਿਓ ਅੰਗਦ ਲਹਣੇ ਸੰਗਿ ਹੁਅ।
ਗੁਰ ਅਮਰਦਾਸ ਤਾਰਣ ਤਰਣ, ਜਨਮ ਜਨਮ ਪਾ ਸਰਣਿ ਤੁਅ।੨।੧੬।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫)

## ਅੰਗਿਰਾ (ਰਿਸ਼ੀ)

ਸੱਤ ਮੁਖ ਵੈਦਿਕ ਰਿਸ਼ੀਆਂ ਵਿਚੋਂ ਅੰਗਿਰਾ ਇਕ ਮਹਾਨ ਰਿਸ਼ੀ ਸੀ ਜਿਸਨੇ ਕਈ ਵੈਦਿਕ ਰਿਚਾਵਾਂ ਦੀ ਰਚਨਾ ਕੀਤੀ। ਮਹਾਂਭਾਰਤ ਅਨੁਸਾਰ ਇਹ ਅਗਨਿ ਦਾ ਪੁੱਤਰ ਸੀ। ਇਕ ਥਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਇਸਨੇ ਬ੍ਰਹਿਮਾ ਦੇ ਮੁਖ ਵਿਚੋਂ ਜਨਮ ਲਿਆ। ਇਸ ਦੀਆਂ ਤਿੰਨ ਇਸਤ੍ਰੀਆਂ ਮੰਨੀਆਂ ਜਾਂਦੀਆਂ ਹਨ—ਸਿੰਮ੍ਰਿਤਿ, ਸ਼ਰਧਾ ਤੇ ਸ੍ਵਧਾ ਅਤੇ ਇਸੇਤਰ੍ਹਾਂ-ਵ੍ਰਿਹਸਪਤਿ, ਮ੍ਰਿਕੰਡੂ ਤੇ ਉਤੱਥਜ-ਇਸਦੇ ਪੁਤਰ ਸਨ।

ਜਾਪਦਾ ਇਹ ਹੈ ਕਿ ਇਹ ਵੈਦਿਕ ਕਾਲ ਦਾ ਇਕ ਵਿਦਵਾਨ ਪੁਰਸ਼ ਸੀ ਜਿਸਨੂੰ ਭਾਰਤੀ ਸਾਹਿਤ ਵਿਚ ਚੰਗਾ ਸਤਿਕਾਰ ਪ੍ਰਾਪਤ ਹੈ। ਕਵੀ ਕੱਲਯ ਗੁਰੂ ਦੀ ਕੀਰਤੀ ਗਾਉਂਦਾ ਕਹਿੰਦਾ ਹੈ।

ਧ੍ਰੂਅ ਪ੍ਰਹਲਾਦਿ ਅੰਗਰੈ
ਗੁਰੂ ਨਾਨਕ ਜਸ ਗਾਇਓ।
ਕਬਿ ਕਲ ਸੁਜਸ ਨਾਨਕ ਗੁਰ
ਘਟਿ ਘਟਿ ਸਹਿਜ ਸਮਾਇਓ।੧੦।

(ਸਵਈਏ ਮਹਲੇ ਮਹਲੇ ਕੇ, ਪੰਨਾ ੧੩੯੦)

## ਅੰਜੁਲੀ

ਪਿਤਰੀ ਪੂਜਾ ਯਾ ਦੇਵੀ ਦੇਵਤੇ ਨਮਿਤ ਅਰਪਣ ਕੀਤੀ ਪਾਣੀ ਦੀ ਚੂਲੀ ਯਾ ਤਿੰਨ ਚੋਲ ਆਦਿ ਦੀ ਬੁੱਕ ਅੰਜਲੀ ਕਹੀ ਜਾਂਦੀ ਹੈ । ਇਸੇ ਅੰਤਮ ਸੰਸਕਾਰ ਦੀ ਕ੍ਰਿਆ ਨੂੰ ਲੈ ਕੇ ਇਸ ਕਾਵਿ-ਰੂਪ ਦਾ ਨਾਮ ਸੰਸਕਾਰ ਹੋਇਆ । ਮਾਰੂ ਰਾਗ ਵਿਚ ਗੁਰੂ ਅਰਜਨ ਸਾਹਿਬ ਨੇ ਇਸ ਸਿਰਲੇਖ ਹੇਠ ਚਾਰ ਛੰਦ ਲਿਖੇ ਹਨ, ਉਨ੍ਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਤੇ ਵੈਰਾਗ ਦੀ ਸਿਖਿਆ ਦ੍ਰਿੜ੍ਹ ਕਰਾਈ ਗਈ ਹੈ, ਜਿਵੇਂ ਕਿ :—

ਬਿਰਖੈ ਹੇਠਿ ਸਭਿ ਜੰਤ ਇਕਠੇ
ਇਕਿ ਤਤੇ ਇਕਿ ਬੋਲਨਿ ਮਿਠੇ
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ ।

(ਮਾਰੂ ੫, ਪੰਨਾ ੧੦੧੯)

## ਅੰਬ੍ਰੀਕ

ਇਕ ਸੂਰਜ-ਬੰਸੀ ਰਾਜਾ ਜੋ ਕਿ ਪ੍ਰਿਥੂ ਸ਼ਕ ਦਾ ਪੁੱਤਰ ਤੇ ਰਾਜੇ ਇਖਛਵਾਕੁ ਦੀ ਪੀੜ੍ਹੀ ਵਿਚ ੨੮ ਵੀਂ ਥਾਂ ਹੋਇਆ । ਇਸਦੀ ਵਿਸ਼ਨੂ ਭਗਵਾਨ ਨੇ ਰੱਖਿਆ ਕੀਤੀ ਸੀ । ਕਹਾਣੀ ਇਹ ਹੈ ਕਿ ਰਾਜਾ ਅੰਬਰੀਕ ਬਰਤ ਖੋਲ੍ਹਣ ਵਾਲਾ ਸੀ ਕਿ ਦੁਰਬਾਸਾ ਰਿਸ਼ੀ ਆ ਗਿਆ । ਉਸ ਨੇ ਕਿਹਾ ਮਹਾਰਾਜ ! ਭੋਜਨ ਪਾਓ, ਰਿਸ਼ੀ ਨੇ ਜਵਾਬ ਦਿਤਾ ਮੈਂ ਇਸ਼ਨਾਨ ਕਰਕੇ ਆਉਂਦਾ ਹਾਂ ਫਿਰ ਭੋਜਨ ਛਕਾਂਗਾ । ਦੁਰਬਾਸ਼ਾ ਕਾਫੀ ਚਿਰ ਨ ਮੁੜਿਆ, ਇਧਰ ਰਾਜੇ ਨੇ ਬਰਤ ਖੋਲ੍ਹ ਲਿਆ ਤੇ ਭੋਜਨ ਪਾ ਲਿਆ, ਏਸ ਗੱਲ ਤੋਂ ਦੁਰਬਾਸ਼ਾ, ਕ੍ਰੋਧਵਾਨ ਹੋ ਗਿਆ ਤੇ ਉਸ ਆਪਣੀ ਜਟਾ ਉਖਾੜ ਕੇ ਇਕ ਤੇਜ ਪੈਦਾ ਕੀਤਾ ਜੋ ਅੰਬਰੀਕ ਨੂੰ ਮਾਰਨ ਲਈ ਪਿਛੇ ਪਿਛੇ ਦੌੜਦਾ ਗਿਆ । ਜਦ ਵਿਸ਼ਨੂੰ ਭਗਵਾਨ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਨ੍ਹਾਂ ਸੁਦਰਸ਼ਨ ਚਕ੍ਰ ਛੱਡਿਆ ਜੋ ਦੁਰਬਾਸਾ ਦੇ ਮਗਰ ਪੈ ਗਿਆ । ਅਖੀਰ ਦੁਰਬਾਸ਼ਾ ਅੰਬ੍ਰੀਕ ਦੀ ਸ਼ਰਣ ਆਇਆ ਤਾਂ ਉਸਦਾ ਛੁਟਕਾਰਾ ਹੋਇਆ ।

'ਲਿੰਗ ਪੁਰਾਣ' ਵਿਚ ਕਥਾ ਇਉਂ ਦਿਤੀ ਗਈ ਹੈ ਕਿ ਰਾਜੇ ਅੰਬ੍ਰੀਕ ਦੀ ਪੁੱਤਰੀ ਅਤੀ ਸੁੰਦਰ ਸੀ, ਨਾਰਦ ਅਤੇ ਪਰਵਤ ਰਿਸ਼ੀ ਇਸਨੂੰ ਵਿਆਹੁਣਾ ਚਾਹੁੰਦੇ ਸਨ । ਦੋਹਾਂ ਵਿਰੋਧ ਵਿਚ ਆਕੇ ਵਿਸ਼ਨੂੰ ਤੋਂ ਇਹ ਵਰ ਮੰਗਿਆ ਕਿ ਦੂਜੇ ਦੀ ਸ਼ਕਲ ਬਾਂਦਰ ਵਰਗੀ ਹੋ ਜਾਵੇ, ਸਿੱਟਾ ਇਹ ਕਿ ਦੋਵੇਂ ਬਾਂਦਰ-ਮੂੰਹੇ ਹੋ ਗਏ । ਦੋਹਾਂ ਰਿਸ਼ੀਆਂ ਗੁੱਸੇ ਵਿਚ ਆਕੇ ਅੰਬ੍ਰੀਕ ਨੂੰ ਸ਼ਰਾਪ ਦਿਤਾ ਕਿ ਤੂੰ ਸਦਾ ਅੰਧੇਰੇ ਵਿਚ ਗ੍ਰਸਿਆ ਰਹੇਂ । ਇਹ ਹਾਲ ਦੇਖਕੇ ਵਿਸ਼ਨੂੰ ਨੇ ਸੁਦਰ ਸ਼ਨ ਚੱਕ੍ਰ ਭੇਜਿਆ ਜਿਸਨੇ ਚਾਨਣ ਖਿਲਾਰ ਕੇ ਅਨ੍ਹੇਰਾ ਦੂਰ ਕਰ ਦਿਤਾ ਤੇ ਇਹ ਚੱਕ੍ਰ ਰਿਸ਼ੀਆਂ ਦੇ ਮਗਰ ਫਿਰਨ ਲੱਗਾ । ਅਖੀਰ ਰਿਸ਼ੀ

ਤੰਗ ਆ ਕੇ ਰਾਜੇ ਅੰਬ੍ਰੀਕ ਦੀ ਸ਼ਰਣੀਂ ਪੈ ਗਏ ਤੇ ਆਪਣੇ ਕੀਤੇ ਦੀ ਖਿਮਾ ਮੰਗੀ। ਇਸ ਤਰ੍ਹਾਂ ਅੰਬ੍ਰੀਕ ਦੀ ਪੈਜ ਰੱਖਣ ਵਲ ਸੰਕੇਤ ਕਰਦਿਆ ਕਿਹਾ ਗਿਆ ਹੈ-

ਅੰਬਰੀਕ ਕਉ ਦੀਓ ਅਭੈ ਪਦੁ
ਰਾਜੁ ਭਭੀਖਨ ਅਧਿਕ ਕਰਿਓ।

(ਮਾਰੂ ਨਾਮਦੇਵ, ਪੰਨਾ ੧੧੦੫)

## ਅੰਮ੍ਰਿਤ

ਜਦੋਂ ਦੇਵਤਿਆਂ ਤੇ ਦੈਂਤਾਂ ਰਲਕੇ ਖੀਰ ਸਮੁੰਦਰ ਰਿੜਕਿਆ ਤਾਂ ਇਸ ਵਿਚੋਂ ਜੋ ਚੋਦਾਂ ਰਤਨ ਨਿਕਲੇ, ਉਨ੍ਹਾਂ ਵਿਚੋਂ ਇਕ 'ਅੰਮ੍ਰਿਤ' ਵੀ ਸੀ। (ਦੇਖੋ ਚੋਦਾਂ ਰਤਨ) ਅੰਮ੍ਰਿਤ ਦਾ ਭਾਵ ਹੈ ਉਹ ਅਮੋਲਕ ਚੀਜ਼ ਜਿਸ ਦੇ ਪੀਤਿਆਂ ਮੌਤ ਦਾ ਭੈ ਨ ਰਹੇ। ਅਮਰਤਾ ਪ੍ਰਾਪਤ ਕਰਨਾ ਮਨੁੱਖ ਦਾ ਇਕ ਪੁਰਾਣਾ ਸੁਪਨਾ ਰਿਹਾ ਹੈ, ਪੁਰਾਤਨ ਧਰਮ ਗ੍ਰੰਥਾਂ ਵਿਚ ਇਸ ਸੰਕਲਪ ਦਾ ਬਾਰ ਬਾਰ ਜ਼ਿਕਰ ਆਇਆ ਹੈ ਕਿ ਕੋਈ ਐਸੀ ਚੀਜ਼ ਵਰਤੋਂ ਵਿਚੋਂ ਲਿਆਂਦੀ ਜਾਵੇ ਜਿਸ ਨਾਲ ਮਨੁਖ ਅਜਰ ਅਮਰ ਹੋ ਜਾਵੇ ਤੇ ਮੌਤ ਉਸ ਨੂੰ ਮੁਕਾ ਨ ਸਕੇ। ਸਾਮੀ ਮਜ਼ਬਾਂ ਵਿਚ 'ਆਬਿਹਯਾਤ' ਦਾ ਖਿਆਲ ਇਸੇ ਭਾਵ ਨੂੰ ਪਰਗਟ ਕਰਨ ਵਾਲਾ ਹੈ।

ਵੈਦਿਕ ਰਿਸ਼ੀ ਮੁਨੀ, ਪੋਮ ਰਸ ਨੂੰ ਅੰਮ੍ਰਿਤ ਕਹਿੰਦੇ ਆਏ ਹਨ। ਪੁਰਾਣੇ ਤਾਂਤ੍ਰਿਕ ਮਤ ਵਿਚ ਇਸ ਗੱਲ ਦਾ ਵਰਣਨ ਹੈ ਕਿ ਐਸੇ ਰਸ ਦੀ ਢੂੰਡ ਕਰੋ ਜਿਸ ਨਾਲ ਮਨੁੱਖ ਚਿਰੰਜੀਵ ਹੋ ਜਾਵੇ। ਸਿਧ, ਹਠ ਯੋਗ ਸਾਧਨਾ ਦੁਆਰਾ ਦਸਮ ਦੁਆਰ ਤੋਂ ਝਰਦਾ ਅੰਮ੍ਰਿਤ ਪਾਨ ਕਰਦੇ ਦੱਸੇ ਜਾਂਦੇ ਹਨ। ਰਹੱਸਵਾਦੀ ਸੰਤਾਂ ਪ੍ਰਭੂ ਨਾਮ ਨੂੰ ਹੀ ਰਸਾਇਣ ਤੇ ਅੰਮ੍ਰਿਤ ਆਖਿਆ।

ਇਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਅਮਰਤਾ ਪ੍ਰਦਾਨ ਕਰਨ ਵਾਲੀ ਸ਼ਕਤੀ ਇਕ 'ਨਾਮ' ਨੂੰ ਹੀ ਮੰਨਿਆ ਹੈ, ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਹੀ ਅੰਮ੍ਰਿਤ ਹੈ, ਇਸੇ ਦੁਆਰਾ ਅਮਰਤਾ ਹਾਸਲ ਹੋ ਸਕਦੀ ਹੈ।

ਅੰਮ੍ਰਿਤੁ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ।

(ਵਾਰ ਗਉੜੀ ੫, ੩੧੮)

ਜਿਨ ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ
ਨਾਨਕ ਅੰਮ੍ਰਿਤੁ ਏਕੁ ਹੈ, ਦੂਜਾ ਅੰਮ੍ਰਿਤ ਨਾਹਿ।

(ਵਾਰ ਸਾਰੰਗ, ਮ: ੨, ੧੨੩੮)

ਨਉਨਿਧਿ ਅੰਮ੍ਰਿਤੁ ਪ੍ਰਭੁ ਕਾ ਨਾਮ।

(ਗਉੜੀ ਸੁਖਮਨੀ ੫)

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੜੀਏ,
ਅੰਮ੍ਰਿਤ ਗੁਰਮਤਿ ਪਾਏ ਰਾਮ।

(ਬਿਹਾਗੜਾ ਛੰਤ ਮ: ੪)

## ਅੰਮ੍ਰਿਤਸਰ

ਪ੍ਰਾਚੀਨ ਤਾਂਤ੍ਰਿਕ ਮਤ ਤੇ ਯੋਗ ਮਤ ਦੀ ਮਨੌਤ ਅਨੁਸਾਰ ਮਨੁੱਖ ਅੰਦਰ ਇਕ ਅਮ੍ਰਿਤ ਦਾ ਤਲਾ ਹੈ ਜਿਸ ਨੂੰ ਪ੍ਰਾਣਾਯਾਮ ਤੇ ਹੋਰ ਸਾਧਨਾ ਦੁਆਰਾ 'ਕੁੰਡਲਨੀ' ਦੇ ਖੁਲ੍ਹਣ ਤੇ ਪਾਇਆ ਜਾ ਸਕਦਾ ਹੈ। ਇਸ ਦਾ ਟਿਕਾਣਾ ਦਸਮ ਦੁਆਰ ਹੈ, ਜਿਥੋਂ ਅੰਮ੍ਰਿਤ ਝਰਦਾ ਤੇ ਸਾਧਕ ਇਸ ਨੂੰ ਪਾਨ ਕਰਕੇ ਅਮਰ ਹੋ ਜਾਂਦਾ ਹੈ। ਰਹੱਸਵਾਦੀ ਸੰਤਾਂ ਭਗਤਾਂ, 'ਨਾਮ' ਨੂੰ ਅੰਮ੍ਰਿਤ ਮੰਨਿਆ ਤੇ ਇਸ ਦਾ ਭੰਡਾਰ ਸਰੋ-ਵਰ ਵੀ ਅੰਤਰ ਆਤਮੇ ਦੱਸਿਆ ਹੈ। ਭਗਤੀ ਸਾਹਿਤ ਵਿਚ ਇਸ ਸੰਕਲਪ ਵਲ ਕਈ ਸੰਤ ਕਵੀਆਂ ਸੰਕੇਤ ਕੀਤਾ ਹੈ। ਕਬੀਰ ਇਸ ਨੂੰ 'ਰਾਮੁ ਰਸਾਇਨ' ਕਹਿੰਦੇ ਹਨ। ਗੁਰੂ ਅਮਰਦਾਸ ਲਿਖਦੇ ਹਨ :

ਕਾਇਆ ਅੰਦਰਿ 'ਅੰਮ੍ਰਿਤਸਰੁ' ਸਾਚਾ
ਮਨੁ ਪੀਵੈ ਭਾਇ ਸੁਭਾਈ ਹੇ ।੪।

(ਮਾਰੂ ਸੋਹਲੇ ੩, ਪੰਨਾ ੧੦੪੬)

ਅੰਮ੍ਰਿਤਸਰ ਦਾ ਪ੍ਰਤੀਕ 'ਸਤਿਗੁਰੂ' ਲਈ ਵੀ ਵਰਤਿਆ ਹੈ। ਕਿਹਾ ਗਿਆ ਹੈ ਕਿ ਗੁਰੂ ਸੱਚਾ ਸੁੱਚਾ ਅੰਮ੍ਰਿਤ ਦਾ ਸਰੋਵਰ ਹੈ, ਜਿਸ ਵਿਚ ਇਸਨਾਨ ਕਰਨ ਵਾਲਾ ਕਾਂ ਵਰਗਾ ਮੈਲਾ ਮਨ ਵੀ ਹੰਸ ਹੋ ਜਾਂਦਾ ਹੈ :

ਸਤਿਗੁਰੁ ਹੈ ਅੰਮ੍ਰਿਤਸਰੁ ਸਾਚਾ।

(ਮਾਝ ੩)

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਉਆ ਹੰਸੁ ਹੋਹੈ।

(ਗੁਜਰੀ ੪, ਪੰਨਾ ੪੯੩)

ਭੱਟਾਂ ਨੇ ਇਸ ਅਲੰਕਾਰ ਦੀ ਵਰਤੋਂ ਕਰਕੇ ਗੁਰੂ ਰਾਮਦਾਸ ਜੀ ਦੀ ਸਿਫਤ ਗਾਈ ਹੈ। ਇਹ ਨਾਮ ਪਿਛੋਂ ਰਾਮਦਾਸਪੁਰੇ ਦੇ ਸਰੋਵਰ ਲਈ ਵਰਤਿਆ ਗਿਆ ਜਿਸ ਤੋਂ ਮੌਜੂਦਾ ਸ਼ਹਿਰ ਦਾ ਨਾਮ 'ਅੰਮ੍ਰਿਤਸਰ' ਪ੍ਰਸਿੱਧ ਹੋਇਆ।

## ਇੰਦ੍ਰ

ਹਿੰਦੂ ਮਿਥਿਹਾਸ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਛਡ ਕੇ ਇੰਦ੍ਰ ਦੇਵਤਾ ਦਾ ਸਭ ਤੋਂ ਉੱਚਾ ਅਸਥਾਨ ਹੈ। ਇਹ ਦੇਵਤਿਆਂ ਦਾ ਰਾਜਾ ਅਸਮਾਨੀ ਨਗਰੀ ਇੰਦ੍ਰਪੁਰੀ ਵਿਚ ਰਹਿੰਦਾ ਹੈ, ਇਸ ਦੀ ਰਾਜਧਾਨੀ ਦਾ ਨਾਂ 'ਅਮਰਾਵਤੀ' ਹੈ। ਰਿਗ-ਵੇਦ ਅਨੁਸਾਰ ਇਹ ਵਾਯੂ ਮੰਡਲ ਦਾ ਸੁਵਾਮੀ ਬਰਖਾ ਦਾ ਦੇਵਤਾ ਹੈ, ਮੀਂਹ ਤੇ ਅੰਨ ਦਾ ਦਾਤਾ ਹੋਣ ਕਰਕੇ ਇਸਨੂੰ ਲੋਕ ਪਿਆਰਦੇ ਤੇ ਝੱਖੜ ਅਨ੍ਹੇਰੀ ਤੇ ਬਿਜਲੀ ਗਿਰਾਉਣ ਕਾਰਨ ਇਸ ਤੋਂ ਭੈ ਵੀ ਖਾਂਦੇ ਹਨ। ਇਸ ਦਾ ਹਥਿਆਰ ਬੱਜ੍ਰ ਹੈ ਜਿਸ ਦੁਆਰਾ ਇਹ ਦੈਂਤਾਂ ਨੂੰ ਮਾਰਦਾ ਹੈ,ਵ੍ਰਿਤ੍ਰ ਨਾਮੀ ਦੈਂਤ ਨੂੰ ਮਾਰ ਕੇ ਇਸ ਨੇ ਲੋਕਾਂ

ਨੂੰ ਪ੍ਰਸੰਨ ਕੀਤਾ ਸੀ।

ਪੁਰਾਣਕ ਮਨੌਤ ਅਨੁਸਾਰ ਇਹ ਕੱਸ਼ਯਪ ਦੇ ਘਰ, ਅਦਿਤੀ ਦੇ ਪੇਟੋਂ ਪੈਦਾ ਹੋਇਆ, ਇਸ ਦਾ ਰੰਗ ਸੂਹਾ ਯਾ ਸੁਨਹਿਰੀ ਹੈ। ਇਸਦੀ ਸੁਪਤਨੀ ਸ਼ਚੀ ਤੇ ਪੁੱਤਰ ਜਯੰਤ ਹੈ। ਇਹ ਐਰਾਵਤ ਹਾਥੀ ਯਾ ਉਚੈ-ਸ੍ਰਵਾ ਨਾਮੀ ਚਿਟੇ ਘੋੜੇ ਦੀ ਸਵਾਰੀ ਕਰਦਾ ਹੈ। ਸੱਤਰੰਗੀ ਪੀਂਘ ਇਸ ਦਾ ਧਨੁਖ ਕਿਹਾ ਜਾਂਦਾ ਹੈ।

ਇੰਦ੍ਰ ਦੇ ਦਰਬਾਰ ਵਿਚ ਕਈ ਕਿਸਮ ਦੇ ਗਵਈਏ-ਗੰਧ੍ਰਬ ਤੇ ਅਪੱਸਰਾ ਗਾਉਂਦੀਆਂ ਤੇ ਦਰਬਾਰ ਦੀ ਸ਼ੋਭਾ ਵਧਾਉਂਦੀਆਂ ਰਹਿੰਦੀਆਂ ਹਨ। ਇੰਦ੍ਰ ਨੂੰ ਆਪਣੇ ਸਿੰਘਾਸਨ ਦਾ ਮਾਣ ਹੈ ਤੇ ਉਹ ਸਦਾ ਇਸ ਦੀ ਸੁਰੱਖਿਆ ਲਈ ਚਿੰਤਾ-ਵਾਨ ਰਹਿੰਦਾ ਹੈ। ਜਦੋਂ ਕੋਈ ਰਿਸ਼ੀ ਮੁਨੀ ਤਪ ਕਰਕੇ ਇੰਦ੍ਰ ਦੀ ਉਚ ਪਦਵੀ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਇਹ ਕਿਸੇ ਨਾ ਕਿਸੇ ਤਰ੍ਹਾਂ ਉਸ ਤਪੱਸੀ ਦੇ ਤਪ ਨੂੰ ਭੰਗ ਕਰਨ ਦਾ ਯਤਨ ਕਰਦਾ ਹੈ। ਮਹਾਂ ਭਾਰਤ ਅਨੁਸਾਰ, ਇਹ ਆਪ ਵੀ ਕਈ ਵਾਰ ਕਮਜ਼ੋਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਜਦੋਂ ਚੰਦ੍ਰਮਾ ਨੇ ਇਸਨੂੰ ਦੱਸ ਪਾਈ ਕਿ ਗੋਤਮ ਰਿਸ਼ੀ ਦੀ ਇਸਤਰੀ ਅਹੱਲਿਆ ਤੇਰੀ ਰਾਣੀ ਸ਼ਚੀ ਨਾਲੋਂ ਵੀ ਸੁੰਦਰ ਹੈ ਤਾਂ ਇਸ ਦਾ ਮਨ ਡੋਲ ਗਿਆ ਤੇ ਇਸ ਗੋਤਮ ਦਾ ਭੇਸ ਬਣਾ ਕੇ ਉਸ ਦਾ ਸਤ ਭੰਗ ਕੀਤਾ। ਅਗੋਂ ਰਿਸ਼ੀ ਨੇ ਸਰਾਪ ਦਿਤਾ ਕਿ ਤੂੰ ਇਕ ਭਗ ਲਈ ਇਹ ਛਲ ਕੀਤਾ ਹੈ, ਤੇਰੇ ਸਰੀਰ ਤੇ ਸੈਂਕੜੇ ਭਗਾਂ ਹੋਣਗੀਆਂ, ਸੋ ਇਸਨੂੰ ਮੰਦੀ ਵਾਸ਼ਨਾ ਦਾ ਫਲ ਭੁਗਤਣਾ ਪਿਆ। ਇਕ ਵਾਰ ਰਾਵਣ ਦੇ ਪੁੱਤਰ ਮੇਘਨਾਦ ਨੇ ਇੰਦ੍ਰ ਨੂੰ ਹਰਾ ਕੇ ਲੰਕਾ ਵਿਚ ਕੈਦ ਕਰ ਲਿਆ ਤਾਂ ਫਿਰ ਬ੍ਰਹਮਾ ਤੇ ਹੋਰ ਦੇਵਤੇ ਜਾ ਕੇ ਇਸਨੂੰ ਛੁਡਾ ਕੇ ਲਿਆਏ। ਉਸ ਸਮੇਂ ਬ੍ਰਹਮਾ ਨੇ ਇਸ ਨੂੰ ਦੱਸਿਆ ਕਿ ਤੇਰੀ ਦੁਰਦਸ਼ਾ ਤਾਂ ਹੋਈ ਹੈ ਕਿ ਤੂੰ ਅਹੱਲਿਆ ਦਾ ਸਤ ਭੰਗ ਕੀਤਾ ਸੀ।

> ਗੋਤਮ ਤਪਾ ਅਹਲਿਆ ਇਸਤਰੀ, ਤਿਸ ਦੇਖਿ ਇੰਦ੍ਰ ਲੋਭਾਇਆ
> ਸਹਸ ਸਰੀਰ ਚਿਹਨ ਭਗ ਹੂਏ, ਤਾ ਮਨਿ ਪਛੋਤਾਇਆ।

(ਪ੍ਰਭਾਤੀ ੧, ੧੩੪੩)

ਇੱਕ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਜਦੋਂ ਅਨੇਕਾਂ ਦੇਵਤਿਆਂ ਦੀ ਪੂਜਾ ਹੁੰਦੀ ਹੈ ਤਾਂ ਇੰਦ੍ਰ ਦੇ ਘਰ ਵਾਲੀ ਸ਼ਚੀ ਦੀ ਕਿਧਰੇ ਵੀ ਪੂਜਾ ਉਪਾਸ਼ਨਾ ਨਹੀਂ ਕੀਤੀ ਜਾਂਦੀ। ਦੇਵਤਿਆਂ ਦਾ ਰਾਜਾ ਜ਼ਰੂਰ ਹੈ ਪਰ ਗੁਰਬਾਣੀ ਅਨੁਸਾਰ ਇਹ ਵੀ ਪਰਮੇਸ਼ਰ ਦੇ ਦੁਆਰੇ ਉਸ ਦਾ ਪਾਣੀਹਾਰ ਹੈ।

> ਗਾਵਹਿ ਤੁਹਨੋ ਇੰਦ੍ਰ ਇੰਦ੍ਰਾਸਣਿ ਬੈਠੇ
> ਦੇਵਤਿਆਂ ਦਰ ਨਾਲੇ।

(ਜਪੁ ੧)

## ਇੜਾ

ਯੋਗ ਸਾਧਨਾ ਵਿਚ ਨੱਕ ਦੇ ਖੱਬੇ ਪਾਸੇ ਦੀ ਸੁਰ 'ਇੜਾ' ਤੇ ਸੱਜੇ ਪਾਸੇ ਵਾਲੀ 'ਪਿੰਗਲਾ' ਕਹੀ ਜਾਂਦੀ ਹੈ। ਇਨ੍ਹਾਂ ਦੋਹਾਂ ਦੇ ਦਰਮਿਆਨ ਉਤੇ ਜਾ ਕੇ ਸੁਖਮਨਾ

ਨਾੜੀ ਹੈ ਜਿਸ ਤੇ ਯੋਗੀ ਨੂੰ ਆਤਮ ਅਨੰਦ ਪ੍ਰਾਪਤ ਹੁੰਦਾ ਹੈ। ਇੜਾ ਖੱਬੀ ਨਾਸਕਾ ਤੋਂ ਲੈ ਕੇ ਕੰਗਰੋੜ ਦੇ ਖੱਬੇ ਪਾਸੇ ਹੁੰਦੀ ਹੋਈ ਦਿਮਾਗ ਵਿਚ ਪਹੁੰਚਦੀ ਹੈ। ਇਹ ਠੰਢੇ ਸੁਭਾਅ ਵਾਲੀ ਹੈ, ਇਸ ਵਿਚ ਚੰਦ੍ਰਮਾ ਦਾ ਵਾਸਾ ਹੈ, ਪਿੰਗਲਾ-ਤੇਜ ਸੁਭਾਅ ਵਾਲੀ ਹੈ, ਇਸ ਵਿਚ ਸੂਰਜ ਦਾ ਵਾਸਾ ਹੈ, ਇਸੇ ਕਰਕੇ ਇੜਾ ਨੂੰ 'ਚੰਦ੍ਰਮਾ' ਤੇ ਪਿੰਗਲਾ ਨੂੰ 'ਸੂਰਜ' ਦੇ ਪ੍ਰਤੀਕ ਦੁਆਰਾ ਵੀ ਯਾਦ ਕੀਤਾ ਜਾਂਦਾ ਹੈ।

ਇੜਾ ਪਿੰਗਲਾ ਅਉਰ ਸੁਖਮਨਾ ਪਉਨੈ ਬੰਧਿ ਰਹਾਉਗੋ
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ, ਬ੍ਰਹਮ ਜੋਤਿ ਮਿਲਿ ਜਾਉਗੋ।

(ਰਾਮਕਲੀ ਨਾਮਦੇਵ ਪੰਨਾ, ੯੭੩)

## ਈਦ

ਇਕ ਮੁਸਲਮਾਨੀ ਤਿਉਹਾਰ ਜੋ ਰਮਜ਼ਾਨ ਦੇ ਰੋਜ਼ੇ ਖਤਮ ਹੋਣ ਉਤੇ ਏਕਮ ਦੇ ਚੰਦ ਨੂੰ ਦੇਖਕੇ ਬਰਤ ਖੋਲ੍ਹਣ ਉਪਰੰਤ ਮਨਾਇਆ ਜਾਂਦਾ ਹੈ। ਇਸ ਨੂੰ ਈਦੁ-ਲਫਿਤੱਰ ਕਹਿੰਦੇ ਹਨ। ਦੂਜਾ 'ਈਦੁਲ ਅਜ਼ਹਾ' ਕੁਰਬਾਨੀ ਦਾ ਤਿਉਹਾਰ ਹੈ, ਜੋ ਜ਼ੁਅਲਹਿਜਾਹ ਦੀ ਦਸ ਤਾਰੀਖ਼ ਨੂੰ ਕਿਸੇ ਪਸ਼ੂ ਦੀ ਕੁਰਬਾਨੀ ਕਰਕੇ ਮਨਾਇਆ ਜਾਂਦਾ ਹੈ। ਆਮ ਤੌਰ ਤੇ ਇਸ ਵਿਚ ਗਊ ਦੀ ਕੁਰਬਾਨੀ ਦੇਣ ਦਾ ਰਿਵਾਜ ਹੈ, ਇਸੇ ਕਰਕੇ ਇਸ ਨੂੰ 'ਬਕਰ ਈਦ' ਵੀ ਕਹਿੰਦੇ ਹਨ, ਬਕਰ ਦਾ ਅਰਥ ਹੈ ਗਊ। ਵੱਡੀ ਈਦ ਯਾ 'ਈਦੁਲ ਕਬੀਰ' ਵੀ ਇਹੋ ਹੈ। (ਮ. ਕੋ.)

ਜਾ ਕੈ ਈਦਿ ਬਕਰੀਦਿ ਕੁਲ
ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ।

(ਮਲਾਰ ਰਵਿਦਾਸ,ਪ. ੧੨੯੩)

## ਏਕਾਦਸੀ ਬ੍ਰਤ

ਵੈਸ਼ਣਵ ਲੋਕ, ਏਕਾਦਸੀ ਨੂੰ 'ਹਰਿ ਬਾਸਰ' ਯਾ 'ਵਿਸ਼ਨੂੰ ਦਾ ਦਿਨ' ਮੰਨਦੇ ਹਨ ਤੇ ਇਸ ਦਿਨ ਬ੍ਰਤ ਰੱਖਣਾ ਜ਼ਰੂਰੀ ਸਮਝਦੇ ਹਨ। 'ਵ੍ਰਿਧ ਹਾਰੀਤ ਸਿਮ੍ਰਿਤੀ' ਵਿਚ ਤਾਂ ਇਥੋਂ ਤਕ ਲਿਖਿਆ ਹੈ ਕਿ ਜੇਕਰ ਬ੍ਰਾਹਮਣ ਇਸ ਦਿਨ ਅੰਨ ਖਾਵੇ ਤਾਂ ਉਸਨੂੰ ਗਧੇ ਉਤੇ ਬਿਠਾ ਕੇ ਦੇਸ਼ ਨਿਕਾਲਾ ਦੇ ਦੇਣਾ ਚਾਹੀਦਾ ਹੈ।

ਇਹ ਪੁਰਾਣਾ ਵੈਸ਼ਣਵ ਪ੍ਰਭਾਵ ਹੀ ਸੀ ਕਿ ਮਹਾਂਰਾਸ਼ਟਰ ਦੀ 'ਵਾਰਕਰੀ' ਸੰਪ੍ਰਦਾ ਵਿਚ ਏਕਾਦਸੀ ਬ੍ਰਤ ਰਖਣਾ ਬਹੁਤ ਜ਼ਰੂਰੀ ਧਰਮ-ਕਰਮ ਮੰਨਿਆ ਜਾਂਦਾ ਸੀ। ਜੇਠ ਸੁਦੀ ਏਕਾਦਸੀ ਤੇ ਕੱਤਕ ਸੁਦੀ ਏਕਾਦਸ਼ੀ ਨੂੰ ਨਿਰਜਲ ਰਹਿਣ ਤਕ ਦੀ ਤਾਕੀਦ ਸੀ। ਭਾਵੇਂ ਪੰਦ੍ਹਾਂ ਦਿਨਾਂ ਬਾਦ ਨਿਰਾਹਾਰ ਰਹਿਣ ਦਾ ਬ੍ਰਤ ਰੱਖਣਾ ਸਿਹਤ ਲਈ ਲਾਭਦਾਇਕ ਹੈ ਪਰ ਭਰਮ ਵਹਮ ਆਸਰੇ ਅਜੇਹਾ ਕਰਨਾ ਠੀਕ ਨਹੀਂ

ਕਿਹਾ ਜਾ ਸਕਦਾ। ਇਸੇ ਕਰਕੇ ਨਾਮਦੇਵ ਜੀ ਨੇ ਲਿਖਿਆ ਹੈ :—

ਏਕ ਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ।

(ਟੋਡੀ ਨਾਮਦੇਵ ਪੰਨੇ,੭੧੮)

## ਸਉਣ ਸ਼ਾਸਤ੍ਰ

ਜਿਸ ਸ਼ਾਸਤ੍ਰ ਤੋਂ ਸ਼ਗਨ ਤੇ ਅਪਸ਼ਗਨ ਦੇ ਫਲਾਂ ਦਾ ਪਤਾ ਲਗੇ ਉਹ ਸਉਣ ਸ਼ਾਸਤ੍ਰ ਯਾ ਸ਼ਗਨ ਸ਼ਾਸਤ੍ਰ ਹੈ। ਸ਼ਕੁਨ ਦਾ ਲਫਜ਼ੀ ਮਾਅਨਾ ਹੈ ਪੰਛੀ, ਆਮ ਲੋਕ-ਮਨੌਤ ਅਨੁਸਾਰ ਕਿਸੇ ਦਿਨ, ਕਿਸੇ ਸਮੇਂ, ਕਿਸੇ ਕਿਸੇ ਪੰਛੀ ਦੀ ਅਵਾਜ਼ ਸੁਣਨਾ ਅਮੰਗਲ-ਸੂਚਕ ਮੰਨੀ ਗਈ ਹੈ, ਕਿਸੇ ਦੀ ਮੰਗਲ ਸੂਚਕ। ਇਸੇ ਤਰ੍ਹਾਂ ਹੋਰ ਜਾਨਵਰਾਂ ਬਾਰੇ ਵੀ ਲੋਕ-ਭਰਮ ਬਣੇ ਹੋਏ ਹਨ। ਜੇ ਤੁਰਨ ਲੱਗਿਆਂ ਕੁੱਤਾ ਕੰਨ ਫੜਕਾਵੇ, ਗਿੱਦੜੀ ਬੋਲਦੀ ਸੁਣਾਈ ਦੇਵੇ ਜਾਂ ਬਿੱਲੀ ਮੂਹਰਿਓਂ ਦੀ ਲੰਘ ਜਾਵੇ ਤਾਂ ਇਹ ਬਦਸ਼ਗਨੀ ਸਮਝੀ ਜਾਂਦੀ ਹੈ। ਜਾਣ ਵਾਲੇ ਲਈ ਛਿੱਕ ਵੀ ਬਾਧਕ ਮੰਨੀ ਗਈ ਹੈ। ਇਸੇ ਤਰ੍ਹਾਂ ਸਵੇਰੇ ਸਵੇਰੇ ਬ੍ਰਾਹਮਣ ਦਾ ਮੱਥੇ ਲਗਣਾ ਸ਼ੁਭ ਨਹੀਂ ਮੰਨਿਆ ਜਾਂਦਾ, ਚੂਹੜੇ ਦਾ ਮਿਲਣਾ ਸ਼ੁਭ ਤਸੱਵਰ ਕੀਤਾ ਜਾਂਦਾ ਹੈ, ਘੜਾ ਚੁੱਕੀ ਆਉਂਦੀ ਜਾਂ ਬਾਲ ਗੋਦ ਖਿਡਾਉਂਦੀ ਇਸਤਰੀ ਦਾ ਸਨਮੁਖ ਮੇਲ, ਚੰਗਾ ਸ਼ਗਨ ਖ਼ਿਆਲ ਕੀਤਾ ਗਿਆ ਹੈ। ਅਜੇਹੀਆਂ ਭਰਮ-ਮਨੌਤਾਂ ਮਨੁੱਖ ਦੇ ਇਰਾਦੇ ਨੂੰ ਕਮਜ਼ੋਰ ਕਰਦੀਆਂ ਤੇ ਵਾਧੂ ਵਹਿਮਾਂ-ਭਰਮਾਂ ਦੇ ਚੱਕਰ ਵਿਚ ਪਾਈ ਰਖਦੀਆਂ ਹਨ। ਇਸ ਲਈ ਗੁਰੂ ਸਾਹਿਬ ਨੇ ਕਿਹਾ ਹੈ ਕਿ ਰੱਬ ਨੂੰ ਵਿਸਾਰਨ ਵਾਲੇ ਹੀ ਅਜਿਹੇ ਵਹਿਮਾਂ ਦਾ ਸ਼ਿਕਾਰ ਹੁੰਦੇ ਹਨ, ਸਾਡੇ ਲਈ ਤਾਂ ਸਾਡਾ ਪਰਮੇਸ਼ਰ ਹੀ ਸਭ ਤੋਂ ਵੱਡਾ ਸ਼ੁਭ ਸ਼ਗਨ ਹੈ।

ਪ੍ਰਭੂ ਹਮਾਰੈ ਸ਼ਾਸਤ੍ਰ ਸਉਣ
ਸੁਖ ਸਹਜ ਅਨੰਦ ਗ੍ਰਿਹ ਭਉਣ।

(ਭੈਰਉ ੫, ਪੰਨਾ ੧੧੩੭)

ਸਗਨ ਅਪਸਗਨ ਤਿਸ ਕਉ ਲਗੈ,
ਜਿਸੁ ਚੀਤਿ ਨ ਆਵੈ।

(ਆਸਾ ੫, ਪੰਨਾ ੪੦੧)

## ਸਹਸਕ੍ਰਿਤੀ

ਸੰਸਕ੍ਰਿਤ ਦਾ ਇਕ ਬਦਲਿਆ ਰੂਪ, ਜੋ ਕਿ ਪ੍ਰਾਕ੍ਰਿਤ ਤੇ ਗਾਥਾ ਦੇ ਨੇੜੇ ਦਾ ਹੈ, 'ਸਹਸਕ੍ਰਿਤੀ' ਕਹਿਲਾਉਂਦਾ ਹੈ। ਇਸਨੂੰ ਅਸੀਂ 'ਲੋਕ-ਸੰਸਕ੍ਰਿਤ' ਕਹਿ ਸਕਦੇ ਹਾਂ ਜਿਸਨੂੰ ਕਿ ਲੋਕਾਂ ਆਪਣੀ ਮਨਮਰਜ਼ੀ ਅਨੁਸਾਰ ਢਾਲ ਕੇ ਨਵਾਂ ਰੂਪ ਦਿਤਾ ਪਰੰਤੂ ਇਸਨੂੰ ਸੰਸਕ੍ਰਿਤ ਸਮਝਣਾ ਭੁੱਲ ਹੈ ਤੇ ਇਸ ਉਤੇ ਸੰਸਕ੍ਰਿਤ ਵਿਆਕਰਣ ਦੇ ਨੇਮਾਂ ਨੂੰ ਲਾਗੂ ਕਰਨਾ ਵੀ ਠੀਕ ਨਹੀਂ।

ਗੁਰੂ ਨਾਨਕ ਸਾਹਿਬ ਨੇ ਅਜਿਹੀ ਲੋਕ-ਭਾਸ਼ਾ ਵਿਚ ਕੁਝ ਸਲੋਕ ਲਿਖੇ ਹਨ ਤੇ ਗੁਰੂ ਅਰਜਨ ਦੇਵ ਜੀ ਨੇ ਇਸੇ ਸਿਰਲੇਖ ਹੇਠ ੬੭ ਸਲੋਕ ਉਚਾਰਣ ਕੀਤੇ, ਜੋ ਕਿ ਰਾਗਾਂ ਵਾਲੀ ਬਾਣੀ ਦੇ ਅੰਤ ਤੇ ਦਰਜ ਹਨ। ਮਾਲੂਮ ਹੁੰਦਾ ਹੈ ਕਿ ਸੰਤਭਾਸ਼ਾ ਦੀ ਸਗੁੱਧੜੀ ਬਣਤਰ ਵਾਂਗ, ਕਵੀਜਨ ਸਾਧਾਰਣ ਭਾਸ਼ਾ ਨੂੰ ਬਿੰਦੀਆਂ ਟਿੱਪੀਆਂ ਲਾ ਕੇ ਇਕ ਨਵੀਂ ਭਾਸ਼ਾ ਸ਼ੈਲੀ ਨੂੰ ਮੂਰਤੀਮਾਨ ਕਰਦੇ ਸਨ ਤੇ ਸਤਿਗੁਰਾਂ ਵੀ ਇਸਦਾ ਪ੍ਰਯੋਗ ਕੀਤਾ। ਵੰਨਗੀ ਇਸ ਪ੍ਰਕਾਰ ਹੈ :—

ਨਹ ਬਿਲੰਬ ਧਰਮੰ ਬਿਲੰਬ ਪਾਪੰ
ਦ੍ਰਿੜੰਤ ਨਾਮੰ ਤਜੰਤ ਲੋਭੰ।
ਸਰਣਿ ਸੰਤੰ ਕਿਲਬਿਖ ਨਾਸੰ
ਪ੍ਰਾਪਤੰ ਧਰਮ ਲਖਿਣ ਨਾਨਕ ਜਿਹ ਸੁਪ੍ਰਸੰਨ ਮਾਧਵਹ :

(ਸਲੋਕ ਸਹਸਕ੍ਰਿਤੀ ੫, ਪੰਨਾ ੧੩੫੪)

**ਸਹਸ-ਬਾਹੁ**

ਇਕ ਚੰਦ੍ਰਬੰਸੀ ਰਾਜਾ ਜੋ ਕਿ ਕ੍ਰਿਤਵੀਰਯ ਦਾ ਪੁੱਤਰ ਤੇ ਮਹਸ਼ਮਤੀ ਨਗਰੀ ਦਾ ਮਾਲਕ ਸੀ। ਕਿਹਾ ਜਾਂਦਾ ਹੈ ਕਿ ਇਹ ਹਜ਼ਾਰ ਭੁਜਾ ਧਾਰਨ ਵਾਲਾ ਸੀ ਤੇ ਇਸ ਪਚਾਸੀ ਹਜ਼ਾਰ ਵਰ੍ਹੇ ਰਾਜ ਕੀਤਾ। ਇਸ ਦੀ ਰਾਣੀ ਸੀਤਾ ਤੇ ਜਮਦਗਨ ਰਿਸ਼ੀ ਦੀ ਘਰ ਵਾਲੀ ਰੇਣਕਾ, ਜੋ ਕਿ ਪਰਸਰਾਮ ਦੀ ਮਾਤਾ ਸੀ, ਭੈਣਾਂ ਸਨ। ਇਕ ਵਾਰ ਰਾਜਾ ਫ਼ੌਜ ਸਮੇਤ ਰਿਸ਼ੀ ਜਮਦਗਨ ਦੇ ਘਰ ਗਿਆ ਤਾਂ ਕਾਮਧੇਨ ਦੀ ਸ਼ਕਤੀ ਆਸਰੇ ਉਸ ਬਹੁਤ ਸੇਵਾ ਕੀਤੀ। ਸਹਸਬਾਹੁ ਹੈਰਾਨ ਹੋਇਆ ਤੇ ਉਸਨੇ ਧਿੰਗੋਜ਼ੋਰੀ ਕਾਮਧੇਨ ਲੈਣੀ ਚਾਹੀ ਪਰ ਉਸਨੂੰ ਸਫ਼ਲਤਾ ਨਾ ਮਿਲੀ। ਫਿਰ ਇਕ ਵਾਰ ਰੋਹ ਵਿਚ ਆ ਕੇ ਸਹਸ੍ਰਬਾਹੁ ਨੇ ਫੌਜ ਚੜ੍ਹਾ ਲਿਆਂਦੀ ਤੇ ਆਸ਼੍ਰਮ ਵਿਚ ਹੀ ਰਿਸ਼ੀ ਨੂੰ ਮਾਰ ਦਿਤਾ। ਇਸ ਗੱਲ ਦਾ ਰਿਸ਼ੀ ਦੇ ਪੁੱਤਰ ਪਰਸਰਾਮ ਨੂੰ ਬਹੁਤ ਦੁਖ ਹੋਇਆ। ਪਰਸਰਾਮ ਨੇ ਮਾਤਾ ਦੇ ਵੈਣ ਸੁਣਕੇ ਇਹ ਪ੍ਰਣ ਕੀਤਾ ਕਿ ਮੈਂ ਬਦਲਾ ਜ਼ਰੂਰ ਲਵਾਂਗਾ। ਚੁਨਾਂਚਿ ਉਸਨੇ ਲੜਾਈ ਕਰਕੇ ਸਹਸਬਾਹੁ ਨੂੰ ਥਾਂ ਮਾਰਿਆ ਤੇ ੨੧ ਵਾਰ ਭਾਰੀ ਜੰਗ ਲੜ ਕੇ ਧਰਤੀ ਤੋਂ ਖਤ੍ਰੀਆਂ ਦਾ ਸਫ਼ਾਇਆ ਕੀਤਾ। ਗੁਰਬਾਣੀ ਵਿਚ ਇਸ ਦੀ ਮਿਸਾਲ ਇਉਂ ਵਰਤੀ ਗਈ ਹੈ ਕਿ ਅਭਿਮਾਨੀ ਦਾ ਨਾਸ ਅੰਤ ਪਰਮੇਸ਼ਰ ਆਪ ਕਰਦਾ ਹੈ :

ਸਹਸਬਾਹੁ ਮਧੁ ਕੀਟ ਮਹਖਾਸਾ।
ਹਰਣਾਖਸੁ ਲੇ ਨਖਹੁ ਬਿਧਾਸਾ।
ਦੈਂਤ ਸੰਘਾਰੇ ਬਿਨੁ ਭਗਤਿ ਅਭਿਆਸਾ।

(ਗਉੜੀ ੧, ਪੰਨਾ ੨੨੪)

**ਸਹਜ ਪਦ**—ਦੇਖੋ 'ਚਉਥਾ ਪਦ'

**ਸ਼ਕਤੀ**—ਦੇਖੋ 'ਸ਼ਿਵ ਸ਼ਕਤੀ' ਤੇ 'ਸਾਕਤ'

**ਸਗਨ ਅਪਸ਼ਗਨ**—ਦੇਖੋ 'ਸਉਣ ਸ਼ਾਸਤ੍ਰ'

**ਸਚਖੰਡ**—ਦੇਖੋ 'ਖੰਡ'

### ਸਤਾ ਬਲਵੰਡ

ਭਾਈ ਸੱਤਾ ਗੁਰੂ ਘਰ ਦਾ ਰਬਾਬੀ ਸੀ ਜੋ ਕਿ ਜਾਤਿ ਦਾ ਡੂਮ ਸੀ ਤੇ ਜਿਸ ਨੇ ਰਾਇ ਬਲਵੰਡ ਨਾਲ ਰਲ ਕੇ ਗੁਰੂ ਅਰਜਨ ਸਾਹਿਬ ਦੇ ਸਨਮੁਖ ਰਾਮਕਲੀ ਦੀ ਵਾਰ ਉਚਾਰੀ ਜਿਸ ਦੀਆਂ ਕੁਲ ਅੱਠ ਪਉੜੀਆਂ ਹਨ। ਵਿਦਵਾਨਾਂ ਦਾ ਖ਼ਿਆਲ ਹੈ ਕਿ ਪਹਿਲੀਆਂ ਪੰਜ ਪਉੜੀਆਂ ਰਾਇ ਬਲਵੰਡ ਕਿਰਤ ਹਨ ਤੇ ਮਗਰਲੀਆਂ ਤਿੰਨ ਸੱਤੇ ਦੀਆਂ। ਛੇਵੀਂ ਪਉੜੀ ਵਿਚ ਸੱਤੇ ਦਾ ਨਾਮ ਇਸ ਪਰਕਾਰ ਆਇਆ ਹੈ :—

ਦਾਨੁ ਜਿ ਸਤਿਗੁਰ ਭਾਵਸੀ, ਸੋ ਸਤੇ ਦਾਣੁ ॥੬॥

ਭਾਈ ਕੇਸਰ ਸਿੰਘ ਛਿੱਬਰ ਦੇ ਲਿਖਣ ਅਨੁਸਾਰ ਰਬਾਬੀ ੧੬੦੦ ਈ. ਵਿਚ ਪੰਚਮ ਗੁਰੂ ਨਾਲ ਰੁੱਸ ਕੇ ਦੂਜੇ ਪਾਸੇ ਮੀਣਿਆਂ ਵਲ ਚਲੇ ਗਏ ਸਨ ਤੇ ਪਿਛੋਂ ਪਛਤਾ ਕੇ ਫਿਰ ਚਰਣ-ਸ਼ਰਣ ਆ ਕੇ ਇਹ ਵਾਰ ਲਿਖੀ ਸੀ। ਇਸ ਵਾਰ ਦਾ ਵਿਸ਼ਾ ਗੁਰੂ ਜੋਤਿ ਦੀ ਏਕਤਾ ਹੈ ਜੋ ਕਾਇਆ ਪਲਟਣ ਨਾਲ ਬਦਲਦੀ ਨਹੀਂ। ਇਸ ਤੋਂ ਗੁਰੂ-ਇਤਿਹਾਸ ਬਾਰੇ ਵੀ ਕਈ ਠੋਸ ਸੰਕੇਤ ਮਿਲਦੇ ਹਨ। ਇਸਨੂੰ 'ਟਿਕੇ ਦੀ ਵਾਰ' ਕਿਹਾ ਜਾਂਦਾ ਹੈ ਜੋ ਕਿ ਗੁਰਿਆਈ ਦੇ ਤਿਲਕ ਸਮੇਂ ਗਾਈ ਜਾਂਦੀ ਰਹੀ ਹੈ।

ਕੁਝ ਲੇਖਕ ਸੱਤੇ ਨੂੰ ਭਾਈ ਮਰਦਾਨੇ ਦੇ ਖ਼ਾਨਦਾਨ ਵਿਚੋਂ ਦੱਸਦੇ ਹਨ ਪਰ ਇਸ ਦੀ ਇਤਿਹਾਸ ਤੋਂ ਪੁਸ਼ਟੀ ਨਹੀਂ ਹੁੰਦੀ।

### ਸਤਿਸੰਗ

ਜਦੋਂ ਭਲੇ ਪੁਰਸ਼ ਮਿਲਕੇ ਪ੍ਰਭੂ ਨਾਮ ਦਾ ਵਖਿਆਨ ਕੀਰਤਨ ਜਾਂ ਵਿਚਾਰ ਕਰਨ ਉਹ ਸਤਿਸੰਗ ਕਹਾਉਂਦਾ ਹੈ। ਸਤਿਸੰਗ ਜਾਂ ਸਾਧਸੰਗ ਦਾ ਅਰਥ ਹੈ, ਸਾਧੂਆਂ ਦਾ ਮੇਲਜੋਲ। ਗੁਰਮਤਿ ਵਿਚਾਰਧਾਰਾ ਵਿਚ ਜਿਥੇ ਨਾਮ ਸਿਮਰਨ ਦੀ ਬਾਰ ਬਾਰ ਤਾਕੀਦ ਕੀਤੀ ਗਈ ਹੈ, ਉਥੇ ਸਤਿਸੰਗ ਕਰਨ ਉਤੇ ਵੀ ਬਹੁਤ ਜ਼ੋਰ ਦਿਤਾ ਗਿਆ ਹੈ। ਕਾਰਨ ਇਹ ਹੈ ਕਿ ਮਨੁੱਖ ਕੇਵਲ ਸ੍ਰੇਸ਼ਟ ਵਿਚਾਰ ਆਸਰੇ ਹੀ ਨਹੀਂ ਚਲਦਾ ਸਗੋਂ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਬਹੁਤਾ ਆਲੇ ਦੁਆਲੇ ਦੇ ਪ੍ਰਭਾਵ ਸਦਕੇ ਚਲਦਾ ਹੈ। ਇਸ ਕਰਕੇ ਮਹਾਂ ਪੁਰਸ਼ਾਂ ਇਸ ਗੱਲ ਉਤੇ ਜ਼ੋਰ ਦਿਤਾ ਕਿ ਸਾਧੂ ਸੰਤਾਂ ਦੇ ਮੇਲਜੋਲ ਕਾਰਨ ਅਧਿਆਤਮਕ ਪ੍ਰਵਿਰਤੀ ਦਾ ਪ੍ਰਭਾਵ ਵਧੇਗਾ ਤੇ ਮਨੁੱਖ ਆਪਣੇ ਆਪ ਸਹੀ ਪਾਸੇ ਜਲਦੀ ਲਗ ਸਕੇਗਾ। ਇਸੇ ਲਈ ਬਾਰ ਬਾਰ ਤਾਕੀਦ ਕੀਤੀ ਗਈ :—

ਮੇਰੇ ਮਾਧਉ ਜੀ ! ਸਤਿ-ਸੰਗਤਿ ਮਿਲੇ ਸੋ ਤਰਿਆ ।

(ਗੂਜਰੀ ੫, ਪੰਨਾ ੧੦)

ਸਤਿਸੰਗ ਨਾਲ ਉੱਚੀ ਜੀਵਨ ਸਿਖਿਆ ਦੀ ਸੋਝੀ ਆਉਂਦੀ ਅਤੇ ਹਉਮੈ ਤੇ ਦ੍ਵੈਤ ਘਟ ਕੇ ਸਮਾਨਤਾ ਦਾ ਭਾਵ ਪੈਦਾ ਹੁੰਦਾ ਹੈ ਤੇ ਨਾਲ ਹੀ ਸਰੇਸ਼ਟ ਗੁਣਾਂ ਦਾ ਸੰਚਾਰ ਹੁੰਦਾ ਹੈ ਜੋ ਕਿ ਜੀਵਨ-ਵਿਕਾਸ ਲਈ ਅਤਿਅੰਤ ਆਵੱਸ਼ਕ ਹੈ :—

ਬ੍ਰਹਮਣ ਖਤ੍ਰੀ ਸੂਦ ਵੈਸ ਚਾਰਿ ਵਰਣ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ
ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ।

(ਗੋਂਡ ੪ ਪੰਨਾ ੮੬੧)

## ਸਤਿਗੁਰੂ

ਅਧਿਆਤਮਕ ਜੀਵਨ ਦਾ ਮਾਰਗ-ਦਰਸ਼ਕ ਗੁਰੂ ਹੈ । ਪਹਿਲੇ ਪਹਿਲ ਹਿੰਦੂ ਸਾਹਿਤ ਵਿਚ 'ਗੁਰੂ' ਪਦ ਦਾ ਪ੍ਰਯੋਗ ਵਿਦਿਆ-ਦਾਤਾ ਅਚਾਰਯ ਲਈ ਹੀ ਸੀ । ਚੂੰਕਿ ਤਾਂਤ੍ਰਿਕ ਸਾਧਨਾ ਗੁਪਤ ਢੰਗ ਨਾਲ ਕੀਤੀ ਜਾਂਦੀ ਸੀ, ਇਸ ਕਰਕੇ ਇਸ ਵਿਚ ਗੁਰੂ ਦਾ ਮਹੱਤਵ ਵਿਸ਼ੇਸ਼ ਤੌਰ ਤੇ ਸਵੀਕਾਰ ਕੀਤਾ ਗਿਆ । ਇਥੋਂ ਅਗੇ ਸਿੱਧਾਂ ਨਾਥਾਂ ਵਿਚ ਅਤੇ ਭਗਤੀ ਲਹਿਰ ਦੇ ਸੰਤਾਂ ਵਿਚ 'ਗੁਰੂ' ਦੀ ਵਿਸ਼ੇਸ਼ ਪਦਵੀ ਬਣ ਗਈ ਜੋ ਜਗਿਆਸੂ ਨੂੰ ਰਸਤਾ ਦੱਸਕੇ ਜੀਵਨ-ਵਿਕਾਸ ਵਲ ਤੋਰ ਸਕੇ, ਉਹ ਗੁਰੂ ਕਹਿਲਾਇਆ । ਗੁਰੂ ਰਾਮਦਾਸ ਜੀ ਨੇ ਲਿਖਿਆ ਹੈ :—

ਜਿਸ ਮਿਲਿਐ ਮਨ ਹੋਇ ਅਨੰਦੁ ਸੋ ਸਤਿਗੁਰੁ ਕਹੀਐ
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮਪਦੁ ਲਹੀਐ ।

(ਗਉੜੀ ਬੈਰਾਗਣਿ ੪)

ਮਨ ਦੇ ਦ੍ਵੈਤ ਦਾ ਨਾਸ਼ ਤੇ ਅਨੰਦ ਦਾ ਪ੍ਰਕਾਸ਼ ਕੇਵਲ ਆਤਮ ਪਰਮਾਤਮਾ ਦੇ ਮੇਲ ਨਾਲ ਹੀ ਸੰਭਵ ਹੈ, ਇਸ ਲਈ ਪਰਮੇਸਰ ਦੀ ਪ੍ਰਕਾਸ਼ਕ ਗਿਆਨ ਸ਼ਕਤੀ ਨੂੰ 'ਗੁਰੂ' ਕਿਹਾ ਹੈ ਤੇ ਇਹੋ ਅਧਿਆਤਮ ਗਿਆਨ, ਬਾਣੀ ਯਾ ਸ਼ਬਦ ਰੂਪ ਵਿਚ 'ਗੁਰੂ' ਅਖਵਾਉਂਦਾ ਹੈ । 'ਗੁਰਪਰਮੇਸਰ ਏਕੋ ਜਾਣ' ਕਹਿਣ ਦਾ ਭਾਵ ਵੀ ਇਹੋ ਹੀ ਹੈ । ਸੋ ਗੁਰੂ ਇਕ ਵਿਅਕਤੀ ਮਾਤਰ ਨਹੀਂ, ਸਗੋਂ ਜੋਤਿ ਰੂਪ ਹੈ, ਇਸੇ ਸਦਕੇ ਜੀਵ ਦਾ ਉਧਾਰ ਹੋ ਸਕਦਾ ਹੈ :—

ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ ।

(ਵਾਰ ਸੋਰਠ ੩, ਪੰਨਾ ੬੪੬)

ਸਤਿਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸਕਾ ਨਾਉ
ਤਿਸਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ ।

(ਗਉੜੀ ਸੁਖਮਨੀ ੫, ਪੰਨਾ ੨੮੬)

**ਸਤਿਜੁਗ** — ਦੇਖੋ ਚਾਰ ਜੁਗ

## ਸਤੀ

ਸਤੀ ਹੋਣ ਦਾ ਭਾਵ ਮੋਏ ਪਤੀ ਦੀ ਲਾਸ਼ ਨਾਲ ਇਸਤਰੀ ਦਾ ਜੀਉਂਦਿਆਂ ਜੀ ਸੜ ਜਾਣਾ ਹੈ। ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਇਸ ਰੀਤਿ ਦੇ ਕੁਝ ਸੰਕੇਤ ਮਿਲਦੇ ਹਨ। ਰੋਮਨ ਲੋਕਾਂ ਵਿਚ ਪਤੀ ਨਾਲ ਪਤਨੀ ਨੂੰ ਸਾੜਨ ਦੀ ਪ੍ਰਥਾ ਸੀ, ਯੂਨਾਨ ਵਿਚ ਮੁਰਦਾ ਪਤੀ ਨੂੰ ਦਫਨਾਉਣ ਪਿਛੋਂ ਪਤਨੀ ਨੂੰ ਕਬਰ ਉਤੇ ਮਾਰ ਸੁੱਟਣ ਦਾ ਰਿਵਾਜ ਸੀ, ਚੀਨ ਵਿਚ ਇਸਤ੍ਰੀਆਂ ਪਤੀ ਦੇ ਦੇਹਾਂਤ ਬਾਦ ਫਾਂਸੀ ਲੈ ਲੈਂਦੀਆਂ ਸਨ। ਹਿੰਦੂ ਧਰਮ-ਗ੍ਰੰਥਾਂ ਵਿਚ ਇਸਦਾ ਵਿਧਾਨ ਮਿਲਦਾ ਹੈ। ਪਰਾਸ਼ਰ ਸਿਮ੍ਰਤੀ ਵਿਚ ਲਿਖਿਆ ਹੈ ਕਿ ਜੋ ਇਸਤ੍ਰੀ ਪਤੀ ਨਾਲ ਸਤੀ ਹੁੰਦੀ ਹੈ, ਉਹ ਉਤਨੇ ਵਰ੍ਹੇ ਸੁਰਗ ਵਿਚ ਵਸਦੀ ਹੈ, ਜਿਤਨੇ ਪਤੀ ਦੇ ਰੋਮ ਹੋਣ। ਕਹਿੰਦੇ ਹਨ ਪਾਂਡੂ ਦੀ ਪਤਨੀ ਮਾਂਦ੍ਰੀ ਸਤੀ ਹੋ ਗਈ ਸੀ। ਮੁਸਲਮਾਨੀ ਹਮਲਿਆਂ ਕਾਰਨ ਜਦ ਰਾਜਪੂਤ ਜੋਧੇ, ਟਾਕਰਿਆਂ ਵਿਚ ਮਰਨ ਲਗੇ ਤਾਂ ਰਾਜਪੂਤਨੀਆਂ ਆਪਣੀ ਪਤ ਤੇ ਸ੍ਵੈਮਾਨ ਦੀ ਰੱਖਿਆ ਲਈ ਜੌਹਰ ਤੇ ਸਤੀ ਦੀ ਰਸਮ ਅਪਣਾਉਣ ਲਗੀਆਂ। ਸੋ ਤੇਰ੍ਹਵੀਂ ਤੇ ਸੋਲ੍ਹਵੀਂ ਸਦੀ ਤਕ ਬਿਹਾਰ, ਬੰਗਾਲ ਤੇ ਰਾਜਸਥਾਨ ਵਿਚ ਇਸਦਾ ਤਕੜਾ ਜ਼ੋਰ ਰਿਹਾ। ਅਮੀਰ ਖੁਸਰੋ (ਦੇਹਾਂਤ ੧੩੨੫ ਈ.) ਨੇ ਲਿਖਿਆ ਹੈ ਕਿ ਹਿੰਦੁਸਤਾਨੀ ਇਸਤ੍ਰੀ ਦੀ ਕੁਰਬਾਨੀ ਪਰਵਾਨੇ ਨਾਲੋਂ ਵਧ ਹੈ ਕਿਉਂਕਿ ਪਰਵਾਨਾ ਤਾਂ ਜਿਉਂਦੀ ਸ਼ਮਅ ਤੇ ਸੜਦਾ ਹੈ ਪਰ ਇਹ ਬੁਝ ਚੁਕੀ ਸ਼ਮਅ ਉਤੇ ਆਪਣਾ ਆਪ ਨਿਛਾਵਰ ਕਰਦੀ ਹੈ।

ਪੰਦਰ੍ਹਵੀਂ ਸਦੀ ਵਿਚ ਕਬੀਰ ਨੇ ਇਹ ਗੱਲ ਲਿਖੀ ਹੈ ਕਿ ਸਤੀ ਬਿਨਾ ਕਿਸੇ ਸੋਚ ਫਿਕਰ ਦੇ ਨਿਰਭੈ ਹੋ ਸੰਧਊਰਾ ਲੈ ਕੇ ਚਿਖਾ ਚੜ੍ਹ ਮਰਦੀ ਹੈ :—

ਸੂਰ ਕਿ ਸਨਮੁਖ ਰਨ ਤੇ ਡਰਪੈ, ਸਤੀ ਕਿ ਸਾਂਚੈ ਭਾਂਡੇ
ਡਗਮਗ ਛਾਡਿ ਰੇ ਮਨ ਬਉਰਾ
ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨਉ ਹਾਥਿ ਸੰਧਉਰਾ। (ਗਉੜੀ

ਮੁਗ਼ਲ ਬਾਦਸ਼ਾਹ ਅਕਬਰ ਨੇ ਇਸ ਰਸਮ ਨੂੰ ਬੰਦ ਕਰਨ ਲਈ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ, ਇਨ੍ਹਾਂ ਰੋਕਾਂ ਦੇ ਬਾਵਜੂਦ ਵੀ ਰਾਜਪੂਤਾਂ ਵਿਚ ਇਹ ਰੀਤਿ ਚਲਦੀ ਰਹੀ। ਸਿਖ ਲਹਿਰ ਵਿਚ ਇਹ ਸਮਾ ਗੁਰੂ ਅਮਰਦਾਸ ਦਾ ਸੀ, ਇਸ ਲਈ ਉਨ੍ਹਾਂ ਸਿਖਾਂ ਨੂੰ ਸਮਝਾਇਆ ਕਿ ਸਤੀ ਉਹ ਨਹੀਂ ਜੋ ਮੁਰਦਾ ਲਾਸ਼ ਨਾਲ ਪੈ ਕੇ ਸੜ ਜਾਵੇ ਸਗੋਂ ਸੱਚੀ ਸਤੀ ਉਹ ਹੈ ਜੋ ਵਿਛੋੜੇ ਦੇ ਦੁਖ ਨੂੰ ਸਬਰ ਸੰਤੋਖ ਨਾਲ ਸਹਾਰਕੇ ਪਵਿੱਤਰ ਜੀਵਨ ਬਿਤੀਤ ਕਰੇ।

ਫੁਰਮਾਨ ਹੈ :—

ਸਤਿਆ ਇਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ
ਨਾਨਕ ਸਤੀਆ ਜਾਣੀਅਨਿ ਜਿ ਬਿਰਹੋ ਚੋਟ ਮਰੰਨਿ।

ਭੀ ਸੇ ਸਤੀਆ ਜਾਣੀਅਨਿ, ਸੀਲ ਸੰਤੋਖ ਰਹੰਨਿ
ਸੇਵਨਿ ਸਾਈਂ ਆਪਣਾ, ਨਿਤ ਉਠਿ ਸੰਮਾਲੰਨਿ ।

(ਵਾਰ ਸੂਹੀ ੩ ਪੰਨਾ ੭੮੭)

ਗੁਰੂ ਅਰਜਨ ਸਾਹਿਬ ਨੇ ਵੀ ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਕਰਦਿਆਂ ਕਿਹਾ:—

ਦੇਖਾ ਦੇਖੀ ਮਨ ਹਠਿ ਜਲਿ ਜਾਈਐ ।
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ।
ਸੀਲ ਸੰਜਮਿ ਪ੍ਰਿਆ ਆਗਿਆ ਮਾਨੈ ।
ਤਿਸੁ ਨਾਰੀ ਕਉ ਦੁਖੁ ਨ ਜਮਾਨੈ ।
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ।
ਧੰਨੁ ਸਤੀ ਦਰਗਹ ਪਰਵਾਨਿਆ ।੯੯।

(ਗਉੜੀ ੫, ਪੰਨਾ ੧੮੫)

## ਸਦੁ

ਇਕ ਪਰਕਾਰ ਦਾ ਸ਼ੋਕ-ਗੀਤ, ਜੋ ਕਿ ਲੰਮੀ ਹੇਕ ਨਾਲ ਗਾਇਆ ਜਾਂਦਾ ਹੈ । ਬਾਬਾ ਸੁੰਦਰ ਨੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਉਨ੍ਹਾਂ ਦੇ ਵਿਛੋੜੇ ਦੀ ਵੇਦਨਾ ਅਤੇ ਸਿਖਿਆ ਨੂੰ ਰਾਮਕਲੀ ਰਾਗ ਵਿਚ ਛੇ ਬੰਦਾਂ ਅੰਦਰ ਕਲਮਬੰਦ ਕੀਤਾ ਹੈ ।

ਸਿਖਾਂ ਅੰਦਰ ਮ੍ਰਿਤਕ ਪ੍ਰਾਣੀ ਦੇ ਅੰਤਮ-ਸੰਸਕਾਰ ਬਾਦ ਇਸਨੂੰ ਪੜ੍ਹਨ ਦੀ ਰੀਤਿ ਹੈ ਕਿਉਂਕਿ ਇਸ ਵਿਚ ਅਜੇਹੀ ਸਿਖਿਆ ਦਿਤੀ ਗਈ ਹੈ ਕਿ ਵਿਛੜ ਗਏ ਸਨੇਹੀ ਪ੍ਰਤੀ ਵਿਰਲਾਪ ਕਰਨਾ ਠੀਕ ਨਹੀਂ ਸਗੋਂ ਇਸਦੀ ਥਾਂ 'ਪ੍ਰਭੂ ਕੀਰਤਨ' ਵਿਚ ਮਗਨ ਹੋਣਾ ਹੀ ਯੋਗ ਹੈ ।

ਅੰਤੇ ਸਤਿਗੁਰ ਬੋਲਿਆ ਮੈਂ ਪਿਛੈ ਕੀਰਤਨ ਕਰਿਅਹੁ ਨਿਰਬਾਣ ਜੀਉ ।

(ਰਾਮਕਲੀ ਸਦ, ਪੰਨਾ ੯੨੩)

## ਸਧਨਾ

ਸਧਨਾ ਭਗਤ, ਸਿੰਧ ਦੇ ਇਲਾਕੇ ਸੇਹਵਾਨ ਦਾ ਵਸਨੀਕ ਸੀ । 'ਭਗਤਮਾਲ' ਦੀ ਲਿਖਤ ਅਨੁਸਾਰ ਇਸ ਨੇ ਜਗਨਨਾਥ ਤਕ ਤੀਰਥ ਯਾਤਰਾ ਕੀਤੀ । ਹੋਰ ਇਸਦੇ ਬਿਉਰੇਵਾਰ ਜੀਵਨ ਸਮਾਚਾਰ ਨਹੀਂ ਮਿਲਦੇ । ਕਈਆਂ ਇਸ ਨੂੰ ਨਾਮਦੇਵ ਦਾ ਸਮਕਾਲੀ ਲਿਖਿਆ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੁੰਦੀ । ਸਧਨੇ ਦਾ ਕਿੱਤਾ ਭਾਵੇਂ ਕਸਾਈਆਂ ਵਾਲਾ ਸੀ ਪਰ ਭਗਤੀ ਭਾਵਨਾ ਨੇ ਇਸ ਦੇ ਮਨ ਨੂੰ ਪਲਟ ਦਿਤਾ ਤੇ ਇਹ ਇਕ ਉਤਮ ਭਗਤ ਹੋਇਆ ।

ਗੁਰੂ ਗ੍ਰੰਥ ਦੇ ਬਿਲਾਵਲ ਰਾਗ ਵਿਚ ਇਸ ਦਾ ਇਕੋ ਸ਼ਬਦ ਹੈ ਜਿਸ ਵਿਚ

ਭਗਤ ਵਛਲ ਭਗਵਾਨ ਅੱਗੇ ਪੈਜ ਰੱਖਣ ਲਈ ਬੇਨਤੀ ਕੀਤੀ ਗਈ ਹੈ। ਇਸ ਤੋਂ ਬਿਨਾ ਕੁਝ ਹੱਥ-ਲਿਖਤਾਂ ਵਿਚ ਇਸ ਦੇ ਕੁਝ ਦੋਹਰੇ ਵੀ ਮਿਲਦੇ ਹਨ।

ਮੈ ਨਾਹੀ ਕਛੁ ਹਉ ਨਹੀਂ, ਕਿਛੁ ਆਹਿ ਨ ਮੋਰਾ।
ਅਉਸਰ ਲਜਾ ਰਾਖਿ ਲੇਹੁ, ਸਧਨਾ ਜਨੁ ਤੋਰਾ।

(ਬਿਲਾਵਲ ਸਧਨਾ, ਪੰਨਾ ੮੫੮)

## ਸਨਕਾਦਿ

ਬ੍ਰਹਮਾ ਦੇ ਚਾਰ ਮਾਨਸਿਕ ਪੁੱਤਰ-ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਮੰਨੇ ਗਏ ਹਨ ਜੋ ਕਿ ਬੜੇ ਤਪੱਸਵੀ ਤੇ ਧਰਮਾਤਮਾ ਬਿਰਤੀ ਦੇ ਹਨ। ਕਹਿੰਦੇ ਹਨ ਇਨ੍ਹਾਂ ਨੂੰ ਵਿਸ਼ਨੂੰ ਭਗਵਾਨ ਨੇ ਸਦਾ ਜਵਾਨ ਰਹਿਣ ਦਾ ਵਰ ਦਿਤਾ ਹੋਇਆ ਹੈ। ਸਨਕ ਵੱਡਾ ਹੋਣ ਕਰਕੇ ਉਸ ਦੇ ਨਾਮ ਨਾਲ ਆਦਿ ਯਾ ਆਦਿਕ ਪਦ ਜੋੜ ਦਿਤਾ ਗਿਆ ਹੈ।

ਸਨਕਾਦਿਕ ਨਾਰਦ ਮੁਨਿ ਸੇਖਾ। ਤਿਨ ਭਿ ਤਨ ਮਹਿ ਮਨ ਨਹੀਂ ਪੇਖਾ।

(ਗਉੜੀ ਕਬੀਰ, ਪੰਨਾ ੩੩੦)

ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ
ਸਨਾਤਨ ਸਨਤ ਕੁਮਾਰ
ਤਿਨ ਕਉ ਮਹਲੁ ਦੁਲਭਾਵਉ।

(ਆਸਾ ੫, ਪੰਨਾ ੪੦੧)

## ਸਬਦ ਸੁਰਤਿ

ਹਿੰਦੂ ਧਰਮ-ਗ੍ਰੰਥਾਂ ਦਾ ਵਿਚਾਰ ਹੈ ਕਿ ਬ੍ਰਹਮ ਤੋਂ 'ਓਅੰ' ਦੀ ਧੁਨੀ ਹੋਈ ਤਾਂ ਇਹ ਸੰਸਾਰ ਬਣਿਆ। ਸਾਮੀ ਮਜ਼ਬਾਂ ਵਿਚ ਵੀ ਇਸੇ ਪਰਕਾਰ ਦੀ ਮਾਨਤਾ ਮਿਲਦੀ ਹੈ ਤੇ ਗੁਰਬਾਣੀ ਵਿਚ 'ਕੀਤਾ ਪਸਾਉ ਏਕੋ ਕਵਾਉ' ਜਾਂ 'ਉਤਪਤਿ ਪਰਲਉ ਸਬਦੇ ਹੋਵੈ' ਦਾ ਸੰਕੇਤ ਇਸੇ ਭਾਂਤ ਦਾ ਹੈ। ਇਸੇ ਕਰਕੇ 'ਨਾਦ' ਜਾਂ ਸ਼ਬਦ ਨੂੰ ਬ੍ਰਹਮ ਮੰਨਿਆ ਗਿਆ ਤੇ ਸੰਤਾਂ ਇਸਨੂੰ 'ਨਾਮ' ਆਖਿਆ ਹੈ। ਪੁਰਾਤਨ ਵਿਚਾਰ ਹੋਰ ਵੀ ਹੈ ਕਿ ਉਪਾਧਿ ਵਾਲਾ ਨਾਦ, ਸੱਤ ਸੁਰਾਂ ਵਿਚ ਬਦਲ ਕੇ ਸਾਰੀਆਂ ਜ਼ਬਾਨਾਂ ਨੂੰ ਜਨਮ ਦਿੰਦਾ ਹੈ ਤੇ 'ਨਿਰਉਪਾਧਿ ਨਾਦ' 'ਓਅੰਕਾਰ' ਅਖਵਾਉਂਦਾ ਹੈ। ਯੋਗੀਆਂ ਦੀ ਮਾਨਤਾ ਹੋਰ ਤਰ੍ਹਾਂ ਹੈ, ਉਹ ਕਹਿੰਦੇ ਹਨ ਜਦ ਪ੍ਰਾਣਾਯਾਮ ਦੁਆਰਾ ਕੁੰਡਲਨੀ ਨੂੰ ਜਗਾ ਲਿਆ ਜਾਂਦਾ ਤੇ ਉਹ ਮੇਰੂ ਦੰਡ ਆਸਰੇ ਸੁਖਮਨਾ ਨਾੜੀ ਵਿਚੋਂ ਲੰਘਕੇ ਉਪਰ ਨੂੰ ਉਠਦੀ ਹੈ ਤਾਂ ਇਕ ਅਵਾਜ਼ ਪੈਦਾ ਹੁੰਦੀ ਹੈ, ਇਹੋ ਨਾਦ ਹੈ। ਇਹ ਨਾਦ ਸਾਰੇ ਪਿੰਡ ਤੇ ਬ੍ਰਹਿਮੰਡ ਵਿਚ ਹੋ ਰਿਹਾ ਹੈ ਪਰ ਹਰ ਇਕ ਨੂੰ ਸੁਣਾਈ ਨਹੀਂ ਦਿੰਦਾ। ਜੋ ਯੋਗ ਦਾ ਅਸ਼ਟਾਂਗ ਸਾਧਨ ਮਾਰਗ ਅਪਣਾਉਂਦਾ ਤੇ ਸੁਰਤਿ ਨੂੰ

ਦਸਮਦੁਆਰ ਵਿਚ ਪਹੁੰਚਾ ਲੈਂਦਾ ਹੈ, ਉਸਨੂੰ ਇਹ ਨਾਦ ਸੁਣਾਈ ਦਿੰਦਾ ਹੈ। ਨਾਥ ਸਾਧਨਾ ਵਿਚ 'ਸਬਦ ਸੁਰਤਿ ਯੋਗ' ਇਕ ਵਿਧੀ ਸੀ ਜਿਸ ਦੁਆਰਾ ਇਹ ਬ੍ਰਹਿਮੰਡ ਵਿਆਪੀ ਧੁਨਿ ਸੁਣੀ ਜਾਂਦੀ ਸੀ। ਭਾਵੇਂ ਪੁਰਾਤਨ ਸਿੱਧ-ਸਾਹਿਤ ਵਿਚ ਸੁਰਤਿ ਦਾ ਅਰਥ 'ਭੋਗ' ਜਾਂ 'ਪ੍ਰੇਮ ਕ੍ਰੀੜਾ' ਵੀ ਸੀ ਪਰ ਗੋਰਖ ਦੇ ਜੋਗ ਪੰਥ ਵਿਚ ਅੰਦਰਲੀ ਧੁਨਿ ਨੂੰ ਹੀ ਸਰੁਤਿ ਜਾਂ ਸੁਰਤਿ ਆਖਿਆ ਜਾਂਦਾ ਸੀ। ਪਿਛੋਂ ਜਾ ਕੇ ਸੰਤ-ਕਾਵਿ ਨੇ 'ਚਿਤ ਬਿਰਤੀ' ਦੇ ਅਰਥਾਂ ਵਿਚ ਇਸਦੀ ਆਮ ਵਰਤੋਂ ਕੀਤੀ। ਸੰਕੇਤੀ ਅਰਥਾਂ ਵਿਚ ਸ਼ਬਦ-ਪਰਮ ਬ੍ਰਹਮ ਤੇ ਸੁਰਤਿ, ਆਤਮਾ ਦੀ ਚੇਤਨਾ-ਸ਼ਕਤੀ ਦਾ ਸੂਚਕ ਹੋ ਗਿਆ। ਜਾਂ ਫਿਰ ਸ਼ਬਦ, ਗੁਰੂ-ਉਪਦੇਸ਼ ਤੇ ਸੁਰਤਿ-ਜਗਿਆਸੂ-ਬਿਰਤੀ ਦਾ ਬੋਧਕ ਬਣ ਗਿਆ। ਇਸਦਾ ਭਾਵ ਇਹ ਸੀ ਕਿ ਜਿਤਨਾ ਚਿਰ ਸਾਧਕ ਸਿੱਖ ਦੀ ਬਿਰਤੀ, ਸ਼ਬਦ-ਪਰਾਇਣ ਨਹੀਂ ਹੁੰਦੀ ਯਾ ਉਹ ਮਨਮਤਿ ਤਿਆਗ ਕੇ ਗੁਰਮਤਿ ਗ੍ਰਹਿਣ ਨਹੀਂ ਕਰਦਾ, ਉਤਨਾ ਚਿਰ ਉਧਾਰ ਸੰਭਵ ਨਹੀਂ। ਸ਼ਬਦ ਤੇ ਸੁਰਤਿ ਦਾ ਇਕ ਹੋਣਾ ਹੀ ਪਾਰ ਉਤਾਰੇ ਦਾ ਸਾਧਨ ਹੈ :—

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮ ਵਖਾਣੇ।

(ਰਾਮਕਲੀ ੧, ਪੰਨਾ ੯੩੮)

ਪਰ ਗੁਰੂਆਂ ਸ਼ਬਦ ਦਾ ਭਾਵ ਯੋਗੀਆਂ ਵਾਲਾ ਨ ਲੈਕੇ 'ਪ੍ਰਭੂ ਨਾਮ' ਜਾਂ 'ਗੁਰੂ ਸਿਖਿਆ' ਹੀ ਲਿਆ ਹੈ :—

ਰਾਮ ਨਾਮਿ ਮਨੁ ਬੇਧਿਆ, ਅਵਰੁ ਕਿ ਕਰੀ ਵੀਚਾਰੁ।
ਸਬਦ ਸੁਰਤਿ ਸੁਖ ਊਪਜੈ, ਪ੍ਰਭ ਰਾਤਉ ਸੁਖ ਸਾਰੁ।

(ਸਿਰੀ ੧, ਪੰਨਾ ੬੨)

## ਸਮਾਧਿ

ਜਦੋਂ ਧਿਆਤਾ, ਅਰਥਾਤ ਧਿਆਨ ਕਰਨ ਵਾਲਾ, ਧਿਆਨ ਪਰਿਪੱਕ ਹੋਣ ਉਪਰੰਤ ਧਯੇਯ ਵਿਚ ਲਿਵਲੀਨ ਹੋ ਜਾਂਦਾ ਹੈ ਤਾਂ ਉਸ ਅਵਸਥਾ ਨੂੰ 'ਸਮਾਧਿ' ਕਿਹਾ ਜਾਂਦਾ ਹੈ। ਪਤੰਜਲਿ ਨੇ ਯੋਗ ਸੂਤ੍ਰ ਦੇ 'ਸਾਧਨਪਾਦ' ਵਿਚ ਇਸਨੂੰ ਅਸ਼ਟਾਂਗ ਦਾ ਅੰਤਮ ਸਾਧਨ ਕਿਹਾ ਤੇ 'ਸਮਾਧਿਪਾਦ' ਵਿਚ ਇਸਨੂੰ ਇਕ ਵਿਸ਼ੇਸ਼ ਪ੍ਰਾਪਤੀ ਮੰਨ ਕੇ ਚਰਚਾ ਕੀਤੀ ਹੈ। ਉਂਜ ਮੋਟੇ ਤੌਰ ਤੇ ਸਮਾਧਿ ਦੇ ਦੋ ਭੇਦ ਕੀਤੇ ਜਾਂਦੇ ਹਨ— ਨਿਰਵਿਕਲਪ ਸਮਾਧਿ ਤੇ ਸਵਿਕਲਪ ਸਮਾਧਿ। ਇਨ੍ਹਾਂ ਵਿਚੋਂ ਨਿਰਵਿਕਲਪ ਸਮਾਧਿ ਉਚੀ ਮੰਨੀ ਗਈ ਹੈ ਜਦੋਂ ਕਿ ਜ਼ਰਾ ਫੁਰਨਾ ਮਾਤਰ ਵੀ ਨਹੀਂ ਰਹਿ ਜਾਂਦਾ। ਇਸ ਪੂਰਨ ਅਫੁਰ ਅਵਸਥਾ ਲਈ 'ਸੁੰਨ ਸਮਾਧਿ' ਸੰਕੇਤ ਦਾ ਵੀ ਪ੍ਰਯੋਗ ਕੀਤਾ ਮਿਲਦਾ ਹੈ। ਯੋਗੀ ਲੋਕ, ਸਮਾਧਿ ਦੀ ਅਵਸਥਾ ਤਕ ਪਹੁੰਚਣ ਲਈ ਕਈ ਕਿਸਮ ਦੇ ਪ੍ਰਾਣਾਯਾਮ ਤੇ ਆਸਨ ਆਦਿ ਕਰਦੇ ਸਨ ਜੋ ਕਿ ਅਤਿਅੰਤ ਬਿਖਮ ਸਨ ਪਰੰਤੂ ਗੁਰੂ ਸਾਹਿਬ ਨਾਮ ਦੀ ਪ੍ਰਾਪਤੀ ਨੂੰ ਹੀ ਸਹਜ ਸਮਾਧਿ ਦਾ ਲੱਛਣ ਦਸਦੇ ਹਨ :—

ਪੂਰਨ ਤ੍ਰਿਪਤਿ ਅਘਾਏ । ਸਹਜ ਸਮਾਧਿ ਸੁਭਾਏ ।
ਹਰਿ ਭੰਡਾਰੁ ਹਾਥਿ ਆਇਆ । ਨਾਨਕ ਗੁਰ ਤੇ ਪਾਇਆ ।

(ਮਾਰੂ ੪,ਪੰਨਾ ੧੦੦੯)

## ਸਰਸੁਤੀ (ਨਦੀ)

ਆਰੀਆ ਲੋਕਾਂ ਦੀ ਇਕ ਪੂਜਨੀਕ ਨਦੀ ਜਿਸਦੀ ਪ੍ਰਸੰਸਾ ਰਿਗਵੇਦ (੨੪੧, ੧੬-੧੮) ਵਿਚ ਅੰਨਵਤੀ ਅਤੇ ਉਦਕਵਤੀ ਕਹਿਕੇ ਕੀਤੀ ਗਈ ਹੈ । ਇਹ ਪੰਜਾਬ ਵਿਚ ਸਿਰਮੌਰ ਰਾਜ ਦੇ ਪਹਾੜੀ ਹਿੱਸੇ ਤੋਂ ਨਿਕਲ ਕੇ ਅੰਬਾਲੇ ਅਤੇ ਕੁਰਖੇਤਰ ਤੋਂ ਹੁੰਦੀ ਹੋਈ ਜ਼ਿਲਾ ਕਰਨਾਲ ਅਤੇ ਪਟਿਆਲੇ ਵਿਚ ਦਾਖ਼ਲ ਹੋਕੇ ਘੱਗਰ-ਦ੍ਰਿਸ਼ਦ੍ਵਤੀ ਨਦੀ ਵਿਚ ਮਿਲ ਜਾਂਦੀ ਸੀ । ਪੁਰਾਤਨ ਕਾਲ ਵਿਚ ਇਹ ਸਮਿਲਤ ਨਦੀ ਰਾਜਪੂਤਾਨੇ ਦੇ ਕਈ ਥਾਵਾਂ ਨੂੰ ਸਿੰਜਦੀ ਸੀ । ਖ਼ਿਆਲ ਹੈ ਕਿ ਪ੍ਰਯਾਗ ਦੇ ਨੇੜੇ ਜਾ ਕੇ ਗੰਗਾ ਅਤੇ ਜਮੁਨਾ ਵਿਚ ਮਿਲ ਕੇ ਤ੍ਰਿਬੇਣੀ ਬਣ ਗਈ । ਸਮੇਂ ਦੇ ਗੇੜ ਨਾਲ ਨਦੀ ਸੁੱਕ ਗਈ ਪਰ ਤਾਂ ਵੀ ਲੋਕਾਂ ਦੀ ਧਾਰਨਾ ਹੈ ਕਿ ਇਹ ਹੁਣ ਵੀ ਪ੍ਰਯਾਗ ਵਿਖੇ ਗੁਪਤ ਵਹਿ ਰਹੀ ਹੈ । 'ਮਨੁ ਸੰਹਿਤਾ' ਅਨੁਸਾਰ ਸਰਸ੍ਵਤੀ ਅਤੇ ਦ੍ਰਿਸ਼ਦਵਤੀ (ਘੱਗਰ) ਦਾ ਵਿਚਕਾਰਲਾ ਭਾਗ 'ਬ੍ਰਹਮਾਵਰਤ' ਕਹਾਉਂਦਾ ਸੀ । ਸਰਸੁਤੀ ਕੰਢੇ ਵਸਦੇ ਵਿਦਵਾਨ ਬ੍ਰਾਹਮਣ, ਸਾਰਸੁਤ ਕਹੇ ਜਾਂਦੇ ਸਨ । ਸੋ ਸਰਸ੍ਵਤੀ ਆਰੀਆਂ ਲਈ ਇਕ ਪਵਿਤਰ ਨਦੀ ਸੀ ਜਿਸਦਾ ਇਸ਼ਨਾਨ ਪੁੰਨਦਾਇਕ ਮੰਨਿਆ ਜਾਂਦਾ ਸੀ । ਪਰ ਗੁਰੂ ਸਾਹਿਬ ਪਵਿਤਰ ਜੀਵਨ ਦਾ ਮਹੱਤਵ ਦਸਦੇ ਕਹਿੰਦੇ ਹਨ ਕਿ ਇਹ ਤੀਰਥੀ ਨਦੀਆਂ ਵੀ ਸਾਧੂ ਪੁਰਸ਼ਾਂ ਦੀ ਧੂੜੀ ਦੀਆਂ ਚਾਹਵਾਨ ਹਨ :—

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ।

(ਮਲਾਰ ੪, ਪੰਨਾ ੧੨੬੩)

## ਸਰਮ ਖੰਡ—ਦੇਖੋ ਖੰਡ

## ਸਰਾਧ

ਮੋਏ ਹੋਏ ਬਜ਼ੁਰਗਾਂ ਜਾਂ ਪਿੱਤਰਾਂ ਨਿਮਿਤ ਸ਼ਰਧਾ ਸਨੇਹ ਨਾਲ ਕੀਤਾ ਦਾਨ, 'ਸ਼ਰਾਧ' ਹੈ । ਹਿੰਦੂਆਂ ਵਿਚ ਰਵਾਇਤ ਹੈ ਕਿ ਅਜਿਹਾ ਦਾਨ ਬ੍ਰਾਹਮਣਾਂ ਨੂੰ ਦੇਣ ਨਾਲ ਅੱਗੇ ਪਿਤਰਾਂ ਪਾਸ ਆਪਣੇ ਆਪ ਪਹੁੰਚ ਜਾਂਦਾ ਹੈ । ਇਹ ਸਰਾਧ—ਨਿੱਤ, ਪਾਰਬਣ, ਖਯਾਹ ਤੇ ਮਹਾਲਯ ਭੇਦ ਕਰਕੇ ਚਾਰ ਕਿਸਮ ਦੇ ਹਨ । ਨਿੱਤ ਸਰਾਧ ਰੋਜ਼ਾਨਾ ਦੇਵਤਿਆਂ ਜਾਂ ਪਿਤਰਾਂ ਨਿਮਿਤ ਜਲ ਦੇਣਾ ਹੈ । ਪਾਰਬਣ—ਕਿਸੇ ਪੁਰਬ ਦੇ ਮੌਕੇ ਕੀਤਾ ਦਾਨ ਹੈ । ਪਿਤਰ ਦੇ ਦੇਹਾਂਤ ਵਾਲੇ ਦਿਨ ਕੀਤਾ ਦਾਨ—ਖਯਾਹ ਕਹਾਉਂਦਾ ਹੈ । ਮਹਾਲਯ ਉਹ ਸਰਾਧ ਹੈ, ਜੋ ਅੱਸੂ ਦੇ ਪਹਿਲੇ ਪੱਖ ਬ੍ਰਾਹਮਣ ਜਿਮਾ ਕੇ ਕੀਤਾ ਜਾਂਦਾ ਹੈ ।

ਕਬੀਰ ਸਾਹਿਬ ਨੇ ਇਸ ਭਰਮ ਕਰਮ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਜੀਉਂਦਿਆਂ ਜੀ ਬਜ਼ੁਰਗਾਂ ਦਾ ਕੋਈ ਸਤਿਕਾਰ ਨਹੀਂ ਕਰਦਾ ਤੇ ਮਰਿਆਂ ਤੇ ਸਰਾਧ ਕਰਨਾ ਕਿਸ ਅਰਥ ਹੈ :—

ਜੀਵਤ ਪਿਤਰ ਨ ਮਾਨੈ ਕੋਊ, ਮੂਏ ਸਿਰਾਧ ਕਰਾਹੀ ।
ਪਿਤਰ ਭੀ ਬਪੁਰੇ ਕਹੁ ਕਿਉਂ ਪਾਵਹਿ, ਕਊਆ ਕੂਕਰ ਖਾਹੀ ।

(ਗਉੜੀ ਕਬੀਰ, ਪੰਨਾ ੩੩੨)

## ਸ਼ਰੀਅਤ

'ਸ਼ਰੀਅਤ' ਅਰਬੀ ਪਦ ਹੈ, ਜਿਸਦਾ ਅਰਥ ਹੈ 'ਵਿਸ਼ਾਲ ਮਾਰਗ', ਪਿਛੋਂ ਇਹ ਸ਼ਬਦ 'ਧਰਮ ਮਰਯਾਦਾ' ਲਈ ਵਰਤਿਆ ਜਾਣ ਲਗਾ । ਇਸਲਾਮ ਵਿਚ ਸ਼ਰੀਅਤ ਉਹ ਰਹਿਣੀ ਬਹਿਣੀ ਹੈ, ਜੋ ਕੁਰਾਨ ਤੇ ਹਦੀਸ ਅਨੁਸਾਰ ਮੁਸਲਮਾਨ ਲਈ ਧਾਰਨੀ ਜ਼ਰੂਰੀ ਹੈ । ਹੋਰਾਂ ਧਰਮਾਂ ਵਾਂਙ ਹੌਲੀ ਹੌਲੀ ਅੰਦਰਲੀ ਰਹਿਤ ਵਲ ਘੱਟ ਧਿਆਨ ਦਿਤਾ ਜਾਣ ਲਗਾ ਤੇ ਕੇਵਲ ਬਾਹਰਲਾ ਕਰਮਕਾਂਡ—ਰੋਜ਼ਾ, ਨਮਾਜ਼ ਆਦਿ ਹੀ ਸਾਰੀ 'ਸ਼ਰੀਅਤ' ਬਣਕੇ ਰਹਿ ਗਿਆ । ਸੂਫ਼ੀ ਮਹਾਤਮਾਵਾਂ ਨੇ ਇਸ 'ਸ਼ਰੀਅਤ' ਦੀ ਥਾਂ 'ਸ਼ੁਭ ਕਰਣੀ' ਉਤੇ ਵਧੇਰੇ ਜ਼ੋਰ ਦਿਤਾ ਤੇ ਸੱਚੇ ਧਰਮੀ ਬਣਨ ਦੀ ਪਰੇਰਨਾ ਕੀਤੀ । ਸੂਫ਼ੀ ਸ਼ਰੀਅਤ ਤੋਂ ਅਗੇ ਤਰੀਕਤ, ਹਕੀਕਤ ਤੇ ਮਾਰਫ਼ਤ ਹੋਰ ਉਚੇਰੀਆਂ ਅਵਸਥਾਵਾਂ ਵੀ ਮੰਨਦੇ ਹਨ ਪਰੰਤੂ ਗੁਰੂ ਨਾਨਕ ਸਾਹਿਬ ਦੇ ਜ਼ਮਾਨੇ ਮੁਸਲਮਾਨੀਅਤ ਸ਼ਰਾ ਸ਼ਰੀਅਤ ਨੂੰ ਹੀ ਸਭ ਕੁਝ ਮੰਨਣ ਵਾਲੀ ਸੀ । ਇਸੇ ਲਈ ਉਨ੍ਹਾਂ ਕਿਹਾ ਹੈ :—

ਮੁਸਲਮਾਨਾ ਸਿਫਤਿ ਸਰੀਅਤਿ
ਪੜਿ ਪੜਿ ਕਰਹਿ ਬੀਚਾਰੁ ।

(ਵਾਰ ਆਸਾ ੧, ਪੰਨਾ ੪੬੫)

ਸਰਾ ਸਰੀਅਤਿ ਲੇ ਕੰਮਾਵਹੁ ।

(ਮਾਰੂ ੫, ਪੰਨਾ ੧੦੮੩)

## ਸ੍ਰੁਤਿ

ਸ੍ਰੁਤਿ ਦਾ ਅਰਥ ਹੈ, ਸੁਣੀ ਹੋਈ ਗੱਲ । ਚੂੰਕਿ ਪਹਿਲਾਂ ਵੇਦ ਲਿਖਤ ਰੂਪ ਵਿਚ ਨਹੀਂ ਸਨ ਸਗੋਂ ਸੁਣ ਕੇ ਜ਼ਬਾਨੀ ਯਾਦ ਕੀਤੇ ਜਾਂਦੇ ਸਨ । ਇਸੇ ਕਰਕੇ ਇਨ੍ਹਾਂ ਵੇਦਾਂ ਨੂੰ ਸ੍ਰੁਤਿ' ਕਿਹਾ ਜਾਂਦਾ ਸੀ । (ਵਿਸਤਾਰ ਲਈ ਦੇਖੋ 'ਚਾਰ ਵੇਦ)

ਸ੍ਰਿਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ
ਸਿਧ ਸਾਧਿਕ ਮੁਨਿ ਜਨ ਧਿਆਇਆ ।

(ਸੂਹੀ ੫, ਪੰਨਾ ੧੮੫)

### ਸਲਜ

ਭੱਟਾਂ ਵਿਚੋਂ ਇਕ ਭੱਟ ਜਿਸਨੇ ਇਕ ਛੰਦ ਗੁਰੂ ਅਮਰਦਾਸ ਜੀ ਬਾਰੇ ਅਤੇ ਦੋ ਛੰਦ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਲਿਖੇ ਹਨ। ਉਹ ਕਹਿੰਦਾ ਹੈ ਕਿ ਤੀਸਰੇ ਗੁਰੂ ਦੀ ਬੀਰ ਸ਼ਖਸੀਅਤ ਸ਼ਬਦ ਦੇ ਹਥਿਆਰ ਨਾਲ ਬਦੀ ਦੇ ਦਲ ਨੂੰ ਤਹਿਸ-ਨਹਿਸ ਕਰ ਦੇਣ ਵਾਲੀ ਹੈ। ਇਸੇ ਤਰ੍ਹਾਂ ਇਸ ਨੇ ਚੌਥੇ ਗੁਰੂ ਦੇ ਰਾਜ ਜੋਗ ਦੀ ਭਰਪੂਰ ਪ੍ਰਸੰਸਾ ਕੀਤੀ ਹੈ।

ਅਘ ਅੰਤਕ ਬਦੈ ਨ ਸਲ੍ਯ ਕਵਿ
ਗੁਰ ਰਾਮਦਾਸ ਤੇਰੀ ਸਰਣਿ।

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੬)

### ਸਲੋਕ

ਸੰਸਕ੍ਰਿਤ ਵਿਚ 'ਸਲੋਕ' ਇਕ ਛੰਦ ਦਾ ਨਾਮ ਹੈ ਜਿਸਦੀ ਕਿ ਆਮ ਵਰਤੋਂ ਕੀਤੀ ਮਿਲਦੀ ਹੈ। ਪਿਛੋਂ ਇਹ ਸ਼ਬਦ ਇਤਨਾ ਪ੍ਰਸਿੱਧ ਹੋ ਗਿਆ ਕਿ ਛੰਦ ਮਾਤ੍ਰ ਨੂੰ ਸਲੋਕ ਆਖਿਆ ਜਾਣ ਲਗਾ। ਇਸੇ ਪ੍ਰਭਾਵ ਹੇਠ ਭਗਤੀ-ਕਾਲੀਨ ਸੰਤਾਂ ਸਾਧੂਆਂ ਸਾਧਭਾਸ਼ਾ ਵਿਚ ਸਲੋਕ ਲਿਖੇ, ਜੋ ਕਿ ਇਕ ਤਰ੍ਹਾਂ ਦੋਹਰੇ ਦਾ ਹੀ ਰੂਪ ਸਨ। ਭਾਵੇਂ ਕੁਝ ਸੰਤਾਂ ਸਾਧੂਆਂ ਇਸ ਅੰਦਰ ਕਾਫ਼ੀ ਖੁਲ੍ਹ ਲਈ ਹੈ ਪਰੰਤੂ ਛੰਦਾਬੰਦੀ ਦੇ ਦ੍ਰਿਸ਼ਟੀਕੋਣ ਤੋਂ ਇਸ ਨੂੰ ਦੋਹਰੇ ਤੋਂ ਵੱਖਰਿਆਂ ਨਹੀਂ ਕੀਤਾ ਜਾ ਸਕਦਾ, ਦੋਹਰਾ ਇਕ ਦੋਤੁਕਾ ਮਾਤ੍ਰਿਕ ਛੰਦ ਹੈ ਜਿਸਦੇ ਪ੍ਰਤਿਚਰਣ ਵਿਚ ੨੪ ਮਾਤ੍ਰਾ ਤੇ ੧੩,੧੧ ਉਤੇ ਵਿਸਰਾਮ ਹੁੰਦਾ ਹੈ ਤੇ ਅੰਤ ਗੁਰੂ ਲਘੁ। ਆਦਿ ਗ੍ਰੰਥ ਵਿਚ ਸਲੋਕ ਦੀ ਵਰਤੋਂ ਆਮ ਕੀਤੀ ਮਿਲਦੀ ਹੈ ਜਿਸ ਤੋਂ ਇਸੇ ਪੱਖ ਦੀ ਪੁਸ਼ਟੀ ਹੁੰਦੀ ਹੈ।

'ਸਲੋਕ ਫ਼ਰੀਦ ਤੇ 'ਸਲੋਕ ਕਬੀਰ' ਪ੍ਰਸਿੱਧ ਹੀ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਸਲੋਕਾਂ ਨੂੰ ਆਦਿ ਗ੍ਰੰਥ ਦੇ ਸੰਪਾਦਨ ਸਮੇਂ ਵਾਰਾਂ ਵਿਚ ਜੋੜਿਆ ਗਿਆ ਹੈ।

### ਸਲੋਕ ਵਾਰਾਂ ਤੇ ਵਧੀਕ

ਆਦਿ ਗ੍ਰੰਥ ਵਿਚ ੨੨ ਵਾਰਾਂ ਵੱਖੋ ਵਖ ਰਾਗਾਂ ਹੇਠ ਦਰਜ ਹਨ। ਪਹਿਲੇ ਪਹਿਲ ਹਰ ਵਾਰ ਕੇਵਲ ਪਉੜੀਆਂ ਦੇ ਰੂਪ ਵਿਚ ਹੀ ਸੀ ਪਰੰਤੂ ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਬਾਣੀ ਦਾ ਸੰਪਾਦਨ ਕੀਤਾ, ਉਸ ਸਮੇਂ, ਉਨ੍ਹਾਂ ਇਨ੍ਹਾਂ ਪਉੜੀਆਂ ਨਾਲ ਥਾਂ ਥਾਂ ਸਲੋਕ ਵੀ ਦਰਜ ਕਰ ਦਿਤੇ। ਕਾਰਨ ਇਸਦਾ ਇਹ ਸੀ ਕਿ ਗਾਉਣ ਵਾਲੇ ਢਾਡੀ ਆਮ ਤੌਰ ਤੇ ਪਉੜੀ ਗਾਉਣ ਸਮੇਂ ਨਾਲ ਨਾਲ ਦੋਹੜੇ ਯਾ ਸਲੋਕ ਵੀ ਲਾ ਲਿਆ ਕਰਦੇ ਸਨ, ਇਸ ਕਰ ਕੇ ਗੁਰੂ ਜੀ ਨੇ ਆਪ ਹੀ ਉਨ੍ਹਾਂ ਨਾਲ ਲੱਗੀਂਦੇ ਸਲੋਕ ਸ਼ਾਮਲ ਕਰ ਦਿਤੇ।

ਇਸ ਸੰਪਾਦਨਾ ਤੋਂ ਬਾਦ ਜੋ ਸਲੋਕ ਬਚ ਗਏ ਉਹ ਉਨ੍ਹਾਂ ਇਸ ਵੱਖਰੇ ਸਿਰਲੇਖ ਹੇਠ ਬੀੜ ਦੇ ਅੰਤ ਵਿਚ ਦਰਜ ਕਰ ਦਿਤੇ। ਸੋ ਇਸ ਸਿਰਲੇਖ ਹੇਠ ਗੁਰੂ ਨਾਨਕ ਦੇ ੩੩, ਗੁਰੂ ਅਮਰਦਾਸ ਦੇ ੬੭, ਗੁਰੂ ਰਾਮਦਾਸ ਦੇ ੩੦, ਗੁਰੂ ਅਰਜਨ ਦੇ ੨੨, ਗੁਰੂ ਤੇਗਬਹਾਦਰ ਦੇ ੫੬ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਲੋਕ-ਸੰਕਲਿਤ ਹਨ।

## ਸਵਯੇ (ਸਵਈਏ)

ਆਦਿ ਗ੍ਰੰਥ ਦੇ ਅੰਤ ਵਿਚ ਪ੍ਰਭੂ-ਮਹਿਮਾ ਤੇ ਗੁਰੂ-ਉਸਤਤਿ ਦੀ ਇਕ ਖ਼ਾਸ ਬਾਣੀ ਜੋ ੧੧ ਭੱਟਾਂ ਨੇ ਉਚਾਰਣ ਕੀਤੀ। ਭਾਵੇਂ ਇਸ ਦੇ ਮੁੱਢ ਵਿਚ ਗੁਰੂ ਅਰਜਨ ਸਾਹਿਬ ਦੇ ਲਿਖੇ ਹੋਏ ੨੦ ਛੰਦ ਵੀ ਮਿਲਦੇ ਹਨ ਤੇ ਉਨ੍ਹਾਂ ਦਾ ਸਿਰਲੇਖ ਵੀ (ਸਵਯੇ ਸ੍ਰੀ ਮੁਖ ਵਾਕ ਮਹਲਾ ੫) ਦਿਤਾ ਹੈ ਪਰੰਤੂ ੧੧ ਭੱਟਾਂ ਦੇ ੧੫੪ ਛੰਦ 'ਸਵਈਏ' ਨਾਂ ਨਾਲ ਹੀ ਪੁਕਾਰੇ ਜਾਂਦੇ ਹਨ।

ਦਰਅਸਲ ਸਵੱਯਾ ਪ੍ਰਸਿਧ ਹਿੰਦੀ ਛੰਦ ਹੈ ਜੋ ਕਿ ਮਾਤ੍ਰਿਕ ਵੀ ਹੁੰਦਾ ਹੈ ਤੇ ਵਰਣਕ ਵੀ; ਕਵੀਆਂ ਇਸ ਦੇ ਅਨੇਕਾਂ ਭੇਦ ਕਲਪੇ ਹਨ। ਭੱਟਾਂ ਨੇ ਵੀ ਇਸ ਦੇ ਭਿੰਨ ਭਿੰਨ ਰੂਪਾਂ ਨੂੰ ਅਪਣਾਇਆ ਤੇ ਇਸ ਗੁਰੂ-ਮਹਿਮਾ ਦੀ ਰਚਨਾ ਵਿਚ ਸਵਯੇ ਤੋਂ ਇਲਾਵਾ ਕਬਿੱਤ, ਸੋਰਠਾ, ਝੂਲਣਾ ਆਦਿ ਦੀ ਵਰਤੋਂ ਵੀ ਕੀਤੀ ਹੈ ਲੇਕਿਨ ਇਨ੍ਹਾਂ ਦੀ ਬਹੁ ਗਿਣਤੀ ਕਰ ਕੇ ਸਮੁਚੀ ਰਚਨਾ ਨੂੰ 'ਸਵਈਏ' ਨਾਮ ਨਾਲ ਹੀ ਯਾਦ ਕੀਤਾ ਗਿਆ ਹੈ ਅਤੇ ਪੰਜ ਗੁਰੂ-ਵਿਅਕਤੀਆਂ ਦੀ ਮਹਿਮਾ ਪੰਜ ਭਾਗਾਂ ਵਿਚ ਵੰਡ ਕੇ ਦਰਜ ਕੀਤੀ ਗਈ ਹੈ। ਮਿਸਾਲ ਲਈ ਗੁਰੂ ਅਮਰਦਾਸ ਜੀ ਦੀ ਉਸਤਤਿ ਦਾ ਇਕ ਛੰਦ ਹੈ :—

> ਘਨਹਰ ਬੂੰਦ ਬਸੁਅ ਰੋਮਾਵਲਿ, ਕੁਸਮ ਬਸੰਤ ਗਨੰਤ ਨਾ ਆਵੈ।
> ਰਵਿ ਸਸਿ ਕਿਰਣ ਉਦਰ ਸਾਗਰ ਕੋ, ਗੰਗ ਤਰੰਗ ਅੰਤ ਕੋ ਪਾਵੈ।
> ਰੁਦ੍ਰ ਧਯਾਨ ਗਯਾਨ ਸਤਿਗੁਰ ਕੇ, ਕਬਿ ਜਨ ਭਲ੍ਯ ਉਨਹਿ ਜੁ ਗਾਵੈ।
> ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ।

(ਸਵਈਏ ਮਹਲੇ ੩ ਜੇ ਕੇ, ਪੰਨਾ ੧੩੯੬)

ਸ਼ਾਸਤ੍ਰ—ਦੇਖੋ ਖਟ ਦਰਸ਼ਨ

## ਸ਼ਾਕਤ

ਪਰਮਸੱਤਾ ਯਾ ਸ਼ਕਤੀ ਦੀ ਇਸਤਰੀ ਰੂਪ ਵਿਚ ਪੂਜਾ ਉਪਾਸ਼ਨਾ ਕਰਨ ਵਾਲਾ ਸ਼ਾਕਤ ਹੈ। ਰਿਗ ਵੇਦ ਦੇ ਦਸਮ ਮੰਡਲ ਵਿਚ ਸ਼ਕਤੀ ਪੂਜਾ ਦਾ ਸੰਕੇਤ ਹੈ, ਇਸੇ ਕਰਕੇ ਸ਼ਾਕਤ ਇਸਨੂੰ 'ਦੇਵੀ ਸੂਕਤ' ਕਹਿੰਦੇ ਹਨ। ਉਪਨਿਸ਼ਦਾਂ ਵਿਚੋਂ ਕੋਲ, ਕਾਲਕਾ, ਤਾਰਾ ਉਪਨਿਸ਼ਦ ਇਨ੍ਹਾਂ ਨਾਲ ਸਬੰਧਿਤ ਹਨ। ਪੁਰਾਣਾਂ ਵਿਚ

ਇਨ੍ਹਾਂ ਦਾ ਵਰਣਨ ਹੈ, 'ਮਾਰਕੰਡੇ ਪੁਰਾਣ' ਦਾ ਇਕ ਭਾਗ 'ਦੁਰਗਾ ਸਪਤਸ਼ਤੀ' ਇਕ ਵਿਸ਼ੇਸ਼ ਰਚਨਾ ਹੈ ਜਿਸਨੂੰ ਦੇਵੀ—ਭਗਤ ਸ਼ਰਧਾ ਨਾਲ ਪੜ੍ਹਦੇ ਹਨ। ਇਸ ਵਿਚ ਸ਼ਕਤੀ ਦੇ ਮਹਾਂ ਕਾਲੀ, ਮਹਾਂ ਲੱਛਮੀ ਤੇ ਮਹਾਂ ਸਰਸਵਤੀ-ਤਿੰਨ ਰੂਪਾਂ ਦਾ ਬਿਆਨ ਹੈ ਇਸ ਅਨੁਸਾਰ ਸ਼ਕਤੀ ਹੀ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਕਰ ਰਹੀ ਹੈ, ਇਹੋ ਸਭ ਕੁਝ ਹੈ। ਜਿਉਂ ਜਿਉਂ ਪੂਜਾ ਵਧਦੀ ਗਈ ਤਿਉਂ ਤਿਉਂ ਦੇਵੀ ਦੇ ਰੂਪ ਵੀ ਵਧਦੇ ਗਏ—ਕਾਲੀ, ਤਾਰਾ, ਖੋੜਸੀ, ਭੁਵਨੇਸ਼ਵਰੀ, ਭੈਰਵੀ, ਛਿੰਨਮਸਤਾ, ਧੂਮਾਵਤੀ ਵਗਲਾ, ਮਾਤੰਗੀ ਤੇ ਕਮਲਾ ਆਦਿ। ਇਸ ਦੀ ਪੂਜਾ ਦੇ ਤਿੰਨ ਤਰੀਕੇ ਪ੍ਰਚਲਤ ਸਨ—ਸਮਾਨ ਵਿਧੀ, ਭਯਾਨਕ ਵਿਧੀ ਤੇ ਭਾਵਾਤਮਕ ਵਿਧੀ। ਪਹਿਲੀ ਵਿਧੀ ਅਨੁਸਾਰ ਸ਼ਕਤੀ ਦੀ ਪੂਜਾ ਹੋਰ ਦੇਵੀ ਦੇਵਤਿਆਂ ਵਾਂਙ ਕੀਤੀ ਜਾਂਦੀ ਹੈ, ਭਿਆਨਕ ਵਿਧੀ ਵਿਚ ਪਸ਼ੂਆਂ ਤੇ ਮਨੁੱਖਾਂ ਦਾ ਬਲੀਦਾਨ ਤਕ ਸ਼ਾਮਲ ਤੇ ਭਾਵਾਤਮਕ ਵਿਧੀ ਅਨੁਸਾਰ ਇਸ਼ਟ ਨਾਲ ਅਭੇਦਤਾ ਕਰਕੇ ਪੂਜਾ ਉਪਾਸ਼ਨਾ ਹੁੰਦੀ ਹੈ। ਸ਼ਾਕਤਾਂ ਦੇ ਧਰਮ-ਗ੍ਰੰਥ ਗੁਪਤ ਰੱਖੇ ਜਾਂਦੇ ਹਨ, ਇਨ੍ਹਾਂ ਦੇ ਹਿੰਦ ਵਿਚ ਕਸ਼ਮੀਰ, ਕਾਂਚੀ ਤੇ ਕਾਮਾਖਯਾ-ਤਿੰਨ ਮੁਖ ਕੇਂਦਰ ਹਨ, ਤਿੱਬਤ, ਭੂਟਾਨ ਤੇ ਨਿਪਾਲ ਵਿਚ ਵੀ ਇਨ੍ਹਾਂ ਦਾ ਕਾਫ਼ੀ ਪ੍ਰਭਾਵ ਰਿਹਾ ਹੈ।

ਸ਼ਾਕਤਾਂ ਦੇ ਤਿੰਨ ਵੱਡੇ ਸੰਪ੍ਰਾਦਾਇ ਹਨ-ਕੌਲ, ਦਖਛਣਾਚਾਰ ਤੇ ਵਾਮਾਚਾਰ। ਕੌਲ ਉਹ ਹੈ ਜੋ ਸ਼ਕਤੀ ਤੇ ਸ਼ਿਵ ਦਾ ਮੇਲ ਕਰਾ ਲਵੇ। ਸ਼ਕਤੀ ਕੁਲ ਹੈ ਤੇ ਸ਼ਿਵ ਅਕੁਲ, ਸ਼ਾਕਤ ਕਠਿਨ ਸਾਧਨ ਦੁਆਰਾ ਕੁੰਡਲਨੀ ਨੂੰ ਜਗਾ ਕੇ ਸਹਸ੍ਰਾਰ ਵਿਚ ਟਿਕੇ ਸ਼ਿਵ ਨਾਲ ਮੇਲ ਕਰਦਾ ਹੈ। ਦਖਛਣਾਚਾਰ ਵਾਲਾ ਰੁਦ੍ਰਾਖ ਦੀ ਮਾਲਾ ਪਹਿਨਦਾ ਤੇ ਉੱਨ ਦੇ ਆਸਣ ਤੇ ਬਹਿ ਕੇ ਸਵੇਰ ਸੰਧਿਆ, ਤੇ ਦੁਪਹਿਰ ਜਪ ਕਰਦਾ ਹੈ। ਵਾਮਾਚਾਰੀ ਇਸਦੇ ਉਲਟ ਦੰਦਾਂ ਦੀ ਮਾਲਾ ਪਾਉਂਦਾ ਤੇ ਕਪਾਲ ਦਾ ਪਾਤਰ ਰਖਦਾ ਹੈ। ਇਸ ਦੇ ਅਚਾਰ ਵਿਚ ਪੰਜ ਮਕਾਰ—

ਮਦ, ਮਾਸ, ਮਤਸਯ, ਮੁੱਦ੍ਰਾ, ਮੈਥਨ-ਜ਼ਰੂਰੀ ਹਨ, ਸ਼ਾਕਤ ਇਨ੍ਹਾਂ ਦੇ ਅੰਤ੍ਰੀਵ ਅਰਥ ਕਰਦੇ ਸਨ ਜਿਵੇਂ ਉਨ੍ਹਾਂ ਅਨੁਸਾਰ ਮਦ ਬਾਹਰਲੀ ਸ਼ਰਾਬ ਨਹੀਂ ਸਗੋਂ ਦਸਮਦੁਆਰ ਤੋਂ ਝਰਦਾ ਰਸ ਹੈ, ਇਵੇਂ ਦੂਜੀਆਂ ਚੀਜ਼ਾਂ। ਪਰ ਜਦ ਸਮੇਂ ਨਾਲ ਇਹ ਅੰਤਰੀਵ ਅਰਥ ਛੱਡ ਕੇ ਬਾਹਰਲਾ ਰੂਪ ਹੀ ਗ੍ਰਹਿਣ ਕਰਨ ਲਗੇ ਤਾਂ ਸ਼ਾਕਤ ਦੁਰਾਚਾਰੀ ਹੋ ਕੇ ਬਦਨਾਮ ਹੋ ਗਏ ਤਮਾਮ ਸੰਤਾਂ ਭਗਤਾਂ ਇਨ੍ਹਾਂ ਦੀ ਨਿਖੇਧੀ ਕੀਤੀ। ਭਗਤੀ ਲਹਿਰ ਦੇ ਸੰਤਾਂ, ਮਾਇਆਵਾਦੀ ਵਿਕਾਰੀ ਪ੍ਰਾਣੀ ਲਈ 'ਸ਼ਾਕਤ' ਪਦ ਦੀ ਵਰਤੋਂ ਕੀਤੀ ਹੈ ਤੇ ਇਨ੍ਹਾਂ ਤੋਂ ਬਚਣ ਦੀ ਨਸੀਹਤ ਕੀਤੀ ਹੈ :—

ਕਬੀਰ ਸਾਕਤ ਸੰਗਿ ਨ ਕੀਚਈ, ਦੂਰਹਿ ਜਾਈਐ ਭਾਗ
ਬਾਸਨ ਕਾਰੋ ਪਰਸੀਐ, ਤਉ ਕਿਛੁ ਲਾਗੈ ਦਾਗੁ।

(ਸਲੋਕ ਕਬੀਰ, ਪੰਨਾ ੧੩੭੧)

ਗੁਰੂ ਰਾਮਦਾਸ ਲਿਖਦੇ ਹਨ :—

ਸਾਕਤ ਮੂੜ ਮਾਇਆ ਕੇ ਬਧਿਕ, ਵਿਚਿ ਮਾਇਆ ਫਿਰਹਿ ਫਿਰੰਦੇ
ਤ੍ਰਿਸਨਾ ਜਲਤ ਕਿਰਤ ਕੇ ਬਾਧੇ, ਜਿਉ ਤੇਲੀ ਬਲਦ ਭਵੰਦੇ ।

(ਬਿਲਾਵਲ ੪, ਪੰਨਾ ੮੦੦)

**ਸਾਮ**—ਵੇਖੋ ਚਾਰ ਵੇਦ

## ਸਾਰੰਗ

ਕਾਫੀ ਠਾਟ ਦਾ ਔੜਵ ਖਾੜਵ, ਰਾਗ ਜਿਸਨੂੰ ਨੀ ਸ਼ੁੱਧ ਤੇ ਕੋਮਲ ਦੋਵੇਂ ਲਗਦੇ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸਦਾ ਵਾਦੀ ਰੇ, ਸੰਵਾਦੀ ਪਾ ਹੈ। ਅਰੋਹੀ ਵਿਚ ਧਾ ਵਰਜਿਤ ਹੈ ਤੇ ਅਵਰੋਹੀ ਵਿਚ ਇਹ ਮੱਧਮ ਜੇਹਾ ਹੀ ਲਗਦਾ ਹੈ। ਗਾਉਣ ਦਾ ਸਮਾ ਦੁਪਹਿਰ ਹੈ।

ਆਦਿ ਗ੍ਰੰਥ ਵਿਚ ਇਹ ਰਾਗ ੨੬ ਵੀਂ ਥਾਂ ਤੇ ਆਇਆ ਹੈ।

## ਸਾਰਦਾ

ਸਾਰਦਾ, ਸਰਸ੍ਵਤੀ ਦਾ ਦੂਜਾ ਨਾਮ ਹੈ। ਪੁਰਾਣਕ ਲਿਖਤ ਅਨੁਸਾਰ ਇਹ ਬ੍ਰਹਮਾ ਦੀ ਪੁੱਤਰੀ ਤੇ ਵਿਦਿਆ ਦੀ ਦੇਵੀ ਮੰਨੀ ਗਈ ਹੈ, ਵਿਦਵਾਨ ਲੇਖਕ, ਕਵੀ ਰਚਨਾ ਕਰਨ ਤੋਂ ਪਹਿਲਾਂ ਇਸ ਦਾ ਅਰਾਧਨ ਕਰਦੇ ਹਨ; ਇਸਦਾ ਸਰੂਪ ਚਿਟਾ ਸਫੇਦ ਤੇ ਇਹ ਚਿਟੇ ਕੰਵਲ ਤੇ ਬਿਰਾਜਮਾਨ ਹੈ ਅਤੇ ਇਸਦੇ ਹੱਥ ਵਿਚ ਸੁੰਦਰ ਵੀਣਾ ਦੱਸੀ ਜਾਂਦੀ ਹੈ। 'ਦੇਵੀ ਭਾਗਵਤ' ਮੁਤਾਬਿਕ ਇਸਨੂੰ ਬ੍ਰਹਮਾ ਦੀ ਇਸਤਰੀ ਵੀ ਕਿਹਾ ਗਿਆ ਹੈ। ਕਹਿੰਦੇ ਹਨ ਵਿਸ਼ਨੂੰ ਦੀਆਂ ਤਿੰਨ ਸੁਆਣੀਆਂ ਸਨ-ਸਰਸ੍ਵਤੀ, ਗੰਗਾ ਤੇ ਲੱਛਮੀ। ਤਿੰਨੇ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ ਤੇ ਸਰਸ੍ਵਤੀ ਇਨ੍ਹਾਂ ਵਿਚੋਂ ਜ਼ਿਆਦਾ ਚਪਲ ਤੇ ਬੋਲ-ਬਾਣੀ ਵਿਚ ਕੁਝ ਤੇਜ਼ ਸੀ, ਇਸ ਕਰਕੇ ਵਿਸ਼ਨੂੰ ਨੇ ਇਸਨੂੰ ਬ੍ਰਹਮਾ ਨੂੰ ਸੌਂਪ ਦਿਤਾ ਤੇ ਗੰਗਾ ਸ਼ਿਵਾਂ ਦੇ ਹਵਾਲੇ ਕਰ ਦਿਤੀ।

ਇਸ ਤਰ੍ਹਾਂ ਸ਼ਾਰਦਾ ਦੇਵੀ, ਵਿਦਿਆ ਤੇ ਬਾਣੀ-ਦੇਵਤਾ ਕਰਕੇ ਪੂਜੀ ਗਈ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਇਹ ਸਭ ਸ਼ਕਤੀਆਂ ਪ੍ਰਭੂ ਦਾ ਕ੍ਰਿਸ਼ਮਾ ਹਨ :—

ਨਾਰਦ ਸਾਰਦ ਸੇਵਕ ਤੇਰੇ ।

(ਮਾਰੂ ਸੋਲਹ ੧, ਪੰਨਾ ੧੦੨੮)

## ਸਾਲਗ੍ਰਾਮ

ਗੰਡਕੀ ਨਾਂ ਦੀ ਨਦੀ ਜੋ ਪਟਨੇ ਲਾਗੇ ਗੰਗਾ ਨਾਲ ਮਿਲ ਜਾਂਦੀ ਹੈ, ਇਸਦੇ ਕਿਨਾਰੇ ਇਕ ਵਸਤੀ ਦਾ ਨਾਮ ਸ਼ਾਲਿਗ੍ਰਾਮ ਹੈ। ਚੂੰਕਿ ਇਸ ਨਦੀ ਵਿਚੋਂ ਕਾਲੇ

ਰੰਗ ਦੇ ਗੋਲ ਪੱਥਰ ਨਿਕਲਦੇ, ਜਿਨ੍ਹਾਂ ਉਤੇ ਚੱਕ੍ਰ ਦਾ ਨਿਸ਼ਾਨ ਹੁੰਦਾ ਹੈ, ਹਿੰਦੂ ਉਸਨੂੰ ਵਿਸ਼ਣੂ ਮੰਨ ਕੇ ਪੂਜਦੇ ਹਨ,ਇਸ ਕਰਕੇ ਭਗਵਾਨ ਵਿਸ਼ਣੂ ਦਾ ਨਾਮ ਸ਼ਾਲਿਗ੍ਰਾਮ ਪੈ ਗਿਆ। ਵਰਾਹ ਪੁਰਾਣ ਵਿਚ ਇਹ ਗੱਲ ਵੀ ਆਈ ਹੈ ਕਿ ਇਸ ਨਦੀ ਨੇ ਦਸ ਹਜ਼ਾਰ ਸਾਲ ਤਪੱਸਿਆ ਕੀਤੀ ਸੀ, ਤਾਂ ਵਿਸਨੂ ਮਹਾਰਾਜ ਇਸ ਨਦੀ ਰਾਹੀਂ ਪਰਗਟ ਹੋਏ। ਇਸ ਤਰ੍ਹਾਂ ਸਾਲਗ੍ਰਾਮ, ਪੱਥਰ ਦੇ ਠਾਕਰ ਨੂੰ ਆਖਦੇ ਹਨ, ਜਿਸਨੂੰ ਗੁਰਮਤਿ ਪਰਵਾਣ ਨਹੀਂ ਕਰਦੀ—

ਸਾਲਗ੍ਰਾਮ ਬਿਪ ਪੂਜਿ ਮਨਾਵਹੁ, ਸੁਕ੍ਰਿਤੁ ਤੁਲਸੀ ਮਾਲਾ।
ਰਾਮ ਨਾਮੁ ਜਪਿ ਬੇੜਾ ਬਾਂਧਹੁ, ਦਇਆ ਕਰਹੁ ਦਇਆਲਾ।

(ਬਸੰਤ ਹਿੰਡੋਲ ੧,ਪੰਨਾ ੧੧੭੧)

**ਸਿਧ**—ਦੇਖੋ ਚਉਰਾਸੀਹ ਸਿੱਧ

## ਸਿਧ ਗੋਸਟਿ (ਬਾਣੀ)

ਗੁਰੂ ਨਾਨਕ ਸਾਹਿਬ ਕਿਰਤ ਰਾਮਕਲੀ ਰਾਗ ਵਿਚ ਉਚਰੀ ਇਕ ਬਾਣੀ ਜਿਸ ਵਿਚ ਸਿੱਧਾਂ ਨਾਲ ਹੋਈ ਪ੍ਰਸ਼ਨੋਤਰੀ ਛੰਦਬੱਧ ਕੀਤੀ ਗਈ ਹੈ। ਇਸ ਦੇ ਕੁਲ ਛੰਦ ੭੩ ਹਨ। ਇਤਿਹਾਸ ਤੋਂ ਪ੍ਰਗਟ ਹੈ ਕਿ ਗੁਰੂ ਨਾਨਕ ਸਾਹਿਬ ਕਿਸੇ ਉਚੇ ਪਰਬਤ ਤੇ ਸਿੱਧਾਂ ਜੋਗੀਆਂ ਨੂੰ ਮਿਲੇ ਸਨ ਅਤੇ ਜਾਂ ਫਿਰ ਉਨ੍ਹਾਂ ਅਚਲ ਵਟਾਲੇ ਦੇ ਮੇਲੇ ਤੇ ਵੀ ਸਿੱਧਾਂ ਨਾਲ ਬਹਿਸ ਚਰਚਾ ਕੀਤੀ ਸੀ। ਇਸ ਸਾਰੇ ਸੰਵਾਦ ਨੂੰ ਉਨ੍ਹਾ 'ਸਿਧ ਗੋਸ਼ਟਿ' ਵਿਚ ਕਲਮਬੰਦ ਕੀਤਾ। ਬਹਿਸ ਕਰਨ ਵਾਲੇ ਸਿੱਧ ਕਿੰਨੇ ਤੇ ਕਿਹੜੇ ਕਿਹੜੇ ਸਨ, ਇਸ ਦਾ ਪੂਰਾ ਵੇਰਵਾ ਨਹੀਂ ਮਿਲਦਾ, ਇਸ ਵਿਚ ਕੇਵਲ ਚਰਪਟ ਤੇ ਲੋਹਾਰੀਪਾ ਦਾ ਹੀ ਨਾਂ ਆਉਂਦਾ ਹੈ। ਮਾਲੂਮ ਹੁੰਦਾ ਹੈ ਕਈ ਹੋਰ ਸਿੱਧ ਵੀ ਸਨ ਜਿਨ੍ਹਾਂ ਦਾ ਨਾਮ ਪ੍ਰਾਪਤ ਨਹੀਂ।

ਇਸ ਗੋਸ਼ਟਿ ਤੋਂ ਜਿਥੇ ਗੁਰੂ ਸਾਹਿਬ ਦੀ ਤਾਰਕਿਕ ਸ਼ਕਤੀ ਦਾ ਪਤਾ ਲਗਦਾ ਹੈ, ਉਥੇ ਇਹ ਵੀ ਮਾਲੂਮ ਹੁੰਦਾ ਹੈ ਕਿ ਉਹ ਆਪਣੀ ਵਿਚਾਰਧਾਰਾ ਵਿਚ ਕਿਤਨੇ ਸਪਸ਼ਟ ਸਨ ਤੇ ਕਿਸ ਤਰ੍ਹਾਂ ਵਿਰੋਧੀਆਂ ਵਲੋਂ ਉਠਾਏ ਸ਼ੰਕਿਆਂ ਦਾ ਸਹਿਜੇ ਨਿਵਾਰਣ ਕਰਕੇ ਢੁਕਵੇਂ ਉਤਰ ਦੇ ਸਕਦੇ ਸਨ। ਮਿਸਾਲ ਲਈ, ਸਿੱਧ ਜੋਗੀ ਦੁਨੀਆ ਤੋਂ ਪਾਰ ਉਤਰਨ ਦਾ ਤਰੀਕਾ 'ਬਿਰਕਤੀ' ਦੱਸਦੇ ਸਨ ਪਰੰਤੂ ਗੁਰੂ ਸਾਹਿਬ ਨੂੰ ਇਹ ਪਰਵਾਨ ਨਹੀਂ। ਇਸ ਕਰਕੇ ਚਰਪਟ ਦੇ ਸਵਾਲ ਦਾ ਉਤਰ ਦਿੰਦਿਆਂ ਉਨ੍ਹਾਂ ਕਿਤਨਾ ਸੁੰਦਰ ਕਿਹਾ ਹੈ:

ਸਵਾਲ—ਦੁਨੀਆ ਸਾਗਰ ਦੁਤਰੁ ਕਹੀਐ, ਕਿਉ ਕਰਿ ਪਾਈਐ ਪਾਰੋ
ਚਰਪਟ ਬੋਲੈ ਅਉਧੂ ਨਾਨਕ, ਦੇਹੁ ਸਚਾ ਬੀਚਾਰੋ ॥੪॥

ਜਵਾਬ—ਜੈਸੇ ਜਲ ਮਹਿ ਕਮਲ ਨਿਰਾਲਮੁ, ਮੁਰਗਾਈ ਨੈਸਾਣੇ
ਸੁਰਤਿ ਸਬਦ ਭਵ ਸਾਗਰ ਤਰੀਐ, ਨਾਨਕ ਨਾਮੁ ਵਖਾਣੇ ।੫।

(ਸਿਧ ਗੋਸਟਿ ੧, ਪੰਨਾ ੯੩੮)

**ਸਿਧਿ**—ਦੇਖੋ ਅਸਟ ਸਿਧਿ

## ਸਿਮ੍ਰਿਤਿ

ਸਿਮ੍ਰਿਤੀ ਦਾ ਸ਼ਬਦੀ ਅਰਥ ਯਾਦ, ਚੇਤਾ ਹੈ, ਅਜੇਹੇ ਧਰਮ-ਗ੍ਰੰਥ ਜਿਨ੍ਹਾਂ ਦੇ ਉਪਦੇਸ਼ ਬਚਨ, ਯਾਦੋਂ ਲਿਖੇ ਗਏ ਹੋਣ। ਦਰਅਸਲ ਜਿਵੇਂ ਪੁਰਾਣਾਂ ਵਿਚ ਹਿੰਦੂ ਜਾਤੀ ਦਾ ਇਤਿਹਾਸ ਸੁਰੱਖਿਅਤ ਹੈ, ਤਿਵੇਂ ਸਿਮ੍ਰਿਤੀਆਂ ਵਿਚ ਹਿੰਦੂ ਸਮਾਜ ਦਾ ਵਿਧਾਨ ਅੰਕਿਤ ਕੀਤਾ ਗਿਆ ਹੈ। ਧਰਮ-ਕਰਮ ਦੀਆਂ ਰੀਤਾਂ ਰਸਮਾਂ ਪੂਰੇ ਵਿਸਤਾਰ ਨਾਲ ਦੱਸੀਆਂ ਗਈਆਂ ਹਨ। ਭਾਵੇਂ ਸਿਮ੍ਰਿਤੀਆਂ ਦੀ ਗਿਣਤੀ ਕਾਫੀ ਹੈ ਪਰ ੨੭ ਵਧੇਰੇ ਪ੍ਰਸਿਧ ਹਨ ਇਨ੍ਹਾਂ ਵਿਚੋਂ ਵੀ ਮਨੂ ਸਿਮ੍ਰਿਤੀ, ਪਰਾਸ਼ਰ ਸਿਮ੍ਰਿਤੀ ਤੇ ਯਾਗਵਲਕ ਸਿਮ੍ਰਿਤੀ ਜ਼ਿਆਦਾ ਵਰਤੋਂ ਵਿਚ ਲਿਆਂਦੀਆਂ ਗਈਆਂ ਤੇ ਸਭ ਤੋਂ ਮੋਹਰੀ ਥਾਂ 'ਮਨੂ ਸਿਮ੍ਰਿਤੀ' ਨੂੰ ਪ੍ਰਾਪਤ ਹੈ।

੨੭ ਇਹ ਹਨ—

ਮਨੂ, ਯਾਗਵਲਕ, ਪਰਾਸ਼ਰ, ਲਘੁ ਅਤ੍ਰਿ, ਬ੍ਰਿਧ ਅਤ੍ਰਿ, ਵਿਸ਼ਨੂੰ, ਹਾਰੀਤ, ਔਸ਼ਨਸ, ਔਸਨਸ ਸੰਹਿਤਾ, ਆਂਗਰਸ, ਯਮ, ਅਪਸਤੰਬ, ਸੰਵਰਤ, ਕਾਤਯਾਯਨ, ਬ੍ਰਿਹਸਪਤਿ, ਵਯਾਸ, ਸੰਖ, ਲਿਖਿਤ, ਦਖਛ, ਗੋਤਮ, ਬ੍ਰਿਧ ਗੋਤਮ, ਸ਼ਾਤਾਪਤ, ਵਾਸਿਸ਼ਠ, ਪੁਲਸਤਯ, ਬੁਧ, ਕਸ਼ਯਪ, ਤੇ ਨਾਰਦ।

ਦਰਅਸਲ ਜੇ ਵੇਖਿਆ ਜਾਵੇ ਤਾਂ ਵੇਦ, ਉਪਨਿਸ਼ਧ ਯਾ ਦਰਸ਼ਨ ਸ਼ਾਸਤ੍ਰਾਂ ਦੀ ਗੱਲ-ਆਮ ਲੋਕਾਂ ਦੀ ਚੀਜ਼ ਨਹੀਂ। ਸਿਮ੍ਰਿਤੀਆਂ ਵਿਚ ਜੋ ਇਹ ਲਿਖਿਆ ਗਿਆ ਹੈ, ਕਿ ਇਹ ਕੰਮ ਕਰਨਾ ਹੈ ਤੇ ਇਹ ਕੰਮ ਨਹੀਂ ਕਰਨਾ—ਇਹੋ ਆਦੇਸ਼ ਹਿੰਦੂ ਸਮਾਜ ਦਾ ਸੰਚਾਲਕ ਰਿਹਾ ਹੈ। ਸੋ ਜਾਤਿ ਪਾਤਿ ਤੇ ਵਰਣ-ਆਸ਼੍ਰਮ ਦੀ ਮਰਯਾਦਾ ਵਾਲਾ ਇਹ ਧਰਮ, ਬਹੁਤ ਕਰਕੇ ਸਿਮ੍ਰਿਤੀਆਂ ਤੇ ਹੀ ਨਿਰਭਰ ਕਰਦਾ ਹੈ। ਇਸੇ ਕਰਕੇ ਕਬੀਰ ਸਾਹਿਬ ਨੇ ਕਿਹਾ ਹੈ ਕਿ ਸਿਮ੍ਰਿਤੀ ਵੇਦ ਦੀ ਪੁੱਤਰੀ ਹੈ ਜਿਸ ਨੇ ਸਮਾਜ ਲਈ ਬੰਧਨ ਤੇ ਜ਼ੰਜੀਰਾਂ ਲਿਆਂਦੀਆਂ—

'ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ। ਸਾਂਕਲ ਜੇਵਰੀ ਲੈ ਹੈ ਆਈ।'

(ਗਉੜੀ ਕਬੀਰ, ਪੰਨਾ ੩੨੯)

ਇਹੋ ਗੱਲ ਗੁਰੂ ਸਾਹਿਬ ਨੇ ਆਖੀ ਹੈ ਕਿ ਇਹ ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਦੀ ਵੀਚਾਰ ਜ਼ਰੂਰ ਕਰਦੇ ਹਨ ਪਰ ਤੱਤ ਗਿਆਨ ਦਾ ਇਥੇ ਅਭਾਵ ਹੈ।

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ।
ਤਤੈ ਸਾਰ ਨ ਜਾਣੀ ਗੁਰੂ ਬਾਝਹੁ, ਤਤੈ ਸਾਰ ਨ ਜਾਣੀ ।

(ਰਾਮਕਲੀ ਅਨੰਦ ੩, ਪੰਨਾ ੯੨੦)

**ਸਿਰੀ**

ਪੂਰਬੀ ਠਾਟ ਦਾ ਔੜਵ ਸੰਪੂਰਣ ਰਾਗ ਹੈ ਜੋ ਕਿ ਛੇ ਮੁਖ ਰਾਗਾਂ ਵਿਚੋਂ ਇਕ ਹੈ । ਇਸ ਨੂੰ ਆਰੋਹੀ ਵਿਚ ਪੰਜ ਅਤੇ ਅਵਰੋਹੀ ਵਿਚ ਸੱਤ ਸੁਰ ਲਗਦੇ ਹਨ ਕਿਉਂਕਿ ਆਰੋਹੀ ਵਿਚ ਗਾ ਤੇ ਧਾ ਵਰਜਿਤ ਹਨ । ਇਸਦਾ ਵਾਦੀ ਰੇ ਤੇ ਸੰਵਾਦੀ ਪਾ ਹੈ । ਰੇ ਤੇ ਧਾ ਕੋਮਲ, ਮਾ ਤੀਬਰ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ । ਪੁਰਾਤਨ ਵਿਚਾਰ ਅਨੁਸਾਰ ਵਡਹੰਸ, ਟੋਕ ਤੇ ਗਉੜੀ ਮਿਲ ਕੇ ਸਿਰੀ ਰਾਗ ਬਣਦਾ ਹੈ ।

ਇਹ ਸ਼ਾਮ ਵੇਲੇ ਗਾਇਆ ਜਾਂਦਾ ਹੈ । ਸ੍ਰੀ ਗੁਰੂ ਗ੍ਰੰਥ ਵਿਚ ਇਸ ਨੂੰ ਪਹਿਲੇ ਨੰਬਰ ਤੇ ਰੱਖਿਆ ਗਿਆ ਹੈ ।

ਰਾਗਾ ਵਿਚ ਸ੍ਰੀ ਰਾਗੁ ਹੈ, ਜੇ ਸਚਿ ਧਰੇ ਪਿਆਰੁ ।

(ਵਾਰ ਸਿਰੀ ੩, ਪੰਨਾ ੮੩)

**ਸ਼ਿਵ**

ਹਿੰਦੂ ਪੁਰਾਣ ਅਨੁਸਾਰ ਉਤਪਤੀ, ਪਾਲਣਾ ਤੇ ਸੰਹਾਰ ਦੇ ਤਿੰਨ ਦੇਵਤਿਆਂ-ਬ੍ਰਹਿਮਾ, ਵਿਸ਼ਨੂੰ, ਮਹੇਸ਼ (ਸ਼ਿਵ) ਵਿਚੋਂ, ਸ਼ਿਵ ਸੰਹਾਰ ਕਰਨ ਵਾਲਾ ਪ੍ਰਮੁਖ ਦੇਵਤਾ ਹੈ ਜਿਸਨੂੰ **ਮਹਾਂ ਦੇਵ** ਕਿਹਾ ਜਾਂਦਾ ਹੈ । ਇਹ ਕੈਲਾਸ਼ ਪਰਬਤ ਤੇ ਸਮਾਧਿ ਲਾ ਕੇ ਰਹਿੰਦਾ, ਇਸਦੇ ਮੱਥੇ ਤੋਂ ਚੰਦ ਤੇ ਜਟਾਵਾਂ ਵਿਚੋਂ ਗੰਗਾ ਨਿਕਲਦੀ ਹੈ । ਇਸ ਦੇ ਗਲ ਵਿਚ ਸੱਪਾਂ ਦੀ ਮਾਲਾ ਤੇ ਹੱਥ ਵਿਚ ਡੋਰੂ ਤੇ ਤ੍ਰਿਸੂਲ ਹੈ । ਇਹ ਨੰਦੀ ਬੈਲ ਦੀ ਸਵਾਰੀ ਕਰਦਾ ਹੈ, ਹਿਮਾਲੀਆ ਦੀ ਪੁੱਤਰੀ ਪਾਰਬਤੀ ਇਸ ਦੇ ਘਰ ਵਾਲੀ ਹੈ । ਸਕੰਧ ਤੇ ਗਣੇਸ਼ ਇਸਦੇ ਪੁੱਤਰ ਹਨ, ਭੈਰਵ ਆਦਿ ਕਈ ਗਣ ਸੇਵਕ ਹਨ । ਭੂਤਾਂ ਪ੍ਰੇਤਾਂ ਦੀ ਸੈਨਾ ਦਾ ਮਾਲਕ ਹੋਣ ਕਰਕੇ ਇਸਨੂੰ ਭੂਤੇਸ਼੍ਵਰ ਯਾ ਪਸ਼ੁਪਤਿ ਵੀ ਕਹਿੰਦੇ ਹਨ । 'ਸ਼ਿਵ ਪੁਰਾਣ' ਤੇ 'ਲਿੰਗ ਪੁਰਾਣ' ਵਿਚ ਇਸ ਦੀਆਂ ਕਥਾਵਾਂ ਮਿਲਦੀਆਂ ਹਨ ਤੇ ਪ੍ਰਤੀਕ ਵਜੋਂ ਸ਼ਿਵ ਲਿੰਗ ਦੀ ਪੂਜਾ ਕੀਤੀ ਜਾਂਦੀ ਹੈ । ਬਨਾਰਸ ਵਿਚ 'ਵਿਸ਼ਵੇਸ਼੍ਵਰ' ਨਾਂ ਦਾ ਸ਼ਿਵਾਂ ਦਾ ਮੰਦਿਰ ਹੈ, ਸ਼ੈਵ ਲੋਕ ਇਸਦੇ ਪੁਜਾਰੀ ਹਨ ।

ਰੁਦ੍ਰ ਸ਼ਿਵ ਜੀ ਦਾ ਪੁਰਾਤਨ ਨਾਮ ਹੈ ਜੋ ਰਿਗਵੇਦ ਵਿਚ ਆਇਆ ਹੈ, ਉਥੇ ਇਸਨੂੰ ਭਿਅੰਕਰ ਰੂਪ ਵਿਚ ਚਿਤ੍ਰਿਆ ਗਿਆ ਹੈ, ਕਲਿਆਣਕਾਰੀ ਨਹੀਂ । ਇਸ ਕਰਕੇ ਉਸ ਸਮੇਂ ਇਤਨੀ ਪੂਜਾ ਮਾਨਤਾ ਨਹੀਂ ਸੀ । ਇਤਿਹਾਸਕ ਖੋਜ ਦਸਦੀ ਹੈ ਕਿ ਇਹ ਆਰੀਆਂ ਤੋਂ ਪਹਿਲਾਂ ਵਸਦੇ ਅਣਆਰੀਆਂ ਲੋਕਾਂ ਦਾ ਦੇਵਤਾ ਸੀ ਜਿਸਦੀ

ਮਿਰਤੀ ਦੇ ਚਿੰਨ੍ਹ ਹੜੱਪਾ ਮੋਹ ਜੋ ਦੜੋ ਦੀ ਸੰਸਕ੍ਰਿਤੀ ਵਿਚ ਪ੍ਰਾਪਤ ਹਨ, ਪਿਛੋਂ ਜਾ ਕੇ ਆਰੀਆ ਲੋਕਾਂ ਵੀ ਇਸਨੂੰ ਅਪਣਾ ਕੇ ਤ੍ਰਿਮੂਰਤੀ ਵਿਚ ਸ਼ਾਮਿਲ ਕਰ ਲਿਆ। ਦੱਸਿਆ ਜਾਂਦਾ ਹੈ ਕਿ ਜਦੋਂ ਦੇਵਤਿਆਂ ਤੇ ਦੈਂਤਾਂ ਸਮੁੰਦਰ ਰਿੜਕਿਆ ਤਾਂ ਜ਼ਹਿਰ ਨਿਕਲ ਆਈ, ਇਸ ਨਾਲ ਦੁਨੀਆਂ ਮਰਦੀ ਸੀ। ਸ਼ਿਵ ਨੇ ਇਹ ਜ਼ਹਿਰ ਆਪਣੇ ਮੂੰਹ ਪਾ ਲਈ ਲੇਕਿਨ ਕੰਠ ਤੋਂ ਅਗੇ ਨ ਲੰਘਾਈ ਜਿਸ ਕਰਕੇ ਉਨ੍ਹਾਂ ਦਾ ਕੰਠ ਨੀਲਾ ਪੈ ਗਿਆ, ਇਸੇ ਕਰਕੇ ਉਨ੍ਹਾਂ ਨੂੰ 'ਨੀਲ ਕੰਠ' ਵੀ ਕਿਹਾ ਜਾਂਦਾ ਹੈ। ਪੁਰਾਣਿਕ ਖਿਆਲ ਹੈ ਕਿ ਸ਼ਿਵ ਜੀ ਜਦੋਂ ਅਪਣਾ ਤੀਜਾ ਨੇਤ੍ਰ ਖੋਲ੍ਹਦੇ ਹਨ ਤਾਂ ਸੰਸਾਰ ਤੇ ਪ੍ਰਲਯ ਆ ਜਾਂਦੀ ਹੈ ਤੇ ਦੁਨੀਆਂ ਨਸ਼ਟ ਹੋ ਜਾਂਦੀ ਹੈ। ਪਰ ਗੁਰਬਾਣੀ ਅਜੇਹੀਆਂ ਮਨੌਤਾਂ ਪਰਵਾਣ ਨਹੀਂ ਕਰਦੀ। ਉਤਪਤੀ ਤੇ ਪ੍ਰਲਯ ਦੀ ਖੇਡ ਕਰਨ ਵਾਲਾ ਪਰਮੇਸ਼ਰ ਹੀ ਹੈ। ਇਹ ਦੇਵਤੇ ਉਸ ਅੱਗੇ ਤੁਛ ਹਨ :

ਸਿਵ ਸਨਕਾਦਿ ਜਾਸੁ ਗੁਨ ਗਾਵਹਿ, ਤਾਸੁ ਬਸਹਿ ਮੋਰੇ ਪ੍ਰਾਨਾਨਾ।

(ਗਉੜੀ ਕਬੀਰ, ਪੰਨਾ ੩੩੯)

ਸਿਵ ਸਿਵ ਕਰਤੇ ਜੋ ਨਰੁ ਧਿਆਵੈ
ਬਰਦ ਚੜੇ ਡਉਰੂ ਢਮਕਾਵੈ।

(ਗੋਂਡ ਨਾਮਦੇਵ, ਪੰਨਾ ੮੭੪)

ਪਾਂਡੇ ਤੁਮਰਾ ਮਹਾਂਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ।

(ਗੋਂਡ ਨਾਮਦੇਉ, ਪੰਨਾ ੮੭੫)

## ਸ਼ਿਵ ਸ਼ਕਤਿ

ਇਸ ਸੰਕੇਤ ਦੀ ਪੁਰਾਣੀ ਵਰਤੋਂ ਤਾਂਤ੍ਰਿਕਾਂ ਤੇ ਸ਼ਾਕਤਾਂ ਵਿਚ ਮਿਲਦੀ ਹੈ। ਸ਼ਾਕਤਾਂ ਦੇ ਕਈ ਭੇਦ ਹਨ ਜਿਨ੍ਹਾਂ ਵਿਚੋਂ ਕੌਲ ਸੰਪ੍ਰਦਾਇ ਮੁਖ ਹੈ। ਕੌਲ ਉਹ ਹੈ ਜੋ ਸ਼ਕਤੀ ਦਾ ਸ਼ਿਵ ਨਾਲ ਮੇਲ ਕਰਾਉਂਦਾ ਹੈ, ਕੁਲ ਦਾ ਅਰਥ ਸ਼ਕਤੀ ਯਾ ਕੁੰਡਲਨੀ ਹੈ ਤੇ ਅਕੁਲ ਦਾ ਅਰਥ ਹੈ ਸ਼ਿਵ। ਜੋ ਯੋਗ ਕ੍ਰਿਆ ਦੁਆਰਾ ਕੁੰਡਲਨੀ ਨੂੰ ਜਗਾ ਕੇ ਸਹਸ੍ਰਾਰ ਚੱਕ੍ਰ ਵਿਚ ਸਥਿਤ ਸ਼ਿਵ ਨਾਲ ਮਿਲਾ ਦੇਵੇ, ਉਹ ਕੌਲ ਹੈ, ਸ਼ਿਵ-ਸ਼ਿਵ ਜੀ ਤੇ ਸ਼ਕਤਿ-ਪਾਰਬਤੀ ਦਾ ਵੀ ਬੋਧਕ ਹੈ, ਸ਼ੈਵ ਸ਼ਿਵਾਂ ਦੀ ਤੇ 'ਸ਼ਾਕਤ' ਸ਼ਕਤੀ ਦੀ ਪੂਜਾ ਕਰਦੇ ਸਨ। ਪਹਿਲੀ ਵਿਆਖਿਆ ਤੋਂ ਸਪਸ਼ਟ ਹੈ ਕਿ ਸ਼ਿਵ ਆਤਮਾ ਦਾ ਬੋਧਕ ਸੀ ਤੇ 'ਸ਼ਕਤੀ' ਕੁੰਡਲਨੀ ਦਾ, ਪਿਛੋਂ ਜਾਕੇ ਸੰਤ-ਕਾਵਿ ਵਿਚ 'ਸ਼ਿਵ' ਦਾ ਅਰਥ ਪਰਮਾਤਮਾ ਤੇ 'ਸ਼ਕਤਿ' ਦਾ ਅਰਥ ਮਾਇਆ ਹੋ ਗਿਆ। ਸ਼ੈਵ ਤੇ ਸ਼ਾਕਤ ਦੋਵੇਂ ਸ਼ਿਵ ਸ਼ਕਤੀ ਦੀ ਇਕੱਠੀ ਅਰਾਧਨਾ ਵੀ ਕਰਦੇ ਰਹੇ ਤੇ ਇਸਨੂੰ 'ਮੂਲ ਸੱਤਾ'

ਖਿਆਲ ਕਰਦੇ ਸਨ। ਲੇਕਿਨ ਗੁਰੂ ਸਾਹਿਬ ਇਨ੍ਹਾਂ ਨੂੰ ਆਦਿ ਸੱਤਾ ਨਹੀਂ ਮੰਨਦੇ। ਉਨ੍ਹਾਂ ਸਾਫ ਲਿਖਿਆ ਹੈ :—

ਸ਼ਿਵ ਸ਼ਕਤਿ ਆਪਿ ਉਪਾਇਕੈ
ਕਰਤਾ ਆਪੇ ਹੁਕਮੁ ਵਰਤਾਏ।

(ਰਾਮਕਲੀ ਅਨੰਦ ੩, ਪੰਨਾ ੯੨੦)

ਸ਼ਿਵ ਅਧਿਆਤਮਕ ਪੱਖ ਹੈ ਤੇ ਸ਼ਕਤੀ ਮਾਇਕ ਪੱਖ। ਅੰਤ ਵਿਜੈ ਅਧਿਆਤਮਕਤਾ ਦੀ ਹੁੰਦੀ ਹੈ :—

ਹਾਠਾ ਦੋਵੈ ਕੀਤੀਓ, ਸਿਵ ਸਕਤਿ ਵਰਤਾਈਆ
ਸਿਵ ਅਗੈ ਸਕਤੀ ਹਾਰਿਆ, ਏਵੈ ਹਰਿ ਭਾਈਆ।

(ਮਾਰੂ ਵਾਰ ਡਖਣੇ ੫, ਪੰਨਾ ੧੦੯੬)

## ਸੀਤਲਾ

ਹਿੰਦੂ ਮਤ ਅਨੁਸਾਰ ਦੇਵੀ ਇਕ ਰੂਪ ਦਾ ਨਾਮ ਸੀਤਲਾ ਹੈ। ਇਸ ਦਾ ਰੰਗ ਸੁਨਹਿਰੀ, ਇਹ ਲਾਲ ਬਸਤਰ ਪਹਿਨਦੀ ਤੇ ਖੋਤੇ ਸਵਾਰੀ ਕਰਦੀ ਹੈ; ਇਸ ਦੀ ਕ੍ਰੋਪੀ ਕਾਰਣ ਚੇਚਕ ਦਾ ਰੋਗ ਹੁੰਦਾ ਕਿਹਾ ਜਾਂਦਾ ਹੈ, ਸ਼ਰਧਾਲੂ ਇਸ ਦੀ ਪੂਜਾ ਚੇਤ ਵਦੀ ਅਸ਼ਟਮੀ ਨੂੰ ਕਰਦੇ ਤੇ ਇਸ ਨੂੰ ਸੀਤਲਾ ਅਸ਼ਟਮੀ ਸੱਦਦੇ ਹਨ। ਸ਼ਿਵਾਂ ਦੀ ਤਾਮਸੀ ਸੈਨਾ ਵਿਚ ਭੈਰਉ ਆਦਿ ਨਾਲ ਇਸਦੀ ਗਿਣਤੀ ਕੀਤੀ ਗਈ ਹੈ :—

ਭੈਰਉ ਭੂਤ ਸੀਤਲਾ ਧਾਵੈ।
ਖਰ ਬਾਹਨ ਉਹੁ ਛਾਰੁ ਉਡਾਵੈ ॥੧॥

(ਗੋਂਡ ਨਾਮਦੇਵ, ਪੰ: ੮੭੪)

## ਸੀਤਾ

ਅਯੁੱਧਿਆ ਦੇ ਰਾਜਾ ਸ੍ਰੀ ਰਾਮਚੰਦ੍ਰ ਦੀ ਸੁਪਤਨੀ ਸੀਤਾ, ਮਿਥਲਾ ਦੇ ਰਾਜਾ ਜਨਕ ਦੀ ਪੁੱਤਰੀ ਸੀ। ਇਸਦਾ ਪਵਿਤਰ ਉਚਆਚਾਰ, ਹਿੰਦੂ ਇਸਤਰੀ ਲਈ ਆਦਰਸ਼ ਬਣਿਆ ਰਿਹਾ ਹੈ। ਕਹਿੰਦੇ ਹਨ ਕਿ ਸੀਤਾ ਦਾ ਜਨਮ, ਧਰਤੀ ਦੇ ਸਿਆੜ ਵਿਚੋਂ ਹੋਇਆ ਜਦੋਂ ਵੱਡੀ ਹੋਈ ਤਾਂ ਸਵਯੰਬਰ ਰਚਿਆ ਗਿਆ, ਸ਼ਿਵ ਜੀ ਦਾ ਧਨੁਖ ਤੋੜਕੇ ਸ੍ਰੀ ਰਾਮ ਜੀ ਨੇ ਸੀਤਾ ਨੂੰ ਵਰਿਆ। ਜਦ ਪਿਤਾ ਦਸ਼ਰਥ ਨੇ ਰਾਮ ਜੀ ਨੂੰ ੧੪ ਸਾਲ ਲਈ ਬਨਵਾਸ ਦਿਤਾ ਤਾਂ ਪਤਿਬ੍ਰਤਾ ਸੀਤਾ ਨੇ ਰਾਜ ਮਹਿਲਾਂ ਨੂੰ ਛੱਡ

ਕੇ ਪਤੀ ਦੇ ਨਾਲ ਜਾਣਾ ਹੀ ਚੰਗਾ ਸਮਝਿਆ, ਬਨ ਦੀਆਂ ਸਾਰੀਆਂ ਮੁਸੀਬਤਾਂ ਖਿੜੇ ਮੱਥੇ ਸਹਾਰੀਆਂ। ਲੰਕਾ ਦੇ ਰਾਜੇ ਰਾਵਣ ਨੇ ਸੀਤਾ ਨੂੰ ਧਿੰਗੋ-ਜ਼ੋਰੀ ਉਧਾਲ ਕੇ 'ਅਸ਼ੋਕ ਬਾਟਿਕਾ' ਵਿਚ ਬੰਦੀ ਬਣਾ ਕੇ ਰੱਖਿਆ ਪਰ ਇਹ ਆਪਣੇ ਉਚ ਆਚਰਣ ਤੇ ਦ੍ਰਿੜ ਰਹੀ। ਆਖਿਰ ਰਾਮਚੰਦ੍ਰ ਜੀ ਨੇ ਰਾਵਣ ਉਤੇ ਵਿਜਯ ਪਾਈ ਤੇ ਸੀਤਾ ਨੂੰ ਵਾਪਸ ਅਜੁੱਧਿਆ ਲਿਆਂਦਾ। ਲੇਕਿਨ ਲੋਕਾਂ ਦੀ ਦੰਦ-ਕਥਾ ਸੁਣ ਕੇ ਰਾਮ ਡੋਲ ਗਏ ਤੇ ਉਨ੍ਹਾਂ ਅਗਨੀ ਪ੍ਰੀਖਿਆ ਕਰਨ ਦੇ ਬਾਵਜੂਦ, ਗਰਭਵਤੀ ਸੀਤਾ ਨੂੰ ਬਨਵਾਸ ਦੇ ਦਿਤਾ ਜਿਥੇ ਕਿ ਉਹ ਬਾਲਮੀਕਿ ਰਿਸ਼ੀ ਦੇ ਆਸ਼੍ਰਮ ਵਿਚ ਰਹੀ। ਇਥੇ ਹੀ ਲਵ੍ਹ ਤੇ ਕੁਸ਼ ਦੋ ਪੁੱਤਰ ਪੈਦਾ ਹੋਏ। ਜਦ ਰਾਮਚੰਦ੍ਰ ਜੀ ਨੇ ਅਸ਼ਵਮੇਧ ਯੱਗ ਕਰਨ ਲਈ ਘੋੜਾ ਛੱਡਿਆ ਤਾਂ ਇਨ੍ਹਾਂ ਦੋਹਾਂ ਬੀਰਾਂ, ਘੋੜਾ ਰੋਕ ਕੇ ਰਾਮ ਜੀ ਦੀ ਸੈਨਾ ਨਾਲ ਯੁੱਧ ਸ਼ੁਰੂ ਕਰ ਦਿਤਾ। ਅਖੀਰ ਬਾਲਮੀਕਿ ਰਿਸ਼ੀ ਨੇ ਵਿਚਾਲੇ ਪੈ ਕੇ ਸਾਰੀ ਗੱਲ ਨਜਿੱਠੀ ਤੇ ਸੀਤਾ ਪੁੱਤਰਾਂ ਸਮੇਤ ਰਾਮ ਜੀ ਨਾਲ ਅਜੁੱਧਿਆ ਆ ਗਈ। ਪਰ ਸੀਤਾ ਦਾ ਮਨ ਸੰਤੁਸ਼ਟ ਨਹੀਂ ਸੀ, ਇਸ ਕਰਕੇ ਉਸ ਨੇ ਧਰਤੀ ਮਾਤਾ ਸਾਹਵੇਂ ਜੋਦੜੀ ਕੀਤੀ, 'ਹੇ ਮਾਤਾ ! ਤੂੰ ਮੈਨੂੰ ਆਪਣੇ ਵਿਚ ਸਮਾ ਲੈ।' ਇਤਨਾ ਆਖਣ ਦੀ ਦੇਰ ਸੀ ਕਿ ਧਰਤੀ ਫਟ ਗਈ ਤੇ ਸੀਤਾ ਉਸ ਦੇ ਵਿਚ ਸਮਾ ਗਈ।

ਗੁਰਬਾਣੀ ਵਿਚ ਰਾਵਣ ਵਲੋਂ ਸੀਤਾ ਹਰਣ ਦੀ ਘਟਨਾ ਬਾਰੇ ਸੰਕੇਤ ਹੈ :—

ਸੀਤਾ ਲੈ ਗਇਆ ਦਹਸਿਰੋ, ਲਛਮਣ ਮੂਓ ਸਰਾਪਿ
ਨਾਨਕ ਕਰਤਾ ਕਰਣਹਾਰੁ, ਵੇਖੈ ਥਾਪਿ ਉਥਾਪਿ।

**(ਸਲੋਕ ਵਾਰਾਂ ਤੇ ਵਧੀਕ, ੧ ਪੰਨਾ ੧੪੧੨)**

**ਸੁਕ** (ਸੁਖਦੇਵ)

ਸੁਕਦੇਵ ਰਿਸ਼ੀ ਬਿਆਸ ਦਾ ਸਪੁੱਤਰ ਸੀ। ਇਕ ਵਾਰੀ ਬਿਆਸਮੁਨੀ ਅਰਣੀ ਦੀ ਲੱਕੜੀ ਰਗੜ ਕੇ ਅੱਗ ਕੱਢ ਰਹਿਆ ਸੀ। ਉਸ ਸਮੇਂ ਘ੍ਰਿਤਾਚੀ ਨਾਮਕ ਅਪੱਛਰਾ ਆ ਗਈ। ਘ੍ਰਿਤਾਚੀ ਨੂੰ ਵੇਖ ਕੇ ਮੁਨੀ ਦਾ ਵੀਰਜ ਅਰਣੀ ਵਿਚ ਡਿਗ ਪਇਆ। ਘ੍ਰਿਤਾਚੀ, ਮੁਨੀ ਦੇ ਸ੍ਰਾਪ ਤੋਂ ਡਰਦੀ ਹੋਈ ਤੋਤੀ ਬਣ ਕੇ ਉਡ ਗਈ। ਸੋ ਸੁਕ ਦਾ ਜਨਮ ਬਿਆਸ ਦੇ ਵੀਰਜ ਤੋਂ ਅਰਣੀ ਵਿਚੋਂ ਹੋਇਆ। ਜਦ ਬਿਆਸ ਸੁਕਦੇਵ ਨੂੰ ਬ੍ਰਹਮ ਗਿਆਨ ਦੇ ਕੇ ਵੀ ਸੰਤੁਸ਼ਟ ਨ ਕਰ ਸਕਿਆ ਤਾਂ ਉਸ ਨੇ ਜਨਕ ਪਾਸ ਭੇਜਿਆ। ਰਾਜਾ ਆਪਣੀ ਇਕ ਲੱਤ, ਸੁੰਦਰ ਇਸਤ੍ਰੀਆਂ ਕੋਲੋਂ ਘੁਟਾ ਰਹਿਆ ਸੀ ਅਤੇ ਦੂਜੀ ਲੱਤ ਉਸ ਨੇ ਅੱਗ ਵਿਚ ਰਖੀ ਹੋਈ ਸੀ ਜਾਣੋ ਦੁਖ ਅਤੇ ਸੁਖ ਨੂੰ ਸਮ ਜਾਣ ਰਿਹਾ ਹੋਵੇ। ਇਹ ਵੇਖਕੇ ਸੁਕਦੇਵ ਨੇ ਰਾਜੇ ਨੂੰ ਗੁਰੂ ਧਾਰਨ ਕਰ ਲਇਆ। ਜਨਕ ਨੇ ਪ੍ਰੀਖਿਆ ਲਈ ਸੁਕ ਨੂੰ ਸੱਤ ਦਿਨ ਦਲਾਨ ਵਿਚ ਖੜਾਈ ਰਖਿਆ। ਯੱਗ ਦੀ ਜੂਠ ਤੇ ਜੂਠੀਆਂ ਪੱਤਲਾਂ ਇਸ ਦੇ ਸਿਰ ਉਤੇ ਸੁਟੀਆਂ ਗਈਆਂ ਪਰ ਸੁਕਦੇਵ ਪਰੀਖਿਆ ਵਿਚ ਪੂਰਾ ਉਤਰਿਆ।

ਸੁਕਦੇਵ ਦੇ ਜਨਮ ਬਾਰੇ ਇਕ ਹੋਰ ਵੀ ਕਥਾ ਹੈ। ਜ਼ਿਕਰ ਆਉਂਦਾ ਹੈ ਕਿ ਬਿਆਸ ਮੁਨੀ ਆਪਣੀ ਸੁਪਤਨੀ ਨੂੰ ਸਤ ਧਰਮ ਦਾ ਉਪਦੇਸ ਦਿੰਦਾ ਪਿਆ ਸੀ। ਸੁਕਦੇਵ ਉਸ ਸਮੇਂ ਤੋਤੇ ਦੀ ਜੂਨ ਵਿਚ ਸੀ। ਇਸ ਨੇ ਬਿਆਸ ਮੁਨੀ ਦਾ ਉਪਦੇਸ਼ ਸੁਣਿਆ ਜਿਸ ਕਾਰਨ ਉਸ ਨੂੰ ਗਿਆਨ ਹੋ ਗਇਆ। ਸੁਕਦੇਵ ਦੇ ਮਨ ਵਿਚ ਲਾਲਸਾ ਉਪਜੀ ਕਿ ਬਿਆਸ ਦੀ ਸੁਪਤਨੀ ਦੇ ਗਰਭ ਵਿਚ ਵਾਸਾ ਲਇਆ ਜਾਵੇ ਤਾਂ ਜੁ ਬ੍ਰਹਮ ਗਿਆਨੀ ਦੀ ਪਦਵੀ ਪ੍ਰਾਪਤ ਹੋਵੇ। ਉਸ ਨੇ ਇਉਂ ਹੀ ਕੀਤਾ ਤੇ ਬ੍ਰਹਮ ਗਿਆਨੀ ਦੀ ਪਦਵੀ ਪਾਈ।

ਜਾਤ ਨਜਾਤਿ ਦੇਖਿ ਮਤ ਭਰਮਹੁ
ਸੁਕ ਜਨਕ ਪਗੀ ਲਗਿ ਧਿਆਵੈਗੋ।
ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ।

(ਕਾਨੜਾ ਮ: ੪. ਪੰਨਾ ੧੩੦)

ਨਾਰਦ ਮੁਨਿ ਜਨ ਸੁਕ ਬਿਆਸ
ਜਸੁ ਗਾਵਤ ਗੋਬਿੰਦ।

(ਗਉੜੀ ਥਿਤਿ ੫ ਪੰਨਾ ੨੯੮)

**ਸ਼ੁਕ੍ਰ**

ਦੈਂਤਾਂ ਦਾ ਗੁਰੂ ਸ਼ੁਕਰਾਚਾਰਯ, ਧਰਮ ਸ਼ਾਸਤ੍ਰ ਤੇ ਨੀਤਿ ਸ਼ਾਸਤ੍ਰ ਦਾ ਮੁਖੀ ਮੰਨਿਆ ਜਾਂਦਾ ਹੈ ਇਹ ਭ੍ਰਿਗੂ ਰਿਸ਼ੀ ਦੇ ਘਰ ਜਨਮਿਆ ਤੇ ਆਪਣੀ ਯੋਗਤਾ ਨਾਲ ਰਾਜੇ ਬਲੀ ਦਾ ਪਰੋਹਿਤ ਬਣਿਆ। ਸ਼ਿਵਾਂ ਨੂੰ ਪ੍ਰਸੰਨ ਕਰਨ ਲਈ ਖਿਸ ਨੇ ਸਿਰ ਭਾਰ ਲਟਕ ਕੇ ਇਕ ਹੰਜ਼ਾਰ ਵਰ੍ਹੇ ਘੋਰ ਤਪ ਕੀਤਾ ਤਾਂਕਿ ਦੇਵਤੇ, ਦੈਂਤਾਂ ਉਤੇ ਭਾਰੂ ਨ ਹੋ ਸਕਣ। ਇਸੇ ਦੌਰਾਨ ਵਿਸ਼ਨੂ ਨੇ ਇਸ ਦੀ ਮਾਤਾ ਨੂੰ ਮਾਰ ਦਿਤਾ ਜਿਸ ਤੇ ਗੁੱਸੇ ਹੋਕੇ ਸ਼ੁਕ੍ਰ ਨੇ ਵਿਸ਼ਨੂੰ ਨੂੰ ਸਰਾਪ ਦਿਤਾ ਕਿ ਉਹ ਸੱਤ ਵਾਰ ਜਨਮਾਂ ਦੇ ਚੱਕ੍ਰ ਵਿਚ ਫਿਰੇਗਾ। ਦੇਵਤੇ ਚਿੰਤਾ ਵਿਚ ਸਨ ਕਿ ਜੇਕਰ ਸ਼ੁਕ੍ਰ ਦੀ ਤਪੱਸਿਆ ਪੂਰੀ ਹੋ ਗਈ ਤਾਂ ਉਨ੍ਹਾਂ ਨੂੰ ਦੈਂਤਾਂ ਅੱਗੇ ਨਿਵਣਾ ਪਵੇਗਾ, ਇਸ ਕਰਕੇ ਇੰਦ੍ਰ ਨੇ ਆਪਣੀ ਸਪੁੱਤਰੀ ਜਯੰਤੀ ਨੂੰ ਭੇਜਿਆ ਤਾਂ ਜੁ ਉਹ ਸ਼ੁਕ੍ਰ ਦਾ ਤਪ ਭੰਗ ਕਰ ਦੇਵੇ, ਜਯੰਤੀ ਨੇ ਇਸ ਨੂੰ ਮੋਹ ਜ਼ਰੂਰ ਲਿਆ ਪਰ ਸ਼ੁਕ੍ਰ ਨੇ ਤਪੱਸਿਆ ਪੂਰੀ ਕਰਨ ਉਪਰੰਤ ਹੀ ਇਸ ਨੂੰ ਵਰਿਆ। ਸ਼ੁਕ੍ਰ ਦੀ ਇਕ ਅੱਖ ਕਾਣੀ ਦੱਸੀ ਜਾਂਦੀ ਹੈ। ਕਹਿੰਦੇ ਹਨ ਜਦੋਂ ਬਲਿ ਰਾਜਾ, ਵਾਮਨ ਅਵਤਾਰ ਨੂੰ ਦਾਨ ਦੇ ਰਿਹਾ ਸੀ ਤਾਂ ਇਹ ਸੂਖਮ ਰੂਪ ਧਾਰਕੇ ਗੰਗਾਸਾਗਰ ਦੀ ਟੂਟੀ ਵਿਚ ਪ੍ਰਵੇਸ਼ ਕਰ ਗਿਆ ਤੇ ਪਾਣੀ ਆਉਣਾ ਬੰਦ ਹੋ ਗਿਆ। ਰਾਜੇ ਬਲਿ ਨੇ ਟੂਟੀ ਵਿਚ ਇਕ ਡੱਕਾ ਫੇਰਿਆ ਜੋ ਇਸ ਦੀ ਅੱਖ ਵਿਚ ਲਗਾ ਤੇ ਇਹ ਕਾਣਾ ਹੋ ਗਿਆ। (ਮ. ਕੋ.)

ਜਾਂਚੈ ਘਰਿ ਲਛਮੀ ਕੁਆਰੀ ਚੰਦੁ ਸੂਰਜੁ ਦੀਵੜੇ
ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁਕਰਾ ਸਿਰੀ ।

(ਮਲਾਰ ਨਾਮਦੇਵ, ਪੰਨਾ ੧੨੯੨

## ਸੁਖਮਨਾ

ਯੋਗ ਸੰਕੇਤ ਅਨੁਸਾਰ ਇਕ ਨਾੜੀ ਜੋ ਨੱਕ ਦੇ ਮੂਲ ਤੋਂ ਲੈਕੇ ਕੰਗਰੋੜ ਨਾਲ ਹੁੰਦੀ ਹੋਈ ਤਾਲੂਏ ਤਕ ਪਹੁੰਚਦੀ ਹੈ । 'ਹਠ ਯੋਗ ਪ੍ਰਦੀਪਿਕਾ' ਵਿਚ ਲਿਖਿਆ ਹੈ ਕਿ ਭਾਵੇਂ ਸਰੀਰ ਅੰਦਰ ੭੨ ਹਜ਼ਾਰ ਨਾੜੀਆਂ ਹਨ ਪਰ ਇਨ੍ਹਾਂ ਵਿਚੋਂ ਕੇਵਲ ਸੁਖਮਨਾ ਦੁਆਰਾ ਹੀ ਕੁੰਡਲਨੀ ਉਪਰ ਨੂੰ ਉਭਾਰੀ ਜਾ ਸਕਦੀ ਹੈ । ਸੁਖਮਨਾ ਤਿੰਨ ਨਾੜੀਆਂ ਦੀ ਬਣੀ ਹੋਈ ਹੈ-ਥੱਜ੍ਰਾ, ਚਿਤ੍ਰਿਣੀ ਤੇ ਬ੍ਰਹਿਮ ਨਾੜੀ । ਬ੍ਰਹਮ ਨਾੜੀ ਤੋਂ ਹੀ ਕੁੰਡਲਨੀ ਵਲ ਰਸਤਾ ਜਾਂਦਾ ਹੈ । ਇਹ ਵੀ ਕਿਹਾ ਗਿਆ ਹੈ, ਸੁਖਮਨਾ ਨਾੜੀ ਦੇ ਖੱਬੇ ਪਾਸੇ ਇੜਾ ਤੇ ਸੱਜੇ ਪਾਸੇ ਪਿੰਗਲਾ ਨਾੜੀ ਹੈ, ਇੜਾ ਨੂੰ ਸੀਤਲ ਸੁਭਾ ਕਰਕੇ ਚੰਦ੍ਰਮਾ ਤੇ ਪਿੰਗਲਾ ਨੂੰ ਤਪਤ ਸੁਭਾ ਕਰਕੇ ਸੂਰਜ ਕਿਹਾ ਗਿਆ ਹੈ । ਇਨ੍ਹਾਂ ਤਿੰਨਾਂ ਦੇ ਸੰਗਮ ਨੂੰ 'ਤ੍ਰਿਬੇਣੀ' ਕਹਿੰਦੇ ਹਨ ਜੋ ਕਿ ਦਸਮਦੁਆਰ ਵਿਚ ਹੈ ।

ਇੜਾ ਪਿੰਗੁਲਾ ਅਉਰੁ ਸੁਖਮਨਾ, ਪਉਨੈ ਬੰਧਿ ਰਹਾਉਗੋ ।
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ, ਬ੍ਰਹਮ ਜੋਤਿ ਮਿਲਿ ਜਾਉਗੋ ।

(ਰਾਮਕਲੀ ਨਾਮਦੇਉ, ਪੰਨਾ ੯੭੩)

## ਸੁਖਮਨੀ (ਬਾਣੀ)

ਗੁਰੂ ਅਰਜਨ ਦੇਵ ਰਚਿਤ ਗਉੜੀ ਰਾਗ਼ ਵਿਚ ਉਚਾਰੀ ਇਕ ਬਾਣੀ ਜਿਸ-ਦੀਆਂ ੨੪ ਅਸਟਪਦੀਆਂ ਤੇ ਕੁਲ ੨੧੬ ਛੰਦ ਹਨ । ਹਰ ਅਸਟਪਦੀ ਦੇ ਮੁੱਢ ਵਿਚ ਇਕ ਸਲੋਕ ਦਰਜ ਹੈ, ਜਿਸ ਵਿਚ ਸਾਰੀ ਅਸਟਪਦੀ ਦਾ ਸਾਰੰਸ਼ ਦਿਤਾ ਹੁੰਦਾ ਹੈ । ਇਸ ਬਾਣੀ ਦੇ ਰਹਾਉ ਦੀ ਤੁਕ ਤੋਂ ਇਸਦਾ ਕੇਂਦ੍ਰੀ ਭਾਵ ਸਪਸ਼ਟ ਹੁੰਦਾ ਹੈ :--

ਸੁਖਮਨੀ ਸੁਖ.ਅੰਮ੍ਰਿਤ ਪ੍ਰਭ ਨਾਮੁ
ਭਗਤ ਜਨਾ ਕੈ ਮਨਿ ਬਿਸ੍ਰਾਮ ।੧। ਰਹਾਉ ।

ਦੂਸਰੇ ਸ਼ਬਦਾਂ ਵਿਚ ਗੁਰੂ-ਸਿਧਾਂਤ ਅਨੁਸਾਰ ਸੁਖ ਦੀ ਪ੍ਰਾਪਤੀ ਦਾ ਸਾਧਨ ਇਕੋ ਇਕ ਨਾਮ ਸਿਮਰਨ ਹੈ ਤੇ ਸਿਮਰਨ ਦੀ ਮਹਿਮਾ ਦੁਆਰਾ ਹੀ ਇਸਦਾ ਪ੍ਰਾਰੰਭ ਹੁੰਦਾ ਹੈ । ਸੁਖਮਨੀ ਸਾਹਿਬ ਦੀ ਵਿਸ਼ੇਸ਼ ਖ਼ੂਬੀ ਇਹ ਹੈ ਕਿ ਸਰਲ ਸ਼ੈਲੀ ਤੇ ਸੁਗਮ

ਭਾਸ਼ਾ ਦੁਆਰਾ ਅਧਿਆਤਮਕ ਤੇ ਧਾਰਮਿਕ ਮਸਲਿਆਂ ਨੂੰ ਬਹੁਤ ਹੀ ਮਨੋਹਰ ਤਰੀਕੇ ਨਾਲ਼ ਸੁਲਝਾਇਆ ਗਿਆ ਹੈ, ਇਸਦੇ ਇਸ ਗੁਣ ਦਾ ਸਿੱਟਾ ਹੈ ਕਿ ਸਿਖਾਂ ਤੋਂ ਇਲਾਵਾ ਹਜ਼ਾਰਾਂ ਗ਼ੈਰ-ਸਿੱਖ ਵੀ ਇਸਦੇ ਪਾਠ ਦੁਆਰ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਹਨ। ਪਰੰਤੂ ਗੁਰੂ ਸਾਹਿਬ ਨੇ ਕੋਈ ਗੱਲ ਗੁਪਤ ਨਹੀਂ ਰੱਖੀ ਸਗੋਂ ਸਾਫ ਕਿਹਾ ਹੈ ਕਿ 'ਨਾਮ' ਹੀ ਸੁਖਮਨੀ ਹੈ, ਇਸ ਨਾਲ ਹੀ ਜੀਵਨ ਦੀ ਸ਼ੋਭਾ ਬਣਦੀ ਹੈ :

ਸਭ ਤੇ ਊਚ ਤਾਂਕੀ ਸੋਭਾ ਬਨੀ
ਨਾਨਕ ਇਹ ਗੁਣਿ ਨਾਮੁ **ਸੁਖਮਨੀ**।

(ਗਉੜੀ ਸੁਖਮਨੀ ੫, ਪੰਨਾ ੨੯੬)

**ਸੁਚਜੀ**—ਦੇਖੋ ਕੁਚਜੀ ਸੁਚਜੀ

## ਸੁੰਦਰ

ਭਾਈ ਸੁੰਦਰ ਗੁਰੂ ਅਮਰਦਾਸ ਜੀ ਦੇ ਭੱਲੇ ਘਰਾਣੇ ਵਿਚੋਂ ਸੀ । 'ਗੁਰਪ੍ਰਤਾਪ ਸੂਰਯ' ਦੇ ਕਰਤਾ ਤੇ ਇਸ ਨੂੰ ਭਾਈ ਮੋਹਰੀ ਦਾ ਪੋਤਰਾ ਤੇ ਅਨੰਦ ਦਾ ਪੁਤਰ ਲਿਖਿਆ ਹੈ ਜੋ ਕਿ ਇਤਿਹਾਸਕ ਤੌਰ ਤੇ ਬਣਦਾ ਨਹੀਂ। ਜੋ ਸਾਲ ਸੰਮਤ ਪੁਰਾਤਨ ਗੁਰਪ੍ਰਣਾਲੀਆਂ ਵਿਚ ਦਰਜ ਮਿਲਦੇ ਹਨ, ਉਸ ਅਨੁਸਾਰ ਗੁਰੂ ਸਾਹਿਬ ਦੇ ਦੇਹਾਂਤ ਸਮੇਂ ਅਨੰਦ ਦੀ ਉਮਰ ਵੀਹ ਸਾਲ ਸਿੱਧ ਹੁੰਦੀ ਹੈ। ਸੋ ਉਸਦੇ ਪੁੱਤਰ ਸੁੰਦਰ ਦੀ ਇਤਨੀ ਆਯੂ ਨਹੀਂ ਹੋ ਸਕਦੀ ਕਿ ਉਹ ਉਸ ਸਮੇਂ ਬਾਣੀ ਰਚਨਾ ਕਰ ਸਕਦਾ। ਇਉਂ ਤਾਂ ਹੀ ਹੋ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਦਿਤੇ ਉਪਦੇਸ਼ ਨੂੰ ਕਿਤੇ ਕਾਫੀ ਪਿਛੋਂ ਛੰਦ-ਬਧ ਕੀਤਾ ਗਿਆ ਹੋਵੇ।

ਰਾਮਕਲੀ ਰਾਗ ਵਿਚ 'ਸਦ' ਨਾਂ ਹੇਠ ਸੁੰਦਰ ਦੀ ਛੋਟੀ ਜਿਹੀ ਰਚਨਾ ਹੈ, ਜਿਸਦੇ ਕੁਲ ਬੰਦ ੬ ਹਨ।

ਕਹੈ ਸੁੰਦਰੁ ਸੁਣਹੁ ਸੰਤਹੁ, ਸਭੁ ਜਗਤੁ ਪੈਰੀ ਪਾਇ ਜੀਉ।

(ਰਾਮਕਲੀ ਸਦੁ,ਪੰਨਾ ੯੨੪)

## ਸੁਦਾਮਾ

ਸੁਦਾਮਾ ਇਕ ਗਰੀਬ ਬ੍ਰਾਹਮਣ ਸੀ ਜੋ ਕਿ ਕ੍ਰਿਸ਼ਣ ਜੀ ਦਾ ਬਚਪਨ ਦਾ ਮਿੱਤਰ ਸੀ। ਇਹ ਦੋਵੇ ਸੰਦੀਪਨ ਮੁਨੀ ਦੇ ਆਸ਼੍ਰਮ ਵਿਚ ਇਕੱਠੇ ਪੜ੍ਹਿਆ ਕਰਦੇ ਸਨ ਤੇ ਇਨ੍ਹਾਂ ਦਾ ਪਰਸਪਰ ਗੂੜ੍ਹਾ ਸਨੇਹ ਸੀ। ਕ੍ਰਿਸ਼ਣ ਜੀ, ਸਮੇਂ ਨਾਲ ਦੁਆਰਕਾ ਦੀ ਰ਼ਾਜਗੱਦੀ ਦੇ ਮਾਲਕ ਬਣ ਗਏ ਪਰ ਗਰੀਬੀ ਨੇ ਸੁਦਾਮੇ ਦਾ ਖਹਿੜਾ ਨ ਛੱਡਿਆ। ਇਕ ਦਿਨ ਇਨ੍ਹਾਂ ਦੇ ਘਰ ਵਾਲੀ ਨੇ ਪ੍ਰੇਰਨਾ ਕੀਤੀ ਕਿ ਤੁਸੀਂ ਆਖਦੇ ਹੋ ਕਿ ਸ੍ਰੀ

ਕ੍ਰਿਸ਼ਨ ਸਾਡੇ ਪੁਰਾਣੇ ਮਿੱਤਰ ਹਨ ਤਾਂ ਤੁਸੀਂ ਉਨ੍ਹਾਂ ਦੀ ਸਹਾਇਤਾ ਕਿਉਂ ਨਹੀਂ ਲੈਂਦੇ। ਘਰ ਵਾਲੀ ਦੀ ਗੱਲ ਮੰਨ ਕੇ ਸੁਦਾਮਾ ਥੋੜੇ ਜਿਹੇ ਚੌਲ ਪੋਟਲੀ ਵਿਚ ਬੰਨ੍ਹ ਕੇ ਦੁਆਰਕਾ ਨੂੰ ਤੁਰ ਪਿਆ। ਅੱਗੇ ਜਦ ਰਾਜ-ਦੁਆਰ ਤੇ ਜਾ ਕੇ ਖਬਰ ਦਿਤੀ ਤਾਂ ਸ੍ਰੀ ਕ੍ਰਿਸ਼ਨ ਜੀ ਆਪ ਸਿੰਘਾਸਨ ਤੋਂ ਉਠ ਕੇ ਆਪਣੇ ਮਿੱਤਰ ਨੂੰ ਲੈਣ ਆਏ। ਗਲਵੱਕੜੀ ਪਾ ਕੇ ਮਿਲੇ ਤੇ ਆਪਣੇ ਦੋਸਤ ਦੇ ਲਿਆਂਦੇ ਚੌਲ ਆਪ ਨੇ ਆਦਰ ਨਾਲ ਪਰਵਾਣ ਕੀਤੇ। ਸੁਦਾਮਾ ਕੁਝ ਦਿਨ ਦੁਆਰਕਾ ਠਹਿਰਿਆ। ਕਹਿੰਦੇ ਹਨ ਜਦ ਉਹ ਵਾਪਸ ਆਪਣੇ ਘਰ ਆਇਆ ਤਾਂ ਉਸ ਦੀ ਕੱਖਾਂ ਕਾਨਿਆਂ ਦੀ ਕੁਟੀਆ ਸੁੰਦਰ ਮਹੱਲ ਬਣ ਚੁਕੀ ਸੀ। ਇਸ ਤਰ੍ਹਾਂ ਭਗਵਾਨ ਨੇ ਆਪਣੇ ਪਿਆਰੇ ਮਿਤ੍ਰ ਦੀ ਕੰਗਾਲੀ ਨੂੰ ਦੂਰ ਕੀਤਾ; ਇਸ ਦੀ ਮਿਸਾਲ ਆਮ ਦਿਤੀ ਗਈ ਹੈ :

ਬਿਪ੍ਰ ਸੁਦਾਮੇ ਦਾਲਦੁ ਭੰਜ।
ਰੇ ਮਨ ਤੂ ਭੀ ਭਜੁ ਗੋਬਿੰਦ।

(ਬਸੰਤ ੫, ਪੰਨਾ ੧੧੯੨)

## ਸੁੰਨਤਿ

ਸੁੰਨਤ ਅਰਬੀ ਪਦ ਹੈ, ਜਿਸ ਦਾ ਅਰਥ ਹੈ ਰਹਿਤ-ਮਰਯਾਦਾ। ਹਜ਼ਰਤ ਮੁਹੰਮਦ ਸਾਹਿਬ ਵਲੋਂ ਮੁਸਲਮਾਨਾਂ ਲਈ ਜੋ ਕਰਮ ਵਿਧਾਨ ਕੀਤੇ ਗਏ ਹਨ, ਉਹ 'ਸੁੰਨਤ' ਕਹਾਉਂਦੇ ਹਨ। ਪਰੰਤੂ ਸੁੰਨਤ ਦਾ ਵਿਸ਼ੇਸ਼ ਅਰਥ 'ਖ਼ਤਨਾ' ਕਰਨਾ ਲਿਆ ਜਾਂਦਾ ਹੈ, ਭਾਵੇਂ ਇਸ ਦਾ ਜ਼ਿਕਰ ਕੁਰਾਨ ਵਿਚ ਵੀ ਨਹੀਂ। ਚੂੰਕਿ ਇਹ ਮਰਯਾਦਾ ਪਹਿਲੇ ਯਹੂਦੀਆਂ ਈਸਾਈਆਂ ਵਿਚ ਵੀ ਚਲਦੀ ਸੀ, ਇਸ ਲਈ ਇਸ ਨੂੰ ਮੁਸਲਮਾਨਾਂ ਵਲੋਂ ਅਪਣਾ ਲਿਆ ਗਿਆ ਸੀ।

ਆਦਿ ਗ੍ਰੰਥ ਵਿਚ ਕਬੀਰ ਭਗਤ ਨੇ ਸੁੰਨਤਿ ਦੀ ਨਿਖੇਧੀ ਕਰਦਿਆਂ ਲਿਖਿਆ ਹੈ :

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ, ਮੈਂ ਨ ਬਦਉਗਾ ਭਾਈ।
ਜਉਰੇ ਖੁਦਾਇ ਮੋਹਿ ਤੁਰਕੁ ਕਰੈਗਾ, ਆਪਨ ਹੀ ਕਟਿ ਜਾਈ।
ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ।
ਅਰਧ ਸਰੀਰੀ ਨਾਰਿ ਨ ਛੋਡੈ, ਤਾਤੇ ਹਿੰਦੂ ਹੀ ਰਹੀਐ।

(ਆਸਾ ਕਬੀਰ, ੪੭੭)

ਗੁਰੂ ਨਾਨਕ ਸਾਹਿਬ ਦਾ ਬਚਨ ਹੈ ਕਿ 'ਸ਼ਰਮ ਰੱਖਣਾ' ਹੀ ਸੁੰਨਤ ਹੈ :

ਸਰਮ ਸੁੰਨਤਿ ਸੀਲ ਰੋਜਾ, ਹੋਹੁ ਮੁਸਲਮਾਣੁ।

(ਵਾਰ ਮਾਝ ੧, ਪੰਨਾ ੧੪੦)

**ਸੁਮੇਰ**

ਭਾਗਵਤ ਤੇ ਵਿਸ਼ਨੂ ਪੁਰਾਣ ਅਨੁਸਾਰ ਇਸ ਪਰਬਤ ਤੇ ਦੇਵਤਿਆਂ ਦੀਆਂ ਪੁਰੀਆਂ ਵਸੀਆਂ ਹੋਈਆਂ ਹਨ, ਇਸਨੂੰ 'ਪੰਚ ਪਰਬਤ' ਵੀ ਕਿਹਾ ਜਾਂਦਾ ਹੈ ਜਿਸ ਵਿਚ ਰੁਦ੍ਰ ਹਿਮਾਲਯ, ਵਿਸ਼ਨੂ ਪੁਰੀ, ਬ੍ਰਹਮਪੁਰੀ, ਉਦਗਾਰੀ ਕੰਠ ਤੇ ਸਵਰਗਾਰੋਹਣ ਨਾਮੀ ਚੋਟੀਆਂ ਹਨ। ਇੰਦ੍ਰ ਦੀ ਦੇਵਨਗਰੀ ਇਥੇ ਹੀ ਹੈ। ਇਸਦੀ ਉਚਾਈ ੮੪੦੦੦ ਯੋਜਨ ਹੈ ਅਤੇ ਇਹ ੧੬੦੦੦ ਯੋਜਨ ਅੰਦਰ ਧਸਿਆ ਹੋਇਆ ਹੈ। ਇਸ ਦੇ ਉਤਲਾ ਮੈਦਾਨ ਬੱਤੀ ਹਜ਼ਾਰ ਯੋਜਨ ਹੈ। ਪੂਰਬ ਤੋਂ ਪੱਛਮ ਵਲ ਜਾ ਰਹੇ ਇਸ ਖੰਡ ਨੂੰ ਛੇ ਸਮਾਨਾਂਤ੍ਰ ਪਰਬਤ-ਲੜੀਆਂ ਵੰਡਦੀਆਂ ਹਨ। ਤਿੰਨ ਮੇਰੁ ਦੇ ਦੱਖਣ ਵਲ ਹਨ ਅਤੇ ਤਿੰਨ ਇਸਦੇ ਉਤਰ ਵਲ। ਇਸ ਖੰਡ ਦਾ ਧੁਰ-ਉਤਰੀ ਸਿਰਾ ਹਿਮਾਲਯ ਹੈ। ਮੇਰੁ ਦੇ ਉਤਰ ਵਲ ਭਾਰਤਵਰਸ਼ ਹੈ। ਯੋਗ ਸੰਕੇਤ ਅਨੁਸਾਰ ਸੁਮੇਰ ਦਸਮ ਦੁਆਰ ਦਾ ਪ੍ਰਤੀਕ ਹੈ।

ਕੇਤੀਆ ਕਰਮ ਭੂਮੀ ਮੇਰ ਕੇਤੇ ਧੂ ਉਪਦੇਸ।

(ਜਪੁ ੧, ਪੰਨਾ ੭)

ਅਨਿਕ ਬਰਨ ਅਨਿਕ ਕਨਿਕ ਸੁਮੇਰ।

(ਸਾਰੰਗ ੫, ਪੰਨਾ ੧੨੩੬)

**ਸਵਰਗ**

ਇਕ ਕਲਪਿਤ ਲੋਕ ਜਿਥੇ ਕਿ ਦੇਵਤਿਆਂ ਤੇ ਅਮਰ ਪ੍ਰਾਣੀਆਂ ਦਾ ਨਿਵਾਸ ਹੈ, ਸਵਰਗ ਕਹਾਉਂਦਾ ਹੈ। ਕੁਝ ਲੋਕ ਇਹ ਟਿਕਾਣਾ ਮੇਰੂ ਪਰਬਤ ਤੇ ਮੰਨਦੇ ਹਨ ਕੁਝ ਇਸਨੂੰ ਸੂਰਜ ਲੋਕ ਤੋਂ ਧਰੂ ਲੋਕ ਤਕ ਦਸਦੇ ਹਨ। ਭਾਰਤੀ ਮਨੋਤ ਅਨੁਸਾਰ ਤਿੰਨ ਲੋਕ ਹਨ—ਸੁਰਗ, ਮਾਤ ਤੇ ਪਤਾਲ, ਸੁਰਗ ਅਸਮਾਨ ਵਿਚ ਮੰਨਿਆ ਜਾਂਦਾ ਹੈ। ਨੰਦਨ ਬਾਗ ਵਰਗੇ ਸੁੰਦਰ ਬਗੀਚਿਆਂ, ਸੋਹਣੇ ਮਹਲ ਮੰਦਰਾਂ, ਮਨਮੋਹਨੀਆਂ, ਅਪੱਸਰਾਂ ਤੇ ਗੰਧਰਬਾਂ ਦੀ ਗਵੈਸ ਇਸਨੂੰ ਰਮਣੀਕ ਬਣਾਉਂਦੀ ਹੈ। ਇਥੋਂ ਦਾ ਰਾਜਾ ਇੰਦ੍ਰ ਹੈ। ਹਿੰਦੂ ਮਤ ਵਿਚ ਆਮ ਤੌਰ ਤੇ ਮਨੁੱਖ ਦੇ ਸਾਰੇ ਧਰਮ ਕਰਮਾਂ ਦਾ ਉਦੇਸ ਸਵਰਗ-ਪ੍ਰਾਪਤੀ ਦੱਸਿਆ ਗਿਆ ਹੈ। ਜੋ ਪ੍ਰਾਣੀ ਧਰਤੀ ਤੇ ਰਹਿੰਦੇ ਪੁੰਨ ਕਰਮ ਕਰਦੇ ਹਨ, ਉਨ੍ਹਾਂ ਨੂੰ ਇਥੇ ਵਸਣ ਦਾ ਸੁਭਾਗ ਮਿਲਦਾ ਹੈ ਤੇ ਤਰ੍ਹਾਂ ਤਰ੍ਹਾਂ ਦੇ ਸੁਖ ਅਨੰਦ ਹਾਸਲ ਹੁੰਦੇ ਹਨ। ਇਹ ਵੀ ਨਿਸਚਿਤ ਹੈ ਕਿ ਪੁੰਨ ਕਰਮਾਂ ਦੇ ਖਾਤਮੇ ਬਾਦ ਜੀਵ ਨੂੰ ਇਹ ਸੁਰਗ ਧਾਮ ਛੱਡਣਾ ਪੈਂਦਾ ਹੈ।

ਗੁਰਬਾਣੀ ਯਾ ਸੰਤ-ਬਾਣੀ ਸੁਰਗ ਨੂੰ ਜੀਵਨ-ਆਦਰਸ਼ ਨਹੀਂ ਮੰਨਦੀ ਤੇ ਨਾਹੀ ਕੋਈ ਵਿਸ਼ੇਸ਼ ਟਿਕਾਣਾ।

ਸੁਰਗ ਬਾਸੁ ਨ ਬਾਛੀਐ, ਡਰੀਐ ਨ ਨਰਕਿ ਨਿਵਾਸ ।

(ਗਉੜੀ ਕਬੀਰ, ਪੰਨਾ ੩੩੭)

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ।

(ਸੂਹੀ ੫, ਪੰਨਾ ੭੬੧)

ਕਵਨ ਨਰਕ ਕਿਆ ਸੁਰਗੁ ਬਿਚਾਰਾ
ਸੰਤਨ ਦੋਊ ਰਾਦੇ ।

(ਰਾਮਕਲੀ ਕਬੀਰ, ਪੰਨਾ ੯੬੯)

## ਸੁਲਹੀ

ਜਹਾਂਗੀਰ ਦੇ ਜ਼ਮਾਨੇ ਲਾਹੌਰ ਦਾ ਇਕ ਅਹਿਲਕਾਰ ਸੁਲਹੀ ਖਾਂ ਸੀ ਜਿਸ ਨੇ ਪ੍ਰਿਥੀਚੰਦ ਦੀ ਪ੍ਰੇਰਨਾ ਤੇ ਗੁਰੂ ਅਰਜਨ ਸਾਹਿਬ ਨੂੰ ਤੰਗ ਕਰਨ ਦੀ ਕੋਝੀ ਕੋਸ਼ਿਸ਼ ਕੀਤੀ। ਇਸੇ ਸਿਲਸਿਲੇ ਵਿਚ ਇਕ ਵਾਰ ਇਹ ਪ੍ਰਿਥੀਚੰਦ ਨੂੰ ਮਿਲਣ ਲਈ ਗੁਰੂ ਦੇ ਕੋਠੇ ਜਾ ਰਿਹਾ ਸੀ ਤੇ ਰਸਤੇ ਵਿਚ ਘੋੜਾ ਤ੍ਰਬਕ ਜਾਣ ਕਾਰਣ ਬਲਦੀ ਆਵੀ ਵਿਚ ਧਸ ਕੇ ਭਸਮ ਹੋ ਗਿਆ । ਪੰਚਮ ਗੁਰੂ ਲਿਖਦੇ ਹਨ :

ਸੁਲਹੀ ਤੇ ਨਾਰਾਇਣ ਰਾਖੁ ।
ਸੁਲਹੀ ਕਾ ਹਾਥੁ ਕਹੀ ਨ ਪਹੁੰਚੈ
ਸੁਲਹੀ ਹੋਇ ਮੂਆ ਨਾਪਾਕੁ । ਰਹਾਉ ।

(ਬਿਲਾਵਲ ਮਹਲਾ ੫, ਪੰਨਾ ੮੨੫)

## ਸੂਹੀ

ਕਾਫੀ ਠਾਟ ਦਾ ਖਾੜਵ ਰਾਗ ਜਿਸਦਾ ਵਾਦੀ ਮਾ ਤੇ ਸਾ ਸੰਵਾਦੀ ਹੈ । ਇਸ ਵਿਚ ਧਾ ਨਹੀਂ ਲਗਦਾ, ਗਾ ਤੇ ਨੀ ਕੋਮਲ ਤੇ ਬਾਕੀ ਸੁਧ ਸੁਰ ਲਗਦੇ ਹਨ। ਪ੍ਰਾਚੀਨ ਮਤ ਅਨੁਸਾਰ ਇਹ ਮੇਘ ਰਾਗ ਦੀ ਰਾਗਣੀ ਸੀ ਪਰ ਭਗਤੀ ਲਹਿਰ ਦੇ ਸੰਤਾਂ ਇਸ ਨੂੰ ਰਾਗ ਕਰਕੇ ਹੀ ਲਿਖਿਆ ਹੈ ।

ਇਸਦੇ ਗਾਉਣ ਦਾ ਸਮਾ ਸਵੇਰ ਹੈ । ਆਦਿ ਗ੍ਰੰਥ ਵਿਚ ਇਹ ਪੰਧਰਵੀਂ ਥਾਂ ਤੇ ਦਰਜ ਹੈ ।

**ਸੂਤਕ**

ਹਿੰਦੂ ਵਿਚਾਰ ਅਨੁਸਾਰ ਬੱਚੇ ਦੇ ਜਨਮ ਕਾਰਣ ਘਰ ਵਿਚ ਹੋਈ ਅਪਵਿੱਤ੍ਰਤਾ ਯਾ ਅਸ਼ੁੱਧੀ 'ਸੂਤਕ' ਕਹਿਲਾਉਂਦੀ ਹੈ। ਅਤ੍ਰਿ ਸਿਮ੍ਰਤੀ ਅਨੁਸਾਰ ਇਹ ਅਪਵਿਤ੍ਰਤਾ ਬ੍ਰਾਹਮਣ ਦੇ ਘਰ ੧੧ ਦਿਨ, ਖਤ੍ਰੀ ਦੇ ੧੩ ਦਿਨ, ਵੈਸ਼ ਦੇ ੧੭ ਦਿਨ ਤੇ ਸ਼ੂਦ੍ਰ ਦੇ ੩੦ ਦਿਨ ਰਹਿੰਦੀ ਹੈ। ਇਸ ਸਮੇਂ ਵਿਚਕਾਰ ਉਸਦੇ ਘਰ, ਜਾਣਾ ਆਉਣਾ ਯਾ ਖਾਣਾ ਪੀਣਾ ਪਾਪ ਮੰਨਿਆ ਜਾਂਦਾ ਹੈ। ਇਹੋ ਸੂਤਕ ਹੈ।

ਇਹ ਮਨੋਤ ਭਰਮ ਭੁਲੇਖੇ ਤੇ ਅਧਾਰਤ ਹੈ ਅਤੇ ਵਰਣਾਂ ਦੇ ਅਧਾਰ ਤੇ ਇਸ ਵਿਚ ਦਿਨਾਂ ਦਾ ਅੰਤਰ ਕਰਨਾ ਹੋਰ ਵੀ ਵੱਡੀ ਭੁੱਲ ਹੈ। ਦੂਸਰੇ, ਬੱਚੇ ਦਾ ਜਨਮ, ਅਪਵਿੱਤ੍ਰਤਾ ਦਾ ਕਾਰਣ ਨਹੀਂ, ਇਹ ਤਾਂ ਹੁਕਮ ਦੀ ਖੇਡ ਹੈ, ਇਸ ਕਰਕੇ ਇਸਨੂੰ 'ਅਸ਼ੁੱਧੀ' ਸਮਝਣਾ ਭੁੱਲ ਹੈ :—

> ਸਭੋ ਸੂਤਕੁ ਭਰਮੁ ਹੈ, ਦੂਜੇ ਲਗੈ ਜਾਇ
> ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ।

(ਵਾਰ ਆਸਾ ੧, ਪੰਨਾ ੪੭੨)

**ਸੂਰਜ**

ਰਿਗਵੇਦ ਵਿਚ ਜਿਨ੍ਹਾਂ ਤਿੰਨ ਦੇਵਤਿਆਂ-ਸੂਰਜ, ਅਗਨੀ ਤੇ ਇੰਦ੍ਰ ਦੀ ਵਧੇਰੇ ਮਹਿਮਾ ਗਾਈ ਗਈ ਹੈ, ਸੂਰਜ ਇਨ੍ਹਾਂ ਵਿਚੋਂ ਪ੍ਰਮੁਖ ਹੈ। ਪੁਰਾਣਕ ਮਾਨਤਾ ਅਨੁਸਾਰ ਇਹ ਅਦਿਤੀ ਦੀ ਕੁੱਖੋਂ ਕੱਸ਼ਪ ਦਾ ਪੁੱਤਰ ਹੈ ਜੋ ਸੱਤ ਲਾਲ ਘੋੜਿਆਂ ਵਾਲੇ ਰਥ ਦੀ ਸਵਾਰੀ ਕਰਦਾ ਅਕਾਸ਼ ਵਲ ਦੌੜਦਾ ਹੈ। ਅਰੁਣ ਇਸ ਦਾ ਰਥਵਾਹੀ ਹੈ। ਊਸ਼ਾ ਇਸ ਦੀ ਸੁਪਤਨੀ ਤੇ ਕਈ ਲਿਖਤਾਂ ਅਨੁਸਾਰ ਇਸ ਦੀ ਪਿਆਰੀ ਬੇਟੀ ਕਹੀ ਗਈ ਹੈ ਜਿਸ ਦੀ ਵਡਿਆਈ ਲਈ ਰਿਗਵੇਦ ਵਿਚ ਕਿਤਨੇ ਹੀ ਮੰਤਰ ਹਨ। ਵਿਸ਼ਕਰਮਾ ਦੀ ਬੇਟੀ ਸੰਗਿਆ ਵੀ ਸੂਰਜ ਨੂੰ ਵਿਆਹੀ ਹੋਈ ਸੀ, ਸੰਗਿਆ ਸੂਰਜ ਦਾ ਤੇਜ ਨ ਸਹਾਰ ਕੇ ਆਪਣੀ ਦਾਸੀ 'ਛਾਇਆ' ਨੂੰ ਸੂਰਜ ਪਾਸ ਛਡ ਕੇ ਆਪ ਘੋੜੀ ਦਾ ਰੂਪ ਧਾਰਕੇ ਜੰਗਲ ਨੂੰ ਤਪ ਕਰਨ ਚਲੀ ਗਈ, ਸੂਰਜ ਘੋੜੇ ਦਾ ਰੂਪ ਬਣਾ ਕੇ ਉਥੇ ਆਇਆ ਤੇ ਇਸ ਤੋਂ ਅਸ਼ਵਨਾ ਤੇ ਰੇਵੰਤ ਦਾ ਜਨਮ ਹੋਇਆ ਜਿਨ੍ਹਾਂ ਨੂੰ ਅਸ਼ਵਨੀ ਕੁਮਾਰ ਕਿਹਾ ਜਾਂਦਾ ਹੈ। ਉਂਜ ਇਸੇ ਸੰਗਿਆ ਤੋਂ ਮਨੂ ਵੈਵਸਵਤ ਤੇ ਯਮ ਪੈਦਾ ਹੋਏ ਤੇ ਮਨੂ ਵੈਵਸਵਤ ਤੋਂ ਅੱਗੇ ਇਕਸ਼ਵਾਕੂ ਰਾਜਾ ਹੋਇਆ ਜਿਸ ਤੋਂ ਸੂਰਜ-ਬੰਸ ਚਲਿਆ।

ਪੁਰਾਣੇ ਜ਼ਮਾਨੇ ਸੂਰਜ ਨੂੰ ਦੇਵਤਾ ਮੰਨਕੇ ਇਸ ਦੀ ਪੂਜਾ ਕੀਤੀ ਜਾਂਦੀ ਤੇ ਅਜ ਵੀ ਇਸ ਦੀ ਪੂਜਾ ਪ੍ਰਚਲਿਤ ਹੈ। ਕਸ਼ਮੀਰ, ਮੁਲਤਾਨ ਤੇ ਉੜੀਸਾ ਵਿਚ 'ਸੂਰਜ ਮੰਦਰ' ਪ੍ਰਸਿੱਧ ਹਨ। ਵਿਗਿਆਨਕ ਦ੍ਰਿਸ਼ਟੀ ਤੋਂ ਸੂਰਜ ਰੋਸ਼ਨੀ, ਨਿੱਘ ਤੇ

ਸ਼ਕਤੀ ਦਾ ਸੋਮਾ ਹੈ। ਤਮਾਮ ਬਨਸਪਤੀ ਤੇ ਜੀਵਜੰਤੂ ਇਸ ਤੋਂ ਜੀਵਨ ਗ੍ਰਹਿਣ ਕਰਦੇ ਹਨ। ਇਹ ਇਕ ਗੈਸਾਂ ਦਾ ਗੋਲਾ ਹੈ ਜਿਸ ਦਾ ਪ੍ਰਕਾਸ਼-ਮੰਡਲ ਯਾ ਘੇਰਾ ੮੬੪੦੦੦ ਮੀਲ ਵਿਸ਼ਾਲ ਹੈ ਜੋ ਕਿ ਧਰਤੀ ਤੋਂ ੧੦੯ ਗੁਣਾਂ ਵੱਡਾ ਹੈ। ਇਹ ਸਾਥੋਂ ੯ ਕ੍ਰੋੜ ਮੀਲ ਦੂਰ ਹੈ ਤੇ ਇਸ ਦੀ ਰੋਸ਼ਨੀ ਨੂੰ ਸਾਡੇ ਤਕ ਆਉਂਦਿਆਂ ਸਾਢੇ ਅੱਠ ਮਿੰਟ ਲਗਦੇ ਹਨ। ਸਾਇੰਸ ਅਨੁਸਾਰ ਇਸ ਅਨੰਤ ਤਾਰਾ ਮੰਡਲ ਵਿਚ ਸੂਰਜ ਵੀ ਇਕ ਸਤਾਰਾ ਹੈ, ਕਈ ਸਤਾਰੇ ਐਸੇ ਹਨ ਜੋ ਸੂਰਜ ਤੋਂ ਦਸ ਗੁਣਾਂ ਵੱਡੇ ਤੇ ਕਈ ਇਸਦੇ ਦਸਵੇਂ ਹਿਸੇ ਜਿਤਨੇ ਹਨ। Antares ਸਤਾਰੇ ਦਾ ਘੇਰਾ ਸੂਰਜ ਤੋਂ ੪੮੦ ਗੁਣਾਂ ਵਡੇਰਾ ਦੱਸਿਆ ਗਿਆ ਹੈ, ਇਸੇ ਤਰ੍ਹਾਂ ਹੋਰ। ਤੇ ਇਹ ਵੀ ਮੰਨਿਆ ਗਿਆ ਹੈ ਕਿ ਇਹ ਤਾਰਾ ਮੰਡਲ ਬੜੀ ਤੇਜ਼ ਰਫਤਾਰ ਨਾਲ ਚੱਕ੍ਰ ਲਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਠੀਕ ਕਿਹਾ ਹੈ :

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ।੩੫।

(ਜਪੁ, ਪੰਨਾ)

ਭੈ ਵਿਚਿ ਸੂਰਜੁ ਭੈ ਵਿਚ ਚੰਦੁ । ਕੋਹ ਕਰੋੜੀ ਚਲਤ ਨ ਅੰਤੁ ।

(ਵਾਰ ਆਸਾ ੧, ਪੰਨਾ ੪੬੪)

## ਸੂਰਦਾਸ

ਕ੍ਰਿਸ਼ਣ ਭਗਤ ਸੂਰਦਾਸ (੧੪੭੫-੧੫੮੫ ਈ.) ਦਾ ਨਾਮ ਹਿੰਦੀ ਸਾਹਿਤ ਵਿਚ ਸੂਰਜ ਵਾਂਙ ਰੋਸ਼ਨ ਹੈ। ਇਸ ਪ੍ਰੇਮੀ ਕਵੀ ਨੇ ਕ੍ਰਿਸ਼ਣ ਜੀ ਦੀ ਬਾਲ ਲੀਲ੍ਹਾ ਨੂੰ 'ਸੂਰਸਾਗਰ' ਵਿਚ ਬਹੁਤ ਹੀ ਸੁੰਦਰ ਪਦਿਆਂ ਵਿਚ ਗਾਇਆ ਹੈ। ਪਰ ਸਿਖ ਵਿਦਵਾਨਾਂ ਦੀ ਰਾਇ ਹੈ ਕਿ ਆਦਿ ਗ੍ਰੰਥ ਦੇ ਸਾਰੰਗ ਰਾਗ ਵਿਚ ਜਿਸ ਸੂਰਦਾਸ ਦੀ ਤੁਕ ਦਰਜ ਹੈ ਉਹ ਇਸ ਤੋਂ ਭਿੰਨ ਸੀ। ਇਹ ਸੂਰਦਾਸ ਦਾ ਪਹਿਲਾ ਨਾਮ ਮਦਨ ਮੋਹਨ ਸੀ ਅਤੇ ਅਕਬਰ ਦੇ ਜ਼ਮਾਨੇ ਅਵਧ ਦੇ ਇਲਾਕੇ ਵਿਚ ਸੰਦੀਲਾ ਦਾ ਹਾਕਮ ਵੀ ਰਿਹਾ ਸੀ। ਪਿਛੋਂ ਬਿਰਕਤ ਹੋ ਕੇ ਭਗਤੀ ਵਲ ਲਗ ਗਿਆ ਤੇ ਪਰਮ ਪਦਵੀ ਪਾਈ। ਇਸ ਦੀ ਸਮਾਧਿ ਕਾਂਸ਼ੀ ਵਿਚ ਹੈ।

## ਸ਼ੇਸ਼ਨਾਗ

ਸ਼ੇਸ਼ਨਾਗ ਹਜ਼ਾਰਾਂ ਫਣਾਂ ਵਾਲਾ ਇਕ ਮਹਾਨ ਨਾਗ ਹੈ ਜਿਸ ਦੀ ਸੇਜਾ ਤੇ ਵਿਸ਼ਨੂ ਬਿਰਾਜਮਾਨ ਹਨ ਤੇ ਜਿਸ ਨੇ ਸਾਰੀ ਧਰਤੀ ਨੂੰ ਥੰਮਿਆ ਹੋਇਆ ਹੈ। ਇਸ ਦਾ ਪਿਤਾ ਕੱਸ਼ਪ ਤੇ ਮਾਤਾ_ਕਦਰੂ ਕਹੀ ਜਾਂਦੀ ਹੈ। ਇਹ ਵੀ ਖਿਆਲ ਹੈ ਕਿ ਸੱਤ ਪਾਤਾਲ ਸ਼ੇਸ਼ਨਾਗ ਦੇ ਸਹਾਰੇ ਟਿਕੇ ਹੋਏ ਹਨ। ਜਿਸ ਸਮੇਂ ਇਹ ਉਬਾਸੀ ਲੈਂਦਾ ਹੈ ਉਦੋਂ ਪ੍ਰਿਥਵੀ ਉਪਰ ਭੁਚਾਲ ਆ ਜਾਂਦਾ ਹੈ। ਹਰ ਕਲਪ ਦੇ ਖ਼ਤਮ ਹੋਣ ਉਪਰੰਤ ਸ਼ੇਸ਼ਨਾਗ ਆਪਣੇ ਮੂੰਹ ਵਿਚੋਂ ਜ਼ਹਰੀਲੀ ਅੱਗ ਉਗਲਦਾ ਜਿਸ ਕਾਰਨ ਸਾਰਾ

ਸੰਸਾਰ ਨਸ਼ਟ ਹੋ ਜਾਂਦਾ ਹੈ। ਖੀਰ ਸਮੁੰਦਰ ਦੇ ਮੰਥਨ ਸਮੇਂ ਬਾਸਕ ਨੂੰ ਮੰਦਰ ਪਰਬਤ ਦੁਆਲੇ ਲਪੇਟ ਕੇ ਨੇਤ੍ਰ ਦਾ ਕੰਮ ਲਇਆ ਗਇਆ ਸੀ। ਇਸ ਦੀ ਸ਼ਕਲ ਸੂਰਤ ਇਸ ਪ੍ਰਕਾਰ ਹੈ :

ਰੰਗ ਬੈਂਗਣੀ, ਗਲ ਵਿਚ ਚਿੱਟੀ ਮਾਲਾ ਅਤੇ ਨੱਕ ਵਿਚ ਚਿੱਟੀ ਨੱਥ, ਇਕ ਹਥ ਵਿਚ ਹਲ ਅਤੇ ਦੂਜੇ ਵਿਚ ਮੂਸਲ ਹੈ। ਬਲਰਾਮ ਨੂੰ ਸ਼ੇਸ਼ ਦਾ ਅਵਤਾਰ ਮੰਨਿਆ ਗਿਆ ਹੈ।

ਗਾਵੈ ਗੁਣ ਸੇਸੁ ਸਹਸ ਜਿਹਬਾ ਰਸ
ਆਦਿ ਅੰਤਿ ਲਿਵ ਲਾਗਿ ਧੁਨਾ।

(ਸਵਈਏ .ਮ. ੧ ਕੇ, ਪੰਨਾ ੧੩੯੦)

ਸੇਖ ਨਾਗੁ ਤੇਰੋ ਮਰਮੁ ਨ ਜਾਨਾ।

(ਧਨਾਸਰੀ ਕਬੀਰ, ਪੰਨਾ ੬੯੧)

## ਸੇਵਾ

ਬਿਨਾ ਕਿਸੇ ਉਜਰਤ ਇਵਜ਼ਾਨੇ ਦੇ ਦੂਜੇ ਦੀ ਭਲਾਈ ਲਈ ਕੀਤਾ ਕੰਮ ਸੇਵਾ ਹੈ। ਆਮ ਤੌਰ ਤੇ ਪੁਰਾਤਨ ਬਿਰਕਤਪੰਥੀ, ਸੰਨਿਆਸੀ, ਜੋਗੀ ਵੈਰਾਗੀ ਸਾਧੂ, ਕਰਮਯੋਗ ਵਿਚ ਵਿਸ਼ਵਾਸ ਨਹੀਂ ਸੀ ਰਖਦੇ ਸਗੋਂ ਆਪਣਾ ਰੋਟੀ ਪਾਣੀ ਵੀ ਦੂਜਿਆਂ ਤੇ ਨਿਰਭਰ ਕਰਦੇ ਸਨ ਲੇਕਿਨ ਭਗਤੀ ਲਹਿਰ ਦੇ ਸੰਤਾਂ ਅਤੇ ਗੁਰੂਆਂ ਸੇਵਾ ਕਰਨ ਉਤੇ ਜ਼ੋਰ ਦਿਤਾ ਤਾਂ ਕਿ ਮਨੁਖ ਕਰਮ ਯੋਗੀ ਹੋ ਕੇ ਸਮਾਜ ਕਲਿਆਣ ਦਾ ਮੰਤਵ ਪੂਰਾ ਕਰ ਸਕੇ ਤੇ ਉਹ ਆਪ ਕਿਸੇ ਲਈ ਭਾਰੂ ਨ ਹੋਵੇ ਸਗੋਂ ਸਹਾਇਕ ਬਣੇ।

'ਗੁਰੂ ਸੇਵਾ' ਤੇ 'ਸੰਤ ਸੇਵਾ' ਬਾਰੇ ਪਹਿਲਾਂ ਵੀ ਤਾਕੀਦ ਕੀਤੀ ਜਾਂਦੀ ਰਹੀ ਹੈ ਜੈਸਾ ਕਿ ਕਬੀਰ ਜੀ ਨੇ ਲਿਖਿਆ ਹੈ :—

ਕਬੀਰ ਸੇਵਾ ਕਉ ਦੁਇ ਭਲੇ, ਏਕੁ ਸੰਤੁ ਇਕੁ ਰਾਮੁ
ਰਾਮੁ ਜੁ ਦਾਤਾ ਮੁਕਤਿ ਕਾ, ਸੰਤੁ ਜਪਾਵੈ ਨਾਮੁ। ੧੬੪।

(ਸਲੋਕ ਕਬੀਰ)

ਪਰੰਤੂ ਗੁਰੂ ਨਾਨਕ ਸਾਹਿਬ ਨੇ ਲੋਕ-ਸੇਵਾ ਉਤੇ ਵਧੇਰੇ ਜ਼ੋਰ ਦਿਤਾ ਤੇ ਆਖਿਆ ਜੇਕਰ ਕਿਸੇ ਨੇ ਆਪਣਾ ਪਰਲੋਕ ਵੀ ਸਵਾਰਨਾ ਹੈ ਤਾਂ ਉਸਦਾ ਵਧੀਆ ਢੰਗ ਇਸ ਲੋਕ ਵਿਚ ਰਹਿੰਦਿਆਂ ਸਭ ਦੀ ਸੇਵਾ ਕਰਨਾ ਹੈ।

ਵਿਚਿ ਦੁਨੀਆ ਸੇਵ ਕਮਾਈਐ
ਤ ਦਰਗਹ ਬੈਸਣੁ ਪਾਈਐ।

(ਸਿਰੀ ੧, ਪੰਨਾ ੨੬)

## ਸੈਣ

ਸੈਣ ਭਗਤ ਸਬੰਧੀ ਦੋ ਰਵਾਇਤਾਂ ਹਨ। ਪਹਿਲੀ ਇਹ ਕਿ ਇਹ ਬਿਦਰ ਦੇ ਰਾਜਾ ਦੇ ਨੌਕਰ ਸਨ ਤੇ ਸੰਤ ਗਿਆਨੇਸ਼ਵਰ ਦੇ ਸਰਧਾਲੂ ਸੇਵਕ ਸਨ। ਦੂਸਰੀ ਰਵਾਇਤ ਵਧੇਰੇ ਪ੍ਰਚਲਤ ਇਹ ਹੈ ਕਿ ਸੈਣ ਭਗਤ ਬਾਂਧਵਗੜ ਦੇ ਰਾਜਾ ਰਾਜਾਰਾਮ ਦੀ ਸੇਵਾ ਵਿਚ ਰਿਹਾ ਕਰਦੇ ਸਨ ਤੇ ਸੁਆਮੀ ਰਾਮਾਨੰਦ ਦੇ ਚੇਲੇ ਸਨ। ਭਾਈ ਗੁਰਦਾਸ ਨੇ ਵੀ ਇਹ ਸੰਕੇਤ ਕੀਤਾ ਹੈ ਕਿ—

'ਸੁਣ ਪ੍ਰਤਾਪ ਕਬੀਰ ਦਾ, ਦੂਜਾ ਸਿਖ ਹੋਆ ਸੈਣ ਨਾਈ।'

ਇਹ ਗੱਲ ਵੀ ਨਿਸਚਤ ਹੈ ਕਿ ਇਹ, ਭਗਤ ਰਵਿਦਾਸ ਤੋਂ ਕਾਫੀ ਅਰਸਾ ਪਹਿਲਾਂ ਹੋਏ ਕਿਉਂਕਿ ਰਵਿਦਾਸ ਜੀ ਇਨ੍ਹਾਂ ਨੂੰ ਪ੍ਰਸਿਧ ਭਗਤਾਂ ਵਿਚ ਗਿਣਦੇ ਹਨ :—

ਨਾਮਦੇਵ ਕਬੀਰ ਤਿਲੋਚਨ, ਸਧਨਾ ਸੈਨ ਤਰੇ।

(ਮਾਰੂ)

ਸੈਣ ਭਗਤ ਦੀਆਂ ਕੁਝ ਫੁਟਕਲ ਰਚਨਾਵਾਂ ਮਹਾਂਰਾਸ਼ਟਰ ਵਿਚ ਵੀ ਪੜ੍ਹੀਆਂ ਸੁਣੀਆਂ ਜਾਂਦੀਆਂ ਹਨ, ਹੋ ਸਕਦਾ ਹੈ ਇਨ੍ਹਾਂ ਉਧਰ ਵੀ ਫੇਰੀ ਪਾਈ ਹੋਵੇ।

ਆਦਿ ਗ੍ਰੰਥ ਵਿਚ ਆਪਦਾ ਇਕੋ ਇਕ ਸ਼ਬਦ ਧਨਾਸਰੀ ਰਾਗ ਵਿਚ ਹੈ।

ਧੂਪ ਦੀਪ ਘ੍ਰਿਤ ਸਾਜਿ ਆਰਤੀ
ਵਾਰਨੇ ਜਾਉ ਕਮਲਾਪਤੀ।

(ਧਨਾਸਰੀ ਪੰਨਾ, ੬੯੫)

## ਸ਼ੈਤਾਨ

ਸਾਮੀ ਮਨੌਤ ਅਨੁਸਾਰ ਬਦੀ ਦਾ ਫਰਿਸ਼ਤਾ ਸ਼ੈਤਾਨ ਹੈ। ਰੱਬ ਨੇ ਆਦਮ ਨੂੰ ਪੈਦਾ ਕਰਕੇ ਸਾਰਿਆਂ ਫਰਿਸ਼ਤਿਆਂ ਨੂੰ ਕਿਹਾ ਸੀ ਕਿ ਇਸ ਨੂੰ ਨਮਸਕਾਰ ਕਰੋ ਹੋਰਾਂ ਇਹ ਗੱਲ ਮਨ ਲਈ ਪਰ ਸ਼ੈਤਾਨ ਨੇ ਇਨਕਾਰ ਕਰ ਦਿਤਾ ਜਿਸ ਤੇ ਇਸ ਨੂੰ ਬਹਿਸ਼ਤੋਂ ਕੱਢ ਦਿਤਾ ਗਿਆ। ਇਸ ਨੇ ਗੁੱਸੇ ਵਿਚ ਆ ਕੇ ਆਦਮ ਨੂੰ ਵਰਗਲਾਉਣਾ ਸ਼ੁਰੂ ਕਰ ਦਿਤਾ ਤੇ ਵਰਜਿਤ ਫਲ ਖਲਾ ਕੇ ਪੁੱਠੇ ਰਸਤੇ ਪਾ ਦਿਤਾ। ਸੱਪ ਦਾ ਰੂਪ ਧਾਰਕੇ ਮਾਈ ਹੱਵਾ ਨੂੰ ਵੀ ਕੁਰਾਹੇ ਪਾਇਆ। ਰੱਬ ਨੇ ਆਦਮ ਤੇ ਹੱਵਾ ਨੂੰ ਬਹਿਸ਼ਤ ਦੇ ਬਾਗੇ-ਅਦਨ ਵਿਚੋਂ ਕੱਢ ਦਿਤਾ। ਸਾਮੀ ਖਿਆਲ ਹੈ ਕਿ ਹੁਣ ਵੀ ਸ਼ੈਤਾਨ, ਮਨੁੱਖ ਨੂੰ ਰੱਬ ਵਾਲੇ ਪਾਸੇ ਯਾ ਨੇਕੀ ਵਲ ਲਗਣ ਤੋਂ ਵਰਜਦਾ ਰਹਿੰਦਾ ਹੈ :—

ਫਰੀਦਾ ਕੂਕੇਦਿਆਂ ਚਾਂਗੇਦਿਆ ਮਤੀ ਦੇਦਿਆਂ ਨਿਤ।
ਜੋ ਸ਼ੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।

(ਸਲੋਕ ਫਰੀਦ, ਪੰਨਾ ੧੩੭੦)

## ਸੋਰਠਿ

ਖਮਾਚ ਠਾਟ ਦਾ ਔੜਵ ਸੰਪੂਰਣ ਰਾਗ ਹੈ ਕਿਉਂਕਿ ਇਸਦੀ ਆਰੋਹੀ ਵਿਚ ਪੰਜ ਸੁਰ ਤੇ ਅਵਰੋਹੀ ਵਿਚ ਸੱਤ ਲਗਦੇ ਹਨ; ਇਸਦਾ ਵਾਦੀ **ਰੇ** ਤੇ **ਧਾ** ਸੰਵਾਦੀ ਹੈ। ਆਰੋਹੀ ਵਿਚ ਗਾ ਤੇ ਧਾ ਮਨ੍ਹਾ ਹਨ। ਨੀ ਸ਼ੁੱਧ ਤੇ ਕੋਮਲ ਦੋਵੇਂ ਲਗਦੇ ਹਨ। ਅਰੋਹੀ ਵਿਚ ਨੀ ਸ਼ੁੱਧ ਤੇ ਅਵਰੋਹੀ ਵਿਚ ਕੋਮਲ ਲਗਦਾ ਹੈ।

ਗਾਉਣ ਦਾ ਸਮਾ ਰਾਤ ਦਾ ਦੂਜਾ ਪਹਿਰ ਹੈ, ਪ੍ਰਾਚੀਨ ਮਤ ਅਨੁਸਾਰ ਇਹ ਮੇਘ ਰਾਗ ਦੀ ਰਾਗਨੀ ਸੀ। ਪਿਛੋਂ ਇਸਨੂੰ ਰਾਗ ਕਰਕੇ ਹੀ ਲਿਖਿਆ ਗਿਆ। ਆਦਿ ਗ੍ਰੰਥ ਵਿਚ ਇਹ ਨੌਂਵੀਂ ਥਾਂ ਤੇ ਦਰਜ ਹੈ।

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ।

(ਵਾਰ ਸੋਰਠਿ ੧, ਪੰਨਾ ੬੪੨)

## ਸੋਲਹ-ਸ਼ਿੰਗਾਰ

ਇਸਤਰੀਆਂ ਆਪਣੇ ਆਪ ਨੂੰ ਵਧੇਰੇ ਸੁੰਦਰ ਬਣਾਉਣ ਲਈ ਜੋ ਸ਼ਿੰਗਾਰ-ਸਾਧਨ ਕਰਦੀਆਂ ਹਨ, ਉਨ੍ਹਾਂ ਦੀ ਗਿਣਤੀ ਸੋਲ੍ਹਾਂ ਮੰਨੀ ਗਈ ਹੈ—

ਵਟਣਾ ਮਲਣਾ, ਇਸ਼ਨਾਨ ਕਰਨਾ, ਸੁੰਦਰ ਲਿਬਾਸ ਪਹਿਨਣਾ, ਮਾਂਗ ਪੂਰਨਾ, ਸੁਰਖੀ ਲਾਉਣਾ, ਕੇਸ ਸੰਵਾਰਨਾ, ਤਿਲਕ ਲਾਉਣਾ, ਠੋਡੀ ਤੇ ਤਿਲ ਬਣਾਉਣਾ, ਗਹਿਣੇ ਪਹਿਨਣਾ, ਮਹਿੰਦੀ ਲਾਉਣਾ, ਦੰਦਾਂ ਤੇ ਮਿੱਸੀ ਮਲਣਾ, ਸੁਰਮਾ ਪਾਉਣਾ, ਸੁਗੰਧੀ ਲਾਉਣਾ; ਪਾਨ ਖਾਣਾ, ਹਾਰ ਪਹਿਨਣਾ, ਫੁੱਲ ਟੂੰਗਣਾ।

ਜੀਵ ਰੂਪੀ ਇਸਤਰੀ, ਪ੍ਰਭੂ ਪਤੀ ਨੂੰ ਪ੍ਰਸੰਨ ਕਰਨ ਲਈ ਕਈ ਕਿਸਮ ਦੇ ਕਰਮ ਧਰਮ ਦਾ ਸ਼ਿੰਗਾਰ ਕਰਦੀ ਹੈ, ਇਸੇ ਵਲ ਸੰਕੇਤ ਕਰਦਿਆਂ ਕਿਹਾ ਗਿਆ ਹੈ :—

ਸੋਲਹ ਕੀਏ ਸੀਂਗਾਰ ਕਿ ਅੰਜਨੁ ਪਾਜਿਆ।

(ਫੁਨਹੇ ੫, ਪੰਨਾ ੧੩੬੧)

## ਸੋਲਹ ਕਲਾ

ਕਲਾ ਦਾ ਅਰਥ ਅੰਸ਼ ਯਾ ਭਾਗ ਹੈ। ਚੰਦ੍ਰਮਾ ੧੫ ਦਿਨਾਂ ਵਿਚ ਆਪਣੀ ਇਕ ਇਕ ਕਲਾ ਵਧਾਉਂਦਾ ਤੇ ਜਦ ਪੂਰਨਮਾਸ਼ੀ ਨੂੰ ਸੰਪੂਰਣ ਰੂਪ ਵਿਚ ਦਿਸਦਾ ਹੈ ਤਾਂ ਉਸਨੂੰ 'ਸੋਲਾਂ ਕਲਾ ਸੰਪੂਰਣ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪਰਮੇਸ਼ਰ ਦੀ ਸੰਪੂਰਨਤਾ ਬਿਆਨ ਕਰਨ ਲਈ ਉਸਨੂੰ ਸੋਲਾਂ ਕਲਾ ਵਿਚ ਪ੍ਰਮਾਣ ਦਸ ਕੇ ਅਨੰਤ ਕਲਾ ਦਾ ਮਾਲਕ ਕਿਹਾ ਗਿਆ ਹੈ। ਵੈਸੇ 'ਬ੍ਰਹਮ ਵੈਵਰਤ ਪੁਰਾਣ' ਵਿਚ ਕੁਝ ਦੈਵੀ ਗੁਣਾਂ ਨੂੰ ਸੋਲਾਂ ਕਲਾ ਦੇ ਨਾਮ ਹੇਠ ਇਉਂ ਗਿਣਿਆ ਗਿਆ ਹੈ :

ਗਿਆਨ, ਧਿਆਨ, ਸ਼ੁਭਕਰਮ, ਦ੍ਰਿੜ੍ਹਤਾ, ਸੰਜਮ, ਧਰਮ,
ਦਾਨ, ਵਿਦਿਆ, ਭਜਨ, ਪ੍ਰੇਮ, ਜਤ, ਅਧਿਆਤਮਕ ਵਿਸ਼ਵਾਸ,

ਸਚਾਈ, ਦਯਾ, ਨੇਮ, ਨਿਪੁਣਤਾ । (ਮ.ਕ.)

ਇਹ ਵੀ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਜਿਤਨੇ ਗੁਣ ਕਿਸੇ ਮਹਾਂ ਪੁਰਸ਼ ਵਿਚ ਹੋਣ, ਉਹ ਉਤਨੀਆਂ ਕਲਾ ਵਾਲਾ ਅਵਤਾਰ ਕਹਾਉਂਦਾ ਹੈ। ਪਰ ਉਸ ਪਰਮ ਸੱਤਾ ਨੂੰ ਬੇਅੰਤ ਕਲਾ ਦਾ ਮਾਲਕ ਮੰਨਕੇ ਇਉਂ ਗਾਇਆ ਗਿਆ ਹੈ :

ਸੋਲਹ ਕਲਾ ਸੰਪੂਰਨ ਫਲਿਆ
ਅਨਤ ਕਲਾ ਹੋਇ ਠਾਕੁਰੁ ਚੜਿਆ ।
(ਮਾਰੂ ਸੋਲਹੇ ੫, ਪੰਨਾ ੧੦੮੧)

## ਸੋਲਹੇ

'ਸੋਲਹੇ' ਕਾਵਿਰੂਪ ਨਹੀਂ, ਇਕ ਛੰਦ-ਪ੍ਰਬੰਧ ਹੈ। ਜਿਵੇਂ ਅਸ਼ਟਪਦੀ ਵਿਚ ਅੱਠ ਪਦੇ ਹੁੰਦੇ ਹਨ, ਤਿਵੇਂ ਸੋਲਹੇ ਵਿਚ ਸੋਲਾਂ ਪਦੇ ਯਾ ਬੰਦ ਪਾਏ ਜਾਂਦੇ ਹਨ। ਕਿਤੇ ਇਕ-ਅੱਧ ਵਧ ਘੱਟ ਵੀ ਹੋ ਸਕਦਾ ਹੈ ਤੇ ਐਸਾ ਹੈ ਵੀ।

ਇਕ ਗੱਲ ਧਿਆਨ ਯੋਗ ਹੈ ਕਿ ਸੋਲਹੇ ਕੇਵਲ ਮਾਰੂ ਰਾਗ ਵਿਚ ਹੀ ਲਿਖੇ ਗਏ ਹਨ ਹੋਰ ਕਿਧਰੇ ਨਹੀਂ ਤੇ ਇਨ੍ਹਾਂ ਦੇ ਲਿਖਣ ਵਾਲੇ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਹਨ।

ਵੰਨਗੀ ਇਉਂ ਹੈ :—

ਸਾਚਾ ਸਚੁ ਸੋਈ ਅਵਰੁ ਨ ਕੋਈ । ਜਿਨਿ ਸਿਰਜੀ ਤਿਨ ਹੀ ਫੁਨਿ ਗੋਈ
ਜਿਉ ਭਾਵੈ ਤਿਉ ਰਾਖਹੁ ਰਹਣਾ, ਤੁਮ ਸਿਉ ਕਿਉ ਮੁਕਰਾਈ ਹੈ ।
(ਮਾਰੂ ਸੋਲਹੇ ੧, ੧੦੨੦)

**ਸ਼ੰਕਰ**—ਦੇਖੋ ਸ਼ਿਵ

**ਸੰਗਮ**—ਦੇਖੋ ਬੇਣੀ ਸੰਗਮ

## ਸਡਾਮਰਕਾ

ਦੈਂਤਾਂ ਦੇ ਪਰੋਹਤ ਸ਼ੁਕਰ ਦੇ ਦੋ ਪੁੱਤਰ-ਸ਼ੰਡ ਤੇ ਅਮਰਕ ਸਨ ਜੋ ਹਰਨਾਕਸ਼ ਦੇ ਪੁੱਤਰ ਪ੍ਰਹਿਲਾਦ ਦੇ ਅਧਿਆਪਕ ਸਨ। ਇਨ੍ਹਾਂ ਹਰਨਾਕਸ਼ ਦੇ ਕਹਿਣ ਤੇ ਪ੍ਰਹਿਲਾਦ ਨੂੰ ਪ੍ਰਭੂ ਭਗਤੀ ਤੋਂ ਵਰਜਿਆ ਤੇ ਪ੍ਰੇਰਿਆ ਕਿ ਤੂੰ 'ਜਲੇ ਹਰਨਾਕਸ਼, ਥਲੇ ਹਰਨਾਕਸ਼' ਦਾ ਪਾਠ ਪੜ੍ਹ, ਪਰ ਪ੍ਰਹਿਲਾਦ ਨੇ ਇਨ੍ਹਾਂ ਉਸਤਾਦਾਂ ਦੀ ਇਕ ਨਾ ਮੰਨੀ,ਅਖ਼ੀਰ ਇਨ੍ਹਾਂ ਰਾਜੇ ਹਰਨਾਕਸ਼ ਪਾਸ ਸ਼ਿਕਾਇਤ ਵੀ ਕੀਤੀ ਕਿ ਤੁਹਾਡਾ ਵਿਗੜਿਆ ਮੁੰਡਾ ਹੋਰ ਸਾਥੀ ਵਿਦਿਆਰਥੀਆਂ ਨੂੰ ਵੀ ਵਿਗਾੜ ਰਿਹਾ ਹੈ। ਹਰਨਾਕਸ਼ ਨੇ ਪੁੱਤਰ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਪਰ ਪ੍ਰਹਿਲਾਦ ਆਪਣੇ ਨਿਸਚੇ ਤੋਂ ਨਾ ਡੋਲਿਆ। ਇਸ ਗੱਲ ਦੀ ਮਿਸਾਲ ਗੁਰਬਾਣੀ ਵਿਚ ਕਈ ਥਾਂ ਦਿੱਤੀ ਗਈ ਹੈ :

ਸੰਡਾਮਰਕਾ ਸਭਿ ਜਾਇ ਪੁਕਾਰੇ ।
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ।
(ਭੈਰਉ ੩, ਪੰਨਾ ੧੧੩੩)

## ਸੰਧਿਆ

ਸੂਰਜ ਦੇ ਉਦੇ ਯਾ ਅਸਤ ਹੋਣ ਵੇਲੇ ਹਿੰਦੂ ਧਰਮ ਸ਼ਾਸਤ੍ਰ ਅਨੁਸਾਰ ਕੀਤਾ ਕਰਮ ਧਰਮ 'ਸੰਧਿਆ' ਹੈ। ਇਸ ਸਮੇਂ ਇਸ਼ਟ ਦੀ ਪੂਜਾ ਉਪਾਸ਼ਨਾ ਤੇ ਗਾਇਤ੍ਰੀ ਆਦਿ ਦਾ ਜਾਪ ਕੀਤਾ ਜਾਂਦਾ ਹੈ ਅਤੇ ਸੂਰਜ ਨੂੰ ਵੀ ਜਲ ਦਿੱਤਾ ਜਾਂਦਾ ਹੈ। ਵੈਦਿਕ ਰੀਤਿ ਅਨੁਸਾਰ ਤਿੰਨ ਸੰਧਿਆ ਮੰਨੀਆਂ ਜਾਂਦੀਆਂ ਸਨ, ਸਵੇਰ, ਦੁਪਹਿਰ ਤੇ ਸ਼ਾਮ ਵੇਲੇ। ਗੁਰੂ ਸਾਹਿਬ ਨੇ ਸੰਧਿਆ ਦੇ ਇਸ ਕਰਮਕਾਂਡ ਨੂੰ ਸਲਾਹਿਆ ਨਹੀਂ ਸਗੋਂ ਇਸਦੀ ਨਿਖੇਧੀ ਕੀਤੀ ਹੈ।

ਪੜਿ ਪੁਸਤਕ ਸੰਧਿਆ ਬਾਦੰ
ਸਿਲ ਪੂਜਸਿ ਬਗਲ ਸਮਾਧੰ।

(ਸਲੋਕ ਸਹਸਕ੍ਰਿਤੀ ੧)

ਗੁਰਮਤਿ ਵਿਚ ਜਿਸ ਤਰੀਕੇ ਯਾ ਵਿਧੀ ਨਾਲ ਪ੍ਰਭੂ ਯਾਦ ਆਵੇ, ਉਸੇ ਨੂੰ ਪਰਵਾਣੀਕ ਸੰਧਿਆ ਮੰਨਿਆ ਹੈ। ਸਤਿਗੁਰਾਂ ਦਾ ਬਚਨ ਹੈ :—

ਏਹਾ ਸੰਧਿਆ ਪਰਵਾਣੁ ਹੈ
ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ।

(ਵਾਰ ਬਿਹਾਗੜਾ ੩, ਪੰਨਾ ੫੫੩)

## ਸੰਨਿਆਸੀ

ਹਿੰਦੂ ਮਤ ਦੇ ਚਾਰ ਆਸ਼੍ਰਮਾਂ ਵਿਚ ਚੌਥਾ ਆਸ਼੍ਰਮ-ਸੰਨਿਆਸ ਧਾਰਨ ਕਰਨ ਵਾਲਾ ਸੰਨਿਆਸੀ ਹੈ, 'ਸੰਨਿਆਸ' ਦਾ ਲਫ਼ਜ਼ੀ ਮਾਅਨਾ ਤਿਆਗ ਹੈ। ਜਦੋਂ ਕੋਈ ਬਾਨਪ੍ਰਸਥ ਤੋਂ ਬਾਦ ਸਭ ਕੁਝ ਛੱਡ ਛਡਾ ਕੇ ਪੂਰਣ ਤਿਆਗ ਧਾਰਨ ਕਰ ਲੈਂਦਾ ਤੇ ਬਨਵਾਸੀ ਜੀਵਨ ਬਿਤੀਤ ਕਰਦਾ ਹੈ ਤਾਂ ਉਸਨੂੰ ਸੰਨਿਆਸੀ ਆਖਿਆ ਜਾਂਦਾ ਹੈ। ਮਹਾਂਭਾਰਤ ਦੇ ਅਨੁਸ਼ਾਸਨ ਪਰਬ ਵਿਚ ਕੁਟੀਚਕ, ਵਹੂਦਕ, ਹੰਸ ਤੇ ਪਰਮ ਹੰਸ—ਚਾਰ ਕਿਸਮ ਦੇ ਸੰਨਿਆਸੀ ਗਿਣੇ ਹਨ। ਉਂਜ ਰਹਿਣੀ ਬਹਿਣੀ ਦੇ ਅੰਤਰ ਕਰਕੇ ਪਿਛੋਂ ਜਾ ਕੇ ਸੰਨਿਆਸੀਆਂ ਦੇ ਦਸ ਫਿਰਕੇ ਹੋ ਗਏ, ਜੋ ਇਸ ਪ੍ਰਕਾਰ ਹਨ :—

ਤੀਰਥ, ਆਸ਼੍ਰਮ, ਵਨ, ਆਰਣਯ, ਗਿਰਿ, ਪਰਵਤ, ਸਾਗਰ, ਸਰਸ੍ਵਤੀ, ਭਾਰਤੀ ਅਤੇ ਪੁਰੀ।

ਗੁਰੂ ਸਾਹਿਬ ਨੇ ਇਸ ਰਵਾਇਤੀ ਸੰਨਿਆਸ ਦੀ ਸ਼ਲਾਘਾ ਨਹੀਂ ਕੀਤੀ। ਉਹ ਲਿਖਦੇ ਹਨ 'ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨੁ ਬਹੁਤ ਕਰਈਆ। ਆਸਾ ਆਸ ਕਰੈ ਨਹੀ ਬੂਝੈ,ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ।'

(ਬਿਲਾਵਲ ੪, ਪੰਨਾ ੮੩੫)

ਨਾਲ ਹੀ ਸਤਿਗੁਰਾਂ ਸੱਚੇ ਸੰਨਿਆਸੀ ਦੇ ਲੱਛਣ ਕਰਦਿਆਂ ਇਹ ਕਿਹਾ ਹੈ, ਜੋ ਸਚੀਂਮੁਚੀਂ ਪੂਰਨ ਤਿਆਗ ਧਾਰਨ ਕਰਦਾ ਤੇ ਖਿਮਾ ਦੀ ਦੌਲਤ ਸੰਚਿਤ ਕਰਦਾ ਹੈ, ਉਹ ਧੰਨਤਾ ਯੋਗ ਹੈ :—

ਸੋ ਸਨਿਆਸੀ ਜੋ ਸਤਿਗੁਰ ਸੇਵੈ, ਵਿਚਹੁ ਆਪੁ ਗਵਾਏ
ਛਾਦਨ ਭੋਜਨ ਕੀ ਆਸ ਨ ਕਰਈ, ਅਚਿੰਤ ਮਿਲੈ ਸੋ ਪਾਏ
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ, ਤਾਮਸੁ ਨਾਮਿ ਜਲਾਏ
ਧਨੁ ਗਿਰਹੀ ਸੰਨਿਆਸੀ ਜੋਗੀ, ਜਿ ਹਰਿ ਚਰਣੀ ਚਿਤੁ ਲਾਏ ।੭।
(ਮਾਰੂ ੧, ਪੰਨਾ ੧੦੧੩)

## ਸੰਮਨ

ਸਹਿਬਾਜ਼ਪੁਰੇ ਦਾ ਵਸਨੀਕ ਭਾਈ ਸੰਮਨ ਗੁਰੂ ਅਰਜਨ ਸਾਹਿਬ ਦਾ ਸ਼ਰਧਾਲੂ ਸਿੱਖ ਸੀ ਤੇ ਇਸਦਾ ਪੁੱਤਰ ਮੂਸਨ ਵੀ । ਦੋਵੇਂ ਪਿਉ ਪੁੱਤਰ ਗੁਰੂ ਘਰ ਦੇ ਪ੍ਰੇਮੀ ਸਨ ਅਤੇ ਲਾਹੌਰ ਰਹਿ ਕੇ ਕਿਰਤ ਕਮਾਈ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ । ਗੁਰੂ ਅਰਜਨ ਸਾਹਿਬ ਨੇ 'ਚਉਬੋਲੇ' ਬਾਣੀ ਵਿਚ ਇਨ੍ਹਾਂ ਦਾ ਜ਼ਿਕਰ ਕੀਤਾ ਹੈ :—

ਸੰਮਨ ਜਉ ਇਸ ਪ੍ਰੇਮ ਕੀ, ਦਮ ਕਿਹੁ ਹੋਤੀ ਸਾਟ
ਰਾਵਨ ਹੁਤੇ ਸੁ ਰੰਕ ਨਹਿ, ਜਿਨਿ ਸਿਰ ਦੀਨੇ ਕਾਟਿ ।੧।
ਜਪ ਤਪ ਸੰਜਮ ਹਰਖ ਸੁਖ, ਮਾਨ ਮਹਤ ਅਰੁ ਗਰਬ
ਮੂਸਨ ਨਿਮਖਕ ਪ੍ਰੇਮ ਪਰਿ, ਵਾਰਿ ਵਾਰਿ ਦੇਉ ਸਰਬ ।੫।
(ਚਉਬੋਲੇ ੫, ਪੰਨਾ ੧੩੬੪)

## ਹਕੀਕਤ

ਸੂਫ਼ੀਮਤ ਵਿਚ ਅਧਿਆਤਮਕ ਜੀਵਨ ਦੀਆਂ ਚਾਰ ਅਵਸਥਾਵਾਂ ਬਿਆਨ ਕੀਤੀਆਂ ਗਈਆਂ ਹਨ ।

੧. ਸ਼ਰੀਅਤ—ਧਰਮ ਕਰਮ (ਬਾਹਰਲੀ ਰਹਿਤ)
੨. ਤਰੀਕਤ—ਤੌਰ ਤਰੀਕਾ ਜੀਵਨ-ਜਾਚ (ਅੰਦਰੂਨੀ ਰਹਿਤ)
੩. ਮਾਰਫ਼ਤ—ਗਿਆਨ-ਪ੍ਰਾਪਤੀ
੪. ਹਕੀਕਤ—ਸੱਚ ਦਾ ਪ੍ਰਕਾਸ਼

ਇਨ੍ਹਾਂ ਵਿਚ 'ਹਕੀਕਤ' ਆਖ਼ਰੀ ਮੰਜ਼ਲ, ਜਿਥੇ ਸਤਸ ਦਾ ਅਨੁਭਵ ਹੁੰਦਾ ਤੇ ਸਾਧਕ ਉਸ ਨਾਲ ਅਭੇਦ ਹੋ ਜਾਂਦਾ ਹੈ ।

ਸਰਾ ਸਰੀਅਤਿ ਲੇ ਕੰਮਾਵਹੁ । ਤਰੀਕਤਿ ਤਰਕ ਖੋਜਿ ਟੋਲਾਵਹੁ
ਮਾਰਫਤਿ ਮਨ ਮਾਰਹੁ ਅਬਦਾਲਾ, ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ।
(ਮਾਰੂ ੫, ਪੰਨਾ ੧੦੮੩)

## ਹੱਜ

ਮੁਸਲਮਾਨੀ ਨਿਸਚੇ ਅਨੁਸਾਰ ਨਮਾਜ਼, ਰੋਜ਼ਾ, ਸੁੰਨਤ, ਹੱਜ ਤੇ ਜ਼ਕਾਤ ਪੰਜ ਜ਼ਰੂਰੀ ਧਰਮ ਕਰਮ ਹਨ । ਹੱਜ, ਕਾਬੇ ਦੀ ਯਾਤ੍ਰਾ ਹੈ ਜੋ ਕਿ ਹਰ ਮੁਸਲਮਾਨ ਲਈ

ਜੀਵਨ ਵਿਚ ਇਕ ਵਾਰ ਜ਼ਰੂਰੀ ਕਰਾਰ ਦਿੱਤੀ ਗਈ ਹੈ ਭਾਵੇਂ ਕਈ ਇਕ ਤੋਂ ਵੀ ਵਧ ਵਾਰ ਹੱਜ ਕਰ ਆਉਂਦੇ ਹਨ। ਇਹ ਯਾਤਰਾ ਅਰਬੀ ਮਹੀਨੇ ਜ਼ੁਲਹਿਜਹ(ਬਾਰ੍ਹਵਾਂ ਮਹੀਨਾ) ਵਿਚ ਕੀਤੀ ਜਾਂਦੀ ਹੈ। ਹਾਜੀ ਮੱਕੇ ਦੇ ਨੇੜੇ ਪਹੁੰਚ ਕੇ ਸਾਰਾ ਸਾਮਾਨ ਛਡ ਕੇ, ਕੇਵਲ ਦੋ ਚਾਦਰਾਂ ਰਖਦਾ ਹੈ। ਇਸਨਾਨ ਕਰਨ ਉਪਰੰਤ ਕਾਅਬੇ ਦੀਆਂ ਸੱਤ ਪ੍ਰਕ੍ਰਮਾ ਕਰਦਾ ਤੇ ਸੰਗਿ ਅਸ਼ਵਦ ਨੂੰ ਚੁੰਮ ਕੇ ਹੋਰ ਧਰਮ-ਕਰਮ ਨਿਭਾਉਂਦਾ ਹੈ। ਇਸਲਾਮ ਇਸ ਯਾਤਰਾ ਨੂੰ ਇਕ ਜ਼ਰੂਰੀ ਕਰਮ ਮੰਨਦਾ ਹੈ ਪਰ ਸੰਤ ਸੂਫ਼ੀ ਇਸਨੂੰ ਇਤਨੀ ਅਹਿਮੀਅਤ ਨਹੀਂ ਦਿੰਦੇ।

ਸੇਖ ਸਬਰੀ ਬਾਹਰਾ, ਕਿਆ ਹਜ ਕਾਬੈ ਜਾਇ।
ਕਬੀਰ ਜਾਂਕੀ ਦਿਲ ਸਾਬਤਿ ਨਹੀ, ਤਾਂ ਕਉ ਕਹਾਂ ਖੁਦਾਇ।

(ਸਲੋਕ ਕਬੀਰ, ਪੰਨਾ ੧੩੭੪)

**ਹਠਯੋਗ** - ਦੇਖੋ ਜੋਗ ਤੇ ਜੋਗੀ

**ਹਦੀਸ**

ਮੁਸਲਮਾਨੀ ਮਨੌਤ ਅਨੁਸਾਰ ਕੁਰਾਨ ਅੱਲ੍ਹਾ ਦਾ ਫ਼ੁਰਮਾਨ ਹੈ ਜੋ ਹਜ਼ਰਤ ਮੁਹੰਮਦ ਸਾਹਿਬ ਰਾਹੀਂ ਆਇਆ ਪਰ ਜੋ ਧਾਰਮਿਕ ਸਿਖਿਆ ਦੀਆਂ ਗੱਲਾਂ ਹਜ਼ਰਤ ਸਾਹਿਬ ਨੇ ਆਪ ਆਖੀਆਂ, ਉਨ੍ਹਾਂ ਬਚਨਾਂ ਦਾ ਸੰਗ੍ਰਹਿ 'ਹਦੀਸ' ਕਹਾਉਂਦਾ ਹੈ। ਇਹ ੭੩੯੭ ਹਦੀਸਾਂ ਇਸਨਾਦ ਸਮੇਤ ਸਹੀਅ ਬੁਖਾਰੀ ਨੇ ਸੰਕਲਿਤ ਕੀਤੀਆਂ ਜੋ ੯੭ ਕਾਂਡਾਂ ਵਿਚ ਵੰਡੀਆਂ ਹੋਈਆਂ ਹਨ। ਸੁੰਨੀ ਮੁਸਲਮਾਨ ਇਨ੍ਹਾਂ ਦਾ ਵਧੇਰੇ ਆਦਰ ਕਰਦੇ ਹਨ। ਵੈਸੇ ਆਮ ਮੁਸਲਮਾਨਾਂ ਵਿਚ ਕੁਰਾਨ ਤੋਂ ਉਤਰ ਕੇ 'ਹਦੀਸ' ਨੂੰ ਪ੍ਰਮਾਣਿਕ ਪੁਸਤਕ ਮੰਨਿਆ ਜਾਂਦਾ ਹੈ ਤੇ ਇਸ ਅਨੁਸਾਰ ਹੀ ਕਾਜ਼ੀ ਫ਼ੈਸਲੇ ਦਿੰਦਾ ਹੈ। ਸਤਿਗੁਰੂ ਰੱਬੀ ਹਜ਼ੂਰੀ ਨੂੰ ਹੀ ਹਦੀਸ ਕਹਿੰਦੇ ਹਨ :—

ਨਾਪਾਕ ਪਾਕ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ।

(ਮਾਰੂ ਸੋਲਹੇ ੫, ਪੰਨਾ ੧੦੮੪)

**ਹਨੂੰਮਾਨ**

ਸ੍ਰੀ ਰਾਮਚੰਦ੍ਰ ਜੀ ਦਾ ਇਕ ਭਗਤ ਜਿਸਨੂੰ ਹਿੰਦੂ ਦੇਵਤਾ ਕਰਕੇ ਪੂਜਦੇ ਤੇ ਇਸ ਨਮਿਤ ਚਾਨਣੇ ਮੰਗਲਵਾਰ ਨੂੰ ਵਰਤ ਰਖਦੇ ਹਨ।

ਇਹ ਸੁਗ੍ਰੀਵ ਦਾ ਮੰਤ੍ਰੀ ਤੇ ਬਾਨਰਾਂ ਦੀ ਸੈਨਾ ਦਾ ਸਰਦਾਰ, ਬੜਾ ਬਹਾਦਰ ਸੀ। ਕਿਹਾ ਜਾਂਦਾ ਹੈ ਕਿ ਇਹ ਪਵਨ ਦੇਵਤਾ ਦੀ ਸ਼ਕਤੀ ਨਾਲ ਗੋਤਮ ਰਿਖੀ ਦੀ ਕਵਾਰੀ ਲੜਕੀ ਅੰਜਨੀ ਤੋਂ ਪੈਦਾ ਹੋਇਆ। ਇਸੇ ਲਈ ਇਸਦਾ ਨਾਮ ਪਵਨ-ਪੁਤ ਆਉਂਦਾ ਹੈ। ਜਿਸ ਦਿਨ ਇਹ ਜੰਮਿਆ ਉਸੇ ਦਿਨ ਸੂਰਜ ਨੂੰ ਫਲ ਸਮਝ ਕੇ ਖਾਣ ਲਈ ਲਪਕਿਆ। ਇੰਦ੍ਰ ਨੇ ਸੂਰਜ ਦੀ ਰੱਖਿਆ ਲਈ ਇਸਨੂੰ ਵੱਜ੍ਰ ਮਾਰ ਕੇ ਜ਼ਮੀਨ

ਤੇ ਸੁੱਟ ਦਿੱਤਾ ਜਿਸ ਨਾਲ ਇਸਦਾ ਹਨੁ (ਜਬਾੜਾ) ਵਿੰਗਾ ਹੋ ਗਿਆ ਤੇ ਨਾਂ ਹਨੂੰਮਾਨ ਪਿਆ।

ਸ੍ਰੀ ਰਾਮਚੰਦ੍ਰ ਦੇ ਚੋਦਾਂ ਸਾਲ ਬਨਵਾਸ ਸਮੇਂ ਹਨੂੰਮਾਨ ਨੇ ਬੜੀ ਸੇਵਾ ਕੀਤੀ। ਸੀਤਾ ਜੀ ਦੀ ਭਾਲ ਕੀਤੀ, ਲੰਕਾ ਨੂੰ ਅੱਗ ਲਾਈ, ਆਪਣੀ ਬਾਨਰ ਸੈਨਾ ਤੋਂ ਪੱਥਰਾਂ ਦਾ ਪੁਲ ਬਣਵਾ ਕੇ ਰਾਮ ਜੀ ਦੀ ਸੈਨਾ ਨੂੰ ਪਾਰ ਲੰਘਾਇਆ। ਲੜਾਈ ਵਿਚ ਲਛਮਣ ਦੇ ਮੂਰਛਿਤ ਹੋਣ ਤੇ ਦ੍ਰੋਣਾਗਿਰੀ ਪਹਾੜ ਤੋਂ ਸੰਜੀਵਨੀ ਬੂਟੀ ਲਿਆ ਕੇ ਉਸਨੂੰ ਰਾਜ਼ੀ ਕਰਵਾਇਆ। ਰਾਮ ਜੀ ਦੀ ਬੇਅੰਤ ਸੇਵਾ ਦੇ ਬਾਵਜੂਦ ਉਨ੍ਹਾਂ ਤੋਂ ਹਨੂੰਮਾਨ ਨੂੰ ਬਖਸ਼ਿਸ਼ ਵਜੋਂ ਕਛੋਟੀ ਹੀ ਮਿਲੀ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਉਸਦੇ ਪਿਛਲੇ ਕਰਮਾਂ ਦਾ ਫਲ ਸੀ। ਕਹਿੰਦੇ ਹਨ ਇਕ ਵਾਰੀ ਇਸਨੇ ਜੰਗਲ ਵਿਚ ਜਾ ਰਹੇ ਰਿਸ਼ੀਆਂ ਨੂੰ ਲੁਟਿਆ ਸੀ ਤੇ ਉਨ੍ਹਾਂ ਪਾਸ ਸਿਰਫ ਕੱਛ ਹੀ ਰਹਿਣ ਦਿੱਤੀ ਸੀ। ਸੋਈ ਇਸਨੂੰ ਮਿਲੀ :

ਦਾਧੀ ਲੇ ਲੰਕਾ ਗੜੁ ਉਪਾੜੀਲੇ ਰਾਵਣ
ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।
ਦੂਜੀ ਕਰਮ ਕਰਿ ਕਛਉਟੀ ਮਫੀਟ ਸਿਰੀ।

(ਰਾਗ ਧਨਾਸਰੀ, ਤ੍ਰਿਲੋਚਨ ਪੰਨਾ ੬੯੫)

## ਹਰਿਗੋਬਿੰਦ (ਗੁਰੂ)

ਗੁਰੂ ਹਰਿਗੋਬਿੰਦ ਗੁਰੂ ਨਾਨਕ ਗੱਦੀ ਦੇ ਛੇਵੇਂ ਉਤਰ-ਅਧਿਕਾਰੀ ਸਨ ਜਿਨ੍ਹਾਂ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ ਸ਼ਾਂਤ ਸੁਭਾ ਚਲ ਰਹੀ ਸਿੱਖ ਲਹਿਰ ਨੂੰ ਜਬਰ ਨਾਲ ਟੱਕਰ ਲੈਣ ਦੇ ਯੋਗ ਬਣਾਇਆ। ਆਪ ਦਾ ਜਨਮ ਗੁਰੂ ਅਰਜਨ ਸਾਹਿਬ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਪਿੰਡ ਵਡਾਲੀ ਜ਼ਿਲਾ ਅੰਮ੍ਰਿਤਸਰ ਵਿਚ ੧੪ ਜੂਨ ੧੫੯੫ ਈ: ਨੂੰ ਹੋਇਆ। ਪਿਤਾ ਜੀ ਦੀ ਸ਼ਹੀਦੀ ਉਪਰੰਤ ਆਪ ਨੂੰ ਕਈ ਵਰ੍ਹੇ ਗੁਆਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਰਹਿਣਾ ਪਿਆ। ਰਿਹਾਈ ਉਪਰੰਤ ਆਪ ਨੇ ਅਕਾਲ ਤਖਤ ਦੀ ਸਾਜਨਾ ਕੀਤੀ ਜੋ ਕਿ ਪੰਜਾਬ ਵਿਚ ਰਾਜਨੀਤਕ ਚੇਤਨਾ ਦਾ ਮੁੱਢ ਸੀ। ਸੈਨਾ ਸੰਗਠਿਤ ਕਰਨਾ ਤੇ ਸ਼ਸਤ੍ਰਧਾਰੀ ਹੋਣਾ ਸਰਕਾਰ ਨੂੰ ਨਹੀਂ ਸੀ, ਭਾਉਂਦਾ ਇਸ ਲਈ ਆਪ ਨੂੰ ਸ਼ਾਹੀ ਫੌਜ ਨਾਲ ਕਈ ਥਾਂ ਭੇੜ ਕਰਨੇ ਪਏ ਤੇ ਫਤਹਿ ਆਪ ਦੀ ਹੀ ਹੁੰਦੀ ਰਹੀ। ਭਾਵੇਂ ਪ੍ਰਚਾਰ ਲਈ ਆਪ ਨੇ ਉਤਰ ਪ੍ਰਦੇਸ਼ ਤੇ ਕਸ਼ਮੀਰ ਆਦਿ ਵਲ ਵੀ ਦੌਰੇ ਕੀਤੇ ਪਰ ਜ਼ਿਆਦਾ ਅਰਸਾ ਸ਼ਿਵਾਲਕ ਦੀਆਂ ਪਹਾੜੀਆਂ ਵਿਚ, ਕੀਰਤਪੁਰ ਨਿਵਾਸ ਰਖ ਕੇ ਸਿੱਖ-ਸ਼ਕਤੀ ਨੂੰ ਸੰਗਠਿਤ ਕਰਦੇ ਰਹੇ ਤੇ ਅੰਤ ੩ ਮਾਰਚ ੧੬੪੪ ਈ: ਨੂੰ ਇਥੇ ਹੀ ਜੋਤੀ ਜੋਤਿ ਸਮਾਏ।

ਜਿਸ ਸਮੇਂ ਆਪ ਬਚਪਨ ਵਿਚ ਸਨ ਤਾਂ ਇਕ ਵਾਰ ਬੀਮਾਰ ਹੋ ਗਏ। ਰਾਜ਼ੀ ਹੋਣ ਉਪਰੰਤ ਪਿਤਾ ਗੁਰੂ ਅਰਜਨ ਨੇ ਪ੍ਰਭੂ ਦਾ ਧੰਨਵਾਦ ਕਰਦਿਆਂ ਕਿਹਾ ਸੀ :—

ਮੇਰਾ ਸਤਿਗੁਰੁ ਰਖਵਾਲਾ ਹੋਆ
ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ, ਹਰਿਗੋਬਿਦੁ ਨਵਾ ਨਿਰੋਆ ।
(ਸੋਰਠਿ ੫, ਪੰਨਾ ੬੨੦)

## ਹਰਿ ਚੰਦਉਰੀ

ਰਾਜਾ ਹਰਿਸ਼ਚੰਦਰ ਸੂਰਜ ਵੰਸ਼ੀ ਕੁਲ ਦਾ ੨੮ਵਾਂ ਰਾਜਾ ਸੀ ਜਿਹੜਾ ਬੜਾ ਨੇਕ, ਸਤਿਵਾਦੀ ਤੇ ਮਹਾਂਦਾਨੀ ਸੀ । ਇਹ ਰਾਜਸੂਯ ਯੱਗ ਕਰਕੇ ਨਗਰੀ ਸਮੇਤ ਸੁਰਗ ਦਾ ਭਾਗੀ ਬਣਿਆ । ਪਰ ਨਾਰਦ ਮੁਨੀ ਨੇ ਛਲ ਨਾਲ ਇਸ ਤੋਂ ਆਪਣੀ ਉਸਤਤਿ ਕਰਵਾਈ ਜਿਸ ਕਰਕੇ ਇਹ ਸੁਰਗ ਤੋਂ ਧਰਤੀ ਤੇ ਡੇਗਿਆ ਗਿਆ । ਜਦੋਂ ਇਹ ਡਿੱਗ ਰਿਹਾ ਸੀ ਤਦੋਂ ਹੀ ਇਸਨੇ ਰੱਬ ਨੂੰ ਆਪਣੀ ਭੁੱਲ ਖਖਸ਼ਣ ਲਈ ਬਿਨੈ ਕੀਤੀ । ਇਹ ਬਖਸ਼ਿਆ ਗਿਆ ਤੇ ਇਉਂ ਜਿਥੇ ਆ ਰਿਹਾ ਸੀ, ਉਥੇ ਹੀ ਰਹਿ ਗਿਆ । ਇਸ ਤਰ੍ਹਾਂ ਉਹ ਨਗਰੀ ਆਕਾਸ਼ ਵਿਚ ਹੀ ਟਿਕ ਗਈ ਜਿਸਨੂੰ ਹਰਿਸ਼ਚੰਦ੍ਰ ਪੁਰੀ, ਹਰਿ ਚੰਦਉਰੀ ਯਾ ਗੰਧ੍ਰਬ ਨਗਰੀ ਵੀ ਕਿਹਾ ਜਾਂਦਾ ਹੈ ।

ਦਰਅਸਲ ਸਵੇਰੇ ਸਵੇਰੇ ਸੂਰਜ ਦੀਆਂ ਕਿਰਣਾਂ ਰੇਤਥਲ ਤੇ ਪੈ ਕੇ ਦੂਰੋਂ ਇਕ ਵਸਤੀ ਦਾ ਭੁਲੇਖਾ ਪਾਉਂਦੀਆਂ ਹਨ । ਇਹ ਗੱਲ ਰੇਗਸਤਾਨ ਯਾ ਸਮੁੰਦਰ ਦੇ ਰੇਤਥਲਾਂ ਵਿਚ ਰੂਪਮਾਨ ਹੁੰਦੀ ਦਿਖਾਈ ਦਿੰਦੀ ਹੈ । ਇਸ ਕਾਲਪਨਿਕ ਨਗਰੀ ਨੂੰ ਹਰਿ ਚੰਦਉਰੀ ਯਾ ਗੰਧ੍ਰਬ ਨਗਰੀ ਕਿਹਾ ਜਾਂਦਾ ਹੈ । ਗੁਰਬਾਣੀ ਵਿਚ ਮਿਥਿਆ ਜਗਤ ਨੂੰ ਇਸ ਨਾਲ ਉਪਮਾ ਦਿੱਤੀ ਗਈ ਹੈ :—

ਹਰਿ ਚੰਦਉਰੀ ਚਿਤ-ਭ੍ਰਮ ਸਖੀਏ
ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ
ਚੰਚਲ ਸੰਗ ਨ ਚਾਲਤੀ ਸਖੀਏ
ਅੰਤਿ ਤਜਿ ਜਾਵਤ ਮਾਇਆ ।
(ਬਿਲਾਵਲ ੫, ਪੰਨਾ ੮੦੩)

## ਹਰਨਾਖਸ

ਹਿਰਣਾਕਸ਼ ਤੇ ਹਿਰਣਜ ਕੱਸ਼ਪ ਦੋ ਦੈਂਤ ਜੋੜੇ ਭਰਾ ਸਨ । ਹਿਰਣਾਕਸ਼ ਧਰਤੀ ਚੋਰੀ ਕਰਕੇ ਸਮੁੰਦਰ ਵਿਚ ਲੈ ਵੜਿਆ ਸੀ ਤੇ ਭਗਵਾਨ ਨੇ ਇਸਨੂੰ ਵਰਾਹ ਅਵਤਾਰ ਧਾਰ ਕੇ ਮਾਰਿਆ ਸੀ । ਹਿਰਣਯਕੱਸ਼ਪ ਨੇ ਭਾਰੀ ਤਪ ਉਪਰੰਤ ਸ਼ਿਵਾਂ ਤੋਂ ਦਸ ਲੱਖ ਸਾਲ ਲਈ ਤ੍ਰੈਲੋਕੀ ਦਾ ਰਾਜ ਪ੍ਰਾਪਤ ਕੀਤਾ, ਇਸੇ ਦਾ ਪੁੱਤਰ ਪ੍ਰਹਿਲਾਦ ਸੀ ਜੋ ਕਿ ਵਿਸ਼ਨੂੰ ਦਾ ਭਗਤ ਸੀ ਲੇਕਿਨ ਹਿਰਣਯਕੱਸ਼ਪ ਇਹ ਪਸੰਦ ਨਹੀਂ ਸੀ ਕਰਦਾ ਕਿ ਉਸਦਾ ਪੁੱਤਰ ਉਸਨੂੰ ਛੱਡ ਕੇ ਕਿਸੇ ਹੋਰ ਦੀ ਭਗਤੀ ਕਰੇ । ਪ੍ਰਹਿਲਾਦ ਨੂੰ ਆਪਣੇ ਆਦਰਸ਼ ਤੋਂ ਰੋਕਣ ਲਈ ਇਸਨੇ ਕਈ ਤਸੀਹੇ ਦਿਤੇ, ਕਦੀ ਕੋਠੀ ਬੰਦ ਕਰ ਦਿੱਤਾ ਤੇ ਕਦੀ ਪਹਾੜ ਤੋਂ ਰੇੜ੍ਹਿਆ । ਅਖੀਰ ਤੱਤਾ ਥੰਮ ਕਰਕੇ ਆਖਣ ਲੱਗਾ, 'ਤੂੰ ਇਸਨੂੰ ਜੱਫੀ ਪਾ, ਜੇਕਰ ਤੇਰਾ ਕੋਈ ਭਗਵਾਨ ਹੋਇਆ,ਆਪੇ ਪਤਾ ਲਗ ਜਾਵੇਗਾ ।'

ਕਹਿੰਦੇ ਹਨ ਵਿਸ਼ਨੂੰ ਨੇ ਥੰਮ ਵਿਚੋਂ ਪਰਗਟ ਹੋ ਕੇ ਨਰਸਿੰਘ ਦਾ ਰੂਪ ਧਾਰ ਕੇ ਹਿਰਣਯਕੱਸ਼ਪ ਨੂੰ ਸੰਧਿਆ ਸਮੇਂ ਨਹੁੰਦਰਾਂ ਨਾਲ ਥਾਂ ਮਾਰ ਦਿੱਤਾ। ਕਾਰਣ ਇਹ ਸੀ ਕਿ ਇਸ ਦੈਂਤ ਨੇ ਇਹ ਵਰ ਪ੍ਰਾਪਤ ਕੀਤਾ ਹੋਇਆ ਸੀ ਕਿ ਕੋਈ ਆਦਮੀ ਉਸਨੂੰ ਕਿਸੇ ਸ਼ਸਤ੍ਰ ਨਾਲ ਨਹੀਂ ਮਾਰ ਸਕੇਗਾ, ਨਾ ਦਿਨ ਨੂੰ ਨਾ ਰਾਤ ਨੂੰ। ਇਸੇ ਕਰਕੇ ਭਗਵਾਨ ਨੇ ਨਹੁੰਦਰਾਂ ਨਾਲ, ਰਾਤ ਤੇ ਦਿਨ ਦੇ ਦਰਮਿਆਨ ਦੇ ਸਮੇਂ ਵਿਚ ਇਸਦਾ ਵਿਨਾਸ਼ ਕੀਤਾ। ਇਸ ਘਟਨਾ ਦੀ ਯਾਦਗਾਰ ਵਜੋਂ ਮੁਲਤਾਨ ਵਿਚ ਇਕ ਮੰਦਰ ਬਣਿਆ ਹੋਇਆ ਹੈ।

ਮਹਾਂ ਭਾਰਤ ਤੇ ਪੁਰਾਣਾਂ ਵਿਚ ਇਹ ਕਥਾ ਹਿਰਣਜਕੱਸ਼ਪ ਨਾਲ ਵਰਤੀ ਦੱਸੀ ਗਈ ਹੈ ਪਰੰਤੂ ਭਗਤੀ ਲਹਿਰ ਦੇ ਸਾਰੇ ਸੰਤਾਂ ਤੇ ਗੁਰੂਆਂ ਨੇ ਪ੍ਰਹਿਲਾਦ ਦੇ ਪਿਤਾ ਦਾ ਨਾਂ ਹਰਨਾਖਸ਼ ਦੱਸਿਆ ਹੈ ਤੇ ਇਸੇ ਨਾਲ ਸਾਰੀ ਕਹਾਣੀ ਜੋੜੀ ਹੈ। ਇਹ ਨਾਂ ਦੀ ਤਬਦੀਲੀ ਕਿਵੇਂ ਹੋਈ, ਕਿਹਾ ਨਹੀਂ ਜਾ ਸਕਦਾ। ਸੰਤ-ਕਾਵਿ ਵਿਚ ਇਹ ਮਿਸਾਲ ਬਾਰ ਬਾਰ ਵਰਤੀ ਗਈ ਹੈ ਕਿ ਪਰਮੇਸ਼ਰ ਆਪਣੇ ਭਗਤਾਂ ਦੀ ਪੈਜ ਰਖਦਾ ਤੇ ਦੋਖੀਆਂ ਨੂੰ ਯੋਗ ਦੰਡ ਦਿੰਦਾ ਹੈ।

ਹਰਿ ਜੁਗ ਜੁਗ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ
ਹਰਨਾਖਸੁ ਦੁਸ਼ਟੁ ਹਰਿ ਮਾਰਿਆ, ਪ੍ਰਹਿਲਾਦ ਤਰਾਇਆ।

(ਆਸਾ ਛੰਤ ੪, ਪਨਾ ੪੫੧)

## ਹਰਿਬੰਸ (ਭੱਟ)

ਆਦਿਗ੍ਰੰਥ ਵਿਚ ਆਏ ੧੧ ਭੱਟਾਂ ਵਿਚੋਂ ਹਰਿਬੰਸ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ, ਇਸਨੇ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੇ ਗੁਰੂ ਅਰਜਨ ਦੇਵ ਜੀ ਦੇ ਗੱਦੀ ਬੈਠਣ ਸਮੇਂ ਉਨ੍ਹਾਂ ਦੀ ਮਹਿਮਾ ਵਿਚ ਕੇਵਲ ਦੋ ਸਵਈਏ ਲਿਖੇ ਹਨ। ਇਹ ਕਹਿੰਦਾ ਹੈ ਕਿ ਗੁਰੂ ਜੋਤਿ ਮਰਨ ਵਾਲੀ ਨਹੀਂ, ਇਹ ਗੰਗਾ ਦੇ ਪ੍ਰਵਾਹ ਵਾਂਡ ਸਦਾ ਵਹਿਣ ਵਾਲੀ ਅਮਰ ਧਾਰਾ ਹੈ ਜਿਸਦਾ ਇਸ਼ਨਾਨ ਮਨ ਦੀ ਮੈਲ ਨੂੰ ਧੋਂਦਾ ਆਇਆ ਹੈ।

ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸ ਹਰਿ ਪਹਿ ਗਯਉ
'ਹਰਿਬੰਸ' ਜਗਤਿ ਜਸੁ ਸੰਚਰਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ।

(ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯)

## ਹਰੀਚੰਦ

ਰਾਜਾ ਹਰਿਸ਼ਚੰਦ੍ਰ ਜੋ ਕਿ ਤ੍ਰਿਸ਼ੰਕੂ ਦਾ ਪੁੱਤਰ ਸੀ, ਬੜਾ ਦਾਨੀ ਤੇ ਧਰਮੀ ਪੁਰਸ਼ ਸੀ। ਇਕ ਵਾਰ ਇਹ ਸ਼ਿਕਾਰ ਖੇਡਣ ਗਿਆ ਵਿਸ਼ਵਾਮਿਤ੍ਰ ਦੇ ਆਸ਼੍ਰਮ ਪਹੁੰਚਿਆ। ਅੱਗੋਂ ਰਿਸ਼ੀ ਨੇ ਕਿਹਾ ਕਿ ਮੈਂ ਬ੍ਰਾਹਮਣ ਹਾਂ, ਮੈਨੂੰ ਦੱਛਣਾ ਦਿਓ। ਰਾਜੇ ਨੇ ਧਨ ਸੰਪਤਿ, ਰਾਜ ਭਾਗ ਸਭ ਕੁਝ ਰਿਸ਼ੀ ਨੂੰ ਦਾਨ ਕਰ ਦਿੱਤਾ ਤੇ ਆਪ

ਫ਼ਕੀਰ ਹੋਕੇ ਬਨਾਰਸ ਚਲਿਆ ਗਿਆ। ਇਥੇ ਇਸਨੂੰ ਆਪਣੀ ਇਸਤ੍ਰੀ ਪੁੱਤਰ ਅਤੇ ਆਪਣੇ ਆਪ ਨੂੰ ਵੀ ਮੰਡੀ ਵਿਚ ਵੇਚਣਾ ਪਿਆ ਤੇ ਚੰਡਾਲ ਪਾਸ ਨੌਕਰੀ ਕਰਨੀ ਪਈ।' ਕੰਮ ਸਮਸ਼ਾਨ ਭੂਮੀ ਦੀ ਦੇਖ ਭਾਲ ਕਰਨਾ ਸੀ। ਹੋਣੀ ਐਸੀ ਵਾਪਰੀ ਕਿ ਰਾਜੇ ਦਾ ਪੁੱਤਰ ਸੱਪ ਲੜ ਕੇ ਮਰ ਗਿਆ, ਇਸਦੀ ਰਾਣੀ ਫੂਕਣ ਲਈ ਸਮਸ਼ਾਨ ਭੂਮੀ ਵਿਚ ਆਈ ਪਰ ਪੈਸਾ ਕੋਈ ਕੋਲ ਨਹੀਂ ਸੀ, ਹਰੀਚੰਦ ਨੇ ਇਨਕਾਰ ਕਰ ਦਿੱਤਾ। ਰਾਜੇ ਦੀ ਧਾਰਮਕ ਦ੍ਰਿੜਤਾ ਤੇ ਸੱਚਾਈ ਦੇਖ ਕੇ ਇੰਦ੍ਰ ਤੇ ਵਿਸ਼ਵਾਮਿਤ੍ਰ ਉਥੇ ਪਹੁੰਚੇ ਤੇ ਉਨ੍ਹਾਂ ਸੁਰਗ ਆਉਣ ਲਈ ਸੱਦਾ ਦਿੱਤਾ ਪਰ ਰਾਜੇ ਨੇ ਫਿਰ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੈਂ ਆਪਣੇ ਸੁਆਮੀ ਚੰਡਾਲ ਦੀ ਆਗਿਆ ਬਿਨਾ, ਸੁਰਗ ਜਾਣ ਲਈ ਤਿਆਰ ਨਹੀਂ। ਅਖੀਰ ਇਸਦੇ ਪੁੱਤਰ ਰੋਹਿਤ ਨੂੰ ਰਾਜ-ਤਿਲਕ ਦਿੱਤਾ ਗਿਆ ਤੇ ਰਾਜਾ ਹਰੀ ਚੰਦ, ਨਗਰੀ ਸਮੇਤ ਸ੍ਵਰਗ ਚਲਿਆ ਗਿਆ। ਗੁਰੂ ਨਾਨਕ ਸਾਹਿਬ ਨੇ ਇਸਦੇ ਮੰਡੀ ਵਿਚ ਆਪਣਾ ਆਪ ਵੇਚਣ ਤੇ ਤਕਲੀਫ਼ਾਂ ਝੱਲਣ ਦਾ ਸੰਕੇਤ ਕਰਦਿਆਂ ਕਿਹਾ ਹੈ :—

ਤਿਨਿ ਹਰੀ ਚੰਦਿ ਪ੍ਰਿਥਮੀਪਤਿ ਰਾਜੈ, ਕਾਗਦਿ ਕੀਮ ਨ ਪਾਈ
ਅਉਗਣੁ ਜਾਣੈ ਪੁੰਨ ਕਰੇ ਕਿਉ, ਕਿਉ ਨੇਖਾਸਿ ਬਿਕਾਈ।

(ਪ੍ਰਭਾਤੀ ੧, ਪੰਨਾ ੧੩੪੪)

## ਹਲਾਲ

ਹਲਾਲ ਤੇ ਹਰਾਮ ਅਰਬੀ ਪਦ ਹਨ, ਹਲਾਲ ਦਾ ਅਰਥ ਹੈ ਜਾਇਜ਼ ਯਾ ਹੱਕੀ ਤੇ ਹਰਾਮ, ਨਾਜਾਇਜ਼ ਯਾ ਨਹੱਕੀ ਚੀਜ਼ ਨੂੰ ਕਹਿੰਦੇ ਹਨ। ਇਸਲਾਮੀ ਸ਼ਰ੍ਹਾ ਅਨੁਸਾਰ ਆਇਤਾਂ ਪੜ੍ਹਕੇ ਛੁਰੀ ਨਾਲ ਮਾਰੇ ਜਾਨਵਰ ਦਾ ਮਾਸ ਹਲਾਲ ਕਹਾਉਂਦਾ ਹੈ ਤੇ ਬਾਕੀ ਸਭ ਹਰਾਮ। ਮੁਸਲਮਾਨ ਹੋਰ ਤਰੀਕਿਆਂ ਨਾਲ ਕੱਟੇ ਮਾਸ ਨੂੰ ਪਰਵਾਣ ਨਹੀਂ ਕਰਦੇ।

ਕਬੀਰ ਸਾਹਿਬ ਨੇ ਇਸ ਤੇ ਚੋਟ ਕਰਦਿਆਂ ਆਖਿਆ ਹੈ ਕਿ ਜੇਕਰ ਕਿਸੇ ਜੀਵ ਨੂੰ ਕੋਹ ਕੋਹ ਕੇ ਮਾਰਿਆ ਜਾਵੇ ਤਾਂ ਉਹ ਹਲਾਲ ਨਹੀਂ ਬਣ ਜਾਂਦਾ ਸਗੋਂ ਇਹ ਤਾਂ ਜਬਰ ਤੇ ਜ਼ੁਲਮ ਦੀ ਘਟਨਾ ਹੈ।

ਕਬੀਰ ਜੋਰੀ ਕੀਏ ਜੁਲਮੁ ਹੈ, ਕਹਤਾ ਨਾਉ ਹਲਾਲੁ।
ਦਫਤਰਿ ਲੇਖਾ ਮਾਂਗੀਐ, ਤਬ ਹੋਇਗੋ ਕਉਨੁ ਹਵਾਲੁ। ੧੮੭।

(ਸਲੋਕ ਕਬੀਰ, ਪੰਨਾ ੧੩੭੪)

ਗੁਰੂ ਨਾਨਕ ਸਾਹਿਬ ਨੇ ਸੱਚੇ ਹਲਾਲ ਦੇ ਲੱਛਣ ਦਸਦਿਆਂ ਕਿਹਾ ਹੈ ਕਿ ਸੱਚ ਦੀ ਛੁਰੀ ਮਾਰ ਕੇ ਜੇ ਲਾਲਚ ਦਾ ਲਹੂ ਕੱਢ ਦਿੱਤਾ ਜਾਵੇ ਤਾਂ ਇਹ ਸਚਮੁਚ ਦਾ ਹਲਾਲ ਹੋ ਸਕਦਾ ਹੈ।

ਤਿਸਦਾ ਕੁਠਾ ਹੋਵੈ ਸੇਖੁ। ਲੋਹੂ ਲਬੁ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ। ਨਾਨਕ ਦਰਿ ਦੀਦਾਰਿ ਸਮਾਇ।

(ਵਾਰ ਰਾਮਕਲੀ ੧, ਪੰਨਾ ੯੫੬)

**ਹਾਹਾ ਹੂ ਹੂ**

ਦੇਵ ਸਭਾ ਦੇ ਗਵੱਈਏ 'ਗੰਧ੍ਰਬ' ਕਹਾਉਂਦੇ ਹਨ। ਭਾਵੇਂ ਇਨ੍ਹਾਂ ਦੀ ਗਿਣਤੀ ੬੩੩੩ ਹੈ ਪੰਰ ਅੱਠ ਇਨ੍ਹਾਂ ਵਿਚੋ ਮੁਖ ਹਨ—

ਹਾ ਹਾ, ਹੂ ਹੂ, ਚਿਤ੍ਰਰਥ, ਹੰਸ, ਵਿਸ੍ਵਾਵਸੁ, ਗੋਮਾਯੁ, ਤੁੰਬਰੁ ਤੇ ਨੰਦਿ।

ਸੋ 'ਹਾ ਹਾ' ਤੇ 'ਹੂ ਹੂ' ਦੋ ਮੁਖ ਗਵਈਏ ਸਨ, ਜਿਨ੍ਹਾਂ ਨੂੰ ਵਿਦਿਆ-ਅਭਿਮਾਨ ਕਾਰਣ ਦੇਵਲ ਰਿਸ਼ੀ ਦਾ ਸਰਾਪ ਹੋਇਆ ਤੇ ਇਹ ਗਜਰਾਜ ਤੇ ਤੰਦੂਆ ਬਣੇ। ਗੁਰੂ ਅਰਜਨ ਸਾਹਿਬ ਨੇ ਆਤਮਿਕ ਅਨੰਦ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਹੈ :—

ਪ੍ਰਿਅ ਕੀ ਸੋਭ ਸੁਹਾਵਨੀ ਨੀਕੀ
ਹਾ ਹਾ ਹੂ ਹੂ ਗੰਧ੍ਰਬ ਅਪਸਰਾ
ਅਨੰਦ ਮੰਗਲ ਰਸ ਗਾਵਨੀ ਨੀਕੀ।

(ਮਲ੍ਹਾਰ ੫, ਪੰਨਾ ੧੨੭੨)

**ਹਾੜੰਬਾ**—ਦੇਖੋ ਮਗਹਰ

**ਹਿੰਡੋਲ**—ਦੇਖੋ ਬਸੰਤ

**ਹਿੰਦੁਸਤਾਨ**

ਬਿਦੇਸੀ ਲੇਖਕਾਂ ਖ਼ਾਸ ਕਰਕੇ ਮੁਸਲਮਾਨਾਂ ਵਲੋਂ ਪਾਇਆ ਭਾਰਤ ਦਾ ਪ੍ਰਚਲਤ ਨਾਮ ਹਿੰਦੁਸਤਾਨ ਹੈ। ਏਸ਼ੀਆ ਦਾ ਇਹ ਭੂਭਾਗ, ਤਿੰਨ ਪਾਸਿਓਂ ਸਮੁੰਦਰ ਨਾਲ ਘਿਰਿਆ ਤੇ ਇਕ ਪਾਸੇ ਹਿਮਾਲੀਆ ਪਰਬਤ ਹੈ। ਉੱਤਰ ਵਲ ਹਿਮਾਲੀਆ ਤੇ ਦੱਖਣ ਵਲ ਹਿੰਦ ਮਹਾਂ ਸਾਗਰ ਹੈ, ਪੂਰਬ ਵਲ ਬਰਮਾ ਤੇ ਪੱਛਮ ਵਲ ਬਲੋਚਸਤਾਨ ਤੇ ਅਫ਼ਗਾਨਸਤਾਨ ਪੈਂਦਾ ਹੈ। ਇਸਦੀ ਲੰਬਾਈ ੧੯੦੦ ਤੇ ਚੋੜਾਈ ੧੫੮੦ ਮੀਲ ਹੈ, ਕੁਲ ਰਕਬਾ ੧੮੦੫੩੩੨ ਵਰਗ ਮੀਲ। ਉਤਰੀ ਪਰਬਤਮਾਲਾ, ਦੱਖਣੀ ਪਠਾਰ, ਮੈਦਾਨ, ਦਰਿਆ, ਰੇਤਥਲ, ਜੰਗਲ, ਪੌਣ ਪਾਣੀ, ਰਹਿਣੀ ਬਹਿਣੀ, ਨਸਲੀਭੇਦ, ਮਜ਼ਬੀ ਵਿਸ਼ਵਾਸ਼ਾਂ ਤੇ ਜ਼ਬਾਨਾਂ ਦੀ ਵੰਨਸੁਵੰਨਤਾ ਇਸਨੂੰ ਨਿਰਾਲਾ ਸਰੂਪ ਪ੍ਰਦਾਨ ਕਰਦੀ ਹੈ। ਜਨ ਸੰਖਿਆ ਦੇ ਹਿਸਾਬ ਨਾਲ ਚੀਨ ਨੂੰ ਛੱਡ ਕੇ ਹਿੰਦ ਦੂਜੇ ਨੰਬਰ ਤੇ ਹੈ, ਸਭ ਤੋਂ ਵਧ ਗਿਣਤੀ ਵੈਦਿਕ ਧਰਮ ਵਾਲੇ ਹਿੰਦੂਆਂ ਦੀ ਹੈ। ਜਦੋਂ ਅੱਠਵੀਂ ਸਦੀ ਵਿਚ ਮੁਸਲਮਾਨਾਂ ਪ੍ਰਵੇਸ਼ ਕੀਤਾ ਤਾਂ ਪੰਜ ਚਾਰ ਸਦੀਆਂ ਵਿਚ ਹੀ ਇਥੇ ਢੇਰ ਰਾਜਨੀਤਕ ਤੇ ਸਾਂਸਕ੍ਰਿਤਿਕ ਪਰਿਵਰਤਨ ਹੋਏ। ਗੁਰੂ ਨਾਨਕ ਸਾਹਿਬ ਸਮੇਂ ਸੋਲ੍ਹਵੀਂ ਸਦੀ ਵਿਚ ਬਾਬਰ ਹਮਲਾਵਰ ਹੋ ਕੇ ਭਾਰਤ ਨੂੰ ਡਰਾ ਧਮਕਾ ਕੇ ਮੁਗਲਰਾਜ ਦੀ ਨੀਂਹ ਰਖ ਰਿਹਾ ਸੀ, ਇਸੇ ਵਲ ਸੰਕੇਤ ਕਰਦਿਆਂ ਗੁਰੂ ਸਾਹਿਬ ਨੇ ਕਿਹਾ ਹੈ :—

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।

(ਆਸਾ ੧, ਪੰਨਾ ੩੬੦)

## ਹਿੰਦੂ

ਪਹਿਲੇ ਪਹਿਲ ਹਿੰਦ ਦੇ ਵਸਨੀਕ ਨੂੰ 'ਹਿੰਦੂ' ਕਿਹਾ ਜਾਂਦਾ ਸੀ ਤੇ ਇਹ ਨਾਮ ਬਿਦੇਸੀਆਂ ਵਲੋਂ ਸਿੰਧ ਪਾਰ ਦੇ ਲੋਕਾਂ ਲਈ ਪਾਇਆ ਗਿਆ ਸੀ, 'ਸਿੰਧ' ਤੋਂ ਹੀ 'ਹਿੰਦ' ਪਦ ਬਣਿਆ। ਪਿਛੋਂ ਜਾ ਕੇ ਜਦ ਮੁਸਲਮਾਨੀ ਮਤ ਦਾ ਪ੍ਰਵੇਸ਼ ਹੋਇਆ ਤਾਂ ਇਹ ਸੰਕੇਤ ਕੇਵਲ ਉਨ੍ਹਾਂ ਲੋਕਾਂ ਲਈ ਸੀਮਤ ਹੋ ਗਿਆ ਜੋ ਵੇਦਾਂ ਵਿਚ ਵਿਸ਼ਵਾਸ਼ ਰਖਦੇ, ਵਰਣ-ਆਸ਼੍ਰਮ-ਮਰਯਾਦਾ ਮੰਨਦੇ, ਅਵਤਾਰਾਂ ਤੇ ਦੇਵਤਿਆਂ ਨੂੰ ਪੂਜਦੇ ਤੇ ਮੂਰਤੀ ਪੂਜਾ ਕਰਦੇ ਹਨ। ਜੰਞੂ, ਤਿਲਕ, ਧੋਤੀ, ਬੋਦੀ ਇਨ੍ਹਾਂ ਦੇ ਬਾਹਰਲੇ ਚਿੰਨ੍ਹ ਹਨ। ਹੋਮ ਯੱਗ, ਪੂਜਾ ਅਰਚਾ, ਸੰਧਿਆ, ਆਰਤੀ, ਤੀਰਥ, ਬਰਤ ਆਦਿ ਮੁਖ ਧਰਮ ਕਰਮ ਹਨ; ਗਊ ਬ੍ਰਾਹਮਣ ਦਾ ਵਿਸ਼ੇਸ਼ ਮਾਨ ਇਨ੍ਹਾਂ ਦੇ ਨਿਸਚੇ ਦਾ ਅੰਗ ਹੈ। ਦਰਅਸਲ ਹਿੰਦੂ ਇਕ ਧਰਮ ਨਹੀਂ ਸਗੋਂ ਇਕ ਸੰਸਕ੍ਰਿਤੀ ਹੈ ਜਿਸ ਵਿਚ ਅਨੇਕਾਂ ਮੰਨਤਾਵਾਂ ਰੱਖਣ ਵਾਲੇ ਲੋਕ ਆ ਜਾਂਦੇ ਹਨ। ਇਸੇ ਕਰਕੇ ਇਸ ਵਿਚ ਸ਼ੈਵ, ਵੈਸ਼ਣਵ, ਸ਼ਾਕਤ, ਜੈਨੀ, ਬੋਧੀ ਤੇ ਵਾਮ ਮਾਰਗੀ ਆਦਿ ਵੀ ਸ਼ਾਮਲ ਸਮਝੇ ਜਾਂਦੇ ਹਨ। ਬਾਵਜੂਦ ਅਜੇਹੀ ਅਸਪਸ਼ਟਤਾ ਦੇ ਫਿਰ ਵੀ ਵਧੇਰੇ ਕਰਕੇ ਮੂਰਤੀ-ਪੂਜਕ ਸਨਾਤਨ ਪੰਥੀ ਨੂੰ ਹਿੰਦੂ ਕਿਹਾ ਜਾਂਦਾ ਹੈ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ ਹਿੰਦੂਆਂ ਦੀ ਇਸ ਮੁਖ ਭੁੱਲ ਵਲ ਇਸ਼ਾਰਾ ਕਰਦਿਆਂ ਕਿਹਾ ਹੈ :—

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ
ਨਾਰਦ ਕਹਿਆ ਸਿ ਪੂਜ ਕਰਾਹੀਂ।

(ਵਾਰ ਬਿਹਾਗੜਾ ੧, ਪੰਨਾ ੫੫੬)

## ਹਿਮਾਚਲ

ਭਾਰਤ ਦੀ ਉੱਤਰੀ ਪਰਬਤ-ਮਾਲਾ, 'ਹਿਮਾਚਲ' ਨਾਂ ਨਾਲ ਪੁਕਾਰੀ ਜਾਂਦੀ ਹੈ ਇਸਦੀ ਲੰਮਾਈ ਦੋ ਹਜ਼ਾਰ ਮੀਲ ਤੇ ਚੋੜਾਈ ਸੋ ਤੋਂ ਲੈ ਕੇ ਦੋ ਢਾਈ ਸੋ ਮੀਲ ਤਕ ਹੈ। ਇਸਦੀ ਵਿਸ਼ਾਲਤਾ ਬੇਅੰਦਾਜ਼ ਹੈ। ਇਸਦੀ ੨੯੦੦੦ ਫੁਟ ਉੱਚੀ ਮਾਊਂਟ ਐਵਰੈੱਸਟ ਚੋਟੀ ਸੰਸਾਰ ਪ੍ਰਸਿਧ ਹੈ। ਇਹ ਤੇ ਹੋਰ ਚੋਟੀਆਂ ਸਦਾ ਬਰਫ ਨਾਲ ਢੱਕੀਆਂ ਰਹਿੰਦੀਆਂ ਹਨ। ਹਿਮਾਲਾ ਜੰਗਲੀ ਬੂਟੀਆਂ ਬਿਰਛਾਂ ਤੇ ਜੰਗਲੀ ਜਾਨਵਰਾਂ ਦਾ ਵਿਸ਼ਾਲ ਭੰਡਾਰ ਹੈ, ਇਸ ਵਿਚੋਂ ਅਨੇਕਾਂ ਦਰਿਆ ਤੇ ਨਦੀਆਂ ਨਾਲੇ ਨਿਕਲ ਕੇ ਮੈਦਾਨੀ ਇਲਾਕਿਆਂ ਨੂੰ ਸਿੰਜਦੇ ਹਨ। ਪੁਰਾਣੇ ਲੋਕ ਦੁਨਿਆਵੀ ਜੰਜਾਲਾਂ ਨੂੰ ਤਿਆਗ ਕੇ ਪਰਬਤਾਂ ਦੀਆਂ ਏਕਾਂਤ ਗੁਫਾਵਾਂ ਵਿਚ ਆ ਵਾਸ ਕਰਦੇ ਸਨ ਤੇ ਤਰ੍ਹਾਂ ਤਰ੍ਹਾਂ ਦੇ ਸੰਕਟ ਖਿੜੇ ਮੱਥੇ ਸਹਾਰਦੇ ਸਨ ਤਾਂ ਕਿ ਮੁਕਤੀ ਪਾਈ ਜਾ ਸਕੇ। ਸਿੱਧਾਂ ਜੋਗੀਆਂ ਦੀ ਮਿਸਾਲ ਪਰਗਟ ਹੈ। ਪਰ ਗੁਰਬਾਣੀ ਇਸ ਮਾਰਗ ਦੀ ਹਮਾਇਤ ਨਹੀਂ ਕਰਦੀ। ਸਗੋਂ ਗੁਰੂ ਸਾਹਿਬ ਨੇ ਲਿਖਿਆ ਹੈ :—

ਤਨੁ ਹਿਮੰਚਲਿ ਗਾਲੀਐ
ਭੀ ਮਨ ਤੇ ਰੋਗੁ ਨ ਜਾਇ।

(ਸਿਰੀ ੧, ਪੰਨਾ ੬੨)

ਭਗਤ ਨਾਮਦੇਵ ਨੇ ਵੀ ਨਾਮ ਦੀ ਮਹਿਮਾ ਦਸਦਿਆਂ ਕਿਹਾ ਹੈ —

ਕੋਟਿ ਜਉ ਤੀਰਥ ਕਰ, ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ ।

(ਰਾਮਕਲੀ ਨਾਮਦੇਵ, ਪੰਨਾ ੯੭੩)

## ਹੋਮ ਜੱਗ

ਦੇਵੀ ਦੇਵਤਾ ਨਮਿੱਤ ਅਗਨੀ ਵਿਚ ਘਿਉ ਆਦਿ ਪਾਉਣਾ ਹੋਮ ਹੈ । ਵੈਦਿਕ ਜ਼ਮਾਨੇ ਵਿਚ ਇਹ ਇਕ ਮੁਖ ਧਰਮ ਕਰਮ ਸੀ । ਖ਼ਾਸ ਕਰਕੇ ਦੇਵਤਿਆਂ ਦੀ ਖ਼ੁਸ਼ੀ ਲਈ ਯੱਗ ਕਰਨ ਸਮੇਂ ਹੋਮ ਆਮ ਕੀਤਾ ਜਾਂਦਾ ਸੀ, ਜੈਸਾ ਕਿ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ :—

ਗੋਂਡਾ ਮਾਹਿ ਹੋਮ ਜਗ ਕੀਏ, ਦੇਵਤਿਆ ਕੀ ਬਾਣੇ ।

(ਮਲਾਰ ੧, ਪੰਨਾ ੧੨੮੯)

ਉਂਜ ਤਾਂ ਯੱਗਾਂ ਦੀਆਂ ਕਈ ਕਿਸਮਾਂ ਹਨ ਪਰ ਗ੍ਰਿਸਤੀਆਂ ਲਈ ਪੰਜ ਕਿਸਮ ਦੇ ਯੱਗ ਦੱਸੇ ਗਏ ਹਨ—ਦੇਵਯੱਗ, ਭੂਤਯੱਗ, ਪਿਤ੍ਰੀਯੱਗ, ਬ੍ਰਹਮਯੱਗ ਤੇ ਨਰਯੱਗ । ਦੇਵਯੱਗ ਹੋਮ ਹੈ, ਭੂਤਯੱਗ ਜੀਵਾਂ ਦੀ ਬਲੀ ਦੇ ਕੇ ਕੀਤਾ ਜਾਂਦਾ ਹੈ, ਪਿਤ੍ਰੀਯੱਗ ਸ੍ਰਾਧ ਆਦਿ ਕਰਮ ਹੈ, ਬ੍ਰਹਮਯੱਗ ਵੇਦ ਪੜ੍ਹਨਾ ਪੜ੍ਹਾਉਣਾ ਤੇ ਨਰਯੱਗ ਅਤਿਥੀ ਸੇਵਾ ਹੈ ।

ਪੁਰਾਣੇ ਜ਼ਮਾਨੇ ਵਿਚ ਬਲੀ ਦੇਣ ਵਾਲੇ ਯੱਗਾਂ ਦੀ ਵਧੇਰੇ ਰੀਤਿ ਸੀ ਤੇ ਅਸਮੇਧ ਯੱਗ ਜ਼ਿਆਦਾ ਕੀਤਾ ਜਾਂਦਾ ਸੀ ।

ਪਰੰਤੂ ਗੁਰੂ ਸਾਹਿਬ ਇਸ ਕਰਮ ਨੂੰ ਕੋਈ ਮਹੱਤਵ ਨਹੀਂ ਦਿੰਦੇ, ਉਨ੍ਹਾਂ ਦੇ ਖ਼ਿਆਲ ਵਿਚ ਅਜੇਹੇ ਕਰਮ ਕਰਨ ਵਾਲੇ ਥੋਥੇ ਅਭਿਮਾਨ ਦਾ ਸ਼ਿਕਾਰ ਹੋ ਜਾਂਦੇ ਹਨ, ਉਨ੍ਹਾਂ ਦੇ ਜੀਵਨ ਦੀ ਮਾਨਸਿਕ ਪੱਧਰ ਉਚੀ ਨਹੀਂ ਹੁੰਦੀ ।

ਹੋਮ ਜਗ ਤੀਰਥ ਕੀਏ, ਬਿਚਿ ਹਉਮੈ ਬਧੇ ਬਿਕਾਰ ।

(ਗਉੜੀ ੫, ਪੰਨਾ ੨੧੪)

ਯਾ

ਹੋਮ ਜਗ ਜਪ ਤਪ ਸਭਿ ਸੰਜਮ, ਤਟਿ ਤੀਰਥਿ ਨਹੀ ਪਾਇਆ
ਮਿਟਿਆ ਆਪੁ ਪਏ ਸਰਣਾਈ, ਗੁਰਮੁਖਿ ਨਾਨਕ ਜਗਤੁ ਤਰਾਇਆ ।

(ਭੈਰਉ ੫, ਪੰਨਾ ੧੧੩੯)

## ਹੋਲੀ

ਹੋਲੀ ਰੰਗਾਂ ਦਾ ਮੌਸਮੀ ਤਿਉਹਾਰ ਹੈ ਜੋ ਫੱਗਣ ਦੀ ਪੂੰਨਿਆਂ ਨੂੰ ਬਸੰਤ ਦੇ ਆਗਮਨ ਸਮੇਂ ਮਨਾਇਆ ਜਾਂਦਾ ਹੈ । ਇਸ ਸਮੇਂ ਹਰ ਅਮੀਰ, ਗਰੀਬ, ਬੁੱਢਾ ਬਾਲ ਤੇ ਗੱਭਰੂ ਮੁਟਿਆਰ ਇਕ ਦੂਜੇ ਤੇ ਰੰਗ ਸੁੱਟ ਕੇ ਖ਼ੁਸ਼ੀਆਂ ਮਨਾਉਂਦੇ ਹਨ । ਇਕ ਪੁਰਾਣਕ

ਕਥਾ ਹੈ ਕਿ ਜਦੋਂ ਹਿਰਣਕਸ਼ਯਪ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਮਾਰਨ ਦੀ ਵਿਉਂਤ ਬਣਾਈ ਤਾਂ ਆਪਣੀ ਭੈਣ ਹੋਲਿਕਾ ਨੂੰ ਚਿਖਾ ਵਿਚ ਬਿਠਾ ਕੇ ਉਸਦੀ ਗੋਦ ਵਿਚ ਪ੍ਰਹਿਲਾਦ ਨੂੰ ਪਾ ਦਿੱਤਾ। ਹੋਲਿਕਾ ਨੂੰ ਵਰ ਸੀ ਕਿ ਉਸਨੂੰ ਅੱਗ ਨਹੀਂ ਸਾੜ ਸਕੇਗੀ। ਹਿਰਣਕਸ਼ਯਪ ਦਾ ਮਨੋਰਥ ਇਹ ਸੀ ਕਿ ਪ੍ਰਹਿਲਾਦ ਸੜ ਕੇ ਮਰ ਮੁਕ ਜਾਵੇਗਾ ਤੇ ਇਹ ਬਚੀ ਰਹੇਗੀ ਲੇਕਿਨ ਗੱਲ ਉਲਟੀ ਹੋਈ। ਹੋਲਿਕਾ ਦਾ ਦੁਪੱਟਾ ਉਡ ਕੇ ਪ੍ਰਹਿਲਾਦ ਦੇ ਪਿੰਡੇ ਉਤੇ ਪੈ ਗਿਆ, ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਉਸੇ ਦਿਨ ਦੀ ਯਾਦ ਵਿਚ ਇਸ ਤਿਉਹਾਰ ਸਮੇਂ ਅੱਗ ਬਾਲ ਕੇ 'ਹੋਲਿਕਾ' ਨੂੰ ਸਾੜਿਆ ਜਾਂਦਾ ਹੈ।

ਦਰਅਸਲ ਰੰਗ ਡੋਲ੍ਹਣਾ ਖ਼ੁਸ਼ੀਆਂ ਦੇ ਪ੍ਰਗਟਾਵੇ ਦਾ ਚਿੰਨ੍ਹ ਹੈ। ਇਸੇ ਦਾ ਪ੍ਰਤੀਕ ਲੈ ਕੇ ਸਤਿਗੁਰਾਂ ਇਹ ਗੱਲ ਆਖੀ ਹੈ ਕਿ ਅਸੀਂ ਪ੍ਰਭੂ-ਪਿਆਰਿਆਂ ਦੀ ਸੰਗਤ ਨਾਲ ਮਿਲ ਕੇ ਹੋਲੀ ਮਨਾ ਰਹੇ ਹਾਂ ਤੇ ਸਾਨੂੰ ਰੱਬੀ ਰੰਗ ਨੇ ਚਲੂਲਾ ਕੀਤਾ ਹੋਇਆ ਹੈ।

ਆਜੁ ਹਮਾਰੈ ਬਨੇ ਫਾਗ, ਪ੍ਰਭ ਸੰਗੀ ਮਿਲਿ ਖੇਲਨ ਲਾਗ।
ਹੋਲੀ ਕੀਨੀ ਸੰਤ ਸੇਵ। ਰੰਗੁ ਲਾਗਾ ਅਤਿ ਲਾਲ ਦੇਵ।

(ਬਸੰਤ ੫, ਪੰਨਾ ੧੧੮੦)

## ਕਸਤੂਰੀ

ਕਸਤੂਰੇ ਹਰਣ ਦੀ ਨਾਭੀ ਵਿਚ ਹੋਣ ਵਾਲੀ ਇਕ ਪ੍ਰਕਾਰ ਦੀ ਸੁਗੰਧੀ ਜਿਸਦਾ ਪ੍ਰਤੀਕ ਸਾਹਿੱਤ ਵਿਚ ਕਾਫ਼ੀ ਵਰਤਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਕਸਤੂਰੀ ਦਾ ਨਾਫਾ ਇਕ ਪਤਲੀ ਝਿੱਲੀ ਵਿਚ ਨਿੰਬੂ ਸਮਾਨ ਥੈਲੀ ਦੇ ਰੂਪ ਵਿਚ ਧੁੰਨੀ ਪਾਸ ਹੁੰਦਾ ਹੈ, ਜਿਸਦੀ ਰਾਖੀ ਲਈ ਇਸਦੇ ਨਾਲ ਇਕ ਹੋਰ ਥੈਲੀ ਲਗੀ ਹੁੰਦੀ ਹੈ, ਇਸਦੇ ਦੁਆਲੇ ਨਿਕੇ ਨਿਕੇ ਘੁੰਗਰਾਲੇ ਵਾਲ ਹੁੰਦੇ ਹਨ। ਕਸਤੂਰਾ ਮਿਰਗ ਹਰ ਥਾਂ ਨਹੀਂ, ਇਹ ਜ਼ਿਆਦਾਤਰ ਤਿੱਬਤ, ਸ਼ਿਕਾਂਗ, ਕਸ਼ਮੀਰ, ਨਿਪਾਲ, ਅਸਾਮ ਦੇ ਜੰਗਲਾਂ ਵਿਚ ਕਿਤੇ ਕਿਤੇ ਮਿਲਦਾ ਹੈ ਤੇ ਸ਼ਿਕਾਰੀ ਇਸਦਾ ਸ਼ਿਕਾਰ ਕਰਕੇ ਨਾਫਾ ਲੈਣ ਦਾ ਯਤਨ ਕਰਦੇ ਹਨ।

ਕਸਤੂਰੀ ਵਧੇਰੇ ੮-੧੦ ਸਾਲ ਦੇ ਹਰਣ ਵਿਚੋਂ ਜ਼ਿਆਦਾ ਮਿਲਦੀ ਹੈ, ਬੱਚੇ ਯਾ ਬੁੱਢੇ ਹਰਣ ਵਿਚ ਇਹ ਨਾਮ ਮਾਤਰ ਹੀ ਹੁੰਦੀ ਹੈ। ਇਕ ਮ੍ਰਿਗ ਦੇ ਨਾਫੇ ਵਿਚ ੧੦ ਤੋਂ ੪੫ ਗ੍ਰਾਮ ਤਕ ਕਸਤੂਰੀ ਮਿਲ ਜਾਂਦੀ ਹੈ। ਇਸਦਾ ਰੰਗ ਗੂੜ੍ਹਾ ਬੈਂਗਣੀ ਯਾ ਕਾਲਾ ਜਿਹਾ ਹੁੰਦਾ ਹੈ, ਜੇ ਇਸਨੂੰ ਕਾਗਜ਼ ਯਾ ਕਪੜੇ ਤੇ ਲਾਈਏ ਤਾਂ ਰੰਗ ਪੀਲਾ ਹੋ ਜਾਂਦਾ ਹੈ। ਇਹ ਦਿਮਾਗ਼ੀ ਸ਼ਕਤੀ ਲਈ ਲਾਭਵੰਦ ਮੰਨੀ ਗਈ ਹੈ।

ਇਸ ਨਾਫੇ ਦੀ ਇਤਨੀ ਸੁਗੰਧੀ ਹੁੰਦੀ ਹੈ ਕਿ ਕਈ ਵਾਰ ਬੈਠਾ ਬੈਠਾ ਹਰਣ ਆਪਣੀ ਹੀ ਸੁਗੰਧੀ ਨਾਲ ਮਸਤਾਨਾ ਹੋ ਕੇ ਬਾਹਰ ਜੰਗਲ ਵਿਚ ਇਸਦੀ ਢੂੰਡ ਕਰਨ ਲਈ ਦੌੜਦਾ ਹੈ। ਉਸਨੂੰ ਖਿਆਲ ਹੁੰਦਾ ਹੈ ਕਿ ਸ਼ਾਇਦ ਇਹ ਖ਼ੁਸ਼ਬੂ ਕਿਤੋਂ ਬਾਹਰੋਂ ਆ ਰਹੀ ਹੈ, ਤੇ ਉਹ ਇਸੇ ਤਲਾਸ਼ ਵਿਚ ਭਟਕਦਾ ਰਹਿੰਦਾ ਹੈ। ਇਸ ਅਵਸਥਾ ਦੀ

ਮਿਸਾਲ ਲੈ ਕੇ ਰਹੱਸਵਾਦੀ ਸੰਤਾਂ ਇਹ ਖ਼ਿਆਲ ਪ੍ਰਗਟਾਇਆ ਹੈ ਕਿ ਮਨੁਖ ਦੀ ਹਾਲਤ ਵੀ ਉਸ ਕਸਤੂਰੇ ਹਰਣ ਵਰਗੀ ਹੀ ਹੈ ਜੋ ਆਤਮ-ਅਨੰਦ ਦੀ ਪਛਾਣ ਨਾ ਕਰਕੇ, ਇਹ ਅਨੰਦ ਕਿਤੋਂ ਬਾਹਰੋਂ ਲੱਭਦਾ ਫਿਰਦਾ ਹੈ, ਇਹ ਅਸਲ ਵਿਚ ਅੰਦਰ ਹੀ ਹੈ :—

ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ, ਮਨਮੁਖਾ ਸਾਦੁ ਨ ਪਾਇਆ
ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ ।

(ਵਾਰ ਸੋਰਠਿ ੪, ਪੰਨਾ ੬੪੪)

## ਕਸੁੰਭਾ

ਇਕ ਕਿਸਮ ਦਾ ਬੂਟਾ ਜਿਸਦੇ ਫੁੱਲ ਭੜਕੀਲੇ ਰੰਗ ਦੇ ਹੁੰਦੇ ਹਨ ਤੇ ਇਸਦੇ ਫੁੱਲਾਂ ਦੀਆਂ ਤੁਰੀਆਂ ਨੂੰ ਲੈ ਕੇ ਕਪੜਿਆਂ ਨੂੰ ਲਾਲ ਸੂਹਾ ਰੰਗ ਦਿੱਤਾ ਜਾਂਦਾ ਹੈ। ਇਹ ਰੰਗ ਭਾਵੇਂ ਕਾਫ਼ੀ ਤੇਜ਼ ਹੁੰਦਾ ਤੇ ਸੋਹਣਾ ਵੀ ਲਗਦਾ ਹੈ ਪਰ ਧੁੱਪ ਦੀ ਤੇਜ਼ੀ ਨਾਲ ਯਾ ਪਾਣੀ ਵਿਚ ਪਾਇਆਂ ਛੇਤਨ ਉਤਰ ਜਾਂਦਾ ਹੈ । ਕਸੁੰਭੇ ਰੰਗ ਦੀ ਇਹ ਖ਼ਾਸੀਅਤ ਜਾਣ ਕੇ ਸੰਤ ਕਵੀਆਂ ਮਾਇਕ ਪਦਾਰਥਾਂ ਦੇ ਅਨੰਦ ਨੂੰ ਇਸ ਨਾਲ ਉਪਮਾਇਆ ਤੇ ਮਨੁੱਖ ਨੂੰ ਤਾਕੀਦ ਕੀਤੀ ਹੈ ਕਿ ਉਹ ਇਸਦੀ ਚਮਕ ਦਮਕ ਦਾ ਸ਼ਿਕਾਰ ਨਾ ਹੋਵੇ ਕਿਉਂਕਿ ਇਹ ਛਿਨ ਭੰਗਰ ਹੈ :—

ਕਚਾ ਰੰਗੁ ਕਸੁੰਭ ਕਾ, ਥੋੜੜਿਆ ਦਿਨ ਚਾਰਿ ਜੀਉ ।

(ਸੂਹੀ ੧, ਪੰਨਾ ੭੫੧)

ਬਾਬਾ ਫ਼ਰੀਦ ਜੀ ਨੇ ਫ਼ੁਰਮਾਇਆ ਹੈ :

ਹਥੁ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ ।

(ਸੂਹੀ ਫਰੀਦ, ਪੰਨਾ ੭੯੪)

## ਕੱਛ (ਅਵਤਾਰ)

ਚੋਵੀ ਅਵਤਾਰਾਂ ਵਿਚੋਂ ਵਿਸ਼ਨੂ ਦਾ ਦੂਜਾ ਅਵਤਾਰ ਕੱਛ ਹੈ, ਭਾਗਵਤ ਪੁਰਾਣ ਵਿਚ ਕਥਾ ਹੈ ਕਿ ਜਦੋਂ ਦੇਵਤੇ ਤੇ ਦੈਂਤ ਰਲ ਕੇ ਖੀਰ ਸਮੁੰਦਰ ਰਿੜਕਣ ਲਗੇ ਤਾਂ ਵਿਸ਼ਨੂੰ ਦੀ ਆਗਿਆ ਅਨੁਸਾਰ ਉਨ੍ਹਾਂ ਮੰਦ੍ਰਾਚਲ ਪਰਬਤ ਦੀ ਮਧਾਣੀ ਤੇ ਸ਼ੇਸ਼ਨਾਗ ਦੇ ਬਾਸਕਾਂ ਦਾ ਨੇਤਾ ਬਣਾਇਆ । ਜਦੋਂ ਰਿੜਕਣਾ ਸ਼ੁਰੂ ਕੀਤਾ ਤਾਂ ਮੰਦ੍ਰਾਚਲ ਕਿਤੇ ਨ ਟਿਕੇ, ਅੰਤ ਵਿਸ਼ਨੂੰ ਭਗਵਾਨ ਨੇ ਕੱਛੂ ਦਾ ਰੂਪ ਧਾਰ ਕੇ ਪਹਾੜ ਨੂੰ ਆਪਣੀ ਪਿੱਠ ਦਾ ਆਸਰਾ ਦੇਈ ਰਖਿਆ ਤੇ ਇਸ ਤਰ੍ਹਾਂ ਦੇਵਤੇ ਅਤੇ ਦੈਂਤ ਸਾਗਰ ਮਥਣ ਵਿਚ ਸਫਲ ਹੋ ਗਏ ਤੇ ਉਨ੍ਹਾਂ ੧੪ ਰਤਨ ਕੱਢ ਲਏ । ਵੇਦ ਵਿਆਸ ਜੀ ਨੇ ਲਿਖਿਆ ਹੈ ਕਿ ਕਛੂ ਅਵਤਾਰ ਦੀ ਪਿੱਠ ਇਕ ਲੱਖ ਯੋਜਨਾ ਦੀ ਸੀ ।

ਗੁਰਬਾਣੀ, ਅਵਤਾਰਾਂ ਦੀ ਹਸਤੀ ਪਰਵਾਣ ਨਹੀਂ ਕਰਦੀ, ਉਸ ਅਨੁਸਾਰ ਇਹ ਸਭ ਪਰਮੇਸ਼ਰ ਦੀ ਸ਼ਕਤੀ ਦੇ ਕ੍ਰਿਸ਼ਮੇ ਹਨ, ਵੱਖਰੇ ਦੇਵਤੇ ਯਾ ਅਵਤਾਰ ਨਹੀਂ ।

ਆਪੇ ਭਵਰੁ ਫੁਲੁ ਫਲੁ ਤਰਵਰੁ ।
ਆਪੇ ਜਲੁ ਥਲੁ ਸਾਗਰੁ ਸਰਵਰ ।
ਆਪੇ ਮਛੁ ਕਛੁ ਕਰਣੀ ਕਰੁ
ਤੇਰਾ ਰੂਪੁ ਨ ਲਖਣਾ ਜਾਈ ਹੇ ।੬।

(ਮਾਰੂ ਸੋਲਹੇ ੧, ਪੰਨਾ ੧੦੨੦)

## ਕਜਲੀ ਬਨ

ਕਜਲੀ ਦਾ ਅਰਥ ਕਾਲਖ ਯਾ ਅਨ੍ਹੇਰ ਹੈ, ਅਜੇਹਾ ਭਿਆਨਕ ਜੰਗਲ ਜਿਸ ਵਿਚ ਰੋਸ਼ਨੀ ਨ ਹੋਵੇ ਤੇ ਸੰਘਣੇ ਦਰਖਤਾਂ ਕਾਰਣ ਅਨ੍ਹੇਰ ਘੁੱਪ ਹੋਵੇ । ਅਜੇਹੀ ਥਾਂ ਵਿਚ ਜੰਗਲੀ ਜਾਨਵਰ ਆਪਣਾ ਟਿਕਾਣਾ ਬਣਾਉਂਦੇ ਤੇ ਨਿਸ਼ਚਿੰਤ ਹੋ ਕੇ ਵਿਚਰਦੇ ਹਨ । ਰਿਖੀਕੇਸ ਹਰਿਦੁਆਰ ਦੇ ਲਾਗਲੇ ਜੰਗਲ ਦਾ ਨਾਮ ਕਜਲੀ ਬਨ ਹੈ ਅਤੇ ਅਸਾਮ ਪ੍ਰਾਂਤ ਵਿਚਲੇ ਇਕ ਬਣ ਨੂੰ ਵੀ 'ਕਜਲੀ ਬਨ' ਕਿਹਾ ਜਾਂਦਾ ਹੈ । ਉਸ ਜੰਗਲ ਵਿਚ ਕਦਲੀ-ਕੇਲਾ ਬਹੁਤ ਹੁੰਦੇ ਹਨ ਤੇ ਜੰਗਲੀ ਹਾਥੀ ਆਮ ਫਿਰਦੇ ਰਹਿੰਦੇ ਹਨ ।

ਸੰਤ ਕਵੀਆਂ ਨੇ ਇਸ ਸਰੀਰ ਨੂੰ ਕਜਲੀ ਬਨ ਨਾਲ ਉਪਮਾ ਦਿਤੀ ਹੈ ਜਿਸ ਵਿਚ ਮਨ, ਮਦ-ਮਸਤ ਹਾਥੀ ਵਾਂਙ ਘੁੰਮਦਾ ਫਿਰਦਾ ਤੇ ਕੇਲੇ ਸਮਾਨ ਕੋਮਲ਼ ਦੈਵੀ ਗੁਣਾਂ ਨੂੰ ਦਲਦਾ ਮਲਦਾ ਜਾਂਦਾ ਹੈ । ਕਬੀਰ ਸਾਹਿਬ ਦਾ ਕਥਨ ਹੈ—

ਕਾਇਆ ਕਜਲੀ ਬਨੁ ਭਇਆ
ਮਨੁ ਕੁੰਚਰੁ ਮਯ ਮੰਤੁ ।੨੨੪।

(ਸਲੋਕ ਕਬੀਰ ਪੰਨਾ ੧੩੭੬)

## ਕਤੇਬ

ਜਿਵੇਂ ਮੁੱਖ ਹਿੰਦੂ ਧਰਮਗ੍ਰੰਥ 'ਵੇਦ' ਨਾਂ ਨਾਲ ਪੁਕਾਰੇ ਜਾਂਦੇ ਹਨ, ਤਿਵੇਂ ਸਾਮੀ ਮਜ਼ਬਾਂ ਦੀਆਂ ਪਵਿਤਰ ਕਿਤਾਬਾਂ 'ਕਿਤੇਬ' ਕਹੀਆਂ ਜਾਂਦੀਆਂ ਹਨ । ਇਹ ਗਿਣਤੀ ਵਿਚ ਚਾਰ ਹਨ-ਤੌਰੇਤ, ਜ਼ਬੂਰ, ਇੰਜੀਲ ਤੇ ਕੁਰਾਨ । ਤੌਰੇਤ ਹਜ਼ਰਤ ਮੂਸਾ ਉਤੇ, ਜ਼ਬੂਰ ਹਜ਼ਰਤ ਦਾਊਦ ਉਤੇ, ਇੰਜੀਲ ਈਸਾ ਮਸੀਹ ਉਤੇ ਅਤੇ ਕੁਰਾਨ ਹਜ਼ਰਤ ਮੁਹੰਮਦ ਸਾਹਿਬ ਨੂੰ ਜਬਰਾਈਲ ਫਰਿਸ਼ਤੇ ਰਾਹੀਂ ਪਰਾਪਤ ਹੋਇਆ ਸੀ । ਤੌਰੇਤ ਤੇ ਜ਼ਬੂਰ ਯਹੂਦੀਆਂ ਦੀ, ਇੰਜੀਲ ਈਸਾਈਆਂ ਦੀ ਅਤੇ ਕੁਰਾਨ ਮੁਸਲਮਾਨਾਂ ਦੀ ਪੂਜਨੀਕ ਪੁਸਤਕ ਹੈ । ਇਹ ਇਨ੍ਹਾਂ ਨੂੰ ਅਸਮਾਨੀ ਯਾਂ ਇਲਹਾਮੀ ਕਿਤਾਬਾਂ ਮੰਨਦੇ ਹਨ, ਜਿਸਦਾ ਭਾਵ ਇਹ ਹੈ ਕਿ ਇਹ ਧਾਰਮਿਕ ਗਿਆਨ ਸਿੱਧਾ ਪਰਮੇਸ਼ਰ ਵਲੋਂ ਪ੍ਰਾਪਤ ਹੋਇਆ ਤੇ ਸ਼ਰਧਾਲੂ ਲਈ ਇਸਨੂੰ ਇੰਨਬਿੰਨ ਪਰਵਾਣ ਕਰਨਾ ਜ਼ਰੂਰੀ ਹੈ ।

ਇਨ੍ਹਾਂ ਗ੍ਰੰਥਾਂ ਵਿਚ ਧਾਰਮਕ ਉਪਦੇਸ਼ਾਂ ਤੋਂ ਇਲਾਵਾ, ਬਹੁਤੀਆਂ ਪੁਰਾਣਿਆਂ ਕਬੀਲਿਆਂ ਬਾਰੇ ਪੁਰਾਣਕ ਕਹਾਣੀਆਂ ਵਿਸਤਾਰ ਨਾਲ ਲਿਖੀਆਂ ਮਿਲਦੀਆਂ ਹਨ ਅਤੇ ਕੁਰਾਨ ਸ਼ਰੀਫ ਵਿਚ ਹਜ਼ਰਤ ਮੁਹੰਮਦ ਸਾਹਿਬ ਵਲੋਂ ਲੜੀਆਂ ਗਈਆਂ ਕਈ

ਜੰਗਾਂ ਦਾ ਹਾਲ ਵੀ ਦਰਜ ਹੈ। ਵੇਦ-ਪਾਠੀਆਂ ਵਾਂਙੂ ਇਨ੍ਹਾਂ ਚਾਰ ਕਿਤੇਬਾਂ ਦੇ ਸ਼ਰਧਾਲੂ ਵੀ ਇਨ੍ਹਾਂ ਦੇ ਪਾਠ ਮਾਤਰ ਨਾਲ ਆਤਮਕ ਉਦੇਸ਼ ਪ੍ਰਾਪਤ ਕਰਨ ਦਾ ਦਾਅਵਾ ਕਰਦੇ ਹਨ, ਜਿਸਨੂੰ ਆਦਿ ਗ੍ਰੰਥ ਵਿਚ ਪਰਵਾਣ ਨਹੀਂ ਕੀਤਾ ਗਿਆ—

ਵੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨ ਜਾਇ
ਟੁਕੁ ਦਮੁ ਕਰਾਰੀ ਜਉ ਕਰਹੁ, ਹਾਜਿਰ ਹਜੂਰਿ ਖੁਦਾਇ।

(ਤਿਲੰਗ ਕਬੀਰ, ਪੰਨਾ ੭੨੭)

ਹਿੰਦੂ ਮੁਸਲਮਾਨ ਇਕ ਦੂਜੇ ਦੇ ਧਰਮ-ਗ੍ਰੰਥਾਂ ਦੀ ਨਿਖੇਧੀ ਕਰਦੇ ਰਹਿੰਦੇ ਸਨ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ ਕਿ ਇਨ੍ਹਾਂ ਵਿਚ ਜੋ ਆਤਮਕ ਗਿਆਨ ਦੀ ਅੰਸ਼ ਹੈ, ਉਸ ਦੇ ਮਹੱਤਵ ਨੂੰ ਪਛਾਣੋ ਤੇ ਐਂਵੇ ਕਿਸੇ ਨੂੰ ਕੂੜਾ ਨ ਆਖੋ। ਕਬੀਰ ਦਾ ਬਚਨ ਹੈ :-

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੇ।

(ਪ੍ਰਭਾਤੀ ਕਬੀਰ, ਪੰਨਾ ੧੩੫੦)

## ਕਦੂਰੀ

ਮੁਸਲਮਾਨੀ ਮਤ ਦੀ ਇਕ ਧਾਰਮਿਕ ਕ੍ਰਿਆ, ਜਿਸ ਦੁਆਰਾ ਹਜ਼ਰਤ ਮੁਹੰਮਦ ਸਾਹਿਬ ਦੀ ਸਪੁੱਤਰੀ-ਬੀਬੀ ਫਾਤਿਮਾ ਦੇ ਨਾਂ ਤੇ ਫ਼ਾਤਿਹਾ ਪੜ੍ਹ ਕੇ ਭੋਜਨ ਯਾ ਪ੍ਰਸਾਦ ਵੰਡਿਆ ਜਾਂਦਾ ਹੈ। ਮੁਸਲਮਾਨ ਇਸਨੂੰ ਇਕ ਉਤਮ ਪੁੰਨ ਕਰਮ ਸਮਝਦੇ ਹਨ ਤੇ ਇਸ ਦੁਆਰਾ ਆਪਣੀ ਕਮਾਈ ਸਫਲ ਹੋਈ ਮੰਨਦੇ ਹਨ।

ਕਬੀਰ ਸਾਹਿਬ ਕਹਿੰਦੇ ਹਨ ਕਿ ਅੰਦਰਲੇ ਅਗਿਆਨ ਤੇ ਭਰਮ ਭੁਲੇਖੇ ਨੂੰ ਮਿਟਾਉਣਾ ਹੀ 'ਕਦੂਰੀ' ਹੈ, ਤੇ ਇਹੋ ਸਾਡਾ ਧਰਮ-ਕਰਮ ਹੈ।

ਮਿਸਮਿਲਿ ਤਾਮਸੁ ਭਰਮੁ ਕਦੂਰੀ।
ਭਾਖਿ ਲੇ ਪੰਚੈ ਹੋਇ ਸਾਬੂਰੀ।

(ਭੈਰਉ ਕਬੀਰ, ਪੰਨਾ ੧੧੫੮)

## ਕਪਾਲ

'ਪਦਮ ਪੁਰਾਣ' ਵਿਚ ਕਥਾ ਹੈ ਕਿ ਇਕ ਵਾਰ ਬ੍ਰਹਮਾ ਆਪਣੀ ਅਤਿ ਸੁੰਦਰ ਸਪੁੱਤਰੀ ਸਰਸਵਤੀ ਉਤੇ ਮੋਹਿਤ ਹੋ ਗਿਆ ਤੇ ਦੁਰਾਚਾਰ ਲਈ ਯਤਨ ਕਰਨ ਲਗਾ। ਇਹ ਗੱਲ ਦੇਖਕੇ ਸ਼ਿਵ ਜੀ ਬਹੁਤ ਰੋਹ ਵਿਚ ਆਏ ਤੇ ਉਨ੍ਹਾਂ ਖ਼ਬੇ ਹੱਥ ਦੀ ਉਂਗਲ ਦੇ ਨਹੁੰ ਨਾਲ ਬ੍ਰਹਮਾ ਦਾ ਇਕ ਸਿਰ ਕੱਟ ਲਿਆ ਜੋ ਉਨ੍ਹਾਂ ਦੇ ਹੱਥ ਨਾਲ ਹੀ ਚਿਪਕ ਗਿਆ। ਪਹਿਲੇ ਬ੍ਰਹਿਮਾ ਦੇ ਪੰਜ ਸਿਰ ਸਨ, ਕੱਟਣ ਤੇ ਬਾਕੀ ਚਾਰ ਰਹਿ ਗਏ। ਉਧਰ ਸ਼ਿਵ ਜੀ ਨੇ ਕਈ ਯਤਨ ਕੀਤੇ ਪਰ ਉਹ ਹੱਥ ਨਾਲ ਚੰਬੜਿਆ ਸਿਰ ਨਾਲੋਂ ਨ ਲੱਥਾ। ਅਖੀਰ ਉਨ੍ਹਾਂ ਕਾਂਸ਼ੀ ਵਿਚ ਆ ਕੇ ਇਕ ਸਰੋਵਰ ਉਤੇ ਇਸ਼ਨਾਨ ਕੀਤਾ ਤਾਂ ਇਹ ਬ੍ਰਹਮ-ਹਤਿਆ ਦੇ ਪਾਪ ਕਾਰਣ ਚੰਬੜਿਆ ਕਪਾਲ, ਹੱਥ ਤੋਂ ਉਤਰਿਆ। ਹੁਣ

ਇਸ ਤੀਰਥ ਦਾ ਨਾਂ ਕਪਾਲਮੋਚਨ ਹੈ। ਇਸੇ ਨਾਂ ਦਾ ਇਕ ਤੀਰਥ ਪੰਜਾਬ ਵਿਚ ਜਗਾਧਰੀ ਲਾਗੇ ਵੀ ਹੈ ਪਰ ਉਸ ਦੀ ਕਥਾ ਹੋਰ ਹੈ। ਮਹਾਂਭਾਰਤ ਅਨੁਸਾਰ ਸ੍ਰੀ ਰਾਮਚੰਦਰ ਜੀ ਨੇ ਇਕ ਦੈਂਤ ਦਾ ਸਿਰ ਵੱਢਿਆ ਜੋ ਮਹੋਦਰ ਰਿਸ਼ੀ ਦੀ ਲੱਤ ਨਾਲ ਚੰਬੜ ਗਿਆ। ਇਹ ਇਸ ਤੀਰਥ ਵਿਚ ਨ੍ਹਾਉਣ ਨਾਲ ਉਤਰਿਆ ਸੀ। ਇਸੇ ਪ੍ਰਾਣਕ ਕਥਾ ਵਲ ਇਸ਼ਾਰਾ ਕਰਦਿਆਂ ਭਗਤ ਤ੍ਰਿਲੋਚਨ ਜੀ ਨੇ ਕਿਹਾ ਹੈ :-

ਅਨਿਕ ਪਾਤਕ ਹਰਤਾ ਤ੍ਰਿਭਵਨ ਨਾਥੁ ਰੀ
ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ
ਕਰਮ ਕਰਿ ਕਪਾਲੁ ਮਫੀਟਸਿ ਰੀ।

(ਧਨਾਸਰੀ ਤ੍ਰਿਲੋਚਨ, ਪੰਨਾ ੬੯੫)

## ਕਪਿਲ (ਰਿਸ਼ੀ)

ਛੇ ਸ਼ਾਸਤ੍ਰਾਂ ਵਿਚੋਂ ਸਾਂਖ ਸ਼ਾਸਤ੍ਰ ਦਾ ਮੋਢੀ ਆਚਾਰਯ ਰਿਸ਼ੀ ਕਪਿਲ ਸੀ। ਇਸ ਦੀ ਮਾਤਾ ਦਾ ਨਾਮ ਦੇਵਹੂਤਿ ਤੇ ਪਿਤਾ ਦਾ ਨਾਮ ਕਰਦਮ ਸੀ। ਭਾਗਵਤ ਪੁਰਾਣ ਵਿਚ ਇਸ ਨੂੰ ਵਿਸ਼ਨੂ ਦਾ ਪੰਜਵਾਂ ਅਵਤਾਰ ਆਖਿਆ ਗਿਆ ਹੈ। ਇਸ ਨੂੰ ਅਗਨੀ ਦਾ ਅਵਤਾਰ ਤੇ ਬ੍ਰਹਿਮਾ ਦਾ ਮਾਨਸਕ ਪੁੱਤਰ ਵੀ ਮੰਨਿਆ ਜਾਂਦਾ ਹੈ। ਰਵਾਇਤ ਹੈ ਕਿ ਹਰ ਕਲਪ ਦੇ ਅਰੰਭ ਵਿਚ ਕਪਿਲ ਜਨਮ ਲੈਂਦੇ ਹਨ ਤੇ ਇਨ੍ਹਾਂ ਨੂੰ ਸਾਰੀਆਂ ਸਿੱਧੀਆਂ ਪ੍ਰਾਪਤ ਰਹਿੰਦੀਆਂ ਹਨ, ਇਸੇ ਕਰਕੇ ਇਨ੍ਹਾ ਨੂੰ 'ਆਦਿ ਸਿਧ' ਯਾ 'ਆਦਿ ਵਿਦਵਾਨ' ਕਹਿਕੇ ਵੀ ਯਾਦ ਕੀਤਾ ਜਾਂਦਾ ਹੈ। ਬ੍ਰਾਹਮਣ ਗ੍ਰੰਥਾਂ ਵਿਚ ਯੱਗ ਦੁਆਰਾ ਮੁਕਤੀ ਮਿਲਦੀ ਦੱਸੀ ਜਾਂਦੀ ਸੀ ਪਰੰਤੂ ਸ਼ਾਇਦ ਕਪਿਲ ਹੀ ਐਸਾ ਅਚਾਰਯ ਰਿਸ਼ੀ ਸੀ ਜਿਸ ਨੇ 'ਤੱਤ ਗਿਆਨ' ਦੁਆਰਾ ਮੋਖ ਪ੍ਰਾਪਤੀ ਦਾ ਮਾਰਗ ਸੁਝਾਇਆ ਅਤੇ ਤਿਆਗ-ਤਪੱਸਿਆ ਦੀ ਰਹੁਰੀਤ ਸਿਖਾਈ। ਇਸ ਦੀ ਅਖੰਡ ਤਪੱਸਿਆ ਮਸ਼ਹੂਰ ਹੈ। ਕਹਿੰਦੇ ਹਨ ਜਦੋਂ ਰਾਜਾ ਸਗਰ ਨੇ ਅਸ਼ਵਮੇਧ ਯੱਗ ਕੀਤਾ ਤਾਂ ਇੰਦ੍ਰ ਨੂੰ ਫਿਕਰ ਪੈ ਗਿਆ, ਉਸ ਨੇ ਯੱਗ ਦਾ ਘੋੜਾ ਚੁਰਾ ਕੇ ਪਾਤਾਲ ਵਿਚ ਪਹੁੰਚਾ ਦਿਤਾ ਜਿਥੇ ਕਿ ਕਪਿਲ ਰਿਸ਼ੀ ਤਪ ਕਰ ਰਿਹਾ ਸੀ। ਇਸ ਘੋੜੇ ਦੀ ਤਲਾਸ਼ ਵਿਚ ਰਾਜੇ ਸਗਰ ਦੇ ਸੱਠ ਹਜ਼ਾਰ ਪੁੱਤਰ ਉਥੇ ਪਹੁੰਚੇ, ਉਨ੍ਹਾਂ ਨੂੰ ਇਹ ਭੁਲੇਖਾ ਲਗਾ ਕਿ ਘੋੜਾ ਸ਼ਾਇਦ ਇਸੇ ਰਿਸ਼ੀ ਨੇ ਚੁਰਾਇਆ ਹੈ, ਇਸ ਕਰਕੇ ਉਹ ਸਾਰੇ ਹੀ ਅਭਿਮਾਨ ਵਿਚ ਅਬਾਤਬਾ ਬੋਲਣ ਲਗੇ। ਰਿਸ਼ੀ ਨੂੰ ਅਜੇਹਾ ਗੁੱਸਾ ਆਇਆ ਕਿ ਉਸ ਨੇ ਇਕੋ ਨਜ਼ਰ ਨਾਲ ਸਾਰੇ ਭਸਮ ਕਰ ਦਿਤੇ।

ਇਹ ਆਖਣਾ ਔਖਾ ਹੈ ਕਿ ਇਹ ਰਿਸ਼ੀ ਕਪਿਲ ਤੇ ਸਾਂਖ ਸ਼ਸਤ੍ਰ ਦੇ ਬਾਨੀ ਇਕੋ ਹੀ ਸਨ, ਹੋ ਸਕਦਾ ਹੈ, ਇਹ ਭਿੰਨ ਭਿੰਨ ਹੋਣ। ਗੁਰਬਾਣੀ ਵਿਚ 'ਆਦਿ ਤਪੀਸਰ' ਰਿਸ਼ੀ ਸਬੰਧੀ ਸੰਕੇਤ ਇਉਂ ਮਿਲਦਾ ਹੈ:-

ਗਾਵਹਿ ਕਪਲਾਦਿ ਆਦਿ ਜੋਗੀਸਰੁ
ਅਪਰੰਪਰ ਅਵਤਾਰ ਵਰੋ।

(ਸਵਈਏ ਮਹਲੇ ਪਹਲੇ ਕੇ, ਪੰਨਾ ੧੩੮੯)

**ਕਪਿਲਾ—ਦੇਖੋ ਕੈਲੀ**

**ਕਬੀਰ**

ਭਗਤ ਕਬੀਰ (੧੩੯੮-੧੪੯੫ ਈ.) ਭਗਤੀ ਲਹਿਰ ਦੇ ਸਭ ਤੋਂ ਵਧ ਪ੍ਰਸਿੱਧ ਕ੍ਰਾਂਤੀਕਾਰੀ ਸੰਤ ਹੋਏ, ਜਿਨ੍ਹਾਂ ਧਾਰਮਿਕ ਤੇ ਸਮਾਜਕ ਭਰਮਾਂ ਵਹਿਮਾਂ ਨੂੰ ਰੱਦ ਕਰਕੇ ਰੱਬੀ ਏਕਤਾ ਤੇ ਮਨੁੱਖੀ ਏਕਤਾ ਦਾ ਸਬਕ ਪੜ੍ਹਾਇਆ। ਪ੍ਰਚਲਤ ਰਵਾਇਤ ਅਨੁਸਾਰ ਆਪ ਦਾ ਜਨਮ ਜੁਲਾਹਿਆਂ ਦੇ ਘਰ ਬਨਾਰਸ ਵਿਚ ਹੋਇਆ ਤੇ ਸੁਆਮੀ ਰਾਮਾਨੰਦ ਤੋਂ ਦੀਖਿਆ ਪ੍ਰਾਪਤ ਕੀਤੀ। ਇਸ ਸਮੇਂ ਕਰਮਕਾਂਡੀ ਧਰਮ ਮਜ਼ਬੀ ਕੱਟਰਤਾ, ਹਿੰਦੂ ਮੁਸਲਮ ਵਿਰੋਧ ਤੇ ਪਰੋਹਤ ਜਮਾਤ ਦੀਆਂ ਆਪਹੁਦਰੀਆਂ ਨੇ ਭਾਰਤੀ ਸਮਾਜ ਵਿਚ ਬੜੇ ਸੰਕਟ ਪੈਦਾ ਕੀਤੇ ਹੋਏ ਸਨ, ਕਬੀਰ ਨੇ ਬਿਨਾ ਕਿਸੇ ਡਰ ਭੈ ਦੇ ਸਭ ਨਾਲ ਟੱਕਰ ਲਈ ਤੇ ਏਕਤਾ ਅਤੇ ਪ੍ਰੇਮਾ ਭਗਤੀ ਦਾ ਪ੍ਰਚਾਰ ਕੀਤਾ। ਆਪ ਨੂੰ ਸਮੇਂ ਦੇ ਮੁਸਲਮ ਬਾਦਸ਼ਾਹ ਵਲੋਂ ਦਿਤੀਆਂ ਸਜ਼ਾਵਾਂ ਵੀ ਭੁਗਤਣੀਆਂ ਪਈਆਂ ਪਰ ਆਪ ਅਡੋਲ ਰਹੇ ਤੇ ਇਸ ਅਡੋਲਤਾ ਤੇ ਦ੍ਰਿੜ੍ਹਤਾ ਨੇ ਹੀ ਉਨ੍ਹਾਂ ਨੂੰ ਲੋਕ-ਨੇਤਾ ਬਣਾਇਆ।

'ਕਬੀਰ ਪੰਥ' ਨਾਂ ਤੇ ਕਬੀਰ ਨੂੰ ਮੰਨਣ ਵਾਲੀ ਇਕ ਭਾਰੀ ਸੰਪ੍ਰਦਾ ਹੈ ਜਿਸਦੀ ਗੱਦੀ ਕਾਂਸ਼ੀ ਵਿਚ ਹੈ ਤੇ ਇਨ੍ਹਾਂ ਦਾ ਗ੍ਰੰਥ 'ਕਬੀਰ ਬੀਜਕ' ਹੈ। ਭਗਤੀ ਲਹਿਰ ਦੇ ਬਾਕੀ ਭਗਤਾਂ ਨਾਲੋਂ ਕਬੀਰ ਦੀ ਬਾਣੀ ਸਭ ਤੋਂ ਵਧ ਹੈ, ਕਾਫੀ ਉਨ੍ਹਾਂ ਦੇ ਨਾਂ ਤੇ ਪਿਛੋਂ ਨਕਲੀ ਵੀ ਰਚੀ ਗਈ ਹੈ। ਪਰੰਤੂ ਆਦਿ ਗੁਰੂ ਗ੍ਰੰਥ ਦੇ ੧੭ ਰਾਗਾਂ ਵਿਚ ਆਏ ੫੪੧ ਸ਼ਬਦ, ਸਲੋਕ ਸਭ ਤੋਂ ਵਧ ਪ੍ਰਮਾਣੀਕ ਮੰਨੇ ਜਾਂਦੇ ਹਨ ਕਿਉਂਕਿ ਇਸਤੋਂ ਪਹਿਲਾਂ ਦੀ ਹੋਰ ਕੋਈ ਭਰੋਸੇ-ਯੋਗ ਹੱਥ-ਲਿਖਤ ਪ੍ਰਾਪਤ ਨਹੀਂ। ਇਸ ਬਾਣੀ ਵਿਚ ਤਾਰਕਿਕ ਅੰਗ ਪਰਧਾਨ ਹੈ ਤੇ ਰਹੱਸਵਾਦੀ ਰੰਗ ਵੀ ਚੰਗਾ ਉਘੜਿਆ ਹੈ। ਬਾਵਜੂਦ ਇਤਨੀ ਜੀਵਨ-ਉੱਚਤਾ ਦੇ ਕਬੀਰ ਨੇ ਥਾਂ ਥਾਂ ਨਿਰਮਾਣਤਾ ਹੀ ਪਰਗਟ ਕੀਤੀ ਹੈ :—

'ਕਬੀਰ ਨਾ ਹਮ ਕੀਆ ਨ ਕਰਹਿਗੇ, ਨਾ ਕਰਿ ਸਕੈ ਸਰੀਰੁ
ਕਿਆ ਜਾਨਉ ਕਿਛੁ ਹਰਿ ਕੀਆ, ਭਇਓ ਕਬੀਰੁ ਕਬੀਰੁ ।੬੨।
(ਸਲੋਕ ਕਬੀਰ, ਪੰਨਾ ੧੩੬੭)

**ਕਮਲਾ—ਦੇਖੋ ਲੱਛਮੀ**

**ਕਰਹਲੇ**

ਰਾਜਸਥਾਨੀ ਤੇ ਸਿੰਧੀ ਵਿਚ 'ਕਰਹਾ' ਯਾ 'ਕਰਹਲ' ਊਠ ਨੂੰ ਕਹਿੰਦੇ ਹਨ ਸੰਸਕ੍ਰਿਤ ਸ਼ਬਦ ਕ੍ਰਮੇਲ-ਅਰਬੀ ਕ੍ਰਿਮਲ ਤੇ ਅੰਗ੍ਰੇਜ਼ੀ 'ਕੈਮਲ' ਸ਼ਬਦ ਰਲਦੇ ਮਿਲਦੇ ਹਨ। 'ਕਰਹਲੇ' ਉਹ ਗੀਤ ਹਨ ਜੋ ਊਠਵਾਨ ਸੁਦਾਗਰ, ਰਸਤੇ ਵਿਚ ਊਠ ਹੱਕਜਾਂਦੇ ਦੇ

ਗਾਉਂਦੇ ਹਨ। ਇਨ੍ਹਾਂ ਵਿਚ ਵੈਰਾਗ ਦੀ ਧੁਨਿ ਵਿਸ਼ੇਸ਼ ਹੁੰਦੀ ਹੈ। ਗੁਰੂ ਰਾਮਦਾਸ ਜੀ ਨੇ ਇਸੇ ਲੋਕਧੁਨਿ ਨੂੰ ਲੈ ਕੇ ਗਉੜੀ ਰਾਗ ਵਿਚ ਦਸ ਦਸ ਬੰਦਾਂ ਦੇ ਦੋ ਗੀਤ ਲਿਖੇ ਹਨ, ਜਿਨ੍ਹਾਂ ਦਾ ਸਿਰਲੇਖ 'ਕਰਹਲੇ' ਹੈ। ਉਨ੍ਹਾਂ ਮਨ ਨੂੰ ਵੀ 'ਪਰਦੇਸੀ' ਭ੍ਰਮਣ ਕਰਦੇ ਊਂਠ ਨਾਲ ਉਪਮਾ ਦਿੱਤੀ ਹੈ :—

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ
ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ,
ਮਨ ਕਰਹਲਾ; ਸਤਿਗੁਰ ਪੁਰਖੁ ਧਿਆਇ।

(ਗਉੜੀ ਪੂਰਬੀ ੪ ਪੰਨਾ ੨੩੪)

### ਕਰਤਾਰਪੁਰ

ਜਿਲਾ ਜਲੰਧਰ ਵਿਚ ਜਰਨੈਲੀ ਸੜਕ ਕੰਢੇ ਵਸਿਆ ਇਕ ਨਗਰ, ਜਿਸਨੂੰ ਗੁਰੂ ਅਰਜਨ ਸਾਹਿਬ ਨੇ ੧੫੯੩ ਈ. ਵਿਚ ਵਸਾਉਣਾ ਸ਼ੁਰੂ ਕੀਤਾ। ਆਦਿ ਗ੍ਰੰਥ ਦੀ ਇਕ ਪ੍ਰਾਚੀਨ ਬੀੜ ਵਿਚ ਇਹ ਨੋਟ ਦਰਜ ਹੈ ਕਿ ਇਹ ਥਾਂ ਵਸਾਉਣ ਲਈ ੧੬੫੫ ਬਿ.(੧੫੯੮ ਈ.) ਵਿਚ ਅਕਬਰ ਨੇ ੯੬੬੪ ਘੁਮਾਉ, ੭ ਕਨਾਲ,੧੫ ਮਰਲੇ ਜ਼ਮੀਨ ਗੁਰੂ ਸਾਹਿਬ ਨੂੰ ਦਿੱਤੀ ਸੀ'ਅਕਬਰਨਾਮੇ'ਦੀ ਲਿਖਤ ਅਨੁਸਾਰ ਬਾਦਸ਼ਾਹ ਅਕਬਰ ਗੋਇੰਦਵਾਲ ਦੇ ਪੱਤਣ ਤੋਂ ਬਿਆਸਾ ਪਾਰ ਕਰਕੇ ੧੫੯੮ ਈ. ੨੪ ਨਵੰਬਰ ਨੂੰ ਗੁਰੂ ਅਰਜਨ ਸਾਹਿਬ ਦੇ ਡੇਰੇ ਆਇਆ ਸੀ। ਸੋ ਇਸੇ ਸਮੇਂ ਇਹ ਜ਼ਮੀਨ ਦਾ ਪਟਾ ਦਿਤਾ ਗਿਆ ਤੇ ਗੁਰੂ ਸਾਹਿਬ ਨੇ ਇਸ ਨਗਰ ਨੂੰ ਪੂਰੀ ਤਰ੍ਹਾਂ ਆਬਾਦ ਕੀਤਾ ਅਤੇ ਕੁਝ ਅਰਸਾ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਇਸ ਥਾਂ ਨੂੰ ਰੌਣਕ ਦਿਤੀ। ਹੁਣ ਇਸ ਥਾਂ ਗੁਰੂ ਸਾਹਿਬਾਨ ਦੀ ਯਾਦ ਵਿਚ ਸੀਸ ਮਹਿਲ, ਗੁਰੂ ਕੇ ਮਹਲ ਅਤੇ ਥੰਮ ਸਾਹਿਬ ਆਦਿਕ ਗੁਰਦੁਆਰੇ ਹਨ।

ਆਦਿ ਗ੍ਰੰਥ ਵਿਚ ਇਸ ਧਰਮ-ਨਗਰੀ ਦਾ ਜ਼ਿਕਰ ਕਰਦਿਆਂ ਸੰਕੇਤ ਕੀਤਾ ਗਿਆ ਹੈ —

ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ।

(ਬਿਲਾਵਲ ੫ ਪੰਨਾ ੮੧੬)

### ਕਰਮ

ਮਨੁਖ ਜੋ ਚੰਗੇ ਯਾ ਮੰਦੇ ਕਰਮ ਕਰਦਾ ਹੈ, ਉਸ ਅਨੁਸਾਰ ਉਸ ਨੂੰ ਅੱਗੋਂ ਫਲ ਪ੍ਰਾਪਤ ਹੁੰਦਾ ਹੈ। ਸਾਡਾ ਹੁਣ ਦਾ ਦੁਖੀ ਯਾ ਸੁਖੀ ਜੀਵਨ, ਪਹਿਲੇ ਕੀਤੇ ਕਰਮਾਂ ਦਾ ਹੀ ਸਿੱਟਾ ਹੈ। ਬਹੁਤ ਚੰਗੇ ਕਰਮ ਕਰਨ ਵਾਲੇ ਸੁਰਗ ਭੋਗਦੇ ਹਨ ਤੇ ਬੁਰੇ ਕਰਨ ਵਾਲੇ ਨਰਕਾਂ ਵਿਚ ਵਾਸਾ ਪਾਉਂਦੇ ਹਨ। ਇਹ ਸਿਧਾਂਤ ਲਗਭਗ ਸਾਰੇ ਆਸਤਿਕ ਭਾਰਤੀ ਧਰਮ ਮੰਨਦੇ ਹਨ, ਨਾਸਤਿਕ ਇਜੇਹਾ ਸਵੀਕਾਰ ਨਹੀਂ ਕਰਦੇ। ਇਸ ਕਰਮ-ਸਿਧਾਂਤ ਕਰਕੇ ਹੀ ਆਵਾਗਉਣ ਦਾ ਸਿਧਾਂਤ ਵਜੂਦ ਵਿਚ ਆਇਆ ਜਿਸ ਦਾ ਭਾਵ ਇਹ ਹੈ ਕਿ ਪੂਰਬਲੇ ਜਨਮ ਦੇ ਕਰਮਾਂ ਕਰਕੇ ਹੀ ਸਾਨੂੰ ਇਹ ਜੂਨ

ਮਿਲੀ ਹੈ ਤੇ ਅੱਗੋਂ ਜੇਹੋ ਜੇਹਾ ਕਰਾਂਗੇ, ਉਸ ਅਨੁਸਾਰ ਚੰਗੀ ਮੰਦੀ ਜੂਨ ਮਿਲੇਗੀ, ਜੇਕਰ ਆਵਾਗਉਣ ਦਾ ਚੱਕਰ ਨ ਮੰਨਿਆ ਜਾਵੇ ਤਾਂ ਕਰਮ-ਸਿਧਾਂਤ ਪੂਰੀ ਤਰ੍ਹਾਂ ਮੁਕੰਮਲ ਨਹੀਂ ਹੁੰਦਾ ਕਿਉਂਕਿ ਹਰ ਕੋਈ ਆਪਣੇ ਕੀਤੇ ਦਾ ਫਲ ਇਕੋ ਜਨਮ ਵਿਚ ਨਹੀਂ ਪਾ ਸਕਦਾ ਤੇ ਨਾ ਹੀ ਐਸਾ ਸੰਭਵ ਹੈ। ਦਰਅਸਲ ਕਰਦਿਆਂ ਕਰਦਿਆਂ ਸਾਡੇ ਮਾਨਸਿਕ ਸੰਸਕਾਰ ਘੱੜਦੇ ਰਹਿੰਦੇ ਹਨ ਤੇ ਉਸ ਅਨੁਸਾਰ ਬਿਰਤੀ ਬਣਦੀ ਰਹਿੰਦੀ ਹੈ, ਇਹੋ ਬਿਰਤੀ ਸੁਭਾ ਬਣ ਜਾਂਦੀ ਹੈ ਜੋ ਅਗਲੇ ਜੀਵਨ ਦਾ ਆਧਾਰ ਹੋ ਨਿਬੜਦੀ ਹੈ। ਇਸੇ ਕਰਕੇ ਸਿਆਣੇ ਪੁੰਨ ਕਰਮ ਕਰਨ ਤੇ ਜ਼ੋਰ ਦਿੰਦੇ ਹਨ ਤਾਂਕਿ ਉਸ ਦਾ ਫਲ ਚੰਗਾ ਹੋਵੇ ਤੇ ਪਾਪ ਕਰਮ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ ਤਾਂ ਕਿ ਦੁਖਾਂ ਦੇ ਜੰਜਾਲ ਤੋਂ ਬਚਿਆ ਜਾ ਸਕੇ।

ਗੁਰੂਆਂ, ਸੰਤਾਂ ਨਿਸ਼ਕਾਮ ਕਰਮ ਕਰਨ ਤੇ ਜ਼ੋਰ ਦਿਤਾ ਹੈ, ਜਿਸ ਕਰਕੇ ਨ ਵਾਸਨਾ ਪੈਦਾ ਹੋਵੇ ਤੇ ਨਾਹੀ ਆਵਾਗਉਣ ਦੇ ਚੱਕਰ ਵਿਚ ਘੁੰਮਣਾ ਪਵੇ।

'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।'

(ਮਾਝ ਬਾਰਾਮਾਹ ੫, ਪੰਨਾ ੧੩੪)

## ਕਰਮ ਖੰਡ-ਦੇਖੋ ਖੰਡ

## ਕਰਾਮਾਤ

'ਕਰਾਮਤ' ਅਰਬੀ ਦਾ ਲਫ਼ਜ਼ ਹੈ, ਜਿਸ ਦਾ ਅਰਥ ਹੈ ਚਮਤਕਾਰ, ਇਸ ਦਾ ਬਹੁਵਚਨ ਕਰਾਮਾਤ ਹੈ। ਅਜੇਹੀ ਅਲੌਕਿਕ ਗੱਲ ਕਰਨਾ ਜੋ ਆਮ ਤੌਰ ਤੇ ਅਣਹੋਣੀ ਜਾਪੇ ਇਸ ਨੂੰ ਕਰਾਮਾਤ ਕਹਿੰਦੇ ਹਨ। ਸਾਮੀ ਮਜ਼ਬਾਂ ਦੇ ਪੈਗੰਬਰਾਂ ਵਿਚ, ਕਰਾਮਾਤ ਹੋਣਾ ਇਕ ਜ਼ਰੂਰੀ ਸ਼ਰਤ ਹੈ। ਉਨ੍ਹਾਂ ਦੀ ਨਜ਼ਰ ਵਿਚ ਜੋ ਅਲੌਕਿਕ ਚਮਤਕਾਰ ਨਹੀਂ ਦਿਖਾ ਸਕਦਾ, ਉਹ ਸਾਧਾਰਣ ਆਦਮੀ ਹੈ, ਪੀਰ ਪੈਗੰਬਰ ਨਹੀਂ। ਇਹੋ ਕਾਰਣ ਹੈ ਕਿ ਹਜ਼ਰਤ ਇਬ੍ਰਾਹੀਮ, ਹਜ਼ਰਤ ਈਸਾਮਸੀਹ ਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਕਈ ਕਰਾਮਾਤਾਂ ਦੱਸੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਬੜੇ ਚਾਉ ਤੇ ਦਾਅਵੇ ਨਾਲ ਬਿਆਨ ਕੀਤਾ ਜਾਂਦਾ ਹੈ।

ਗੁਰੂ ਸਾਹਿਬਾਨ ਨੇ ਕਰਾਮਾਤ ਨੂੰ ਉਚ ਜੀਵਨ ਦੀ ਨਿਸ਼ਾਨੀ ਨਹੀਂ ਮੰਨਿਆ, ਇਸ ਲਈ ਅਜੇਹਾ ਕਰਨਾ ਉਹ ਉਤਮ ਕਰਮ ਨਹੀਂ ਮੰਨਦੇ। ਸਿੱਧ, ਸਿੱਧੀਆਂ ਦਿਖਾਕੇ ਤੇ ਪੀਰ ਵਲੀ, ਕਰਾਮਾਤਾਂ ਰਾਹੀਂ ਆਪਣਾ ਪ੍ਰਭਾਵ ਜਮਾਉਂਦੇ ਸਨ ਪਰੰਤੂ ਗੁਰੂਆਂ ਪਰਮੇਸਰ ਦੇ ਹੁਕਮ ਅੰਦਰ ਦਖਲੰਦਾਜ਼ੀ ਕਰਨਾ ਉਚਿਤ ਨਹੀਂ ਜਾਤਾ, ਇਸ ਲਈ ਉਹ ਅਜੇਹੇ ਕਰਮ ਦੀ ਨਿਖੇਧੀ ਕਰਦੇ ਰਹੇ। ਉਨ੍ਹਾਂ ਦਾ ਫ਼ੁਰਮਾਨ ਹੈ-

ਬਿਨੁ ਨਾਵੈ ਪੈਨਣੁ ਖਾਣੁ ਸਭ ਬਾਦਿ ਹੈ
ਧਿਗੁ ਸਿਧੀ ਧਿਗੁ ਕਰਮਾਤਿ।

(ਵਾਰ ਸੋਰਠਿ ੩, ਪੰਨਾ ੬੫੦)

ਉਨ੍ਹਾਂ ਦੀ ਨਜ਼ਰ ਵਿਚ ਪ੍ਰਭੂ ਦੀ ਬਖਸ਼ਸ਼ ਹੀ ਵੱਡੀ ਕਰਾਮਾਤ ਤੇ ਮਹਾਨ ਪ੍ਰਾਪਤੀ ਹੈ।

ਸਾ ਸਿਧਿ ਸਾ ਕਰਾਮਾਤਿ ਹੈ
ਅਚਿੰਤੁ ਕਰੇ ਜਿਸੁ ਦਾਤਿ।

(ਵਾਰ ਸੋਰਠਿ ੩, ਪੰਨਾ ੬੫੦)

## ਕ੍ਰਿਸ਼ਨ

ਹਿੰਦੂ ਅਵਤਾਰ ਮਾਲਾ ਵਿਚ ਸ੍ਰੀ ਕ੍ਰਿਸ਼ਣ ਜੀ ਨੂੰ ਸੋਲਾਂ ਕਲਾਂ ਅਵਤਾਰ ਮੰਨਿਆ ਜਾਂਦਾ ਹੈ, ਇਹ ਵਿਸ਼ਨੂੰ ਦੇ ਅੱਠਵੇਂ ਅਵਤਾਰ ਸਨ। ਆਪ ਦਾ ਜਨਮ ਦੁਆਪੁਰ ਯੁਗ ਵਿਖੇ ਮਾਤਾ ਦੇਵਕੀ ਤੇ ਪਿਤਾ ਵਾਸਦੇਵ ਦੇ ਘਰ ਮਥਰਾ ਵਿਚ ਹੋਇਆ ਤੇ ਇਨ੍ਹਾਂ ਦੀ ਪਾਲਣਾ ਗੋਕੁਲ ਪਿੰਡ ਵਿਚ ਨੰਦ ਗੁਆਲੇ ਅਤੇ ਮਾਤਾ ਯਸ਼ੋਧਾ ਨੇ ਕੀਤੀ। ਕਾਰਣ ਇਹ ਸੀ ਕਿ ਆਪ ਦੇ ਮਾਮੇ ਕੰਸ ਨੂੰ ਜੋਤਸ਼ੀਆਂ ਦੱਸਿਆ ਸੀ ਕਿ ਤੇਰੀ ਭੈਣ ਦੇਵਕੀ ਦੇ ਉਦਰ ਤੋਂ ਜਨਮਣ ਵਾਲਾ ਬੱਚਾ ਤੇਰੀ ਮੌਤ ਦਾ ਕਾਰਣ ਬਣੇਗਾ ਇਸ ਕਰਕੇ ਕੰਸ ਨੇ ਆਪਣੀ ਭੈਣ ਦੇਵਕੀ ਤੇ ਭਣੋਈਏ ਵਾਸਦੇਵ ਨੂੰ ਕੈਦ ਅੰਦਰ ਡਕ ਦਿਤਾ ਤੇ ਇਥੇ ਹੀ ਕ੍ਰਿਸ਼ਣ ਦਾ ਜਨਮ ਹੋਇਆ। ਕੰਸ ਦੀ ਇਹ ਵੀ ਕੋਸ਼ਿਸ਼ ਸੀ ਕਿ ਆਪਣੀ ਭੈਣ ਦੇ ਹਰ ਬੱਚੇ ਨੂੰ ਜੰਮਣ ਸਾਰ ਮਾਰ ਦਿਤਾ ਜਾਵੇ, ਇਸ ਤਰ੍ਹਾਂ ਉਸ ਸੱਤ ਬੱਚੇ ਮਾਰੇ ਤੇ ਅੱਠਵੀਂ ਥਾਂ ਕ੍ਰਿਸ਼ਨ ਜੀ ਨੇ ਜਦ ਜਨਮ ਲਿਆ ਤਾਂ ਆਪ ਨੂੰ ਖਾਸ ਵਿਉਂਤ ਅਨੁਸਾਰ ਜੇਲ੍ਹ ਵਿਚੋਂ ਕੱਢ ਕੇ ਚੋਰੀ ਗੋਕਲ ਪਹੁੰਚਾ ਦਿਤਾ ਗਿਆ ਤੇ ਉਥੇ ਹੀ ਆਪ ਦੀ ਪਾਲਣਾ ਹੋਈ। ਆਪ ਦੀ ਪਾਲਕ ਮਾਤਾ ਯਸ਼ੋਧਾ, ਆਪਣੇ ਵਡੇ ਪੁੱਤਰ ਬਲਰਾਮ ਨਾਲੋਂ ਵੀ ਆਪ ਨੂੰ ਵਧ ਪਿਆਰ ਕਰਦੀ। ਬਚਪਨ ਗਊਆਂ ਚਾਰਦਿਆਂ ਬੀਤਿਆ ਤੇ ਗੋਕਲ ਦੇ ਗੁਆਲੇ ਸਾਥੀ, ਆਪ ਨੂੰ ਬਹੁਤ ਪਿਆਰ ਕਰਨ ਲਗੇ।

ਮਥਰਾ ਤੋਂ ਕੰਸ ਨੇ ਬੁਲਾਵਾ ਭੇਜਿਆ ਕਿ ਸਾਨੂੰ ਮਿਲ ਜਾਵੋ। ਉਸ ਦਾ ਅਸਲ ਮਨਸ਼ਾ ਇਹ ਸੀ ਕਿ ਜਿਵੇਂ ਕਿਵੇਂ ਇਨ੍ਹਾਂ ਨੂੰ ਮਰਵਾ ਦਿਤਾ ਜਾਵੇ। ਬਲਰਾਮ ਤੇ ਕ੍ਰਿਸ਼ਣ, ਰਥ ਵਿਚ ਬੈਠ ਕੇ ਅਕ੍ਰੂਰ ਨਾਲ ਮਥਰਾ ਆਏ, ਇਸ ਉਤੇ ਗੋਕਲ ਦੇ ਲੋਕਾਂ ਨੇ ਬਹੁਤ ਖੇਦ ਅਨੁਭਵ ਕੀਤਾ। ਜਦ ਸ੍ਰੀ ਕ੍ਰਿਸ਼ਣ ਮਥਰਾ ਪਹੁੰਚੇ ਤਾਂ ਦਰਵਾਜ਼ੇ ਉਤੇ ਕੁਵਲੀਆਪੀੜ ਨਾਮੀ ਮਾਰਖੋਰਾ ਹਾਥੀ ਛੱਡਿਆ ਹੋਇਆ ਸੀ। ਉਸ ਨੂੰ ਦੋਹਾਂ ਭਰਾਵਾਂ ਮਾਰ ਦਿਤਾ,ਫਿਰ ਚੰਡੂਰ ਪਹਿਲਵਾਨ ਮਾਰਨ ਲਈ ਅਗੇ ਵਧਿਆ ਤਾਂ ਉਸਨੂੰ ਵੀ ਇਨ੍ਹਾਂ ਥਾਂ ਚਿੱਤ ਕਰ ਦਿਤਾ। ਆਖਰ ਇਹ ਦੋਵੇਂ ਨਿਰਭੈ ਹੋ ਕੇ ਕੰਸ ਦੇ ਰਾਜ ਦਰਬਾਰ ਵਿਚ ਪਹੁੰਚ ਗਏ ਤੇ ਉਥੇ ਜਾਂਦਿਆਂ ਹੀ ਕੰਸ ਨੂੰ ਕੇਸਾਂ ਤੋਂ ਫੜਕੇ ਘਸੀਟ ਲਿਆ ਤੇ ਮਾਰ ਦਿਤਾ। ਬਹਾਦਰੀ ਦੇ ਇਸ ਕਾਰਨਾਮੇ ਨੇ ਸ੍ਰੀ ਕ੍ਰਿਸ਼ਣ ਦੇ ਨਾਮ ਦੀਆਂ ਧੁੰਮਾਂ ਪਾ ਦਿਤੀਆਂ। ਇਸ ਪਿਛੋਂ ਇਨ੍ਹਾਂ ਆਪਣੇ ਨਾਨਾ ਉਗ੍ਰਸੈਨ ਨੂੰ ਜੇਲ੍ਹ ਵਿਚੋਂ ਰਿਹਾ ਕਰਕੇ ਮਥਰਾ ਦੇ ਰਾਜ-ਸਿੰਘਾਸਨ ਉਤੇ ਬਿਠਾਇਆ। ਉਗ੍ਰਸੈਨ ਚਾਹੁੰਦਾ ਸੀ ਕਿ ਰਾਜ ਸ੍ਰੀ ਕ੍ਰਿਸ਼ਣ ਸੰਭਾਲ ਲੈਣ ਪਰ ਆਪ ਨੇ ਉਤਰ ਦਿਤਾ ਕਿ ਮੈਂ ਰਾਜ ਦੇ ਲਾਲਚ ਲਈ

ਕੰਸ ਨੂੰ ਨਹੀਂ ਮਾਰਿਆ, ਸਗੋਂ ਉਸ ਦੇ ਅਤਿਆਚਾਰਾਂ ਕਾਰਣ ਅਜੇਹਾ ਕੀਤਾ ਹੈ। ਇਸ ਤਰ੍ਹਾਂ ਕਰਨ ਪਿਛੋਂ ਉਹ ਫਿਰ ਗੋਕਲ ਚਲੇ ਗਏ। ਕੰਸ ਦੇ ਹਾਮੀ ਲੋਕ, ਕ੍ਰਿਸ਼ਣ ਦੀ ਵਡਿਆਈ ਜਰ ਨਹੀਂ ਸੀ ਸਕਦੇ ਤੇ ਸਦਾ ਕੋਈ ਨਾ ਕੋਈ ਝਗੜਾ ਖੜਾ ਰਖਦੇ ਸਨ। ਇਸ ਕਾਰਣ ਸ੍ਰੀ ਕ੍ਰਿਸ਼ਨ ਦੂਰ ਪੱਛਮੀ ਸਾਗਰ ਦੇ ਇਕ ਟਾਪੂ ਦੁਆਰਕਾ ਚਲੇ ਗਏ ਤੇ ਉਥੇ ਆਪਣਾ ਰਾਜ ਭਾਗ ਸਥਾਪਨ ਕੀਤਾ। ਇਥੇ ਵੀ ਕੁਝ ਰਾਜਿਆਂ ਆਪ ਦਾ ਵਿਰੋਧ ਕੀਤਾ ਪਰ ਆਪ ਨੇ ਮਹਾਨ ਪ੍ਰਾਕ੍ਰਮ ਦੁਆਰਾ ਇਨ੍ਹਾਂ ਦਾ ਵੀ ਖਾਤਮਾ ਕਰ ਦਿਤਾ : ਇਸ ਤੋਂ ਇਲਾਵਾ ਨਰਕਾਸੁਰ, ਬਣਾਸੁਰ, ਬੱਕ੍ਰਨਾਭ, ਕਾਲਯਵਨ, ਸ੍ਰਿਗਾਲ ਆਦਿ ਕਈ ਦੈਂਤਾਂ ਨੂੰ ਮਾਰਿਆ। ਆਪ ਦਾ ਪ੍ਰਸਿੱਧ ਹਥਿਆਰ ਸੁਦਰਸ਼ਨ ਚੱਕ੍ਰ ਸੀ ਯਾ ਫਿਰ ਸਾਰੰਗ ਧਨੁਖ।

ਜਦੋਂ ਕੁਰਖੇਤਰ ਵਿਚ ਕੋਰਵਾਂ ਪਾਂਡਵਾਂ ਦਾ ਜੁੱਧ ਮਚਿਆ ਤਾਂ ਆਪ ਪਾਂਡਵਾਂ ਵਲ ਹੋ ਗਏ ਤੇ ਅਰਜਨ ਦੇ ਰਥਵਾਹੀ ਬਣਕੇ ਸਾਰੀ ਯੁੱਧ-ਨੀਤੀ ਵਿਚ ਅਗਵਾਈ ਕੀਤੀ। ਅਰਜਨ ਜੋ ਕਰਮਯੋਗ ਤੋਂ ਭਾਂਜ ਖਾ ਕੇ ਲੜਨਾ ਨਹੀਂ ਸੀ ਚਾਹੁੰਦਾ, ਉਸ ਨੂੰ ਗੀਤਾ ਦੇ ਗਿਆਨ ਦੁਆਰਾ ਸਾਵਧਾਨ ਕਰਨਾ ਵੀ ਸ੍ਰੀ ਕ੍ਰਿਸ਼ਣ ਜੀ ਦਾ ਹੀ ਕ੍ਰਿਸ਼ਮਾ ਸੀ। ਇਹ ਪ੍ਰਸ਼ਨੋਤਰੀ ਤੇ ਸਿੱਖਿਆ ਮਹਾਂ ਭਾਰਤ ਦੇ ਸ਼ਾਂਤਿ ਪਰਬ ਵਿਚ ੧੮ ਅਧਿਆਵਾਂ ਅੰਦਰ ਅੰਕਿਤ ਹੈ ਜੋ ਆਪ ਦੀ ਵਿਚਾਰਧਾਰਾ ਨੂੰ ਮੂਰਤੀਮਾਨ ਕਰਦੀ ਹੈ।

ਵਿਜੈ ਉਪਰੰਤ ਪਾਂਡਵਾਂ ਰਾਜਸੂਯ ਯੱਗ ਕੀਤਾ ਤਾਂ ਸ੍ਰੀ ਕ੍ਰਿਸ਼ਣ ਜੀ ਨੇ ਬ੍ਰਹਮਾ ਬਣਕੇ ਸਾਰੀ ਰੀਤਿ ਨਿਭਾਈ। ਇਸੇ ਸਮੇਂ, ਵਿਰੋਧ ਕਰਨ ਵਾਲੇ ਰਾਜੇ ਜਰਾਸੰਧ ਤੇ ਸ਼ਿਸ਼ੁਪਾਲ ਨੂੰ ਮਰਵਾਇਆ। ਆਪ ਦਾ ਦੇਹਾਂਤ ਪ੍ਰਭਾਸ ਤੀਰਥ ਉਤੇ ਇਕ ਸ਼ਿਕਾਰੀ ਹੱਥੋਂ ਹੋਇਆ। ਸ੍ਰੀ ਕ੍ਰਿਸ਼ਨ ਦਾ ਵਿਅਕਤਿਤਵ ਕਈ ਪੜਾਵਾਂ ਵਿਚੀਂ ਲੰਘਦਾ ਵਚਿਤ੍ਰ ਵਿਜਮ ਦੇ ਰੂਪ ਧਾਰਨ ਕਰਦਾ ਆਇਆ ਹੈ। ਮਹਾਂ ਭਾਰਤ ਵਿਚ ਉਹ ਅਤਿਅੰਤ ਬਲਵਾਨ ਜੋਧੇ ਅਤੇ ਨੀਤੀਵਾਨ ਪੁਰਸ਼ ਦਿਖਾਈ ਦਿੰਦੇ ਹਨ। ਹਰਿਬੰਸ਼ ਪੁਰਾਣ ਵਿਚ ਉਨ੍ਹਾਂ ਨਾਲ ਕਈ ਚਮਤਕਾਰੀ ਕਹਾਣੀਆਂ ਆ ਜੁੜਦੀਆਂ ਅਤੇ ਭਾਗਵਤ ਪੁਰਾਣ ਸਮੇਂ ਇਨ੍ਹਾਂ ਵਿਚ ਚੰਗਾ ਚੋਖਾ ਹੋਰ ਵਾਧਾ ਹੁੰਦਾ ਹੈ। ਕ੍ਰਿਸ਼ਣ, ਭਗਵਾਨ ਕਰਕੇ ਪੂਜੇ ਜਾਂਦੇ ਹਨ ਅਤੇ ਉਨ੍ਹਾਂ ਦੀ ਲੀਲ੍ਹਾ ਬੜੀ ਹੀ ਰਸਮਈ ਤੇ ਰੋਚਕ ਬਣਾਕੇ ਪੇਸ਼ ਕੀਤੀ ਜਾਂਦੀ ਹੈ। ਜਦੋਂ ਸ੍ਰੀ ਕ੍ਰਿਸ਼ਣ, . ਭਾਗਵਤ ਸੰਪ੍ਰਦਾ ਦੇ ਇਕ ਵਿਸ਼ੇਸ਼ ਇਸ਼ਟ ਬਣ ਗਏ ਤਾਂ ਉਨ੍ਹਾਂ ਦੀਆਂ ਕਥਾਵਾਂ ਨੂੰ ਸ਼ਿੰਗਾਰੀ ਰੂਪ ਦੇ ਕੇ ਬਿਆਨ ਕੀਤਾ ਜਾਣ ਲਗਾ ਤੇ ਉਨ੍ਹਾਂ ਦੀ ਮੁਰਲੀ ਅਤੇ ਰਾਧਾ ਦਾ ਚਰਚਾ ਵਧੇਰੇ ਜ਼ੋਰ ਫੜ ਗਿਆ। ਜਿਵੇਂ ਸ਼ਿਵ ਨਾਲ ਸ਼ਕਤੀ ਤੇ ਵਿਸ਼ਣੂ ਨਾਲ ਲੱਛਮੀ ਦਾ ਜ਼ਿਕਰ ਚਲਦਾ ਹੈ, ਤਿਵੇਂ 'ਰਾਧਾ ਕ੍ਰਿਸ਼ਣ' ਸੰਜੁਗਤ ਰੂਪ ਵਿਚ ਸ਼ਰਧਾ ਉਪਾਸ਼ਨਾ ਦਾ ਕੇਂਦਰ ਬਣ ਗਏ ! ਭਾਗਵਤ ਸੰਪ੍ਰਦਾਇ, ਰਾਧਾਵੱਲਭ ਸੰਪ੍ਰਦਾਇ ਆਦਿ ਸਭ ਇਸੇ ਦਾ ਪ੍ਰਸਾਰ ਹਨ। ਇਨ੍ਹਾਂ ਸੰਪ੍ਰਦਾਵਾਂ ਨੇ ਸ੍ਰੀ ਕ੍ਰਿਸ਼ਣ ਨੂੰ ਰਾਸਲੀਲ੍ਹਾ ਦੁਆਰਾ ਅਤਿਅੰਤ ਕੌਤਕੀ, ਬਾਲ ਗੋਪੀਆਂ ਨਾਲ ਲੀਲ੍ਹਾ ਰਚਾਉਣ ਵਾਲਾ, ਮੁਰਲੀ ਬਜਾ ਕੇ ਮਨ ਮੋਹਣ ਵਾਲਾ ਤੇ ਭਾਂਤ ਭਾਂਤ ਦੀਆਂ ਰੋਮਾਂਟਕ ਖੇਡਾਂ ਕਰਨ ਵਾਲਾ ਦੱਸਿਆ ਹੈ। ਸੂਰਦਾਸ ਆਦਿ

ਕਵੀਆਂ ਦੇ ਗੀਤਾਂ ਤੇ ਪਦਿਆਂ ਨੇ ਇਸੇ ਰੂਪ ਨੂੰ ਬਹੁਤਾ ਉਘਾੜਿਆ। ਇਹ ਪ੍ਰਭਾਵ ਇਤਨਾ ਵਧਿਆ ਕਿ ਗੀਤਾ ਦਾ ਤੱਤਵ-ਗਿਆਨੀ ਕ੍ਰਿਸ਼ਣ, ਇਕ ਤਰ੍ਹਾਂ ਲੋਪ ਹੋ ਗਿਆ। ਭਾਵੇਂ ਸ੍ਰੀ ਕ੍ਰਿਸ਼ਣ ਦੇ ਇਤਿਹਾਸਕ ਸਰੂਪ ਜੋਧਾ, ਨੀਤੀਵਾਨ ਤੇ ਜੋਗੀਸ਼ਰ ਦੇ ਹਨ ਪਰ ਸ਼ਰਧਾਲੂਆਂ ਤੇ ਕਵੀਆਂ ਦੀ ਕਲਪਨਾ ਸਦਕਾ ਉਨ੍ਹਾਂ ਦਾ ਲੀਲ੍ਹਾਧਾਰੀ ਰੂਪ ਵਧੇਰੇ ਪ੍ਰਸਿੱਧ ਹੋਇਆ ਹੈ।

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ, ਕਾਨੁ ਕ੍ਰਿਸਨੁ ਜਾਦਮ ਭਇਆ
ਪਾਰਜਾਤ ਗੋਪੀ ਲੈ ਆਇਆ, ਬਿੰਦ੍ਰਾਬਨ ਮਹਿ ਰੰਗ ਕੀਆ।

(ਵਾਰ ਆਸਾ ੧, ੪੭੦)

ਕ੍ਰਿਸ਼ਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ
ਨਾਨਕ ਗੁਰਮੁਖਿ ਹਰਿ ਆਪਿ ਤਰਾਵੈ।

(ਗਉੜੀ ੪, ਪੰਨਾ ੧੬੫)

## ਕੱਲਜ ਭੱਟ

ਆਦਿ ਗੁਰੂ ਗ੍ਰੰਥ ਦੇ ਅੰਤ ਵਿਚ ਜਿਨ੍ਹਾਂ ੧੧ ਭੱਟਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿਚੋਂ ਸਭ ਤੋਂ ਵਧ ਰਚਨਾ ਕਰਨ ਵਾਲਾ ਵਿਦਵਾਨ ਕਵੀ ਕੱਲਜ ਹੈ। ਇਸਦਾ ਨਾਮ ਕਲਸਹਾਰ ਕਰਕੇ ਵੀ ਆਇਆ ਹੈ। ਭੱਟ ਪਰੰਪਰਾ ਅਨੁਸਾਰ ਇਹ ਭਿੱਖੇ ਦੇ ਭਰਾ ਚੋਖੇ ਦਾ ਪੁੱਤਰ ਸੀ। ਇਹ ਮੁਗਲ ਕਾਲ ਦਾ ਇਕ ਅੱਛਾ ਕਵੀ ਹੋਇਆ ਹੈ ਜਿਸਨੇ 'ਦਿਲੀ ਰਾਜ ਬੰਸਾਵਲੀ' ਨਾਂ ਦੀ ਇਕ ਪੁਸਤਕ ਵੀ ਲਿਖੀ।

ਕੱਲਜ ਭੱਟ ਨੇ ਗੁਰੂ ਨਾਨਕ ਦੀ ਉਸਤਤਿ ਵਿਚ ੧੦, ਗੁਰੂ ਅੰਗਦ ਦੀ ਉਸਤਤਿ ਵਿਚ ੧੦, ਗੁਰੂ ਅਮਰਦਾਸ ਦੀ ਉਸਤਤਿ ਵਿਚ ੯, ਗੁਰੂ ਰਾਮਦਾਸ ਦੀ ਉਸਤਤਿ ਵਿਚ ੧੩ ਤੇ ਗੁਰੂ ਅਰਜਨ ਸਾਹਿਬ ਦੀ ਉਸਤਤਿ ਵਿਚ ੧੨ ਛੰਦ ਲਿਖੇ ਹਨ। ਇਨ੍ਹਾਂ ੫੪ ਛੰਦਾਂ ਵਿਚ ਗੁਰੂ ਜੋਤਿ ਦੀ ਸ਼ੋਭਾ ਗਾਈ ਗਈ ਹੈ। ਕੱਲਜ ਕਿਸੇ ਇਕ ਵਿਅਕਤੀ ਮਾਤਰ ਦਾ ਪ੍ਰਸ਼ੰਸਕ ਨਹੀਂ ਬਲਕਿ ਉਹ ਉਸ ਪਰਮ ਜੋਤਿ ਦੀ ਵਡਿਆਈ ਗਾ ਰਿਹਾ ਹੈ ਜੋ ਜੁਗਾਂ ਜੁਗਾਂ ਤੋਂ ਰੂਹਾਨੀ ਪ੍ਰਕਾਸ਼ ਦਿੰਦੀ ਆਈ ਹੈ, ਇਸੇ ਕਰਕੇ ਉਸਨੇ ਬਾਕੀ ਯੁਗਾਂ ਵਿਚ ਹੋਏ ਮਹਾਂ ਪੁਰਸ਼ਾਂ ਤੇ ਅਵਤਾਰਾਂ ਵਿਚ ਵੀ ਉਸੇ ਪ੍ਰਕਾਸ਼ ਨੂੰ ਤੱਕਿਆ ਹੈ:—

ਸਤਿਜੁਗਿ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ
ਤ੍ਰੇਤੈ ਤੈ ਮਾਣਿਓ, ਰਾਮ ਰਘੁ ਵੰਸੁ ਕਹਾਇਓ।

ਗੁਰੂ ਨਾਨਕ ਦੀ ਵਡਿਆਈ ਭੱਟ ਇਸ ਨੁਕਤੇ ਉਤੇ ਜ਼ੋਰ ਦਿੰਦਾ ਕਰਦਾ ਹੈ ਕਿ ਉਨ੍ਹਾਂ ਰਾਜ ਤੇ ਜੋਗ ਦੋਹਾਂ ਨੂੰ ਮਾਣਿਆ:—

ਕਬਿ ਕਲਜ ਸੁਜਸੁ ਗਾਵਉ ਗੁਰ ਨਾਨਕ, ਰਾਜੁਜੋਗੁ ਜਿਨਿ ਮਾਣਿਓ।

(ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੯੦)

## ਕਲਪਤਰ

ਦੇਵਤਿਆਂ ਦੇ ਰਾਜੇ ਇੰਦਰ ਦੇ ਬਾਗ ਵਿਚ ਹੋਣ ਵਾਲਾ ਇਕ ਬਿਰਛ, ਜਿਸ ਬਾਰੇ ਇਹ ਮਨੌਤ ਹੈ ਕਿ ਇਸ ਦੇ ਹੇਠ ਬੈਠਕੇ ਜੋ ਕਲਪਨਾ ਕੀਤੀ ਜਾਵੇ, ਉਹ ਪੂਰੀ ਹੋ ਜਾਂਦੀ ਹੈ। ਜਦੋਂ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ ਖੀਰ ਸਾਗਰ ਰਿੜਕਿਆ ਤਾਂ ਇਸ ਵਿਚੋਂ ਨਿਕਲਣ ਵਾਲੇ ਚੌਦਾਂ ਰਤਨਾਂ ਵਿੱਚੋਂ ਇਕ ਰਤਨ ਕਲਪ-ਬਿਰਛ ਵੀ ਸੀ ਜਿਸਨੂੰ ਇੰਦਰ ਨੇ ਲੈ ਲਿਆ ਸੀ। ਹੁਣ ਇਹ ਬਿਰਛ; ਇੰਦਰ ਦੇ ਨੰਦਨ ਬਾਗ ਵਿਚ ਹੈ ਤੇ ਇਸਦੇ ਪਾਸ ਜਾਕੇ ਜੋ ਮਨੋਕਾਮਨਾ ਕਰੀਏ, ਉਹ ਪੂਰੀ ਹੋਈ ਮੰਨੀ ਜਾਂਦੀ ਹੈ।

ਮੁਸਲਮਾਨੀ ਮਤ ਵਿਚ ਵੀ ਇਕ ਅਜੇਹਾ 'ਸਿਦਰਤੁਲ ਮੁੰਤਹਾ ਨਾਮ ਦਾ ਬ੍ਰਿਛ ਮੰਨਿਆ ਜਾਂਦਾ ਹੈ ਜੋ ਸੱਤਵੇਂ ਅਸਮਾਨ ਵਿਚ ਵਿਚ ਖੁਦਾ ਦੇ ਬਾਗ ਅੰਦਰ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਇਹ ਰੁੱਖ ਵੇਖਿਆ ਸੀ।

ਸੰਤਾਂ ਤੇ ਗੁਰੂਆਂ ਨੇ, ਪਰਮੇਸ਼ਰ ਦੇ ਨਾਮ ਨੂੰ ਸਾਰੀਆਂ ਮਨੋ ਇਛਾਂਵਾਂ ਪੂਰੀਆਂ ਕਰਨ ਵਾਲਾ ਹੋਣ ਕਰਕੇ ਕਲਪ ਬ੍ਰਿਛ ਨਾਲ ਉਪਮਾ ਦਿਤੀ ਹੈ।

ਸਾਧਕ ਸਿਧ ਸਗਲਿ ਮਨਿ ਹਾਰੇ
ਏਕ ਨਾਮ ਕਲਪਤਰੁ ਤਾਰੇ।

(ਗਉੜੀ ਕਬੀਰ,੩੩੦)

ਗੁਰੂ ਅਰਜਨ ਸਾਹਿਬ ਲਿਖਦੇ ਹਨ—

ਪਾਰਜਾਤੁ ਇਹੁ ਹਰਿ ਕੋ ਨਾਮੁ
ਕਾਮਧੇਨ ਹਰਿ ਹਰਿ ਗੁਣ ਗਾਮੁ।

(ਗਉੜੀ ਸੁਖਮਨੀ ਪ ਪੰਨਾ ੨੬੫)

## ਕਲਿਆਨ

ਕਲਿਆਨ, ਸੰਪੂਰਣ ਜਾਤੀ ਦਾ ਰਾਗ ਹੈ। ਇਸਦਾ ਗਾ ਵਾਦੀ ਤੇ ਧਾ ਸੰਵਾਦੀ ਹੈ, ਆਰੋਹੀ ਵਿਚ ਮਾ ਤੇ ਨੀ ਵਰਜਿਤ ਹਨ, ਮੱਧਮ ਤੀਬਰ ਅਤੇ ਬਾਕੀ ਸਾਰੇ ਸੁਰ ਸੁੱਧ ਲਗਦੇ ਹਨ। ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਰ.ਹੈ। (ਮ.ਕ.)

ਪ੍ਰਾਚੀਨ ਸੰਗੀਤ ਅੰਦਰ ਕਿਸੇ ਇਸ ਨੂੰ ਸ੍ਰੀ ਰਾਗ ਦਾ ਪੁੱਤਰ ਦੱਸਿਆ ਹੈ, ਕਿਸੇ ਮੇਘ ਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ੨੯ ਨੰਬਰ ਤੇ ਦਰਜ ਹੈ ਅਤੇ ਇਸ ਵਿਚ ਗੁਰੂ ਰਾਮਦਾਸ ਦੇ ਤੇਰਾਂ ਤੇ ਗੁਰੂ ਅਰਜਨ ਸਾਹਿਬ ਦੇ ਦਸ ਸ਼ਬਦ ਸ਼ਾਮਿਲ ਹਨ। ਗੁਰੂ ਰਾਮਦਾਸ ਜੀ ਨੇ ਭੋਪਾਲੀ ਕਲਿਆਨ ਦਾ ਵੀ ਪ੍ਰਯੋਗ ਕੀਤਾ ਹੈ।

## ਕਾਂਸ਼ੀ

ਕਾਂਸ਼ੀ ਉਤਰ ਪ੍ਰਦੇਸ ਦਾ ਇਕ ਪ੍ਰਾਚੀਨ ਨਗਰ ਹੈ ਜੋ ਗੰਗਾ ਦੇ ਖੱਬੇ ਕਿਨਾਰੇ ਆਬਾਦ ਹੈ। ਹਰਿ ਬੰਸ ਪੁਰਾਣ ਅਨੁਸਾਰ ਇਸਨੂੰ ਵਸਾਉਣ ਵਾਲਾ ਭਰਤਵੰਸ਼ੀ ਰਾਜਾ

ਕਾਸ਼ ਸੀ, ਕੁਝ ਵਿਦਵਾਨਾਂ ਕਾਸ਼ੀ ਇਕ ਕਬੀਲੇ ਦਾ ਨਾਮ ਵੀ ਦੱਸਿਆ ਹੈ ਜਿਸਨੇ ਇਸ ਨੂੰ ਅਬਾਦ ਕੀਤਾ। ਵਾਰਣਿ ਤੇ ਅਸੀ ਨਾਂ ਦੀਆਂ ਦੋ ਨਦੀਆਂ ਵਿਚਕਾਰ ਹੋਣ ਕਰਕੇ ਇਸਨੂੰ 'ਵਾਰਾਣਸੀ' ਵੀ ਕਿਹਾ ਜਾਂਦਾ ਹੈ ਤੇ ਇਸੇ ਦਾ ਬਦਲਿਆ ਰੂਪ ਬਨਾਰਸ ਹੈ। ਵੈਦਿਕ ਕਾਲ ਵਿਚ ਇਹ ਨਗਰੀ ਚੰਗਾ ਸਾਂਸਕ੍ਰਿਤਿਕ ਕੇਂਦਰ ਸੀ ਤੇ ਬੋਧੀ ਯੁਗ ਸਮੇਂ ਵੀ ਇਸਨੂੰ ਚੰਗਾ ਮਹੱਤਵ ਪ੍ਰਾਪਤ ਰਿਹਾ। 'ਅੰਗੁਤਰ ਨਿਕਾਯ' ਵਿਚ ਕਾਂਸ਼ੀ ਨੂੰ ਭਾਰਤ ਦੇ ੧੬ ਮੁਖ ਜਨਪਦਾਂ ਵਿਚ ਗਿਣਿਆ ਗਿਆ ਹੈ। ਸਕੰਦ ਪੁਰਾਣ ਵਿਚ ਕਾਂਸ਼ੀ ਦੇ ਮਹਾਤਮ ਬਾਰੇ ਇਕ ਵੱਖਰਾ ਕਾਂਡ ਲਿਖਿਆ ਮਿਲਦਾ ਤੇ ਇਸਨੂੰ ਮੁਕਤੀ ਦਾਤਾ ਨਗਰੀਆਂ ਵਿਚ ਦਰਜ ਕੀਤਾ ਹੈ। ਸ਼ਿਵ-ਉਪਾਸਨਾ ਦਾ ਕੇਂਦਰ ਹੋਣ ਕਰਕੇ ਇਸਨੂੰ ਸ਼ਿਵ ਨਗਰੀ ਵੀ ਕਿਹਾ ਜਾਂਦਾ ਹੈ ਤੇ 'ਇਥੋਂ' ਦਾ ਵਿਸ਼ਵਨਾਥ ਦਾ ਮੰਦਰ ਪ੍ਰਸਿਧ ਹੈ ਜਿਸਨੂੰ ਔਰੰਗਜ਼ੇਬ ਨੇ ਮਲੀਆਮੇਟ ਕਰਕੇ ਇਥੇ ਵੱਡੀ ਮਸਜਿਦ ਬਣਾ ਦਿਤੀ ਸੀ। ਸੰਕਟ-ਮੋਚਨ ਤੇ ਦੁਰਗਾ ਦਾ ਮੰਦਰ ਵੀ ਪ੍ਰਸਿਧ ਹਨ। ਯਾਤਰੂ ਪੰਜ-ਕੋਸ਼ੀ ਮਾਰਗ ਦੀ ਪਰਿਕਰਮਾ ਕਰਨਾ ਇਕ ਪਵਿਤਰ ਕਰਮ ਮੰਨਦੇ ਹਨ। ਇਸਤੋਂ ਇਲਾਵਾ ਇਥੇ ਲਗਭਗ ਡੇਢ ਹਜ਼ਾਰ ਮੰਦਰ ਹੋਰ ਸਨ। ਮੁਸਲਮ ਹੱਲਿਆਂ ਸਮੇਂ ਅਨੇਕਾਂ ਮੰਦਰ ਤਬਾਹ ਹੋਏ ਪਰ ਨੌਵੀਂ ਸਦੀ ਵਿਚ ਸ਼ੰਕਰਾਚਾਰਯ ਨੇ ਇਸੇ ਨਗਰੀ ਨੂੰ ਆਪਣਾ ਵਿਚਾਰ ਕੇਂਦਰ ਬਣਾਇਆ ਅਤੇ ਇਸਤੋਂ ਬਾਦ ਸੁਆਮੀ ਰਾਮਾਨੰਦ ਤੇ ਭਗਤ ਕਬੀਰ ਦੀ ਸਰਬਸਾਂਝੀ ਸ਼ਖਸੀਅਤ ਨੇ ਇਸਨੂੰ ਹੋਰ ਗੌਰਵ ਪ੍ਰਦਾਨ ਕੀਤਾ। ਧਾਰਮਕ ਪ੍ਰਭੁਤਾ ਤੋਂ ਬਿਨਾ ਇਸ ਨਗਰੀ ਨੂੰ ਪ੍ਰਾਚੀਨ ਵਿਦਿਆ ਦਾ ਕੇਂਦਰ ਹੋਣ ਦਾ ਵੀ ਮਾਣ ਰਿਹਾ ਹੈ, ਇਥੇ ਸੰਸਕ੍ਰਿਤ ਵਿਆਕਰਣ ਤੇ ਦਰਸ਼ਨ ਸ਼ਾਸਤ੍ਰ ਦਾ ਅਧਿਐਨ ਚਿਰੰਕਾਲ ਤੋਂ ਹੁੰਦਾ ਆਇਆ ਹੈ ਤੇ ਹੁਣ ਤਕ ਇਹ ਅਮੀਰ ਪਰੰਪਰਾ ਜਾਰੀ ਹੈ। ਬਨਾਰਸ ਯੂਨੀਵਰਸਿਟੀ ਇਸਦਾ ਪ੍ਰਤੀਕ ਹੈ।

ਕਾਂਸ਼ੀ ਬਾਰੇ ਹਿੰਦੂਆਂ ਵਿਚ ਇਕ ਮਨੌਤ ਚਲੀ ਆਉਂਦੀ ਹੈ ਕਿ ਸ਼ਿਵ ਪੁਰੀ ਹੋਣ ਕਰਕੇ ਇਥੇ ਅੰਤ ਸਮੇਂ ਪ੍ਰਾਣ ਤਿਆਗਣ ਵਾਲਾ ਸਿੱਧਾ ਸੁਰਗ ਜਾਂਦਾ ਯਾ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਇਸ ਤੋਂ ਉਲਟ ਜੋ ਪ੍ਰਾਣੀ ਮਗਹਰ ਵਿੱਚ ਪ੍ਰਾਣ ਤਿਆਗਦਾ ਹੈ, ਉਸਦੀ ਗਤੀ ਨਹੀਂ ਹੁੰਦੀ। ਇਹ ਮਗਹਰ, ਅਜੁੱਧਿਆ ਤੋਂ ਪੂਰਬ ਵਲ ੮੫ ਮੀਲ ਦੂਰ ਹੈ। ਇਸ ਭਰਮ ਨੂੰ ਪਰੋਹਤਾਂ ਨੇ ਇਤਨਾਂ ਪ੍ਰਚਾਰਿਆ ਕਿ ਬਹੁਤ ਸਾਰੇ ਸ਼ਰਧਾਲੂ ਆਪਣਾ ਧਨ ਸੰਪਤਿ ਘਰਬਾਰ ਬ੍ਰਾਹਮਣਾਂ ਨੂੰ ਦਾਨ ਕਰਕੇ ਇਥੇ ਆ ਬਿਰਾਜਦੇ ਤੇ ਕਈ ਤਾਂ ਕਲੱਵਤਰ ਲੈਕੇ ਆਪਣਾ ਅੰਤ ਕਰ ਲੈਂਦੇ ਸਨ, ਇਸ ਭਰਮ ਨੇ ਜਨਤਾ ਨੂੰ ਬਹੁਤ ਧੋਖੇ ਵਿਚ ਪਾਇਆ ਅਤੇ ਸੈਂਕੜੇ ਸ਼ਰਧਾਲੂ ਸ਼ਰਣਾਰਥੀ ਬਣ ਕੇ ਮਰ ਮਿਟ ਗਏ। ਭਗਤ ਕਬੀਰ ਜੀ ਨੇ ਇਸ ਮਨੌਤ ਦਾ ਜ਼ੋਰ ਨਾਲ ਖੰਡਨ ਕੀਤਾ ਕਿ ਕਿਸੇ ਇਕ ਵਿਸ਼ੇਸ਼ ਥਾਂ ਮਰਨ ਨਾਲ ਮੁਕਤੀ ਨਹੀਂ ਮਿਲਦੀ ਸਗੋਂ 'ਮੁਕਤਿ ਪਦ' ਤਾਂ ਉਤਮ ਕਰਮਾਂ ਦਾ ਸਿੱਟਾ ਹੈ। ਸੋ ਮਗਹਰ ਦੀ ਮੌਤ ਹਾਨੀਕਾਰਕ ਨਹੀਂ ਤੇ ਕਾਂਸ਼ੀ ਦੀ ਮੌਤ ਮੁਕਤੀ ਦਾਇਕ ਨਹੀਂ।

ਸਗਲ ਜਨਮੁ ਸਿਵ ਪੁਰੀ ਗਵਾਇਆ।

ਮਰਤੀ ਬਾਰ ਮਗਹਰਿ ਉਠਿ ਆਇਆ ।
ਬਹੁਤੁ ਬਰਸ ਤਪੁ ਕੀਆ ਕਾਂਸੀ ।
ਮਰਨੁ ਭਇਆ ਮਗਹਰ ਕੀ ਬਾਸੀ
ਕਾਂਸੀ ਮਗਹਰ ਸਮ ਬੀਚਾਰੀ ।
ਓਛੀ ਭਗਤਿ ਕੈਸੇ ਉਤਰਸਿ ਪਾਰੀ ।੧੫

(ਗਉੜੀ ਕਬੀਰ ਪੰਨਾ ੩੨੬)

## ਕਾਜ਼ੀ

ਮੁਸਲਮਾਨੀ ਰਾਜ-ਪ੍ਰਬੰਧ ਵਿਚ ਕਾਜ਼ੀ ਉਹ ਅਧਿਕਾਰੀ ਹੈ, ਜੋ ਨਿਆ ਦਾ ਕਰਤੱਵ ਨਿਭਾਉਂਦਾ ਹੈ । ਪਹਿਲੇ ਪਹਿਲ ਖ਼ਲੀਫ਼ਿਆਂ ਦੇ ਜ਼ਮਾਨੇ ਇਹ ਵੱਖਰੀ ਅਸਾਮੀ ਨਹੀਂ ਸੀ, ਖ਼ੁਦ ਖ਼ਲੀਫ਼ੇ ਹੀ ਨਿਆਂ ਵਿਭਾਗ ਦਾ ਕੰਮ ਕਰਦੇ ਰਹਿੰਦੇ ਸਨ, ਜਦੋਂ ਇਸਲਾਮੀ ਰਾਜ ਵਧਦਾ ਗਿਆ ਤਾਂ ਇਸ ਕੰਮ ਦੀ ਸੰਭਾਲ ਲਈ ਹੋਰ ਯੋਗ ਆਦਮੀਆਂ ਨੂੰ ਨੀਅਤ ਕਰਨਾ ਪਿਆ । ਸੋ ਪੁਰਾਣੇ ਜ਼ਮਾਨੇ ਵਿਚ ਕਾਜ਼ੀ ਇਕ ਤਰ੍ਹਾਂ ਦਾ ਜੱਜ ਸੀ ਜੋ ਮਾਮਲੇ ਦੀ ਪੁਣਛਾਣ ਕਰਕੇ ਸ਼ਰ੍ਹਾ ਅਨੁਸਾਰ ਫੈਸਲਾ ਦਿੰਦਾ ਸੀ । ਅਜੇਹਾ ਹੋਣ ਦੇ ਬਾਵਜੂਦ ਕਈ ਵਿਸ਼ੇਸ਼ ਮਾਮਲਿਆਂ ਬਾਰੇ ਬਾਦਸ਼ਾਹ ਯਾ ਵਜ਼ੀਰ ਖ਼ੁਦ ਫੈਸਲਾ ਦੇ ਦਿਆ ਕਰਦੇ ਸਨ । ਕਾਜ਼ੀ ਲਈ ਇਹ ਹਦਾਇਤ ਸੀ ਕਿ ਉਹ ਫੈਸਲੇ ਉਪਰੰਤ ਵੀ ਠੰਢੇ ਦਿਲ ਨਾਲ ਮਾਮਲੇ ਨੂੰ ਸੋਚੇ ਸਮਝੇ ਤੇ ਵਿਚਾਰੇ ਤੇ ਜੇ ਲੋੜ ਸਮਝੇ, ਉਸ ਫੈਸਲੇ ਵਿਚ ਤਬਦੀਲੀ ਕਰ ਲਵੇ । ਗਵਾਹੀ ਮੁਤਾਬਿਕ ਨਿਆਂ ਕਰਨ ਉਤੇ ਜ਼ਿਆਦਾ ਜ਼ੋਰ ਦਿਤਾ ਗਿਆ ਤੇ ਗਵਾਹ ਬਾਰੇ ਇਹ ਜ਼ਰੂਰੀ ਸ਼ਰਤ ਹੈ ਕਿ ਉਹ ਪਹਿਲੇ ਕਿਸੇ ਦੋਸ਼ ਅਧੀਨ ਸਜ਼ਾ ਨ ਪਾ ਚੁਕਾ ਹੋਵੇ ।

ਕਾਜ਼ੀ ਲਈ ਪੱਖ-ਪਾਤ ਛੱਡ ਕੇ ਸਹੀ ਸਹੀ ਨਿਆਂ ਕਰਨ, ਬਚਨ ਪਾਲਣ, ਮਜ਼ਲੂਮਾਂ ਨੂੰ ਆਸਰਾ ਦੇਣ ਲਈ ਬਾਰ ਬਾਰ ਹਦਾਇਤ ਕੀਤੀ ਗਈ ਹੈ ਪਰ ਅਧਿਕਾਰ ਵਧ ਜਾਣ ਕਾਰਣ ਕਾਜ਼ੀਆਂ ਦਾ ਆਚਰਣ ਬਦਲਦਾ ਗਿਆ ਤੇ ਉਹ ਤੱਸਬੀ ਬਾਦਸ਼ਾਹਾਂ ਦੀ ਹਦਾਇਤ ਅਨੁਸਾਰ ਗ਼ੈਰ-ਮੁਸਲਮਾਨਾਂ ਲਈ ਨਿਆਇਕਾਰ ਦੀ ਥਾਂ ਅਨਿਆਇਕਾਰ ਸਿੱਧ ਹੋਣ ਲਗੇ । ਇਸੇ ਤੇ ਟਿਪਣੀ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ:-

'ਕਾਦੀ ਕੂੜ ਬੋਲਿ ਮਲੁ ਖਾਇ ।

(ਧਨਾਸਰੀ ੧, ਪੰਨਾ

'ਕਾਜੀ ਹੋਇਕੈ ਬਹੈ ਨਿਆਇ
ਵਢੀ ਲੈ ਕੇ ਹਕੁ ਗਵਾਏ ।'

(ਵਾਰਰਾਮਕਲੀ, ੧, ਪੰਨਾ ੯੫੧)

ਗੁਰਬਾਣੀ ਵਿਚ ਸੱਚੇ ਕਾਜ਼ੀ ਦੇ ਲੱਛਣ ਇਸ ਪਰਕਾਰ ਦੱਸੇ ਗਏ ਹਨ :-

ਸੋਈ ਕਾਜੀ ਜਿਨਿ ਆਪੁ ਤਜਿਆ

ਇਕੁ ਨਾਮੁ ਕੀਆ ਅਧਾਰੋ ।

(ਸਿਰੀ ੧, ਪੰਨਾ ੨੪)

ਕਾਜੀ ਸੋ ਜੋ ਉਲਟੀ ਕਰੈ
ਗੁਰਪਰਸਾਦੀ ਜੀਵਤੁ ਮਰੈ ।

(ਧਨਾਸਰੀ ੧, ਪੰਨਾ ੬੬੨)

ਸਚੁ ਕਮਾਵੈ ਸੋਈ ਕਾਜੀ ।

(ਮਾਰੂ ੫, ਪੰਨਾ ੧੦੮੪

## ਕਾਂਤੀ

ਦੱਖਣੀ ਭਾਰਤ ਵਿਚ ਇਕ ਪ੍ਰਸਿੱਧ ਤੀਰਥ, ਜਿਸ ਨੂੰ ਹਿੰਦੂ ਮਤ ਅਨੁਸਾਰ ਮੁਕਤੀ-ਦਾਇਕ ਸੱਤ ਪੁਰੀਆਂ ਵਿਚ ਗਿਣਿਆ ਗਿਆ ਹੈ । ਇਸ ਨੂੰ ਦੱਖਣ ਵਿਚ ਕਾਂਚੀਪੁਰਮ ਯਾ ਕਾਜੀ ਵਰਮ ਨਾਮ ਨਾਲ ਪੁਕਾਰਿਆ ਜਾਂਦਾ ਹੈ । ਇਹ ਮਦਰਾਸ ਤੋਂ ੪੫ ਮੀਲ ਦੂਰ ਚੰਗਲਪਟ ਜ਼ਿਲੇ ਵਿਚ ਇਕ ਪ੍ਰਾਚੀਨ ਇਤਿਹਾਸਕ ਸ਼ਹਿਰ ਹੈ ਜਿਸ ਵਿਚ ਅਨੇਕਾਂ ਮੰਦਰ ਤੇ ਹੋਰ ਯਾਦਗਾਰੀ ਸਥਾਨ ਬਣੇ ਹੋਏ ਹਨ । ਇਥੇ 'ਪਿਲਾਪਲੈਯਮੁ' ਨਾਮ ਦਾ ਜੈਨੀਆਂ ਦਾ ਪ੍ਰਸਿੱਧ ਮੰਦਰ ਵੀ ਹੈ, ਜੋ ਕਿ ਸ਼ਿਲਪਕਾਰੀ ਤੇ ਮੂਰਤੀ ਕਲਾ ਦਾ ਉਤਮ ਨਮੂਨਾ ਹੈ ।

ਪੁਰਾਣੇ ਜ਼ਮਾਨੇ ਵਿਚ ਇਹ ਨਗਰ ਪੱਲਵ ਤੇ ਚੋਲ ਬੰਸਾਂ ਦੀ ਰਾਜਧਾਨੀ ਸੀ । ਸੱਤਵੀਂ ਸਦੀ ਵਿਚ ਚੀਨੀ ਯਾਤਰੂ ਯਵਾਨ ਚਵਾਂਗ ਵੀ ਇਥੇ ਆਇਆ ਸੀ, ਉਸ ਦੇ ਲਿਖਣ ਅਨੁਸਾਰ ਉਸ ਸਮੇਂ ਉਥੇ ਜੈਨੀਆਂ ਦਾ ਜ਼ਿਆਦਾ ਜ਼ੋਰ ਸੀ ਤੇ ਬੋਧੀਆਂ ਅਤੇ ਬ੍ਰਾਹਮਣਾਂ ਦਾ ਘੱਟ ।

ਗੁਰੂ ਨਾਨਕ ਸਾਹਿਬ ਨੇ ਤੀਰਥਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

ਗੰਗਾ ਜਮੁਨਾ ਕੇਲ ਕੇਦਾਰਾ
ਕਾਂਸੀ ਕਾਂਤੀ ਪੁਰੀ ਦੁਆਰਾ
ਗੰਗਾ ਸਾਗਰੁ ਬੇਣੀ ਸੰਗਮੁ
ਅਠਸਠਿ ਅੰਕਿ ਸਮਾਈ ਹੇ ।

(ਮਾਰੂ ੧, ਪੰਨਾ ੧੦੨੨)

## ਕਾਨ੍ਹ-ਦੇਖੋ ਕ੍ਰਿਸ਼ਨ

## ਕਾਨੜਾ

ਕਾਨੜਾ ਸੰਪੂਰਣ ਰਾਗ ਹੈ । ਗਾਇਕਾਂ ਇਸ ਦੇ ੧੮ ਭੇਦ ਕਲਪੇ ਹਨ ਦਰਬਾਰੀ, ਨਾਯਕੀ, ਮੁਦ੍ਰਾ, ਕਾਸ਼ਿਕ, ਵਾਗੇਸ਼ਰੀ, ਨਟ, ਕਾਫੀ, ਕੋਲਾਹਲ, ਮੰਗਲ, ਸ਼ਯਾਮ, ਟੰਕ, ਨਾਗਧਵਨਿ, ਅਡਾਨਾ, ਸਹਾਨਾ, ਸੂਹਾ, ਸੁਘਰ, ਹੁਸੈਨੀ ਤੇ ਜਯਜਯੰਤਿ-ਦਰਬਾਰੀ ਕਾਨੜਾ ਪਰਧਾਨ ਹੈ, ਇਸ ਦੇ ਸੁਰ ਇਉਂ ਲਗਦੇ ਹਨ:—

ਆਰੋਹੀ : ਨ ਸ ਰ ਮ ਪ ਧਾ ਨ ਸ

ਅਵਰੋਹੀ : ਸ ਧਾ ਨਾ ਪ ਗਾ ਮ ਰ ਸ

ਆਰੋਹੀ ਵਿਚ ਗਾ ਦੁਰਬਲ, ਰੇ ਵਾਦੀ ਤੇ ਪਾ ਸੰਵਾਦੀ ਹੈ। ਪਾ ਤੇ ਰੇ ਨਾਲ ਨਿਸ਼ਾਦ ਦੀ ਸੰਗਤਿ ਰਹਿੰਦੀ ਹੈ, ਗਾ, ਧਾ, ਨੀ ਕੋਮਲ ਤੇ ਬਾਕੀ ਸ਼ੁੱਧ ਸੁਰ ਲਗਦੇ ਹਨ। ਇਹ ਰਾਤ ਦੇ ਪਹਿਲੇ ਪਹਰ ਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਅਠਾਈਵਾਂ ਨੰਬਰ ਹੈ (ਮ.ਕ.) ਇਸ ਵਿਚ ਕੇਵਲ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਦੀ ਬਾਣੀ ਹੈ, ਯਾ ਇਕ ਸ਼ਬਦ ਭਗਤ ਨਾਮਦੇਵ ਦਾ ਹੈ।

## ਕਾਪੜੀਆ

ਇਕ ਸ਼ਿਵ-ਉਪਾਸਕ ਫਿਰਕਾ, ਇਸਦੇ ਅਨੁਆਈ ਵਧੇਰੇ ਨੀਲੇ ਕਾਲੇ ਕਪੜੇ ਪਾ ਕੇ ਰੱਖਦੇ ਹਨ ਤੇ ਇਹ ਕਪੜੇ ਵੀ ਜ਼ਿਆਦਾ ਪਾਟੀਆਂ ਲੀਰਾਂ ਕਚੀਰਾਂ ਹੁੰਦੀਆਂ ਹਨ। ਇਹ ਲੋਕ, ਤੀਰਥ ਯਾਤਰਾ ਕਰਦੇ ਘੁੰਮਦੇ ਰਹਿੰਦੇ ਹਨ ਤੇ ਕੇਦਾਰਨਾਥ ਇਨ੍ਹਾਂ ਦਾ ਮੁਖ ਤੀਰਥ ਹੈ ਜੋ ਕਿ ਰੁਦ੍ਰ ਹਿਮਾਲਾ ਦੀ ਬਰਫਾਨੀ ਧਾਰ ਵਿਚ ਬਾਰਾਂ ਹਜ਼ਾਰ ਫੁਟ ਦੀ ਉਚਾਈ ਤੇ ਹੈ ਤੇ ਇਥੇ ਸਦਾ ਸ਼ਿਵ ਦਾ ਮੰਦਿਰ ਹੈ।

ਕਾਇ ਕਮੰਡਲੁ ਕਾਪੜੀਆ ਰੇ
ਅਠਸਠਿ ਕਾਇ ਫਿਰਾਹੀ।

(ਗੂਜਰੀ ਤ੍ਰਿਲੋਚਨ ਪੰਨਾ ੫੨੬)

ਕਬਿਤ ਪੜੇ ਪੜਿ ਕਬਿਤਾ ਮੂਏ, ਕਪੜ ਕੇਦਾਰੈ ਜਾਈ
ਜਟਾ ਧਾਰਿ ਧਾਰਿ ਜੋਗੀ ਮੂਏ, ਤੇਰੀ ਗਤਿ ਇਨਹਿ ਨ ਪਾਈ।

(ਸੋਰਠਿ ਕਬੀਰ ਪੰਨਾ ੬੫੪)

## ਕਾਫ਼ੀ

'ਕਾਫ਼ੀ' ਅਰਬੀ ਪਦ ਹੈ, ਜਿਸਦਾ ਅਰਥ ਹੈ ਸਥਾਈ ਵਾਲੀ ਤੁਕ, ਧਾਰਨਾ। ਚੂੰਕਿ ਸੂਫ਼ੀ ਲੋਕ ਮਸਤੀ ਵਿਚ ਆਪਣੇ ਪ੍ਰੇਮ-ਗੀਤਾਂ ਨੂੰ ਬਾਰ ਬਾਰ ਗਾਉਂਦੇ ਸਨ, ਇਸ ਕਰਕੇ ਇਸ ਪ੍ਰੇਮ-ਗੀਤ ਦਾ ਨਾਮ ਹੀ 'ਕਾਫ਼ੀ' ਪੈ ਗਿਆ। ਸੋ ਅਸੀਂ ਕਹਿ ਸਕਦੇ ਹਾਂ ਕਿ ਕਾਫ਼ੀ ਇਕ ਕਾਵਿ-ਰੂਪ ਹੈ ਯਾ ਗੀਤ ਦੀ ਕਿਸਮ ਹੈ ਜੋ ਸੂਫ਼ੀਆਂ ਦੀਆਂ ਮਜਲਸਾਂ ਵਿਚ ਆਮ ਗਾਇਆ ਜਾਂਦਾ ਸੀ। ਇਸੇ ਧਾਰਨਾ ਨੂੰ ਲੈ ਕੇ ਗੁਰੂ ਨਾਨਕ, ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਨੇ ਕਈ ਪਦੇ ਲਿਖੇ ਹਨ, ਜਿਨ੍ਹਾਂ ਦਾ ਸਿਰਲੇਖ 'ਕਾਫ਼ੀ' ਹੈ।

ਗੁਰੂ ਸਾਹਿਬਾਨ ਨੇ ਆਸਾ, ਤਿਲੰਗ, ਸੂਹੀ ਤੇ ਮਾਰੂ ਰਾਗ ਵਿਚ ਇਸ ਕਾਵਿ-ਰੂਪ ਦੀ ਵਰਤੋਂ ਕੀਤੀ ਹੈ। ਇਹ ਗਾਇਕੀ, ਵਧੇਰੇ ਪ੍ਰਸਿੱਧ ਹੋਣ ਕਰਕੇ ਪਿਛੋਂ ਰਾਗ ਨਾਂ ਨਾਲ ਵੀ ਸਤਿਕਾਰੀ ਗਈ, ਜਿਸ ਵਿਚ ਗਾਂਧਾਰ, ਸ਼ੁਧ ਤੇ ਕੋਮਲ ਦੋਵੇਂ ਲਗਦੇ ਹਨ, ਪੰਚਮ ਵਾਦੀ ਤੇ ਖੜਜ ਸੰਵਾਦੀ ਹੈ। ਇਸਤੋਂ ਅਸੀਂ ਇਸ ਤਰਜ਼ ਦੀ ਰੂਪਰੇਖਾ

ਦਾ ਅਨੁਮਾਨ ਲਾ ਸਕਦੇ ਹਾਂ ਕਿ ਇਹ ਪਹਿਲੇ ਪਹਿਲ ਕੇਹੋ ਜੇਹੀਆਂ ਸੁਰਾਂ ਵਿਚ ਗਾਇਆ ਜਾਂਦਾ ਸੀ। ਪੰਜਾਬੀ ਸੂਫ਼ੀ ਕਵੀਆਂ ਇਸਦੀ ਵਧੇਰੇ ਵਰਤੋਂ ਕੀਤੀ ਹੈ।

### ਕਾਬਲ

ਅਫਗਾਨਸਤਾਨ ਦੀ ਰਾਜਧਾਨੀ ਕਾਬਲ ਹੈ ਜੋ ਕਿ ਕਾਬਲ ਦਰਿਆ ਦੇ ਕਿਨਾਰੇ ਸਮੁੰਦਰੀ ਸਤਹ ਤੋਂ ੫੭੮੦ ਫੁਟ ਦੀ ਉਚਾਈ ਉਤੇ ਵਸਿਆ ਹੋਇਆ ਹੈ। ਇਹ ਇਕ ਬੜਾ ਪੁਰਾਣਾ ਇਤਿਹਾਸਕ ਸ਼ਹਿਰ ਹੈ ਜਿਸਨੇ ਹਿੰਦੁਸਤਾਨ ਦੀ ਰਾਜਨੀਤੀ ਉਤੇ ਡੂੰਘਾ ਅਸਰ ਪਾਇਆ ਹੈ। ਇਸਦੇ ਉਤਰ ਵਿਚ ਹਿੰਦੂ ਕੁਸ਼ ਪਰਬਤ ਤੇ ਪੱਛਮ ਵਲ ਕੰਧਾਰ ਦੇ ਦੱਰਰੇ ਹਨ, ਸਕੰਦਰ ਤੇ ਚੰਗੇਜ਼ ਖ਼ਾਂ ਵਰਗੇ ਹਮਲਾਵਰ ਇਸੇ ਪਾਸਿਓਂ ਹੀ ਹਿੰਦ ਉਤੇ ਹਮਲਾਵਰ ਹੁੰਦੇ ਰਹੇ। ਮੁਗਲ ਰਾਜ ਦੇ ਮੋਢੀ ਬਾਬਰ ਨੇ ੧੫੦੪ ਈ. ਵਿਚ ਕਾਬਲ ਉਤੇ ਕਬਜ਼ਾ ਕੀਤਾ ਤੇ ਇਥੋਂ ਹੀ ਪੂਰੀ ਤਿਆਰੀ ਕਰਕੇ ਹਿੰਦ ਉਤੇ ਚੜ੍ਹਾਈ ਕੀਤੀ ਸੀ। ਜਦ ੧੫੨੧ ਈ. ਵਿਚ ਇਸ ਪਹਿਲਾ ਹਮਲਾ ਕੀਤਾ ਤਾਂ ਇਸਦੀ ਸੂਚਨਾ ਦਿੰਦਿਆਂ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਕਿ ਇਹ ਪਾਪ ਦੀ ਬਰਾਤ ਲੈ ਕੇ ਕਾਬਲ ਤੋਂ ਚੜ੍ਹਿਆ ਆ ਰਿਹਾ ਹੈ ਤੇ ਧੱਕੇ ਨਾਲ ਹਿੰਦੁਸਤਾਨੀ ਇੱਜ਼ਤ ਨੂੰ ਹਥਿਆਉਣਾ ਚਾਹੁੰਦਾ ਹੈ।

> ਪਾਪ ਕੀ ਜੰਞ ਲੈ ਕਾਬਲਹੁ ਧਾਇਆ
> ਜੋਰੀ ਮੰਗੈ ਦਾਨੁ ਵੇ ਲਾਲੋ।

(ਤਿਲੰਗ ੧, ਪੰਨਾ ੭੨੨)

### ਕਾਬਾ

ਅਰਬ ਦੇਸ ਦੇ ਮੱਕੇ ਸ਼ਹਿਰ ਅੰਦਰ ਬਣਿਆ ਮੁਸਲਮਾਨਾਂ ਦਾ ਧਰਮ-ਮੰਦਿਰ 'ਕਾਅਬਾ' ਕਹਾਉਂਦਾ ਹੈ। ਮੁਸਲਮਾਨੀ ਨਿਸਚੇ ਅਨੁਸਾਰ ਇਸਨੂੰ ਪਹਿਲੇ ਪਹਿਲ ਬਾਬਾ ਆਦਮ ਨੇ ਬਣਾਇਆ, ਨੂਹ ਦੇ ਤੂਫ਼ਾਨ ਬਾਦ ਫਿਰ ਹਜ਼ਰਤ ਇਬਰਾਹੀਮ ਨੇ ਇਸਦੀ ਉਸਾਰੀ ਕੀਤੀ। ਇਸ ਮੰਦਰ ਵਿਚ ਪਹਿਲੇ ਕਈ ਬੁਤਾਂ ਦੀ ਪੂਜਾ ਹੁੰਦੀ ਸੀ ਜਿਸਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਬੰਦ ਕਰਕੇ ਇਕ ਅੱਲ੍ਹਾ ਦੀ ਪੂਜਾ ਦ੍ਰਿੜ੍ਹ ਕਰਾਈ ਤੇ ਨਵੇਂ ਮੰਦਰ ਦੀ ਤਾਮੀਰ ਕਰਾਈ। ਇਸਦੀ ਹੁਣ ਵਾਲੀ ਇਮਾਰਤ ਜੋ ੪੦ ਫੁਟ ਲੰਮੀ ਤੇ ੩੩ ਫੁਟ ਚੋੜੀ ਹੈ, ਭੂਰੇ ਰੰਗ ਦੇ ਕੀਮਤੀ ਪੱਥਰ ਨਾਲ ਰੂਮ ਦੇ ਉਸਮਾਨੀ ਪਾਤਸ਼ਾਹ ਸੁਲਤਾਨ ਮੁਰਾਦ ਚੋਥੇ ਨੇ ੧੦੪੦ ਈ. ਵਿਚ ਤਿਆਰ ਕਰਵਾਈ। ਇਸਦਾ ਇਕੋ ਇਕ ਦਰਵਾਜ਼ਾ ਹੈ ਤੇ ਖਿੜਕੀ ਕੋਈ ਨਹੀਂ। ਪੂਰਬੀ ਕੋਨੇ ਵਿਚ ਧਰਤੀ ਤੋਂ ਪੰਜ ਫੁਟ ਉਚਾ ਕਾਲਾ ਪੱਥਰਾ 'ਸੰਗਿ ਅਸ਼ਵਦ' ਜੜਿਆ ਹੋਇਆ ਹੈ। ਕਾਅਬੇ ਦੀ ਯਾਤਰਾ ਕਰਨ ਵਾਲੇ ਸੱਤ ਪ੍ਰਕਰਮਾ ਕਰਕੇ ਇਸ ਪੱਥਰ ਨੂੰ ਚੁੰਮਦੇ ਹਨ। ਦੱਖਣੀ ਕੋਨੇ ਵਿਚ 'ਰੁਕਨੁਲ ਯਮਾਨ' ਨਾਮ ਦਾ ਪੱਥਰ ਲਗਾ ਹੋਇਆ ਹੈ, ਇਸਨੂੰ ਹਾਜੀ ਸੱਜੇ ਹੱਥ ਨਾਲ ਛੂਹਦੇ ਹਨ। ਇਹ ਮੰਦਰ ਸਦਾ ਕਾਲੇ ਕਪੜੇ ਨਾਲ

ਢਕਿਆ ਰਹਿੰਦਾ ਹੈ। ਇਸਦੇ ਆਲੇ ਦੁਆਲੇ ਚੰਗੀ ਖੁੱਲ੍ਹੀ ਪਰਕਰਮਾ ਬਣੀ ਹੋਈ ਹੈ ਜਿਸ ਰਾਹੀਂ ਹਾਜੀ ਯਾਤਰਾ ਕਰਦੇ ਰਹਿੰਦੇ ਹਨ।

ਮੁਸਲਮਾਨਾਂ ਦਾ ਨਿਸਚਾ ਹੈ ਕਿ ਹਰ ਮੋਮਨ ਲਈ ਕਾਅਬੇ ਦਾ ਹੱਜ ਕਰਨਾ ਇਕ ਉਤਮ ਧਰਮ ਕਰਮ ਹੈ ਅਤੇ ਜਿਥੇ ਵੀ ਕੋਈ ਮੁਸਲਮਾਨ ਨਿਮਾਜ਼ ਪੜ੍ਹੇ, ਇਸ ਉਸ ਲਈ ਜ਼ਰੂਰੀ ਹੈ ਕਿ ਉਹ ਕਿਬਲਾ ਕਾਬਾ ਵਲ ਮੂੰਹ ਕਰ ਕੇ ਪੜ੍ਹੇ। ਇਸ ਗੱਲ ਨੂੰ ਰੂਹਾਨੀ ਮਹਾਂ ਪੁਰਸ਼ਾਂ ਪਰਵਾਣ ਨਹੀਂ ਕੀਤਾ। ਉਨ੍ਹਾਂ ਦੇ ਨਿਸ਼ਚੇ ਅਨੁਸਾਰ ਮਨੁੱਖੀ ਦਿਲ ਹੀ ਉਹ ਕਾਬਾ ਹੈ ਜਿਥੇ ਖ਼ੁਦਾ ਦਾ ਨਿਵਾਸ ਹੈ।

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਸੋਈ

(ਆਸਾ ਕਬੀਰ, ਪੰਨਾ, ੪੮੦)

ਕਬੀਰ ਹਜ ਕਾਬੈ ਹਉ ਜਾਇ ਥਾ ਆਗੈ ਮਿਲਿਆ ਖੁਦਾਇ।

(ਸਲੋਕ ਕਬੀਰ ਪੰਨਾ ੧੩੭੫)

## ਕਾਮ

ਪ੍ਰਾਣੀ ਦੇ ਅੰਦਰਲੀ ਜਿਨਸੀ ਭਾਵਨਾ ਕਾਮ ਹੈ। ਭਾਰਤੀ ਮਨੌਤ ਅਨੁਸਾਰ ਪਹਿਲੇ ਪ੍ਰਜਾਪਤਿ ਇਕੱਲਾ ਹੀ ਨਿਵਾਸ ਰਖਦਾ ਸੀ, ਉਸ ਨੇ ਆਪਣੇ ਜਿਸਮ ਦੇ ਦੋ ਹਿਸੇ ਕਰ ਲਏ ਜਿਸ ਵਿਚੋਂ ਇਕ ਹਿੱਸਾ ਇਸਤ੍ਰੀ ਤੇ ਦੂਜਾ ਹਿਸਾ ਪੁਰਸ਼ ਬਣ ਗਿਆ। ਪੁਰਸ਼ ਦੀ ਇਸਤਰੀ ਲਈ ਤੇ ਇਸਤਰੀ ਦੀ ਪੁਰਸ਼ ਲਈ ਖਿੱਚ ਕਾਮ-ਵਾਸਨਾ ਕਹਾਉਂਦੀ ਹੈ ਜੋ ਕਿ ਕੁਦਰਤੀ ਤੇ ਸਹਿਜ ਸੁਭਾਵਕ ਹੈ। ਇਸ ਦਾ ਮਰਯਾਦਾ-ਬਧ ਰੂਪ ਅਤਿ ਪਵਿੱਤਰ ਮੰਨਿਆ ਗਿਆ ਹੈ ਕਿਉਂਕਿ ਇਸੇ ਪ੍ਰਵਿਰਤੀ ਸਦਕਾ ਸ੍ਰਿਸ਼ਟੀ ਰਚਨਾ ਵਿਕਾਸ ਕਰਦੀ ਹੈ। ਇਸੇ ਕਰਕੇ ਪੁਰਾਣਾਂ ਵਿਚ ਇਸ ਨੂੰ 'ਕਾਮਦੇਵ' ਕਹਿਕੇ ਵੀ ਸਤਿਕਾਰਿਆ ਗਿਆ ਹੈ ਤੇ ਇਸ ਦੇ ਘਰਵਾਲੀ 'ਰਤਿ' ਹੈ। ਪੁਰਾਣਕ ਕਲਪਨਾ ਅਨੁਸਾਰ ਕਾਮ ਇਕ ਅਤਿ ਸੁੰਦਰ ਦੇਵਤਾ ਹੈ ਜੋ ਫੁੱਲਾਂ ਦਾ ਧਨੁਖ ਤੇ ਫੁੱਲਾਂ ਦੇ ਪੰਜ ਤੀਰ ਰਖਦਾ ਹੈ, ਇਹ ਪੰਜ ਤੀਰ-ਲਾਲ ਕਮਲ, ਨੀਲਾ ਕਮਲ, ਅਸ਼ੋਕ, ਅੰਬਾਂ ਦਾ ਬੂਰ ਅਤੇ ਮਾਲਤੀ ਕਹੇ ਜਾਂਦੇ ਹਨ ਤੇ ਕਈਆਂ ਇਨ੍ਹਾਂ ਦੇ ਨਾਮ ਸੰਮੋਹਨ, ਉਨਮਾਦਨ, ਸੋਸ਼ਣ, ਤਾਪਨ ਤੇ ਸਤੰਭਨ-ਦੱਸੇ ਹਨ। ਕਾਮਦੇਵ ਇੰਦ੍ਰਸਭਾ ਦਾ ਖਾਸ ਸ਼ਿੰਗਾਰ ਹੈ। ਜਦੋਂ ਕੋਈ ਇੰਦ੍ਰ ਦੀ ਪਦਵੀਂ ਨੂੰ ਪਾਉਣ ਲਈ ਤਪ ਯੱਗ ਕਰਦਾ ਹੈ ਤਾਂ ਆਮ ਤੌਰ ਤੇ ਇੰਦ੍ਰ ਇਸ ਨੂੰ ਭੇਜਕੇ ਉਸ ਦਾ ਤਪ ਭੰਗ ਕਰਨ ਦਾ ਯਤਨ ਕਰਦਾ ਹੈ। ਇਕ ਵਾਰ ਤਪ ਕਰ ਰਹੇ ਸ਼ਿਵ ਜੀ ਨੂੰ ਮੋਹਿਤ ਕਰਨ ਲਈ ਪਾਰਬਤੀ ਆਈ; ਸ਼ਿਵਾਂ ਅੱਖ ਨ ਖੋਲ੍ਹੀ। ਫਿਰ ਕਾਮਦੇਵ ਨੇ ਆਪਣੇ ਤੀਰ ਚਲਾਏ ਤਾਂ ਉਨ੍ਹਾਂ ਦੀ ਸਮਾਧੀ ਖੁਲ੍ਹ ਗਈ ਤੇ ਜਦੋਂ ਸ਼ਿਵਾਂ ਨੇ ਤੀਜਾ ਨੇਤ੍ਰ ਖੋਲਿਆ, ਸਾਮ੍ਹਣੇ ਖਲੋਤਾ ਕਾਮਦੇਵ ਭਸਮ ਹੋ ਗਿਆ।

ਇਸ ਤਰ੍ਹਾਂ ਦੀਆਂ ਕਹਾਣੀਆਂ ਤੋਂ ਜ਼ਾਹਰ ਹੈ ਕਿ ਕਾਮ ਵਾਸਨਾ ਇਤਨੀ ਪ੍ਰਬਲ ਹੈ ਕਿ ਉਹ ਵੱਡੇ ਵੱਡੇ ਦੇਵਤਿਆਂ ਦੇ ਮਨ ਨੂੰ ਉਚਾਟ ਕਰ ਸਕਦੀ ਹੈ। ਜਦ

ਇਹ ਵਾਸਨਾ ਕਾਬੂ ਵਿਚ ਨ ਰਹੇ ਤਾਂ ਮਨੁਖ ਨੂੰ ਖੁਆਰ ਹੋਣਾ ਪੈਂਦਾ ਹੈ, ਇਸੇ ਕਰਕੇ ਇਸ ਨੂੰ ਪੰਜ ਵਿਕਾਰਾਂ ਵਿਚ ਗਿਣਿਆ ਗਿਆ ਤੇ ਇਸ ਤੋਂ ਬਚਣ ਦਾ ਉਪਦੇਸ਼ ਦਿਤਾ ਹੈ:-

ਕਾਮ ਕ੍ਰੋਧ ਸੰਗਤਿ ਦੁਰਜਨ ਕੀ, ਤਾਂਤੇ ਅਹਿਨਿਸਿ ਭਾਗੋ ।

(ਗਉੜੀ ੯ ਪੰਨਾ ੨੧੯)

ਕਾਮ ਕ੍ਰੋਧ ਕਾ ਚੋਲੜਾ, ਸਭ ਗਲਿ ਆਏ ਪਾਇ ।

(ਸਲੋਕ ਵਾਰਾਂ ਤੇ ਵਧੀਕ, ਮ. ੩ ਪੰਨਾ ੧੪੧੪

## ਕਾਮਧੇਨ

ਪੁਰਾਣਕ ਕਥਾ ਹੈ ਕਿ ਦੇਵਤਿਆਂ ਤੇ ਦੈਂਤਾਂ ਰਲ ਕੇ ਖੀਰ ਸਾਗਰ ਨੂੰ ਰਿੜਕਿਆ ਤਾਂ ਵਿਚੋਂ ੧੪ ਰਤਨ ਨਿਕਲੇ । ਇਨ੍ਹਾਂ ਚੌਦਾਂ ਵਿਚੋਂ ਇਕ ਰਤਨ-ਕਾਮਧੇਨ ਗਊ ਸੀ ਜੋ ਇੰਦਰ ਨੂੰ ਮਿਲੀ । ਹੁਣ ਕਾਮਧੇਨ, ਸੁਰਗ ਵਿਚ ਇੰਦਰ ਪਾਸ ਰਹਿੰਦੀ ਹੈ । ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਕੋਲ ਜਾ ਕੇ ਜੋ ਮਨੋਕਾਮਨਾ ਕਰੀਏ, ਉਹ ਪੂਰੀ ਹੋ ਜਾਂਦੀ ਹੈ ।

ਬ੍ਰਹਮ ਵੈਵਰਤ ਪੁਰਾਣ ਦੇ ਲਿਖਣ ਅਨੁਸਾਰ ਕਪਲਾ ਗਊ ਵਿਸ਼ਨੂੰ ਨੇ ਬ੍ਰਹਮਾ ਨੂੰ ਦਿਤੀ । ਬ੍ਰਹਮੇ ਤੋਂ ਭ੍ਰਿਗੂ ਰਿਸ਼ੀ ਲੈ ਗਿਆ ਤੇ ਇਸ ਤੋਂ ਅੱਗੇ ਜਮਦਗਨ । ਜਦ ਜਮਦਗਨ ਰਿਸ਼ੀ ਕਾਰਤਵੀਰਯ ਹੱਥੋਂ ਮਾਰਿਆ ਗਿਆ ਤਾਂ ਇਹ ਕਾਮਧੇਨ ਫਿਰ ਬ੍ਰਹਮ ਲੋਕ ਨੂੰ ਚਲੀ ਗਈ । ਮਨੋਕਾਮਨਾ ਪੂਰੀਆਂ ਕਰਨ ਦਾ ਗੁਣ ਹੋਣ ਕਰਕੇ ਕਈ ਰਿਸ਼ੀ ਇਸ ਦੀ ਪ੍ਰਾਪਤੀ ਲਈ ਤਪਸਾਧਨਾ ਕਰਦੇ ਰਹੇ ਹਨ । ਗੁਰਬਾਣੀ ਵਿਚ ਪਰਮੇਸ਼ਰ ਨੂੰ ਹੀ ਸਰਬ ਇੱਛਾਪੂਰਕ ਕਹਿਕੇ ਕਾਮਧੇਨ ਦੇ ਅਲੰਕਾਰ ਨਾਲ ਵਰਣਨ ਕੀਤਾ ਹੈ :

ਪਾਰਿਜਾਤੁ ਇਹੁ ਹਰਿ ਕੋ ਨਾਮੁ<br>ਕਾਮਧੇਨ ਹਰਿ ਹਰਿ ਗੁਣ ਗਾਮ ॥

(ਗਉੜੀ ਸੁਖਮਨੀ ੫,ਪੰਨਾ ੨੬੫)

## ਕਾਲਜਮਨ (ਕਾਲਯਵਨ)

ਇਕ ਦੈਂਤ ਜਿਸ ਨੇ ਫੌਜ ਲੈ ਕੇ ਕ੍ਰਿਸ਼ਨ ਵਿਰੁਧ ਮਥਰਾ ਉਤੇ ਹਮਲਾ ਕੀਤਾ । ਇਹ ਜਰਾਸੰਧ ਦਾ ਦੋਸਤ ਅਤੇ ਜੰਗਾਂ ਜੁੱਧਾਂ ਵਿਚ ਉਸ ਦਾ ਸਾਥੀ ਸੀ । ਜਰਾਸੰਧ ਕ੍ਰਿਸ਼ਨ ਦੇ ਮਾਮੇ, ਕੰਸ ਦਾ ਸਹੁਰਾ ਸੀ । ਵਿਸ਼ਨੂ-ਪੁਰਾਣ ਅਤੇ ਹਰਿਵੰਸ ਪੁਰਾਣ ਅਨੁਸਾਰ ਇਹ ਕਾਲ ਯਵਨ, ਗਰਗ ਨਾਂ ਦੇ ਬ੍ਰਾਹਮਣ ਦਾ ਪੁੱਤਰ ਸੀ ਜੋ ਯਵਨ ਰਾਜੇ ਦੀ ਬਾਂਝ ਪਤਨੀ ਤੋਂ ਪੈਦਾ ਹੋਇਆ ਸੀ ।

ਜਦੋਂ ਕਾਲ ਯਵਨ ਨੇ ਮਥਰਾ ਤੇ ਹਮਲਾ ਕੀਤਾ, ਤਾਂ ਕ੍ਰਿਸ਼ਨ ਜੀ ਪਹਾੜਾਂ

ਵਿਚ ਦੌੜ ਗਏ ਅਤੇ ਇਸ ਨੇ ਉਨ੍ਹਾਂ ਦਾ ਪਿੱਛਾ ਕੀਤਾ। ਉਹ ਵਿਸ਼ਨੂੰ ਨੂੰ ਵਰਗਲਾ ਕੇ ਰਾਜਰਿਖੀ ਮੁਚਕੰਦ ਦੀ ਗੁਫਾ ਵਿਚ ਲੈ ਆਏ। ਅੱਗੇ ਰਿਸ਼ੀ ਸੁੱਤਾ ਪਿਆ ਸੀ ਜਿਸ ਉਤੇ ਕ੍ਰਿਸ਼ਨ ਜੀ ਨੇ ਆਪਣਾ ਕਪੜਾ ਪਾ ਦਿਤਾ ਤੇ ਆਪ ਛੁਪ ਗਏ। ਕਾਲਯਵਨ ਨੇ ਰਿੱਖੀ ਨੂੰ ਕ੍ਰਿਸ਼ਨ ਸਮਝ ਕੇ ਠੁੱਡਾ ਮਾਰਿਆ। ਰਿੱਖੀ ਦੀ ਅੱਖ ਖੁੱਲ੍ਹ ਗਈ ਅਤੇ ਉਸ ਦੀ ਕਹਿਰ-ਭਰੀ ਨਜ਼ਰ ਨਾਲ ਕਾਲ ਯਵਨ ਥਾਂ ਭਸਮ ਹੋ ਗਿਆ।

ਗੁਰਬਾਣੀ ਵਿਚ ਕਾਲ ਯਵਨ ਦਾ ਦ੍ਰਿਸ਼ਟਾਂਤ ਦੇ ਕੇ ਦਸਿਆ ਹੈ ਕਿ ਕਰਤਾਰ ਭਗਤਾਂ ਨੂੰ ਸਦਾ ਤਾਰਦਾ ਅਤੇ ਦੁਸ਼ਟਾਂ ਦੈਂਤਾਂ ਦਾ ਨਾਸ ਕਰਦਾ ਆਇਆ ਹੈ :

ਜਰਾਸੰਧਿ ਕਾਲਜਮੁਨ ਸੰਘਾਰੇ।
ਰਕਤਬੀਜੁ ਕਾਲੁਨੇਮੁ ਬਿਦਾਰੇ। (ਗਉੜੀ ੧, ਪੰਨਾ ੨੨੪)

## ਕਾਲ-ਨੇਮ

ਰਾਮਾਇਣ ਅਨੁਸਾਰ ਕਾਲ ਨੇਮੀ ਰਾਵਣ ਦਾ ਚਾਚਾ ਸੀ। ਰਾਵਣ ਨੇ ਇਸ ਨੂੰ ਅੱਧਾ ਰਾਜ ਦੇਣਾ ਕੀਤਾ ਅਤੇ ਕਿਹਾ ਕਿ ਇਹ ਹਨੂਮਾਨ ਨੂੰ ਸੰਜੀਵਨੀ ਲਿਆਉਣ ਤੋਂ ਰੋਕੇ ਅਤੇ ਥਾਂ ਮਾਰ ਦੇਵੇ। ਕਾਲ ਨੇਮੀ ਸਾਧੂ ਦਾ ਰੂਪ ਵਟਾ ਕੇ ਗੰਧ-ਮਾਦਨ ਪਰਬਤ ਉਤੇ ਚਲਾ ਗਿਆ। ਇਹ ਹਨੂਮਾਨ ਨੂੰ ਮਿਲਿਆ ਅਤੇ ਇਸ ਨੇ ਉਸ ਨੂੰ ਧੋਖੇ ਨਾਲ ਮਾਰਨਾ ਚਾਹਿਆ। ਪਰ ਹਨੂਮਾਨ ਅਸਲੀਅਤ ਤੋਂ ਜਾਣੂ ਹੋ ਗਿਆ ਅਤੇ ਉਸ ਨੇ ਕਾਲ-ਜਮਨ ਨੂੰ ਮਾਰ ਦਿਤਾ।

ਪੁਰਾਣਾਂ ਅਨੁਸਾਰ ਕਾਲਨੇਮੀ ਇਕ ਬਹੁਤ ਵੱਡਾ ਰਾਖਸ਼ ਸੀ। ਇਹ ਵਿਰੋਚਨ ਦਾ ਪੁੱਤਰ ਅਤੇ ਹਿਰਣਯਕਸ਼ਿਪ ਦਾ ਪੋਤਰਾ ਸੀ। ਇਸ ਨੇ ਦੇਵਤਿਆਂ ਨੂੰ ਸੁਰਗ ਵਿਚੋਂ ਕੱਢ ਕੇ ਸੁਰਗ ਤੇ ਕਬਜ਼ਾ ਜਮਾ ਲਿਆ ਸੀ। ਵਿਸ਼ਨੂੰ ਨੇ ਇਸ ਦਾ ਸੰਘਾਰ ਕੀਤਾ। ਕਿਹਾ ਜਾਂਦਾ ਹੈ ਕਿ ਇਹੋ ਦੂਸਰੇ ਜਨਮ ਵਿਚ ਕੰਸ ਬਣਿਆ।

ਜਰਾਸੰਧਿ ਕਾਲਜਮੁਨ ਸੰਘਾਰੇ।
ਰਕਤਬੀਜ ਕਾਲੁਨੇਮੁ ਬਿਦਾਰੇ।
ਦੈਂਤ ਸੰਘਾਰਿ ਸੰਤ ਨਿਸਤਾਰੇ। (ਗਉੜੀ ੧, ਪੰਨਾ ੨੨੪)

## ਕਾਲੀ (ਦੇਵੀ)

ਭਾਰਤੀ ਦੇਵ-ਮਾਲਾ ਵਿਚ ਕਾਲੀ ਦੇਵੀ ਦੀ ਕਾਫੀ ਪ੍ਰਸਿੱਧੀ ਹੈ ਤੇ ਕਾਲੀਘਾਟ ਆਦਿ ਥਾਵਾਂ ਤੇ ਅਨੇਕ ਮੰਦਰ ਬਣੇ ਹੋਏ ਹਨ। ਪੁਰਾਣਕ ਮਨੌਤ ਅਨੁਸਾਰ ਅਗਨੀ ਦੇਵਤੇ ਦੀਆਂ ਸੱਤ ਜੀਭਾਂ ਵਿਚੋਂ-ਇਕ ਕਾਲੀ ਹੈ, ਮਾਰਕੰਡੇਯ ਪੁਰਾਣ ਮੁਤਾਬਕ ਇਸ ਦੀ ਉਤਪਤੀ ਚੰਡੀ ਦੇ ਮਸਤਕ ਤੋਂ ਹੋਈ ਸੀ। ਇਸ ਦਾ ਕਾਲਾ ਬਿਕਰਾਲ ਚੇਹਰਾ, ਲਾਲ ਰੱਤੀ ਜੀਭ, ਅੱਗ ਉਗਲੱਛਦੀਆਂ ਅੱਖਾਂ, ਗਲ ਵਿਚ ਮੁੰਡਾਂ ਦੀ ਮਾਲਾ ਤੇ ਹੱਥ

ਵਿਚ ਲਹੂ ਦਾ ਭਰਿਆ ਖੱਪਰ, ਭੈ ਪੈਦਾ ਕਰਨ ਵਾਲਾ ਹੈ । ਤਾਂਤ੍ਰਿਕ ਮਨੌਤ ਅਨੁਸਾਰ ਭੈਰਵ, ਖੇਤ੍ਰਪਾਲ, ਗਣੇਸ਼ ਤੇ ਜੋਗਨੀਆਂ ਚਾਰੇ ਇਸਦੇ ਹੱਥ-ਬੱਧੇ ਗੁਲਾਮ ਹਨ । ਆਗਮ ਗ੍ਰੰਥਾਂ ਵਿਚ ਕਾਲੀ ਦੇ ਕਈ ਰੂਪ ਦੱਸੇ ਗਏ ਹਨ-ਮਹਾਂਕਾਲੀ, ਦਖਛਣਾ ਕਾਲੀ, ਭੱਦ੍ਰਕਾਲੀ, ਸਮਸ਼ਾਨ ਕਾਲੀ, ਗੁਹਯ ਕ ਲੀ, ਰਖਛਾ ਕਾਲੀ, ਆਦਿ । ਇਸ ਨੂੰ ਰੀਝਾਉਣ ਲਈ ਬੱਕਰੇ, ਸੰਢੇ ਯਾ ਕਿਤੇ ਕਿਤੇ ਮਨੁੱਖ ਦੀ ਬਲੀ ਦਿਤੀ ਜਾਂਦੀ ਹੈ ਤੇ ਇਸ ਦੀ ਪੂਜਾ ਲਈ ਸ਼ਰਾਬ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ ।

ਆਦਿ ਗ੍ਰੰਥ ਵਿਚ ਕਾਲੀ ਦਾ ਸਿਧਾ ਵਰਣਨ ਤਾਂ ਨਹੀਂ ਮਿਲਦਾ ਪਰੰਤੂ ਅਸਿਧੇ ਤਰੀਕੇ ਨਾਲ ਜੋ ਸੰਕੇਤ ਕੀਤਾ ਗਿਆ ਹੈ, ਉਸ ਤੋਂ ਭਾਵ ਇਸੇ ਦਾ ਹੈ :—

ਲਟ ਛੂਟੀ ਵਰਤੈ ਬਿਕਰਾਲ
ਕੋਟਿ ਕਲਾ ਖੇਲੈ ਗੋਪਾਲ । (ਭੈਰਉ ਕਬੀਰ ਪੰਨਾ ੧੧੬੩)

## ਕਾਲੀ (ਨਾਗ)

ਕਾਲੀ, ਪੰਜ ਫਣਾਂ ਵਾਲਾ ਇਕ ਜ਼ਹਿਰੀਲਾ ਨਾਗ ਸੀ ਜੋ ਜਮਨਾ ਦੇ ਛੰਭ ਵਿਚ ਰਹਿੰਦਾ ਸੀ । ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਲਈ ਵਿਉਂਤ ਬਣਾ ਕੇ ਨੰਦ ਨੂੰ ਇਹ ਸਨੇਹਾ ਭਿਜਵਾਇਆ ਕਿ ਜਮਨਾ ਵਾਲੇ ਛੰਭ ਵਿਚੋਂ ਕੌਲ ਫੂਲ ਚੁਣ ਕੇ ਭੇਜੇ ਜਾਣ । ਉਸ ਦਾ ਗੁਪਤ ਮਨੋਰਥ ਇਹ ਸੀ ਕਿ ਉਥੇ ਕਈ ਜ਼ਹਿਰੀਲੇ ਸੱਪ ਰਹਿੰਦੇ ਹਨ, ਜਿਨ੍ਹਾਂ ਦੇ ਡੰਗ ਨਾਲ ਸਾਰਾ ਪਰਿਵਾਰ ਆਪਣੇ ਆਪ ਮਰ ਜਾਵੇਗਾ । ਪਰੰਤੂ ਭਾਵੀ ਐਸੀ ਹੋਈ ਕਿ ਜਦ ਕ੍ਰਿਸ਼ਨ ਜੀ ਨੇ ਜਮਨਾ ਵਿਚ ਛਾਲ ਮਾਰੀ ਤਾਂ ਕਾਲੀ ਨਾਗ ਆਪ ਦੇ ਪੈਰ ਨੂੰ ਜ਼ਰੂਰ ਲੱਗਾ ਪਰ ਉਸ ਨੇ ਡੰਗ ਨਾ ਮਾਰਿਆ ਸਗੋਂ ਚਰਣ ਸ਼ਰਣ ਪੈ ਗਿਆ ਤੇ ਉਸ ਦਾ ਉਧਾਰ ਹੋਇਆ । ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਉਹ ਥਾਂ ਛੱਡ ਕੇ ਸਮੁੰਦਰ ਵਿਚ ਜਾਣ ਲਈ ਆਖਿਆ ਤੇ ਉਹ ਸਾਥੀਆਂ ਸਮੇਤ ਉਥੇ ਚਲਿਆ ਗਿਆ ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਪਰਮੇਸਰ ਨੇ ਸਭ ਜੀਆ ਜੰਤਾਂ ਦੀ ਜਿੰਦ ਜਾਨ ਕਾਬੂ ਕਰਕੇ ਰੱਖੀ ਹੋਈ ਹੈ ਉਸ ਦੀ ਸ਼ਕਤੀ ਅਪਾਰ ਹੈ, ਮਾਮੂਲੀ ਨਾਗ ਨੂੰ ਕਾਬੂ ਕਰਨਾ ਕੋਈ ਵੱਡੀ ਵਡਿਆਈ ਨਹੀਂ :—

ਜੀਅ ਉਪਾਇ ਜੁਗਤਿ ਹਥਿ ਕੀਨੀ
ਕਾਲੀ ਨਥਿ ਕਿਆ ਵਡਾ ਭਇਆ । (ਆਸਾ ੧, ਪੰਨਾ ੩੫੦)

ਕੇਸੀ ਕੰਸ ਮਥਨੁ ਜਿਨਿ ਕੀਆ
ਜੀਅ ਦਾਨੁ ਕਾਲੀ ਕਉ ਦੀਆ । (ਗੋਂਡ ਨਾਮਦੇਵ ਪੰਨਾ ੮੭੪)

### ਕਿੰਨਰ

ਪੁਰਾਣਕ ਲਿਖਤਾਂ ਅਨੁਸਾਰ ਇਕ ਕਿਸਮ ਦੇ ਕੁਢਬੇ ਪੁਰਸ਼ ਜਿਨ੍ਹਾਂ ਦਾ ਮੂੰਹ ਘੋੜੇ ਵਰਗਾ ਹੈ, ਕਿੰਨਰ ਕਹਾਉਂਦੇ ਹਨ। ਇਹ ਪੁਲਸਤਯ ਰਿਸ਼ੀ ਦੀ ਸੰਤਾਨ ਹਨ, ਕਈ ਇਨ੍ਹਾਂ ਨੂੰ ਕਸ਼ਯਪ ਦੇ ਪੁੱਤਰ ਦਸਦੇ ਹਨ । ਇਕ ਖਿਆਲ ਅਨੁਸਾਰ ਇਹ ਬ੍ਰਹਿਮੇ ਦੇ ਅੰਗੂਠੇ ਤੋਂ ਯਕਸ਼ਾਂ ਦੇ ਨਾਲ ਹੀ ਪੈਦਾ ਹੋਏ ਸਨ। ਇਹ ਕੈਲਾਸ਼ ਪਰਬਤ ਉਤੇ ਕੁਬੇਰ ਪਾਸ ਰਹਿੰਦੇ ਹਨ, ਜਦੋਂ ਗੰਧਰਬ ਗਾਇਨ ਕਰਦੇ ਹਨ ਤਾਂ ਇਹ ਨਾਲ ਨਾਲ ਸੋਹਣਾ ਨਾਚ ਨਚਦੇ ਹਨ। ਇੰਦ੍ਰ ਸਭਾ ਵਿਚ ਵੀ ਇਨ੍ਹਾਂ ਦੀ ਨ੍ਰਿਤਕਾਰੀ ਪ੍ਰਸਿੱਧ ਹੈ। ਨਵੀਂ ਖੋਜ ਅਨੁਸਾਰ ਕਿੰਨਰ ਦੇਸ ਸ਼ਿਮਲੇ ਤੋਂ ਉਤਲੇ ਪਾਸੇ ਹਿਮਾਚਲ ਵਿਚ ਹੈ, ਇਥੋਂ ਦੇ ਵਸਨੀਕਾਂ ਨੂੰ ਕਨੌਰੇ ਕਿਹਾ ਜਾਂਦਾ ਹੈ । ਇਹ ਪਹਾੜੀ ਲੋਕ ਸਚਮੁਚ ਨਾਚ ਦੇ ਅਤੀ ਸ਼ੌਕੀਨ ਹਨ ਪਰ ਪੁਰਾਣਾਂ ਵਿਚ ਦੱਸੀ ਸ਼ਕਲ ਸੂਰਤ ਅੱਜ ਦਿਖਾਈ ਨਹੀਂ ਦਿੰਦੀ।

ਕਈ ਕੋਟਿ ਜਖ੍ਯ ਕਿੰਨਰ ਪਿਸਾਚ
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ। (ਗਉੜੀ ਸੁਖਮਨੀ ੫, ਪੰਨਾ ੨੭੬)

### ਕੀਰਤ (ਭੱਟ)

ਭੱਟ ਵਹੀਆਂ ਦੀ ਦਿਤੀ ਜਾਣਕਾਰੀ ਅਨੁਸਾਰ ਕੀਰਤ ਭੱਟ, ਭਿੱਖੇ ਦਾ ਪੁੱਤਰ ਸੀ ਤੇ ਇਸ ਨੇ ੪ ਗੁਰੂ ਅਮਰਦਾਸ ਦੀ ਉਸਤਤਿ ਵਿਚ ਤੇ ੪ ਗੁਰੂ ਰਾਮਦਾਸ ਦੀ ਸਿਫਤ ਵਿਚ ਛੰਦ ਉਚਾਰੇ ਹਨ । ਇਹ ਮਹਾਨ ਕਵੀ ਜੋਧਾ ਵੀ ਸੀ, ਇਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਮੁਖ਼ਲਿਸ ਖ਼ਾਂ ਵਲੋਂ ਲੜੀ ਜੰਗ ਵਿਚ ਅੰਮ੍ਰਿਤਸਰ ੧੭ ਵਿਸਾਖ ੧੬੯੧ ਬਿ. ਨੂੰ ਲੜ ਕੇ, ਸ਼ਹੀਦ ਹੋ ਗਿਆ ।

ਇਕ ਅਰਦਾਸਿ ਭਾਟ ਕੀਰਤ ਕੀ
ਗੁਰ ਰਾਮਦਾਸ ਰਾਖਹੁ ਸਰਣਾਈ। (ਸਵਈਏ ਮਹਲੇ ਚਉਥੇ ਕੇ, ਪੰਨਾ ੧੩੦੬)

### ਕੁਚੱਜੀ, ਸੁਚੱਜੀ

ਸੂਹੀ ਰਾਗ ਵਿਚ ਗੁਰੂ ਨਾਨਕ ਸਾਹਿਬ ਦੇ ਦੋ ਸ਼ਬਦ ਹਨ ਜਿਨ੍ਹਾਂ ਦੇ 'ਕੁਚਜੀ' ਤੇ 'ਸੁਚੱਜੀ' ਸਿਰਲੇਖ ਦੇ ਕੇ ਮੰਦੀ ਤੇ ਚੰਗੀ ਜ਼ਿੰਦਗੀ ਦਾ ਚਿਤਰ ਉਲੀਕਿਆ ਗਿਆ ਹੈ।

ਕੁਚੱਜੀ ਉਹ ਹੈ ਜਿਸ ਨੂੰ ਜੀਵਨ ਜਾਚ ਨਹੀਂ ਪਰ ਸਤਿਗੁਰੂ ਇਸ ਦਾ ਜ਼ਿਕਰ ਅਨਾਂਸ਼ ਪੁਰਖ ਯਾ ਮੱਧਮ ਪੁਰਖ ਦੇ ਰੂਪ ਵਿਚ ਨਹੀਂ ਕਰਦੇ ਸਗੋਂ ਉਤਮ ਪੁਰਖ ਵਿਚ ਕਰਕੇ ਸਾਰਾ ਬੋਝ ਆਪਣੇ ਜ਼ਿੰਮੇ ਲੈਂਦੇ ਹਨ :—

ਮੰਞੁ ਕੁਚਜੀ ਅੰਮਾਵਣਿ ਡੋਸੜੇ
ਹਉ ਕਿਉ ਸਹੁ ਰਾਵਣਿ ਜਾਉ ਜੀਉ ।

ਇਸਤੋਂ ਪਿਛੋਂ 'ਸੁਚੱਜੀ' ਦਾ ਉਲੇਖ ਹੈ ! ਜਿਥੇ ਕੁਚਜੀ ਦੁਨਿਆਵੀ ਪਦਾਰਥਾਂ ਨੂੰ ਹੀ ਸਭ ਕੁਝ ਮੰਨਕੇ ਉਸੇ ਵਿਚ ਲਗੀ ਰਹੀ ਸੀ, ਉਥੇ 'ਸੁਚੱਜੀ' ਦੀ ਰਾਸਿ ਪੂੰਜੀ ਕੇਵਲ ਪ੍ਰਭੂ ਹੈ, ਉਹ ਉਸੇ ਨੂੰ ਸਭ ਕੁਝ ਮੰਨਦੀ ਹੈ—

ਜਾ ਤੂ ਤਾਂ ਮੈਂ ਸਭ ਕੋ, ਤੂ ਸਾਹਿਬ ਮੇਰੀ ਰਾਸਿ ਜੀਉ ।
(ਸੂਹੀ ੧, ਪੰਨਾ ੭੬੨)

ਇਸਤਰ੍ਹਾਂ ਦੋਹਾਂ ਛੰਦਾਂ ਵਿਚ ਚੰਗੇ ਮਾੜੇ ਜੀਵਨ ਦਾ ਅੰਤਰ ਕਰਕੇ ਮਾੜੱਪਣ ਛਡਕੇ, ਚੰਗਿਆਈ ਵਲ ਲਗਣ ਦੀ ਪ੍ਰੇਰਨਾ ਕੀਤੀ ਗਈ ਹੈ ।

**ਕੁਠਾ**—ਦੇਖੋ ਹਲਾਲ

## ਕੁੰਡਲਨੀ

ਚਿਤ-ਬਿਰਤੀਆਂ ਨੂੰ ਰੋਕਣ ਦਾ ਨਾਮ ਯੋਗ ਹੈ । ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਯੋਗ ਮਤ ਦੀ ਸਾਧਨਾ ਪ੍ਰਣਾਲੀ ਵਿਚ ਇਕ ਵਿਸ਼ੇਸ਼ ਗੱਲ ਕਹੀ ਗਈ ਹੈ ਕਿ ਕੁੰਡਲਨੀ ਨੂੰ ਜਗਾਕੇ ਤੇ ਖਟ ਚੱਕ੍ਰਾਂ ਵਿਚੀਂ ਲੰਘਾਕੇ ਉਤੇ ਦਸਮ ਦੁਆਰ ਤਕ ਲਿਜਾਣ ਦਾ ਯਤਨ ਕੀਤਾ ਜਾਵੇ ਤਾਂ ਚਿਤ ਬਿਰਤੀਆਂ ਆਪਣੇ ਆਪ ਰੁਕ ਜਾਂਦੀਆਂ ਹਨ । ਇਹ ਕੁੰਡਲਨੀ ਨਾੜੀ ਕਿਹੜੀ ਹੈ, ਇਹ ਦੱਸਣਾ ਤਾਂ ਔਖਾ ਹੈ ਪਰ ਤਾਂਤ੍ਰਿਕ ਲੋਕ ਤੇ ਯੋਗਮਤ ਵਾਲੇ ਇਸ ਦੀ ਹੋਂਦ ਸੁਖਮਨਾ ਦੀ ਜੜ ਵਿਚ ਮੰਨਦੇ ਹੋਏ ਦਸਦੇ ਹਨ ਕਿ ਇਹ ਸਾਢੇ ਤਿੰਨ ਕੁੰਡਲ ਮਾਰਕੇ ਸੁੱਤੀ ਅਵਸਥਾ ਵਿਚ ਪਈ ਹੈ, ਇਸੇ ਕਰਕੇ ਇਸ ਨੂੰ 'ਕੁੰਡਲੀ' ਯਾ ਸੱਪ ਵਾਂਙ ਜਲੇਬੀਦਾਰ ਢੰਗ ਨਾਲ ਪਈ ਹੋਣ ਕਰਕੇ 'ਭੁਯੰਗਮਾ' ਨਾੜੀ ਕਹਿੰਦੇ ਹਨ । ਇਸ ਨੂੰ ਜਗਾਉਣ ਲਈ ਪ੍ਰਾਣਾਯਾਮ ਰਾਹੀਂ ਤਕੜਾ ਅਭਿਆਸ ਕਰਨਾ ਪੈਂਦਾ ਹੈ, ਇਸ ਤੋਂ ਬਾਦ ਇਹ ਨਾੜੀ ਉਭਰ ਕੇ ਸਹਸ੍ਰਦਲ ਕਮਲ ਵਿਚ ਪਹੁੰਚਦੀ ਹੈ, ਜਿਸ ਨੂੰ ਦਸਮ ਦੁਆਰ ਯਾ ਗਗਨ ਮੰਡਲ ਆਖਦੇ ਹਨ ।

ਗੁਰਮਤਿ, ਸਰੀਰਕ ਸਾਧਨਾ ਦੀ ਥਾਂ ਮਾਨਸਿਕ ਸਾਧਨਾ ਉਤੇ ਜ਼ੋਰ ਦਿੰਦੀ ਹੈ, ਇਸ ਅਨੁਸਾਰ ਸਤਿਸੰਗ ਤੇ ਨਾਮ ਸਿਮਰਨ ਨਾਲ ਇਹ ਗੁੰਝਲ ਹੱਲ ਹੋ ਜਾਂਦੀ ਹੈ :—

ਕੁੰਡਲਨੀ ਸੁਰਝੀ ਸਤਸੰਗਤਿ, ਪਰਮਾਨੰਦ ਗੁਰੂ ਮੁਖਿ ਮਚਾ ।
ਸਿਰੀ ਗੁਰੂ ਸਾਹਿਬ ਸਭ ਊਪਰਿ, ਮਨ ਬਚ ਕ੍ਰੰਮ ਸੇਵੀਐ ਸਚਾ ।੫।
(ਸਵਈਏ ਮਹਲੇ ਚਉਥੇ ਕੇ, ੧੪੦੨)

## ਕੁਬਿਜਾ

ਕੁਬਿਜਾ, ਕ੍ਰਿਸ਼ਣ ਜੀ ਦੇ ਮਾਮੇ ਕੰਸ ਦੀ ਇਕ ਦਾਸੀ ਸੀ ਜਿਸ ਦਾ ਸਰੀਰ ਕੁੱਬਾ ਸੀ। ਜਦੋਂ ਬਲਰਾਮ ਸਮੇਤ ਸ੍ਰੀ ਕ੍ਰਿਸ਼ਨ ਜੀ ਮਥਰਾ ਗਏ ਤਾਂ ਰਸਤੇ ਵਿਚ ਇਹ ਮਿਲ ਪਈ ਤੇ ਇਸ ਨੇ ਕ੍ਰਿਸ਼ਨ ਜੀ ਨੂੰ ਫੁਲਾਂ ਦੀ ਮਾਲਾ ਪਹਿਨਾਈ ਤੇ ਮੱਥੇ ਚੰਦਨ ਦਾ ਟਿੱਕਾ ਲਾਇਆ। ਜਦੋਂ ਇਹ ਤਿਲਕ ਲਾਉਣ ਲਗੀ ਤਾਂ ਇਸ ਦਾ ਮੱਥੇ ਤਕ ਹੱਥ ਨ ਪਹੁੰਚਿਆ। ਇਸ ਕਾਰਣ ਸ੍ਰੀ ਕ੍ਰਿਸ਼ਨ ਜੀ ਨੇ ਇਸ ਦੇ ਪੈਰ ਉਤੇ ਪੈਰ ਰੱਖਕੇ ਤੇ ਹੱਥ ਨਾਲ ਠੌਡੀ ਨੂੰ ਉਤਾਂਹ ਚੁਕਕੇ ਉਭਾਰ ਦਿਤਾ। ਅਜੇਹਾ ਕਰਨ ਨਾਲ ਇਸ ਦਾ ਕੁੱਬ ਦੂਰ ਹੋ ਗਿਆ ਤੇ ਇਕ ਸੁੰਦਰੀ ਬਣ ਗਈ।

ਇਕ ਕਹਾਣੀ ਇਹ ਵੀ ਹੈ ਕਿ ਕੰਸ ਇਕ ਸੁਗੰਧਿਤ ਵਟਣਾ ਮਲਿਆ ਕਰਦਾ ਸੀ ਇਕ ਦਿਨ ਕੁਬਿਜਾ ਨੇ ਇਹ ਕੀਮਤੀ ਵਟਣਾ ਕ੍ਰਿਸ਼ਨ ਜੀ ਨੂੰ ਮਲ ਦਿਤਾ ਤੇ ਉਨ੍ਹਾਂ ਪ੍ਰਸੰਨ ਹੋ ਕੇ ਇਸ ਦਾ ਕੁੱਬ ਦੂਰ ਕਰ ਦਿਤਾ। ਕੁਬਿਜਾ ਦੇ ਕੁੱਬ ਦੂਰ ਹੋਣ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਭਗਵਾਨ ਦੇ ਸਪਰਸ਼ ਨਾਲ ਉਸ ਦਾ ਉਧਾਰ ਹੋ ਗਿਆ। ਇਹ ਮਿਸਾਲ ਦੇ ਕੇ ਦੱਸਿਆ ਗਿਆ ਹੈ ਕਿ ਕਈ ਛੋਟੀ ਕੁਲ ਵਾਲੇ ਅਧਮ ਪ੍ਰਾਣੀ ਵੀ ਪ੍ਰਭੂ ਨਾਮ ਆਸਰੇ ਤਰ ਜਾਂਦੇ ਹਨ :—

ਤਾਰੀਲੇ ਗਨਿਕਾ ਬਿਨ ਰੂਪ ਕੁਬਿਜਾ
ਬਿਆਧ ਅਜਾਮਲ ਤਾਰੀਅਲੇ। (ਗਉੜੀ ਨਾਮਦੇਵ, ਪੰਨਾ ੩੪੫)

ਜਾਂ

ਬਧਿਕ ਉਧਾਰਿਓ ਖਮਿ ਪ੍ਰਹਾਰ
ਕੁਬਿਜਾ ਉਧਰੀ ਅੰਗੁਸਟ ਧਾਰਿ। (ਬਸੰਤ ੫, ਪੰਨਾ ੧੧੭੨)

## ਕੁਬੇਰ (ਕੁਮੇਰ)

ਹਿੰਦੂ ਪੁਰਾਣਾਂ ਅਨੁਸਾਰ ਕੁਬੇਰ, ਧਨ ਦਾ ਦੇਵਤਾ ਹੈ ਜੋ ਕੈਲਾਸ਼ ਪਰਬਤ ਤੇ ਰਹਿੰਦਾ ਹੈ, ਇਸ ਦੇ ਨਿਵਾਸ ਸਥਾਨ ਦਾ ਨਾਮ ਅਲਕਾ ਪੁਰੀ ਹੈ ਤੇ ਇਸ ਦਾ ਸੁਮੇਰ ਪਰਬਤ ਦੀ ਮੰਦਰ ਨਾਮੀ ਚੋਟੀ ਉਤੇ ਇਕ ਬਾਗ ਹੈ ਜਿਸ ਨੂੰ 'ਚੈਤ੍ਰ ਰਥ' ਕਹਿੰਦੇ ਹਨ।

ਮਹਾਂਭਾਰਤ ਵਿਚ ਕਥਾ ਹੈ ਕਿ ਇਹ ਬ੍ਰਹਮਾ ਦੀ ਬੜੀ ਪੂਜਾ ਕਰਦਾ ਸੀ, ਜੋ ਇਸ ਦੇ ਪਿਤਾ ਪੁਲਸਤਯ ਰਿਸ਼ੀ ਨੂੰ ਪਸੰਦ ਨਹੀਂ ਸੀ। ਤਪੱਸਿਆ ਤੋਂ ਇਸ ਨੂੰ ਇਹ ਵਰਦਾਨ ਮਿਲਿਆ ਕਿ ਸਾਰੇ ਖਜ਼ਾਨਿਆਂ ਦਾ ਮਾਲਕ ਧਨ ਦਾ ਦੇਵਤਾ ਬਣੇ ਅਤੇ ਅਮਰ ਰਹੇ। ਬ੍ਰਹਮਾ ਨੇ ਇਸ ਨੂੰ ਇਕ ਪੁਸ਼ਪਕ ਨਾਂ ਦਾ ਅਸਮਾਨੀ ਰਥ ਦਿਤਾ ਜਿਸ ਤੇ ਚੜ੍ਹ ਕੇ ਇਹ ਜਿਥੇ ਚਾਹੇ ਜਾ ਸਕਦਾ ਸੀ। ਯਖ੍ਯ ਤੇ ਕਿੰਨਰ ਇਸ ਦੇ ਸੇਵਕ

ਹਨ । ਇਸ ਦਾ ਰੰਗ ਸਫੈਦ, ਤਿੰਨ ਲੱਤਾਂ ਅਤੇ ਅੱਠ ਦੰਦ ਹਨ । ਇਸ ਨੂੰ ਉਤਰ ਦਿਸ਼ਾ ਦਾ ਰਖਵਾਲਾ ਦਿਗਪਾਲ ਵੀ ਮੰਨਿਆ ਗਿਆ ਹੈ ।

ਪ੍ਰਾਚੀਨ ਹਿੰਦੂ ਮੰਦਰਾਂ ਵਿਚੋਂ ਜੋ ਕੁਬੇਰ ਦੀ ਮੂਰਤਿ ਬਣਾਈ ਹੁੰਦੀ ਹੈ, ਉਸ ਵਿਚ ਇਕ ਹੱਥ ਵਿਚ ਧਨ ਦੀ ਥੈਲੀ ਤੇ ਦੂਜੇ ਵਿਚ ਸ਼ਰਾਬ ਦਾ ਪਿਆਲਾ ਦਿਖਾਇਆ ਹੁੰਦਾ ਹੈ । ਸੋ ਇਹ ਧਨ ਐਸ਼ਵਰਯ ਦਾ ਦੇਵਤਾ ਹੈ, ਇਸ ਦੀ ਅਰਾਧਨਾ ਨਾਲ ਸੰਪਤਿ ਪ੍ਰਾਪਤ ਹੁੰਦੀ ਹੈ :

ਕੋਟਿ ਕੁਮੇਰ ਭਰਹਿ ਭੰਡਾਰ । (ਭੈਰਉ ਕਬੀਰ, ੧੧੬੩)

ਅਨਿਕ ਧਰਮ ਅਨਿਕ ਕੁਮੇਰ ਅਨਿਕ ਬਰਨ ਅਨਿਕ ਕਨਕ ਸੁਮੇਰ
ਅਨਿਕ ਸੇਖ ਨਵਤਨ ਨਾਮੁ ਲੇਹਿ ਪਾਰਬ੍ਰਹਮ ਕਾ ਅੰਤੁ ਨ ਤੇਹਿ ।
(ਸਾਰੰਗ ੫, ਪੰਨਾ ੧੨੩੬)

**ਕੁੰਭਕ—ਦੇਖੋ ਜੋਗ ਤੇ ਜੋਗੀ**

**ਕੁਰਖੇਤਰ**

ਘੱਗਰ ਨਦੀ ਦੇ ਉਤਰ ਤੇ ਸਰਸੁਤੀ ਦੇ ਦੱਖਣ ਵਲ ਕੁਰਖੇਤਰ ਇਕ ਪ੍ਰਸਿੱਧ ਹਿੰਦੂ ਤੀਰਥ ਹੈ ਜਿਸਦਾ ਜ਼ਿਕਰ ਐਤਰੇਯ ਬ੍ਰਾਹਮਣ (੭/੩੦) ਸ਼ਤਪਥ ਬ੍ਰਾਹਮਣ (੧੧/੫/੧/੪) ਤੇ ਤੈਤਰੇਯ ਆਰਨਣਕ (੫/੧) ਵਿਚ ਵੀ ਮਿਲਦਾ ਹੈ । ਸ਼ਤਪਥ ਬ੍ਰਾਹਮਣ ਵਿਚ ਤਾਂ ਇਸਨੂੰ ਦੇਵਤਿਆਂ ਦੀ ਯੱਗ-ਭੂਮੀ ਕਿਹਾ ਗਿਆ ਹੈ । ਮਹਾਂ ਭਾਰਤ ਦੇ ਸ਼ਲਜ ਪਰਬ ਵਿਚ ਲਿਖਿਆ ਹੈ ਕਿ ਰਾਜ-ਰਿਸ਼ੀ ਕਰੂ ਨੇ ਯੱਗ ਕਰਨ ਲਈ ਪਹਿਲੇ ਇਥੇ ਹਲ ਵਾਹਿਆ ਸੀ, ਇਸੇ ਕਰਕੇ ਇਸਨੂੰ 'ਧਰਮ ਖੇਤਰ' ਵੀ ਆਖਿਆ ਹੈ । ਕੋਰਵਾਂ ਪਾਂਡਵਾਂ ਦਾ ਮਹਾਨ ਯੁੱਧ ਵੀ ਇਥੇ ਹੋਇਆ ਜਦੋਂ ਕਿ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਪ੍ਰਤੀ ਗੀਤਾ ਗਿਆਨ ਦਾ ਉਚਾਰਣ ਕੀਤਾ । ਹਿੰਦੂ ਇਸਨੂੰ ਪਵਿਤਰ ਭੂਮੀ ਮੰਨਦੇ ਤੇ ਅਵਗਤ ਗਇਆਂ ਦੀ ਇਥੇ ਗਤੀ ਹੁੰਦੀ ਦੱਸੀ ਜਾਂਦੀ ਹੈ । ਕਾਰਨ ਇਹ ਕਿਹਾ ਜਾਂਦਾ ਹੈ ਕਿ ਜਦੋਂ ਵਿਸ਼ਨੂ ਨੇ ਮਧੂ ਕੈਟਭ ਦੈਂਤ ਮਾਰੇ ਤਾਂ ਉਨ੍ਹਾਂ ਦੀ ਮਿੱਝ ਸਾਰੇ ਪਾਣੀ ਤੇ ਫਿਰ ਗਈ ਪਰ ਇਥੇ ਬਾਰਾਂ ਯੋਜਨ ਵਿਚ ਵਿਸ਼ਨੂੰ ਦਾ ਆਪਣਾ ਨਿਵਾਸ ਸੀ, ਇਸ ਕਰਕੇ ਇਥੇ ਮਿਝ ਨਹੀਂ ਫੈਲੀ ਜਿਸ ਕਰਕੇ ਇਹ ਥਾਂ ਪਵਿਤਰ ਬਣਿਆ ਰਿਹਾ । ਸੂਰਜ ਗ੍ਰਹਿਣ ਸਮੇਂ ਇਥੇ ਸਾਲਾਨਾ ਮੇਲਾ ਲਗਦਾ ਹੈ ।

ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਗੁਰੂ ਅਮਰਦਾਸ ਜੀ ਵੀ ਇਥੇ ਗਏ ਸਨ ਤੇ ਉਨ੍ਹਾਂ ਦੀ ਯਾਤ੍ਰਾ ਦਾ ਵਰਣਨ ਗੁਰੂ ਰਾਮਦਾਸ ਜੀ ਨੇ ਇਸ ਪਰਕਾਰ ਕੀਤਾ ਹੈ :—

ਪ੍ਰਥਮ ਆਏ ਕੁਲਖੇਤਿ, ਗੁਰ ਸਤਿਗੁਰ ਪੁਰਬੁ ਹੋਆ ।
(ਤੁਖਾਰੀ ੪, ਪੰਨਾ ੧੧੧੬)

## ਕੁਵਲੀਆਪੀੜ

ਇਕ ਬਲਵਾਨ ਮਦਮਸਤ ਹਾਥੀ ਜੋ ਕੰਸ ਨੇ ਮਥਰਾ ਦੇ ਦਰਵਾਜ਼ੇ ਤੇ ਸ੍ਰੀ ਕ੍ਰਿਸ਼ਨ ਬਲਰਾਮ-ਦੋਹਾਂ ਭਾਈਆਂ ਨੂੰ ਮਾਰਨ ਲਈ ਭੇਜਿਆ ਸੀ। ਜਦੋਂ ਇਹ ਹਾਥੀ ਅੱਗੇ ਆਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਇਸ ਨੂੰ ਥਾਂ ਮਾਰ ਦਿਤਾ।

ਕੁਵਲੀਆ ਪੀੜ ਆਪਿ ਮਰਾਇਦਾ ਪਿਆਰਾ
ਕਰਿ ਚੋਜ ਵੇਖੈ ਪਾਤਸਾਹੁ। (ਸੋਰਿਠ ਪ. ੪)

## ਕੁਰਾਨ

ਕੁਰਾਨ ਦਾ ਲਫ਼ਜ਼ੀ ਅਰਥ ਹੈ, ਪੜ੍ਹਨਾ। ਇਹ ਮੁਸਲਮਾਨਾਂ ਦੀ ਮਜ਼ਬੀ ਕਿਤਾਬ ਹੈ ਜੋ ਕਿ ਅਰਬੀ ਵਾਰਤਕ ਵਿਚ ਹੈ। ਇਸ ਬਾਰੇ ਮੁਸਲਮਾਨੀ ਨਿਸਚਾ ਇਹ ਹੈ ਕਿ ਇਹ ਅਸਮਾਨੀ ਕਿਤਾਬ, ਖੁਦਾ ਵਲੋਂ ਜਬਰਾਈਲ ਫਰਿਸ਼ਤੇ ਰਾਹੀਂ ਇਸਲਾਮ ਦੇ ਪੈਗੰਬਰ ਮੁਹੰਮਦ ਸਾਹਿਬ ਉਤੇ ਉਤਰੀ ਸੀ। ਇਸਦਾ ਸਪਸ਼ਟ ਭਾਵ ਇਹ ਹੈ ਇਹ ਸਾਰਾ ਕਥਨ ਮਨੁਖੀ ਕਿਰਤ ਨਹੀਂ। ਕੁਰਾਨ ਵਿਚ ਹੀ ਇਹ ਲਿਖਤ ਮਿਲਦੀ ਹੈ ਕਿ ਇਸਦੀਆਂ ਸਾਰੀਆਂ ਆਯਤਾਂ ਰੱਬ ਦੇ 'ਲੋਹ ਮਹਿਫੂਜ਼' ਅੰਦਰ ਦਰਜ ਹਨ। ਇਸ ਦਾ ਅੱਖਰ ਅੱਖਰ ਖੁਦਾਈ ਕਲਾਮ ਹੈ।

ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਬਾਦ ਇਸਦਾ ਸੰਕਲਨ ਹੋਇਆ। ਜਦ ਇਮਾਮੀ ਜੰਗ ਵਿਚ ਬਹੁਤ ਸਾਰੇ ਅਜੇਹੇ ਸੱਜਣ ਮਾਰੇ ਗਏ ਜਿਨ੍ਹਾਂ ਨੂੰ ਕੁਰਾਨ ਦੀਆਂ ਆਇਤਾਂ ਯਾਦ ਸਨ ਤਾਂ ਖ਼ਲੀਫਾ ਅਬੂ ਬਕਰ ਸਦੀਕ ਦੀ ਪ੍ਰੇਰਨਾ ਤੇ, ਜ਼ੈਦ ਨੇ ਮਿਲਦਾ ਮਸਾਲਾ ਇਕੱਤਰ ਕਰਕੇ ਕੁਰਾਨ ਤਿਆਰ ਕੀਤਾ। ਇਸਦੀ ਤਰਤੀਬ ਵਿਚ ਇਹ ਖਿਆਲ ਰਖਿਆ ਗਿਆ ਹੈ ਕਿ ਛੋਟੇ ਕਾਂਡ ਪਹਿਲਾਂ ਤੇ ਉਸਤੋਂ ਵਡੇਰੇ ਅਗੇ। ਇਸ ਦੇ ਕੁਲ ਅੱਖਰ ੩੨੩੭੪੧, ੭੯੬੩੬ ਸ਼ਬਦ, ੬੬੬੬ ਆਇਤਾਂ ਤੇ ੧੧੪ ਸੂਰੇ (ਕਾਂਡ) ਹਨ। ਇਨ੍ਹਾਂ ਵਿਚੋਂ ੯੦ ਸੂਰੇ ਮੱਕੀ ਕਹਾਉਂਦੇ ਹਨ ਤੇ ੨੪ ਮਦਨੀ, ਮੱਕੇ ਵਿਚ ਉਤਰਨ ਵਾਲੇ ਸੂਰੇ ਮੱਕੀ ਤੇ ਮਦੀਨੇ ਵਿਚ ਉਤਰਨ ਵਾਲੇ ਮਦਨੀ ਕਹਿਲਾਉਂਦੇ ਹਨ। ਕੁਰਾਨ ਵਿਚ ਰੱਬ ਦੀ ਏਕਤਾ, ਆਚਰਣਕ ਪਵਿਤਰਤਾ, ਕਿਆਮਤ ਦੀ ਤਾੜਨਾ ਸਾਹਿਬ ਅਤੇ ਧਰਮ-ਯੁਧ ਯਾ ਜਹਾਦ ਲਈ ਪਰੇਰਨਾ ਦਿਤੀ ਗਈ ਹੈ। ਹਜ਼ਰਤ ਮੁਹਮਦ ਵਲੋਂ ਲੜੀਆਂ ਜੰਗਾਂ ਦੇ ਵੇਰਵੇ ਤੋਂ ਇਲਾਵਾ ਇਸ ਵਿਚ ਜਿਖਿਆ ਵਜੋਂ ਆਦਮ, ਇਬ੍ਰਾਹੀਮ, ਹਜ਼ਰਤ, ਮੂਸਾ, ਈਸਾ, ਦਾਊਦ, ਸੁਲੇਮਾਨ, ਯੂਸਫ, ਲੁਕਮਾਨ ਆਦਿ ਦੀਆਂ ਪੁਰਾਤਨ ਕਹਾਣੀਆਂ ਵੀ ਦਿਤੀਆਂ ਗਈਆਂ ਹਨ।

ਮਿਹਰਿ ਮਸੀਤਿ ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ।

(ਵਾਰ ਮਾਝ ੧ ਪੰਨਾ ੧੫੦)

## ਕੇਸੀ

ਪੁਰਾਣਕ ਕਥਾਵਾਂ ਅਨੁਸਾਰ 'ਕੇਸੀ' ਕੰਸ ਦਾ ਇਕ ਦੇਉ-ਕੱਦ ਬਲਵਾਨ ਸੀ ਜਿਸ ਰਾਹੀਂ ਉਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਦਾ ਬਿਅਰਥ ਯਤਨ ਕੀਤਾ ਸੀ। ਜਦ ਇਹ ਅਖਾੜੇ ਵਿਚ ਆਇਆ ਤਾਂ ਇਸ ਨੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਜੀ ਉਤੇ ਝਪੱਟਾ ਮਾਰਿਆ। ਅੱਗੋਂ ਸ੍ਰੀ ਕ੍ਰਿਸ਼ਣ ਜੀ ਨੇ ਇਸ ਦੇ ਜਬਾੜਿਆਂ ਵਿਚ ਬਾਂਹ ਪਾ ਕੇ ਇਸ ਨੂੰ ਥਾਂ ਮਾਰ ਦਿਤਾ।

ਕੇਸੀ ਕੰਸ ਮਥਨੁ ਜਿਨਿ ਕੀਆ
ਜੀਅ ਦਾਨੁ ਕਾਲੀ ਕਉ ਦੀਆ। (ਗੋਂਡ ਨਾਮਦੇਵ, ਪੰਨਾ ੮੭੪)

## ਕੇਦਾਰਾ

ਕੇਦਾਰਾ ਕਲਿਆਣ ਠਾਟ ਦਾ ਸੰਪੂਰਨ ਰਾਗ ਹੈ। ਇਸ ਵਿਚ ਮੱਧਮ, ਸ਼ੁਧ ਤੇ ਤੀਬਰ ਦੋਵੇਂ ਲਗਦੇ ਹਨ। ਨਿਸ਼ਾਦ ਵੀ ਦੋਵੇਂ। ਸ਼ੁਧ ਮਾ ਵਾਦੀ ਤੇ ਸਾ ਸੰਵਾਦੀ ਹੈ। ਤੀਬਰ ਮਾ ਤੇ ਗਾ ਦੁਰਬਲ ਹਨ। ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਰ ਹੈ। (ਮ. ਕ.) ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਤੇਈਹਵਾਂ ਨੰਬਰ ਹੈ। ਇਸ ਰਾਗ ਵਿਚ ਕੁਲ ਅਠਾਰਾਂ ਸ਼ਬਦ ਦਰਜ ਹਨ।

ਗੁਰੂ ਅਮਰਦਾਸ ਜੀ ਨੇ ਲਿਖਿਆ ਹੈ :

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ।
ਸਤ ਸੰਗਤਿ ਸਿਉਂ ਮਿਲਦੋ ਰਹੈ ਸਚੇ ਧਰੇ ਪਿਆਰ।
(ਵਾਰ ਮਾਰੂ ੩, ਪੰਨਾ ੧੦੮੭)

## ਕੈਰਉ

ਚੰਦਬੰਸੀ ਰਾਜਾ ਯਯਾਤਿ ਦੇ ਖਾਨਦਾਨ ਵਿਚ ਇਕ ਕੁਰੂ ਨਾਮੀ ਪ੍ਰਤਾਪੀ ਰਾਜਾ ਹੋਇਆ ਜਿਸਤੋਂ ਕੌਰਵ ਬੰਸ ਚਲਿਆ। ਯਯਾਤੀ ਦੇ ਪੁਤ੍ਰ ਪੁਰੂ, ਪੁਰੂ ਦੇ ਪੁਤ੍ਰ ਦੁਸ਼ਯੰਤ ਤੇ ਅਗੇ ਦੁਸ਼ਯੰਤ ਦਾ ਪੁੱਤਰ ਭਰਤ ਹੋਇਆ ਜੋ ਕਿ ਚਕ੍ਰਵਰਤੀ ਰਾਜਾ ਸੀ। ਇਸ ਤੋਂ ਪਿਛੋਂ ਰਾਜਾ ਸੰਵਰਣ ਹੋਇਆ ਜਿਸਦਾ ਪੁਤਰ ਕੁਰੂ ਸੀ, ਇਸ ਨੇ 'ਕੁਰਖੇਤਰ' ਦੀ ਸਥਾਪਨਾ ਕੀਤੀ। ਇਸੇ ਘਰਾਣੇ ਵਿਚ ਅਗੇ ਰਾਜਾ ਸ਼ਾਂਤਨੂੰ ਹੋਏ ਇਨ੍ਹਾਂ ਦੇ ਪੁੱਤ੍ਰ ਚਿਤ੍ਰਾਂਗਦ ਤੇ ਵਚਿਤ੍ਰਵੀਰਯ ਸਨ ਜੋ ਜਲਦੀ ਹੀ ਚਲ ਵਸੇ। ਵਚਿਤ੍ਰ ਵੀਰਯ ਦੇ ਦੋ ਪੁੱਤਰ ਸਨ-ਧ੍ਰਿਤਰਾਸ਼ਟਰ ਤੇ ਪਾਂਡੂ। ਧ੍ਰਿਤਰਾਸ਼ਟਰ ਜਮਾਂਦਰੂ ਅੰਨ੍ਹਾ ਸੀ, ਇਸ ਲਈ ਪਾਂਡੂ ਨੂੰ ਰਾਜ-ਗੱਦੀ ਮਿਲੀ ਪਰ ਉਸਦੀ ਛੇਤੀ ਮੌਤ ਹੋ ਗਈ ਜਿਸ ਕਰਕੇ ਧ੍ਰਿਤਰਾਸ਼ਟਰ ਨੂੰ ਰਾਜ ਸੰਭਾਲਣਾ ਪਿਆ। ਇਸਦੀ ਰਾਣੀ ਗਾਂਧਾਰੀ ਤੋਂ ਸੌ ਪੁਤਰ ਪੈਦਾ ਹੋਏ ਜੋ

'ਕੌਰਵ' ਕਹਿਲਾਏ । ਦੁਰਜੋਧਨ ਇਨ੍ਹਾਂ ਵਿਚ ਮੁਖੀ ਸੀ ਤੇ ਅਤਿ ਅਭਮਾਨੀ ਸੀ । ਇਹ ਆਪਣੇ ਭਾਈ ਪਾਂਡਵਾਂ ਨੂੰ ਰਾਜ ਦਾ ਰੰਚਕ ਮਾਤ੍ਰ ਹਿਸਾ ਵੀ ਦੇਣ ਲਈ ਤਿਆਰ ਨਹੀਂ ਸੀ, ਜਿਸ ਕਰਕੇ ਕੌਰਵਾਂ ਪਾਂਡਵਾਂ ਦਾ ਜੁੱਧ ਹੋਇਆ ਇਸਦਾ ਸਵਿਸਤਾਰ ਹਾਲ ਮਹਾਂਭਾਰਤ ਵਿਚ ਮਿਲਦਾ ਹੈ ।

ਮੇਰੀ ਮੇਰੀ ਕੈਰਉ ਕਰਤੇ, ਦੁਰਜੋਧਨ ਸੇ ਭਾਈ,
ਬਾਰਹ ਜੋਜਨ ਛਤ੍ਰ ਚਲੈ ਥਾ, ਦੇਹੀ ਗਿਰਝਨ ਖਾਈ ।

(ਧਨਾਸਰੀ ਨਾਮਦੇਵ, ਪੰਨਾ ੬੯੨)

## ਕੈਲਾਸ਼ (ਕਬਿਲਾਸ)

ਹਿਮਾਲੀਆ ਪਰਬਤਮਾਲਾ ਦੀ ਇਕ ਵਿਸ਼ੇਸ਼ ਚੋਟੀ ਦਾ ਨਾਮ ਕੈਲਾਸ਼ ਹੈ ਜੋ ਮਾਨ ਸਰੋਵਰ ਦੇ ਉਤਰ ਤੇ ਤਿਬਤ ਦੇ ਦੱਖਣ ਵਲ ਹੈ । ਪੁਰਾਣਿਕ ਭੂਗੋਲਕਾਰਾਂ ਨੇ ਇਸ ਨੂੰ ਮੱਧ ਹਿਮਾਲੀਆ ਦੇ ਪਿਛਲੇ ਪਾਸੇ ਦੱਸਿਆ ਹੈ । ਹਿੰਦੂ ਮਨੌਤ ਅਨੁਸਾਰ ਇਹ ਪਰਬਤ ਚੋਟੀ, ਸ਼ਿਵਾਂ ਦਾ ਨਿਵਾਸ ਅਸਥਾਨ ਹੈ, ਇਸ ਦੀ ਉਚਾਈ ੨੨੦੨੮ ਫੁਟ ਹੈ ਜੋ ਕਿ ਉਪਰੋਂ ਹਿੰਦੂ ਮੰਦਰ ਵਾਂਙ ਲਗਦੀ ਹੈ । ਕਿਉਂਕਿ ਇਹ ਪਹਾੜ ਅਤਿਅੰਤ ਚਮਕੀਲੇ ਪੱਥਰ ਦਾ ਹੈ, ਇਸ ਲਈ ਇਸ ਨੂੰ 'ਚਾਂਦੀ ਦਾ ਪਹਾੜ' ਵੀ ਕਹਿ ਦਿਤਾ ਜਾਂਦਾ ਹੈ ।

ਧਨ ਦੇ ਦੇਵਤਾ ਕੁਬੇਰ ਅਤੇ ਜੱਖਜ, ਕਿੰਨਰ ਆਦਿ ਵੀ ਇਥੇ ਨਿਵਾਸ ਰਖਦੇ ਹਨ । ਇਸ ਦੇ ਨਾਲ ਹੀ ਮਾਨਧਾਤਾ ਪਹਾੜ ਹੈ ਜਿਥੇ ਕਿ ਪਾਰਬਤੀ ਨੇ ਤਪ ਕੀਤਾ ਸੀ । ਪੁਰਾਤਨ ਸੰਸਕ੍ਰਿਤ ਗ੍ਰੰਥਾਂ ਵਿਚ ਕੈਲਾਸ਼ ਦੀ ਬੜੀ ਉਸਤਤਿ ਕੀਤੀ ਗਈ ਹੈ । ਭਗਤ ਕਬੀਰ ਕਹਿੰਦੇ ਹਨ ਕਿ ਪਰਮੇਸਰ ਦੀ ਸ੍ਰਿਸ਼ਟੀ ਅੰਦਰ ਇਕ ਸ਼ਿਵ ਯਾ ਇਕ ਕੈਲਾਸ਼ ਨਹੀਂ, ਬਲਕਿ ਅਜੇਹੇ ਅਨੇਕਾਂ ਦੇਵਤੇ ਤੇ ਅਨੇਕ ਸਥਾਨ ਹਨ :

ਕੋਟਿ ਸੂਰ ਜਾ ਕੈ ਪਰਗਾਸ
ਕੋਟਿ ਮਹਾਦੇਵ ਅਰੁ ਕਬਿਲਾਸ । (ਭੈਰਉ ਕੇਦਾਰਾ ਪੰਨਾ ੧੧੬੨)

## ਕੈਲੀ (ਕਪਿਲਾ)

ਕੈਲੀ, ਕਪਿਲਾ ਦਾ ਬਦਲਿਆ ਰੂਪ ਹੈ, ਕਪਿਲਾ ਦਾ ਅੱਖਰੀ ਅਰਥ ਹੈ ਭੂਰਾ ਰੰਗ, ਭੂਰੇ ਅਥਵਾ ਚਿੱਟੇ ਰੰਗ ਦੀ ਗਾਂ ਜਿਸ ਦੇ ਥਣ ਕਾਲੇ ਹੁੰਦੇ ਹਨ, ਉਸਨੂੰ ਕਪਿਲਾ ਜਾਂ ਕੈਲੀ ਕਹਿੰਦੇ ਹਨ । ਸਿੰਮ੍ਰਿਤੀਆਂ ਵਿੱਚ ਉਤਮ ਕਪਿਲਾ ਉਹ ਲਿਖੀ ਹੈ ਜਿਸ ਦੇ ਰੋਮ ਭੂਰੇ ਅਤੇ ਥਣ ਕਾਲੇ ਹੋਣ । ਹਿੰਦੂ ਮਤ ਵਿਚ ਕਪਿਲਾ ਗਊ ਬਹੁਤ ਪਵਿਤ੍ਰ ਦੱਸੀ ਗਈ ਹੈ । ਇਸ ਦਾ ਮਾਰਨਾ ਮਹਾਂ ਪਾਪ ਮੰਨਿਆ ਹੈ । ਹਿੰਦੂ ਗ੍ਰੰਥਾਂ ਵਿੱਚ ਬ੍ਰਾਹਮਣ ਦਾ ਮਾਰਨਾ, ਕਪਿਲਾ ਗਊ ਦਾ ਘਾਤ, ਬੇਟੀ ਦਾ ਰੁਪਿਆ ਖਾਣਾ ਤੇ ਵੇਸਵਾ ਦਾ ਧਾਨ ਖਾਣਾ ਬੱਜਰ ਪਾਪ ਹਨ । ਗੁਰਬਾਣੀ ਵਿਚ ਇਨ੍ਹਾਂ ਸਭ ਦਾ ਹਵਾਲਾ ਦੇ ਕੇ

ਦਸਿਆ ਹੈ, ਕਿ ਇਜੇਹੇ ਪਾਪ ਵੀ ਪਰਮੇਸਰ ਦਾ ਨਾਮ ਸਿਮਰਨ ਨਾਲ ਮਿਟ ਜਾਂਦੇ ਹਨ।

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨ
ਫਿਟਕ ਫਿਟਕਾ ਕੋੜ ਬਦੀਆ, ਸਦਾ ਸਦਾ ਅਭਮਾਨੁ
ਪਾਹਿ ਏਤੇ ਜਾਹਿ ਵੀਸਰੁ, ਨਾਨਕਾ ਇਕੁ ਨਾਮੁ।

(ਸਲੋਕ ਵਾਰਾਂ ਤੇ ਵਧੀਕ ੩, ੧੪੧੩)

ਕਪਲ ਗਾਇ ਨਾਮੇ ਦੁਹਿਆਨੀ। (ਭੈਰਉ ਨਾਮਦੇਵ, ਪੰਨਾ ੧੧੧੩)

## ਕੰਸ

ਕੰਸ ਮਥਰਾ ਦੇ ਰਾਜੇ ਉਗ੍ਰਸੈਨ ਦਾ ਪੁੱਤਰ ਸੀ। ਪੁਰਾਣਕ ਕਥਾ ਅਨੁਸਾਰ ਇਹ ਪਿਛਲੇ ਜਨਮ ਵਿਚ ਕਾਲਨੇਮ ਦੈਂਤ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਾ ਜਨਮ ਦੁਰਮਲ ਦੈਂਤ ਦੇ ਸੰਯੋਗ ਕਾਰਣ ਹੋਇਆ ਸੀ। ਇਹ ਮਗਧ ਦੇ ਰਾਜੇ ਜਰਾਸੰਧ ਦੀ ਪੁੱਤਰੀ ਨਾਲ ਵਿਆਹਿਆ ਗਿਆ ਤੇ ਸਾਜ਼ਸ ਕਰਕੇ ਅਤੇ ਪਿਤਾ ਨੂੰ ਸਿੰਘਾਸਨ ਤੋਂ ਲਾਹ ਕੇ ਆਪ ਰਾਜਗੱਦੀ ਦਾ ਮਾਲਕ ਬਣ ਬੈਠਾ ਅਤੇ ਪਿਤਾ ਨੂੰ ਕੈਦ ਕਰ ਦਿਤਾ। ਕੰਸ ਬੜਾ ਅਤਿਆਚਾਰੀ ਰਾਜਾ ਸੀ।

ਇਕ ਵਾਰ ਜੋਤਸ਼ੀਆਂ ਇਸ ਨੂੰ ਦੱਸਿਆ ਕਿ ਤੇਰੀ ਭੈਣ ਦੇਵਕੀ ਦਾ ਪੁੱਤਰ ਤੇਰਾ ਕਾਤਿਲ ਬਣੇਗਾ, ਇਸ ਕਰਕੇ ਇਸ ਨੇ ਆਪਣੀ ਭੈਣ ਦੇਵਕੀ ਅਤੇ ਉਸ ਦੇ ਪਤੀ ਵਾਸੁਦੇਵ ਨੂੰ ਕੈਦ ਵਿਚ ਸੁਟ ਦਿਤਾ। ਇਸ ਦੇ ਛੇ ਬੱਚੇ ਹੋਏ ਜੋ ਵਾਰੀ ਵਾਰੀ ਮਰਵਾ ਦਿਤੇ ਗਏ। ਸੱਤਵਾਂ ਬੱਚਾ ਬਲਭੱਦ੍ਰ ਸੀ ਜਿਸ ਨੂੰ ਕਿਸੇ ਤਰੀਕੇ ਨਾਲ ਬਚਾ ਕੇ ਬਾਹਰ ਭੇਜ ਦਿਤਾ ਗਿਆ ਤੇ ਵਾਸਦੇਵ ਦੀ ਦੂਜੀ ਇਸਤਰੀ ਰੋਹਣੀ ਨੇ ਇਸ ਦੀ ਪਾਲਣਾ ਕੀਤੀ। ਅੱਠਵੀ ਥਾਂ ਕ੍ਰਿਸ਼ਣ ਜੀ ਪੈਦਾ ਹੋਏ, ਜੰਮਣ ਸਾਰ ਇਨ੍ਹਾਂ ਨੂੰ ਵੀ ਕੰਸ ਤੋਂ ਚੋਰੀ ਨੰਦ ਗੁਆਲੇ ਦੇ ਘਰ ਪਹੁੰਚਾਇਆ ਗਿਆ ਤੇ ਜਸ਼ੋਧਾਂ ਨੇ ਇਸ ਦੀ ਪਾਲਣਾ ਕੀਤੀ। ਜਸੋਧਾਂ ਦੀ ਕੁੱਖ ਤੋਂ ਨਵੀਂ ਜਨਮੀ ਲੜਕੀ, ਅੰਦਰ ਦੇਵਕੀ ਪਾਸ ਪਹੁੰਚਾਈ ਗਈ ਤੇ ਕੰਸ ਨੇ ਉਸ ਨੂੰ ਮਾਰਨ ਦਾ ਯਤਨ ਕੀਤਾ ਪਰ ਉਹ ਇਹ ਕਹਿੰਦੀ ਹੋਈ ਕਿ ਤੇਰੇ ਮਾਰਨ ਵਾਲਾ ਪੈਦਾ ਹੋ ਗਿਆ ਹੈ, ਅਕਾਸ਼ ਵਲ ਉਡ ਗਈ। ਕੰਸ ਨੇ ਆਪਣੀ ਮੌਤ ਦੇ ਭੈ ਤੋਂ ਬਚਣ ਲਈ ਕਈ ਗੁਆਲਿਆਂ ਦਿਆਂ ਬੱਚਿਆਂ ਨੂੰ ਸ਼ੱਕ ਵਿਚ ਹੀ ਮਰਵਾ ਦਿਤਾ ਪਰ ਕ੍ਰਿਸ਼ਨ ਜੀ ਇਸ ਦੇ ਦਾਉ ਤੋਂ ਬਚੇ ਰਹੇ। ਅਖੀਰ ਹੋਣੀ ਐਸੀ ਹੋਈ ਕਿ ਸ੍ਰੀ ਕ੍ਰਿਸ਼ਣ ਜੀ ਨੇ ਧਨੁਖ ਯੱਗ ਵਿਚ ਪੁਜਕੇ ਕੰਸ ਨੂੰ ਕੇਸਾਂ ਤੋਂ ਪਕੜ ਲਿਆ ਤੇ ਥਾਂ ਪਟਕਾ ਮਾਰਿਆ ਅਤੇ ਉਹ ਮਰ ਗਿਆ।

ਰਾਜਾ ਉਗ੍ਰਸੈਨ ਜੋ ਕ੍ਰਿਸ਼ਣ ਜੀ ਦਾ ਨਾਨਾ ਲਗਦਾ ਸੀ ਤੇ ਉਂਜ ਭਗਤੀ ਭਾਵ ਵਾਲਾ ਸੀ, ਉਸ ਨੂੰ ਬੰਦੀਖਾਨੇ ਵਿਚੋਂ ਕੱਢਕੇ ਰਾਜ-ਗੱਦੀ ਉਤੇ ਬਿਠਾਇਆ ਗਿਆ :—

ਦੁਆਪੁਰਿ ਕ੍ਰਿਸ਼ਣ ਮੁਰਾਰਿ, ਕੰਸ ਕ੍ਰਿਤਾਰਥ ਕੀਓ
ਉਗ੍ਰਸੈਣ ਕਉ ਰਾਜ, ਅਭੈ ਭਗਤਹ ਜਨ ਦੀਓ ।

(ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੯੦)

**ਖਟ ਸ਼ਾਸਤ੍**—ਦੇਖੋ ਖਟ ਦਰਸ਼ਨ

### ਖਟ ਕਰਮ

ਹਿੰਦੂ ਧਰਮ-ਗ੍ਰੰਥਾਂ ਅਨੁਸਾਰ ਜਗਿਆਸੂ ਲਈ ਕਰਨਯੋਗ ਛੇ ਕਰਮ ਗਿਣੇ ਗਏ ਹਨ । ਮਨੂ ਸਿਮ੍ਰਿਤੀ ਵਿਚ ਦੱਸੇ ਖਟ ਕਰਮ-ਵੇਦ-ਪਾਠ, ਤਪ, ਗਿਆਨ, ਇੰਦ੍ਰੇ-ਸੰਜਮ, ਅਹਿੰਸਾ ਤੇ ਗੁਰੂ-ਸੇਵਾ ਹਨ । ਪਾਰਾਸ਼ਰ ਸਿਮ੍ਰਿਤੀ ਅਨੁਸਾਰ-ਸੰਧਿਆ, ਇਸ਼ਨਾਨ, ਜਪ, ਹਵਨ, ਵੇਦਪਾਠ ਤੇ ਦੇਵ-ਪੂਜਾ ਜ਼ਰੂਰੀ ਕਰਮ ਹਨ । ਅਤ੍ਰੀ ਰਿਸ਼ੀ ਜਪ, ਤਪ, ਤੀਰਥ-ਯਾਤ੍ਰਾ, ਦੇਵਪੂਜਾ, ਮੰਤ੍ਰ ਸਾਧਨ ਤੇ ਸੰਨਿਆਸ ਨੂੰ ਗਿਣਦਾ ਹੈ । ਬ੍ਰਾਹਮਣ ਲਈ ਵਿਸ਼ੇਸ਼ ਤੌਰ ਤੇ 'ਖਟ ਕਰਮ ਇਹ ਮੰਨੇ ਜਾਂਦੇ ਹਨ—

ਵਿਦਿਆ ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ ।

ਯੋਗੀਆਂ ਨੇ ਸਰੀਰ ਦੀ ਅੰਦਰਲੀ ਸਫ਼ਾਈ ਲਈ ਖਟ ਕਰਮ ਹੋਰ ਮੰਨੇ ਹਨ—

ਧੋਤੀ, ਨੇਤੀਂ, ਨਿਉਲੀ, ਵਸਤੀਂ, ਤ੍ਰਾਟਕ, ਕਪਾਲ-ਭਾਤਿ । ਪੰਦਰਾਂ ਹੱਥ ਲੰਮੀ ਤੇ ਚਾਰ ਉਂਗਲ ਚੋੜੀ ਬਾਰੀਕ ਲੀਰ ਅਭਿਆਸ ਨਾਲ ਅੰਦਰ ਨਿਗਲਣੀ ਤੇ ਫਿਰ ਬਾਹਰ ਕੱਢਣੀ ਧੋਤੀ ਹੈ । ਇਕ ਗਿਠ ਲੰਮੀ ਸੂਤ ਦੀ ਡੋਰੀ ਨੱਕ ਥਾਣੀਂ ਚੜ੍ਹਾ ਕੇ ਮੂੰਹ ਥਾਣੀਂ ਕੱਢਣੀ ਨੇਤੀ ਹੈ । ਪੇਟ ਨੂੰ ਸੁਆਸਾਂ ਦੇ ਜ਼ੋਰ ਨਾਲ ਮਧਾਣੀ ਵਾਂਙ ਰਿੜਕ ਕੇ ਸੁੱਧ ਕਰਨਾ ਨਿਉਲੀ ਹੈ । ਗੁਦਾ ਰਾਹੀਂ ਪਾਣੀ ਚੜ੍ਹਾ ਕੇ ਅੰਤੜੀਆਂ ਸਾਫ ਕਰਨਾ ਵਸਤੀ ਹੈ । ਇਕ ਥਾਂ ਨਿਗਾਹ ਨੂੰ ਟਿਕਾਉਣਾ, ਤ੍ਰਾਟਕ ਹੈ ਤੇ ਪ੍ਰਾਣਾਂ ਨੂੰ ਉਤਾਰਨ ਚਾੜ੍ਹਨ ਦਾ ਅਭਿਆਸ ਕਪਾਲ ਭਾਤਿ ਹੈ । ਇਨ੍ਹਾਂ ਕਰਮਾਂ ਦੁਆਰਾ ਸਰੀਰ ਹਲਕਾ ਫੁਲਕਾ ਹੋ ਕੇ ਮਾਨਸਿਕ ਏਕਾਗ੍ਰਤਾ ਲਈ ਤਿਆਰ ਬਰਤਿਆਰ ਹੋ ਜਾਂਦਾ ਹੈ, ਯੋਗੀ ਇਨ੍ਹਾਂ ਉਤੇ ਬਹੁਤ ਜ਼ੋਰ ਦਿੰਦੇ ਪਰੰਤੂ ਸੰਤਾਂ ਤੇ ਗੁਰੂਆਂ ਇਨ੍ਹਾਂ ਕਰਮਾਂ ਨਾਲੋਂ ਪ੍ਰੇਮਾ ਭਗਤੀ ਉਤੇ ਵਧੇਰੇ ਜ਼ੋਰ ਦਿਤਾ ਹੈ :—

ਖਟ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ
ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨਿ ।

(ਕੇਦਾਰਾ ਰਵਿਦਾਸ, ਪੰਨਾ ੧੧੨੪)

### ਖਟ ਚੱਕ੍

ਯੋਗ ਮਤ ਅਨੁਸਾਰ ਸੁਖਮਨਾ ਨਾੜੀ ਰਾਹੀਂ ਦਸਮ ਦੁਆਰ ਤਕ ਸਵਾਸ ਪਹੁੰਚਾਉਣ ਹਿਤ ਛੇ ਚੱਕ੍ਰਾਂ ਵਿਚੋਂ ਲੰਘਣਾ ਪੈਂਦਾ ਹੈ । ਇਹ ਛੇ ਚੱਕ੍ਰ ਇਕ ਤਰ੍ਹਾਂ

ਸਰੀਰ ਦੇ ਅੰਦਰ ਹੀ ਨਾੜੀਆਂ ਦੇ ਗੁੱਛੇ ਹਨ, ਇਨ੍ਹਾਂ ਦੇ ਨਾਮ ਤੇ ਅਸਥਾਨ ਇਸ ਪ੍ਰਕਾਰ ਹਨ।

| | |
|---|---|
| ੧. ਮੂਲਾਧਾਰ ਚੱਕ੍ਰ | ਗੁਦਾ ਅੰਦਰ। |
| ੨. ਸ੍ਵਾਧਿਸ਼ਠਾਨ ਚੱਕ੍ਰ- | ਲਿੰਗ ਦੇ ਅੰਦਰ |
| ੩. ਮਣਿ-ਪੂਰ ਚੱਕ੍ਰ- | ਨਾਭੀ ਦੇ ਮੂਲ ਵਿਚ, |
| ੪. ਅਨਾਹਤ ਚੱਕ੍ਰ- | ਹਿਰਦੇ ਵਿਚ |
| ੫. ਵਿਸ਼ੁੱਧ ਚੱਕ੍ਰ- | ਕੰਠ ਵਿਚ |
| ੬. ਆਗਿਆ ਚੱਕ੍ਰ- | ਭਰਵੱਟਿਆਂ ਦੇ ਦਰਮਿਆਨ। |

ਕਬੀਰ ਸਾਹਿਬ ਦਾ ਕਥਨ ਹੈ :—

ਉਲਟਤ ਪਵਨ ਚਕ੍ਰ ਖਟ ਭੇਦੇ। (ਗਉੜੀ ਕਬੀਰ ੩੩੩)

ਛਠਿ ਖਟ ਚਕ੍ਰ ਛਹੂ ਦਿਸਿ ਧਾਇ। (ਗਉੜੀ ਥਿਤੀ ਕਬੀਰ, ੩੪੩)

ਇਨ੍ਹਾਂ ਚੱਕ੍ਰਾਂ ਦੁਆਰਾ ਹੀ ਪਰਮੇਸਰ ਨੇ ਸਰੀਰ ਨੂੰ ਨਿਯਮਬਧ ਕੀਤਾ ਹੋਇਆ ਹੈ, ਇਸ ਕਰਕੇ ਖਟ ਚਕ੍ਰ ਲਈ 'ਖਟ ਨੇਮ' ਸ਼ਬਦ ਦਾ ਵੀ ਪ੍ਰਯੋਗ ਕੀਤਾ ਮਿਲਦਾ ਹੈ, ਜਿਵੇਂ ਕਿ

ਖਟ ਨੇਮ ਕਰਿ ਕੋਠੜੀ ਬਾਂਧੀ, ਬਸਤੁ ਅਨੂਪ ਬੀਚ ਪਾਈ।

(ਗਉੜੀ ਕਬੀਰ, ਪੰਨਾ ੩੩੪)

## ਖਟ ਦਰਸ਼ਨ

ਭਾਰਤੀ ਵਿਚਾਰਧਾਰਾ ਦੇ ਛੇ ਮੁਖ ਸਕੂਲ 'ਖਟ ਦਰਸ਼ਨ' ਯਾ 'ਖਟ ਸ਼ਾਸਤ੍ਰ' ਨਾਂ ਨਾਲ ਪੁਕਾਰੇ ਜਾਂਦੇ ਹਨ ਇਹ ਹਨ-ਨਿਆਇ, ਵੈਸ਼ੇਸ਼ਕ, ਸਾਂਖ, ਯੋਗ, ਮੀਮਾਂਸਾ ਤੇ ਵੇਦਾਂਤ।

(੧) ਨਿਆਇ-ਨਿਆਇ ਦਰਸ਼ਨ ਦੇ ਮੋਢੀ ਗੌਤਮ ਰਿਸ਼ੀ ਸਨ ਇਨ੍ਹਾਂ ਦੇ 'ਨਯਾਯ ਸੂਤ੍ਰ' ਉਤੇ ਵਾਤਸਯਾਯਨ ਨੇ ਭਾਸ਼ਯ ਲਿਖਿਆ ਤੇ ਉਦਯੋਤਕਰ ਨੇ ਭਾਸ਼ਯਾਂ ਉਤੇ ਵਾਰਤਿਕ ਲਿਖੀ ਇਸ ਤੋਂ ਪਿਛੋਂ ਵਾਚਸਪਤੀ ਤੇ ਉਦਯਨਾਚਾਰਯ ਨੇ ਇਨ੍ਹਾਂ ਦੀ ਹੋਰ ਵਿਆਖਿਆ ਕਰਕੇ ਨਿਆਇ ਦਰਸ਼ਨ ਨੂੰ ਪ੍ਰਮਾਣਿਕ ਰੂਪ ਦਿਤਾ। ਨਿਆਇ ਸ਼ਾਸਤ੍ਰ ਸੋਲਾਂ ਪਦਾਰਥ ਮੰਨਦਾ ਹੈ।

ਪ੍ਰਮਾਣ, ਪ੍ਰਮੇਯ, ਸੰਸ਼ਯ, ਪ੍ਰਯੋਜਨ, ਦ੍ਰਿਸ਼ਟਾਂਤ, ਸਿਧਾਂਤ, ਅਵਯਵ, ਤਰਕ, ਨਿਰਣਯ, ਵਾਦ, ਜਲਪ, ਵਿਤੰਡਾ ਹੇਤ੍ਵਾਭਾਸ, ਛਲ, ਜਾਤਿ, ਨਿਗ੍ਰਹ।

ਇਸ ਦਾ ਭਾਵ ਇਹ ਹੈ ਕਿ ਕਿਸੇ ਪਦਾਰਥ ਦੀ ਤਰਕ ਦੁਆਰਾ ਸਿੱਧੀ

ਕਰਨ ਲਈ ਇਨ੍ਹਾਂ ਪੜਾਵਾਂ ਵਿਚੀ ਲੰਘਣਾ ਪੈਂਦਾ ਹੈ। ਇਸ ਨਾਲ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪਹਿਲਾ ਪਦਾਰਥ 'ਪ੍ਰਮਾਣ' ਖਾਸ ਅਹਿਮੀਅਤ ਰਖਦਾ ਹੈ ਤੇ ਇਸ ਦੇ ਚਾਰ ਭੇਦ ਹਨ-ਪ੍ਰਤੱਖ, ਅਨੁਮਾਨ, ਉਪਮਾਨ ਤੇ ਸ਼ਬਦ। ਕੋਈ ਪਦਾਰਥ ਸਿੱਧ ਨਹੀਂ ਹੋ ਸਕਦਾ ਜਿਤਨਾ ਚਿਰ ਉਸਦਾ ਪ੍ਰਮਾਣ (ਸਬੂਤ) ਮੌਜੂਦ ਨ ਹੋਵੇ। ਈਸ਼ਵਰ ਦੀ ਸਿੱਧੀ ਲਈ ਨਿਆਇ ਨੇ ਬੜੀ ਤਰਕ-ਪੂਰਣ ਚਰਚਾ ਕੀਤੀ ਹੈ। ਨਿਆਇ ਅਨੁਸਾਰ ਈਸ਼ਵਰ, ਜੀਵਾਤਮਾ ਤੇ ਪ੍ਰਕ੍ਰਿਤੀ ਅਨਾਦਿ ਅਨੰਤ ਹਨ ਤੇ ਇਸ ਸੰਸਾਰ ਦੀ ਰਚਨਾ ਪ੍ਰਮਾਣੂਆਂ ਤੋਂ ਹੁੰਦੀ ਹੈ। ਆਤਮਾ, ਕਰਮ ਕਰਨ ਲਈ ਸੁਤੰਤਰ ਹੈ ਪਰ ਉਸਦਾ ਫਲ ਈਸ਼ਵਰ ਦੇ ਹੱਥ ਹੈ। ਤੱਤ ਗਿਆਨ ਹੀ ਮੁਕਤੀ ਦਾ ਸਾਧਨ ਹੈ।

(੨) ਵੈਸ਼ੇਸ਼ਕ-ਵੈਸ਼ੇਸ਼ਕ ਦਰਸ਼ਨ ਦਾ ਅਚਾਰਯ ਕਣਾਦ ਰਿਸ਼ੀ ਹੈ, ਇਸ ਨੇ ਸੱਤ ਪਦਾਰਥ ਮੰਨੇ ਹਨ:—ਦ੍ਰਵ੍ਯ, ਗੁਣ, ਕਰਮ, ਸਮਾਨਯ, ਵਿਸ਼ੇਸ਼, ਸਮਵਾਯ ਤੇ ਅਭਾਵ। ਪਹਿਲਾ ਛੇ ਹੀ ਮੰਨੇ ਜਾਂਦੇ ਸਨ, ਅਭਾਵ ਪਦਾਰਥ ਪਿਛੋਂ ਸ਼ਾਮਲ ਕੀਤਾ ਗਿਆ।

ਪੁਰਾਣੇ ਵੈਸ਼ੇਸ਼ਕ ਪੰਡਤ ਦੋ ਹੀ ਪ੍ਰਮਾਣ ਮੰਨਦੇ ਸਨ-ਪ੍ਰਤੱਖ ਤੇ ਅਨੁਮਾਨ। ਇਸੇ ਕਰਕੇ ਬੋਧੀ ਲੋਕ ਇਸ ਸ਼ਾਸਤ੍ਰ ਨੂੰ ਵਧੇਰੇ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੇ ਸਨ। ਇਨ੍ਹਾਂ ਦਾ ਨਿਸਚਾ ਹੈ ਕਿ ਧਰਮ ਉਹੀ ਹੈ ਜਿਸ ਦੁਆਰਾ ਤੱਤ ਗਿਆਨ ਤੇ ਮੁਕਤੀ ਹਾਸਲ ਹੋਵੇ ਤੇ ਮੁਕਤੀ ਦੇਣ ਵਾਲੇ ਨਿਸ਼ਕਾਮ ਕਰਮ ਹਨ। ਨਿਸ਼ਕਾਮ ਕਰਮ ਤੋਂ ਤੱਤ ਗਿਆਨ ਪ੍ਰਗਟਦਾ ਤੇ ਮਿਥਿਆ ਗਿਆਨ ਦੀ ਨਿਵਿਰਤੀ ਹੁੰਦੀ ਅਤੇ ਫਿਰ ਆਪਣੇ ਆਪ ਮੋਖ ਦੀ ਪ੍ਰਾਪਤੀ ਹੋ ਜਾਂਦੀ ਹੈ।

(੩) ਸਾਂਖ-ਸਾਂਖ ਦਾ ਮੋਢੀ ਅਚਾਰਯ ਕਪਲ ਹੈ। ਸਾਂਖ ਸੂਤ੍ਰ ਤੇ ਸਾਂਖ ਕਾਰਿਕਾ (ਈਸ਼੍ਵਰ ਕ੍ਰਿਸ਼ਣ) ਦੋ ਮੁਢਲੀਆਂ ਰਚਨਾਵਾਂ ਹਨ। ਵਿਗਿਆਨ ਭਿਖਛੂ ਸੋਲ੍ਹਵੀਂ ਸਦੀ ਦਾ ਇਕ ਮਹਾਨ ਵਿਦਵਾਨ ਹੋਇਆ ਹੈ, ਜਿਸ ਸਾਂਖ ਸੂਤ੍ਰ ਦਾ ਭਾਸ਼੍ਯ-ਲਿਖਕੇ ਉਤਮ ਵਿਆਖਿਆ ਕੀਤੀ। ਇਹ ਦਵੈਤਵਾਦੀ ਦਰਸ਼ਨ ਹੈ ਜੋ ਪੁਰਸ਼ ਤੇ ਪ੍ਰਕ੍ਰਿਤੀ ਨੂੰ ਅਨਾਦਿ ਅਨੰਤ ਮੰਨਦਾ ਹੈ, ਇਸ ਅਨੁਸਾਰ ੨੫ ਤੱਤ ਹਨ:—

ਪ੍ਰਕ੍ਰਿਤੀ, ਮਹੱਤਤ੍ਵ, ਅਹੰਕਾਰ, ਰੂਪ, ਰਸ, ਗੰਧ, ਸ਼ਬਦ, ਸਪਰਸ਼, ਅੱਖ, ਕੰਨ, ਨੱਕ, ਰਸਨਾ, ਤ੍ਵਚਾ, ਜਿਹਵਾ, ਹੱਥ, ਪੈਰ, ਲਿੰਗ, ਗੁਦਾ, ਮਨ, ਧਰਤੀ, ਪੌਣ, ਪਾਣੀ, ਅਗਨਿ, ਅਕਾਸ਼ ਤੇ ਪੁਰਸ਼।

ਸਾਂਖ ਜਗਤ ਨੂੰ ਨਿਤ ਮੰਨਦਾ ਹੈ ਜੋ ਸਦਾ ਬਦਲਦਾ ਰਹਿੰਦਾ ਹੈ। ਪ੍ਰਕ੍ਰਿਤੀ ਜੜ ਵਸਤੂ ਪਰ ਨਿਤ ਹੈ, ਇਸ ਦੇ ਤਿੰਨ ਗੁਣ ਸਤੋ, ਰਜੋ, ਤਮੋ ਹਰ ਥਾਂ ਵੇਖਣ ਵਿਚ ਆਉਂਦੇ ਹਨ ਇਸ ਲਈ ਜਗਤ ਨੂੰ 'ਤ੍ਰੈਗੁਣਾਤਮਕ' ਕਿਹਾ ਗਿਆ ਹੈ। ਸਾਂਖ ਦਾ ਇਕ ਸਿਧਾਂਤ ਸਤ ਕਾਰਯਵਾਦ ਹੈ ਜਿਸ ਦਾ ਭਾਵ ਹੈ ਕਿ ਕਾਰਣ ਵਿਚ ਕਾਰਯ ਦੀ ਸੱਤਾ ਮੌਜੂਦ ਰਹਿੰਦੀ ਹੈ, ਕਾਰਯ, ਕਾਰਣ ਦਾ ਹੀ ਵਿਕਸਤ ਰੂਪ ਹੁੰਦਾ ਹੈ। ਇਸੇ ਤਰ੍ਹਾਂ ਪ੍ਰਕ੍ਰਿਤੀ ਵਿਚ ਉਹ ਸਭ ਗੁਣ ਮੌਜੂਦ ਹਨ ਜੋ ਅਸੀ ਸੰਸਾਰ ਵਿਚ ਪ੍ਰਗਟਦੇ

ਵੇਖ ਰਹੇ ਹਾਂ। ਪਰੰਤੂ ਪ੍ਰਕ੍ਰਿਤੀ ਇਕੱਲੀ ਕੁਝ ਨਹੀਂ ਕਰ ਸਕਦੀ, ਪੁਰਸ਼ (ਚੇਤਨ) ਦੀ ਮੱਦਦ ਨਾਲ ਹੀ ਸਭ ਕੁਝ ਹੁੰਦਾ ਹੈ। ਇਨ੍ਹਾਂ ਦਾ ਖਿਆਲ ਹੈ ਪੁਰਸ਼ ਸੁਜਾਖਾ ਤੇ ਪ੍ਰਕ੍ਰਿਤੀ ਅੰਨ੍ਹੀ ਲੂਲ੍ਹੀ ਹੈ, ਉਹ ਉਸ ਦੀ ਉਂਗਲ ਫੜ ਕੇ ਹੀ ਚਲ ਸਕਦੀ ਹੈ। ਪੁਰਸ਼ ਦ੍ਰਿਸ਼ਟਾ ਤੇ ਨਿਰਲੇਪ ਹੈ ਪਰ ਇਹ ਕਰਦਾ ਕੁਝ ਨਹੀਂ। ਅੱਗਿਆਨ ਕਾਰਣ ਸਰੀਰ ਮਨ ਦੇ ਦੁਖਾਂ ਨੂੰ ਆਪਣੇ ਦੁਖ ਸਮਝਕੇ ਪੀੜਤ ਹੋ ਜਾਂਦਾ ਪਰ ਵਿਵੇਕ ਆਉਣ ਤੇ ਭਰਮ ਮਿਟਦਾ ਤੇ ਕੈਵਲਯ ਪ੍ਰਾਪਤ ਹੁੰਦੀ ਹੈ। ਸਾਂਖਯ, ਜੀਵਨ-ਮੁਕਤੀ ਦੀ ਅਵਸਥਾ ਸ੍ਵੀਕਾਰ ਕਰਦਾ ਹੈ।

(੪) ਯੋਗ—ਇਸਦੇ ਮੋਢੀ ਪਤੰਜਲਿ ਰਿਸ਼ੀ ਸਨ ਜਿਨ੍ਹਾਂ ਦੀ ਰਚਨਾ 'ਯੋਗ ਸੂਤ੍ਰ' ਚਾਰ ਅਧਿਆਵਾਂ ਸਮਾਧਿ ਪਾਦ, ਸਾਧਨ ਪਾਦ, ਵਿਭੂਤਿ ਪਾਦ ਤੇ ਕੈਵਲਯ ਪਾਦ ਵਿਚ ਵੰਡੀ ਹੋਈ ਹੈ। ਇਸਦਾ ਭਾਸ਼ਯ ਵਿਆਸ ਰਿਸ਼ੀ ਨੇ ਲਿਖਿਆ। ਯੋਗ ਨੇ ੨੫ ਤੱਤ ਮੰਨੇ ਹਨ ਪਰ ਇਹ ਸਾਂਖ ਤੋਂ ਉਲਟ ਈਸ੍ਵਰ ਦੀ ਹਸਤੀ ਨੂੰ ਪਰਵਾਨ ਕਰਦਾ ਹੈ। ਚਿਤ ਬ੍ਰਿਤੀਆਂ ਨੂੰ ਰੋਕਣਾ ਹੀ ਯੋਗ ਹੈ ਤੇ ਇਸ ਲਈ ਅਸ਼ਟਾਂਗ ਮਾਰਗ ਦਾ ਅਭਿਆਸ ਜ਼ਰੂਰੀ ਹੈ, ਇਸ ਅਸ਼ਟਾਂਗ ਨਾਲ ਹੀ ਚਿਤ ਏਕਾਗਰ ਹੁੰਦਾ ਤੇ ਸ੍ਵੈ ਸਰੂਪ ਵਿਚ ਟਿਕਦਾ ਹੈ। ਇਹ ਅੱਠ ਅੰਗ-ਯਮ, ਨਿਯਮ, ਆਸਨ ਪ੍ਰਾਣਾਯਾਮ, ਪ੍ਰਿਤਿਹਾਰ, ਧਾਰਣਾ, ਧਯਾਨ, ਸਮਾਧਿ-ਹਨ। ਇਨ੍ਹਾਂ ਵਿਚੋਂ ਬੈਠਣ ਦੀ ਵਿਧੀ ਆਸਨ ਤੇ ਸੁਆਸਾਂ ਦੇ ਰੋਕਣ ਲਈ ਪ੍ਰਾਣਯਾਮ ਦੀ ਖਾਸ ਘਾਲ ਘਾਲਣਾ ਪੈਂਦੀ ਹੈ। ਈਸ੍ਵਰ ਸਿੱਧੀ ਲਈ ਯੋਗ ਦਰਸ਼ਨ ਵਿਸ਼ੇਸ਼ ਦਲੀਲਾਂ ਦਿੰਦਾ ਹੈ ਕਿ ਪੂਰਣ ਗਿਆਨ ਰੂਪ ਯਾ ਸਰਵੱਗ ਦੀ ਲੋੜ ਹੈ, ਇਹ ਈਸ੍ਵਰ ਹੀ ਹੋ ਸਕਦਾ ਹੈ। ਪ੍ਰਕ੍ਰਿਤੀ ਪੁਰਸ਼ ਦਾ ਆਪਣੇ ਆਪ ਸੰਜੋਗ ਸੰਭਵ ਨਹੀਂ, ਇਸ ਸੰਜੋਗ ਨਾਲ ਸ੍ਰਿਸ਼ਟੀ ਬਣਦੀ ਹੈ ਤੇ ਇਸ ਲਈ ਈਸ੍ਵਰ ਦੀ ਹਸਤੀ ਲਾਜ਼ਮੀ ਹੈ, ਭਗਤੀ ਨਾਲ ਦੁਖ ਮਿਟਦੇ ਹਨ ਪਰ ਇਸ ਭਗਤੀ ਲਈ ਵੀ ਸਰਬ ਕਲਾ ਸਮਰਥ ਹਸਤੀ ਲੋੜੀਂਦੀ ਹੈ, ਉਹੋ ਈਸ੍ਵਰ ਹੈ।

(੫) ਮੀਮਾਂਸਾ—ਇਸ ਦਰਸ਼ਨ ਦਾ ਅਚਾਰਯ ਜੈਮਨੀ ਰਿਸ਼ੀ ਹੈ। ਮੀਮਾਂਸਾ ਅਨੁਸਾਰ ਵੇਦਾਂ ਵਿਚ ਦੱਸੇ ਹੋਮ ਯੱਗ ਆਦਿ ਹੀ ਉਤਮ ਧਰਮ-ਕਰਮ ਹਨ ਤੇ ਇਨ੍ਹਾਂ ਦੁਆਰਾ ਹੀ ਜੀਵ ਉਤਮ ਪਦਵੀ ਪਾ ਸਕਦਾ ਹੈ, ਵੇਦ ਦੇ ਵਿਧੀ-ਵਾਕ ਇਸਦਾ ਮੂਲ ਅਧਾਰ ਹਨ। ਇਨ੍ਹਾਂ ਦੇ ਹਵਾਲੇ ਨਾਲ ਵੈਦਿਕ ਕਰਮ ਕਾਂਡਾ ਦੀ ਭਿੰਨਤਾ ਤੇ ਵਿਰੋਧਤਾ ਵਿਚ ਏਕਤਾ ਦਰਸਾਈ ਗਈ ਤੇ ਫਿਰ ਇਨ੍ਹਾਂ ਨੂੰ ਤਰਕ ਦੁਆਰਾ ਪ੍ਰਮਾਣਿਤ ਕੀਤਾ ਗਿਆ। ਵੇਦਾਂ ਦੁਆਰਾ ਦੱਸੇ ਤਿੰਨ ਕਿਸਮ ਦੇ ਕਰਮ ਹਨ :—

੧. ਨਿਤ
੨. ਕਾਮਯ
੩. ਨਿਖਿਧ

(੧) ਬਿਨਾ ਕਿਸੇ ਕਾਰਣ ਦੇ ਕੀਤੇ ਜਾਣ ਵਾਲੇ ਜ਼ਰੂਰੀ ਕਰਮ 'ਨਿਤ' ਕਹਾਉਂਦੇ ਹਨ ਜਿਵੇਂ ਸੰਧਿਆ, ਪੂਜਾ (੨) ਕਿਸੇ ਆਸ਼ੇ ਨਾਲ ਕੀਤੇ ਕੰਮ-ਜਿਵੇਂ

ਸੁਰਗ ਦੀ ਇਛਾ ਨਾਲ ਕੀਤਾ ਯੱਗ ਕਰਮ—ਇਹ ਕਾਮਜ ਕਹਾਉਂਦੇ ਹਨ (੩) ਤੀਜੇ ਨਖਿਧ ਕਰਮ ਉਹ ਹਨ ਜਿਨ੍ਹਾਂ ਤੋਂ ਵਰਜਿਆ ਗਿਆ ਹੈ।

ਮੀਮਾਂਸਾ ਵੇਦ ਨੂੰ 'ਸੁਤੇ ਪ੍ਰਮਾਣ' ਮੰਨਦਾ ਹੈ, ਇਸਦੇ ਖਿਆਲ ਅਨੁਸਾਰ ਇਹ ਮਨੁਖ ਕਿਰਤ ਨਹੀਂ ਅਪੌਰਸ਼ੇਯ ਹੈ। ਵੇਦ ਨੂੰ ਪ੍ਰਮਾਣ ਸਿੱਧ ਕਰਨ ਲਈ ਮੀਮਾਂਸਾ ਨੇ ਸ਼ਬਦ ਦੀ ਨਿੱਤਤਾ ਦਾ ਸਿਧਾਂਤ ਵੀ ਦਲੀਲਾਂ ਦੇ ਜ਼ੋਰ ਨਾਲ ਦਰਸਾਇਆ ਹੈ।

(੬) ਵੇਦਾਂਤ—ਇਸਦੇ ਮੋਢੀ ਬਾਦਰਾਇਣ ਵਿਆਸ ਸਨ, ਇਨ੍ਹਾਂ ਦੀ ਮੂਲ ਰਚਨਾ 'ਬ੍ਰਹਮਸੂਤ੍ਰ' ਵੇਦਾਂਤ ਦਾ ਆਧਾਰ ਹੈ। ਬ੍ਰਹਮਸੂਤ੍ਰ ਉਤੇ ਸ਼ੰਕਰ ਨੇ ਭਾਸ਼ਜ ਲਿਖਿਆ ਜਿਸ ਨਾਲ ਵੇਦਾਂਤ ਦਾ ਸਿੱਕਾ ਜੰਮ ਗਿਆ। ਇਸ ਤੋਂ ਇਲਾਵਾ ਰਾਮਾਨੁਜ, ਨਿੰਬਾਰਕ, ਮਾਧਵ, ਵੱਲਭਿਚਾਰਯ, ਵਿਗਯਾਨਭਿਖਛੂ ਤੇ ਰਾਮਾਨੰਦ ਆਦਿ ਨੇ ਵੀ ਇਸਦੇ ਭਾਸ਼ਜ ਲਿਖੇ। ਇਸ ਦੀ ਵਿਚਾਰਧਾਰਾ ਅਨੁਸਾਰ ਮੂਲ ਤੱਤ ਬ੍ਰਹਮ ਹੈ, ਸ਼ੁਧ ਮਾਇਆ ਵਿਚ ਬ੍ਰਹਮ ਦਾ ਪ੍ਰਤਿਬਿੰਬ ਈਸ਼ਵਰ ਤੇ ਮਲੀਨ ਮਾਇਆ ਵਿਚ ਬ੍ਰਹਮ ਦਾ ਪ੍ਰਤਿਬਿੰਬ 'ਜੀਵ' ਕਹਾਉਂਦਾ ਹੈ, ਵਾਸਤਵ ਵਿਚ ਇਹ ਹੈ ਨਹੀਂ, ਇਸ ਕਰਕੇ ਵੇਦਾਂਤ ਜਗਤ ਨੂੰ ਮਿਥਿਆ ਤੇ ਜੀਵਾਤਮਾ ਨੂੰ ਬ੍ਰਹਮ ਦਾ ਰੂਪ ਹੀ ਮੰਨਦਾ ਹੈ। ਪਰ ਉਹ ਇਹ ਵੀ ਮੰਨਦਾ ਹੈ ਕਿ ਮਲ ਵਿਖੇਪ ਤੇ ਆਵਰਣ ਦੂਰ ਕਰਕੇ ਹੀ ਜੀਵ ਬ੍ਰਹਿਮ ਰੂਪ ਹੋ ਸਕਦਾ ਹੈ। ਸੋ ਮੁਕਤੀ ਦਾ ਸਾਧਨ ਪੂਰਨ ਤੱਤ ਗਿਆਨ ਹੈ।

ਨਿਰਗੁਣਵਾਦੀ ਸੰਤਾਂ ਦੀ ਬਾਣੀ ਵਿਚ ਅਦ੍ਵੈਤ ਦਾ ਰੰਗ ਆਮ ਨਜ਼ਰ ਆਉਂਦਾ ਹੈ ਭਾਵੇਂ ਉਨ੍ਹਾਂ ਦਾ ਸਾਧਨ ਮਾਰਗ ਵੱਖਰਾ ਹੈ। ਦਾਰਸ਼ਨਿਕ ਲੋਕ ਕੇਵਲ ਤਾਰਕਿਕ ਵਿਵੇਚਨ ਤਕ ਸੀਮਤ ਸਨ ਤੇ ਸੰਤ ਸਾਧੂ ਇਸ ਅਨੁਭਵ ਨੂੰ ਅੰਤਰ ਆਤਮੇ ਮਹਿਸੂਸ ਕਰਕੇ ਜ਼ਿੰਦਗੀ ਦਾ ਰੰਗ ਮਾਣ ਰਹੇ ਸਨ। ਇਸ ਕਰਕੇ ਗੁਰੂਆਂ ਸੰਤਾਂ ਖਟ ਦਰਸ਼ਨ ਦੀ ਸ਼ਾਸਤ੍ਰੀ ਪ੍ਰਣਾਲੀ ਦੀ ਥਾਂ ਅਧਿਆਤਮਕ ਅਨੁਭਵ ਦੀ ਵਡਿਆਈ ਕੀਤੀ ਹੈ :—

ਖਟੁ ਦਰਸਨ ਵਰਤੈ ਵਰਤਾਰਾ
ਗੁਰ ਕਾ ਦਰਸਨੁ ਅਗਮ ਅਪਾਰਾ। (ਆਸਾ ੩, ਪੰਨਾ ੩੬੦'੬੧)

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ
ਮਾਇਆ ਮੋਹੁ ਪਸਰਿਆ ਪਾਸਾਰਾ। (ਮਾਰੂ ੩, ਪੰਨਾ ੧੦੫੩)

ਜਪ ਤਾਪ ਗਿਆਨ ਸਭਿ ਧਿਆਨ
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ। (ਗਉੜੀ ਸੁਖਮਨੀ ੫, ਪੰਨਾ ੨੬੫)

**ਖਟਰਸ**

ਜ਼ਬਾਨ ਨਾਲ ਚੱਖੇ ਜਾਣ ਵਾਲੇ ਸੁਆਦਾਂ ਯਾ ਰਸਾਂ ਨੂੰ ਪੁਰਾਣੇ ਲੋਕ ਛੇ ਭਾਗਾਂ ਵਿਚ ਵੰਡਦੇ ਸਨ—

ਮਿਠਾ, ਸਲੂਣਾ, ਚਟਪਟਾ, ਖੱਟਾ, ਕੋੜਾ, ਕਸੈਲਾ,
ਬਹੁ ਰਸ ਸਾਲਣੇ ਸਵਾਰਦੀ, ਖਟਰਸ ਮੀਠੇ ਪਾਇ ।

(ਸਲੋਕ ਮ. ੩ ਪੰਨਾ ੧੪੧੩)

ਕਈ ਇਨ੍ਹਾਂ ਵਿਚ ਖਟਿਆਈ ਪਾਕੇ ਹੋਰ ਚੁਰਚੁਰਾ ਬਣਾ ਲੈਂਦੇ ਹਨ ਤੇ ਇਸ ਨੂੰ 'ਖਟ ਤੁਰਸੀ' ਕਹਿੰਦੇ ਹਨ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪ੍ਰਭੂ ਦਾ ਨਾਮ ਮੂੰਹੋਂ ਬੋਲਣਾ ਹੀ ਸਾਡੀ 'ਖਟ ਤੁਰਸੀ' ਹੈ—

ਸਭ ਰਸ ਮਿਠੇ ਮੰਨਿਐ, ਸੁਣਿਐ ਸਾਲੋਣੇ
ਖਟ ਤੁਰਸੀ ਮੁਖ ਬੋਲਣਾ, ਮਾਰਣੁ ਨਾਦ ਕੀਏ ।

(ਸਿਰੀ ਰਾਗ ੧ ਪੰਨਾ ੧੬)

## ਖਟ ਲਖਯਣ

ਪੂਰਨ ਮਨੁਖ ਯਾ ਸਾਧੂ ਬਣਨ ਲਈ ਗੁਰੂ ਸਾਹਿਬ ਨੇ ਛੇ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਦੱਸਿਆ ਹੈ, ਇਹ ਛੇ ਲੱਛਣ ਇਹ ਹਨ—

ਸਰਬ ਵਿਆਪਕ ਪ੍ਰਭੂ ਦਾ ਧਿਆਨ, ਦੁਖ ਸੁਖ ਦੀ ਸਮਤਾ ਦਾ ਗਿਆਨ, ਦਇਆ ਭਾਵ, ਪੰਜ ਵਿਕਾਰਾਂ ਤੋਂ ਰਹਿਤ ਹੋਣਾ, ਨਿਰਲੇਪਤਾ ਤੇ ਨਿੰਮ੍ਰਤਾ । ਗੁਰੂ ਅਰਜਨ ਸਾਹਿਬ ਦਾ ਕਥਨ ਹੈ :

ਮੰਤ੍ਰੰ ਰਾਮਨਾਮੰ ਧਯਾਨੰ ਸਰਬਤ੍ਰ ਪੂਰਣਹ
ਗਯਾਨੰ ਸਮ ਦੁਖ ਸੁਖੰ, ਜੁਗਤਿ ਨਿਰਮਲ ਨਿਰਵੈਰਣਹ
ਦਯਾਲੰ ਸਰਬਤ੍ਰ ਜੀਆ ਪੰਜ ਦੋਖ ਬਿਵਰਜਤਹ
ਭੋਜਨੰ ਗੋਪਾਲ ਕੀਰਤਨੰ ਅਲਿਪਮਾਯਾ ਜਲ ਕਮਲ ਰਹਤਹ
ਉਪਦੇਸੰ ਸਮ ਮਿਤ੍ਰ ਸ਼ਤ੍ਰਾ ਭਗਵੰਤ ਭਗਤਿ ਭਾਵਨੀ
ਪਰਨਿੰਦਾ ਨਹ ਸ੍ਰੋਤਿ ਸ੍ਰਵਣੰ, ਅਪਿ ਤਿਆਗ ਸਗਲ ਰੇਣੁਕਹ
ਖਟ ਲਖਯਣ ਪੂਰਨੰ ਪੁਰਖਹ, ਨਾਨਕ ਨਾਮ ਸਾਧ ਸਵਜਨਹ ।੪੦।

(ਸਲੋਕ ਸਹਸਕ੍ਰਿਤੀ ੫, ਪੰਨਾ ੧੩੫੭)

## ਖਡੂਰ

ਜ਼ਿਲ੍ਹਾ ਅੰਮ੍ਰਿਤਸਰ ਵਿਚ ਤਰਨਤਾਰਨ ਤੋਂ ੧੦ ਮੀਲ ਦੀ ਵਿੱਥ ਤੇ ਇਕ ਨਗਰ ਜਿਥੋਂ ਦੇ ਗੁਰੂ ਅੰਗਦ ਸਾਹਿਬ ਰਹਿਣ ਵਾਲੇ ਸਨ । ਆਪ ਦਾ ਪਹਿਲਾ ਨਾਮ ਲਹਿਣਾ ਸੀ ਤੇ ਇਹ ਕਰਤਾਰਪੁਰ ਗੁਰੂ ਨਾਨਕ ਸਾਹਿਬ ਪਾਸ ਆ ਕੇ ਕਈ ਵਰ੍ਹੇ ਸੇਵਾ ਕਰਕੇ ਰਹੇ । ਜਦੋਂ ਆਪਨੂੰ ਗੁਰਿਆਈ ਪ੍ਰਾਪਤ ਹੋਈ ਤਾਂ ਉਹ ਕਰਤਾਰਪੁਰ ਛਡਕੇ

ਮੁੜ ਆਪਣੇ ਨਗਰ ਖਡੂਰ ਆ ਗਏ ਤੇ ਇਥੇ ਹੀ ਪ੍ਰਚਾਰ ਦਾ ਕੰਮ ਕਰਦੇ ਕਰਾਉਂਦੇ ਰਹੇ। ਇਸ ਵਲ ਸੰਕੇਤ ਕਰਦਾ, ਸੱਤਾ ਲਿਖਦਾ ਹੈ :—

ਫੇਰਿ ਵਸਾਇਆ ਫੇਰੁਆਣਿ, ਸਤਿਗੁਰ ਖਾਡੂਰੁ।
(ਵਾਰ ਰਾਮਕਲੀ, ਪੰਨਾ ੯੬੭)

**ਖਤ੍ਰੀ—ਦੇਖੋ ਚਾਰ ਵਰਣ**

**ਖਾਣੀ—ਦੇਖੋ ਚਾਰ ਖਾਣੀ**

## ਖੀਵੀ

ਗੁਰੂ ਅੰਗਦ-ਦੇਵ ਜੀ ਦੀ ਧਰਮ-ਪਤਨੀ ਦਾ ਨਾਮ ਖੀਵੀ ਸੀ। ਜਿਸ ਸਮੇਂ ਗੁਰੂ ਸਾਹਿਬ ਨੇ ਖਡੂਰ ਵਿਚ ਬੈਠ ਕੇ ਕੀਰਤਨ ਭਜਨ ਤੇ ਲੰਗਰ ਆਦਿ ਦਾ ਪ੍ਰਵਾਹ ਚਲਾਇਆ ਤਾਂ ਮਾਤਾ ਖੀਵੀ ਜੀ ਨੇ ਆਈ ਸੰਗਤ ਦੀ ਸੇਵਾ ਪੂਰੇ ਤ੍ਰਾਣ ਨਾਲ ਕੀਤੀ, ਖਾਸ ਕਰਕੇ ਸੋਹਣਾ ਭੋਜਨ ਤਿਆਰ ਕਰਕੇ ਸੰਗਤਾਂ ਨੂੰ ਖੁਲ੍ਹਾ ਵਰਤਾਉਣਾ ਆਪ ਦੀ ਉਦਾਰਤਾ ਦਾ ਕੰਮ ਸੀ। ਰਾਇ ਬਲਵੰਡ ਲਿਖਦਾ ਹੈ :

ਲੰਗਰ ਦਉਲਤਿ ਵੰਡੀਐ ਰਸ ਅੰਮ੍ਰਿਤੁ ਖੀਰ ਘਿਆਲੀ...
ਬਲਵੰਡ ਖੀਵੀ ਨੇਕ ਜਨ, ਜਿਸ ਬਹੁਤੀ ਛਾਉ ਪਤ੍ਰਾਲੀ ॥੩॥
(ਵਾਰ ਰਾਮਕਲੀ, ਪੰਨਾ ੯੬੭)

## ਖੁਰਾਸਾਨ

ਬਾਬਰ ਬਾਦਸ਼ਾਹ ਨੇ 'ਤੋਜ਼ਕਿ ਬਾਬਰੀ' ਵਿਚ ਲਿਖਿਆ ਹੈ ਕਿ ਆਮ ਤੌਰ ਤੇ ਹਿੰਦੁਸਤਾਨੀ ਲੋਕ, ਸਿੰਧ ਦੇ ਪੱਛਮ ਵਲ ਦੇ ਸਾਰੇ ਦੇਸਾਂ ਨੂੰ 'ਖੁਰਾਸਾਨ' ਕਹਿ ਦਿੰਦੇ ਹਨ। ਗੁਰੂ ਨਾਨਕ ਸਾਹਿਬ ਨੇ ਵੀ ਇਨ੍ਹਾਂ ਖੁਲ੍ਹੇ ਅਰਥਾਂ ਵਿਚ ਹੀ ਇਸ ਦਾ ਪ੍ਰਯੋਗ ਕੀਤਾ ਹੈ। ਵੈਸੇ ਖੁਰਾਸਾਨ, ਈਰਾਨ ਦੇ ਪੂਰਬ ਵਲ ਅਤੇ ਅਫਗਾਨਿਸਤਾਨ ਦੇ ਪੱਛਮ ਵਲ ਛੋਟਾ ਜਿਹਾ ਇਲਾਕਾ ਹੈ। ਘੇਰਾ ੧੦੫੨੩੬ ਵਰਗ ਮੀਲ ਹੈ, ਹੁਣ ਇਹ ਈਰਾਨ ਦਾ ਹੀ ਹਿਸਾ ਹੈ ਤੇ ਹਰਾਤ ਤੇ ਮਸ਼ਹਦ ਇਸ ਦੇ ਪ੍ਰਸਿੱਧ ਸ਼ਹਿਰ ਹਨ।

ਬਾਬਰ ਨੇ ਇਹ ਇਲਾਕਾ ਜਿੱਤ ਕੇ ਫਿਰ ਕਾਬਲ ਕਬਜ਼ੇ ਕੀਤਾ ਤੇ ਇਸ ਤੋਂ ਪਿਛੋਂ ਹਿੰਦੁਸਤਾਨ ਵਲ ਹਮਲੇ ਸ਼ੁਰੂ ਕੀਤੇ ਤੇ ਅਖੀਰ ਅਪ੍ਰੈਲ ੧੫੨੬ ਈ. ਵਿਚ ਦਿੱਲੀ ਲੈਣ ਵਿਚ ਕਾਮਯਾਬ ਹੋ ਗਿਆ। ੧੫੨੧ ਈ. ਦੇ ਧਾਵੇ ਸਮੇਂ ਸੈਦਪੁਰ ਜੋ ਤਬਾਹੀ ਹੋਈ, ਉਸਦਾ ਅੱਖੀਂ ਡਿਠਾ ਹਾਲ ਬਿਆਨ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ ਕਿ ਖੁਰਾਸਾਨ ਤਾਂ ਰੱਬੀ ਕ੍ਰਿਪਾ ਸਦਕਾ ਸੁਰੱਖਿਅਤ ਰਹਿ ਗਿਆ ਤੇ ਹਿੰਦੁਸਤਾਨ ਡਰ ਭੈ ਦਾ ਸ਼ਿਕਾਰ ਹੋ ਗਿਆ :

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ
ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ ।

(ਆਸਾ ੧, ਪੰਨਾ ੩੬੦)

**ਖੇਚਰ ਭੂਚਰ**

ਹਠ ਯੋਗ ਦੀ ਸਾਧਨਾ ਵਿਚ ਖੇਚਰੀ ਮੁਦ੍ਰਾ ਤੇ ਭੂਚਰੀ ਮੁਦ੍ਰਾ ਦੋ ਖਾਸ ਸਾਧਨ ਹਨ ਜਿਨ੍ਹਾਂ ਰਾਹੀਂ ਯੋਗੀ, ਸਮਾਧੀ ਵਾਲੀ ਅਵਸਥਾ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ । ਖੇਚਰੀ ਮੁਦ੍ਰਾ ਇਹ ਹੈ ਕਿ ਮਾਲਸ਼ ਰਾਹੀਂ ਜੀਭ ਨੂੰ ਇਤਨਾ ਲੰਮਾ ਕਰ ਲੈਣਾ ਕਿ ਉਹ ਮੁੜ ਕੇ ਤਾਲੂਏ ਵਿਚ ਫਸਾਈ ਜਾ ਸਕੇ । ਯੋਗੀਆਂ ਦੇ ਵਿਚਾਰ ਵਿਚ ਕੰਠ ਵਿਚ ਜੀਭ ਅੜਾ ਕੇ ਪ੍ਰਾਣ ਰੋਕਣ ਨਾਲ ਮਸਤਕ ਵਿਚ ਇਸਥਿਤ ਚੰਦ੍ਰਮਾ ਤੋਂ ਅੰਮ੍ਰਿਤ ਟਪਕਦਾ ਹੈ ਜੋ ਰਸਨਾ ਉਪਰ ਝਰਦਾ ਹੈ ।

ਭੂਚਰੀ ਮੁਦ੍ਰਾ :- ਆਸਣ ਲਾ ਕੇ ਭਰਵੱਟਿਆਂ ਦੇ ਦਰਮਿਆਨ ਨਜ਼ਰ ਟਿਕਾਉਣਾ ਅਤੇ ਪ੍ਰਾਣ ਵਾਯੂ ਤੇ ਅਪਾਨ ਵਾਯੂ ਨੂੰ ਇਕੱਠਿਆਂ ਕਰਕੇ ਅਭਿਆਸ ਕਰਨਾ ਹੈ ।

ਭਗਤ ਨਾਮਦੇਵ ਕਹਿੰਦੇ ਹਨ ਕਿ ਅਜੇਹੇ ਕਠਿਨ ਕਰਮ ਸਾਰਥਕ ਨਹੀਂ, ਸਾਡੇ ਲਈ ਤਾਂ ਗੁਰੂ ਦੀ ਕ੍ਰਿਪਾ ਹੀ ਇਕੋ ਇਕ ਸਫਲ ਸਾਧਨ ਹੈ :

ਖੇਚਰ ਭੂਚਰ ਤੁਲਸੀ ਮਾਲਾ
ਗੁਰਪ੍ਰਸਾਦੀ ਪਾਇਆ
ਨਾਮਾ ਪ੍ਰਣਵੈ ਪਰਮਤਤੁ ਹੈ
ਸਤਿਗੁਰ ਹੋਇ ਲਖਾਇਆ ।     (ਰਾਮਕਲੀ ਨਾਮਦੇਵ, ਪੰਨਾ ੯੭੩)

**ਖੰਡ**

ਗੁਰੂ ਨਾਨਕ ਸਾਹਿਬ ਨੇ 'ਜਪੁ' ਦੇ ਅੰਤ ਵਿਚ ੩੪ ਤੋਂ ੩੭ਵੀਂ ਪਉੜੀ ਵਿਚ ਆਤਮਿਕ ਚੜ੍ਹਾਈ ਦੀਆਂ ਪੰਜ ਅਵਸਥਾਵਾਂ ਵਰਣਨ ਕੀਤੀਆਂ ਹਨ ਤੇ ਉਨ੍ਹਾਂ ਨੂੰ 'ਖੰਡ' ਦਾ ਨਾਮ ਦਿਤਾ ਹੈ ਜਿਵੇਂ ਕਿ:

੧. ਧਰਮ ਖੰਡ ੨. ਗਿਆਨ ਖੰਡ ੩. ਸਰਮ ਖੰਡ
੪. ਕਰਮ ਖੰਡ ੫. ਸਚ ਖੰਡ ।

ਧਰਮ ਖੰਡ ਪਹਿਲੀ ਅਵਸਥਾ ਹੈ ਜਿਥੇ ਕਿ ਜਗਿਆਸੂ ਸਾਰੀ ਸ੍ਰਿਸ਼ਟੀ ਨੂੰ ਨੇਮ ਬਧ ਸਮਝਦਾ ਤੇ ਆਪਣੀ ਧਾਰਮਿਕ ਨੇਮਵਾਲੀ ਦਾ ਪਾਲਣ ਕਰਦਾ ਆਤਮਿਕ ਸਫਰ ਸ਼ੁਰੂ ਕਰਦਾ ਹੈ । ਦੂਜੀ ਅਵਸਥਾ ਗਿਆਨ ਖੰਡ ਹੈ ਜਦੋਂ ਕਿ ਉਸਦੀ ਸੂਝ-ਬੂਝ ਵਿਚ ਵਿਸ਼ਾਲਤਾ ਆਉਂਦੀ ਤੇ ਉਹ ਸਾਰੇ ਵਿਸ਼ਵ ਨਾਲ ਏਕਤਾ ਅਨੁਭਵ ਕਰਦਾ ਹੈ ।

ਤੀਸਰੀ ਥਾਂ ਸਰਮਖੰਡ ਹੈ ਜਿਥੇ ਕਿ ਧਰਮ ਤੇ ਗਿਆਨ ਸਦਕੇ ਮਨ, ਬੁਧਿ, ਆਤਮਾ ਇਕ ਨਵੀਂ ਨੁਹਾਰ ਧਾਰਨ ਕਰਦੀ ਹੈ। ਚੌਥੀ ਅਵਸਥਾ ਕਰਮ ਖੰਡ ਹੈ, ਜਦੋਂ ਕਿ ਅਜੇਹੀ ਪਵਿਤਰ ਆਤਮਾ ਉਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ। 'ਕਰਮ' ਅਰਬੀ ਸ਼ਬਦ ਹੈ ਜਿਸਦਾ ਭਾਵ ਬਖਸ਼ਿਸ਼ ਹੈ। ਇਸ ਕ੍ਰਿਪਾ ਸਦਕਾ ਹੀ ਪਰਮ ਸੱਚ ਦੇ ਦਰਸ਼ਨ ਹੁੰਦੇ ਤੇ ਆਤਮਾ ਆਨੰਦਿਤ (ਨਿਹਾਲ) ਹੋ ਜਾਂਦੀ ਹੈ, ਇਸ ਨੂੰ 'ਸਚਖੰਡ' ਦਾ ਨਾਮ ਦਿਤਾ ਗਿਆ ਹੈ :

ਸਚਖੰਡ ਵਸਹਿ ਨਿਰੰਕਾਰ
ਕਰਿ ਕਰਿ ਵੇਖਹਿ ਨਦਰਿ ਨਿਹਾਲ। (ਜਪੁ, ੧ ਪੰਨਾ ੭)

**ਖੰਡ**—ਦੇਖੋ ਨਉ ਖੰਡ।

## ਗਉੜੀ

ਪੂਰਬੀ ਠਾਟ ਦਾ ਇਕ ਔੜਵ ਖਾੜਵ ਰਾਗ, ਜਿਸਨੂੰ ਰੇ, ਧਾ ਕੋਮਲ, ਮਾ ਤੀਬਰ ਅਤੇ ਬਾਕੀ ਸ਼ੁੱਧ ਸੁਰ ਲਗਦੇ ਹਨ, ਇਸਦਾ ਵਾਦੀ ਰੇ ਤੇ ਸੰਵਾਦੀ ਪਾ ਹੈ। ਆਰੋਹੀ ਵਿਚ ਗਾ ਤੇ ਧਾ ਵਰਜਿਤ ਤੇ ਅਵਰੋਹੀ ਵਿਚ ਗਾ ਵਰਜਿਤ ਹੈ, ਇਹ ਚੌਥੇ ਪਹਿਰ ਗਾਇਆ ਜਾਂਦਾ ਹੈ। ਪੁਰਾਤਨ ਸੰਗੀਤਵੇਤਾ ਇਸਨੂੰ ਸਿਰੀ ਰਾਗ ਦੀ ਰਾਗਣੀ ਕਹਿੰਦੇ ਸਨ, ਪਿਛੋਂ ਰਾਗ ਕਰਕੇ ਪ੍ਰਸਿਧੀ ਹੋਈ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਦੇ ਕਈ ਭੇਦ ਵਰਤੇ ਗਏ ਹਨ ਜਿਵੇਂ ਗਉੜੀ ਗੁਆਰੇਰੀ, ਚੇਤੀ, ਦੱਖਣੀ, ਦੀਪਕੀ, ਪੂਰਬੀ, ਬੈਰਾਗਣਿ, ਮਾਝ, ਮਾਲਵਾ ਤੇ ਮਾਲਾ ਆਦਿ। ਇਹ ਰਾਗ ਆਦਿ ਗ੍ਰੰਥ ਵਿਚ ਤੀਜੇ ਥਾਂ ਤੇ ਦਰਜ ਹੈ।

## ਗਇਆ

ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕਿਨਾਰੇ 'ਗਇਆ' ਨਾਮ ਦਾ ਪੁਰਾਤਨ ਨਗਰ, ਜਿਸ ਨੂੰ ਹਿੰਦੂ ਸੱਤ ਪਵਿਤਰ ਪੁਰੀਆਂ ਵਿਚ ਗਿਣਦੇ ਹਨ। ਬ੍ਰਾਹਮਣੀ ਮਨੌਤ ਅਨੁਸਾਰ ਇਸ ਥਾਂ ਪਿਤਰਾਂ ਦੇ ਨਾਂ ਤੇ ਪਿੰਡ ਦਾਨ ਕਰਨਾ ਇਕ ਜ਼ਰੂਰੀ ਧਰਮ ਕਰਮ ਹੈ। ਇਸਤੋਂ ਬਗੈਰ ਪਿਤਰਾਂ ਦੀ ਗਤੀ ਨਹੀਂ ਹੁੰਦੀ। 'ਵਾਯੂ ਪੁਰਾਣ' ਵਿਚ ਕਥਾ ਇਹ ਹੈ ਕਿ ਇਥੇ ਗਯਾ ਨਾਮੀ ਦੈਂਤ ਨੇ ਭਾਰੀ ਤਪ ਕੀਤਾ, ਇਸ ਤਪ ਦਾ ਅਸਰ ਇਹ ਕਿ ਉਸਦੇ ਨਿਕਟਵਰਤੀ ਸ੍ਵਰਗ ਜਾਣ ਲਗੇ, ਜਿਸਤੋਂ ਯਮਰਾਜ ਫਿਕਰਵੰਦ ਹੋ ਗਏ। ਵਿਸ਼ਨੂੰ ਨੇ ਦਖਲ ਦਿਤਾ ਤੇ ਉਸ ਦੈਂਤ ਨੇ ਆਪ ਹੀ ਉਥੇ ਜਾਨ ਦੇ ਦਿਤੀ ਜਿਸਤੋਂ ਪ੍ਰਸੰਨ ਹੋ ਕੇ ਵਿਸ਼ਨੂੰ ਮਹਾਰਾਜ ਨੇ ਕਿਹਾ ਜੋ ਇਸ ਥਾਂ ਅੰਤਮ ਸਿਸਕਾਰੇ ਜਾਣਗੇ ਯਾ ਜਿਨ੍ਹਾਂ ਦੇ ਪਿੰਡ ਭਰੀਨਗੇ ਉਹ ਸਿੱਧੇ ਸ੍ਵਰਗ ਪਹੁੰਚਣਗੇ। ਇਸ ਮਨੌਤ ਦੇ ਅਸਰ ਹੇਠ ਲੱਖਾਂ ਲੋਕ ਉਥੇ ਜਾਂਦੇ ਤੇ ਪਿਤਰਾਂ ਦੇ ਨਾਮ ਤੇ ਪਿੰਡ ਭਰਾਉਂਦੇ ਹਨ।

ਨਾਮਦੇਵ ਕਹਿੰਦੇ ਹਨ ਕਿ ਅਜਿਹੇ ਕਰਮ ਸਾਰਥਿਕ ਨਹੀਂ, ਪਰਮੇਸਰ ਦਾ ਨਾਮ ਹੀ ਮੁਕਤੀ ਦਾਇਕ ਹੈ—

ਅਸੁਮੇਧ ਜਗਨੇ ਤੁਲਾਪੁਖ ਦਾਨੇ । ਪ੍ਰਾਗ ਇਸਨਾਨੇ

ਤਉ ਨ ਪੁਜਹਿ ਹਰਿ ਕੀਰਤਿ ਨਾਮਾ ।
ਅਪਨੇ ਰਾਮਹਿ ਭਜੁ ਰੇ ਮਨ ਆਲਸੀਆ ।

ਗਇਆ ਪਿੰਡੁ ਭਰਤਾ
ਬਨਾਰਸਿ ਅਸਿ ਬਸਤਾ
ਮੁਖਿ ਬੇਦ ਚਤੁਰ ਪੜਤਾ । (ਗੋਂਡ ਨਾਮਦੇਉ, ਪੰਨਾ ੮੭੩)

**ਗਣ**

ਗਣ ਦਾ ਲਫ਼ਜ਼ੀ ਅਰਥ ਸਮੂਹ ਹੈ, ਆਮ ਤੌਰ ਤੇ ਦੇਵਤਿਆਂ ਦੇ ਸੇਵਕ 'ਗਣ' ਕਹੇ ਜਾਂਦੇ ਹਨ, ਜਿਵੇਂ ਸ਼ਿਵ ਗਣ, ਸ਼ਿਵ ਦੇ ਸੇਵਕਾਂ ਦਾ ਮੁਖੀਆ ਗਣੇਸ਼ ਹੈ। ਪੁਰਾਣਕ ਖਿਆਲ ਹੈ ਕਿ ਇਹ ਸੇਵਕ ਮੰਡਲੀ ਕੈਲਾਸ਼ ਪਰਬਤ ਤੇ ਸ਼ਿਵਾਂ ਦੇ ਨਾਲ ਹੀ ਰਹਿੰਦੀ ਹੈ।

ਕੁਝ ਦੇਵਤਿਆਂ ਦੀ 'ਗਣ' ਸੰਖਿਆ ਇਸ ਲਈ ਹੋ ਗਈ ਹੈ ਕਿ ਉਹ ਇਕ ਤੋਂ ਵਧ ਗਿਣਤੀ ਵਿਚ ਪਾਏ ਜਾਂਦੇ ਹਨ, ਇਹ ਨੌਂ ਹਨ ਜਿਵੇਂ—

| | | |
|---|---|---|
| ੧ | ਅਨਿਲ | (੪੯) |
| ੨ | ਆਦਿਤਯ | (੧੨) |
| ੩ | ਆਭਾਸੁਰ | (੬੪) |
| ੪ | ਸਾਧਯ | (੧੨) |
| ੫ | ਤੁਸ਼ਿਤ | (੩੬) |
| ੬ | ਮਹਾਰਾਜਿਕ | (੨੨੦) |
| ੭ | ਰੁਦ੍ਰ | (੧੧) |
| ੮ | ਵਸੁ | (੮) |
| ੯ | ਵਿਸ਼੍ਵਦੇਵ | (੧੦) |

ਕਬੀਰ ਕਹਿੰਦੇ ਹਨ ਕਿ ਇਹ ਸਭੇ ਮਾਇਆ ਦੇ ਚੱਕ੍ਰ ਵਿਚ ਹਨ 'ਸੁਰਿਨਰ ਗਣ, ਗੰਧ੍ਰਬ ਜਿਨ ਮੋਹੇ ਤ੍ਰਿਭਵਣ ਮੇਖਲੀ ਲਾਈ ।
(ਸਿਰੀ ਰਾਗ ਕਬੀਰ, ਪੰਨਾ ੯੨)

**ਗਣੇਸ਼**

ਗਣੇਸ਼, ਗਣਾਂ ਜਾਂ ਸ਼ਿਵ ਦ ਸੇਵਾ ਵਿਚ ਰਹਿਣ ਵਾਲੇ ਛੋਟੇ ਸੇਵਕਾਂ ਦਾ

ਮੁਖੀ ਹੈ, ਜੋ ਪਾਰਬਤੀ ਦਾ ਪੁੱਤਰ ਹੈ । ਕਹਿੰਦੇ ਹਨ ਪਾਰਬਤੀ ਨੇ ਵਟਨਾ ਮਲ ਕੇ ਜਦੋਂ ਉਤਾਰਿਆ ਤੇ ਇਸ਼ਨਾਨ ਕਰਨ ਲਗੀ ਤਾਂ ਇਸ ਨੇ ਵਟਨੇ ਦੇ ਪੁਤਲੇ ਵਿਚ ਜਾਨ ਪਾ ਕੇ ਪਹਿਰੇਦਾਰ ਵਜੋਂ ਖੜਾ ਕਰ ਦਿਤਾ । ਸ਼ਿਵ ਆਏ ਤਾਂ ਇਸ ਨੇ ਰੋਕਿਆ ਪਰੰਤੂ ਉਹ ਇਸ ਦਾ ਸਿਰ ਕੱਟ ਕੇ ਅੱਗੇ ਟੰਘ ਆਏ । ਜਦ ਪਾਰਬਤੀ ਨੂੰ ਪਤਾ ਲਗਾ ਤਾਂ ਬਹੁਤ ਵਿਰਲਾਪ ਕਰਨ ਲਗੀ ਤੇ ਪਿਛੋਂ ਸ਼ਿਵ ਨੇ ਹਾਥੀ ਦਾ ਸਿਰ ਲਾ ਕੇ ਇਸ ਨੂੰ ਮੁੜ ਸੁਰਜੀਤ ਕੀਤਾ । ਬ੍ਰਹਿਮਵੈਵਰਤ ਪੁਰਾਣ ਵਿਚ ਇਹ ਵੀ ਕਥਾ ਹੈ ਕਿ ਜਦ ਗਣੇਸ਼ ਜੰਮਿਆ ਤਾਂ ਸਾਰੇ ਦੇਵਤੇ ਦੇਖਣ ਆਏ, ਸ਼ਨੀ ਦੀ ਨਜ਼ਰ ਪਈ ਤਾਂ ਬਾਲਕ ਗਣੇਸ਼ ਦਾ ਸਿਰ ਉਡ ਗਿਆ ਜਿਸ ਨੂੰ ਵਿਸ਼ਨੂ ਨੇ ਹਾਥੀ ਦਾ ਸਿਰ ਲਾ ਕੇ ਮੁੜ ਜੀਉਂਦਿਆਂ ਕੀਤਾ ਤੇ ਇਸ ਦੇ ਮੰਗਲਕਾਰੀ ਹੋਣ ਦਾ ਵਰ ਦਿਤਾ । ਇਹ ਕਲਿਆਣਕਾਰੀ ਦੇਵਤਾ ਮੰਨਿਆ ਜਾਂਦਾ ਹੈ ਜੋ ਕਿ ਵਿਘਨਾਂ ਦਾ ਨਾਸ਼ਕਰਤਾ ਹੈ, ਇਸ ਲਈ ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾ ਗਣੇਸ਼ ਦੀ ਪੂਜਾ ਕੀਤੀ ਜਾਂਦੀ ਹੈ । ਇਸ ਦੇ ਇੱਕ ਹੱਥ ਵਿਚ ਸੰਖ, ਦੂਜੇ ਵਿਚ ਚੱਕਰ, ਤੀਜੇ ਵਿਚ ਗਦਾ ਅਤੇ ਚੋਥੇ ਵਿਚ ਕੰਵਲ ਫੜਿਆ ਹੋਇਆ ਹੈ । ਇਹ ਚੂਹੇ ਦੀ ਸਵਾਰੀ ਕਰਦਾ ਹੈ । ਗਣੇਸ਼ ਨੂੰ ਵਿਦਿਆ ਦਾ ਦੇਵਤਾ ਮੰਨਿਆ ਜਾਂਦਾ ਹੈ, ਸਿਧੀ ਤੇ ਬੁਧੀ ਇਸ ਦੀਆਂ ਇਸਤਰੀਆਂ ਹਨ । ਬਿਆਸ ਨੇ ਇਸ ਤੋਂ ਮਹਾਂਭਾਰਤ ਲਿਖਾਇਆ ਸੀ, ਇਸੇ ਕਰਕੇ ਲਿਖਾਰੀ ਪੁਸਤਕ ਦੇ ਅਰੰਭ ਵਿਚ ਇਸ ਦਾ ਮੰਗਲ ਕਰਦੇ ਹਨ । ਗਣੇਸ਼ ਦੀ ਪੂਜਾ ਦੱਖਣੀ ਭਾਰਤ ਵਿਚ ਬਹੁਤ ਹੈ ਅਤੇ ਉਥੇ ਇਸ ਦੇ ਕਈ ਮੰਦਰ ਹਨ । ਭਾਦੋਂ ਦੀ ਚੋਥ ਨੂੰ ਇਸ ਦਾ ਜਨਮ ਦਿਨ ਮਨਾ ਕੇ ਪੂਜਾ ਕੀਤੀ ਜਾਂਦੀ ਹੈ । ਤਾਂਤ੍ਰਿਕ ਲੋਕ ਗਣੇਸ਼ ਪੂਜਾ ਲਈ ਆਟੇ ਸੰਧੂਰ ਆਦਿ ਨਾਲ ਬਾਰਾਂ ਯਾ ਅਠ ਕਲਾਂ ਵਾਲੇ ਕਮਲ ਵਿਚ ਛੇਕੋਣਾ ਯੰਤ੍ਰ ਬਣਾਉਂਦੇ ਹਨ ਜਿਸ ਨੂੰ 'ਗਣੇਸ਼ ਚੱਕ੍ਰ' ਆਖਦੇ ਹਨ । ਭਗਤ ਬਾਣੀ ਨੇ ਅਜੇਹੇ ਕਰਮਕਾਂਡਾਂ ਦਾ ਖੰਡਨ ਕਰਦਿਆ ਕਿਹਾ ਹੈ :

> ਸਿਲ ਪੂਜਸਿ ਚਕ੍ਰ ਗਣੇਸਿ ।
> ਨਿਸਿ ਜਾਗਸਿ ਭਗਤਿ ਪ੍ਰਵੇਸਿ । (ਪ੍ਰਭਾਤੀ ਬਾਣੀ, ਪੰਨਾ ੧੩੫੧)

## ਗਨਿਕਾ

ਪੁਰਾਣਕ ਕਹਾਣੀ ਹੈ ਕਿ ਇਕ ਸੁੰਦਰ ਵੇਸਿਆ ਬੜਾ ਭੈੜਾ ਵਿਕਾਰੀ ਜੀਵਨ ਬਸਰ ਕਰਦੀ ਸੀ । ਉਸਨੂੰ ਸ਼ਰਮ ਧਰਮ ਦਾ ਕੋਈ ਖਿਆਲ ਤਕ ਨਹੀਂ ਸੀ । ਇਕ ਵਾਰ ਅਚਾਨਕ ਉਸ ਦੇ ਦੁਆਰੇ ਸੰਤ ਪੁਰਸ਼ ਆ ਗਏ । ਉਨ੍ਹਾਂ ਵੇਸ਼ਿਆ ਦੀ ਸਾਰੀ ਹਾਲਤ ਤੱਕੀ ਤੇ ਮਨ ਹੀ ਮਨ ਵਿਚ ਉਸ ਦਾ ਇਲਾਜ ਸੋਚਿਆ । ਉਨ੍ਹਾਂ ਆਪਣਾ ਪਾਲਿਆ ਹੋਇਆ ਤੋਤਾ ਉਸ ਕੰਚਨੀ ਨੂੰ ਦੇਂਦਿਆਂ ਕਿਹਾ ਕਿ ਅੱਗੋਂ ਲਈ ਤੂੰ ਇਸ ਨੂੰ ਰਾਮ ਰਾਮ ਸਿਖਾਇਆ ਕਰ, ਤੇਰਾ ਉਧਾਰ ਹੋ ਜਾਵੇਗਾ ।

ਸੰਤਾਂ ਦੀ ਸਿਖਿਆ ਦਾ ਅਜੇਹਾ ਪ੍ਰਭਾਵ ਪਿਆ ਕਿ ਉਹ ਰਾਮ ਰਾਮ ਸਿਖਾਉਂਦੀ

ਖੁਦ ਰਾਮ ਨਾਲ ਇਕਮਿਕ ਹੋ ਗਈ ਤੇ ਵਿਕਾਰਾਂ ਦਾ ਗੰਦਾ ਚੋਲਾ ਉਤਾਰ ਦਿਤਾ। ਇਸ ਕਥਾ ਵਲ ਸੰਕੇਤ ਕਰਦਿਆਂ ਕਿਹਾ ਹੈ :

ਗਨਿਕਾ ਉਧਰੀ ਹਰਿ ਕਹੈ ਤੋਤ । (ਬਸੰਤੁ ੪, ਪੰਨਾ ੧੧੯੨)

ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ<br>ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ।

(ਧਨਾਸਰੀ ਕਬੀਰ, ਪੰਨਾ ੬੯੨)

## ਗ੍ਰਹ

ਭਾਰਤੀ ਜੋਤਿਸ਼ ਸ਼ਾਸਤ੍ਰ ਅਨੁਸਾਰ ਅਸਮਾਨ ਵਿਚ ਚਮਕਦੇ ਵਿਸ਼ੇਸ਼ ਸਤਾਰੇ ਗ੍ਰਹਿ ਕਹੇ ਜਾਂਦੇ ਹਨ ਜਿਨ੍ਹਾਂ ਦੀ ਗਿਣਤੀ ਨੌਂ ਹੈ :

ਸੂਰਜ, ਚੰਦ੍ਰਮਾ, ਮੰਗਲ; ਬੁਧ, ਬ੍ਰਿਹਸਪਤੀ, ਸ਼ੁਕ੍ਰ, ਸ਼ਨੀ, ਰਾਹੂ ਤੇ ਕੇਤੁ।

ਜੋਤਿਸ਼ ਵਿਦਿਆ ਇਹ ਵੀ ਮੰਨਦੀ ਹੈ ਕਿ ਜੀਵ ਦੇ ਜਨਮ ਸਮੇਂ ਜਿਨ੍ਹਾਂ ਸਤਾਰਿਆਂ ਦਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ ਉਸ ਅਨੁਸਾਰ ਮਨੁਖ ਦੀ ਕਿਸਮਤ ਬਣਦੀ ਹੈ। ਇਸ ਕਰਕੇ ਕਿਸੇ ਦੀ ਭਾਗ ਰੇਖਾ ਚੰਗੀ ਮੰਦੀ ਦੇਖ ਕੇ ਇਹ ਆਖ ਦਿਤਾ ਜਾਂਦਾ ਹੈ ਕਿ ਗ੍ਰਹਿ ਦੇ ਪ੍ਰਭਾਵ ਕਾਰਣ ਇਸ ਦੀ ਅਜੇਹੀ ਹਾਲਤ ਹੈ। ਇਹੋ ਕਾਰਣ ਹੈ ਕਿ ਵੱਖ ਵੱਖ ਗ੍ਰਹਿਆਂ ਨੂੰ ਪ੍ਰਸੰਨ ਰੱਖਣ ਲਈ ਵੱਖ ਵੱਖ ਕਿਸਮ ਦੀਆਂ ਵਿਧੀਆਂ ਅਪਣਾ-ਈਆਂ ਜਾਂਦੀਆਂ ਅਤੇ ਕਈ ਤਰ੍ਹਾਂ ਦੇ ਦਾਨ ਪੁੰਨ ਕੀਤੇ ਜਾਂਦੇ ਹਨ ਜਿਵੇਂ ਸੂਰਜ ਲਈ ਲਾਲ ਰੰਗ ਦੀਆਂ ਚੀਜ਼ਾਂ ਗੁੜ, ਤਾਂਬਾ, ਸੋਨਾ ਯਾ ਗੋਰੀ ਗਾਂ, ਚੰਦ੍ਰਮਾ ਦੀ ਪ੍ਰਸੰਨਤਾ ਲਈ ਚਿਟੀਆਂ ਸਫੈਦ ਚੀਜ਼ਾਂ, ਮੰਗਲ ਲਈ ਹਰੀਆਂ, ਬ੍ਰਿਹਸਪਤਿ ਲਈ ਪੀਲੀਆਂ, ਸ਼ੁਕਰ ਲਈ ਸਫੈਦ, ਸ਼ਨੀ ਅਤੇ ਰਾਹੂ ਕੇਤੂ ਦੀ ਪ੍ਰਸੰਨਤਾ ਲਈ ਕਾਲੇ ਰੰਗ ਦੀਆਂ ਚੀਜ਼ਾਂ ਦੇਣਾ ਪੁੰਨ ਮੰਨਿਆ ਜਾਂਦਾ ਹੈ। ਵਿਆਹ ਯਾ ਯੱਗ ਆਦਿ ਸਮੇਂ ਚੌਂਕ ਪੂਰ ਕੇ ਨੌਂ ਗ੍ਰਹਆਂ ਦੀ ਪੂਜਾ ਵੀ ਕੀਤੀ ਜਾਂਦੀ ਹੈ।

ਗੁਰੂ ਸਾਹਿਬ ਨੇ ਐਸੇ ਭਰਮ ਕਰਮਾਂ ਨੂੰ ਪਰਵਾਨ ਨਹੀਂ ਕੀਤਾ ਸਗੋਂ ਕਿਹਾ ਹੈ ਕਿ ਇਹ ਨੌਂ ਗ੍ਰਿਹ ਤਾਂ ਉਸਦੇ ਦਰਬਾਰ ਦੇ ਸੇਵਕ ਹਨ ਤੇ ਪ੍ਰਭੂ ਕੀਰਤਨ ਨਾਲ ਇਨ੍ਹਾਂ ਦੀ ਮਾਰ ਤੋਂ ਸੌਖਿਆਂ ਬਚ ਸਕੀਦਾ ਹੈ :

ਨਵ ਗ੍ਰਹ ਕੋਟਿ ਠਾਢੇ ਦਰਬਾਰ । (ਭੈਰਉ ਕਬੀਰ ੧੧੬੬)

ਸੂਖ ਸਹਜ ਅਨਦੁ ਘਣਾ, ਹਰਿ ਕੀਰਤਨੁ ਗਾਉ<br>ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ । (ਆਸਾ ੫, ਪੰਨਾ ੪੦੦)

## ਗਰੁੜ

ਇਕ ਮਿਥਿਹਾਸਕ ਪੰਛੀ ਜਿਸ ਨੂੰ ਪੰਛੀਆਂ ਦਾ ਰਾਜਾ ਤੇ ਵਿਸ਼ਨੂੰ ਭਗਵਾਨ ਦਾ ਵਾਹਨ ਮੰਨਿਆ ਜਾਂਦਾ ਹੈ। ਇਸ ਦਾ ਅੱਧਾ ਭਾਗ ਮਨੁਖ ਦਾ ਤੇ ਅੱਧਾ ਪੰਛੀਆਂ ਵਾਲਾ ਹੈ। ਸਿਰ, ਖੰਭ ਤੇ ਨਹੁੰਦਰਾਂ ਉਕਾਬ ਦੀਆਂ ਅਤੇ ਰੰਗ ਚੰਗਾ ਚਮਕਦਾਰ ਹੁੰਦਾ ਹੈ। ਇਸ ਦਾ ਪਿਤਾ ਕੱਸ਼ਪ ਤੇ ਮਾਤਾ ਵਿਨਤਾ ਮੰਨੀ ਜਾਂਦੀ ਹੈ। ਇਹ ਇਕ ਵਾਰ ਦੇਵਤਿਆਂ ਤੇ ਫਤਿਹ ਪਾ ਕੇ ਸੁਰਗ ਤੋਂ ਅੰਮ੍ਰਿਤ ਲਈ ਆ ਰਿਹਾ ਸੀ ਤਾਂ ਵਿਸ਼ਨੂੰ ਨੇ ਪ੍ਰਸੰਨ ਹੋ ਕੇ ਕਿਹਾ, ਮੰਗ ਕੀ ਮੰਗਦਾ ਹੈਂ। ਗਰੁੜ ਨੇ ਆਖਿਆ ਮੈਂ ਤੁਹਾਡੇ ਉਤੇ ਰਹਾਂ, ਵਿਸ਼ਨੂੰ ਨੇ ਕਿਹਾ ਠੀਕ ਹੈ। ਪਰ ਥੋੜੀ ਦੇਰ ਬਾਦ ਗਰੁੜ ਨੂੰ ਖਿਆਲ ਆਇਆ ਕਿ ਇਹ ਮੁਨਾਸਬ ਨਹੀਂ, ਇਸ ਨਾਲ ਭਗਵਾਨ ਦਾ ਅਪਮਾਨ ਹੈ। ਇਸ ਕਰਕੇ ਮੁੜ ਕਹਿਣ ਲਗਾ ਕਿ ਤੁਸੀਂ ਕੀ ਚਾਹੁੰਦੇ ਹੋ ? ਵਿਸ਼ਨੂੰ ਨੇ ਕਿਹਾ ਕਿ ਤੂੰ ਮੇਰੀ ਸਵਾਰੀ ਬਣ ਜਾ। ਇਹ ਗੱਲ ਮੰਨਣੀ ਕੁਝ ਔਖੀ ਸੀ। ਆਖਿਰ ਵਿਸ਼ਨੂੰ ਜੀ ਨੇ ਆਪਣੀ ਧੁਜਾ, ਉਪਰ ਗਰੁੜ ਨੂੰ ਸਜਾਇਆ।

ਆਮ ਮਨੌਤ ਅਨੁਸਾਰ ਵਿਸ਼ਨੂੰ, ਗਰੁੜ ਦੀ ਸਵਾਰੀ ਕਰਦੇ ਹਨ।.ਜਦੋਂ ਨਾਮਦੇਵ ਸੁਲਤਾਨ ਦੀ ਕੈਦ ਵਿਚ ਬੰਦ ਸਨ, ਤਾਂ ਉਨ੍ਹਾਂ ਭਗਵਾਨ ਪਾਸ ਪ੍ਰਾਰਥਨਾ ਕੀਤੀ ਤਾਂ ਉਹ ਭਗਤ ਪਾਸ ਪਹੁੰਚੇ ਤੇ ਲੋੜੀਂਦੀ ਸਹਾਇਤਾ ਕੀਤੀ। ਇਸ ਘਟਨਾ ਦਾ ਜ਼ਿਕਰ ਕਰਦਿਆਂ ਹੀ ਉਨ੍ਹਾਂ ਲਿਖਿਆ ਹੈ–

ਪਾਖੰਤਣ ਬਾਜ ਬਜਾਇਲਾ
ਗਰੁੜ ਚੜੇ ਗੋਬਿੰਦ ਆਇਲਾ। (ਭੈਰਉ ਨਾਮਦੇਵ, ਪਨਾ ੧੧੬੬)

ਗਰੁੜ ਚੂੰਕਿ ਸੱਪ ਦਾ ਦੁਸ਼ਮਨ ਹੈ, ਇਸ ਕਰਕੇ, ਹਉਮੈ ਨੂੰ ਭਾਰੀ ਨਾਗ, ਨਾਮ ਯਾ ਸ਼ਬਦ ਨੂੰ 'ਗਰੜ' ਕਹਿ ਕੇ ਵਰਣਨ ਕੀਤਾ ਗਿਆ ਹੈ।

ਹਉਮੈ ਬਿਖੁ ਮਨੁ ਮੋਹਿਆ, ਲਦਿਆ ਅਜਗਰੁ ਭਾਰੀ
ਗਰੁੜ ਸਬਦੁ ਮੁਖਿ ਪਾਇਆ, ਹਉਮੈ ਬਿਖੁ ਹਰਿ ਮਾਰੀ।
(ਮਲਾਰ ੩, ਪੰਨਾ ੯੮੩)

ਸੱਪ ਦਾ ਜ਼ਹਿਰ ਉਤਾਰਨ ਵਾਲੇ ਮੰਤ੍ਰ ਨੂੰ ਗਾਰੜੂ ਯਾ ਗਾਰੜੀ ਮੰਤ੍ਰ ਕਹਿੰਦੇ ਹਨ। ਜਿਸ ਨੇ ਇਹ ਮੰਤ੍ਰ ਸਾਧਿਆ ਹੋਵੇ, ਉਹ ਵੀ ਗਾਰੜੂ ਕਹਾਉਂਦਾ ਹੈ।

ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ
(ਵਾਰਗੂਜਰੀ, ਪੰਨਾ ੫੧੦)

**ਗਾਇਤ੍ਰੀ**

ਗਾਇਤ੍ਰੀ ਇਕ ਵੈਦਿਕ ਛੰਦ ਦਾ ਨਾਮ ਹੈ ਜਿਸ ਦੇ ਪ੍ਰਤਿ ਚਰਣ ਵਿਚ ੬ ਅੱਖਰ ਤੇ ਚਾਰ ਚਰਣਾਂ ਵਿਚ ੨੪ ਅੱਖਰ ਹੁੰਦੇ ਹਨ । ਹੁਣ ਰਿਗਵੇਦ ਦੇ ਇਕ ਖਾਸ ਮੰਤ੍ਰ ਨੂੰ ਹੀ ਗਾਇਤ੍ਰੀ ਆਖਿਆ ਜਾਂਦਾ ਹੈ ਜੋ ਕਿ ਵਿਸ਼ਵਾਮਿਤ੍ਰ ਦੀ ਰਚਨਾ ਹੈ। ਇਹ ਇਸ ਪ੍ਰਕਾਰ ਹੈ—

ਤਤ ਸਵਿਤੁ ਰ ਵਰੇਣਯੰ ਭਰਗੋ ਦੇਵਸਯ
ਧੀਮਹਿ ਧਿਯੋ ਯੋ ਨ: ਪ੍ਰਚੋਦਯਾਤ । ੪/੬੨/੧੦

'ਸਭ ਨੂੰ ਜੀਵਨਦਾਨ ਦੇਣ ਵਾਲੇ, ਦੁਖ ਪਾਪ ਨਾਸ਼ਕ, ਪ੍ਰਕਾਸ਼ ਰੂਪ ਸੂਰਜ ਦਾ ਜੋਕਿ ਬੇਨਤੀ ਕਰਨ ਯੋਗ ਤੇ ਸਾਡੀਆਂ ਬੁਧੀਆਂ ਨੂੰ ਪ੍ਰੇਰਨਾ ਦੇਣ ਵਾਲਾ ਹੈ, ਅਸੀਂ ਧਿਆਨ ਧਰਦੇ ਹਾਂ ।

ਉਕਤ ਮੰਤ੍ਰ ਦਾ ਜਾਪ ਹਿੰਦੂ ਧਰਮ ਕਰਮ ਦਾ ਜ਼ਰੂਰੀ ਅੰਗ ਹੈ ਇਸ ਵਲ ਸੰਕੇਤ ਕਰਦਿਆਂ ਕਿਹਾ ਹੈ :

ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ, ਸੋ ਕਿਉ ਬ੍ਰਾਹਮਨੁ ਬਿਸਰੁ ਕਰੈ
ਜਾਕੈ ਪਾਇ ਜਗਤ ਸਭੁ ਲਾਗੈ, ਸੋ ਕਿਉ ਪੰਡਿਤ ਹਰਿ ਨ ਕਹੈ ।

ਇਕ ਕਥਾ ਇਹ ਵੀ ਹੈ ਕਿ ਜਦ ਵਿਸ਼ਵਾਮਿਤ੍ਰ ਵਸ਼ਿਸ਼ਟ ਰਿਸ਼ੀ ਦੇ ਪੁੱਤਰਾਂ ਨੂੰ ਮਾਰਦਾ ਸੀ ਤਾਂ ਇਸ ਪਾਪ ਨੂੰ ਗਾਇਤ੍ਰੀ ਮੰਤ੍ਰ ਜਪ ਕੇ ਦੂਰ ਕਰ ਲੈਂਦਾ ਸੀ । ਇਸ ਤੋਂ ਗੁੱਸੇ ਵਿਚ ਆ ਕੇ ਵਸ਼ਿਸ਼ਟ ਨੇ ਇਸ ਦਾ ਇਕ ਚਰਣ ਹੀ ਭੰਗ ਕਰ ਦਿਤਾ ਜਿਸ ਕਰਕੇ ਇਸ ਵਿਚ ਉਹ ਸ਼ਕਤੀ ਨ ਰਹੀ । 'ਪਦਮ ਪੁਰਾਣ' ਅਨੁਸਾਰ ਗਾਇਤ੍ਰੀ, ਬ੍ਰਹਮਾ ਦੇ ਘਰ ਵਾਲੀ ਸੀ, ਅਹੰਕਾਰ ਕਰਕੇ ਗਊ ਦੀ ਜੂਨ ਪੈ ਗਈ ਤੇ ਲੋਕਾਂ ਤੋਂ ਸੱਟਾਂ ਖਾ ਕੇ ਲੰਗੜੀ ਹੋ ਗਈ । ਇਸ ਵਲ ਇਸ਼ਾਰਾ ਕਰਦਿਆਂ ਨਾਮਦੇਵ ਜੀ ਨੇ ਲਿਖਿਆ ਹੈ :

ਪਾਂਡੇ ਤੁਮਰੀ ਗਾਇਤ੍ਰੀ, ਲੋਧੇ ਕਾ ਖੇਤੁ ਖਾਤੀ ਥੀ
ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ ।

(ਬਿਲਾਵਲ ਨਾਮਦੇਵ, ਪਨਾ ੮੭੫)

**ਗਾਥਾ**

ਸੰਸਕ੍ਰਿਤ ਦਾ ਇਕ ਬਦਲਿਆ ਰੂਪ, ਜੋ ਪਾਣਿਨੀਯ ਵਿਆਕਰਣ ਦੇ ਨੇਮਾਂ ਦਾ ਪਾਬੰਦ ਨਹੀਂ ਸਗੋਂ ਕਈ ਥਾਂ ਪ੍ਰਾਕ੍ਰਿਤ ਵਿਆਕਰਣ ਦੇ ਪ੍ਰਭਾਵ ਹੇਠ ਚਲਦਾ ਹੈ—'ਗਾਥਾ' ਕਹਾਉਂਦਾ ਹੈ । ਦਰਅਸਲ ਬੋਧੀ ਤੇ ਜੈਨੀ ਲੇਖਕ ਵਧੇਰੇ ਪ੍ਰਾਕ੍ਰਿਤਾਂ ਦਾ ਹੀ ਪ੍ਰਯੋਗ

ਕਰਦੇ ਸਨ, ਪਿਛੋਂ ਇਨ੍ਹਾਂ ਲੋਕਾਂ ਪ੍ਰਾਕ੍ਰਿਤ ਰਲੀ-ਮਿਲੀ ਮਿੱਸੀ ਸੰਸਕ੍ਰਿਤ ਵਰਤਣੀ ਸ਼ੁਰੂ ਕਰ ਦਿਤੀ ਜਿਸ ਨੂੰ ਬ੍ਰਾਹਮਣ ਪਰਵਾਨ ਨਹੀਂ ਸੀ ਕਰਦੇ। ਮਿਸਾਲ ਲਈ '**ਭਿਕਸ਼ੂ**' ਦਾ ਖਸ਼ਟੀ ਰੂਪ ਇਕ ਵਚਨ-'**ਭਿਕਸ਼ੋ**' ਹੈ ਪਰੰਤੂ ਬੋਧੀ ਲੇਖਕਾਂ ਇਸ ਨੂੰ '**ਭਿਕਸ਼ਸ੍ਯ**' ਲਿਖਿਆ ਹੈ ਜੋ ਸੰਸਕ੍ਰਿਤ ਵਿਆਕਰਣ ਅਨੁਸਾਰ ਠੀਕ ਨਹੀਂ। ਇਸੇ ਤਰ੍ਹਾਂ ਕਈ ਹੋਰ ਪ੍ਰਯੋਗ ਪ੍ਰਚਲਤ ਹੋਏ। ਇਹ ਵਰਤੋਂ ਜਾਣ ਕੇ ਨਹੀਂ ਸੀ ਕੀਤੀ ਜਾਂਦੀ, ਆਮ ਜਨਤਾ ਵਿਚ ਇਸ ਦਾ ਕੁਝ ਨ ਕੁਝ ਰਿਵਾਜ ਸੀ ਤਾਂ ਹੀ ਇਹ ਲਿਖਤ ਵਿਚ ਆਈ। ਇਹੋ ਬਦਲੀ ਸੰਸਕ੍ਰਿਤ, ਜੋ ਪੰਡਿਤਾਂ ਦੀ ਨਜ਼ਰ ਵਿਚ ਅਸ਼ੁਧ ਸੀ, 'ਗਾਥਾ' ਹੈ।

ਗੁਰੂ ਅਰਜਨ ਸਾਹਿਬ ਨੇ ਸੋਲ੍ਹਵੀਂ ਸਦੀ ਵਿਚ ਇਸ ਦੀ ਵਰਤੋਂ ਕਰਕੇ ੨੪ ਸਲੋਕ ਲਿਖੇ ਤੇ ਇਨ੍ਹਾਂ ਦਾ ਸਿਰਲੇਖ 'ਗਾਥਾ' ਦਿਤਾ ਹੈ। ਮਾਲੂਮ ਹੁੰਦਾ ਹੈ ਕਿ ਇਸ ਦੀ ਪੁਰਾਣੀ ਪਰੰਪਰਾ ਕਿਤੇ ਕਿਤੇ ਨਾਂ ਮਾਤ੍ਰ ਮੌਜੂਦ ਸੀ, ਇਸੇ ਦੇ ਆਧਾਰ ਤੇ ਗੁਰੂ ਸਾਹਿਬ ਨੇ ਇਹ ਵੰਨਗੀ ਰਚ ਕੇ ਇਸ ਦਾ ਸਰੂਪ ਸੁਰੱਖਿਅਤ ਕਰ ਦਿਤਾ। ਨਾਲ ਇਹ ਵੀ ਲਿਖ ਦਿਤਾ ਕਿ ਗਾਥਾ ਭਾਸ਼ਾ ਔਖੀ ਹੈ, ਇਸ ਨੂੰ ਕੋਈ ਕੋਈ ਹੀ ਸਮਝ ਸਕਦਾ ਹੈ :

ਗਾਥਾ ਗੂੜ ਅਪਾਰੰ, ਸਮਝਣੰ ਬਿਰਲਾ ਜਨਹ
ਸੰਸਾਰ ਕਾਮ ਤਜਣੰ, ਨਾਨਕ ਗੋਬਿੰਦ ਰਮਣੰ ਸਾਧ ਸੰਗਮਹ।

(ਗਾਥਾ ੫, ਪੰਨਾ ੧੩੬੦)

ਹੁਣ ਇਹ ਸਲੋਕ ਵਿਚ ਹੀ 'ਸਮਝਣੰ' 'ਤਜਣੰ' ਸੰਸਕ੍ਰਿਤ ਨਹੀਂ ਕੇਵਲ ਟਿੱਪੀ ਲਾ ਕੇ ਇਨ੍ਹਾਂ ਦਾ ਰੂਪ ਬਦਲਿਆ ਗਿਆ ਹੈ।

## ਗੀਤਾ

ਮਹਾਂਭਾਰਤ ਦੇ ਭੀਸ਼ਮ ਪਰਬ ਦਾ ਇਕ ਹਿੱਸਾ ਜੋ ਕਿ ਅਠਾਰਾਂ ਅਧਿਆਵਾਂ ਵਿਚ ਸੱਤ ਸੌ ਸਲੋਕ ਹੈ, 'ਗੀਤਾ' ਕਹਾਉਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਗਿਆਨ ਸ੍ਰੀ ਕ੍ਰਿਸ਼ਨ ਜੀ ਨੇ ਕੁਰਖੇਤਰ ਦੇ ਮੈਦਾਨ ਵਿਚ ਮੋਹ ਅਧੀਨ ਹੋ ਕੇ ਹਥਿਆਰ ਸੁੱਟ ਰਹੇ ਅਰਜਨ ਨੂੰ ਦ੍ਰਿੜ੍ਹਾ ਕੇ ਮੁੜ ਯੁੱਧ ਲਈ ਤਿਆਰ ਬਰ ਤਿਆਰ ਕੀਤਾ ਸੀ।

ਗੀਤਾ ਦਾ ਗਿਆਨ ਮਨੁਖੀ ਜੀਵਨ-ਸਿਧਾਂਤਾਂ ਉਤੇ ਚਾਨਣ ਪਾਉਂਦਾ, ਕਰਮਯੋਗ ਲਈ ਪ੍ਰੇਰਨਾ ਪ੍ਰਦਾਨ ਕਰਦਾ ਹੈ ਅਤੇ ਜਗਿਆਸੂ ਨੂੰ ਇਹ ਵੀ ਤਾਕੀਦ ਕਰਦਾ ਹੈ ਕਿ ਉਹ ਤਮਾਮ ਧਰਮ ਕਰਮ ਕਰਦਾ ਹੋਇਆ ਨਿਸ਼ਕਾਮ ਰਹੇ ਤਾਂ ਹੀ ਮੋਖ ਪ੍ਰਾਪਤ ਕਰ ਸਕਦਾ ਹੈ। ਦੂਜੇ ਸ਼ਬਦਾਂ ਵਿਚ ਪ੍ਰਭੂ-ਪਰਾਇਣ ਹੋਣਾ ਗੀਤਾ ਦੀ ਤਾਲੀਮ ਦਾ ਸਾਰ ਹੈ—

ਗੁਰਮਤਿ ਰਾਮ ਨਾਮ ਗਹੁ ਮੀਤਾ
ਪਣਵੈ ਨਾਮਾ ਇਉ ਕਹੈ ਗੀਤਾ। (ਗੋਂਡ ਨਾਮਦੇਵ, ਪੰਨਾ ੮੭੪)

### ਗੁਣਵੰਤੀ

ਸੂਹੀ ਰਾਗ ਵਿਚ ਜਿਥੇ ਗੁਰੂ ਨਾਨਕ ਸਾਹਿਬ ਨੇ 'ਕੁਚਜੀ' ਤੇ 'ਸੁਚਜੀ' ਸਿਰਲੇਖ ਹੇਠ, ਮੰਦੇ ਚੰਗੇ ਜੀਵਨ ਦੀ ਵਿਚਾਰ ਕੀਤੀ ਹੈ, ਉਥੇ ਨਾਲ ਹੀ ਗੁਰੂ ਅਰਜਨ ਸਾਹਿਬ ਨੇ 'ਗੁਣਵੰਤੀ' ਸਿਰਲੇਖ ਦੇ ਕੇ ਸੁਚੱਜੀ ਜ਼ਿੰਦਗੀ ਦਾ ਆਚਰਣ ਤੇ ਸੁਭਾਉ ਚਿਤ੍ਰਿਤ ਕੀਤਾ ਹੈ, ਇਹ ਅਚਾਰ ਵਿਸ਼ੇਸ਼ ਕਰਕੇ ਆਤਮ ਸਮਰਪਣ ਤੇ ਨਿੰਮ੍ਰਿਤਾ ਦਾ ਹੈ। ਸ਼ਬਦ ਦਾ ਅਰੰਭ ਇਉਂ ਹੁੰਦਾ ਹੈ :—

ਜੋ ਦੀਸੈ ਗੁਰ ਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ । (ਸੂਹੀ ੫, ਪੰਨਾ ੭੧੩)

### ਗੁਰਮੁਖਿ

ਗੁਰੂ ਨੂੰ ਸਨਮੁਖ ਰੱਖ ਕੇ ਉਸ ਦੀ ਆਗਿਆ ਅਨੁਸਾਰ ਜੀਵਨ ਬਸਰ ਕਰਨ ਵਾਲਾ ਗੁਰਮੁਖਿ ਹੈ। ਭਗਤੀ ਲਹਿਰ ਦੇ ਧਾਰਮਿਕ ਸਾਹਿਤ ਤੋਂ ਪਹਿਲਾਂ ਸਿੱਧ-ਸਾਹਿਤ ਵਿਚ ਵੀ ਇਸ ਸ਼ਬਦ ਦਾ ਪ੍ਰਯੋਗ ਮਿਲਦਾ ਹੈ । ਸੰਤਾਂ ਭਗਤਾਂ ਤੇ ਗੁਰੂਆਂ ਇਸ ਦੀ ਵਰਤੋਂ ਨੇਕ ਜੀਵਨ ਵਾਲੇ ਪੁਰਸ਼ ਲਈ ਕੀਤੀ ਹੈ ਤੇ ਇਸ ਦੇ ਉਲਟ ਆਪਣੀ ਮਨਮਰਜ਼ੀ ਅਨੁਸਾਰ ਬਦੀ ਦਾ ਜੀਵਨ ਬਿਤਾਉਣ ਵਾਲੇ ਨੂੰ 'ਮਨਮੁਖਿ' ਕਹਿ ਕੇ ਨਿੰਦਿਆ ਗਿਆ ਹੈ । ਇਸ ਤਰ੍ਹਾਂ ਦੋਹਾਂ ਪਾਸਿਆਂ ਦਾ ਵਿਸ਼ਲੇਸ਼ਨ ਕਰਕੇ ਸਾਫ ਆਖਿਆ ਹੈ :—

ਗੁਰਮੁਖਿ ਜਾਗਿ ਰਹੇ ਦਿਨ ਰਾਤੀ ।
ਸਾਚੇ ਕੀ ਲਿਵ ਗੁਰਮਤਿ ਜਾਤੀ ।
ਮਨਮੁਖਿ ਸੋਇ ਰਹੇ ਸੇ ਲੂਟੇ ।
ਗੁਰਮੁਖਿ ਸਾਬਤ ਭਾਈ ਹੇ । (ਮਾਰੂ ੧, ਪੰਨਾ ੧੦੨੪)

### ਗੂਜਰੀ

ਟੋਡੀ ਠਾਟ ਦਾ ਇਕ ਖਾੜਵ ਰਾਗ ਜਿਸ ਵਿਚ ਪਾ ਵਰਜਿਤ ਰਹਿੰਦਾ ਹੈ। ਇਸਦਾ ਵਾਦੀ ਧਾ ਤੇ ਸੰਵਾਦੀ ਰੇ ਹੈ। ਰੇ, ਗਾ, ਧਾ ਕੋਮਲ, ਮਾ ਤੀਬਰ ਤੇ ਨੀ ਸ਼ੁਧ ਲਗਦਾ ਹੈ । ਪੁਰਾਤਨ ਸੰਗੀਤਵੇਤਾ ਇਸਨੂੰ ਦੀਪਕ ਦੀ ਇਸਤਰੀ ਮੰਨਦੇ ਸਨ। 'ਨਾਦ ਬਿਨੋਦ' ਵਿਚ ਇਸਨੂੰ ਭੈਰਉ ਦੀ ਇਸਤਰੀ ਆਖਿਆ ਹੈ।

ਇਹ ਦਿਨ ਚੜ੍ਹੇ ਤੋਂ ਬਾਦ ਗਾਇਆ ਜਾਂਦਾ ਹੈ । ਆਦਿ ਗ੍ਰੰਥ ਵਿਚ ਇਹ ਪੰਜਵੀਂ ਥਾਂ ਤੇ ਦਰਜ ਹੈ।

## ਗੋਇੰਦਵਾਲ (ਗੋਬਿੰਦਵਾਲ)

ਜਿਲ੍ਹਾ ਅੰਮ੍ਰਿਤਸਰ ਵਿਚ ਬਿਆਸ ਦਰਿਆ ਕਿਨਾਰੇ –ਇਕ ਛੋਟਾ ਜੇਹਾ ਨਗਰ ਜਿਸ ਨੂੰ ਗੁਰੂ ਅੰਗਦ ਜੀ ਦੇ ਆਖਣ ਤੇ ਸ੍ਰੀ ਅਮਰਦਾਸ ਜੀ ਨੇ ਗੋਂਦੇ ਖਤਰੀ ਦੀ ਜ਼ਮੀਨ ਵਿਚ ਆਬਾਦ ਕੀਤਾ। ਕਰਤਾਰਪੁਰ ਤੋਂ ਪਿਛੋਂ ਗੁਰੂ ਵਿਚਾਰਧਾਰਾ ਦਾ ਇਹ ਇਕ ਮੁੱਖ ਕੇਂਦਰ ਸੀ ਜਿਥੇ ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਕਾਫ਼ੀ ਅਰਸਾ ਨਿਵਾਸ ਰਖਦੇ, ਸਿਖੀ ਲਹਿਰ ਨੂੰ ਮਜ਼ਬੂਤ ਕਰਦੇ ਰਹੇ।

ਇਸ ਗੱਲ ਦੀ ਪੁਸ਼ਟੀ 'ਤੋਜ਼ਕਿ ਜਹਾਂਗੀਰੀ' ਵਿਚੋਂ ਸਮਕਾਲੀ ਬਾਦਸ਼ਾਹ ਜਹਾਂਗੀਰ ਦੇ ਲਿਖਣ ਤੋਂ ਵੀ ਹੁੰਦੀ ਹੈ ਕਿ 'ਗੋਇੰਦਵਾਲ ਦੀ ਦੁਕਾਨ ਤਿੰਨ ਚਾਰ ਪੀੜ੍ਹੀਆਂ ਤੋਂ ਚਲਦੀ ਆ ਰਹੀ ਸੀ।' ਇਥੇ ਬਜ਼ੁਰਗ ਸਤਿਗੁਰਾਂ ਦੀ ਯਾਦ ਵਿਚ ਤਿੰਨ ਚਾਰ ਗੁਰਦੁਆਰੇ ਤੋਂ ਇਲਾਵਾ ਇਕ ਵੱਡੀ ਬਾਉਲੀ ਵੀ ਹੈ।

ਗੁਰੂ ਅਰਜਨ ਸਾਹਿਬ ਨੇ ਜਦ ਤਕ ਅੰਮ੍ਰਿਤਸਰ ਹਰਿਮੰਦਰ ਨਹੀਂ ਸੀ ਬਣਾਇਆ, ਉਦੋਂ ਤੱਕ ਇਹੋ ਥਾਂ ਸਿਖੀ ਦਾ ਕੇਂਦਰ ਰਿਹਾ। ਦੂਰੋਂ ਦੂਰੋਂ ਸਿਖ ਸ਼ਰਧਾਲੂ ਆਉਂਦੇ ਤੇ ਇਥੋਂ ਨਾਮ ਬਾਣੀ ਦਾ ਪ੍ਰਸਾਦ ਲੈ ਕੇ ਆਪਣੀ ਆਤਮਾ ਨੂੰ ਸੰਤੁਸ਼ਟ ਕਰਦੇ ਇਹ ਇਕ ਤਰ੍ਹਾਂ ਬੈਕੁੰਠ ਸੀ, ਗੋਬਿੰਦ ਦੀ ਨਗਰੀ ਸੀ। ਇਸੇ ਮਹੱਤਵ ਵਲ ਸੰਕੇਤ ਕਰਦਿਆਂ ਨੱਲ੍ਹ ਭੱਟ ਨੇ ਲਿਖਿਆ ਹੈ :

ਗੋਬਿੰਦਵਾਲ ਗੋਬਿੰਦਪੁਰੀ ਸਮ, ਜਲਨ ਤੀਰ ਬਿਪਾਸ ਬਨਾਯਉ।
(ਸਵਈਏ ਮਹਲੇ ਚਉਥੇ ਕੇ, ੧੪੦੦)

## ਗੌਤਮ (ਰਿਸ਼ੀ)

ਬਾਲਮੀਕਿ ਰਾਮਾਇਣ ਅਨੁਸਾਰ ਗੌਤਮ ਜਨਕ ਦੇ ਪੁਰੋਹਿਤ ਸ਼ਤਾਨੰਦ ਦਾ ਪਿਤਾ ਸੀ ਅਤੇ ਇਸ ਦੀ ਪਤਨੀ ਸੀ ਅਹਿਲਿਆ। ਅਹਿਲਿਆ ਦੇ ਇੰਦਰ ਨਾਲ ਅਯੋਗ ਸੰਬੰਧ ਹੋਣ ਕਰਕੇ ਗੌਤਮ ਨੇ ਉਸ ਨੂੰ ਪੱਥਰ ਦੀ ਤਰ੍ਹਾਂ ਜੜ੍ਹ ਹੋ ਜਾਣ ਦਾ ਸ਼ਰਾਪ ਦਿਤਾ ਜਿਸ ਦਾ ਉਧਾਰ ਪਿਛੋਂ ਸ੍ਰੀ ਰਾਮ ਚੰਦ੍ਰ ਜੀ ਨੇ ਕੀਤਾ।

ਪੁਰਾਣਾਂ ਅਨੁਸਾਰ ਅਹਿਲਿਆ ਇਕ ਸੁੰਦਰ ਇਸਤ੍ਰੀ ਸੀ। ਇਕ ਦਿਨ ਇੰਦ੍ਰ ਨੇ ਚੰਦਰਮਾ ਨੂੰ ਮੁਰਗਾ ਬਣਾ ਕੇ ਸਮੇਂ ਤੋਂ ਪਹਿਲਾਂ ਬਾਂਗ ਦਿਵਾ ਦਿੱਤੀ। ਰਿਸ਼ੀ ਤੜਕੇ ਉਠ ਕੇ ਨਦੀ ਤੇ ਇਸ਼ਨਾਨ ਲਈ ਚਲਾ ਗਿਆ ਅਤੇ ਪਿਛੋਂ ਇੰਦ੍ਰ ਅਹਿਲਿਆ ਪਾਸ ਆ ਗਿਆ।

ਬਾਲਮੀਕਿ ਰਾਮਾਇਣ ਅਨੁਸਾਰ ਅਹਿਲਿਆ ਖੁਦ ਇੰਦ੍ਰ ਨੂੰ ਚਾਹੁੰਦੀ ਸੀ। ਜਦ ਵਾਪਸੀ ਤੇ ਗੌਤਮ ਨੂੰ ਸਾਰੀ ਗੱਲ ਦਾ ਪਤਾ ਲਗਾ ਤਾਂ ਉਸ ਅਹੱਲਿਆ ਅਤੇ ਇੰਦ੍ਰ ਦੋਹਾਂ ਨੂੰ ਸ਼ਰਾਪ ਦੇ ਦਿੱਤਾ। ਇੰਦ੍ਰ ਨੂੰ ਇਹ ਕਿਹਾ ਕਿ ਤੂੰ ਇਕ ਭਗ ਲਈ ਇਥੇ ਆਇਆ ਸੈਂ, ਤੇਰੇ ਹਜ਼ਾਰਾਂ ਭਗਾਂ ਹੋ ਜਾਣ। ਅਹਲਿਆ ਨੂੰ ਪੱਥਰ ਹੋ ਜਾਣ ਦਾ ਸ਼ਰਾਪ

ਦਿੱਤਾ । ਇਕ ਗੋਤਮ ਰਿਸ਼ੀ ਨਿਆਇ ਸ਼ਾਸਤ੍ਰ ਦਾ ਕਰਤਾ ਹੋਇਆ ਹੈ। ਕਈ ਵਿਦਵਾਨ ਦੋਹਾਂ ਨੂੰ ਇਕੋ ਵਿਅਕਤੀ ਮੰਨਦੇ ਹਨ ਅਤੇ ਕੁਝ ਗੋਤਮ ਤਪੇ ਨੂੰ ਅਲਹਿਦਾ ਸਮਝਦੇ ਹਨ। ਗੁਰੂ ਸਾਹਿਬ ਅਤੇ ਭਗਤਾਂ ਨੇ ਗੋਤਮ ਅਹੱਲਿਆ ਦੀ ਕਥਾ ਦਾ ਕਈ ਥਾਂ ਸੰਕੇਤ ਦਿਤਾ ਹੈ।

ਗਉਤਮ ਸਤੀ ਸਿਲਾ ਨਿਸਤਰੀ । (ਗੋਂਡ ਨਾਮਦੇਵ, ਪੰਨਾ ੪੭੪)

ਗੋਤਮੁ ਤਪਾ ਅਹਲਿਆ ਇਸਤ੍ਰੀ
ਤਿਸੁ ਦੇਖਿ ਇੰਦ੍ਰੁ ਲੋਭਾਇਆ
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ।
(ਪ੍ਰਭਾਤੀ ੧, ਪੰਨਾ ੧੩੪੪)

## ਗੋਦਾਵਰੀ

ਭਾਰਤ ਦੀ ਪ੍ਰਸਿੱਧ ਨਦੀ ਜਿਹੜੀ ਦੱਖਣੀ ਭਾਰਤ ਵਿਚ ਪੱਛਮੀ ਘਾਟ ਤੋਂ ਲੈ ਕੇ ਪੂਰਬੀ ਘਾਟ ਤੱਕ ਵਹਿੰਦੀ ਹੈ। ਇਹ ਬੰਬਈ ਰਾਜ ਦੇ ਨਾਸਿਕ ਜ਼ਿਲ੍ਹੇ ਵਿਚ ਤ੍ਰਿਅੰਬਕ ਨਾਂ ਦੇ ਨਗਰ ਦੇ ਪਹਾੜਾਂ ਵਿਚੋਂ ਨਿਕਲ ਕੇ ਸੋ ਮੀਲ ਵਹਿੰਦੀ ਹੋਈ, ਬੰਗਾਲ ਦੀ ਖਾੜੀ ਵਿਚ ਦੋਲੇਸ਼ਵਰਮ ਲਾਗੇ ਸਮੁੰਦਰ ਵਿਚ ਜਾ ਪੈਂਦੀ ਹੈ । ਸਮੁੰਦਰ ਵਿਚ ਡਿਗਣ ਤੋਂ ਪਹਿਲਾਂ ਇਹ ਸੱਤ ਮੁਖ ਧਾਰਾ ਦਾ ਰੂਪ ਧਾਰਨ ਕਰਦੀ ਹੈ ਜਿਨ੍ਹਾਂ ਵਿਚੋਂ ਗੋਤਮੀ ਗੋਦਾਵਰੀ ਮੁਖ ਹੈ ।

ਬ੍ਰਹਮਵੈਵ ਪੁਰਾਣ ਅਨੁਸਾਰ ਗੋਦਾਵਰੀ ਇਕ ਬ੍ਰਹਮਣੀ ਸੀ ਜੋ ਕਠਿਨ ਤਪੱਸਿਆ ਤੋਂ ਬਾਅਦ ਇਕ ਨਦੀ ਦੇ ਰੂਪ ਵਿਚ ਵਗਣ ਲਗ ਪਈ। ਬ੍ਰਹਮੰਡ ਉਪ ਪੁਰਾਣ ਅਨੁਸਾਰ ਗੋਤਮ ਰਿੱਖੀ ਨੇ ਮੁਰਦਾ ਗਾਂ ਨੂੰ ਜ਼ਿੰਦਾ ਕਰਨ ਲਈ ਸ਼ਿਵ ਦੀਆਂ ਜਟਾਂ ਵਿਚੋਂ ਗੰਗਾ ਦੀ ਧਾਰਾ ਲਿਆਂਦੀ । ਉਸੇ ਤੋਂ ਹੀ ਗੋਦਾਵਰੀ ਨਦੀ ਬਣੀ। ਇਸੇ ਲਈ ਇਸ ਨੂੰ ਗੋਤਮੀ ਕਹਿੰਦੇ ਹਨ ।

ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਤੀਰਥ ਵੱਡੇ ਨਹੀਂ, ਸਗੋਂ ਮਹਾਂ ਪੁਰਸ਼ ਤੀਰਥਾਂ ਨਾਲੋਂ ਵੀ ਵਡੇ ਹਨ, ਇਹ ਤਮਾਮ ਤੀਰਥ ਸੰਤਾਂ ਦੀ ਚਰਨ ਧੂੜੀ ਪਰਸਣ ਲਈ ਤਤਪਰ ਰਹਿੰਦੇ ਹਨ ਤਾਂ ਕਿ ਉਨ੍ਹਾਂ ਵਿਚ ਆਏ ਪਾਪੀਆਂ ਦੀ ਮੈਲ ਦੂਰ ਹੋ ਸਕੇ ।

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰ ਸਾਧੂ ਕੀ ਤਾਈ।
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ। (ਮਲਾਰ ੫, ਪੰਨਾ ੧੨੬੩)

**ਗੋਪੀ**

ਸ੍ਰੀ ਕ੍ਰਿਸ਼ਨ ਜੀ ਦੀ ਕੰਸ ਤੋਂ ਜਾਨ ਬਚਾਉਣ ਲਈ ਜੰਮਣ ਸਾਰ ਉਨ੍ਹਾਂ ਨੂੰ ਗੋਕੁਲ ਪਿੰਡ ਵਿਚ ਨੰਦ ਤੇ ਜਸੋਧਾ ਪਾਸ ਛੱਡ ਦਿਤਾ ਗਿਆ ਸੀ, ਇਥੋਂ ਦੇ ਗੁਆਲੇ ਤੇ ਗੁਆਲਣਾਂ ਕ੍ਰਿਸ਼ਨ ਨੂੰ ਬਹੁਤ ਪਿਆਰ ਕਰਦੇ ਸਨ, ਬਚਪਨ ਉਨ੍ਹਾਂ ਇਥੇ ਹੀ ਬਿਤਾਇਆ ਇਨ੍ਹਾਂ ਗੁਆਲਿਆਂ ਦੀਆਂ ਬੇਟੀਆਂ ਯਾ ਇਸਤ੍ਰੀਆਂ ਨੂੰ ਹੀ 'ਗੋਪੀ' ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਜੀ ਦੀਆਂ ਸੋਲਾਂ ਹਜ਼ਾਰ ਗੋਪੀਆਂ ਸਨ ਜਿਨ੍ਹਾਂ ਨਾਲ ਉਹ ਰਾਸਲੀਲ੍ਹਾ ਰਚਾਉਂਦੇ ਰਹਿੰਦੇ ਸਨ। ਇਨ੍ਹਾਂ ਵਿਚੋਂ ਰਾਧਿਕਾ, ਚੰਦ੍ਰਾਵਲਿ ਤੇ ਸਤਯਭਾਮਾ ਦਾ ਨਾਂ ਵਧੇਰੇ ਪ੍ਰਸਿਧ ਹੈ। ਸਤ੍ਯ ਭਾਮਾ ਨੇ ਤਾਂ ਸੁਰਗ ਦੇ ਨੰਦਨ ਬਗੀਚੇ ਵਿਚੋਂ ਕ੍ਰਿਸ਼ਨ ਜੀ ਪਾਸ ਕਲਪ-ਬਿਰਛ ਲਿਆਉਣ ਲਈ ਅਰਜ਼ੀ ਕੀਤੀ ਸੀ ਤੇ ਉਨ੍ਹਾਂ ਲਿਆ ਵੀ ਦਿਤਾ, ਇਸੇ ਘਟਨਾ ਵਲ ਇਸ਼ਾਰਾ ਹੈ—

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ, ਕਾਨ ਕ੍ਰਿਸਨੁ ਜਾਦਮੁ ਭਇਆ
ਪਾਰਜਾਤੁ ਗੋਪੀ ਲੈ ਆਇਆ, ਬਿੰਦ੍ਰਾਬਨ ਮਹਿ ਰੰਗੁ ਕੀਆ।

ਗੁਰੂ ਸਾਹਿਬ ਕਹਿੰਦੇ ਹਨ। ਕੀ ਗੋਪੀਆਂ ਤੇ ਕੀ ਕ੍ਰਿਸ਼ਨ, ਸਭ ਉਸੇ ਦਾ ਗਾਇਨ ਕਰ ਰਹੇ ਹਨ:—

ਆਖਹਿ ਬਰਮੇ ਆਖਹਿ ਇੰਦ੍ਰ
ਆਖਹਿ ਗੋਪੀ ਤੈ ਗੋਵਿੰਦ। (ਜਪੁ, ਮ. ੧)

ਆਪੇ ਗੋਪੀ ਆਪੇ ਕਾਨ੍ਹਾ
ਆਪੇ ਗਊ ਚਰਾਵੈ ਬਾਨਾ। (ਮਾਰੂ ਸੋਹਰੇ ੪, ਪੰਨਾ ੧੦੮੩)

**ਗੋਪੀਚੰਦ**

ਬੰਗਾਲ ਦਾ ਇਕ ਰਾਜਾ ਜੋ ਆਪਣੀ ਮਾਤਾ ਦੀ ਸਿਖਿਆ ਤੇ ਜਵਾਨੀ ਵਿਚ ਹੀ ਰਾਜ ਭਾਗ ਤਿਆਗ ਕੇ ਜੋਗੀ ਹੋ ਗਿਆ ਸੀ। ਇਸ ਦੀ ਕਥਾ ਜੋਗੀਆਂ ਵਿਚ ਆਮ ਗਾਈ ਜਾਂਦੀ ਹੈ। ਇਹ ਮਾਲਵੇ ਦੇ ਰਾਜਾ ਭਰਥਰੀ ਦੀ ਭੈਣ ਮੈਨਾਵੰਤੀ ਦਾ ਪੁਤਰ ਸੀ ਤੇ ਇਸ ਦੇ ਪਿਤਾ ਦਾ ਨਾਮ ਮਾਣਕਚੰਦ ਸੀ ਜੋ ਕਿ ਬੰਗਾਲ ਦੇ ਰੰਗਪੁਰ ਇਲਾਕੇ ਦਾ ਰਾਜਾ ਸੀ। ਕਈਆਂ ਇਸ ਦਾ ਨਾਮ 'ਮੋਜ ਗੋਬਿੰਦ' ਦਿਤਾ ਹੈ ਤੇ ਇਸ ਨੂੰ ਧਾਰਾ ਨਗਰੀ ਦਾ ਰਾਜਾ ਦੱਸਿਆ ਹੈ। ਬੁਕਾਨਨ ਤੇ ਗ੍ਰੀਅਰਸਨ ਨੇ ਇਸ ਦਾ ਖਾਨਦਾਨੀ ਸਬੰਧ ਪਾਲ ਰਾਜਿਆਂ ਨਾਲ ਜੋੜਿਆ ਹੈ। 'ਮੈਨਾਮਤੀ ਰ-ਕੋਟ' ਉਸ ਦੀ ਯਾਦਗਾਰ ਹੈ।

ਰਵਾਇਤ ਹੈ ਕਿ ਜਦ ਰਾਜਾ ਮਾਣਕਚੰਦ ਮਰ ਗਿਆ ਤਾਂ ਰਾਣੀ ਮੈਨਾਵੰਤੀ ਨੇ ਆਪਣੇ ਯੋਗ ਬਲ ਨਾਲ ਯਮਪੁਰੀ ਨੂੰ ਘੇਰਾ ਪਾ ਲਿਆ। ਇਹ ਦੇਖ ਕੇ

ਗੋਰਖਨਾਥ ਆਏ, ਉਨ੍ਹਾਂ ਪੁੱਤਰ ਦਾ ਵਰਦਾਨ ਦਿਤਾ ਜਿਸ ਤੇ ਗੋਪੀਚੰਦ ਦਾ ਜਨਮ ਹੋਇਆ। ਵੱਡਾ ਹੋਣ ਤੇ ਰਾਜਾ ਹਰਿਸ਼ਚੰਦ੍ਰ ਦੀ ਪੁੱਤਰੀ ਅਦੁਨਾ ਤੇ ਸਦੁਨਾ ਨਾਲ ਇਸ ਦੀ ਸ਼ਾਦੀ ਹੋਈ। ਮਾਤਾ ਨੂੰ ਗਿਆਨ ਸੀ ਕਿ ਜੇ ਮੇਰਾ ਪੁਤਰ ਬਿਰਕਤ ਨ ਹੋਇਆ ਤਾਂ ਇਸ ਦੀ ਮੌਤ ਹੋ ਜਾਵੇਗੀ। ਇਸ ਕਰਕੇ ਮੈਨਾਵੰਤੀ ਨੇ ਐਸਾ ਵੈਰਾਗਮਈ ਉਪਦੇਸ਼ ਦਿਤਾ ਕਿ ਉਹ ਸਭ ਰਾਜਪਾਟ ਤਿਆਗ ਕੇ ਉਦਾਸੀ ਸਾਧੂ ਹੋ ਗਿਆ ਤੇ ਜਲੰਧਰਨਾਥ ਤੋਂ ਦੀਖਿਆ ਲੈ ਕੇ ਯੋਗੀ ਬਣ ਗਿਆ। ਗੁਰੂ ਨਾਨਕ ਸਾਹਿਬ ਨੇ ਗੋਪੀਚੰਦ ਦੀ ਫਕੀਰੀ ਵਲ ਸੰਕੇਤ ਕਰਦਿਆਂ ਕਿਹਾ ਹੈ ਕਿ ਸੱਚਾ ਉਦਾਸੀ ਉਹੋ ਹੈ ਜੋ ਪੂਰੀ ਬਿਰਕਤੀ ਪਾਲੇ ਤੇ ਸਤਿ ਸਰੂਪ ਦੀ ਪਛਾਣ ਕਰ ਸਕੇ।

ਸੋ ਉਦਾਸੀ ਜਿ ਪਾਲੇ ਉਦਾਸੁ । ਅਰਧ ਉਰਧ ਕਰੇ ਨਿਰੰਜਨ ਵਾਸੁ
ਚੰਦ ਸੂਰਜ ਕੀ ਪਾਏ ਗੰਢਿ। ਤਿਸੁ ਉਦਾਸੀ ਕਾ ਪੜੈ ਨ ਕੰਧੁ
ਬੋਲੈ ਗੋਪੀਚੰਦੁ ਸਤਿ ਸਰੂਪੁ। ਪਰਮ ਤੰਤ ਮਹਿ ਰੇਖੁ ਨ ਰੂਪੁ।

(ਵਾਰ ਰਾਮਕਲੀ ੬, ਪੰਨਾ ੯੫੨)

## ਗੋਮਤੀ

ਉਤਰ ਪ੍ਰਦੇਸ਼ ਵਿਚ ਵਹਿਣ ਵਾਲੀ ਇਕ ਨਦੀ ਜੋ ਕਿ ਸ਼ਾਹਜਹਾਨਪੁਰ ਦੀ ਗੋਮਤ ਝੀਲ ਵਿਚੋਂ ਨਿਕਲ ਕੇ ਪੰਜ ਸੌ ਕੋਹ ਦਾ ਪੈਂਡਾ ਕਰਦੀ ਬਨਾਰਸ ਦੇ ਉਤਰ ਵਲ ਗੰਗਾ ਵਿਚ ਜਾ ਸਮਾਉਂਦੀ ਹੈ। ਹਿੰਦੂ ਇਸ ਦਾ ਇਸ਼ਨਾਨ ਪਵਿਤਰ ਮੰਨਦੇ ਤੇ ਇਸ ਦੇ ਕਿਨਾਰੇ ਜਾ ਕੇ ਦਾਨ ਪੁੰਨ ਕਰਨਾ ਜ਼ਰੂਰੀ ਸਮਝਦੇ ਹਨ।

ਕਬੀਰ ਸਾਹਿਬ ਬਨਾਰਸ ਰਹਿੰਦੇ ਸਨ, ਕਈ ਮੁਸਲਮਾਨ ਉਨ੍ਹਾਂ ਨੂੰ ਕਾਬੇ ਦਾ ਹੱਜ ਕਰਨ ਦੀ ਪ੍ਰੇਰਨਾ ਦਿੰਦੇ ਪਰ ਆਪ ਇਸ ਨੇੜੇ ਵਗਦੀ ਨਦੀ ਵਲ ਇਸ਼ਾਰਾ ਕਰਦੇ ਕਹਿੰਦੇ, ਸਾਡੇ ਲਈ ਗੋਮਤੀ ਦਾ ਕਿਨਾਰਾ ਹੀ ਹੱਜ ਹੈ, ਜਿਥੇ ਸਾਡਾ ਪੀਤੰਬਰ ਪੀਰ ਅਰਥਾਤ ਰੱਬ ਵਸਦਾ ਹੈ। ਭਗਤ ਜੀ ਹਿੰਦੂ ਮੁਸਲਮਾਨ ਦੋਹਾਂ ਨੂੰ ਸਮਝਾਉਂਦੇ ਕਹਿੰਦੇ ਹਨ—

ਹਜ ਹਮਾਰੀ ਗੋਮਤੀ ਤੀਰ
ਜਹਾਂ ਬਸਹਿ ਪੀਤਾਂਬਰ ਪੀਰ। (ਆਸਾ ਕਬੀਰ, ਪੰਨਾ ੪੭੮)

ਇਥੇਂ ਇਹ ਭਾਵ ਨਹੀਂ ਸਮਝਣਾ ਚਾਹੀਦਾ ਕਿ ਕਬੀਰ ਗੋਮਤੀ ਦੇ ਸ਼ਰਧਾਲੂ ਸਨ ਸਗੋਂ ਉਹ ਇਹ ਕਹਿ ਰਹੇ ਹਨ ਕਿ ਸਾਡਾ ਕਾਬਾ, ਸਾਡਾ ਹੱਜ ਇਥੇ ਹੀ ਹੈ, ਸਾਡੇ ਲਈ ਹਿੰਦੂ ਮੁਸਲਮ ਤੀਰਥ ਦਾ ਕੋਈ ਅੰਤਰ ਨਹੀਂ।

ਨਾਮਦੇਵ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਪਰਮੇਸਰ ਦੇ ਨਾਮ ਤੁੱਲ ਕੋਈ ਤੀਰਥ-ਇਸ਼ਨਾਨ ਨਹੀਂ—

ਗੰਗਾ ਜਉ ਗੋਦਾਵਰਿ ਜਾਈਐ, ਕੁੰਭਿ ਜਉ ਕੇਦਾਰ ਨਾਈਐ
ਗੋਮਤੀ ਸਹਸ ਗਊ ਦਾਨੁ ਕੀਜੈ ।
ਕੋਟਿ ਜਉ ਤੀਰਥ ਕਰੈ ਤਨ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ । (ਰਾਮਕਲੀ ਨਾਮਦੇਵ, ਪੰਨਾ ੯੭੩)

## ਗੋਰਖ

ਸਿੱਧ ਜੋਗੀਆਂ ਦੀ ਪਰੰਪਰਾ ਵਿਚ ਜੋ ਗੌਰਵ ਗੋਰਖਨਾਥ ਨੂੰ ਹਾਸਲ ਹੈ, ਉਹ ਹੋਰ ਕਿਸੇ ਨੂੰ ਨਹੀਂ । ਪੁਰਾਣੀ ਰਵਾਇਤ ਚਾਰ ਮੋਢੀ ਸਿੱਧ ਦਸਦੀ ਹੈ—ਜਲੰਧਰ ਨਾਥ, ਮਛਿੰਦਰ ਨਾਥ, ਕਾਨ੍ਹਪਾ ਤੇ ਗੋਰਖਨਾਥ । ਜਲੰਧਰ ਦੇ ਚੇਲੇ ਕਾਨ੍ਹਪਾ ਸਨ ਤੇ ਮਛਿੰਦਰ ਦੇ ਚੇਲੇ ਗੋਰਖ ਜੋਕਿ ਆਪਣੇ ਗੁਰੂ ਨਾਲੋਂ ਵੀ ਵਧੇਰੇ ਪ੍ਰਸਿੱਧ ਹੋਏ । ਕੋਈ ਵਿਦਵਾਨ ਇਸ ਨੂੰ ਦਸਵੀਂ ਯਾ ਗਿਆਰ੍ਹਵੀਂ ਸਦੀ ਵਿਚ ਹੋਇਆ ਮੰਨਦੇ ਹਨ । ਬੋਧੀ ਜੈਨੀਆਂ ਪਿਛੋਂ ਤੇ ਭਗਤੀ ਲਹਿਰ ਤੋਂ ਪਹਿਲਾਂ ਅਜੇਹਾ ਹੋਰ ਤਪੱਸਵੀ ਸਾਧੂ ਨਹੀਂ ਹੋਇਆ ਜਿਸ ਨੂੰ ਗੋਰਖਨਾਥ ਜਿਤਨੀ ਮਾਨਤਾ ਮਿਲੀ ਹੋਵੇ । ਕਹਿੰਦੇ ਹਨ, ਇਹ ਬੜਾ ਹੀ ਸੁੰਦਰ, ਜਟਾਧਾਰੀ ਪ੍ਰਤਾਪੀ ਪੁਰਖ ਸੀ ਜਿਸ ਨੇ ਭਾਰਤ ਦੇ ਕੋਨੇ ਕੋਨੇ ਵਿਚ ਆਪਣਾ ਪ੍ਰਭਾਵ ਜਮਾਇਆ । ਗੋਪੀਚੰਦ ਤੇ ਭਰਥਰੀ ਵਰਗੇ ਰਾਜਿਆਂ ਨੂੰ ਜੋਗੀ ਬਣਾਉਣਾ ਇਨ੍ਹਾਂ ਦੀ ਕਰਾਮਾਤ ਸੀ । ਇਨ੍ਹਾਂ ਦੀ ਜਨਮਭੂਮੀ ਤੇ ਕਰਮਖੇਤਰ ਨੂੰ ਪੂਰੀ ਤਰ੍ਹਾਂ ਨਿਸਚਤ ਨਹੀਂ ਕੀਤਾ ਜਾ ਸਕਿਆ । ਤਿਬਤੀ ਰਵਾਇਤ ਇਨ੍ਹਾਂ ਨੂੰ ਬੋਧੀ ਜਾਦੂਗਰ ਸਾਧੂ ਦਸਦੀ ਹੈ । ਨਿਪਾਲ ਵਾਲੇ ਇਨ੍ਹਾਂ ਨੂੰ ਨਿਪਾਲ ਦਾ ਜੰਮਪਲ ਮੰਨਦੇ ਹਨ । ਉਤਰਪ੍ਰਦੇਸ਼ ਵਿਚ ਗੋਰਖਪੁਰ ਇਨ੍ਹਾਂ ਦੀ ਪੁਰਾਣੀ ਗੱਦੀ ਚਲੀ ਆ ਰਹੀ ਹੈ । ਪੰਜਾਬ ਵਾਲਿਆਂ ਦਾ ਖਿਆਲ ਹੈ ਕਿ ਇਹ ਪਿਸ਼ਾਵਰ ਵਿਚ ਪੈਦਾ ਹੋਏ । ਇਹ ਚੰਗੇ ਤਕੜੇ ਘੁਮੱਕੜ ਸਨ ਤੇ ਫਿਰ ਫਿਰ ਕੇ ਹਠਯੋਗ ਦਾ ਪ੍ਰਚਾਰ ਕਰਦੇ ਸਨ ਕੰਨਪਾਟੇ ਜੋਗੀ ਇਨ੍ਹਾਂ ਦੇ ਹੀ ਚੇਲੇ ਹਨ । ਇਨ੍ਹਾਂ ਦੀਆਂ ਰਿਧੀਆਂ ਸਿਧੀਆਂ ਦੀਆਂ ਅਨੇਕਾਂ ਚਮਤਕਾਰੀ ਕਹਾਣੀਆਂ ਮਿਲਦੀਆਂ ਹਨ, ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਗੁਰੂ ਮਛੰਦਰ ਨਾਥ ਨੂੰ ਇਨ੍ਹਾਂ ਨੇ ਹੀ ਤ੍ਰਿਯਾਜਾਲ ਵਿਚੋਂ ਕੱਢਿਆ ਸੀ ।

ਗੋਰਖ ਦੇ ਨਾਮ ਉਤੇ ੪੦ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਬਹੁਤੀਆਂ ਬਾਦ ਦੇ ਸਿੱਧਾਂ ਦੀਆਂ ਲਿਖੀਆਂ ਹੋਈਆਂ ਹਨ, ਇਨ੍ਹਾਂ ਨੂੰ 'ਗੋਰਖ ਬਾਣੀ' ਨਾਂ ਹੇਠ ਸੰਗ੍ਰਹਿਤ ਕੀਤਾ ਗਿਆ ਹੈ । ਜੋਗੀਆਂ ਵਿਚ ਯਾ ਤਾਂ ਸ਼ਿਵਾਂ ਦਾ ਜਾਪ ਹੁੰਦਾ ਸੀ ਯਾ ਫਿਰ 'ਗੋਰਖ' ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਰਿਹਾ ਹੈ । ਗੁਰੂ ਜੀ ਲਿਖਦੇ ਹਨ :

ਪੰਡਿਤ ਸਾਸਤ ਸਿੰਮ੍ਰਿਤ ਪੜਿਆ
ਜੋਗੀ ਗੋਰਖੁ ਗੋਰਖੁ ਕਰਿਆ
ਮੈਂ ਮੂਰਖ ਹਰਿ ਹਰਿ ਜਪੁ ਪੜਿਆ । (ਗਉੜੀ ੫,ਪਨਾ ੧੬੩)

## ਗੌਂਡ

ਸੰਪੂਰਣ ਜਾਤਿ ਦਾ ਇਕ ਰਾਗ ਜਿਸ ਵਿਚ ਗਾ ਤੇ ਧਾ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ, ਇਸਦਾ ਵਾਦੀ ਪਾ ਤੇ ਸੰਵਾਦੀ ਮਾ ਹੈ । 'ਰਤਾਲ ਸੁਸਮੂਹ' ਅਨੁਸਾਰ ਇਹ ਸਿਰੀ ਰਾਗ ਦਾ ਪੁਤਰ ਹੈ ਤੇ ਧਨਾਸਰੀ, ਮਲਾਰ, ਬਿਲਾਵਲ ਮਿਲ ਕੇ ਬਣਦਾ ਹੈ । ਗਾਉਣ ਦਾ ਸਮਾਂ ਦੁਪਹਿਰ ਵੇਲਾ ਹੈ ।

ਆਦਿ ਗ੍ਰੰਥ ਵਿਚ ਇਹ ਸਤਾਰ੍ਹਵੀ ਥਾਂ ਤੇ ਆਇਆ ਹੈ ।

## ਗੰਗਾ

ਭਾਰਤ ਦੀ ਸਭ ਤੋਂ ਵੱਡੀ ਅਤੇ ਲੰਮੀ ਨਦੀ ਜੋ ਅਤਿ ਪਵਿਤਰ ਮੰਨੀ ਜਾਂਦੀ ਹੈ ਤੇ ਜਿਸਨੂੰ ਹਿੰਦੂ ਗੰਗਾ ਮਾਈ ਕਹਿ ਕੇ ਯਾਦ ਕਰਦੇ ਹਨ। ਇਹ ਚੌਦਾਂ ਹਜ਼ਾਰ ਫੁਟ ਦੀ ਉਚਾਈ ਤੋਂ ਗੰਗੋਤਰੀ ਤੋਂ ਨਿਕਲ ਕੇ ੧੫੫੭ ਮੀਲ ਲੰਮਾ ਚਕ੍ਰ ਕਟਦੀ ਬੰਗਾਲ ਦੀ ਖਾੜੀ ਵਿਚ ਆ ਸਮੁੰਦਰ ਵਿਚ ਜਾ ਸਮਾਉਂਦੀ ਹੈ । ਰਸਤੇ ਵਿਚ ਘਾਗਰਾ, ਜਮਨਾ, ਸੋਨ, ਗੰਡਕ ਤੇ ਕੋਸ਼ੀ ਆਦਿ ਨਦੀਆਂ ਵੀ ਇਸ ਵਿਚ ਮਿਲਦੀਆਂ ਜਾਂਦੀਆਂ ਹਨ। ਪੁਰਾਣਿਕ ਲਿਖਤਾਂ ਵਿਚ ਇਸ ਬਾਰੇ ਕਈ ਕਹਾਣੀਆਂ ਪ੍ਰਚਲਤ ਹਨ। ਕੋਈ ਇਸ ਨੂੰ ਬਾਵਨ ਅਵਤਾਰ ਦੇ ਚਰਣਾਂ ਦਾ ਜਲ ਲਿਖਦਾ ਹੈ ਜੋ ਕਿ ਬ੍ਰਹਿਮਾ ਨੇ ਕਮੰਡਲ ਵਿਚ ਪਾ ਰਖਿਆ ਤੇ ਭਗੀਰਥ ਦੇ ਕਹਿਣ ਤੇ ਜਦੋਂ ਛਡਿਆ ਤਾਂ ਸ਼ਿਵਾਂ ਦੀਆਂ ਜਟਾਂ ਵਿਚ ਪੈ ਕੇ ਧਰਤੀ ਤੇ ਆ ਗਿਆ। ਕਹਿੰਦੇ ਹਨ ਰਾਜਾ ਸਗਰ ਦੇ ੬੦ ਹਜ਼ਾਰ ਪੁੱਤਰ ਕਪਲ ਰਿਸ਼ੀ ਦੇ ਸ਼ਰਾਪ ਕਾਰਣ ਭਸਮ ਹੋ ਗਏ ਸਨ, ਉਨ੍ਹਾਂ ਦੇ ਕਲਿਆਣ ਲਈ ਰਾਜਾ ਭਗੀਰਥ ਲੰਮੀ ਤਪੱਸਿਆ ਬਾਦ ਗੰਗਾ ਲੈ ਕੇ ਆਇਆ ਸੀ। ਬਾਲਮੀਕਿ ਰਾਮਾਇਣ ਅਨੁਸਾਰ ਹਿਮਾਲਾ ਪਰਬਤ ਦੇ ਘਰ ਮੇਨਕਾ ਦੇ ਪੇਟੋਂ ਗੰਗਾ ਤੇ ਉਮਾ ਦੋ ਧੀਆਂ ਪੈਦਾ ਹੋਈਆਂ। ਇਹ ਸਾਰੇ ਅਲੰਕਾਰਕ ਬਿਆਨ ਇਹ ਗੱਲ ਦਸਦੇ ਹਨ ਕਿ ਗੰਗਾ ਪਹਾੜਾਂ ਵਿਚੋਂ ਨਿਕਲਦੀ ਹੈ, ਪਹਾੜੀ ਜੰਗਲ ਸ਼ਿਵਾਂ ਦੀਆਂ ਜਟਾਂ ਹਨ ਜਿਨ੍ਹਾਂ ਵਿਚੋਂ ਨਿਕਲ ਕੇ ਇਹ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ। ਹਰਿਦੁਆਰ ਉਹ ਪਹਿਲਾ ਪਰਸਿਧ ਟਿਕਾਣਾ ਹੈ ਜਿਥੋਂ ਗੰਗਾ ਮੈਦਾਨ ਵਿਚ ਉਤਰਦੀ ਤੇ ਜਿਥੇ ਯਾਤਰੂ ਇਸ਼ਨਾਨ ਕਰਕੇ ਜਨਮਾਂ ਜਨਮਾਂਤਰਾਂ ਦੀ ਮੈਲ ਕੱਟੀ ਜਾਣਦੇ ਹਨ । ਇਸੇ ਤਰ੍ਹਾਂ ਹਜ਼ਾਰ ਮੀਲ ਲੰਬੇ ਗੰਗਾ ਕਿਨਾਰੇ-ਪ੍ਰਯਾਗ, ਬਨਾਰਸ, ਪਟਨਾ, ਹਾਵੜਾ ਆਦਿ ਸ਼ਹਿਰ ਵਸੇ ਹੋਏ ਹਨ ਤੇ ਇਥੋਂ ਦੇ ਲੋਕ ਗੰਗਾ ਦੇ ਘਾਟਾਂ ਤੇ ਇਸ਼ਨਾਨ ਕਰਨਾ ਪਵਿਤਰ ਜਾਣਦੇ ਹਨ। ਹਰਿਦੁਆਰ ਦਾ ਮਹੱਤਵ ਸਭ ਤੋਂ ਵਧ ਹੈ ਜਿਥੇ ਗੰਗਾ ਕਿਨਾਰੇ ਮਰਨਾ ਪੁੰਨ ਸਮਝਿਆ ਜਾਂਦਾ ਹੈ ਤੇ ਮਰੇ ਹੋਏ ਪ੍ਰਾਣੀ ਦੇ ਫੁਲ ਗੰਗਾ ਵਿਚ ਪਾ ਕੇ ਉਸਦੀ ਕਲਿਆਣ ਹੋਈ ਮੰਨੀ ਜਾਂਦੀ ਹੈ। ਉਤਰੀ ਹਿੰਦੁਸਤਾਨ ਦੇ ਬਹੁਤੇ ਹਿੰਦੂ, ਮ੍ਰਿਤਕ ਪ੍ਰਾਣੀਆਂ ਦੀਆਂ ਅਸਥੀਆਂ ਗੰਗਾ ਵਿਚ ਹੀ ਪ੍ਰਵਾਹ ਕਰਦੇ ਹਨ ।

ਗੁਰੂ ਸਾਹਿਬ ਕਹਿੰਦੇ ਹਨ ਕਿ ਸਾਡੇ ਲਈ ਤਾਂ ਪਰਮੇਸਰ ਦੇ ਪਿਆਰਿਆਂ ਦੇ ਚਰਨ ਕੰਵਲ ਹੀ ਪਵਿੱਤਰ ਤੀਰਥ ਹਨ, ਜਿਨ੍ਹਾਂ ਵਿਚ, ਕ੍ਰੋੜਾਂ ਗੰਗਾ ਸਮਾ ਜਾਂਦੀਆਂ ਹਨ :—

ਜਨ ਪਾਰਬ੍ਰਹਮ ਜਾਕੀ ਨਿਰਮਲ ਮਹਿਮਾ
ਜਨ ਕੇ ਚਰਨ ਤੀਰਥ ਕੋਟਿ ਗੰਗਾ ।
ਜਨ ਕੀ ਧੂਰਿ ਕੀਓ ਮਜਨੁ ਨਾਨਕ
ਜਨਮ ਜਨਮ ਕੇ ਹਰੇ ਕਲੰਗਾ ।

(ਬਿਲਾਵਲ ੫, ਪੰਨਾ ੮੨੮)

## ਗੰਗੇਵ ਪਿਤਾਮਾ (ਭੀਸ਼ਮ ਪਿਤਾਮਾ)

ਗੰਗਾ ਦਾ ਪੁੱਤਰ ਤੇ ਕੌਰਵਾਂ ਪਾਂਡਵਾਂ ਦਾ ਪੜਦਾਦਾ ਹੋਣ ਕਰਕੇ ਭੀਸ਼ਮ ਨੂੰ 'ਗੰਗੇਵ ਪਿਤਾਮਾ' ਕਿਹਾ ਜਾਂਦਾ ਹੈ। ਇਹ ਰਾਜਾ ਸ਼ਾਂਤਨੂੰ ਦਾ ਪੁੱਤਰ ਸੀ ਤੇ ਇਸ ਦਾ ਪਹਿਲਾ ਨਾਮ ਦੇਵਬ੍ਰਤ ਸੀ। ਸ਼ਾਂਤਨੂੰ ਨੇ ਇਕ ਝੀਊਰਾਂ ਦੀ ਕੁੜੀ ਸਤਿਆਵਤੀ ਨਾਲ ਸ਼ਾਦੀ ਕਰਨੀ ਚਾਹੀ, ਪਰ ਉਸ ਨੇ ਇਸ ਗੱਲੋਂ ਇਨਕਾਰ ਕਰ ਦਿਤਾ ਕਿ ਮੇਰੀ ਸੰਤਾਨ ਨੂੰ ਤਾਂ ਰਾਜ ਨਹੀਂ ਮਿਲਣਾ, ਰਾਜ ਦਾ ਅਧਿਕਾਰੀ ਤਾਂ ਦੇਵਬ੍ਰਤ ਹੀ ਹੋਵੇਗਾ। ਦੇਵਬ੍ਰਤ ਨੇ ਪਿਤਾ ਦੀ ਲੋਚਾ ਪੂਰਾ ਕਰਨ ਲਈ ਇਹ ਪ੍ਰਣ ਕਰ ਲਿਆ ਕਿ ਮੈਂ ਰਾਜ-ਗੱਦੀ ਉਤੇ ਨਹੀਂ ਬੈਠਾਂਗਾ ਤੇ ਨਾਹੀ ਸ਼ਾਦੀ ਕਰਾਵਾਂਗਾ। ਇਸ ਤਰ੍ਹਾਂ ਉਸ ਨੇ ਅੱਗੇ ਸਤਿਆਵਤੀ ਦੇ ਪੁੱਤਰਾਂ—ਚਿਤ੍ਰਾਂਗਦ ਤੇ ਵਚਿਤ੍ਰਵੀਰਯ ਨੂੰ ਰਾਜ ਦਿਵਾਇਆ ਤੇ ਉਮਰ ਭਰ ਉਨ੍ਹਾਂ ਦੀ ਪਾਲਣਾ ਕੀਤੀ।

ਜਦ ਕੌਰਵਾਂ ਪਾਂਡਵਾਂ ਵਿਚ ਲੜਾਈ ਛਿੜਨ ਲਗੀ ਤਾਂ ਇਸ ਨੇ ਸਮਝੌਤੇ ਦੇ ਬੜੇ ਉਪਰਾਲੇ ਕੀਤੇ ਜੋ ਸਿਰੇ ਨਾ ਚੜ੍ਹ ਸਕੇ ਅਖੀਰ ਇਹ ਕੌਰਵਾਂ ਦਾ ਸੈਨਾਪਤੀ ਬਣ ਕੇ ਲੜਿਆ। ਸਿਖੰਡੀ ਨੇ ਇਸ ਨੂੰ ਧੋਖੇ ਨਾਲ ਜ਼ਖਮੀ ਕਰ ਦਿਤਾ ਤੇ ਪਿਛੋਂ ਅਰਜਨ ਨੇ ਤੀਰ ਮਾਰ ਮਾਰ ਇਸ ਦਾ ਪਿੰਡਾ ਛਾਨਣੀ-ਛਾਨਣੀ ਕਰ ਦਿਤਾ। ਇਹ ੧੮ ਦਿਨ ਜ਼ਖਮੀ ਹਾਲਤ ਵਿਚ ਤੜਫਦਾ ਅੰਤ ਸੁਰਗ ਸਿਧਾਰ ਗਿਆ।

ਤਪੱਸੀ, ਤਿਆਗੀ, ਬ੍ਰਹਮਚਾਰੀ ਹੋਣ ਦੇ ਨਾਤੇ ਅਤੇ ਪ੍ਰਤਿਗਿਆ ਉਤੇ ਦ੍ਰਿੜ੍ਹ ਰਹਿਣ ਕਾਰਨ ਭੀਸ਼ਮ ਦਾ ਨਾਂ ਆਦਰ ਨਾਲ ਲਿਆ ਜਾਂਦਾ ਹੈ। ਭੱਟਾਂ ਨੇ ਲਿਖਿਆ ਹੈ ਕਿ ਭੀਸ਼ਮ ਪਿਤਾਮਾ, ਨਾਮ ਦੀ ਬਰਕਤ ਨਾਲ ਹੀ ਐਸਾ ਆਚਾਰਵੰਤ ਸਿੱਧ ਹੋਇਆ।

ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ, ਜਤੀ ਤਪੀਸਰੁ ਮਨਿ ਵਸਿਆ।
ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ, ਚਰਣ ਚਿਤ ਅੰਮ੍ਰਿਤ ਰਸਿਆ।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੩)

## ਗੰਧ੍ਰਬ

ਸੁਰਗ ਲੋਕ ਦੇ ਗਵੱਈਏ 'ਗੰਧ੍ਰਬ' ਨਾਮ ਨਾਲ ਪੁਕਾਰੇ ਜਾਂਦੇ ਹਨ।

ਪੁਰਾਣਕ ਮਨੋਤ ਅਨੁਸਾਰ ਕਣਵ ਰਿਸ਼ੀ ਨੇ, ਕੱਸ਼ਪ ਦੀਆਂ ਦੋ ਧੀਆਂ—ਮੁਨੀ ਤੇ ਪ੍ਰਧਾ-ਵਿਆਹੀਆਂ, ਇਹ ਗੰਧ੍ਰਵ ਉਨ੍ਹਾਂ ਦੀ ਸੰਤਾਨ ਹਨ। ਵਿਸ਼ਨੂ ਪੁਰਾਣ ਮੁਤਾਬਿਕ ਗੰਧ੍ਰਬ ਬ੍ਰਹਿਮਾ ਦੀ ਪੈਦਾਵਾਰ ਹਨ, ਹਰਿਬੰਸ਼ ਪੁਰਾਣ ਅਨੁਸਾਰ ਇਹ ਅਰਿਸ਼ਟਾ ਤੋਂ ਪੈਦਾ ਹੋਏ। ਅਥਰਵ ਵੇਦ ਵਿਚ ਇਨ੍ਹਾਂ ਦੀ ਗਿਣਤੀ ੬੩੩੩ ਦਿਤੀ ਗਈ ਹੈ। ਪ੍ਰਸਿੱਧ ਗੰਧ੍ਰਬ ਹਾਹਾ, ਹੂ ਹੂ, ਚਿਤ੍ਰਰਥ, ਹੰਸ, ਵਿਸ਼ਵਾਸੂ ਗੋਮਾਯ, ਤੁੰਬਰ ਤੇ ਨੰਦੀ ਮੰਨੇ ਗਏ ਹਨ। ਇਨ੍ਹਾਂ ਦਾ ਕੰਮ ਦੇਵ ਸਭਾ ਵਿਚ ਗਾਉਣਾ ਹੈ। ਇਨ੍ਹਾਂ ਦੇ ਨਾਂ ਤੇ ਇਕ ਉਪਵੇਦ- 'ਗੰਧਰਵ ਵੇਦ' ਵੀ ਮਿਲਦਾ ਹੈ, ਜਿਸ ਵਿਚ ਸੰਗੀਤ-ਵਿਧੀਆਂ ਦਾ ਚਰਚਾ ਹੈ।

ਪ੍ਰਿਅ ਕੀ ਸੇਭ ਸੁਹਾਵਨੀ ਕੀਨੀ
ਹਾ ਹਾ ਹੂ ਹੂ ਗੰਧ੍ਰਬ ਅਪਸਰਾ
ਆਨੰਦ ਮੰਗਲ ਰਸ ਗਾਵਨੀ ਨੀਕੀ।

(ਮਲਾਰ ੫, ਪੰਨਾ ੧੨੭੨)

### ਘਰ

ਆਦਿ ਗ੍ਰੰਥ ਵਿਚ ਜਿਥੇ ਰਾਗਾਂ ਦੇ ਸਿਰਲੇਖ ਹਨ, ਉਥੇ ਨਾਲ ਹੀ ਘਰ ਦਾ ਸੰਕੇਤ ਦਿਤਾ ਮਿਲਦਾ ਹੈ। ਕਈ 'ਘਰ' ਦਾ ਅਰਥ ਤਾਲ ਕਰਦੇ ਹਨ, ਜਿਵੇਂ 'ਘਰ ੪' ਦਾ ਭਾਵ ਹੈ ਚਾਰ ਤਾਲ। ਗੁਰੂ ਸਾਹਿਬਾਂ ਨੇ ੧ ਤੋਂ ੧੭ ਘਰ ਤਕ ਇਹ ਸੰਕੇਤ ਦਿਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੁਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ ਵੀ 'ਘਰ' ਕਹਾਉਂਦੇ ਹਨ। ਇਸ ਤੋਂ ਗਾਉਣ ਵਾਲੇ ਨੂੰ ਇਹ ਸੇਧ ਮਿਲਦੀ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸੁਰਪ੍ਰਸਤਾਰ ਅਨੁਸਾਰ ਗਾਉਣਾ ਹੈ। ਸੋ 'ਘਰ' ਬਾਰੇ ਪੂਰਨ ਸਪੱਸ਼ਟਤਾ ਨਹੀਂ ਮਿਲਦੀ।

### ਘੋੜੀਆਂ

ਪੰਜਾਬੀ ਲੋਕ-ਗੀਤਾਂ ਦਾ ਇਕ ਭੇਦ ਜੋ ਕਿ ਵਿਆਂਹਦੜ ਦੇ ਘੋੜੀ ਚੜ੍ਹਨ ਦੇ ਸ਼ੁਭ ਸ਼ਗਨ ਸਮੇਂ ਉਸ ਦੀਆਂ ਭੈਣਾਂ ਯਾ ਹੋਰ ਰਿਸ਼ਤੇਦਾਰਨਾਂ ਗਾਇਨ ਕਰਦੀਆਂ ਹਨ। ਇਸ ਵਿਚ ਵੀਰਾਂ ਦੀ ਸੁੱਖ ਮਨਾਈ ਜਾਂਦੀ ਤੇ ਵਧਾਈਆਂ ਦਿਤੀਆਂ ਜਾਂਦੀਆਂ ਹਨ। ਗੁਰੂ ਰਾਮਦਾਸ ਜੀ ਨੇ ਰਾਗ ਵਡਹੰਸ ਵਿਚ ਇਸੇ ਲੋਕ-ਤਰਜ਼ ਨੂੰ ਲੈ ਕੇ ਬਾਣੀ ਲਿਖੀ ਤੇ ਉਸ ਦਾ ਸਿਰਲੇਖ ਦਿਤਾ ਹੈ 'ਘੋੜੀਆਂ'। ਸਤਿਗੁਰਾਂ ਦੇ ਵਿਚਾਰ ਅਨੁਸਾਰ ਇਹ ਕਾਇਆ ਇਕ ਸੁੰਦਰ ਘੋੜੀ ਦੀ ਮਾਨਿੰਦ ਹੈ ਜਿਸ ਨੂੰ ਰੱਬੀ ਮਿਲਾਪ ਦੇ ਵਿਆਹ ਉਤਸਵ ਲਈ ਸ਼ਿੰਗਾਰਿਆ ਗਿਆ ਹੈ। ਗਿਆਨ ਦੇ ਕੜਿਆਲ ਤੇ ਪ੍ਰੇਮ ਦੇ ਚਾਬਕ ਨਾਲ ਇਸ ਨੂੰ ਕਾਬੂ ਕਰਨ ਦੀ ਲੋੜ ਹੈ, ਫਿਰ ਗੁਰੂ ਆਪ ਸਾਰੇ ਕਾਰਜ ਸਵਾਰਦਾ ਹੈ। ਭਾਰਤੀ ਲੋਕ, ਦੇਹੀ ਦੇ ਮਹੱਤਵ ਨੂੰ ਸ੍ਵੀਕਾਰ ਨਹੀਂ ਸੀ

ਕਰਦੇ, ਗੁਰੂ ਸਾਹਿਬ ਇਸ ਨੂੰ ਬਾਂਕੀ ਸਵਾਰੀ ਦੱਸਦੇ ਕਹਿੰਦੇ ਹਨ ।

ਦੇਹਿ ਤੇਜਣਿ ਜੀ ਰਾਮਿ ਉਪਾਈਆ ਰਾਮ
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ।
ਗੁਣ ਰਾਮ ਗਾਏ, ਮਨਿ ਸੁਭਾਏ, ਹਰਿ ਗੁਰਮਤੀ ਮਨਿ ਧਿਆਇਆ
ਜਨ ਨਾਨਕ ਹਰਿ ਕਿਰਪਾ-ਧਾਰੀ, ਦੇਹ ਘੋੜੀ ਚੜਿ ਹਰਿ ਪਾਇਆ ।

(ਵਡਹੰਸ ੪, ਪੰਨਾ ੫੭੫-੭੬)

## ਚਉਥਾ ਪਦ

ਪੁਰਾਣੇ ਵਿਚਾਰਵਾਨਾਂ ਸਰੀਰ ਦੀਆਂ ਤਿੰਨ ਅਵਸਥਾਵਾਂ—ਜਾਗ੍ਰਤ, ਸੁਪਨ, ਸੁਖੋਪਤਿ-ਮੰਨੀਆਂ ਹਨ । ਇਕ ਸਮਾ ਹੁੰਦਾ ਹੈ ਜਦੋਂ ਅਸੀਂ ਜਾਗਦੇ ਤੇ ਕੰਮ ਕਰਦੇ ਹਾਂ, ਦੂਜੀ ਅਵਸਥਾ ਐਸੀ ਹੈ ਜਦੋਂ ਨਾ ਜਾਗਦੇ ਹੁੰਦੇ ਹਾਂ ਤੇ ਨਾ ਹੀ ਸੁੱਤੇ—ਇਹ ਸੁਪਨ ਅਵਸਥਾ ਹੈ । ਸਖੋਪਤਿ ਉਸ ਹਾਲਤ ਦਾ ਨਾਮ ਹੈ ਜਦੋਂ ਇਤਨੀ ਗੂੜ੍ਹੀ ਨੀਂਦ ਹੁੰਦੀ ਹੈ ਕਿ ਪਤਾ ਨਹੀਂ ਲਗਦਾ ਕਿ ਕਿਥੇ ਪਏ ਹਾਂ । ਬ੍ਰਹਮ ਗਿਆਨੀ ਇਨ੍ਹਾਂ ਤਿੰਨਾਂ ਅਵਸਥਾਵਾਂ ਤੋਂ ਉਤਾਂਹ ਉਠ ਕੇ ਪ੍ਰਭੂ ਨਾਲ ਇਕ-ਮਿਕ ਹੋ ਸਹਿਜ ਅਵਸਥਾ ਵਿਚ ਵਿਚਰਦਾ ਹੈ, ਇਸ ਨੂੰ 'ਚਉਥਾ ਪਦ' ਕਿਹਾ ਗਿਆ ਹੈ । ਤੁਰੀਆ ਪਦ, ਸਹਿਜ ਪਦ, ਪਰਮ ਪਦ ਯਾ ਅਮਰ ਪਦ ਇਸੇ ਦਾ ਨਾਮ ਹੈ । ਯੋਗੀ ਪ੍ਰਾਣਾਯਾਮ ਦੀ ਸਾਧਨਾ ਰਾਹੀਂ ਕੁੰਡਲਨੀ ਨੂੰ ਜਗਾ ਕੇ ਸੁਖਮਨਾ ਵਿਚ ਲੈ ਜਾਂਦੇ ਸਨ, ਤੇ ਇਸ ਨੂੰ ਸਮਾਧੀ ਦੀ ਅਵਸਥਾ ਯਾ ਤੁਰੀਆ ਪਦ ਕਹਿੰਦੇ ਸਨ, ਤੁਰੀਆ ਦਾ ਅੱਖਰੀ ਅਰਥ ਚਉਥਾ ਹੈ ।

ਕਈਆਂ ਇਹ ਵੀ ਕਿਹਾ ਹੈ ਕਿ ਸੰਸਾਰੀ ਜੀਵ—ਸਤੋ, ਰਜੋ, ਤਮੋ. ਇਨ੍ਹਾਂ ਤਿੰਨਾਂ ਗੁਣਾਂ ਵਿਚ ਭ੍ਰਮਦੇ ਰਹਿੰਦੇ ਹਨ ਪਰ ਉੱਤਮ ਜੀਵਨ ਵਾਲੇ ਇਨ੍ਹਾਂ ਤਿੰਨਾਂ ਨੂੰ ਛੱਡ ਕੇ ਚੌਥੀ ਅਵਸਥਾ ਵਿਚ ਜੀਵਨ ਬਿਤਾਉਂਦੇ ਹਨ । ਸੋ 'ਚਉਥਾ ਪਦ' ਕੋਈ ਵਿਸ਼ੇਸ਼ ਟਿਕਾਣਾ ਨਹੀਂ ਬਲਕਿ ਮਨ ਦੀ ਸਾਧੀ ਹੋਈ ਸੰਤੁਲਿਤ ਤੇ ਸਹਿਜ ਅਵਸਥਾ ਹੈ, ਇਹੋ ਗੁਰਮੁਖ ਦਾ ਲੱਛਣ ਹੈ—

ਚਉਥੇ ਪਦ ਮਹਿ ਸਹਜੁ ਹੈ, ਗੁਰਮੁਖਿ ਪਲੈ ਪਾਇ ।

(ਸਿਰੀ, ੩, ਪੰਨਾ ੬੮)

ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ ।
ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ ਹੀ ਪਰਮ ਪਦੁ ਪਾਇਆ ।

(ਕੇਦਾਰਾ ਕਬੀਰ, ਪੰਨਾ ੧੧੨੩)

## ਚਉਦਹ ਰਤਨ

ਪੁਰਾਣਿਕ ਕਥਾ ਅਨੁਸਾਰ ਇੱਕ ਵਾਰੀ ਦੇਵਤਿਆਂ ਅਤੇ ਦੈਂਤਾਂ ਵਿਚਕਾਰ ਯੁੱਧ ਹੋਇਆ ।ਜਿਸ ਵਿਚ ਦੇਵਤੇ ਹਾਰ ਗਏ । ਦੇਵਤਿਆਂ ਦੇ ਮੁੱਖੀ—ਇੰਦਰ, ਵਰੁਣ

ਆਦਿ ਨੂੰ ਉਨ੍ਹਾਂ ਵਿਸ਼ਨੂੰ ਪਾਸ ਭੇਜ ਦਿੱਤਾ। ਵਿਸ਼ਨੂੰ ਨੇ ਉਨ੍ਹਾਂ ਨੂੰ ਦੈਂਤਾਂ ਨਾਲ ਮਿਲ ਕੇ ਅੰਮ੍ਰਿਤ ਦੀ ਭਾਲ ਕਰਨ ਦੀ ਪ੍ਰੇਰਨਾ ਕੀਤੀ। ਇਸੇ ਮੰਤਵ ਦੀ ਪੂਰਤੀ ਲਈ ਦੋਹਾਂ ਰਲ ਕੇ ਖੀਰ-ਸਾਗਰ ਨੂੰ ਰਿੜਕਣ ਵਾਸਤੇ ਸੁਮੇਰ ਪਰਬਤ ਦੀ ਮਧਾਣੀ ਬਣਾਈ ਅਤੇ ਬਾਸ਼ਕ ਨਾਗ ਦਾ ਨੇਤ੍ਰਾ, ਸੁਮੇਰ ਪਰਬਤ ਪਾਣੀ ਵਿਚ ਡੁੱਬ ਰਿਹਾ ਸੀ ਜਿਸ ਨੂੰ ਵਿਸ਼ਨੂੰ ਨੇ ਜ਼ਰਾ ਸਹਾਰਾ ਦੇ ਕੇ ਥਾਂ ਸਿਰ ਰਖਿਆ। ਇਸ ਸਾਗਰ-ਮੰਥਨ ਨਾਲ ਚੌਦਾਂ ਰਤਨ ਨਿਕਲੇ ਜੋ ਇਹ ਸਨ—ਉਚੈਸ੍ਰਵਾ ਘੋੜਾ, ਕਾਮਧੇਨੂ, ਕਲਪਬ੍ਰਿਛ, ਰੰਭਾ, ਲੱਛਮੀ, ਅੰਮ੍ਰਿਤ, ਜ਼ਹਿਰ, ਸ਼ਰਾਬ, ਚੰਦ੍ਰਮਾ, ਧਨੰਤਰਿ, ਸੰਖ, ਕੌਸਤੁਭਮਣਿ, ਸਾਰੰਗ-ਧਨੁਖ ਤੇ ਐਰਾਵਤ ਹਾਥੀ। ਹੋਰ ਚੀਜ਼ਾਂ ਤਾਂ ਦੇਵਤਿਆਂ ਨੇ ਵੰਡ ਲਈਆਂ। ਅੰਮ੍ਰਿਤ ਲਈ ਦੇਵਤਿਆਂ ਤੇ ਦੈਂਤਾਂ ਵਿਚ ਝਗੜਾ ਹੋ ਗਿਆ। ਕਿਉਂਕਿ ਜੋ ਕੋਈ ਇਸ ਨੂੰ ਪਾਨ ਕਰਦਾ ਉਹ ਅਮਰ ਹੋ ਜਾਣਾ ਸੀ! ਇਸ ਦਾ ਨਿਪਟਾਰਾ ਵਿਸ਼ਨੂੰ ਭਗਵਾਨ ਨੇ ਮੋਹਨੀ ਅਵਤਾਰ ਦਾ ਰੂਪ ਧਾਰ ਕੇ ਕੀਤਾ।

ਰਾਇ ਬਲਵੰਡ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਸ਼ਬਦ ਸਾਗਰ ਨੂੰ ਰਿੜਕ ਕੇ ਚੌਦਾਂ ਰਤਨਾਂ ਵਰਗੇ ਦੈਵੀ ਗੁਣ ਪ੍ਰਗਟ ਕੀਤੇ :

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ
ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ।

(ਵਾਰ ਰਾਮਕਲੀ, ਪੰਨਾ ੯੬੭)

### ਚਉਦਹ ਲੋਕ

ਭਾਰਤੀ ਵਿਦਵਾਨਾਂ ਧਰਤੀ ਤੋਂ ਉਤੇ ਸੱਤ ਲੋਕ ਤੇ ਸੱਤ ਹੇਠਾਂ ਮੰਨੇ ਹਨ ਜੋ ਇਸ ਪਰਕਾਰ ਹਨ :—

ਉਪਰਲੇ-ਭੂ, ਭੁਵ: ਸ੍ਵ, ਮਹ:, ਜਨ, ਤਪ ਤੇ ਸਤ
ਹੇਠਲੇ-ਅਤਲ, ਸੁਤਲ, ਵਿਤਲ, ਤਲਾਤਲ, ਮਹਾਂਤਲ, ਰਸਾਤਲ ਤੇ ਪਾਤਾਲ

ਨਵੀਨ ਦ੍ਰਿਸ਼ਟੀ ਤੋਂ ਇਹ ਉਚੇ ਨੀਵੇਂ ਥਾਵਾਂ ਦੇ ਖ਼ਾਸ ਇਲਾਕੇ ਯਾ ਮੁਲਕ ਸਨ। ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਕਿਹੜੇ-ਕਿਹੜੇ ਸਨ, ਸਾਮੀ ਗ੍ਰੰਥਾਂ ਵਿਚ ਚੌਦਾਂ ਤਬਕਾਂ ਦਾ ਜ਼ਿਕਰ ਹੈ। ਪਰੰਤੂ ਗੁਰੂ ਸਾਹਿਬਾਨ ਨੇ ਨਿਸਚਤ ਗਿਣਤੀ ਨੂੰ ਨਹੀਂ ਮੰਨਿਆ ਸਗੋਂ 'ਪਾਤਾਲਾ ਪਾਤਾਲ ਲਖ ਅਗਾਸਾ ਅਗਾਸ' ਕਹਿ ਕੇ ਇਨ੍ਹਾਂ ਦੀ ਬੇਅੰਤਤਾ ਵਲ ਸੰਕੇਤ ਕੀਤਾ ਹੈ।

ਚਉਦਸਿ ਚਉਦਹ ਲੋਕ ਮਝਾਰਿ
ਰੋਮ ਰੋਮ ਮਹਿ ਬਸਹਿ ਮੁਰਾਰਿ।

(ਗਉੜੀ ਥਿਤੀ ਕਬੀਰ, ਪੰਨਾ ੩੪੪)

### ਚਉਬੋਲੇ

'ਪ੍ਰਾਕ੍ਰਿਤ ਪੈਂਗਲ' ਅਨੁਸਾਰ ਚਉਬੋਲਾ ਇਕ ਮਾਤ੍ਰਿਕ ਛੰਦ ਹੈ ਜਿਸ ਦੇ

ਪਹਿਲੇ ਤੇ ਤੀਜੇ ਚਰਣ ਵਿਚ ੧੬ ਮਾਤ੍ਰਾਂ ਤੇ ਦੂਜੇ ਤੇ ਚੌਥੇ ਚਰਣ ਵਿਚ ੧੪ ਮਾਤ੍ਰਾਂ ਹੁੰਦੀਆਂ ਹਨ, ਅੰਤ ਲਘੂ ਗੁਰੂ। ਇਹ ਛੰਦ ਲਗਭਗ ਚੌਪਈ ਵਰਗਾ ਹੀ ਹੈ। ਜਿਸ ਕਾਵਿ ਰਚਨਾ ਵਿਚ ਚਾਰ ਕਿਸਮ ਦੀਆਂ ਬੋਲੀਆਂ ਦਾ ਮਿਸ਼ਰਣ ਹੋਵੇ, ਉਸ ਨੂੰ ਵੀ ਚਉਬੋਲਾ ਆਖ ਦਿੰਦੇ ਹਨ। ਸੰਗੀਤ-ਵੇਤਿਆਂ ਦੇ ਖ਼ਿਆਲ ਅਨੁਸਾਰ ਜਿਸ ਵਿਚ ਗੀਤ, ਸਰਗਮ, ਤਰਾਨਾ ਤੇ ਮ੍ਰਿਦੰਗ ਦੇ ਬੋਲ ਇਕੱਠੇ ਉਚਾਰੇ ਜਾਣ, ਉਹ ਚਉਬੋਲਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰੱਬੀ ਪ੍ਰੇਮ ਦੇ ਵਿਸ਼ੇ ਤੇ ਗੁਰੂ ਅਰਜਨ ਸਾਹਿਬ ਨੇ ਕੁਝ ਸਲੋਕ ਲਿਖੇ ਹਨ, ਇਹ ਉਪਰੋਕਤ ਲੱਛਣਾਂ ਅਧੀਨ ਛੰਦ ਯਾ ਸੰਗੀਤ-ਰੂਪ ਆਦਿ ਸਿੱਧ ਨਹੀਂ ਹੁੰਦੇ। ਇਨ੍ਹਾਂ ਬਾਰੇ ਇਹ ਕਹਿਣਾ ਵੀ ਦਰੁਸਤ ਨਹੀਂ ਜਾਪਦਾ ਕਿ ਇਹ ਚਾਰ ਪ੍ਰੇਮੀਆਂ-ਸੰਮਨ, ਮੂਸਨ, ਜਮਾਲ ਤੇ ਪਤੰਗ ਪ੍ਰਤੀ ਉਚਾਰੇ ਗਏ ਸਨ। ਇਹ ਨਾਂ ਬਾਣੀ ਤੋਂ ਪੂਰੀ ਤਰ੍ਹਾਂ ਸਿੱਧ ਨਹੀਂ ਹੁੰਦੇ। ਗੁਰੂ ਅਰਜਨ ਸਾਹਿਬ ਦੇ ਸਾਹਿਤਕ ਸ਼ੌਕ ਤੇ ਸੋਝੀ ਤੋਂ ਜਾਣੂ ਇਹ ਸੌਖਿਆਂ ਹੀ ਅਨੁਮਾਨ ਲਾ ਸਕਦੇ ਹਨ ਕਿ ਉਨ੍ਹਾਂ ਜਿਥੇ ਸਹਸਕ੍ਰਿਤੀ, ਗਾਥਾ, ਫੁਨਹੇ ਜੇਹੇ ਰੂਪ ਅਪਣਾਏ, ਉਥੇ ਨਾਲ ਹੀ ਚਉਬੋਲੇ ਕਾਵਿ ਰੂਪ ਵਿਚ ੧੧ ਸਲੋਕ ਲਿਖੇ।

(ਦੇਖੋ ਚਉਬੋਲੇ ਪ, ਪੰਨਾ ੧੩੬੩-੬੪)

## ਚਉਰਾਸੀਹ ਆਸਨ

ਯੋਗ ਦੇ ਅੱਠ ਅੰਗਾਂ ਵਿਚੋਂ 'ਆਸਨ' ਤੀਸਰਾ ਜ਼ਰੂਰੀ ਅੰਗ ਹੈ। ਇਹ ਬੈਠਣ ਦਾ ਢੰਗ ਹੈ ਜਿਸ ਨਾਲ ਸਰੀਰ ਨੂੰ ਬਿਨਾਂ ਕਿਸੇ ਖ਼ਾਸ ਔਖ ਦੇ ਦੇਰ ਤਕ ਸਥਿਤ ਕੀਤਾ ਜਾ ਸਕੇ। ਪਹਿਲੇ ਯੋਗੀਆਂ ਵਿਚ 'ਪਦਮਾਸਨ' ਤੇ 'ਸਿੱਧਾਸਨ' ਦੋ ਹੀ ਆਸਨ ਵਧੇਰੇ ਪ੍ਰਸਿੱਧ ਸਨ ਪਰੰਤੂ ਹੌਲੀ ਹੌਲੀ ਜਦੋਂ ਬਾਹਰੀ ਭੇਖ ਮਰਯਾਦਾ ਜ਼ਿਆਦਾ ਜ਼ੋਰ ਫੜਦੀ ਗਈ ਤਾਂ ਆਸਨਾਂ ਦੀਆਂ ਕਿਸਮਾਂ ਵਿਚ ਵੀ ਵਾਧਾ ਹੁੰਦਾ ਗਿਆ ਤੇ ਇਹ ੮੪ ਹੋ ਗਏ। ਇਨ੍ਹਾਂ ਆਸਨਾਂ ਵਿਚ ਕਈ ਪਸ਼ੂਆਂ ਤੇ ਪੰਛੀਆਂ ਦੇ ਬੈਠਣ-ਢੰਗ ਨੂੰ ਵੀ ਅਪਣਾਇਆ ਗਿਆ ਤੇ ਉਨ੍ਹਾਂ ਦੇ ਨਾਂ ਤੇ ਹੀ ਆਸਨਾਂ ਦੇ ਨਾਂ ਰੱਖੇ ਗਏ ਹਨ। 'ਘੇਰੰਡ ਸੰਹਿਤਾ' ਵਿਚ ਲਿਖਿਆ ਹੈ ਕਿ ਪਹਿਲਾਂ ਸ਼ਿਵਾਂ ਨੇ ੮੪ ਲੱਖ ਆਸਣ ਦੱਸੇ ਸਨ, ਪਰ ੮੪ ਹੀ ਪ੍ਰਧਾਨ ਰਹੇ ਅਤੇ ਮਾਤ ਲੋਕ ਲਈ ਕੇਵਲ ੩੨ ਹੀ ਕਾਫ਼ੀ ਸਮਝੇ ਗਏ, ਇਨ੍ਹਾਂ ਦੇ ਨਾਮ ਇਹ ਹਨ :—

ਸਿਧ, ਪਦਮ, ਭਦ੍ਰ, ਮੁਕਤ, ਵਜ੍ਰ, ਸਵਸਤਿਕ, ਸਿੰਹੁ. ਗੋਮੁਖ, ਵੀਰ, ਧਨੁ, ਮਿਤ੍ਰ, ਗੁਪਤ, ਮਤਸਯ, ਮਤਸਯੇਦ੍ਰ, ਗੋਰਖ, ਪਸ਼ਚਮੋਤਾਨ, ਉਤਕਟ, ਸੰਕਟ, ਮਯੂਰ, ਕੁੱਕਟ, ਕੂਰਮ, ਉਤਾਨ ਕੂਰਮ, ਉਤਾਨ ਮੰਡੂਕ, ਬ੍ਰਿਛ ਮੰਡੂਕ, ਗਰੜ, ਬ੍ਰਿਸ਼, ਸ਼ਲਭ, ਮਕਰ, ਉਸ਼ਟ ਭੁਜੰਗ ਤੇ ਯੋਗਾਸਨ।

ਸਰੀਰ ਤੇ ਇੰਦ੍ਰਿਆਂ ਨੂੰ ਕਾਬੂ ਕਰਨ ਲਈ ਆਸਨ ਕੁਝ ਹੱਦ ਤਕ ਸਹਾਇਕ ਹੁੰਦੇ ਹੋਣਗੇ, ਪਰ ਕੇਵਲ ਇਨ੍ਹਾਂ ਨਾਲ ਹੀ ਮਾਨਸਿਕ ਟਿਕਾਉ ਜਾਂ ਆਤਮਿਕ ਸ਼ਾਂਤੀ ਜਾਂ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ। ਇਸੇ ਲਈ ਲਿਖਿਆ ਹੈ—

'ਜੋਗ ਸਿਧ ਆਸਣ ਚਉਰਾਸੀਹ, ਏ ਭੀ ਕਰਿ ਕਰਿ ਰਹਿਆ
ਵਡੀ ਆਰਜਾ ਫਿਰਿ ਫਿਰਿ ਜਨਮੈ, ਹਰਿ ਸਿਉ ਸੰਗੁ ਨ ਗਹਿਆ ।
(ਸੋਰਠਿ ੫, ਪੰਨਾ ੬੪੨)

ਨਿਵਲੀ ਕਰਮ ਆਸਨ ਚਉਰਾਸੀਹ
ਇਨ ਮਹਿ ਸ਼ਾਂਤਿ ਨ ਆਵੈ ਜੀਉ ।
(ਮਾਝ ੫, ਪੰਨਾ ੯੮)

## ਚਉਰਾਸੀਹ ਸਿੱਧ

ਧਾਰਮਿਕ ਸਾਧਨਾ ਦੁਆਰਾ ਸਿੱਧੀ ਪ੍ਰਾਪਤ ਕਰਨ ਵਾਲਾ ਪੁਰਸ਼ 'ਸਿੱਧ' ਕਿਹਾ ਜਾਂਦਾ ਹੈ। ਪਹਿਲੇ ਪਹਿਲ ਇਹ ਪਦ ਬੋਧੀ ਅਚਾਰਜਾਂ ਲਈ ਵਰਤਿਆ ਜਾਂਦਾ ਸੀ ਜੋ ਕਿ ਪੂਰਬੀ ਭਾਰਤ ਵਿਚ ਤਾਂਤ੍ਰਿਕ ਸਾਧਨਾ ਤੇ ਜ਼ੋਰ ਦਿੰਦੇ ਸਨ। ਪਿਛੋਂ ਇਹ ਮੁਖੀ ਜੋਗੀਆਂ ਲਈ ਵਰਤਿਆ ਜਾਣ ਲਗਾ ਅਤੇ ਚੋਰਾਸੀ ਸਿਧਾਂ ਦੀ ਵਧੇਰੇ ਪ੍ਰਸਿਧੀ ਹੋਈ, ਇਨ੍ਹਾਂ ਸੂਚੀਆਂ ਵਿਚ ਕਾਫੀ ਭਿੰਨ ਭੇਦ ਹੈ। ਨਾਲੇ ਇਹ ਸਾਰੇ ਪੁਰਖ ਇਕੋ ਸਮੇਂ ਨਹੀਂ ਹੋਏ। ਸਰਹਪਾ ਤੇ ਲੂਇਪਾ ਸਭ ਤੋਂ ਪੁਰਾਣੇ ਸਿਧ ਦਸੇ ਜਾਂਦੇ ਹਨ। ਰਾਹੁਲ ਸਾਂਕ੍ਰਿਤਯਾਯਨ ਅਨੁਸਾਰ ੮੪ ਸਿੱਧਾਂ ਦੀ ਗਿਣਤੀ ਇਸ ਪਰਕਾਰ ਹੈ :—

ਲੁਹਿ ਪਾ, ਲੀਲਾਪਾ, ਬਿਰੂਪਾ, ਡੋਂਭੀਪਾ, ਸ਼ਬਰੀਪਾ, ਸਰਹਪਾ, ਕੰਕਾਲੀਪਾ, ਮੀਨ ਪਾ, ਗੋਰਖਪਾ, ਚੋਰੰਗੀਪਾ, ਵੀਣਾਪਾ, ਸ਼ਾਂਤਿਪਾ, ਤੰਤਿਪਾ, ਚਮਰਿਪਾ, ਖੜਗਪਾ, ਨਾਮਾਰੁਜਨ, ਕਰਾਹਪਾ, ਕਰਣਰਿਪਾ, ਬਗਨ ਪਾ, ਨਾਰੋਪਾ, ਸ਼ਲਿਪਾ, ਸ੍ਰਿਗਾਲੀਪਾ, ਤਿਲੋਪਾ, ਛਤ੍ਰਪਾ, ਭਦ੍ਰਪਾ, ਦੋਖੰਧਿਪਾ, ਅਜੋਗਿਪਾ, ਕਾਲਪਾ, ਧੋਮਿਪਾ, ਕੰਕਣਪਾ, ਕਮਰਿਪਾ, ਡੋਂਗਪਾ, ਭੇਦਪਾ, ਤੰਧੇਪਾ, ਕੁਕੁਰਿਪਾ, ਧਰਮਪਾ, ਮਹੀਪਾ, ਅਚਿੰਤਪਾ, ਭ਼ਲਹਪਾ, ਨਲਿਨਪਾ, ਭੂਸੁਕੰਪਾ, ਇੰਦ੍ਰਭੂਤਿ, ਮੇਕੋਪਾ, ਕੁੜਾਲਿਅਪਾ, ਕਮਰਿਪਾ, ਜਾਲੰਧਰਪਾ, ਰਾਹੁਲਪਾ, ਧਰਮਰਿਪਾ, ਘੋਕਰਿਪਾ, ਮੇਦਨੀਪਾ, ਪੰਕਜਪਾ, ਘੰਟਾਪਾ ਜੋਗੀਪਾ. ਚੇਲੁਕਪਾ, ਗੁੰਡਰਿਪਾ, ਲੁਚਿਕਪਾ, ਨਿਰਗੁਣਪਾ ਜਯਾਨੰਤ, ਚਰਪਟੀਪਾ, ਚੰਪਕਪਾ, ਭਿਖਨਪਾ, ਭਲਿਪਾ, ਚਵਰਿਪਾ, ਅਜਪਾਲਿਪਾ, ਮਣਿਭਦ੍ਰਾ, ਮੇਖਲਾਪਾ, ਉਬਨਿਪਾ, ਕਪਲਪਾ, ਕਿਲਪਾ, ਸਾਗਰਪਾ, ਸਰਬਭਖਪਾ, ਨਾਗਬੋਧਿਪਾ, ਦਾਰਿਕਪਾ, ਪੁਤੁਲਿਪਾ, ਪਨਹਪਾ, ਕਕਾਲਿਪਾ, ਅਨੰਗਪਾ, ਲਛਮੀਪਾ, ਸਮੁਦਪਾ, ਭਲਿਪਾ ।

ਗੁਰੂ ਸਾਹਿਬ ਅਨੁਸਾਰ ਭਾਵੇਂ ਕੋਈ ਸਿਧਾਂ ਨੂੰ ਕੈਸੀ ਮਾਨਤਾ ਦੇਵੇ ਪਰ ਇਹ ਸਭ ਉਸੇ ਦਾ ਗਾਇਨ ਕਰ ਰਹੇ ਹਨ ।

ਆਖਹਿ ਈਸਰੁ ਆਖਹਿ ਸਿਧ (ਜਪੁ,੧)
ਗਾਵਹਿ ਸਿਧ ਸਮਾਧੀ ਅੰਦਰ
ਗਾਵਹਿ ਤੁਧਨੋ ਸਾਧ ਬੀਚਾਰੇ (ਜਪੁ, ੧)
ਸਿਧ ਚਉਰਾਸੀਹ ਮਾਇਆ ਮਹਿ ਖੇਲਾ ।
(ਭੈਰਉ ਕਬੀਰ. ੧੧੬੦)

## ਚਉਰਾਸੀਹ ਲੱਖ ਜੂਨ

ਪ੍ਰਾਚੀਨ ਹਿੰਦੂ ਧਰਮ ਸ਼ਾਸਤ੍ਰਾਂ ਅਨੁਸਾਰ ਜੀਵਾਂ ਦੀਆਂ ਜੂਨਾਂ ਚੁਰਾਸੀ ਲੱਖ ਹਨ। ਇਨ੍ਹਾਂ ਦੀ ਵੰਡ ਇਸ ਤਰ੍ਹਾਂ ਹੈ : ਜਲ-ਜੀਵ ਨੌਂ ਲੱਖ, ਹਵਾ ਵਿਚ ਉੱਡਣ ਵਾਲੇ, ਪੰਛੀ ਆਦਿ ਦਸ ਲੱਖ, ਧਰਤੀ ਤੇ ਸਥਿਰ ਰਹਿਣ ਵਾਲੇ ਬਿਰਛ ਆਦਿ ਵੀਹ ਲੱਖ, ਪੇਟ-ਭਾਰ ਚਲਣ ਵਾਲੇ ਜੀਵ ਜਿਵੇਂ ਸੱਪ, ਗੰਡੋਏ ਆਦਿ ਗਿਆਰਾਂ ਲੱਖ, ਚੌਪਾਏ ਜਾਨਵਰ ਤੀਹ ਲੱਖ, ਬਾਂਦਰ, ਬਨਮਾਨੁਸ ਅਤੇ ਮਨੁੱਖ ਆਦਿ ਚਾਰ ਲੱਖ।

ਜੈਨੀਆਂ ਨੇ ਚੁਰਾਸੀ ਲੱਖ ਦਾ ਵੇਰਵਾ ਇਸ ਤਰ੍ਹਾਂ ਦਿਤਾ ਹੈ : ਸੱਤ ਲੱਖ ਧਰਤੀ ਵਿਚ, ਸੱਤ ਲੱਖ ਪਾਣੀ ਵਿਚ, ਸੱਤ ਲੱਖ ਪੌਣ ਵਿਚ, ਸੱਤ ਲੱਖ ਅਗਨੀ ਵਿਚ, ਦਸ ਲੱਖ ਕੰਦ ਮੂਲ ਆਦਿ ਵਿਚ, ਚੋਦਾਂ ਲੱਖ ਝਾੜੀਆਂ, ਬ੍ਰਿਛ ਆਦਿ ਵਿਚ, ਦੋ ਲੱਖ ਦੋ ਇੰਦ੍ਰਿਆਂ ਵਾਲੇ ਜੀਵ, ਤਿੰਨ ਇੰਦਰਿਆਂ (ਤੁਚਾ ਮੁਖ ਤੇ ਨੇਤ) ਵਾਲੇ ਦੋ ਲੱਖ, ਚਾਰ ਇੰਦਰਿਆਂ (ਤੁਚਾ, ਮੁਖ, ਨੇਤ੍ਰ, ਨੱਕ) ਵਾਲੇ ਚਾਰ ਲੱਖ, ਸਵਰਗ ਵਿਚ ਰਹਿਣ ਵਾਲੇ ਦੇਵਤਾ ਆਦਿ ਚਾਰ ਲੱਖ ਨਰਕ-ਵਾਸੀ ਚਾਰ ਲੱਖ, ਚੋਦਾਂ ਲੱਖ ਮਨੁੱਖ ਜਾਤੀ ਦੇ ਜੀਵ ਜਿਨ੍ਹਾਂ ਵਿਚ ਇੱਕ-ਟੰਗੇ ਅਤੇ ਦੋ-ਟੰਗੇ ਵੀ ਸ਼ਾਮਲ ਹਨ, ਚਾਰ ਲੱਖ ਚੋਪਾਏ (ਮਹਾਨਕੋਸ਼)। ਕਈਆਂ ੪੨ ਲੱਖ ਜਲ ਦੇ ਤੇ ੪੨ ਲੱਖ ਥਲ ਦੇ ਜੀਵ ਮੰਨੇ ਹਨ।

ਬਇਆਲੀਸ ਲੱਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ।
(ਆਸਾ ਨਾਮਦੇਉ, ਪੰਨਾ ੪੮੫)

ਹਿੰਦੂ ਮਤ ਅਨੁਸਾਰ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਜਦੋਂ ਤੱਕ ਮਨੁੱਖ ਨੂੰ ਮੁਕਤੀ ਨਹੀਂ ਮਿਲਦੀ ਉਦੋਂ ਤੱਕ ਉਹ ਆਪਣੇ ਕੀਤੇ ਕਰਮਾਂ ਅਨੁਸਾਰ ਇਨ੍ਹਾਂ ਜੋਨੀਆਂ ਦੇ ਚੱਕਰ ਵਿਚ ਭੌਂਦਾ ਰਹਿੰਦਾ ਹੈ। ਜੀਵ ਨੂੰ ਇਨ੍ਹਾਂ ਜੋਨਾਂ ਤੋਂ ਛੁਟਕਾਰਾ ਤਾਂ ਮਿਲਦਾ ਹੈ ਜੇ ਉਹ ਪ੍ਰਭੂ ਕ੍ਰਿਪਾ ਦਾ ਪਾਤਰ ਬਣੇ।

ਲਖ ਚਉਰਾਸੀਹ ਜੀਅ ਉਪਾਏ
ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ।
(ਮਾਝ ੩, ਪੰਨਾ ੧੧੧)

ਚਵਰਾਸੀਹ ਲਖ ਜੋਨਿ ਉਪਾਈ
ਰਿਜਕ ਦੀਆ ਸਭ ਹੂੰ ਕੋ ਤਦ ਕਾ।
(ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੩)

ਮਨੁੱਖਾ ਜੂਨ ਨੂੰ ਸਾਰੀਆਂ ਜੂਨਾਂ ਤੋਂ ਸ਼੍ਰੇਸ਼ਟ ਮੰਨਿਆ ਹੈ।

ਅਵਰਿ ਜੋਨਿ ਤੇਰੀ ਪਨਹਾਰੀ
ਇਸ ਧਰਤੀ ਮਹਿ ਤੇਰੀ ਸਿਕਦਾਰੀ।

## ਚਕਵਾ ਚਕਵੀ

ਇਹ ਹੰਸ ਘਰਾਣੇ ਦਾ, ਦਰਮਿਆਨੇ ਕੱਦ ਦਾ ਪੰਛੀ ਹੈ ਜੋ ਸਰਦੀਆਂ ਵਿਚ ਇਧਰ ਆਉਂਦਾ ਤੇ ਠੰਢ ਮੁਕਣ ਤੇ ਪਹਾੜਾਂ ਵਲ ਚਲਿਆ ਜਾਂਦਾ ਹੈ। ਇਸ ਦੇ ਗਲ ਵਿਚ ਗਾਨੀ ਰੰਗ ਗੂੜ੍ਹਾ ਖੱਟਾ ਤੇ ਸਿਰ ਬਦਾਮੀ ਰੰਗ ਦਾ ਹੁੰਦਾ ਹੈ, ਚਿਤਕਬਰੇ ਰੰਗ ਦਾ ਵੀ ਮਿਲਦਾ ਹੈ। ਇਹ ਵਧੇਰੇ ਪਾਣੀਆਂ ਕਿਨਾਰੇ ਝੁੰਡਾਂ ਵਿਚ ਰਹਿੰਦਾ ਹੈ, ਇਸ ਦੀ ਆਵਾਜ਼ ਕਰਖਤ ਜਿਹੀ ਹੁੰਦੀ ਹੈ। ਚਕਵੇ ਦਾ ਸੂਰਜ ਨਾਲ ਪ੍ਰੇਮ ਮੰਨਿਆ-ਦੰਨਿਆ ਹੈ। ਕਹਿੰਦੇ ਹਨ ਕਿ ਸੂਰਜ ਦੇ ਛਿਪਣ ਨਾਲ ਸ਼ਾਮ ਚਕਵੇਂ ਤੇ ਚਕਵੀਂ ਦਾ ਵਿਛੋੜਾ ਹੋ ਜਾਂਦਾ ਹੈ, ਜਦੋਂ ਦੂਜੇ ਦਿਨ ਸੂਰਜ ਚੜ੍ਹੇ ਤਾਂ ਮੁੜ ਮਿਲਾਪ ਹੁੰਦਾ ਹੈ। ਇਸ ਕਰਕੇ ਚਕਵੀ ਤੇ ਚਕਵਾ ਸਦਾ ਸੂਰਜ ਵਲ ਤੱਕਦੇ ਰਹਿੰਦੇ ਹਨ। ਇਸ ਪ੍ਰੇਮ ਅਵਸਥਾ ਦਾ ਬਿਆਨ ਕਵੀਆਂ ਨੇ ਸਾਹਿਤ ਵਿਚ ਕਾਫ਼ੀ ਕੀਤਾ ਹੈ। ਭਗਤ ਕਬੀਰ ਜੀ ਨੇ ਲਿਖਿਆ ਹੈ :

ਕਬੀਰ ਚਕਈ ਜਉ ਨਿਸਿ ਬੀਛੁਰੈ, ਆਇ ਮਿਲੈ ਪਰਭਾਤਿ
ਜੋ ਨਰ ਬਿਛੁਰੇ ਰਾਮ ਸਿਉ, ਨ ਦਿਨ ਮਿਲੈ ਨ ਰਾਤਿ। ੧੨੪੧

(ਸਲੋਕ ਕਬੀਰ, ਪੰਨਾ ੧੩੭੧)

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੇ ਚਕਵੀ ਸੂਰ।

(ਸਿਰੀ ੧, ਪੰਨਾ ੬੦)

## ਚਰਪਟ

ਚਰਪਟ ਚੰਬੇ ਦਾ ਰਾਜਾ ਸੀ ਜੋ ਕਿ ਦਸਵੀਂ ਸਦੀ ਵਿਚ ਰਾਜਭਾਗ ਤਿਆਗ ਕੇ ਜੋਗੀ ਹੋ ਗਿਆ ਸੀ। 'ਅਨੰਤ ਵਾਕ' ਦਾ ਕਰਤਾ ਇਸਨੂੰ ਰਾਜਾ ਲਿਖਦਾ ਹੈ ਤੇ ਰੱਜਬਦਾਸ ਨੇ ਇਸ ਨੂੰ ਚਾਰਣੀ ਦੇ ਪੇਟੋਂ ਪੈਦਾ ਹੋਇਆ ਦੱਸਿਆ ਹੈ। 'ਗੋਰਖਸ਼ਤਕ' ਅਨੁਸਾਰ ਇਹ ਮਛੰਦਰਨਾਥ ਦਾ ਚੇਲਾ ਤੇ ਗੋਰਖ ਦਾ ਗੁਰਭਾਈ ਸੀ ਤੇ ਕਈ ਇਸ ਨੂੰ ਜਲੰਧਰ ਨਾਥ ਦੇ ਚੇਲਿਆਂ ਵਿਚੋਂ ਮੁਖੀ ਚੇਲਾ ਗਿਣਦੇ ਹਨ। ਇਹ ਗੱਲਾਂ ਇਤਿਹਾਸਕ ਤੌਰ ਤੇ ਅਨਿਸਚਤ ਹੋਣ ਦੇ ਬਾਵਜੂਦ ਚਰਪਟ ਦੇ ਨਾਂ ਤੇ ਮਿਲਦੀ ਬਾਣੀ ਤੋਂ ਜ਼ਾਹਰ ਹੈ ਕਿ ਇਹ ਰੂੜ੍ਹੀਵਾਦੀ ਭੇਖੀ ਨਹੀਂ ਸੀ ਸਗੋਂ ਜੋਗੀਆਂ ਦੇ ਭੇਖ ਅਡੰਬਰ ਦੀ ਵੀ ਖੁਲ੍ਹ ਕੇ ਨਿਖੇਧੀ ਕਰਦਾ ਸੀ।

ਕੀ ਇਹੋ ਚਰਪਟ ਗੁਰੂ ਨਾਨਕ ਸਾਹਿਬ ਨੂੰ ਮਿਲਿਆ, ਇਤਿਹਾਸਕ ਤੌਰ ਤੇ ਇਹ ਮੰਨਣਾ ਸੰਭਵ ਨਹੀਂ। ਹੋ ਸਕਦਾ ਹੈ ਕਿ ਚਰਪਟ ਦੇ ਵਿਚਾਰਾਂ ਨੂੰ ਲੈ ਕੇ ਗੁਰੂ ਸਾਹਿਬ ਨੇ ਕੁਝ ਸਤਰਾਂ ਕਹੀਆਂ ਹੋਣ ਜਾਂ ਐਨ ਮੁਮਕਿਨ ਹੈ ਕਿ ਗੁਰੂ ਸਾਹਿਬ ਨੂੰ ਮਿਲਣ ਵਾਲਾ ਚਰਪਟ ਨਾਂ ਦਾ ਕੋਈ ਹੋਰ ਸਿੱਧ ਹੋਵੇ।

'ਸਿਧ ਗੋਸਟਿ' ਵਿਚ ਚਰਪਟ ਗੁਰੂ ਨਾਨਕ ਸਾਹਿਬ ਨੂੰ ਦੁਤਰ ਦੁਨੀਆਂ ਤੋਂ ਪਾਰ ਹੋਣ ਦਾ ਸਾਧਨ ਪੁੱਛਦਾ ਹੈ ਤੇ ਗੁਰੂ ਸਾਹਿਬ ਉਸ ਦਾ ਬੜਾ ਸਤਿਕਾਰ ਕਰਦੇ

ਹੋਏ ਦਸਦੇ ਹਨ ।

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ।
ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ।
ਸਾਚੁ ਕਹਹੁ ਤੁਮ ਪਾਰਗਰਾਮੀ ਤੁਝ ਕਿਆ ਬੈਸਣੁ ਦੀਜੈ । ੬ ।

ਦੂਜੀ ਵਾਰੀ, ਗੁਰੂ ਨਾਨਕ ਸਾਹਿਬ ਨੇ ਹੀ, ਆਪਣੇ ਇਕ ਸਲੋਕ ਵਿਚ (ਵਾਰ ਰਾਮਕਲੀ) ਚਰਪਟ ਦਾ ਜ਼ਿਕਰ ਇਉਂ ਕੀਤਾ ਹੈ ।

ਸੋ ਪਾਖੰਡੀ ਜਿ ਕਾਇਆ ਪਖਾਲੇ ।
ਕਾਇਆ ਕੀ ਅਗਨਿ ਬ੍ਰਹਮ ਪਰਜਾਲੇ ।
ਸੁਪਨੈ ਬਿੰਦੁ ਨ ਦੇਈ ਝਰਣਾ ।
ਤਿਸੁ ਪਾਖੰਡੀ ਜਰਾ ਨ ਮਰਣਾ ।
ਬੋਲੈ ਚਰਪਟੁ ਸਤਿ ਸਰੂਪ ।
ਪਰਮ ਤੰਤ ਮਹਿ ਰੇਖ ਨ ਰੂਪ ।

(ਵਾਰ ਰਾਮਕਲੀ ੧, ਪੰਨਾ ੯੫੨)

## ਚਾਰ ਅਗਨਿ

ਵਿਦਵਾਨ ਲੇਖਕਾਂ ਅਗਨੀ ਚਾਰ ਕਿਸਮ ਦੀ ਮੰਨੀ ਹੈ :

ਦਾਵਾਗਨੀ, ਜਠਰਾਗਨੀ, ਅਬਿੰਧ ਨਾਗਨਿ, ਆਕਰਜਾਗਨਿ ।

ਪਹਿਲੀ ਜੰਗਲ ਦੀ ਅਗ ਹੈ ਜੋ ਸਭ ਕੁਝ ਭਸਮਾਭੂਤ ਕਰ ਦਿੰਦੀ ਹੈ, ਦੂਜੀ ਪੇਟ ਦੀ ਅੱਗ ਹੈ ਜਿਸ ਨਾਲ ਖ਼ੁਰਾਕ ਹਜ਼ਮ ਹੁੰਦੀ ਹੈ, ਤੀਜੀ ਸਮੁੰਦਰ ਦੀ ਅੱਗ ਹੈ ਜਿਸ ਨੂੰ ਬੜਵਾਨਲ ਵੀ ਕਹਿੰਦੇ ਹਨ, ਚੋਥੀ ਖਾਣਾਂ ਦੀ ਅੱਗ ਜੋ ਧਾਤਾਂ ਨੂੰ ਪਿਘਲਾ ਦਿੰਦੀ ਹੈ ।

ਚਾਰ ਅੱਗਾਂ ਦੀ ਪ੍ਰਸਿੱਧੀ ਨੂੰ ਮੁੱਖ ਰਖ ਕੇ ਗੁਰੂ ਨਾਨਕ ਸਾਹਿਬ ਨੇ ਇਹ ਗੱਲ ਆਖੀ ਹੈ ਕਿ ਮਨੁੱਖ ਦੇ ਅੰਦਰ ਨੂੰ ਫੂਕਣ ਵਾਲੀਆਂ ਵੀ ਚਾਰ ਅੱਗਾਂ ਹਨ :

ਹੰਸੁ ਹੇਤੁ ਲੋਭ ਕੋਪੁ ਚਾਰੇ ਨਦੀਆਂ ਅਗਿ ।
ਪਵਹਿ ਦਝਹਿ ਨਾਨਕਾ, ਤਰੀਐ ਕਰਮੀ ਲਗਿ ।

(ਵਾਰਮਾਝ ੧, ਪੰਨਾ ੧੪੭

ਇਨ੍ਹਾਂ ਅਗਨੀਆਂ ਨੂੰ ਨਾਮ ਦੇ ਜਲ ਨਾਲ ਹੀ ਸ਼ਾਂਤ ਕੀਤਾ ਜਾ ਸਕਦਾ ਹੈ ।

ਚਾਰੇ ਅਗਨਿ ਨਿਵਾਰਿ ਮਰੁ, ਗੁਰਮੁਖਿ ਹਰਿ ਜਲੁ ਪਾਇ ।

(ਸਿਰੀ ੧, ਪੰਨਾ ੨੧)

## ਚਾਰ ਆਸ਼੍ਰਮ

ਹਿੰਦੂ ਧਰਮ-ਗ੍ਰੰਥਾਂ ਅਨੁਸਾਰ ਜੀਵਨ ਦੀ ਔਸਤ ਉਮਰ ਸੌ ਸਾਲ ਮੰਨ ਕੇ

ਇਸ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ :

ਬ੍ਰਹਿਮਚਰਜ, ਗ੍ਰਹਿਸਥ, ਬਾਨਪ੍ਰਸਥ, ਸੰਨਿਆਸ।

ਪੰਝੀ ਸਾਲ ਦੀ ਉਮਰ ਤਕ ਬ੍ਰਹਿਮਚਰਜ ਕਾਇਮ ਰੱਖ ਕੇ ਵਿਦਿਆ ਪ੍ਰਾਪਤ ਕਰਨਾ ਤੇ ਆਪਣੇ ਆਪ ਨੂੰ ਆਚਾਰ ਵਿਚਾਰ ਵਿਚ ਪੂਰੀ ਤਰ੍ਹਾਂ ਸੁਸਿਖਿਅਤ ਕਰਨਾ ਹੈ। ਪਝੀ ਤੋਂ ਪਜਾਹ ਸਾਲ ਤਕ ਦੀ ਉਮਰ ਗ੍ਰਹਿਸਤ ਆਸ਼੍ਰਮ ਨਿਭਾਉਣ ਦੀ ਹੈ, ਇਸ ਸਮੇਂ ਵਿਵਾਹਿਤ ਜੀਵਨ ਬਸਰ ਕਰਦਿਆਂ ਸਮਾਜਕ ਜ਼ਿੰਮੇਂਵਾਰੀਆਂ ਦੀ ਪਾਲਣਾ ਕਰਨਾ ਹੈ। ਪੰਜਾਹ ਤੋਂ ਪਙੱਤਰ ਤਕ ਬਾਨਪ੍ਰਸਥ ਆਸ਼੍ਰਮ ਦੀ ਅਵਸਥਾ ਹੈ, ਜਿਸ ਵਿਚ ਹੋਲੀ ਹੋਲੀ ਘਰ ਦਾ ਤਿਆਗ ਕਰਕੇ ਬਨਵਾਸ ਧਾਰਨ ਕਰਨਾ ਹੈ, ਇਸ ਸਮੇਂ ਇਸਤਰੀ ਵੀ ਨਾਲ ਜਾ ਸਕਦੀ ਹੈ। ਪਙੱਤਰ ਤੋਂ ਸੌ ਸਾਲ ਤਕ ਦੀ ਅਵਸਥਾ ਸੰਨਿਆਸ ਦੀ ਹੈ ਜਦੋਂ ਕਿ ਮਨੁੱਖ ਸਭ ਕੁਝ ਛੱਡ ਕੇ ਪ੍ਰਭੂ-ਪਰਾਇਣ ਤੋਂ ਜੀਵਨ ਬਸਰ ਕਰਦਾ ਹੈ। ਉਹ ਆਪਣੇ ਖਾਣਪੀਣ ਲਈ ਵੀ ਕੋਈ ਕੰਮ ਨਹੀਂ ਕਰਦਾ ਤੇ ਉਸ ਨੂੰ ਕੇਵਲ ਭਿਖਿਆ ਲੈ ਕੇ ਗੁਜ਼ਾਰਾ ਕਰਨ ਦੀ ਹਦਾਇਤ ਹੈ।

ਗੁਰੂ ਸਾਹਿਬ ਨੇ ਇਸ ਆਸ਼੍ਰਮ-ਮਰਯਾਦਾ ਨੂੰ ਇਸ ਤਰ੍ਹਾਂ ਪਰਵਾਣ ਨਹੀਂ ਕੀਤਾ, ਉਨ੍ਹਾਂ ਦੀ ਸਿਖਿਆ ਅਨੁਸਾਰ ਹਰ ਸਮੇਂ, ਨਾਮ ਤੇ ਸੇਵਾ, ਜੀਵਨ-ਵਿਕਾਸ ਲਈ ਜ਼ਰੂਰੀ ਹਨ, ਮਨ ਨਾਮ ਵਿਚ ਤੇ ਤਨ ਸੇਵਾ ਵਿਚ ਲਗਿਆ ਹੀ ਸਕਾਰਥਾ ਹੈ।

ਚਾਰ ਬਰਨ ਚਾਰਿ ਆਸ੍ਰਮ ਹਹਿ,<br>
ਕੋਈ ਮਿਲੈ ਗੁਰੂ ਗੁਰ ਨਾਨਕ<br>
ਸੋ ਆਪਿ ਤਰੈ ਕੁਲ ਸਗਲ ਤਰਾਧੋ।

(ਕਾਨੜਾ ੪, ਪੰਨਾ ੧੨੯੭)

## ਚਾਰ ਕਿਲਵਿਖ

ਪੁਰਾਣੀ ਮਾਨਤਾ ਅਨੁਸਾਰ ਚਾਰ ਵੱਡੇ ਪਾਪ ਇਹ ਮੰਨੇ ਜਾਂਦੇ ਹਨ :

ਬ੍ਰਾਹਮਣ ਨੂੰ ਮਾਰਨਾ, ਸ਼ਰਾਬ ਪੀਣਾ, ਚੋਰੀ ਕਰਨਾ, ਯਾਰੀ ਕਰਨਾ (ਵਿਭਚਾਰ)। ਬੋਧੀ ਤੇ ਜੈਨੀ ਵਿਚਾਰਧਾਰਾ ਵਿਚ ਝੂਠ ਬੋਲਣਾ, ਸ਼ਰਾਬ ਪੀਣਾ ਤੇ ਚੋਰੀ, ਨੂੰ ਅਤਿ ਬੁਰੇ ਕਰਮ ਕਿਹਾ ਹੈ, ਕਈਆਂ ਇਸ ਨਾਲ ਜੂਏ ਨੂੰ ਵੀ ਸ਼ਾਮਿਲ ਕੀਤਾ ਹੈ।

ਤੀਸਰੇ ਗੁਰੂ ਅਮਰਦਾਸ ਜੀ ਨੇ ਬ੍ਰਹਮ ਹੱਤਿਆ, ਗਊ ਹੱਤਿਆ, ਕੰਨਿਆਂ ਹੱਤਿਆ, ਚਰਿਤ੍ਰਹੀਣ ਦਾ ਧਾਨ ਤੇ ਅਹੰਕਾਰ ਨੂੰ ਲਾਹਨਤਯੋਗ ਬਦੀਆਂ ਆਖਿਆ ਹੈ :—

ਬ੍ਰਹਮਣ ਕੈਲੀ ਘਾਤੁ ਕੰਞਕਾ, ਅਣਚਾਰੀ ਕਾ ਧਾਨੁ।<br>
ਫਿਟਕ ਫਿਟਕਾ ਕੋੜੁ ਬਦੀਆਂ, ਸਦਾ ਸਦਾ ਅਭਿਮਾਨੁ।

(ਸਲੋਕ ੩, ਪੰਨਾ ੧੪੧੩)

ਗੁਰੂ ਅਰਜਨ ਸਾਹਿਬ ਨੇ ਲਿਖਿਆ ਹੈ ਕਿ ਜੇ ਕੋਈ ਚਾਰ ਵਡੇ ਪਾਪਾਂ ਦਾ ਵੀ ਭਾਗੀ ਹੋਵੈ ਤੇ ਕੋਈ ਧਰਮ ਕਰਮ ਦੀ ਸੋਝੀ ਨਾ ਰਖਦਾ ਹੋਵੇ, ਪਰ ਉਹ ਰੱਬ ਨੂੰ ਯਾਦ ਕਰ ਲਵੇ ਤਾਂ ਸਭ ਬੁਰਾਈਆਂ ਤੋਂ ਮੁਕਤ ਹੋ ਸਕਦਾ ਹੈ :

ਕਾਮਿ ਕਰੋਧਿ ਮੋਹਿ ਵਸਿ ਕੀਆ, ਕਿਰਪਨ ਲੋਭਿ ਪਿਆਰੁ
ਚਾਰੇ ਕਿਲਵਿਖ ਉਨਿ ਅਘ ਕੀਏ
ਹੋਆ ਅਸੁਰ ਸੰਘਾਰ ।
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ
ਚਿਤਿ ਆਵੈ ਓਸੁ ਪਾਰਬ੍ਰਹਮ, ਤਾ ਨਿਮਖ ਸਿਮਰਤ ਤਰਿਆ ।

(ਸਿਰੀ ੫, ਪੰਨਾ ੭੦)

## ਚਾਰ ਖਾਣੀਆਂ

ਭਾਰਤੀ ਸਿਆਣਿਆਂ ਸਾਰੇ ਪ੍ਰਾਣੀਆਂ ਨੂੰ ਚਾਰ ਹਿਸਿਆਂ ਵਿਚ ਵੰਡਿਆ ਹੈ :

ਅੰਡਜ, ਜੇਰਜ, ਸੇਤਜ, ਉਤਭੁਜ

ਆਂਡਿਆਂ ਤੋਂ ਪੈਦਾ ਹੋਣ ਵਾਲਾ ਅੰਡਜ ਜਿਵੇਂ ਪੰਛੀ, ਜੇਰ ਤੋਂ ਪਰਗਟਣ ਵਾਲੇ ਜੇਰਜ ਜਿਵੇਂ ਪਸ਼ੂ ਤੇ ਮਨੁੱਖ ਆਦਿ, ਪਸੀਨੇ ਜਾ ਗਰਮੀ ਵਿਚੋਂ ਪੈਦਾ ਹੋਣ ਵਾਲੇ ਸੇਤਜ ਜਿਵੇਂ ਜੂੰਆਂ ਯਾ ਅਠੂੰਹੇ ਆਦਿ ਅਤੇ ਧਰਤੀ ਦੀ ਉਤਲੀ ਤਹਿ ਨੂੰ ਭੰਨਕੇ ਫੁਟਣ ਵਾਲੇ ਬਿਰਛ ਬੇਲਾਂ ਆਦਿ ਉਤਭੁਜ ਕਹੇ ਜਾਂਦੇ ਹਨ ।

ਖਾਣੀ ਚਾਰੇ ਬਾਣੀ ਭੇਦਾ ।

(ਬਿਲਾਵਨ ੧, ਥਿਤੀ, ਪੰਨਾ ੮੩੯)

ਅੰਡਜ ਜੇਰਜ ਉਤਭੁਜ ਸੇਤਜ, ਤੇਰੇ ਕੀਤੇ ਜੰਤਾ ।

(ਸੋਰਠਿ ੧, ਪੰਨਾ ੫੯੬)

ਗੁਰੂ ਸਾਹਿਬ ਨੇ ਇਸ ਵੰਡ ਤੋਂ ਵਧੇਰੇ ਗਿਣਤੀ ਹੋਣ ਵਲ ਵੀ ਸੰਕੇਤ ਕੀਤਾ ਹੈ :

ਕਈ ਕੋਟਿ ਖਾਣੀ ਅਰੁ ਖੰਡ
ਕਈ ਕੋਟਿ ਆਕਾਸ ਬ੍ਰਹਿਮੰਡ ।

(ਗਉੜੀ ਸੁਖਮਨੀ ੫, ਪੰਨਾ ੨੭੬)

## ਚਾਰ ਜੁਗ

'ਜੁਗ' ਸਮੇਂ ਦਾ ਮਾਪ ਹੈ । ਹਿੰਦੂ ਧਰਮ-ਗ੍ਰੰਥਾਂ ਅਨੁਸਾਰ ਚਾਰ ਜੁਗਾਂ ਦੀ ਧਾਰਨਾ ਪ੍ਰਚੱਲਤ ਹੈ । ਇਹ ਹਨ ਸਤਿਯੁਗ, ਤ੍ਰੇਤਾ, ਦ੍ਵਾਪਰ ਅਤੇ ਕਲਿਯੁਗ । ਜੁਗਾਂ ਦੇ ਸ਼ੁਰੂ ਹੋਣ ਦਾ ਸਮਾ 'ਸੰਧਯਾ' ਅਤੇ ਸਮਾਪਤੀ ਦਾ 'ਸੰਧਾਯਾਂਸ਼' ਕਹਾਉਂਦਾ ਹੈ ।

ਇਨ੍ਹਾਂ ਦੋਹਾਂ ਦਾ ਮਾਪ ਹਰ ਯੁਗ ਦਾ ਦਸਵਾਂ ਹਿੱਸਾ ਹੁੰਦਾ ਹੈ। ਚੋਹਾਂ ਯਗਾਂ ਦੀ ਗਿਣਤੀ ਦੇਵਤਿਆਂ ਦੇ ਵਰ੍ਹਿਆਂ ਅਨੁਸਾਰ ਇਸ ਤਰ੍ਹਾਂ ਮੰਨੀ ਗਈ ਹੈ : ਸਤਿਯੁਗ ਜਾਂ ਕ੍ਰਿਤ ਯੁਗ ੪੮੦੦ ਸਾਲ, ਤ੍ਰੇਤਾ ੩੬੦੦ ਸਾਲ, ਦ੍ਵਾਪਰ ੨੪੦੦ ਸਾਲ, ਕਲਿਯੁਗ ੧੨੦੦ ਸਾਲ। ਦੇਵਤਿਆਂ ਦਾ ਇਕ ਸਾਲ ਲੋਕਾਂ ਦੇ ੩੬੦ ਸਾਲਾਂ ਦੇ ਬਰਾਬਰ ਹੁੰਦਾ ਹੈ। ਇਸ ਲਈ ਮਨੁੱਖਾਂ ਦੇ ਵਰ੍ਹਿਆਂ ਅਨੁਸਾਰ ਗਿਣਤੀ ਇਸ ਤਰ੍ਹਾਂ ਬਣਦੀ ਹੈ : ਸਤਿਯੁਗ ੧੭੨੮੦੦੦ ਸਾਲ, ਤ੍ਰੇਤਾ ਯੁਗ ੧੨੯੬੦੦੦ ਸਾਲ, ਦ੍ਵਾਪਰ ਯੁਗ ੮੬੪੦੦੦ ਸਾਲ, ਕਲਿਯੁਗ ੪੩੨੦੦੦ ਸਾਲ।

ਯੁਗਾਂ ਦੀ ਇਕ ਚੌਂਕੜੀ 'ਮਹਾਂਯੁਗ' ਅਖਵਾਉਂਦੀ ਹੈ। ਦੋ ਹਜ਼ਾਰ ਮਹਾਂਯੁਗਾਂ ਦਾ ਇਕ 'ਕਲਪ' ਬਣਦਾ ਹੈ ਜੋ ਬ੍ਰਹਮਾ ਦੀ ਇਕ ਰਾਤ ਅਤੇ ਦਿਨ ਦੇ ਬਰਾਬਰ ਹੁੰਦਾ ਹੈ। ਅਜੇਹੇ ਦਿਨ ਰਾਤਾਂ ਦਾ ਸੌ ਸਾਲ ਬ੍ਰਹਮਾ ਦੀ ਇਕ ਉਮਰ ਹੈ। ਮਨੂ ਸਿਮ੍ਰਿਤਿ ਅਨੁਸਾਰ ਸਤਿਯੁਗ ਦੀ ਉਮਰ ੪੦੦ ਸਾਲ, ਤ੍ਰੇਤਾ ਦੀ ੩੮੦ ਸਾਲ, ਦੁਆਪਰ ਦੀ ੨੦੦ ਸਾਲ ਅਤੇ ਕਲਿਯੁਗ ਦੀ ੧੦੦ ਸਾਲ ਹੈ। ਇਹ ਯੁਗਾਂ ਦੀ ਗਿਣਤੀ ਅਤੇ ਇਸ ਦੇ ਵੇਰਵੇ ਪੁਰਾਣ, ਮਹਾਂਭਾਰਤ, ਅਤੇ ਰਾਮਾਇਣ ਆਦਿ ਵਿਚ ਵੱਖ ਵੱਖ ਪਾਏ ਜਾਂਦੇ ਹਨ। 'ਬਾਲਮੀਕਿ ਰਾਮਾਇਣ' ਵਿਚ ਜੁਗਾਂ ਦੀ ਹਾਲਤ ਇਉਂ ਬਿਆਨ ਕੀਤੀ ਜਾਂਦੀ ਗਈ ਹੈ।

(ੳ) **ਸਤਿਯੁਗ**—ਇਸ ਸਮੇਂ ਲੋਕਾਂ ਦੀਆਂ ਲੋੜਾਂ ਆਪਣੇ ਆਪ ਪੂਰੀਆਂ ਹੋ ਜਾਂਦੀਆਂ ਸਨ। ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਬਹੁਤਾ ਪੁਰਸ਼ਾਰਥ ਕਰਨ ਦੀ ਲੋੜ ਨਹੀਂ ਸੀ ਪੈਂਦੀ। ਹਰ ਕੋਈ ਆਪਣੇ ਧਰਮ ਵਿਚ ਪੱਕਾ ਸੀ। ਔਗੁਣਾਂ ਦਾ ਅਭਾਵ ਸੀ। ਇਸ ਯੁਗ ਅੰਦਰ ਵਿਸ਼ਨੂੰ ਅਵਤਾਰ ਹੋਇਆ।

(ਅ) **ਤ੍ਰੇਤਾ** ਵਿਚ ਧਰਮ ਦਾ ਚੌਥਾ ਹਿੱਸਾ ਉੱਡ ਗਿਆ। ਯੱਗ ਆਦਿ ਹੋਣ ਲਗੇ, ਲੋਕ ਸਵਾਰਥੀ ਹੋ ਗਏ, ਨਿਸ਼ਕਾਮ ਭਗਤੀ ਦੀ ਥਾਂ ਕਾਮਨਾ ਰੱਖ ਕੇ ਧਰਮ-ਕਰਮ ਕਰਨ ਲੱਗੇ। ਯੱਗ, ਹੋਮ ਆਦਿ ਕਰਮ-ਕਾਂਡਾਂ ਦਾ ਰਿਵਾਜ ਵਧ ਗਿਆ, ਸ੍ਰੀ ਰਾਮਚੰਦਰ ਇਸ ਯੁਗ ਦੇ ਅਵਤਾਰ ਹੋਏ।

(ੲ) **ਦੁਆਪੁਰ**—ਵਿਚ ਧਰਮ ਦੇ ਦੋ ਪੈਰ ਖਿਸਕ ਗਏ ਅਤੇ ਨੇਕੀ ਅੱਧੀ ਰਹਿ ਗਈ। ਸਤਿ ਅਤੇ ਯੱਗ ਬੰਦ ਹੋ ਗਏ, ਸੁਰਗ ਦੀ ਇੱਛਾ ਰੱਖ ਕੇ ਕੇਵਲ ਕਰਮ-ਕਾਂਡ ਯਾ ਤਪ ਉਤੇ ਜ਼ੋਰ ਦਿਤਾ ਜਾਣ ਲਗਾ। ਇਸ ਜੁਗ ਵਿਚ ਕ੍ਰਿਸ਼ਨ ਜੀ ਦਾ ਅਵਤਾਰ ਹੋਇਆ।

(ਸ) **ਕਲਿਯੁਗ**— ਦਾ ਸਮਾਂ ਭੈੜਾ ਮੰਨਿਆ ਜਾਂਦਾ ਹੈ। ਧਰਮ ਦੇ ਤਿੰਨ ਅੰਗ ਸਤਿ, ਯੱਗ ਤੇ ਤਪ ਮਿਟ ਗਏ ਅਤੇ ਬੁਰਿਆਈਆਂ ਨੇ ਜੀਵਨ ਉਤੇ ਗਲਬਾ ਪਾ ਲਿਆ, ਦੁਖ ਵਧ ਗਏ। ਕਲਕੀ ਅਵਤਾਰ ਦੀ ਆਸ ਕੀਤੀ ਜਾਂਦੀ ਹੈ।

(ਮਹਾਨ ਕੋਸ਼)

ਗੁਰੂ ਸਾਹਿਬ ਨੇ ਜੁਗਾਂ ਦੀ ਮਾਨਤਾ ਇਉਂ ਨਹੀਂ ਮੰਨੀ ਤੇ ਨਾ ਹੀ ਕਿਸੇ ਖਾਸ ਸਮੇਂ ਨੂੰ ਭੈੜਾ ਕਿਹਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਨਾਮ ਹੀ ਹਰ ਯੁਗ ਵਿਚ

ਮਾਨਸਕ ਸ਼ਾਂਤੀ ਪੈਦਾ ਕਰਦਾ ਆਇਆ ਹੈ ਤੇ ਕਲਿਯੁਗ ਵਿਚ ਵੀ ਇਹੋ ਜੀਵਨ-ਅਧਾਰ ਬਣ ਸਕਦਾ ਹੈ ।

ਜੁਗ ਚਾਰੇ ਨਾਮੁ ਉਤਮੁ ਹੋਈ
ਗੁਰਮੁਖਿ ਵਿਰਲਾ ਬੂਝੈ ਕੋਈ ।

(ਰਾਮਕਲੀ ੩, ਪੰਨਾ ੮੮੦)

ਸਤਿਜੁਗਿ ਸਤੁ ਤੇਤਾ ਜਗੀਂ, ਦੁਆਪੁਰਿ ਪੂਜਾਚਾਰ
ਤੀਨੋ ਜੁਗ ਤੀਨੋ ਦਿੜੇ, ਕਲਿ ਕੇਵਲ ਨਾਮ ਅਧਾਰ ।

(ਗਉੜੀ ਰਵਿਦਾਸ, ਪੰਨਾ ੩੪੬)

ਚਾਰੇ ਜੁਗ ਮੈਂ ਸੋਧਿਆ, ਵਿਣੁ ਸੰਗਤਿ ਅਹਿਕਾਰੁ ਨ ਭਗੈ ।

(ਵਾਰ ਰਾਮਕਲੀ ੫, ਪੰਨਾ ੧੦੯੮)

## ਚਾਰ ਪਦਾਰਥ

ਪੁਰਾਤਨ ਧਰਮ-ਗ੍ਰੰਥਾਂ ਵਿਚ ਮਨੁੱਖੀ ਜੀਵਨ ਲਈ ਅਤਿਅੰਤ ਲੋੜੀਂਦੀਆਂ ਚੀਜ਼ਾਂ ਨੂੰ ਪਦਾਰਥ ਕਿਹਾ ਗਿਆ ਤੇ ਇਨ੍ਹਾਂ ਦੀ ਗਿਣਤੀ ਚਾਰ ਦੱਸੀ ਹੈ :

ਧਰਮ, ਅਰਥ, ਕਾਮ, ਮੋਖ ।

ਧਰਮ ਦਾ ਅਰਥ ਮਨੁੱਖ ਦੀ ਅੰਦਰਲੀ ਨੇਕੀ ਹੈ ਮਨ ਦਾ ਦੈਵੀ ਗੁਣਾਂ ਨਾਲ ਭਰਪੂਰ ਹੋ ਕੇ ਆਪਣੇ ਕਰਤੱਵ ਦਾ ਪਾਲਣ ਹੈ, ਅਰਥ ਦਾ ਭਾਵ ਹੈ ਧਨ ਦੌਲਤ, ਸੰਸਾਰੀ ਜੀਵਨ ਨਿਭਾਉਣ ਲਈ ਧਨ ਦੀ ਲੋੜ ਪੈਂਦੀ ਹੈ, ਇਸ ਤੋਂ ਬਿਨਾਂ ਵੀ ਗੁਜ਼ਾਰਾ ਨਹੀਂ । ਇਸੇ ਤਰ੍ਹਾਂ ਪੁਰਖ ਦਾ ਪੁਰਖਪੁਣਾ ਉਸ ਦੀ ਕਾਮ-ਸ਼ਕਤੀ ਤੇ ਅਧਾਰਤ ਹੈ ਜਿਸ ਨਾਲ ਅੱਗੇ ਜੀਵਨ-ੜੀ ਚਲਦੀ ਰਹਿੰਦੀ ਹੈ । ਇਹ ਸਭ ਕੁਝ ਦੁਨਿਆਵੀ ਜੀਵਨ ਜੀਊਣ ਲਈ ਜ਼ਰੂਰੀ ਤੇ ਲਾਭਦਾਇਕ ਹੈ । ਪਰ ਮੋਖ-ਮੁਕਤਿ ਇਕ ਵਿਸ਼ੇਸ਼ ਪਦਾਰਥ ਹੈ. ਜਿਸ ਦੀ ਪ੍ਰਾਪਤੀ ਜੀਵਨ ਦਾ ਉਦੇਸ਼ ਹੈ । ਸਾਰੇ ਬੰਧਨਾਂ ਤੋਂ ਆਤਮਾ ਨੂੰ ਸੁਤੰਤਰ ਕਰਨਾ ਮੁਕਤੀ ਹੈ ਤੇ ਇਹ ਧਾਰਮਿਕ ਨਿਸ਼ਠਾ ਦੁਆਰਾ ਹਾਸਲ ਹੁੰਦੀ ਹੈ ।

ਗੁਰੂ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਲਈ ਮਨੁੱਖ ਤਰ੍ਹਾਂ-ਤਰ੍ਹਾਂ ਦੀਆਂ ਘਾਲਾਂ ਘਾਲਦਾ ਹੈ ਜੇਕਰ ਇਹ ਨਾਮ ਸਿਮਰਨ ਤੇ ਸੇਵਾ ਵਿਚ ਜੁੱਟ ਜਾਵੇ ਤਾਂ ਇਹ ਸਾਰੇ ਸਮਾਨ ਪ੍ਰਾਪਤ ਹੋ ਜਾਂਦੇ ਹਨ :

ਚਾਰਿ ਪਦਾਰਥ ਜੇਕੋ ਮਾਗੈ ।
ਸਾਧ ਜਨਾ ਕੀ ਸੇਵਾ ਲਾਗੈ ।

(ਗਉੜੀ ਸੁਖਮਨੀ ੫, ਪੰਨਾ ੨੬੬)

ਧਰਮ ਅਰਥ ਅਰ ਕਾਮ ਮੋਖ ਦੇਤੇ ਨਹੀਂ ਬਾਰ ।

(ਬਿਲਾਵਲ ੫, ਪੰਨਾ ੮੧੬)

**ਚਾਰ ਬਾਣੀਆਂ**

ਪ੍ਰਾਚੀਨ ਵਿਦਵਾਨਾਂ ਆਵਾਜ਼ ਨੂੰ ਧੁਨੀ ਭੇਦ ਅਨੁਸਾਰ ਚਾਰ ਭਾਗਾਂ ਵਿਚ ਵੰਡਿਆ ਹੈ :

ਪਰਾ, ਪਸਯੰਤੀ, ਮਧਯਮਾ, ਬੈਖਰੀ।

ਪਰਾ ਉਹ ਆਵਾਜ਼ ਹੈ ਜੋ ਅਜੇ ਮੂਲਾਧਾਰ ਵਿਚ ਹੀ ਹੈ। ਮੂਲਾਧਾਰ ਤੋਂ ਉਠ ਕੇ ਹਿਰਦੇ ਵਿਚ ਆਉਣ ਵਾਲੀ ਆਵਾਜ਼ 'ਪਸਯੰਤੀ' ਕਹਾਉਂਦੀ ਹੈ। ਜੋ ਕੰਠ ਵਿਚ ਆ ਗਈ ਉਹ 'ਮੱਧਮਾ' ਹੈ ਅਤੇ ਜੋ ਮੁਖ ਬਾਣੀ ਉਚਾਰੀ ਗਈ, ਉਹ 'ਬੈਖਰੀ' ਕਹਿਲਾਉਂਦੀ ਹੈ।

ਚਉਥਿ ਉਪਾਏ ਚਾਰੇ ਬੇਦਾ ਖਾਣੀ ਚਾਰੇ ਬਾਣੀ ਭੇਦਾ।

(ਬਿਲਾਵਲ ਥਿਤੀ ੧, ਪੰਨਾ ੮੩੯)

ਗੁਰੂ ਜੀ ਨੇ 'ਕੇਤੀਆ ਖਾਣੀ ਕੇਤੀਆ ਬਾਣੀ' ਕਹਿ ਕੇ ਇਸ ਦੀ ਬੇਅੰਤਤਾ ਵਲ ਵੀ ਸੰਕੇਤ ਕੀਤਾ ਹੈ।

**ਚਾਰ ਮੁਕਤੀਆਂ**

ਸਭ ਕਿਸਮ ਦੇ ਦੁਖਾਂ ਤੋਂ ਸਦਾ ਲਈ ਛੁਟਕਾਰਾ ਪਾਉਣਾ 'ਮੁਕਤੀ' ਹੈ। ਭਾਰਤੀ ਧਰਮਾਂ ਤੇ ਦਰਸ਼ਨਾਂ ਵਿਚ ਇਸ ਦਾ ਆਮ ਚਰਚਾ ਹੈ। ਭਾਵੇਂ ਇਸ ਦੇ ਸਰੂਪ ਬਾਰੇ ਮਤ ਭੇਦ ਹੈ, ਪਰ ਇਸਦੀ ਹੋਂਦ ਕਿਸੇ ਨ ਕਿਸੇ ਰੂਪ ਵਿਚ ਪਰਵਾਨ ਕੀਤੀ ਗਈ ਹੈ। ਚਾਰਵਾਕ ਸਰੀਰ ਦਾ ਅੰਤ ਹੀ ਮੁਕਤੀ ਮੰਨਦਾ ਹੈ ਕਿਉਂਕਿ ਉਨ੍ਹਾਂ ਦੇ ਖ਼ਿਆਲ ਅਨੁਸਾਰ ਇਸ ਪਿਛੋਂ ਜੀਵਨ ਹੈ ਹੀ ਨਹੀਂ। ਜੈਨ ਮਤ ਅਨੁਸਾਰ ਜੀਉਂਦਿਆਂ ਜੀ ਮੁਕਤੀ ਪਾਈ ਜਾ ਸਕਦੀ ਹੈ ਮਹਾਤਮਾ ਬੁਧ ਨੇ ਦੁਖ ਨਵਿਰਤੀ ਨੂੰ 'ਨਿਰਬਾਣ' ਯਾ ਮੁਕਤੀ ਆਖਿਆ ਹੈ। ਨਿਆਇਕਾਂ ਅਨੁਸਾਰ ਮੁਕਤੀ ਦੀ ਅਵਸਥਾ ਵਿਚ ਜਿਥੇ ਦੁਖ ਦਾ ਅਭਾਵ ਹੁੰਦਾ ਹੈ, ਉਥੇ ਸੁਖ ਦਾ ਵੀ ਅਭਾਵ ਹੁੰਦਾ ਹੈ। ਸਾਂਖ ਮਤ ਮੁਤਾਬਿਕ ਦੁਖ ਪ੍ਰਕ੍ਰਿਤੀ ਦੇ ਸੰਜੋਗ ਦਾ ਸਿੱਟਾ ਹੈ, ਜਦੋਂ ਪੁਰਖ ਏਕੋ ਏਕ ਰਹਿ ਜਾਂਦਾ ਹੈ ਤਾਂ ਉਹ 'ਕੈਵਲਯ' ਯਾ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਕਿਉਂਕਿ ਬੰਧਨ ਤੇ ਮੁਕਤੀ ਪ੍ਰਕ੍ਰਿਤੀ ਦੇ ਗੁਣ ਹਨ, ਪੁਰਸ਼ ਇਸ ਚੱਕਰ ਵਿਚ ਨਹੀਂ; ਉਸ ਨੂੰ ਤਾਂ ਇਹੋ ਬਿਬੇਕ ਹੋਣਾ ਕਿ ਉਹ ਨਿਤ, ਸਤਯ ਤੇ ਅਪਰਿਵਰਤਨਸ਼ੀਲ ਹੈ। ਇਸ ਕਰਕੇ ਸਾਂਖ ਨੇ ਜੀਵਨ-ਮੁਕਤੀ ਦੀ ਅਵਸਥਾ ਨੂੰ ਸਵੀਕਾਰ ਕੀਤਾ ਹੈ। ਮੀਮਾਂਸਾ ਅਨੁਸਾਰ ਦਿਸਦੇ ਜਗਤ ਨਾਲੋਂ ਮੋਹ ਟੁਟ ਜਾਣਾ ਮੁਕਤੀ ਤੇ ਵੇਦਾਂਤ ਮੁਤਾਬਿਕ ਇਸ ਪ੍ਰਪੰਚ ਦਾ ਭੁਲੇਖਾ ਮਿਟ ਜਾਣ ਤੇ ਬ੍ਰਹਿਮ ਨਾਲ ਅਭੇਦਤਾ ਦਾ ਅਨੁਭਵ ਹੀ ਮੁਕਤੀ ਹੈ।

ਭਾਰਤੀ ਚਿੰਤਕਾਂ ਚਾਰ ਕਿਸਮ ਦੀ ਮੁਕਤੀ ਮੰਨੀ ਹੈ — ਸਾਲੋਕਯ, ਸਾਯੁਜਯ, ਸਮੀਪਯ ਤੇ ਸਾਰੂਪਯ।

ਭਗਵਾਨ ਦੇ ਲੋਕ ਵਿਚ ਪਹੁੰਚਣਾ ਸਾਲੋਕਯ ਹੈ, ਉਸਦਾ ਅੰਗ ਹੋ ਜਾਣਾ ਸਾਯੁਜਯ, ਉਸਦੇ ਨਿਕਟ ਪਹੁੰਚਣਾ ਸਾਮੀਪਯ ਮੁਕਤੀ, ਉਸ ਦੇ ਸਰੂਪ ਜੇਹਾ ਹੋਣਾ

ਸਾਰੂਪਜ ਮੁਕਤੀ ਹੈ। ਗੁਰਬਾਣੀ ਵਿਚ ਕਿਸੇ ਪਰੰਪਰਾਈ ਮੁਕਤੀ ਦੀ ਇਛਾ ਤੋਂ ਇਨਕਾਰ ਕਰਦਿਆਂ 'ਪ੍ਰਭੂ-ਪਿਆਰ ਨੂੰ ਹੀ ਸਭ ਕੁਝ ਮੰਨਿਆ ਗਿਆ ਹੈ।

ਮੁਕਤਿ ਬਪੁੜੀ ਭਿ ਗਿਆਨੀ ਤਿਆਗੇ।

(ਮਾਰੂ ੫, ੧੦੭੮)

ਜਾਂ ਰਾਜ ਨ ਚਾਹਉ ਮੁਕਤਿ ਨ ਚਾਹਉ, ਮਨੁ ਪ੍ਰੀਤਿ ਚਰਣ ਕਮਲਾਰੇ।

(ਦੇਵਗੰਧਾਰੀ ੫, ੫੩੪)

ਗੁਰੂ ਨਾਨਕ ਸਾਹਿਬ ਨੇ 'ਜੀਵਨ-ਮੁਕਤ' ਦਾ ਲੱਛਣ ਕਰਦਿਆਂ 'ਹਉਮੈ ਰਹਿਤ ਹੋਣਾ' ਜ਼ਰੂਰੀ ਦੱਸਿਆ ਹੈ :—

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਏ।

(ਮਾਰੂ ੧, ਪੰਨਾ ੧੦੧੦)

ਗੁਰੂ ਗ੍ਰੰਥ ਅਨੁਸਾਰ ਪ੍ਰਭੂਸ਼ਰਣ ਵਿਚ ਜਾਣ ਨਾਲ ਚਾਰੇ ਮੁਕਤੀਆਂ ਮਿਲ ਜਾਂਦੀਆਂ ਹਨ :—

ਚਾਰਿ ਮੁਕਤਿ ਚਾਰੇ ਸਿਧਿ ਮਿਲ ਕੈ, ਦੂਲਹ ਪ੍ਰਭ ਕੀ ਸਰਨਿ ਪਰਿਓ।

(ਮਾਰੂ ਨਾਮਦੇਵ, ਪੰਨਾ ੧੧੦੫)

### ਚਾਰ ਵਰਣ

ਹਿੰਦੂ ਧਰਮ ਸ਼ਾਸਤ੍ਰ ਅਨੁਸਾਰ ਮਨੁੱਖ ਜਾਤੀ ਨੂੰ, ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ, ਇਨ੍ਹਾਂ ਨੂੰ 'ਚਾਰ ਵਰਣ' ਕਹਿੰਦੇ ਹਨ। ਵਰਣ ਦਾ ਅੱਖਰੀ ਅਰਥ ਰੰਗ ਹੈ, ਸ਼ਾਇਦ ਪਹਿਲੋਂ ਪਹਿਲ ਇਹ ਵੰਡ, ਰੰਗਾਂ ਦੇ ਅਧਾਰ ਤੇ ਹੀ ਹੋਈ ਹੋਵੇ —

ਬ੍ਰਾਹਮਣ ਦਾ ਰੰਗ ਗੋਰਾ, ਛਤ੍ਰੀ ਦਾ ਲਾਲ, ਵੈਸ਼ ਦਾ ਪੀਲਾ ਤੇ ਸ਼ੂਦ੍ਰ ਦਾ ਕਾਲਾ ਰੰਗ ਦੱਸਿਆ ਗਿਆ ਹੈ। ਦਰਅਸਲ ਬਾਹਰੋਂ ਆਉਣ ਵਾਲੇ ਆਰੀਆ ਲੋਕ ਗੋਰੇ ਸਨ ਤੇ ਇਥੋਂ ਦੇ ਆਦਿ ਵਾਸੀ ਦ੍ਰਾਵੜ, ਕੋਲ ਆਦਿ ਕਾਲੇ। ਇਸੇ ਭਿੰਨ ਭੇਦ ਤੋਂ ਵਧ ਕੇ ਚਾਰ ਵਰਣਾਂ ਦੀ ਵੰਡ ਬਣੀ। ਹਰ ਵਰਣ ਦਾ ਧਰਮ ਕਰਮ ਵੀ ਨਿਸ਼ਚਤ ਸੀ। ਬ੍ਰਾਹਮਣ ਦਾ ਦਰਜਾ ਉੱਚਾ ਸੀ, ਇਸਦਾ ਕਰਮ-ਵੇਦ ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਕਰਾਉਣਾ ਤੇ ਦਾਨ ਦੇਣਾ ਅਤੇ ਲੈਣਾ ਸੀ। ਬ੍ਰਾਹਮਣ ਅੱਠ ਸਾਲ ਦੀ ਉਮਰ ਵਿਚ ਸੂਤ ਦਾ ਜਨੇਊ ਪਾ ਕੇ ਧਰਮ ਕਰਮ ਦੇ ਯੋਗ ਹੁੰਦਾ ਹੈ। ਖਤਰੀ ਦਾ ਕਰਮ ਵਿਦਿਆ ਪੜ੍ਹਨਾ, ਯੱਗ ਕਰਨਾ, ਦਾਨ ਦੇਣਾ ਤੇ ਪਰਜਾ ਦੀ ਹਰ ਤਰ੍ਹਾਂ ਰਾਖੀ ਕਰਨਾ ਸੀ। ਇਸ ਦਾ ਜਨੇਊ ਸੰਸਕਾਰ ੧੧ ਵਰ੍ਹੇ ਦੀ ਉਮਰ ਵਿਚ ਹੁੰਦਾ ਤੇ ਜਨੇਊ ਸਣ ਦਾ ਪਾਇਆ ਜਾਂਦਾ। ਵੈਸ਼ ਦਾ ਕੰਮ ਖੇਤੀ ਬਾੜੀ, ਪਸ਼ੂਆਂ ਦਾ ਪਾਲਣ ਅਤੇ ਵਣਜ ਵਪਾਰ ਕਰਨਾ ਹੈ, ਇਸ ਦਾ ਜੰਞੂ ਸੰਸਕਾਰ ੧੨ ਵਰ੍ਹੇ ਦੀ ਉਮਰ ਵਿਚ ਹੁੰਦਾ ਤੇ ਜਨੇਊ ਉੱਨ ਦਾ ਪਾਇਆ ਜਾਂਦਾ ਹੈ। ਸ਼ੂਦ੍ਰ ਦਾ ਕੰਮ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਹੈ, ਉਸ ਨੂੰ ਧਰਮ ਕਰਮ ਦਾ ਅਧਿਕਾਰ ਨਹੀਂ, ਇਸ ਕਰਕੇ ਉਸ ਨੂੰ ਜਨੇਊ ਵੀ ਨਹੀਂ ਪਹਿਨਾਇਆ ਜਾਂਦਾ। ਇਹ ਵਰਣ-ਮਰਯਾਦਾ ਹਿੰਦੂ ਜਾਤੀ ਵਿਚ

ਤਕੜੀ ਜੜਾਂ ਉਤੇ ਰਹੀ ਹੈ ਤੇ ਇਸ ਦੇ ਕਾਰਣ ਪੈਦਾ ਹੋਇਆ ਭਿੰਨ ਭੇਦ ਤੇ ਵਿਖੇਵਾਂ ਅੰਤ ਭਾਰਤੀ ਸਮਾਜ ਲਈ ਮਾਰੂ ਸਿਧ ਹੋਇਆ। ਗੁਰੂਆਂ ਤੇ ਸੰਤਾਂ ਭਗਤਾਂ ਇਸ ਵੰਡ ਨੂੰ ਪਰਵਾਨ ਨਹੀਂ ਕੀਤਾ, ਉਨ੍ਹਾਂ ਮਨੁੱਖ ਮਾਤਰ ਲਈ ਧਰਮ ਦਾ ਇਕੋ ਜੇਹਾ ਅਧਿਕਾਰ ਮੰਨਿਆ ਹੈ :—

ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸੁ ਚਹੁ ਵਰਨਾਂ ਕਉ ਸਾਂਝਾ
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ, ਘਟਿ ਘਟਿ ਨਾਨਕ ਮਾਝਾ।
(ਸੂਹੀ ੫, ਪੰਨਾ ੭੪੮)

ਚਾਰੇ ਵਰਨ ਆਖੈ ਸਭ ਕੋਈ
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ।

(ਭੈਰਉ ੩, ਪੰਨਾ ੧੧੨੮)

## ਚਾਰ ਵੇਦ

ਹਿੰਦੂਆਂ ਦੇ ਸਭ ਤੋਂ ਪੁਰਾਤਨ ਧਰਮ-ਗ੍ਰੰਥ ਚਾਰ ਵੇਦ ਹਨ—ਰਿਗ, ਸਾਮ, ਯਜੁਰ ਤੇ ਅਥਰਵ। ਪਹਿਲੇ ਤਿੰਨ ਹੀ ਸਨ, ਅਥਰਵ ਵੇਦ ਪਿਛੋਂ ਸ਼ਾਮਲ ਹੋਇਆ। ਇਹ ਪ੍ਰਾਚੀਨ ਰਿਸ਼ੀਆਂ ਦੀਆਂ ਰਚਨਾਵਾਂ ਹਨ ਜਿਨ੍ਹਾਂ ਨੂੰ ਸੁਣ ਸੁਣ ਕੇ ਸੀਨੇ-ਬਸੀਨੇ ਕੰਠ ਕੀਤਾ ਜਾਂਦਾ ਸੀ, ਇਸੇ ਕਰਕੇ ਇਨ੍ਹਾਂ ਨੂੰ 'ਸ੍ਰੁਤਿ' ਕਿਹਾ ਗਿਆ ਹੈ। ਪਿਛੋਂ ਵੇਦ ਵਿਆਸ ਨੇ ਇਸ ਸਾਰੀ ਰਚਨਾਵਲੀ ਨੂੰ ਚਾਰ ਭਾਗਾਂ ਵਿਚ ਸੰਪਾਦਿਤ ਕਰ ਦਿਤਾ। ਰਿਗ ਵੇਦ ਦੇ ਦਸ ਮੰਡਲ ਤੇ ੧੦੨੮ ਸੂਕਤ ਹਨ, ਇਹ ਮੰਤ੍ਰ ਜ਼ਿਆਦਾ ਅਗਨਿ, ਇੰਦ੍ਰ, ਵਰਣ ਦੇਵਤਿਆਂ ਦੀ ਉਸਤਤੀ ਦੇ ਹਨ। ਸਾਮਵੇਦ ਵਿਚ ਇਨ੍ਹਾਂ ਮੰਤ੍ਰਾਂ ਨੂੰ ਹੀ ਗਾਉਣ-ਚਿੰਨ੍ਹਾਂ ਨਾਲ ਪੇਸ਼ ਕੀਤਾ ਗਿਆ ਹੈ। ੯੯ ਨਵੀਆਂ ਰਿਚਾਵਾਂ ਹਨ, ਕੁਲ ੧੮੭੫ ਮੰਤ੍ਰ ਹਨ। ਯਜੁਰਵੇਦ ਵਾਰਤਿਕ ਵਿਚ ਹੈ ਤੇ ਇਸ ਵਿਚ ਯੱਗ ਕਰਨ ਦੇ ਮੰਤ੍ਰ ਹਨ, ਇਸ ਦੇ ਕ੍ਰਿਸ਼ਣ ਯਜੁਰ ਤੇ ਸੁਕਲ ਯਜੁਰ ਦੋ ਵੱਡੇ ਹਿੱਸੇ ਹਨ। ਅਥਰਵ ਵੇਦ ਜਾਦੂ ਟੂਣੇ ਤੇ ਜੰਤ੍ਰ ਮੰਤ੍ਰ ਦਾ ਵੇਦ ਹੈ, ਇਸ ਦੇ ੨੦ ਕਾਂਡ ਤੇ ਕੁਲ ੭੬੦ ਮੰਤ੍ਰ ਹਨ। ਪੁਰਾਤਨ ਬ੍ਰਾਹਮਣੀ ਨਿਸਚਾ ਸੀ ਕਿ ਵੇਦ ਈਸ਼ਵਰੀ ਰਚਨਾ ਹੈ ਤੇ ਇਸ ਦਾ ਪਾਠ ਮੁਕਤੀ ਦਾਤਾ ਹੈ, ਪਰ ਗੁਰੂਆਂ ਇਹ ਗੱਲ ਸਵੀਕਾਰ ਨਹੀਂ ਕੀਤੀ ਤੇ ਨਾਹੀ ਵੇਦਕ ਕਰਮਕਾਂਡਾਂ ਨੂੰ ਜੀਵਨ ਲਈ ਸਾਰਥਕ ਮੰਨਿਆ ਹੈ :

ਚਤੁਰ ਬਦ ਮੁਖ ਬਚਨੀ ਉਚਰੈ ਆਗੈ ਮਹਲ ਨ ਪਾਈਐ
ਬੂਝੈ ਨਾਹੀ ਏਕੁ ਸੁਧਾਖਰੁ, ਓਹੁ ਸਗਲੀ ਝਾਖ ਝਖਾਈਐ
(ਗਉੜੀ ਮਹਲਾ ੫, ਪੰਨਾ ੨੧੬)

ਕਬੀਰ ਬਾਮਨ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰੂ ਨਾਹਿ
ਅਰਝਿ ਉਰਝਿ ਕੈ ਪਚਿ ਮੂਆ, ਚਾਰਹੁ ਬੇਦਹੁ, ਮਾਹਿ। ੨੩੭੧
(ਸਲੋਕ ਕਬੀਰ, ਪੰਨਾ ੧੩੭੭)

ਸਾਮ ਵੇਦੁ, ਰਿਗੁ, ਜੁਜਰ, ਅਥਰਵਣੁ
ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ।

(ਮਾਰੂ ੧, ਪੰਨਾ ੧੦੩੭)

ਸਤਿਗੁਰਾਂ ਦੇ ਵਿਚਾਰ ਅਨੁਸਾਰ ਵੇਦ ਤ੍ਰੈ-ਗੁਣਾਤਮਕ ਹਨ, ਇਹ ਮਾਇਆਵੀ ਚੱਕ੍ਰ ਵਿਚੋਂ ਨਹੀਂ ਨਿਕਲਦੇ । ਵੇਦ ਨੂੰ 'ਵਪਾਰੀ' ਇਸੇ ਭਾਵ ਨਾਲ ਕਿਹਾ ਹੈ ਕਿ ਇਹ ਪਾਪ ਪੁੰਨ ਦੇ ਵਿਚਾਰ ਆਸਰੇ ਨਰਕ ਸੁਰਗ ਦਾ ਸੌਦਾ ਕਰਦਾ ਹੈ । ਇਸ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਭਾਉ ਭਗਤੀ ਹੈ ।

ਚਾਰੇ ਬੇਦ ਹੋਇ ਸਚਿਆਰ । ਪੜਹਿ ਗੁਣਹਿ ਤਿਨ ਚਾਰ ਵਿਚਾਰ।
ਭਾਉ ਭਗਤਿ ਕਰਿ ਨੀਚੁ ਸਦਾਏ । ਨਾਨਕ ਤਉ ਮੋਖੰਤਰੁ ਪਾਏ ।

(ਵਾਰ ਆਸਾ ੧, ਪੰਨਾ ੪੭੦)

## ਚਿਤ੍ਰ ਗੁਪਤ

ਹਿੰਦੂ ਪੁਰਾਣਕ ਰਵਾਇਤ ਅਨੁਸਾਰ ਮਨੁੱਖ ਦੇ ਨਾਲ ਰਹਿ ਕੇ ਗੁਪਤ ਤਰੀਕੇ ਨਾਲ ਇਸ ਦੇ ਅਮਲ ਲਿਖਣ ਵਾਲਾ ਮੁਨਸ਼ੀ, ਚਿਤ੍ਰ ਗੁਪਤ ਹੈ । ਕਈ ਇਸ ਨੂੰ ਕਾਇਸਥ ਲੋਕਾਂ ਦਾ ਵਡੇਰਾ ਦਸਦੇ ਹਨ ।

'ਸਕੰਦ ਪੁਰਾਣ' ਮੁਤਾਬਿਕ ਚਿਤ੍ਰ ਨਾਂ ਦਾ ਰਾਜਾ ਲੇਖੇ ਵਿਚ ਬੜਾ ਚਤਰ ਸੀ, ਇਸ ਲਈ ਧਰਮਰਾਜ ਨੇ ਉਸ ਨੂੰ ਆਪਣੇ ਪਾਸ ਹੀ ਰੱਖ ਲਿਆ । ਗਰੁੜ ਪੁਰਾਣ ਦੀ ਲਿਖਤ ਅਨੁਸਾਰ ਚਿਤ੍ਰਗੁਪਤ ਦੀ ਪੁਰੀ ਧਰਮਰਾਜ ਦੇ ਲਾਗੇ ਹੀ ਹੈ ਜੋ ਕਿ ਮਨੁੱਖ ਦੇ ਸਾਰੇ ਕਰਮਾਂ ਦਾ ਲੇਖਾ ਕਰਦੀ ਹੈ । ਕਈ ਚਿਤ੍ਰ ਤੇ ਗੁਪਤ ਦੋ ਕਰਮਚਾਰੀ ਮੰਨਦੇ ਹਨ ।

ਇਸ ਮਨੌਤ ਦਾ ਹਵਾਲਾ ਦਿੰਦਿਆਂ ਗੁਰੂ ਸਾਹਿਬ ਨੇ ਲਿਖਿਆ ਹੈ ਕਿ ਪ੍ਰਭੂ ਸਿਮਰਨ ਸਦਕਾ ਸਭ ਲੇਖੇ ਆਪਣੇ ਆਪ ਮੁੱਕ ਜਾਂਦੇ ਹਨ :

ਚਿਤ੍ਰ ਗੁਪਤ ਕਾ ਕਾਗਦ ਫਾਰਿਆ, ਜਮਦੂਤਾਂ ਕਛੂ ਨ ਚਲੀ ।

(ਸਿਰੀ ੫, ਪੰਨਾ ੭੯)

ਜਬ ਅਬਗਤ ਅਗੋਚਰ ਪ੍ਰਭ ਏਕਾ
ਤਬ ਚਿਤ੍ਰ ਗੁਪਤ ਕਿਸ ਪੂਛਤ ਲੇਖਾ ।

(ਗਉੜੀ ਸੁਖਮਨੀ ੫, ਪਨਾ ੨੯੧)

## ਚਿੰਤਾਮਣਿ

ਭਾਰਤੀ ਰਵਾਇਤ ਅਨੁਸਾਰ ਚਿੰਤਾਮਣੀ ਇਕ ਐਸੀ ਮਣੀ ਹੈ, ਜਿਸ ਨੂੰ ਸਾਮ੍ਹਣੇ ਰੱਖ ਕੇ ਜੋ ਚਿਤਵਨੀ ਕਰੀਏ, ਸੋ ਪੂਰੀ ਹੋ ਜਾਂਦੀ ਹੈ, ਇਸ ਨੂੰ ਦਿਵਯ ਰਤਨ ਵੀ ਕਹਿੰਦੇ ਹਨ । ਗੁਰਮਤਿ ਅਨੁਸਾਰ ਪਰਮੇਸ਼ਰ ਹੀ ਚਿੰਤਾਮਣੀ ਹੈ ਜੋ ਸਭ ਇੱਛਾਵਾਂ ਪੂਰੀਆਂ ਕਰਨਹਾਰ ਹੈ ।

ਨਾਨਕ ਕਹਿਤ ਚੇਤ ਚਿੰਤਾਮਣਿ ਤੈ ਭੀ ਉਤਰਹਿ ਪਾਰਾ ।

(ਸੋਰਠਿ ੯, ਪੰਨਾ ੬੩੨)

**ਚੁਲੀ**

ਹਿੰਦੂ ਰੀਤਿ ਅਨੁਸਾਰ ਕੋਈ ਪ੍ਰਤਿੱਗਿਆ ਕਰਨਾ ਤੇ ਇਸ ਦੇ ਚਿੰਨ੍ਹ ਵਜੋਂ ਹੱਥ ਵਿਚ ਪਾਣੀ ਲੈ ਕੇ ਫਿਰ ਛੱਡਣਾ ਚੁਲੀ ਕਹਾਉਂਦਾ ਹੈ । ਬ੍ਰਾਹਮਣ ਆਪਣੀ ਪ੍ਰੋਹਤਗੀਰੀ ਕਰਦੇ ਹੋਏ ਜਜਮਾਨਾਂ ਤੋਂ ਦਾਨ-ਪੁੰਨ ਲੈਣ ਲਈ ਚੁਲੀਆਂ ਛੁਡਾਉਂਦੇ ਤੇ ਪਿਛੋਂ ਇਸ ਪੁੰਨ ਦਾ ਆਪਣੇ ਸੁਆਰਥ ਲਈ ਦੁਰਪ੍ਰਯੋਗ ਕਰਦੇ ਸਨ । ਗੁਰੂ ਨਾਨਕ ਸਾਹਿਬ ਨੇ—

'ਤਨਿ ਫਿਟੇ ਫੇੜ ਕਰੇਨਿ । ਮਨਿ ਜੂਠੇ ਚੁਲੀ ਭਰੇਨਿ' ਕਹਿੰਦਿਆਂ ਹੋਇਆਂ ਇਸ ਰਸਮ੍ ਦੀ ਨਿਖੇਧੀ ਕੀਤੀ ਅਤੇ ਹਰ ਮਨੁੱਖ ਲਈ ਸ਼ੁਭ ਗੁਣਾਂ ਦੀ ਚੁਲੀਆਂ (ਸੰਕਲਪ) ਦਾ ਵਿਧਾਨ ਕੀਤਾ ਕਿ ਪੜ੍ਹੇ ਲਿਖੇ ਲਈ ਗਿਆਨ ਦੀ, ਜੋਗੀ ਲਈ ਜਤ ਦੀ, ਬ੍ਰਾਹਮਣ ਲਈ ਸੰਤੋਖ ਦੀ, ਗ੍ਰਿਹਸਤੀ ਲਈ ਦਾਨ ਦੀ ਅਤੇ ਰਾਜੇ ਲਈ ਨਿਆਂ ਦੀ ਚੁਲੀ ਹੀ ਠੀਕ ਹੈ । ਆਪ ਲਿਖਦੇ ਹਨ—

ਨਾਨਕ ਚੁਲੀਆ ਸੁਚੀਆ, ਜੇ ਭਰਿ ਜਾਣੈ ਕੋਇ
ਸੁਰਤੇ ਚੁਲੀ ਗਿਆਨ ਕੀ, ਜੋਗੀ ਕਾ ਜਤੁ ਹੋਇ
ਬ੍ਰਾਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨੁ
ਰਾਜੇ ਚੁਲੀ ਨਿਆਵ ਕੀ, ਪੜਿਆ ਸਚੁ ਧਿਆਨੁ ।

(ਵਾਰ ਸਾਰੰਗ ੧, ਪੰਨਾ ੧੨੪੦)

**ਚੰਡੂਰ**

ਰਾਜੇ ਕੰਸ ਦੇ ਅਖਾੜੇ ਦਾ ਇਕਰ ਪਸ਼ੂ-ਬਿਰਤੀ ਵਾਲਾ ਭਲਵਾਨ, ਜਿਸ ਨੂੰ ਸ੍ਰੀ ਕ੍ਰਿਸ਼ਨ ਜੀ ਅਤੇ ਬਲਭੱਦਰ ਨੂੰ ਮਾਰਨ ਖਾਤਰ ਭੇਜਿਆ ਗਿਆ ਸੀ । ਜਦੋਂ ਇਸ ਦੀ ਸ੍ਰੀ ਕ੍ਰਿਸ਼ਨ ਜੀ ਨਾਲ ਕੁਸ਼ਤੀ ਹੋਈ ਤਾਂ ਆਪ ਨੇ ਇਸ ਨੂੰ ਪਹਿਲੀ ਸੱਟੇ ਹੀ ਪਛਾੜ ਕੇ ਸੁੱਟ ਦਿਤਾ ਤੇ ਥਾਂ ਮਾਰ ਦਿਤਾ । ਇਵੇਂ-ਜਿਵੇਂ ਕੇਸੀ ਖ਼ਤਮ ਹੋਇਆ । ਇਸ ਘਟਨਾ ਵਲ ਸੰਕੇਤ ਕਰਦਿਆਂ ਗੁਰੂ ਸਾਹਿਬ ਨੇ ਲਿਖਿਆ ਹੈ ਕਿ ਉਹ ਪ੍ਰਭੂ ਆਪ ਦੁਸ਼ਟਾਂ ਨੂੰ ਦੰਡ ਦੇਣ ਲਈ ਅਜੇਹੇ ਕੌਤਕ ਕਰਦਾ ਰਹਿੰਦਾ ਹੈ ।

ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ ।
ਕਰਿ ਬਾਲਕ ਰੂਪ ਉਪਾਇਦਾ ਪਿਆਰਾ, ਚੰਡੂਰੁ ਕੰਸੁ ਕੇਸੁ ਮਾਰਾਹਾ ।

(ਸੋਰਠਿ ੪, ਪੰਨਾ ੬੦੬)

**ਚੰਦ**

ਹਿੰਦੂ ਮਨੌਤ ਅਨੁਸਾਰ ਚੰਦ, ਚੋਦਾਂ ਰਤਨਾਂ ਵਿਚੋਂ ਇਕ ਹੈ ਜੋ ਦੇਵਤਿਆਂ

ਤੇ ਦੈਂਤਾਂ ਦੇ ਸਾਗਰ-ਮਥਨ ਉਪਰੰਤ ਨਿਕਲਿਆ। ਪੁਰਾਣਾਂ ਮੁਤਾਬਿਕ ਇਸ ਦਾ ਤਿੰਨ ਪਹੀਆਂ ਵਾਲਾ ਰਥ ਹੈ ਜਿਸ ਨੂੰ ਚਿੱਟੇ ਦੁੱਧ ਵਰਗੇ ਦਸ ਘੋੜੇ ਖਿਚਦੇ ਹਨ। ਇਕ ਵਿਚਾਰ ਇਹ ਵੀ ਹੈ ਕਿ ਚੰਦ੍ਰਮਾ ਅਤ੍ਰੀ ਰਿਸ਼ੀ ਦੇ ਘਰ ਅਨਸੂਯਾ ਦੇ ਉਦਰ ਤੋਂ ਪੈਦਾ ਹੋਇਆ ਅਤੇ ਇਸ ਦਖਸ਼ ਰਾਜੇ ਦੀਆਂ ੨੭ ਧੀਆਂ ਵਿਆਹੀਆਂ। ਭਾਵ ੨੭ ਨਖੱਤਰਾਂ ਤੋਂ ਜਾਪਦਾ ਹੈ। ਬ੍ਰਾਹਮਣ ਇਸ ਦੀ ਦੇਵਤਾ ਮੰਨ ਕੇ ਪੂਜਾ ਕਰਦੇ ਹਨ ਤੇ ਵਿਸ਼ਨੂ ਪੁਰਾਣ ਵਿਚ ਤਾਂ ਇਸ ਨੂੰ 'ਬ੍ਰਾਹਮਣਾਂ ਦਾ ਰਾਜਾ' ਲਿਖਿਆ ਹੈ।

ਦਰ-ਅਸਲ ਚੰਦ ਇਕ ਉਪ-ਗ੍ਰਹਿ ਹੈ ਜੋ ਕਿ ਧਰਤੀ ਤੋਂ ੨੩੮੮੯੦ ਮੀਲ ਦੂਰ ਹੈ, ਇਹ ਸੂਰਜ ਦੀ ਰੋਸ਼ਨੀ ਨਾਲ ਚਮਕਦਾ ਦਿਖਾਈ ਦਿੰਦਾ ਹੈ। ਜਿਤਨੇ ਹਿਸੇ ਤੇ ਸੂਰਜੀ ਕਿਰਣਾਂ ਪੈਂਦੀਆਂ ਹਨ,ਉਸ ਅਨੁਸਾਰ ਇਹ ੧੫ ਦਿਨ ਵਧਦਾ ਘਟਦਾ ਦਿਸਦਾ ਰਹਿੰਦਾ ਹੈ। ਹੁਣੇ ਹੁਣੇ ਪੁਲਾੜ-ਯਾਤ੍ਰੀਆਂ ਨੇ ਇਸ ਉਪਗ੍ਰਹਿ ਤੇ ਪਹੁੰਚ ਕੇ ਤੇ ਉਥੋਂ ਫ਼ੋਟੋਆਂ ਲੈ ਕੇ ਬੜੀ ਲਾਭਦਾਇਕ ਜਾਣਕਾਰੀ ਦਿਤੀ ਹੈ। 'ਤਾਰਾ-ਵਿਗਿਆਨ' ਅਨੁਸਾਰ ਚੰਦ੍ਰਮਾ ੨੭ ਦਿਨ, ੭ ਘੰਟੇ, ੪੩ ਮਿੰਟਾਂ ਤੇ ੪੭ ਸੈਕਿੰਡਾਂ ਵਿਚ ਧਰਤੀ ਦੀ ਪ੍ਰਕਰਮਾ ਕਰਦਾ ਤੇ ਆਪਣੇ ਧੁਰੇ ਤੇ ਵੀ ਚੱਕਰ ਲਾਉਂਦਾ ਰਹਿੰਦਾ ਹੈ। ਇਸੇ ਵਲ ਸੰਕੇਤ ਕਰਦਿਆਂ ਗੁਰੂ ਸਾਹਿਬ ਨੇ ਕਿਹਾ ਹੈ—

ਭੈ ਵਿਚਿ ਸੂਰਜ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।

(ਵਾਰ ਆਸਾ ੧)

ਸਤਿਗੁਰੂ ਇਕ ਤੋਂ ਵਧ ਚੰਦ ਮੰਨਦੇ ਹਨ ਤੇ ਵਿਗਿਆਨ ਵੀ ਇਸ ਦੀ ਪੁਸ਼ਟੀ ਕਰਦਾ ਹੈ।

ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ।

(ਜਪੁ)

ਯੋਗ ਸੰਕੇਤਾਵਲੀ ਅਨੁਸਾਰ ਚੰਦ, ਇੜਾ ਸੁਰ ਹੈ ਤੇ ਸੂਰਜ ਪਿੰਗਲਾ ਸੁਰ ਅਰਥਾਤ ਖੱਬੀ ਨਾਸ ਚੰਦ ਤੇ ਸੱਜੀ ਨਾਸ ਸੂਰਜ ਕਹਾਉਂਦੀ ਹੈ। ਇਨ੍ਹਾਂ ਨੂੰ ਸੁਖਮਨਾ ਨਾੜੀ ਨਾਲ ਮਿਲਾ ਕੇ ਤ੍ਰਿਬੇਣੀ ਵਿਚ ਪੁਜਣ ਵਾਲਾ ਯੋਗੀ ਪਰਮ-ਪਦ ਨੂੰ ਪ੍ਰਾਪਤ ਹੁੰਦਾ ਹੈ।

ਚੰਦ ਸੂਰਜ ਕੀ ਪਾਏ ਗੰਢਿ।
ਤਿਸੁ ਉਦਾਸੀ ਕਾ ਪੜੈ ਨ ਕੰਧੁ।

(ਵਾਰ ਰਾਮਕਲੀ, ਪੰਨਾ ੯੫੨)

ਯਾ

ਇੜਾ ਪਿੰਗਲਾ ਅਉਰ ਸੁਖਮਨਾ, ਪਉਨੈ ਬੰਧਿ ਰਹਾਉਗੋ
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ, ਬ੍ਰਹਮ ਜੋਤਿ ਮਿਲਿ ਜਾਉਗੋ।

(ਰਾਮਕਲੀ ਨਾਮਦੇਵ, ਪੰਨਾ ੯੭੩)

## ਚੰਦ੍ਰਹਾਂਸ

ਮਹਾਂ-ਭਾਰਤ ਅਨੁਸਾਰ ਇਕ ਦੱਖਣ ਦਾ ਰਾਜਾ ਜਿਸ ਦੇ ਮਾਂ-ਪਿਓ ਬਚਪਨ ਵਿਚ ਮਰ ਗਏ ਸਨ ਤੇ ਉਸ ਦੇ ਚਾਲਾਕ ਵਜ਼ੀਰ ਧ੍ਰਿਸ਼ਟ ਬੁੱਧੀ ਨੇ ਸਾਰਾ ਰਾਜ ਸੰਭਾਲ ਲਿਆ ਸੀ। ਇਕ ਦਿਨ ਕਿਸੇ ਸਿਆਣੇ ਜੋਤਸ਼ੀ ਨੇ ਚੰਦ੍ਰਹਾਂਸ ਨੂੰ ਦੱਸਿਆ ਕਿ ਤੂੰ ਚਕ੍ਰਵਤੀ ਰਾਜਾ ਬਣਨ ਵਾਲਾ ਹੈਂ। ਇਹ ਸੁਣ ਕੇ ਧ੍ਰਿਸ਼ਟਬੁਧੀ ਵਜ਼ੀਰ ਨੇ ਇਸ ਨੂੰ ਮਾਰਨ ਲਈ ਸਾਜ਼ਸ਼ਾਂ ਸ਼ੁਰੂ ਕਰ ਦਿਤੀਆਂ। ਇਕ ਦਿਨ ਇਸ ਵਜ਼ੀਰ ਨੇ ਆਪਣੇ ਪੁੱਤਰ ਮਦਨ ਦੇ ਨਾਮ ਚਿੱਠੀ ਲਿਖ ਕੇ ਦਿਤੀ ਕਿ ਇਸ ਨੂੰ 'ਵਿਸ਼' ਦੇ ਦਿਓ। ਇਹ ਚਿੱਠੀ ਚੰਦ੍ਰਹਾਂਸ ਦੀ ਜੇਬ ਵਿਚ ਹੀ ਸੀ ਜਦੋਂ ਕਿ ਉਹ ਇਕ ਬਾਗ਼ ਵਿਚ ਸੁੱਤਾ ਪਿਆ ਸੀ। ਸੁੱਤੇ ਸ਼ਹਿਜ਼ਾਦੇ ਦਾ ਹੁਸਨ ਦੇਖ ਕੇ ਵਜ਼ੀਰ ਦੀ ਲੜਕੀ ਮੋਹਿਤ ਹੋ ਗਈ ਤੇ ਉਸ ਨੇ ਜੇਬ ਵਿਚੋਂ ਕਾਗ਼ਜ਼ ਕਢ ਕੇ 'ਵਿਸ਼' ਦੀ ਥਾਂ 'ਵਿਸ਼ਯਾ' ਕਰ ਦਿਤਾ। ਵਿਸ਼ਯਾ ਵਜ਼ੀਰ ਦੀ ਲੜਕੀ ਦਾ ਨਾਮ ਸੀ, ਜਦ ਇਹ ਇਹ ਚਿੱਠੀ ਧ੍ਰਿਸ਼ਟਬੁਧਿ ਦੇ ਲੜਕੇ ਮਦਨ ਨੇ ਪੜ੍ਹੀ ਤਾਂ ਉਸ ਨੇ ਪਿਤਾ ਦੀ ਆਗਿਆ ਅਨੁਸਾਰ ਫ਼ੌਰਨ ਆਪਣੀ ਭੈਣ 'ਵਿਸ਼ਯਾ' ਦੀ ਸ਼ਾਦੀ ਚੰਦ੍ਰਹਾਂਸ ਨਾਲ ਕਰ ਦਿਤੀ। ਇਹ ਸੁਣ ਕੇ ਧ੍ਰਿਸ਼ਟ-ਬੁਧਿ ਹੋਰ ਅੱਗ-ਬਘੂਲਾ ਹੋ ਗਿਆ।

ਉਸ ਫਿਰ ਇਕ ਵਾਰ ਮੰਦਰ ਗਏ ਰਾਜੇ ਚੰਦ੍ਰਹਾਂਸ ਨੂੰ ਮਾਰਨ ਦੀ ਵਿਉਂਤ ਬਣਾਈ ਪਰੰਤੂ ਭੁਲੇਖੇ ਵਿਚ ਉਥੇ ਇਸ ਆਪਣਾ ਪੁੱਤਰ ਮਦਨ ਮਰਵਾ ਲਿਆ (ਮਹਾਨਕੋਸ਼) ਆਦਿ ਗ੍ਰੰਥ ਵਿਚ ਸੰਕੇਤ ਹੈ ਕਿ ਜੇਹਾ ਬੀਜੇਗੇ, ਤੇਹਾ ਹੀ ਵੱਢਣਾ ਪੈਂਦਾ ਹੈ। ਧ੍ਰਿਸ਼ਟਬੁਧਿ ਨੇ ਖੁਦ ਹੀ ਸਾਜ਼ਸ਼ਾਂ ਕਰ-ਕਰ ਆਪਣਾ ਘਰ ਤਬਾਹ ਕਰ ਲਿਆ।

ਗੁਰੂ ਰਾਮਦਾਸ ਜੀ ਦੇ ਜਿਸ ਸ਼ਬਦ ਵਿਚ ਚੰਦ੍ਰਹਾਂਸ ਦਾ ਸੰਕੇਤ ਵਰਤਿਆ ਹੈ, ਉਸ ਵਿਚ ਮੁਖ ਵਿਚਾਰ ਇਹ ਹੈ ਕਿ ਪ੍ਰਭੂ ਆਪਣੇ ਸੇਵਕਾਂ, ਭਗਤਾਂ ਤੇ ਉਸ ਨੂੰ ਪੁਕਾਰਣ ਵਾਲਿਆਂ ਦਾ ਆਪ ਰਾਖਾ ਹੁੰਦਾ ਹੈ। ਉਨ੍ਹਾਂ ਨੂੰ ਦੁਖਾਣ ਵਾਲੇ ਦੁਸ਼ਟਾਂ ਦਾ ਉਹ ਆਪ ਹੀ ਨਾਸ਼ ਕਰਦਾ ਹੈ।

ਸਭ ਮੈਂ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੋ
ਜਿਉ ਜਨ ਚੰਦ੍ਰਹਾਂਸ ਦੁਖਿਆ ਧ੍ਰਿਸ਼ਟਬੁਧੀ, ਅਪੁਨਾ ਘਰੁ ਲੂਕੀ ਜਾਰੇ।

(ਨਟ ੪, ਪੰਨਾ ੯੮੨)

## ਚੰਦ੍ਰਾਵਲਿ

ਕ੍ਰਿਸ਼ਣ ਜੀ ਦੀਆਂ ਅਤਿ ਪਿਆਰੀਆਂ ਗੋਪੀਆਂ ਵਿਚੋਂ ਚੰਦ੍ਰਾਵਲਿ ਇਕ ਮੁਖੀ ਗੋਪੀ ਸੀ ਜੋ ਕਿ ਬਿੰਦੁਮਤੀ ਤੇ ਚੰਦ੍ਰਭਾਨ ਦੀ ਬੇਟੀ ਸੀ ਤੇ ਇਹ ਗੋਵਰਧਨ ਨਾਲ ਵਿਆਹੀ ਹੋਈ ਸੀ। ਸ੍ਰੀ ਕ੍ਰਿਸ਼ਨ ਜੀ ਨੇ ਬੜੀ ਚਤੁਰਾਈ ਨਾਲ ਇਸਤ੍ਰੀ ਭੇਸ ਬਣਾ ਕੇ ਇਸ ਨੂੰ ਆਪਣੇ ਰਾਜ ਮਹਿਲ ਵਿਚ ਲਿਆਂਦਾ ਸੀ। ਇਸੇ ਦਾ ਹਵਾਲਾ ਦਿੰਦਿਆਂ ਕਿਹਾ ਹੈ।

ਜੁਗ ਮਹਿ ਜੋਰਿ ਛਲੀ ਚੰਦ੍ਰਾਵਲਿ, ਕਾਨ੍ਹ ਕਿਸਨੁ ਜਾਦਮੁ ਭਇਆ ॥
(ਵਾਰ ਆਸਾ ੧, ਪੰਨਾ ੪੭੦)

## ਛਤੀਹ ਭੋਜਨ

ਭਾਰਤ ਦੇ ਪੁਰਾਤਨ ਗ੍ਰੰਥਾਂ ਵਿਚ ਛੱਤੀ ਕਿਸਮ ਦੇ ਭੋਜਨਾਂ ਯਾ ਬਿੰਜਨਾਂ ਦਾ ਹਵਾਲਾ ਮਿਲਦਾ ਹੈ, ਜੋ ਕਿ ਸੁਆਦ ਦੇ ਪੱਖ ਤੋਂ ਬੜੇ ਹੀ ਰੋਚਕ ਕਹੇ ਗਏ ਹਨ। ਭਾਰਤੀ ਵਿਦਵਾਨ ਛੇ ਰਸ ਮੰਨਦੇ ਹਨ—ਮਿੱਠਾ ਸਲੂਣਾ, ਚਟਪਟਾ ਕਸੈਲਾ, ਖੱਟਾ ਤੇ ਕੌੜਾ। ਇਨ੍ਹਾਂ ਛੇ ਰਸਾਂ ਨੂੰ ਇਕ ਦੂਜੇ ਨਾਲ ਮਿਲਾ ਕੇ ਛੱਤੀ ਕਿਸਮ ਦੇ ਭੋਜਨ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਵਲ ਸੰਕੇਤ ਕਰਦਿਆਂ ਕਿਹਾ ਹੈ ਕਿ ਇਹ ਸਭ ਪ੍ਰਭੂ ਦੀ ਦਾਤ ਹੈ :—

ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ
ਅੰਤਰਿ ਥਾਨ ਠਹਰਾਵਨ ਕਉ ਕੀਏ।
(ਰਾਮਕਲੀ ੫, ਪੰਨਾ ੯੧੩)

## ਛਮਛਰੀ

ਜੈਨ ਮਤ ਅਨੁਸਾਰ ਸਾਧਕ ਲਈ ਅੱਠ ਦਿਨ ਬ੍ਰਤ ਰਖਣਾ ਜ਼ਰੂਰੀ ਹੈ, ਭਾਦੋਂ ਵਦੀ ਦੁਆਦਸੀ ਤੋਂ ਭਾਦੋਂ ਸੁਦੀ ਚੌਥ ਤਕ। ਕਿਤੇ ਕਿਤੇ ਭਾਦੋਂ ਸੁਦੀ ਪੰਚਮੀ ਤੋਂ ਚੌਦਸ ਤਕ ਵੀ ਬ੍ਰਤ ਰੱਖਣ ਦਾ ਵਿਧਾਨ ਹੈ। ਆਖ਼ਰੀ ਬਰਤ ਵਾਲੇ ਦਿਨ ਨੂੰ 'ਛਮਛਰੀ' ਆਖਦੇ ਹਨ ਜਿਸਦਾ ਮੂਲ ਕ਼ਸ਼ਮਾਚਾਰ ਹੈ, ਭਾਵ ਹੈ, ਸਭ ਗੁਨਾਹਾਂ ਨੂੰ ਮਾਫ਼ ਕਰਾਉਣ ਦੀ ਕ੍ਰਿਆ।

ਇਸੇ ਤਰ੍ਹਾਂ ਬ੍ਰਾਹਮਣਾਂ ਰਾਹੀ ਸਾਲ ਦੇ ਸਾਲ ਪਿਤਰਾਂ ਨਮਿਤ ਪਿੰਡ ਭਰਾਏ ਜਾਂਦੇ ਹਨ, ਪਰ ਇਹ ਪੁੰਨਦਾਨ ਪ੍ਰੋਹਤਾਂ ਤਕ ਹੀ ਰਹਿ ਜਾਂਦਾ ਹੈ, ਇਸਨੂੰ ਭਾਈ ਕਾਨ੍ਹ ਸਿੰਘ ਜੀ ਅਨੁਸਾਰ 'ਸੰਵਤਸਰੀ' ਯਾ ਸਾਲਾਨਾ ਕੀਤੀ ਜਾਣ ਕਾਰਣ 'ਛਮਛਰੀ' ਆਖਦੇ ਹਨ। ਗੁਰੂ ਸਾਹਿਬ ਦੇ ਵਿਚਾਰ ਅਨੁਸਾਰ ਇਹ ਸਭ ਕਰਮ, ਭਰਮ ਤੇ ਅਧਾਰਤ ਹਨ। ਕੇਵਲ ਰੱਬੀ ਬਖ਼ਸ਼ਿਸ਼ ਦਾ ਹੀ ਪਿੰਡ ਹੈ, ਜੋ ਰੂਹ ਦੀ ਸ਼ਾਂਤੀ ਲਈ ਕੰਮ ਆਉਂਦਾ ਹੈ।

ਇਕ ਲੋਕੀ ਹੋਰ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥
(ਵਾਰ ਆਸਾ ੧, ਪੰਨਾ ੩੫੮)

## ਛਿਅ ਜਤੀ

ਇੰਦ੍ਰਿਆਂ ਨੂੰ ਵਿਸ਼ੇ ਵਿਕਾਰਾਂ ਵਲੋਂ ਰੋਕ ਕੇ ਪੂਰੀ ਤਰ੍ਹਾਂ ਕਾਬੂ ਵਿਚ ਰੱਖਣ ਵਾਲਾ 'ਜਤੀ' ਕਹਾਉਂਦਾ ਹੈ। ਜੈਨ ਮਤ ਵਿਚ ਉੱਚਾ ਆਚਾਰਵਾਨ, ਤੇ ਧਰਮ ਦੀ

ਸਿਖਿਆ ਦੇਣ ਵਾਲਾ ਬਿਰਕਤ ਪੁਰਸ਼ 'ਯਤੀ' ਤੇ ਬਾਕੀ, ਜੈਨ ਮਾਰਗ ਨੂੰ ਅਪਣਾਉਣ ਵਾਲੇ ਲੋਕ 'ਸ੍ਰਾਵਕ' ਕਹਾਉਂਦੇ ਹਨ। ਇੰਦ੍ਰਯ-ਦਮਨ ਦੀ ਬੜੀ ਮਹਿਮਾ ਹੈ, ਇਸ ਤੋਂ ਬਿਨਾਂ ਜੀਵਨ, ਉੱਚੀਆਂ ਸ਼ਿਖਰਾਂ ਨੂੰ ਨਹੀਂ ਛੋਹ ਸਕਦਾ । ਭਾਰਤੀ ਇਤਿਹਾਸ ਵਿਚ ਜਤ ਸਤ ਨਿਭਾਉਣ ਵਾਲੇ ਛੇ ਮਹਾਂਪੁਰਸ਼ ਗਿਣੇ ਗਏ ਹਨ।

ਭੈਰਉ, ਹਨੂਮਾਨ, ਦੱਤਾਤ੍ਰੇਯ, ਭੀਸ਼ਮ, ਲਛਮਣ ਤੇ ਗੋਰਖ।

ਕਬੀਰ ਦਾ ਕਥਨ ਹੈ :—

ਛਿਅ ਜਤੀ ਮਾਇਆ ਕੇ ਬੰਦਾ । ਨਵੈ ਨਾਥ ਸੂਰਜ ਅਰੁ ਚੰਦਾ ।

(ਭੈਰਉ ਕਬੀਰ, ਪੰਨਾ ੧੧੬੦)

ਭਾਰਤ ਵਿਚ ਜਤੀ ਰਹਿਣਾ, ਪ੍ਰਭੂ-ਪ੍ਰਾਪਤੀ ਦਾ ਸਾਧਨ ਸਮਝਿਆ ਜਾਣ ਲਗ ਪਿਆ ਸੀ ਤੇ ਕਈ ਸਾਧਕ ਗ੍ਰਿਹਸਤ ਤਿਆਗ ਕੇ ਜਤੀ ਹੋ ਜਾਂਦੇ, ਉਨ੍ਹਾਂ ਦਾ ਸਾਰਾ ਜ਼ੋਰ 'ਬਿੰਦ ਸਾਧਣ' ਤੇ ਲਗਾ ਰਹਿੰਦਾ। ਗੁਰਮਤਿ ਨੇ ਗ੍ਰਿਸਤ ਨੂੰ ਪਰਧਾਨਤਾ ਦੇ ਕੇ ਗ੍ਰਿਹਸਤ ਵਿਚ ਰਹਿੰਦਿਆਂ ਜਤ ਧਾਰਨ ਦਾ ਆਦਰਸ਼ ਸਨਮੁਖ ਰੱਖਿਆ, ਇਸ ਕਰਕੇ ਕਈ ਥਾਂ ਰਸਮੀ ਜਤੀਆਂ ਬਾਰੇ ਕਟਾਖਸ਼ ਵੀ ਕੀਤਾ ਕਿ ਉਹ ਜੀਵਨ ਦੀ ਸਹੀ ਜੁਗਤੀ ਤੋਂ ਜਾਣੂੰ ਨਹੀਂ :—

ਜਤੀ ਸਦਾਵਹਿ ਜੁਗਤਿ ਨ ਜਾਣਹਿ, ਛਡ ਬਹਹਿ ਘਰਬਾਰ।

(ਵਾਰ ਆਸਾ ੧, ਪੰਨਾ ੪੬੯)

## ਛੰਤ

ਲੋਕ-ਸਾਹਿੱਤ ਵਿਚ ਇਸਤ੍ਰੀਆਂ ਦੇ ਵਿਸ਼ੇਸ਼ ਕਿਸਮ ਦੇ ਪ੍ਰੇਮ ਗੀਤਾਂ ਨੂੰ 'ਛੰਤ' ਕਿਹਾ ਜਾਂਦਾ ਹੈ। ਭਾਵੇਂ ਇਹ 'ਛੰਦ' ਦਾ ਹੀ ਬਦਲਿਆ ਰੂਪ ਹੈ, ਪਰ ਇਹ ਕਾਵਿ-ਰੂਪ ਇਸ ਤੋਂ ਭਿੰਨ ਚੀਜ਼ ਹੈ। ਇਹ ਲੰਮੀ ਹੇਕ ਨਾਲ ਗਾਏ ਜਾਂਦੇ ਤੇ ਇਨ੍ਹਾਂ ਦੇ ਅੰਤ ਵਿਚ ਰਾਮ, ਰਾਮਰਾਜੇ ਯਾ ਬਲਿਰਾਮ ਜੀਉ ਆਦਿ ਵੀ ਅਲਾਪਿਆ ਜਾਂਦਾ ਹੈ। ਅਜੇਹੇ ਗੀਤ ਗੁਰੂ ਨਾਨਕ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਰਚਿਤ ਵੱਖ ਵੱਖ ਰਾਗਾਂ ਵਿਚ ਮਿਲਦੇ ਹਨ । ਗੁਰੂਆਂ ਨੇ ਕੇਵਲ ਲੋਕ-ਕਾਵਿ ਰੂਪ ਨੂੰ ਹੀ ਨਹੀਂ ਅਪਣਾਇਆ ਸਗੋਂ ਆਪਣੇ ਆਪ ਨੂੰ ਇਸਤ੍ਰੀ ਰੂਪ ਵਿਚ ਚਿਤ੍ਰਿਤ ਕਰਦਿਆਂ ਦਰਸ਼ਨ ਲੋਚਾ, ਵਿਵਾਹ, ਜੋਵ, ਮਿਲਾਪ ਆਦਿ ਰਾਹੀਂ ਆਪਣੇ ਮਨੋਭਾਵਾਂ ਦਾ ਉਸੇ ਤਰ੍ਹਾਂ ਅੰਕਣ ਕੀਤਾ ਹੈ । ਪ੍ਰਭੂ-ਪ੍ਰੀਤਿ ਤੋਂ ਇਲਾਵਾ ਹੋਰ ਅਧਿਆਤਮਕ ਗਿਆਨ ਵਿਚਾਰ ਲਈ ਵੀ ਇਸ ਦੀ ਵਰਤੋਂ ਹੋਈ ਹੈ ਪਰੰਤੂ ਪ੍ਰਧਾਨਤਾ ਪ੍ਰੇਮ-ਗੀਤਾਂ ਦੀ ਹੀ ਹੈ।

ਰੂਪਕ ਦ੍ਰਿਸ਼ਟੀ ਤੋਂ ਹਰ ਛੰਤ ਵਿਚ ੪ ਬੰਦ ਹੁੰਦੇ ਹਨ। ਕਿਤੇ ਵਧ ਵੀ ਤੇ ਹਰ ਬੰਦ ਵਿਚ ਚਾਰ ਯਾ ਛੇ ਤੁਕਾਂ, ਸੰਗੀਤਾਮਕਤਾ ਇਸਦਾ ਪਰਧਾਨ ਗੁਣ ਹੈ। ਵੰਨਗੀ ਲਈ—

ਮੁੰਧ ਜੋਬਨਿ ਬਾਲੜੀਏ, ਮੇਰਾ ਪਿਰੁ ਰਲੀਆਲਾ ਰਾਮ।

ਧਨ ਪਿਰ ਨੇਹੁ ਘਣਾ, ਰਸਿ ਪ੍ਰੀਤਿ ਦਇਆਲਾ ਰਾਮ।

(ਆਸਾ ਛੰਤ ੧, ਪੰਨਾ ੪੩੫-੩੬)

## ਜਸਰਥ ਰਾਇ (ਦਸਰਥ)

ਜਸਰਥ, ਦਸਰਥ ਦਾ ਬਦਲਿਆ ਰੂਪ ਹੈ। ਸੂਰਜ ਬੰਸ ਵਿਚੋਂ ਰਘੂ ਦਾ ਪੁੱਤਰ ਅਜ ਤੇ ਅਜ ਦਾ ਪੁੱਤਰ ਦਸਰਥ ਸੀ, ਜੋ ਕਿ ਅਜੁਧਿਆ ਦਾ ਰਾਜਾ ਸੀ। ਇਸ ਦੀਆਂ ਤਿੰਨ ਰਾਣੀਆਂ ਸਨ-ਕੌਸ਼ਲਿਆ,ਕੈਕਈ ਤੇ ਸੁਮਿਤ੍ਰਾ। ਅਸ੍ਵਮੇਧ ਜੱਗ ਕਰਨ ਉਪਰੰਤ ਇਸਦੇ ਚਾਰ ਪੁਤਰ ਪੈਦਾ ਹੋਏ, ਕੌਸ਼ਲਿਆ ਤੋਂ ਜੇਠੇ ਪੁੱਤਰ ਸ੍ਰੀ ਰਾਮਚੰਦ੍ਰ, ਸੁਮਿਤ੍ਰਾ ਤੋਂ ਲਛਮਣ ਤੇ ਸ਼ਤ੍ਰੂਘਨ ਅਤੇ ਕੈਕਈ ਤੋਂ ਭਰਤ ਪੈਦਾ ਹੋਇਆ। ਰਾਣੀ ਕੈਕਈ ਨੇ ਇਕ ਵਾਰ ਜੰਗ ਦੇ ਸੰਕਟ ਸਮੇਂ ਰਾਜੇ ਦੀ ਸਹਾਇਤਾ ਕੀਤੀ ਤੇ ਦੋ ਬਚਨ ਲਏ ਸਨ। ਜਦ ਸ੍ਰੀ ਰਾਮ ਚੰਦ੍ਰ ਗੱਦੀ ਦੇਣ ਦਾ ਮੌਕਾ ਆਇਆ ਤਾਂ ਕੈਕਈ ਨੇ ਬਚਨ ਯਾਦ ਕਰਾਏ, ਰਾਜਾ ਦਸਰਥ ਨੂੰ ਕੀਤੀ ਪ੍ਰਤਗਿਆ ਅਨੁਸਾਰ ਇਨ੍ਹਾਂ ਦੀ ਪਾਲਣਾ ਕਰਨੀ ਪਈ ਪਹਿਲਾ ਇਹ ਕਿ ਰਾਮਚੰਦ੍ਰ ਜੀ ਨੂੰ ਚੌਦਾਂ ਸਾਲ ਲਈ ਬਨਵਾਸ ਦਿਤਾ ਜਾਵੇ ਤੇ ਦੂਜੇ ਭਰਤ ਨੂੰ ਗੱਦੀ। ਇਸੇ ਤਰ੍ਹਾਂ ਹੀ ਹੋਇਆ। ਇਕ ਦਿਨ ਰਾਜਾ ਬਾਹਰ ਸ਼ਿਕਾਰ ਲਈ ਗਿਆ ਤੇ ਅੱਗੇ ਸਰਵਣ ਤਪੀਆ ਆਪਣੇ ਅੰਨ੍ਹੇ ਮਾਂ ਬਾਪ ਲਈ ਨਦੀ ਤੋਂ ਪਾਣੀ ਭਰਨ ਗਿਆ ਹੋਇਆ ਸੀ, ਖੜਕਾ ਸੁਣ ਕੇ ਰਾਜੇ ਨੇ ਬਾਣ ਚਲਾਇਆ ਤੇ ਸਰਵਣ ਜ਼ਖਮੀ ਹੋ ਕੇ ਥਾਂ ਮਰ ਗਿਆ। ਜਦ ਰਾਜੇ ਨੂੰ ਪਤਾ ਲਗਾ ਤਾਂ ਉਸ ਮਾਪਿਆਂ ਪਾਸ ਆ ਕੇ ਪਸ਼ਚਾਤਾਪ ਕੀਤਾ, ਪਰ ਉਨ੍ਹਾਂ ਦਾ ਮਨ ਦੁਖੀ ਸੀ। ਉਨ੍ਹਾਂ ਕਿਹਾ ਜਿਵੇਂ ਅਸੀ ਪੁੱਤਰ-ਵਿਯੋਗ ਵਿਚ ਤੜਫ ਤੜਫ ਮਰ ਰਹੇ ਹਾਂ ਤਿਵੇਂ ਤੈਨੂੰ ਵੀ ਇਹ ਸੰਤਾਪ ਝੱਲਣਾ ਪਵੇਗਾ। ਸ੍ਰੀ ਰਾਮਚੰਦ੍ਰ ਜੀ ਦੇ ਬਨਵਾਸ ਲੈਣ ਉਪਰੰਤ ਦਸਰਥ ਨੇ ਸਚਮੁਚ ਇਵੇਂ ਹੀ ਤੜਫ ਤੜਫ ਕੇ ਜਾਨ ਦਿਤੀ।

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦ
ਪ੍ਰਣਵੈ ਨਾਮਾ ਤਤੁ ਅੰਮ੍ਰਿਤੁ ਪੀਜੈ।

(ਰਾਮਕਲੀ ਨਾਮਦੇਵ, ਪੰਨਾ ੯੭੩)

## ਜਸੋਧਾ

ਗੋਕੁਲ ਵਾਸੀ ਨੰਦ ਨਾਮੀ ਗੁਆਲੇ ਦੀ ਪਤਨੀ ਜੋ ਕਿ ਸ੍ਰੀ ਕ੍ਰਿਸ਼ਨ ਜੀ ਦੀ ਪਾਲਕ ਮਾਤਾ ਸੀ। ਗੱਲ ਇਹ ਸੀ ਕਿ ਕੰਸ ਆਪਣੀ ਭੈਣ ਦੇ ਸਾਰੇ ਪੁੱਤਰਾਂ ਨੂੰ ਮਾਰੀ ਜਾਂਦਾ ਸੀ ਕਿਉਂਕਿ ਜੋਤਸ਼ੀਆਂ ਉਸ ਨੂੰ ਦਸਿਆ ਸੀ ਕਿ ਤੇਰੀ ਮੌਤ, ਤੇਰੇ ਭਾਣਜੇ ਹੱਥੋਂ ਹੋਵੇਗੀ। ਇਸੇ ਕਾਰਣ ਮਾਤਾ ਦੇਵਕੀ ਨੇ ਕ੍ਰਿਸ਼ਨ ਜੀ ਦੇ ਜਨਮਸਾਰ ਉਨ੍ਹਾਂ ਨੂੰ ਚੋਰੀ, ਮਥਰਾ ਤੋਂ ਗੋਕੁਲ ਆਪਣੀ ਸਹੇਲੀ—ਜਸੋਧਾਂ ਪਾਸ ਪਹੁੰਚਾ ਦਿਤਾ ਅਤੇ ਜਸੋਧਾਂ ਨੇ ਬਾਲਕ ਕ੍ਰਿਸ਼ਨ ਨੂੰ ਬਹੁਤ ਹੀ ਚਾਵਾਂ ਮਲਾਰਾਂ ਤੇ ਲਾਡ਼ਾਂ ਨਾਲ ਪਾਲਿਆ।

ਇਸ ਦਾ ਸੰਕੇਤ ਸਿਰੀ ਰਾਗ ਦੀ 'ਪਹਰੇ' ਬਾਣੀ ਵਿਚ ਮਿਲਦਾ ਹੈ ਕਿ ਮਨੁੱਖ ਦੇ ਬੱਚੇ ਨੂੰ ਇਸ ਤਰ੍ਹਾਂ ਖਿਡਾਇਆ ਜਾਂਦਾ ਹੈ ਜਿਵੇਂ ਜਸੋਧਾਂ ਦੇ ਘਰ ਸ੍ਰੀ ਕ੍ਰਿਸ਼ਨ ਜੀ ਨੂੰ ਖਿਡਾਇਆ ਤੇ ਲਡਾਇਆ ਜਾਂਦਾ ਸੀ।

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਵਿਸਰਿ ਗਇਆ ਧਿਆਨੁ ।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ
ਜਿਉ ਜਸੁਦਾ ਘਰਿ ਕਾਨੁ ।

(ਸਿਰੀ ੧, ਪੰਨਾ ੭੫)

ਭੱਟਾਂ ਨੇ ਵੀ ਜਸੋਧਾਂ ਦਾ ਹਵਾਲਾ ਦਿਤਾ ਹੈ—

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨)

## ਜਖਸ਼

ਦੇਵਤਿਆਂ ਦੀ ਇਕ ਖਾਸ ਸ਼੍ਰੇਣੀ ਜੋ ਕਿ ਧਨਪਤਿ ਕੁਬੇਰ ਦੀ ਸੇਵਾ ਵਿਚ ਰਹਿੰਦੀ ਹੈ। ਇਨ੍ਹਾਂ ਦਾ ਕੰਮ ਖ਼ਜ਼ਾਨੇ ਦੀ ਪਹਿਰੇਦਾਰੀ ਹੈ। 'ਵਿਸ਼ਨੂੰ ਪੁਰਾਣ' ਅਨੁਸਾਰ ਇਕ ਵਾਰੀ ਬ੍ਰਹਮਾ ਨੂੰ ਅਤੀ ਭੁੱਖ ਲਗੀ, ਉਸ ਤਮੋ-ਬ੍ਰਿਤੀ ਤੋਂ ਹੀ ਜਖਸ਼ ਪੈਦਾ ਹੋਏ ਸਨ। ਇਨ੍ਹਾਂ ਦਾ ਟਿਕਾਣਾ ਅਲਕਾਪੁਰੀ ਹੈ ਤੇ ਇਨ੍ਹਾਂ ਨੂੰ ਆਮ ਤੌਰ ਤੇ ਨਿਰਦੋਸ਼ ਮੰਨਿਆ ਗਿਆ ਹੈ। ਗੁਰਬਾਣੀ ਅਨੁਸਾਰ ਇਹ ਪ੍ਰਭੂ ਦੀ ਅਨੇਕ-ਰੰਗੀ ਸ੍ਰਿਸ਼ਟੀ ਦਾ ਹੀ ਇਕ ਭਾਗ ਹਨ।

ਕਈ ਕੋਟਿ ਜਖਸ਼ ਕਿੰਨਰ ਪਿਸਾਚ ।

(ਗਉੜੀ ੫, ਪੰਨਾ ੨੭੬)

ਜੱਗ—ਦੇਖੋ ਹੋਮ ਜੱਗ
ਜਗਨਨਾਥਪੁਰੀ—ਦੇਖੋ ਉੜੀਸਾ
ਜਤੀ—ਦੇਖੋ ਛਿਅ ਜਤੀ

## ਜਨਕ

ਮਿਥਲਾਪੁਰੀ ਦਾ ਇਕ ਰਾਜਾ ਜੋ ਕਿ ਗ੍ਰਿਹਸਤੀ ਹੁੰਦਾ ਹੋਇਆ ਬੜਾ ਉਚ ਕੋਟੀ ਦਾ ਧਰਮਾਤਮਾ ਸੀ ਤੇ ਜਿਸ ਨੇ ਜੀਵਨ ਵਿਚ ਰਾਜਯੋਗ ਨੂੰ ਬੜੀ ਸਫਲਤਾ ਨਾਲ ਨਿਭਾਇਆ। ਇਹ ਰਾਜਾ ਹਰਸਵਰਮਾ ਦਾ ਪੁੱਤਰ ਸੀ ਤੇ ਇਸ ਦਾ ਪਹਿਲਾ ਨਾਮ ਸੀਰ ਧ੍ਵਜ ਸੀ ਪਰ ਪਿਛੋਂ ਬੰਸ ਦੀ ਅੱਲ ਦੇ ਨਾਂ ਤੇ 'ਜਨਕ' ਪ੍ਰਸਿੱਧ ਹੋਇਆ। ਇਸੇ ਰਾਜਜੋਗੀ ਜਨਕ ਦੀ ਸਪੁੱਤਰੀ ਸੀਤਾ ਸੀ ਜੋ ਕਿ ਸ੍ਰੀ ਰਾਮ ਚੰਦ੍ਰ ਜੀ ਨੂੰ ਵਿਆਹੀ ਹੋਈ ਸੀ।

ਕੱਲਤ ਭੱਟ ਨੇ ਗੁਰੂ ਨਾਨਕ ਸਾਹਿਬ ਦੀ ਮਹਿਮਾ ਕਰਦਿਆਂ ਉਨ੍ਹਾਂ ਨੂੰ ਤੱਤ ਗਿਆਨੀ ਜਨਕ ਨਾਲ ਇਉਂ ਉਪਮਾਇਆ ਹੈ—

ਤੂ ਤਾ ਜਨਿਕ ਰਾਜਾ ਅਉਤਾਰੁ
ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ
ਜਲ ਪਦਮ ਬੀਚਾਰ ।

(ਸਵਈਏ ਮਹਲੇ ਦੂਜੇ ਕੇ, ਪਨਾ ੧੩੯੧)

## ਜਨਮੇਜਾ

ਇਕ ਕੋਰਵਵੰਸ਼ੀ ਰਾਜਾ ਜੋ ਕਿ ਪ੍ਰੀਖਤ ਦਾ ਪੁੱਤਰ, ਅਭਿਮੰਨਯੂ ਦਾ ਪੋਤਰਾ ਅਤੇ ਅਰਜਨ ਦਾ ਪੜਪੋਤਾ ਸੀ। ਇਸ ਦੇ ਪਿਤਾ ਦੀ ਮੌਤ ਸਰਪ ਤਕਸ਼ਕ ਦੇ ਡਸਣ ਕਰਕੇ ਹੋਈ। ਜਿਸ ਕਰਕੇ ਇਸ ਖਿਝ ਕੇ ਸਰਪਮੇਧ ਯੱਗ ਰਚ ਕੇ ਬੇਅੰਤ ਸੱਪਾਂ ਨੂੰ ਨਸ਼ਟ ਕੀਤਾ ਤੇ ਆਪਣੇ ਪਿਤਾ ਦਾ ਬਦਲਾ ਲਿਆ। ਫਿਰ ਬ੍ਰਾਹਮਣ ਹੱਤਿਆ ਦੇ ਪ੍ਰਾਸ਼ਚਿਤ ਵਜੋਂ ਮਹਾਂ ਭਾਰਤ ਦਾ ਪਾਠ ਸੁਣਿਆ। ਸਾਰੀ ਕਥਾ ਸੁਣਨ ਉਪਰੰਤ ਇਸ ਬਿਆਸ ਰਿਸ਼ੀ ਤੋਂ ਪੁਛਿਆ ਕਿ ਕੋਰਵਾਂ ਪਾਡਵਾਂ ਨੇ ਬੁਧਿਮਾਨ ਹੋਣ ਦੇ ਬਾਵਜੂਦ ਜੂਆ ਕਿਉਂ ਖੇਡਿਆ ਸੀ ? ਉਤਰ ਵਿਚ ਬਿਆਸ ਨੇ ਕਿਹਾ ਕਿ ਨਿਰੀ ਸਿਆਣਪ ਕੁਝ ਨਹੀਂ ਕਰ ਸਕਦੀ, ਹੋਣੀ ਅਟੱਲ ਹੈ। ਜਨਮੇਜੇ ਨੇ ਇਸ ਤੇ ਇਤਰਾਜ਼ ਕੀਤਾ ਕਿ ਮਨੁਖ ਦੇ ਸਾਮ੍ਹਣੇ ਹੋਣੀ ਯਾ ਨੇਤ ਕੀ ਅਰਥ ਰੱਖਦੀ ਹੈ, ਮਨੁਖ ਜੋ ਚਾਹੇ ਕਰ ਸਕਦਾ ਹੈ। ਪੰਡਤ ਬਿਆਸ ਨੇ ਇਸ ਦਾ ਭਵਿੱਖ ਵਾਚ ਕੇ ਰਾਜੇ ਤੇ ਪੈਣ ਵਾਲੀ ਬਿਪਤਾ ਬਾਰੇ ਦਸਿਆ ਕਿ ਤੂੰ ਯੱਗ ਕਰਦਿਆਂ ੧੮ ਬ੍ਰਾਹਮਣਾਂ ਦਾ ਘਾਤ ਕਰੇਂਗਾ ਤੇ ਉਸ ਦੇ ਫਲ ਵਜੋਂ ਤੈਨੂੰ ਕੋਹੜ ਹੋਵੇਗਾ। ਰਾਜੇ ਨੇ ਸਿਆਣਪ ਅਨੁਸਾਰ ਹੋਣੀ ਤੋਂ ਬਚਣ ਲਈ ਕਈ ਹੀਲੇ ਕੀਤੇ ਪਰ ਅੰਤ ਬਿਪਤਾ ਵਿਚ ਜਕੜਿਆ ਹੀ ਗਿਆ ਤੇ ਪਿਛੋਂ ਮਹਾਂ ਭਾਰਤ ਦੀ ਕਥਾ ਸੁਣ ਕੇ ਰੋਗ-ਮੁਕਤ ਹੋਇਆ। ਬਿਆਸ ਪੰਡਿਤ ਨੇ ਰਾਜੇ ਜਨਮੇਜੇ ਨੂੰ ਵਰਜਿਆ ਸੀ ਕਿ ਤੂੰ ਸ਼ਿਕਾਰ ਖੇਡਦਿਆਂ ਜੰਗਲ ਵਿਚੋਂ ਮਿਲੀ ਘੋੜੀ ਤੇ ਨਾ ਚੜ੍ਹੀਂ, ਉਥੋਂ ਮਿਲੀ ਸੁੰਦਰ ਇਸਤ੍ਰੀ ਘਰ ਨਾ ਲਿਆਵੀਂ ਤੇ ਯੱਗ ਨਾ ਕਰੀਂ। ਪਰ ਉਸ ਕੋਲੋਂ ਇਹ ਸਭ ਕੁਝ ਹੋ ਗਿਆ। ਜਿਸ ਦਾ ਫਲ ਉਸ ਨੂੰ ਭੁਗਤਣਾ ਪਿਆ। ਹੋਣੀ ਟਲਦੀ ਨਹੀਂ, ਇਸ ਦੀ ਪੁਸ਼ਟੀ ਲਈ ਹੋਰ ਕਈ ਪ੍ਰਮਾਣਾਂ ਦੇ ਨਾਲ ਜਨਮੇਜੇ ਦੀ ਕਥਾ ਦਾ ਪ੍ਰਮਾਣ ਵੀ ਦਿਤਾ ਗਿਆ ਹੈ।

ਕੋਈ ਜਾਣਿ ਨ ਭੂਲੈ ਭਾਈ।
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ
ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜਾਇਆ।
ਤਿਨਿ ਕਰਿ ਜਗ ਅਠਾਰਹ ਘਾਏ, ਕਿਰਤੁ ਨ ਚਲੈ ਚਲਾਇਆ।

(ਪ੍ਰਭਾਤੀ ੧, ਪੰਨਾ ੧੩੪੪)

## ਜਨੇਊ

ਹਿੰਦੂ ਮਤ ਦਾ ਇਕ ਚਿੰਨ੍ਹ ਜੋ ਕਿ ਬਾਲਕ ਦੇ ਜਨਮ ਤੋਂ ੮ ਯਾ ੧੧/੧੨ ਸਾਲ ਬਾਅਦ ਪਹਿਨਾਇਆ ਜਾਂਦਾ ਤੇ ਸੱਜੇ ਮੋਢੇ ਤੋਂ ਖੱਬੇ ਪਾਸੇ ਵਲ ਲਟਕਾਇਆ ਜਾਂਦਾ ਹੈ। ਧਰਮ ਵਿਚ ਪ੍ਰਵੇਸ਼ ਕਰਾਉਣ ਲਈ ਜਨੇਊ ਸੰਸਕਾਰ ਜ਼ਰੂਰੀ ਹੈ। ਮਨੂ ਸਿਮ੍ਰਤੀ ਅਨੁਸਾਰ ਬ੍ਰਾਹਮਣ ਲਈ ਸੂਤ ਦਾ, ਖਤ੍ਰੀ ਲਈ ਸਣ ਦਾ, ਤੇ ਵੈਸ਼ ਲਈ ਉੱਨ ਦੇ ਜਨੇਊ ਦਾ ਵਿਧਾਨ ਹੈ, ਸੂਦ੍ਰ ਤੇ ਇਸਤਰੀ ਨੂੰ ਜਨੇਊ ਪਹਿਨਣ ਦਾ ਅਧਿਕਾਰ ਨਹੀਂ। ਗੁਰਬਾਣੀ ਵਿਚ ਐਸੇ ਰਵਾਇਤੀ ਜਨੇਊ ਪਾਉਣ ਦੀ ਥਾਂ ਸ਼ੁਭ ਗੁਣਾਂ ਦਾ ਜੰਞੂ ਧਾਰਨ ਦਾ ਉਪਦੇਸ਼ ਦਿਤਾ ਗਿਆ ਹੈ।

ਗੁਰੂ ਨਾਨਕ ਸਾਹਿਬ ਨੇ ਪੰਡਿਤ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਇਹ ਤੇਰਾ ਜਨੇਊ ਮੈਲਾ ਵੀ ਹੋ ਜਾਂਦਾ ਹੈ ਤੇ ਟੁੱਟ ਵੀ ਜਾਂਦਾ ਹੈ ਪਰ ਦੈਵੀ ਗੁਣਾਂ ਦਾ ਜਨੇਊ ਸਦਾ ਪਵਿੱਤਰ ਤੇ ਅਟੁੱਟ ਰਹਿੰਦਾ ਹੈ।

ਦਇਆ ਕਪਾਹੁ ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ, ਹਈ ਤ ਪਾਂਡੇ ਘਤੁ
ਨ ਏਹੁ ਤੁਟੈ ਨ ਮਲੁ ਲਗੈ, ਨ ਇਹੁ ਜਲੈ ਨ ਜਾਇ
ਧੰਨ ਸੁ ਮਾਣਸੁ ਨਾਨਕਾ, ਜੋ ਗਲਿ ਚਲੇ ਪਾਇ।

(ਵਾਰ ਆਸਾ ੧, ਪੰਨਾ ੪੭੧)

## ਜਪੁ (ਬਾਣੀ)

ਆਦਿ ਗ੍ਰੰਥ ਦੇ ਆਦਿ ਵਿਚ ਆਈ ਗੁਰੂ ਨਾਨਕ ਸਾਹਿਬ ਦੀ ਸਰਬੋਤਮ ਰਚਨਾ ਜਿਸ ਦੇ ਕੁਲ ੪੦ ਛੰਦ ਹਨ, ੩੮ ਪਉੜੀਆਂ ਤੇ ਦੋ ਸਲੋਕ। ਜਪੁ ਦਾ ਅੱਖਰੀ ਅਰਥ 'ਸ਼ਾਂਤ ਪ੍ਰਾਰਥਨਾ' ਹੈ। ਇਹ ਗੁਰੂ ਨਾਨਕ ਦੇ ਅਧਿਆਤਮ ਦਰਸ਼ਨ ਦੀ ਸੁੰਦਰ ਤੇ ਸੁਚੱਜੀ ਕਿਰਤ ਹੈ, ਜਿਸ ਵਿਚ ਆਦਿ ਸੱਚ ਨਾਲ ਆਤਮਾ ਦਾ ਸੰਵਾਦ ਅੰਕਿਤ ਹੈ। ਮੁਢਲਾ ਸਲੋਕ-ਮੂਲ ਮੰਤ੍ਰ, ਪਰਮ ਸੱਤਾ ਦਾ ਐਸਾ ਚਿਤ੍ਰ ਮੂਰਤੀਮਾਨ ਕਰਦਾ ਹੈ ਜੋ ਜੀਵਨ ਦਾ ਆਦਰਸ਼ ਦਰਸਾਉਂਦਾ ਹੈ, ਅੰਤਮ ਸਲੋਕ ਵਿਚ ਵਿਸ਼ਵ-ਸਾਂਝ ਦਾ ਚਿਤ੍ਰ ਅੰਕਿਤ ਹੈ ਜੋ ਇਸ ਆਦਰਸ਼ ਦੀ ਪ੍ਰਾਪਤੀ ਦਾ ਲੱਛਣ ਹੈ। ਇਹ ਇਕ ਲੜੀ-ਬਧ ਰਚਨਾ ਹੈ ਜਿਸ ਵਿਚ ਸਚਿਆਰ ਹੋਣ ਦਾ ਮਾਰਗ ਦੱਸਿਆ ਗਿਆ ਹੈ। ਗੁਰੂ ਕਲਾਕਾਰ ਨੇ ਦਾਰਸ਼ਨਿਕ ਸਮੱਸਿਆ ਨੂੰ ਭਾਵਾਤਮਕ ਪੱਧਰ ਤੇ ਵਰਣਨ ਕਰਕੇ ਉਤਕ੍ਰਿਸ਼ਟ ਸਾਹਿਤਕ ਸ਼ੈਲੀ ਦਾ ਸਬੂਤ ਦਿਤਾ ਹੈ। ਉਹ ਸਾਰੀ ਸਮੱਸਿਆ 'ਹਉਮੈ' ਤੇ 'ਹੁਕਮ' ਦੀ ਦਸਦੇ ਹਨ, ਹੁਕਮ ਨੂੰ ਬੁਝਣਾ ਹੀ ਸਾਰੀ ਸਮੱਸਿਆ ਦਾ ਸਮਾਧਾਨ ਹੈ। ਇਸੇ ਕਰਕੇ ਅੱਧੀ ਤੋਂ ਵਧ ਰਚਨਾ 'ਹੁਕਮ' ਦੀ ਵਡਿਆਈ ਵਿਚ ਹੈ, ਜਿਸ ਦਾ ਪਾਰਾਵਾਰ ਪਾਉਣਾ ਔਖਾ ਹੈ :—

ਨਾਨਕ ਹੁਕਮੈ ਜੇ ਬੁਝਹਿ, ਤ ਹਉਮੈ ਕਹੈ ਨ ਕੋਇ।

(ਜਪੁ ੧,ਪੰਨਾ ੧)

## ਜਮਦਗਨ

ਭ੍ਰਿਗੂ ਬੰਸ ਦਾ ਇਕ ਰਿਸ਼ੀ ਜੋ ਕਿ ਪਿਤਾ ਰਿਚੀਕ ਤੇ ਮਾਤਾ ਸਤਜਵਤੀ ਦਾ ਪੁੱਤਰ ਸੀ, ਇਹ ਇਕ ਬੜਾ ਹੀ ਤਪੱਸਵੀ ਤੇ ਸੂਰਬੀਰ ਪੁਰਸ਼ ਸੀ। ਇਸ ਨੂੰ ਸੂਰਜਬੰਸੀ ਰਾਜਾ ਪ੍ਰਸੇਨ ਜਿੱਤ ਦੀ ਸਪੁੱਤਰੀ ਰੇਣੁਕਾ ਵਿਆਹੀ ਹੋਈ ਸੀ, ਜਿਸ ਤੋਂ ਪੰਜ ਪੁੱਤਰ ਪੈਦਾ ਹੋਏ-ਰੁਮਨਾਨ, ਸੁਮੇਨ, ਵਹੁ, ਵਿਸ਼ਾਵਵਹੁ ਤੇ ਪਰਸੁਰਾਮ । ਛੋਟਾ ਪੁੱਤਰ ਪਰਸੁਰਾਮ ਸਭ ਤੋਂ ਵਧ ਪ੍ਰਸਿੱਧ ਹੋਇਆ।

ਇਕ ਵਾਰ ਰੇਣੁਕਾ, ਕਲੋਲ ਕਰ ਰਹੇ ਪੰਛੀਆਂ ਨੂੰ ਦੇਖ ਕੇ ਕਾਮਾਤੁਰ ਹੋ ਗਈ ਤੇ ਆਪਣੇ ਮਨ ਨੂੰ ਕਾਬੂ ਵਿਚ ਨਾ ਰੱਖ ਸਕੀ। ਇਸ ਤੇ ਜਮਦਗਨ ਬਹੁਤ ਨਰਾਜ਼ ਹੋਇਆ ਤੇ ਉਸ ਨੇ ਪੁੱਤਰਾਂ ਨੂੰ ਕਿਹਾ ਕਿ ਇਸ ਨੂੰ ਮਾਰ ਦਿਓ। ਚਾਰ ਵੱਡਿਆਂ ਇਨਕਾਰ ਕਰ ਦਿਤਾ ਤੇ ਪਰਸੁਰਾਮ ਨੇ ਮਾਤਾ ਨੂੰ ਮਾਰ ਦਿਤਾ। ਪਿਤਾ ਬਹੁਤ ਖ਼ੁਸ਼ ਹੋਇਆ ਕਿ ਇਸ ਨੇ ਮੇਰੀ ਆਗਿਆ ਦਾ ਪਾਲਣ ਕੀਤਾ ਹੈ। ਇਸ ਨੇ ਕਿਹਾ ਵਰ ਮੰਗ। ਪਰਸਰਾਮ ਨੇ ਆਖਿਆ 'ਮਾਤਾ ਨੂੰ ਮੁੜ ਜ਼ਿੰਦਾ ਕਰ ਦਿਓ'। ਰਿਸ਼ੀ ਨੇ ਰੇਣੁਕਾ ਨੂੰ ਮੁੜ ਜੀਉਂਦਿਆਂ ਕਰ ਦਿਤਾ।

ਰਾਜਾ ਕਾਰਤਵੀਰਯ ਜਿਸ ਨੂੰ ਸਹਸ੍ਰਬਾਹੂ ਵੀ ਕਿਹਾ ਜਾਂਦਾ ਹੈ-ਰਿਸ਼ੀ ਜਮਦਗਨ ਜਾ ਸਾਂਢੂ ਸੀ। ਇਕ ਵੇਰ ਇਹ ਫੌਜ ਸਮੇਤ ਆਸ਼੍ਰਮ ਵਿਚ ਆਇਆ, ਰਿਸ਼ੀ ਨੇ ਬਹੁਤ ਚੰਗੀ ਪ੍ਰਾਹੁਣਚਾਰੀ ਕੀਤੀ ਪਰ ਸਹਸ੍ਰਬਾਹੂ ਈਰਖਾ ਨਾਲ ਸੜ ਬਲ ਗਿਆ ਕਿ ਇਹ ਗ਼ਰੀਬ ਰਿਸ਼ੀ ਕਿਤਨਾ ਠਾਠ-ਬਾਠ ਰਖਦਾ ਹੈ । ਇਹ ਸਭ ਕਾਮਧੇਨ ਗਊ ਕਾਰਣ ਸੀ, ਇਸ ਲਈ ਰਾਜਾ, ਧਿੰਗੋਜ਼ੋਰੀ ਕਪਲਾ ਨੂੰ ਖੋਹ ਕੇ ਨਾਲ ਲੈ ਗਿਆ। ਜਦ ਪਰਸਰਾਮ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਕਾਰਤ-ਵੀਰਯ ਨੂੰ ਜਾ ਮਾਰਿਆ । ਉਸ ਦੇ ਪੁੱਤਰ ਗੁੱਸੇ ਵਿਚ ਆਏ ਤਾਂ ਉਨ੍ਹਾਂ ਪਰਸਰਾਮ ਦੇ ਪਿਤਾ ਜਮਦਗਨ ਨੂੰ ਕੁਟੀਆ ਵਿਚ ਆ ਮਾਰਿਆ ਜਿਸ ਦਾ ਬਦਲਾ ਪਰਸਰਾਮ ਨੇ ਲਿਆ ਤੇ ੨੧ ਵਾਰ ਖਤਰੀਆਂ ਦਾ ਨਾਸ ਕੀਤਾ।

ਗਾਵੈ ਜਮਦਗਨਿ ਪਰਸਰਾਮੇਸਰ
ਕਰਿ ਕੁਠਾਰੁ ਰਘੁ ਤੇਜ ਰਹਿਓ।

(ਸਵਈਏ ਮਹਲੇ ਪਹਲੇ ਕੇ, ਪੰਨਾ ੧੩੮੯)

## ਜਮਨਾ

ਹਿੰਦੂ ਮਨੌਤ ਅਨੁਸਾਰ ਇਕ ਪਵਿਤਰ ਨਦੀ ਜੋ ਕਿ ਤ੍ਰਿਬੇਣੀ-ਤਿੰਨ ਮਹਾਨ ਨਦੀਆਂ ਦੀ ਜੋਟੀਦਾਰ ਅਤੇ ਸੂਰਜ ਦੀ ਬੇਟੀ ਕਹੀ ਜਾਂਦੀ ਹੈ। ਇਹ ਨਦੀ, ਇਲਾਕਾ ਟੀਹਰੀ ਵਿਚਲੇ ਕਲਿੰਦ ਪਰਬਤ ਤੋਂ ਨਿਕਲਣ ਕਾਰਣ 'ਕਾਲਿੰਦੀ' ਵੀ ਕਹਿਲਾਉਂਦੀ ਹੈ ਤੇ ੭੦-੮੦ ਮੀਲ ਹਿਮਾਲੀਆ ਪਰਬਤ ਦੀਆਂ ਪਹਾੜੀਆਂ ਨੂੰ ਚੀਰਦੀ ਹੋਈ ਮੈਦਾਨ ਵਿਚ ਉਤਰਦੀ ਤੇ ੮੬੦ ਮੀਲ ਵਹਿੰਦੀ ਹੋਈ

ਪ੍ਰਯਾਗ ਪਾਸ ਗੰਗਾ ਨਾਲ ਜਾ ਰਲਦੀ ਹੈ।

ਹਿੰਦੂ ਸ਼ਰਧਾਲੂ, ਗੰਗਾ ਤੋਂ ਦੂਜੇ ਨੰਬਰ ਤੇ ਜਮਨਾ ਦਾ ਸਤਿਕਾਰ ਕਰਦੇ ਤੇ ਇਸ ਵਿਚ ਇਸ਼ਨਾਨ ਕਰਨਾ ਇਕ ਪਵਿਤਰ ਕਰਮ ਸਮਝਦੇ ਹਨ। ਸ੍ਰੀ ਕ੍ਰਿਸ਼ਣ ਜੀ ਦੀ ਬਾਲ ਲੀਲ੍ਹਾ ਵਧੇਰੇ ਜਮਨਾ ਕਿਨਾਰੇ. ਹੀ ਹੋਈ, ਇਸ ਲਈ ਵੀ ਇਸ ਨੂੰ ਜ਼ਿਆਦਾ ਵਡਿਆਈ ਪ੍ਰਾਪਤ ਹੈ।

ਗੰਗਾ ਜਮੁਨਾ ਕੇਲ ਕੇਦਾਰਾ। ਕਾਂਸ਼ੀ ਕਾਂਤੀ ਪੁਰੀ ਦੁਆਰਾ।

(ਮਾਰੂ ੧, ਪੰਨਾ ੧੧੨੯)

ਜਰਮ ਕਰਮ ਮਛ ਕਛ ਹੁਅ ਬਰਾਹ,
ਜਮੁਨਾ ਕੇ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨)

## ਜਮਰਾਜ

ਪੁਰਾਣਕ ਮਨੌਤ ਅਨੁਸਾਰ ਇਕ ਦੇਵਤਾ ਜੋ ਕਿ ਪ੍ਰਾਣੀਆਂ ਦੀ ਜਾਨ ਕੱਢਦਾ ਹੈ। ਇਸ ਦਾ ਜਨਮ ਸੰਗਯਾ ਦੇ ਪੇਟੋਂ ਸੂਰਜ ਦੁਆਰਾ ਦੱਸਿਆ ਜਾਂਦਾ ਹੈ। ਇਹ ਲਾਲ ਪੁਸ਼ਾਕ ਪਹਿਨਦਾ ਤੇ ਝੋਟੇ ਦੀ ਸਵਾਰੀ ਕਰਦਾ ਹੈ ਤੇ ਹੱਥ ਵਿਚ ਗੁਰਜ ਤੇ ਕਮੰਦ (ਫਾਹੀ) ਰਖਦਾ ਹੈ। ਇਹ ਵੀ ਲਿਖਿਆ ਹੈ ਕਿ ਇਹ 'ਸੰਯਮਨੀ' ਨਾਮੀ ਨਗਰੀ ਵਿਚ ਆਪਣੇ ਮਹਲ 'ਕਾਲੀਚੀ' ਵਿਚ ਰਹਿੰਦਾ ਹੈ ਤੇ ਇਸ ਦਾ ਆਸਣ 'ਵਿਚਾਰ-ਭੂ' ਕਹਾਉਂਦਾ ਹੈ। ਇਸ ਪਾਸ ਜੀਵਾਂ ਦੇ ਲੇਖੇ ਲਈ ਇਕ ਵੱਡੀ ਵਹੀ ਹੈ ਜਿਸ ਨੂੰ 'ਅੱਗ੍ਰਸੰਧਾਨੀ' ਕਹਿੰਦੇ ਹਨ ਤੇ ਚਿਤ੍ਰਗੁਪਤ ਇਸ ਦੇ ਦੋ ਮੁਨਸ਼ੀ ਹਨ ਜੋ ਸਾਰਾ ਲੇਖਾ-ਪੱਤਾ ਸਾਂਭ ਕੇ ਰੱਖਦੇ ਹਨ।

ਜਦੋਂ ਕਿਸੇ ਜੀਵ ਦੀ ਮਿਆਦ ਮੁੱਕ ਜਾਂਦੀ ਹੈ ਤਾਂ ਇਹ ਆਪਣੇ ਸੇਵਕ-ਜਮਦੂਤ ਘੱਲ ਦਿੰਦਾ ਹੈ ਤੇ ਉਹ ਰੂਹ ਨੂੰ ਸਰੀਰ ਵਿਚੋਂ ਕੱਢ ਲਿਆਉਂਦੇ ਤੇ ਲਿਆਕੇ ਉਸਦੇ ਕਰਮਾਂ ਦਾ ਲੇਖਾ ਕਰਦੇ ਹਨ। ਪਾਪ ਕਰਨ ਵਾਲਿਆਂ ਨੂੰ ਨਰਕਾਂ ਦੀ ਸ਼ਜ਼ਾ ਹੁੰਦੀ ਹੈ ਤੇ ਪੁੰਨ ਕਰਨ ਵਾਲੇ, ਸੁਰਗ ਵਿਚ ਘੱਲੇ ਜਾਂਦੇ ਹਨ।

ਪੁਰਾਣੇ ਸੰਸਕ੍ਰਿਤ-ਗ੍ਰੰਥਾਂ ਵਿਚ ਯਮਰਾਜ ਤੇ ਧਰਮਰਾਜ ਦੋਵੇਂ ਨਾਂ ਇਕੋ ਵਿਅਕਤੀ ਲਈ ਵਰਤੇ ਗਏ ਹਨ। ਧਰਮਰਾਜ ਇਸ ਲਈ ਕਿ ਇਹ ਸਾਰੀ ਚੰਗੀ ਮੰਦੀ ਕਰਣੀ ਦਾ ਨਿਆਂ ਕਰਦਾ ਹੈ। ਯਮ ਦਾ ਲਫ਼ਜ਼ੀ ਮਾਅਨਾ ਰੋਕਣਾ ਹੈ, ਚਲਦੇ ਸਵਾਸਾਂ ਨੂੰ ਰੋਕਣ ਵਾਲਾ ਯਮ ਜਾਂ ਜਮ ਕਹਿਲਾਇਆ। ਇਸਲਾਮ ਅਨੁਸਾਰ ਅਜ਼ਰਾਈਲ ਫਰਿਸ਼ਤਾ, ਇਹ ਸਾਰਾ ਕੰਮ ਕਰਦਾ ਹੈ।

ਕਕੈ ਕੇਸ ਪੁੰਡਰ ਜਕ ਹੂਏ, ਵਿਣੁ ਸਾਬੂਣੈ ਉਜਲਿਆ
ਜਮ ਰਾਜੇ ਕੇ ਹੇਰੂ ਆਏ, ਮਾਇਆ ਕੈ ਸੰਗਲਿ ਬੰਧਿ ਲਇਆ ।੫।

(ਆਸਾ ਪੱਟੀ ੧, ਪੰਨਾ ੪੩੨)

## ਜਰਾਸੰਧ

ਇਕ ਮਗਧ ਦਾ ਰਾਜਾ ਜੋ ਕੰਸ ਦਾ ਸਹੁਰਾ ਤੇ ਸ੍ਰੀ ਕ੍ਰਿਸ਼ਣ ਦੇ ਵੱਡੇ ਵਿਰੋਧੀਆਂ ਵਿਚੋਂ ਸੀ। ਕਹਿੰਦੇ ਹਨ ਰਾਜਾ ਬ੍ਰਿਹਦਰਥ ਨੇ ਇਕ ਰਿਸ਼ੀ ਤੋਂ ਫਲ ਲਿਆ ਤੇ ਆਪਣੀਆਂ ਦੋ ਰਾਣੀਆਂ ਵਿਚ ਵੰਡ ਦਿਤਾ। ਦੋਹਾਂ ਰਾਣੀਆਂ ਦੀ ਕੁੱਖ ਤੋਂ ਦੋ ਟੁਕੜੇ ਪੈਦਾ ਹੋਏ ਜਿਨ੍ਹਾਂ ਨੂੰ ਮਸਾਣ ਭੂਮੀ ਵਿਚ ਸੁਟਵਾ ਦਿਤਾ ਗਿਆ ਤੇ 'ਜਰਾ' ਨਾਮੀ ਰਾਖਸ਼ੀ ਨੇ ਇਨ੍ਹਾਂ ਨੂੰ ਜੋੜ ਕੇ ਪੂਰਾ ਬਾਲਕ ਬਣਾ ਦਿਤਾ ਤੇ ਨਾਮ 'ਜਰਾਸੰਧ' ਹੋਇਆ। ਇਹ ਬੜਾ ਸ਼ਕਤੀਸ਼ਾਲੀ ਰਾਜਾ ਸੀ। ਇਸ ਦੀਆਂ ਦੋ ਧੀਆਂ, ਰਾਜੇ ਕੰਸ ਨੂੰ ਵਿਆਹੀਆਂ ਸਨ। ਇਸੇ ਦੇ ਸਿਰ ਤੇ ਕੰਸ ਨੇ ਉਗ੍ਰਸੈਨ ਨੂੰ ਗੱਦੀਉਂ ਲਾਹ ਕੇ ਮਥਰਾ ਦਾ ਰਾਜ-ਭਾਗ ਸੰਭਾਲ ਲਿਆ। ਜਰਾਸੰਧ ਨੇ ਸ੍ਰੀ ਕ੍ਰਿਸ਼ਣ ਉਤੇ ਵੀ ਅਠਾਰਾਂ ਹੱਲੇ ਕੀਤੇ ਜਿਸ ਕਰਕੇ ਉਨ੍ਹਾਂ ਨੂੰ ਦੁਆਰਕਾ ਵਲ ਜਾਣਾ ਪਿਆ। ਜਦੋਂ ਯੁਧਿਸਟਰ ਨੇ ਯੱਗ ਕੀਤਾ, ਤਾਂ ਸ੍ਰੀ ਕ੍ਰਿਸ਼ਣ, ਭੀਮ ਤੇ ਅਰਜਨ ਵਗੈਰਾ ਬ੍ਰਹਿਮਚਾਰੀ ਬਣ ਕੇ ਜਰਾਸੰਧ ਪਾਸ ਆਏ। ਜਾਂਦਿਆਂ ਹੀ ਭੀਮਸੈਨ ਤੇ ਜਰਾਸੰਧ ਦੀ ਟੱਕਰ ਹੋ ਗਈ ਤੇ ਦੋਵੇਂ ਚਿਰ ਤਕ ਘੁਲਦੇ ਰਹੇ। ਸ੍ਰੀ ਕ੍ਰਿਸ਼ਨ ਜੀ ਨੇ ਇਕ ਤੀਲਾ ਚੀਰ ਕੇ ਇਸ਼ਾਰਾ ਕੀਤਾ ਜਿਸ ਨੂੰ ਸਮਝ ਕੇ ਭੀਮਸੈਨ ਨੇ ਜਰਾਸੰਧ ਨੂੰ ਵਿਚਾਲਿਓਂ ਚੀਰ ਦਿਤਾ ਜਿਥੇ ਕਿ ਜੋੜ ਲਗਿਆ ਹੋਇਆ ਸੀ। ਇਸ ਵਲ ਇਸ਼ਾਰਾ ਕਰਦਿਆਂ ਕਿਹਾ ਗਿਆ ਹੈ :

ਜਰਾਸੰਧਿ ਕਾਲਜਮੁਨ ਸੰਘਾਰੇ।
ਰਕਤ ਬੀਜੁ ਕਾਲਨੇਮ ਬਿਦਾਰੇ।

(ਗਉੜੀ ੧, ਪੰਨਾ ੨੨੪)

## ਜਾਤਿ ਪਾਤਿ

ਹਿੰਦੂ ਧਰਮ-ਗ੍ਰੰਥਾਂ ਅਨੁਸਾਰ ਜਾਤਿ ਪਾਤਿ ਦੀ ਮਰਯਾਦਾ ਉਹ ਹੈ ਜੋ ਮਨੁੱਖ ਸਮੂਹ ਦਾ ਅਧਿਕਾਰ ਖੇਤਰ ਸੀਮਤ ਕਰਦੀ ਤੇ ਜਨਮ ਅਨੁਸਾਰ ਮਨੁੱਖਾਂ ਨੂੰ ਵੱਖ ਵੱਖ ਸ਼੍ਰੇਣੀਆਂ ਵਿਚ ਵੰਡ ਕੇ ਉਚ ਨੀਚ ਬਣਾਉਂਦੀ ਹੈ। ਰਿਗਵੇਦ ਦੇ ਦਸਵੇਂ ਮੰਡਲ ਦੇ 'ਪੁਰਸ਼ ਸੂਕਤ' ਵਿਚ ਲਿਖਿਆ ਹੈ ਕਿ ਬ੍ਰਹਮਾ ਦੇ ਮੁਖ ਤੋਂ ਬ੍ਰਾਹਮਣ, ਭੁਜਾਵਾਂ ਵਿਚੋਂ ਖੱਤਰੀ, ਪੱਟਾਂ ਵਿਚੋਂ ਵੈਸ਼ਯ ਤੇ ਪੈਰਾਂ ਵਿਚੋਂ ਸ਼ੂਦ੍ਰ ਪੈਦਾ ਹੋਏ। ਇਸ ਕਲਪਨਾ ਨੇ ਚਾਰ ਵਰਣਾਂ ਦੀ ਉਤਪਤੀ ਤੋਂ ਹੀ ਦਰਜੇਬੰਦੀ ਕਰਕੇ ਉਨ੍ਹਾਂ ਨੂੰ ਛੋਟਾ ਵੱਡਾ ਬਣਾ ਦਿਤਾ। ਇਸ ਤੋਂ ਅੱਗੇ ਸਿਮ੍ਰਿਤੀਕਾਰਾਂ ਇਨ੍ਹਾਂ ਦਾ ਅਧਿਕਾਰ ਤੇ ਕਰਤੱਵ-ਖੇਤਰ ਨੀਅਤ ਕਰਕੇ ਇਸ ਵੰਡ ਨੂੰ ਹੋਰ ਪੱਕਿਆਂ ਕਰ ਦਿਤਾ। ਮਨੂ ਸਿਮ੍ਰਿਤੀ ਅਨੁਸਾਰ ਬ੍ਰਾਹਮਣ ਦਾ ਕੰਮ ਵੇਦ ਪੜ੍ਹਨਾ ਪੜ੍ਹਾਉਣਾ, ਯੱਗ ਕਰਨਾ ਕਰਾਉਣਾ ਤੇ ਦਾਨ ਦੇਣਾ ਲੈਣਾ ਹੈ। ਖਤ੍ਰੀ ਦਾ ਕੰਮ ਯੱਗ, ਦਾਨ ਕਰਨਾ ਤੇ ਲੋਕਾਂ ਦੀ ਰਾਖੀ ਕਰਨਾ ਹੈ। ਵੈਸ਼ ਵਣਜ ਤੇ ਖੇਤੀ ਕਰਨ ਲਈ

ਹੈ, ਸੂਦ੍ਰ ਦਾ ਕੰਮ ਸਭ ਦੀ ਸੇਵਾ ਟਹਿਲ ਕਰਨਾ ਹੈ। ਵਿਸ਼ਨੂ ਪੁਰਾਣ ਅਨੁਸਾਰ ਇਨ੍ਹਾਂ ਦੇ ਕ੍ਰਮਵਾਰ ਉੱਜਲ, ਲਾਲ, ਪੀਲਾ ਤੇ ਕਾਲਾ ਰੰਗ ਵੀ ਨਿਸਚਤ ਹਨ। ਇਸ ਨੇਮਾਵਲੀ ਦਾ ਅਰਥ ਇਹ ਸੀ ਕਿ ਵੈਸ਼ ਤੇ ਸੂਦ੍ਰ ਵੇਦ ਪੜ੍ਹ-ਪੜ੍ਹਾ ਨਹੀਂ ਸੀ ਸਕਦੇ ਤੇ ਨਾ ਹੀ ਯੱਗ ਆਦਿ ਕਰਮ ਕਰ ਸਕਦੇ ਸਨ। ਇਸੇ ਤਰ੍ਹਾਂ ਬ੍ਰਾਹਮਣ ਸੇਵਾ ਕਰਨ ਤੋਂ ਨਾਬਰ ਸਨ ਤੇ ਕਰਾਉਣ ਲਈ ਸਦਾ ਤਤਪਰ ਸਨ। ਸਿੱਟਾ ਇਹ ਕਿ ਸਮਾਜ ਵਿਚ ਐਸਾ ਉਲਾਰ ਆਇਆ ਕਿ ਸਭੇ ਸੂਦ੍ਰ ਤ੍ਰਿਸਕਾਰਿਤ ਤੇ ਸਭੇ ਬ੍ਰਾਹਮਣ ਸਤਿਕਾਰਤ ਹੋ ਗਏ। ਜੇ ਕਿਸੇ ਮਨੁੱਖ ਦੀ ਯੋਗਤਾ ਤੇ ਅਯੋਗਤਾ ਦੇ ਅਧਾਰ ਤੇ ਇਹ ਨਿਰਣਾ ਹੁੰਦਾ ਤਾਂ ਹੋਰ ਗੱਲ ਸੀ, ਪਰ ਜਨਮ ਦੇ ਅਧਾਰ ਤੇ ਹੀ ਇਹ ਕੁਝ ਬਣਾ ਦੇਣਾ ਜਾਤਿ ਪਾਤਿ ਦੀ ਮਾੜੀ ਤੇ ਗਲਤ ਰੀਤੀ ਦਾ ਸਿੱਟਾ ਸੀ। ਇਸ ਅਯੋਗ ਵੰਡ ਨੇ ਨ-ਬਰਾਬਰੀ ਪੈਦਾ ਕੀਤੀ, ਖਾਣ ਪੀਣ ਤੇ ਵਰਤੋਂ ਵਿਹਾਰ ਵਿਚ ਰੋਕਾਂ ਪਾਈਆਂ, ਰੋਟੀ ਬੇਟੀ ਦੀ ਸਾਂਝ ਲਈ ਗਲਤ ਲੀਕਾਂ ਖਿਚੀਆਂ ਤੇ ਸਾਰੇ ਸਮਾਜ ਦੇ ਮੇਲ ਜੋਲ ਤੋਂ ਪੈਦਾ ਹੋਣ ਵਾਲੀ ਰਾਸ਼ਟਰੀ ਏਕਤਾ ਨੂੰ ਅਸੰਭਵ ਬਣਾ ਦਿਤਾ। ਜਨਮ ਦੇ ਅਧਾਰ ਤੇ ਇਹ ਵਡਿਆਈ ਇਤਨੀ ਪਰਿਪੱਕ ਕੀਤੀ ਗਈ ਕਿ ਕੋਈ ਉਚੇ ਕਰਮ ਕਰਨ ਦਾ ਵੀ ਸਾਹਸ ਨਾ ਕਰੇ। ਪ੍ਰਾਸ਼ਰ ਸੰਹਿਤਾ ਵਿਚ ਲਿਖਿਆ ਹੈ ਕਿ ਬ੍ਰਾਹਮਣ ਦੁਰਾਚਾਰੀ ਵੀ ਹੋਵੇ ਪੂਜਣ ਯੋਗ ਹੈ, ਸੂਦ੍ਰ, ਇੰਦ੍ਰੇ-ਜਿਤ ਵੀ ਬਣ ਜਾਵੇ ਉਹ ਪੂਜਨੀਕ ਨਹੀਂ। ਜਿਵੇਂ ਕਿ ਦੁੱਧ ਨ ਦੇਣ ਵਾਲੀ ਗਊ ਆਦਰਯੋਗ ਹੈ ਤੇ ਦੁੱਧ ਦੇਣ ਵਾਲੀ ਖੋਤੀ ਆਦਰ ਲਾਇਕ ਨਹੀਂ। ਇਸੇ ਦੀ ਪੁਸ਼ਟੀ ਕਰਦਿਆਂ ਤੁਲਸੀ ਦਾਸ ਨੇ ਲਿਖਿਆ ਹੈ :—

ਸੇਵੀਐ ਬਿਪ੍ਰ ਗਯਾਨ ਗੁਣ ਹੀਨਾ।
ਸੂਦ੍ਰ ਨ ਸੇਵੀਐ ਗਯਾਨ ਪ੍ਰਬੀਨਾ।

ਇਸਤਰ੍ਹਾਂ ਜਾਤਿ ਪਾਤਿ ਦੇ ਰੋਗ ਨੇ ਕੁਝ ਲੋਕਾਂ ਨੂੰ ਇਤਨਾ ਤ੍ਰਿਸਕਾਰਿਆ ਕਿ ਉਹ 'ਅਛੂਤ' ਕਹਿ ਕੇ ਦੁਰਕਾਰੇ ਗਏ, ਆਰਥਕ ਤੇ ਸਮਾਜਕ ਤੌਰ ਤੇ ਇਤਨੇ ਹੇਠ ਚਲੇ ਗਏ ਕਿ ਉਨ੍ਹਾਂ ਨੂੰ ਨਾਲ ਲੈ ਕੇ ਚਲਣਾ ਵੀ ਔਖਾ ਹੋ ਗਿਆ।

ਇਹ ਵੰਡ ਕੇਵਲ ਚਾਰ ਵਰਣਾਂ ਤਕ ਸੀਮਤ ਨਹੀਂ ਸੀ, ਸਗੋਂ ਇਸ ਰੋਗ ਦਾ ਫੈਲਾਉ ਇਤਨਾ ਹੋਇਆ ਕਿ ਹਰ ਵਰਨ ਵਿਚ ਅਗੋਂ ਹੋਰ ਹੋਰ ਜਾਤਾਂ ਉਪਜਾਤਾਂ ਬਣਦੀਆਂ ਗਈਆਂ। ਬ੍ਰਾਹਮਣਾਂ ਦੀਆਂ ੮੦੦ ਤੋਂ ਉਤੇ ਜਾਤਾਂ ਗਿਣੀਆਂ ਗਈਆਂ ਹਨ, ਬਲੂਮਫੀਲਡ ਇਹ ਦੋ ਹਜ਼ਾਰ ਤੋਂ ਉਤੇ ਦਸਦਾ ਹੈ। ੧੯੦੧ ਦੀ ਮਰਦਮ ਸ਼ੁਮਾਰੀ ਅਨੁਸਾਰ ਕੁਲ ੨੩੭੮ ਜਾਤਾਂ ਦੱਸੀਆਂ ਗਈਆਂ ਹਨ। ਇਉਂ ਜਾਤ ਪਾਤ ਦੀ ਵੰਡ ਨੇ ਭਾਰਤੀ ਸਮਾਜ ਨੂੰ ਖੇਰੂੰ-ਖੇਰੂੰ ਕਰ ਦਿਤਾ।

ਭਗਤੀ ਲਹਿਰ ਦੇ ਸੰਤਾਂ ਸਾਧੂਆਂ ਅਤੇ ਗੁਰੂਆਂ ਇਸ ਬੁਰਿਆਈ ਦਾ ਸਖ਼ਤ ਵਿਰੋਧ ਕੀਤਾ ਉਨ੍ਹਾਂ ਇਸ ਮਨੌਤ ਨੂੰ ਬ੍ਰਾਹਮਣੀ ਘਾੜਤ ਦਸਦਿਆਂ ਕਿਹਾ ਕਿ ਪਰਮਾਤਮਾ ਦੀ ਜੋਤਿ ਸਭ ਵਿਚ ਹੈ ਤੇ ਸਭ ਮਨੁੱਖ ਬਰਾਬਰ ਹਨ, ਇਕੋ ਬ੍ਰਹਮ-ਬਿੰਦ ਤੋਂ ਉਤਪੰਨ ਹੋਏ ਹਨ, ਸਭ ਇਕੋ ਤਰ੍ਹਾਂ ਹੀ ਸੰਸਾਰ ਵਿਚ ਆਉਂਦੇ ਤੇ ਇਥੋਂ ਜਾਂਦੇ

ਹਨ, ਸਭ ਦੀਆਂ ਰਗਾਂ ਵਿਚ ਇਕੋ ਖ਼ੂਨ ਗੇੜੇ ਲਾਉਂਦਾ ਹੈ । ਗੁਰੂ ਨਾਨਕ ਸਾਹਿਬ ਲਿਖਦੇ ਹਨ :—

ਫਕੜ ਜਾਤੀ ਫਕੜੁ ਨਾਉ । ਸਭਨਾ ਜੀਆ ਇਕਾ ਛਾਉ ।

(ਵਾਰ ਸਿਰੀ, ੧, ਪਨਾ ੮੩)

ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥

(ਪ੍ਰਭਾਤੀ ੧,ਪੰਨਾ ੧੩੩੦)

## ਜਾਲਪ

ਗਿਆਰਾਂ ਭੱਟਾਂ ਵਿਚੋਂ ਇਕ ਭੱਟ, ਇਸ ਦੇ ਪੰਜ ਛੰਦ ਕੇਵਲ ਗੁਰੂ ਅਮਰਦਾਸ ਜੀ ਦੀ ਵਡਿਆਈ ਬਾਰੇ ਮਿਲਦੇ ਹਨ, ਹੋਰ ਕਿਸੇ ਗੁਰੂ ਸਬੰਧੀ ਨਹੀਂ । ਇਸ ਤੋਂ ਅਨੁਮਾਨ ਲਗਦਾ ਹੈ ਕਿ ਇਹ ਸ਼ਾਇਦ ਆਪਣੇ ਪਿਤਾ ਭਿਖੇ ਨਾਲ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਸੀ । ਇਸ ਦਾ ਆਪਣਾ ਅਨੁਭਵ ਹੈ ਕਿ ਇਹ ਸਰੀਰ ਤੇ ਇੰਦ੍ਰੇ ਤਾਂ ਹੀ ਸਫਲ ਹਨ ਜੇਕਰ ਗੁਰੂ ਦੇ ਚਰਨਾਂ ਨੂੰ ਪਰਸ ਰਹੇ ਹੋਣ ਤੇ ਹਿਰਦਾ ਵੀ ਤਾਂ ਹੀ ਸ਼ੁੱਧ ਹੁੰਦਾ ਹੈ ਜੇ ਕਰ ਇਸ ਵਿਚ ਗੁਰੂ ਦਾ ਵਾਸਾ ਹੋਵੇ ।

ਸਕਯਥ ਸੁ ਹੀਉ ਜਿਤੁ ਹੀਅ ਬਸੈ
ਗੁਰ ਅਮਰਦਾਸ ਨਿਜ ਜਗਤ ਪਿਤ ।
ਸਕਯਥ ਸੁ ਸਿਰੁ 'ਜਾਲਪੁ' ਭਣੈ,
ਜੁ ਸਿਰੁ ਨਿਵੈ ਗੁਰ ਅਮਰ ਨਿਤ ।੧।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੪)

ਜੀਵਨ ਪਦਵੀ—ਦੇਖੋ ਚਉਥਾਪਦ ।
ਜੀਵਨ ਮੁਕਤ—ਦੇਖੋ ਚਾਰ ਮੁਕਤੀਆਂ ।
ਜੁਗ – ਦੇਖੋ ਚਾਰ ਜੁਗ

## ਜੇਜ਼ੀਆ

ਜਿਜ਼ੀਯਹ ਅਰਬੀ ਸ਼ਬਦ ਹੈ, ਇਸ ਦਾ ਅਰਥ ਹੈ 'ਕਰ' । ਪਰ ਹਿੰਦੁਸਤਾਨ ਵਿਚ ਇਸ ਦਾ ਭਾਵ ਇਕ ਵਿਸ਼ੇਸ਼ ਪ੍ਰਕਾਰ ਦਾ ਟੈਕਸ ਸੀ ਜੋ ਕਿ ਮੁਸਲਮਾਨੀ ਰਾਜ ਵਿੱਚ ਗ਼ੈਰ-ਮੁਸਲਮਾਨਾਂ ਨੂੰ ਆਪ ਹਾਜ਼ਰ ਹੋ ਕੇ ਸ਼ਾਹੀ ਖ਼ਜ਼ਾਨੇ ਵਿਚ ਦੇਣਾ ਪੈਂਦਾ ਸੀ । ਇਮਾਮ ਹਨੀਫਾ ਕਿਹਾ ਕਰਦਾ ਸੀ ਕਿ ਕਾਫ਼ਰ ਮੌਤ ਦੇ ਘਾਟ ਉਤਾਰਨ ਯੋਗ ਹੈ । ਜੇ ਉਸ ਨੂੰ ਮਾਰਨਾ ਨਹੀਂ ਤਾਂ ਉਸ ਤੋਂ ਜਜ਼ੀਆ ਲੈਣਾ ਜ਼ਰੂਰੀ ਹੈ । ਇਹ ਉਸ ਤੇ ਬੋਝ ਨਹੀਂ ਸਗੋਂ ਮਿਹਰਬਾਨੀ ਹੈ । ਐਲਫਿਨਸਟਨ ਲਿਖਦਾ ਹੈ ਕਿ ਮੁਸਲਮਾਨਾਂ ਦੇ ਰਾਜ ਵਿੱਚ ਅਮੀਰ ਤੋਂ ਸਾਲਾਨਾ ੪੮ ਦਿਰਹਮ (ਇਕ ਚਾਂਦੀ ਦਾ ਸਿੱਕਾ ਜਿਸ ਦੀ

ਕੀਮਤ ਦੋ ਆਨਿਆਂ ਦੇ ਬਰਾਬਰ ਸੀ) ਮਾਮੂਲੀ ਦਰਜੇ ਦੇ ਆਦਮੀ ੨੪ ਤੇ ਮਜ਼ਦੂਰੀ ਪੇਸ਼ਾ ਲੋਕਾਂ ਤੇ ੧੨ ਦਿਰਹਮ ਲਏ ਜਾਂਦੇ ਸਨ। ਜੇਜ਼ੀਆ ਦੇਣ ਵਾਲੇ ਲੋਕਾਂ ਨੂੰ ਹੁਕਮ ਸੀ ਕਿ ਉਹ ਮੁਸਲਮਾਨੀ ਪਹਿਰਾਵਾ ਨਾ ਪਾਉਣ। (ਮਹਾਨਕੋਸ਼) ਗੁਰਮੁਖਾਂ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ—

ਜੇਜ਼ੀਆ ਡੰਨੁ ਕੋ ਲਏ ਨ ਜਗਾਤਿ।
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ।

(ਆਸਾ ੫, ਪੰਨਾ ੪੩੦)

## ਜੇਜਾਵੰਤੀ

ਇਹ ਖਮਾਚ ਠਾਠ ਦਾ ਸੰਪੂਰਣ ਰਾਗ ਹੈ, ਪੁਰਾਣੇ ਮਤ ਇਸ ਨੂੰ ਦੀਪਕ ਰਾਗ ਦੀ ਨੂੰਹ ਮੰਨਦੇ ਸਨ। ਵੈਸੇ ਇਹ ਧੁਨ ਸ੍ਰੀ ਬਿਲਾਵਲ ਤੇ ਸੋਰਠਿ ਦੇ ਮੇਲ ਤੋਂ ਬਣਦੀ ਹੈ। ਪਾ ਸੰਵਾਦੀ ਤੇ ਰੇ ਵਾਦੀ ਹੈ, ਦੋਵੇਂ ਗਾ ਤੇ ਦੋਵੇਂ ਨੀ ਲਗਦੇ ਹਨ। ਆਰੋਹੀ ਵਿਚ ਸ਼ੁੱਧ ਗਾ ਤੇ ਨੀ ਅਤੇ ਅਵਰੋਹੀ ਵਿਚ ਦੋਵੇਂ ਕੋਮਲ ਲਾਏ ਜਾਂਦੇ ਹਨ। ਗਾਉਣ ਦਾ ਸਮਾ ਪ੍ਰਭਾਤ ਹੈ।

ਆਦਿ ਗ੍ਰੰਥ ਵਿਚ ਇਹ ਰਾਗ ਇਕੱਤੀਵੀਂ ਥਾਂ ਤੇ ਦਰਜ ਹੈ ਅਤੇ ਇਸ ਵਿਚ ਕੇਵਲ ਗੁਰੂ ਤੇਗ ਬਹਾਦਰ ਜੀ ਦੇ ਚਾਰ ਸ਼ਬਦ ਹਨ।

## ਜੈਤਸਰੀ

ਇਹ ਪੂਰਬੀ ਠਾਠ ਦਾ ਔੜਵ ਸੰਪੂਰਣ ਰਾਗ ਹੈ। ਪੁਰਾਣੇ ਮਤਾਂ ਅਨੁਸਾਰ ਇਹ ਮਾਲਕੋਂਸ ਦੀ ਰਾਗਣੀ ਨੂੰਹ ਹੈ। ਇਸ ਦਾ ਵਾਦੀ ਸੁਰ ਗਾ, ਮਾ ਤੀਬਰ, ਧਾ ਤੇ ਰੇ ਕੋਮਲ ਲਗਦੇ ਹਨ; ਆਰੋਹੀ ਵਿਚ ਰੇ ਤੇ ਧਾ ਲਾਉਣੇ ਮਨ੍ਹਾਂ ਅਤੇ ਅਵਰੋਹੀ ਵਿਚ ਸਾਰੇ ਹੀ ਸੁਰ ਲਗ ਜਾਂਦੇ ਹਨ। ਗਾਉਣ ਦਾ ਸਮਾਂ ਸ਼ਾਮ ਹੈ।

ਆਦਿ ਗ੍ਰੰਥ ਵਿਚ ਇਹ ਰਾਗ ਗਿਆਰ੍ਹਵੀਂ ਥਾਂ ਤੇ ਦਰਜ ਹੈ ਤੇ ਇਸ ਵਿਚ ਜ਼ਿਆਦਾ ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਹੀ ਹੈ, ਤਿੰਨ ਸ਼ਬਦ ਗੁਰੂ ਤੇਗ ਬਹਾਦਰ ਜੀ ਦੇ ਤੇ ਇਕ ਰਵਿਦਾਸ ਦਾ ਸ਼ਬਦ ਵੀ ਸ਼ਾਮਿਲ ਹੈ।

## ਜੈਦੇਵ

ਤੇਰ੍ਹਵੀਂ ਸਦੀ ਦੇ ਇਕ ਬੰਗਾਲੀ ਭਗਤ ਕਵੀ (੧੨੦੧-੧੨੪੫ ਈ.) ਜਿਨ੍ਹਾਂ ਦੀ ਸੰਸਕ੍ਰਿਤ ਰਚਨਾ 'ਗੀਤ ਗੋਵਿੰਦ' ਕਾਵਿ ਤੇ ਸੰਗੀਤ ਕਲਾ ਦੇ ਪੱਖ ਤੋਂ ਕਾਫ਼ੀ ਪ੍ਰਸਿਧ ਹੈ। ਆਪ ਦਾ ਜਨਮ ਜ਼ਿਲ੍ਹਾ ਬੀਰ-ਭੂਮਿ ਦੇ ਪਿੰਡ ਕੇਂਦਲੀ ਵਿਚ ਹੋਇਆ, ਜਿਥੇ ਕਿ ਯਾਦਗਾਰੀ ਮੰਦਰ ਬਣਿਆ ਹੋਇਆ ਹੈ। ਕ੍ਰਿਸ਼ਨ ਭਗਤੀ ਦੀ ਪ੍ਰਬਲਤਾ ਨੇ ਆਪ ਨੂੰ ਕਵੀ ਬਣਾ ਦਿਤਾ। ਕੁਝ ਅਰਸਾ ਸੈਨਬੰਸੀ ਰਾਜਾ ਲਛਮਣ ਸੇਨ ਦੇ ਦਰਬਾਰੀ ਕਵੀ ਰਹੇ, ਪਿਛੋਂ ਭਗਤੀ ਰੰਗ ਇਤਨਾ ਵਧਿਆ ਕਿ ਸਭ ਕੁਝ

ਪਾਸੇ ਛੱਡ ਕੇ ਪ੍ਰਭੂਪਰਾਇਣ ਹੋ ਗਏ। ਇਨ੍ਹਾਂ ਦੀ ਸੁਹਿਰਦ ਪਤਨੀ ਪਦਮਾਵਤੀ ਵੀ ਇਨ੍ਹਾਂ ਨਾਲ ਮਿਲ ਕੇ ਭਜਨ ਗਾਇਨ ਕਰਦੀ ਤੇ ਮਸਤ ਰਹਿੰਦੀ। 'ਗੀਤ ਗੋਵਿੰਦ' ਮਹਾਂਕਾਵਿ ਵਿਚ ਰਾਧਾ ਕ੍ਰਿਸ਼ਨ ਭਗਤੀ ਦਾ ਗੂੜ੍ਹਾ ਰੰਗ ਹੈ, ਇਨ੍ਹਾਂ ਮਾਧੁਰਯਪੂਰਣ ਗੀਤਾਂ ਨੇ ਕ੍ਰਿਸ਼ਨ ਭਗਤੀ ਨੂੰ ਬੜੀ ਸ਼ਕਤੀ ਪ੍ਰਦਾਨ ਕੀਤੀ ਹੈ। ਜੈਦੇਵ ਦੀ ਲੰਮੀ ਸਾਧਨਾ ਦਾ ਸਿੱਟਾ ਸੀ ਕਿ ਇਹ ਸਰਗੁਣਵਾਦ ਦੀ ਥਾਂ ਨਿਰਗੁਣਵਾਦ ਦੀ ਉਚੀ ਮੰਜ਼ਲ ਤੇ ਪੁਜ ਗਏ। ਆਦਿ ਗ੍ਰੰਥ ਵਿਚ ਆਪ ਦੇ ਗੁਜਰੀ ਤੇ ਮਾਰੂ ਰਾਗ ਵਿਚ ਦੋ ਸ਼ਬਦ ਦਰਜ ਹਨ।

ਬਦਤਿ ਜੈਦੇਉ ਜੈਦੇਵ ਕਉ ਰੰਮਿਆ
ਬ੍ਰਹਮੁ ਨਿਰਬਾਣੁ ਲਿਵਲੀਣੁ ਪਾਇਆ।

(ਮਾਰੂ ਜੈਦੇਉ, ਪੰਨਾ ੧੧੦੬)

## ਜੈਨ ਮਾਰਗ ਤੇ ਜੈਨੀ

ਭਾਰਤ ਦਾ ਇਕ ਨਿਰੀਸ੍ਵਰਵਾਦੀ ਤੇ ਅਹਿੰਸਾਵਾਦੀ ਮਤ ਜਿਸ ਦੇ ਮੋਢੀ ਜਿਨ ਭਗਵਾਨ ਜਾਂ ਰਿਸ਼ਭ ਦੇਵ ਸਨ। ਜੈਨੀ ੨੪ ਤੀਰਥੰਕਰਾਂ ਦੀ ਪੂਜਾ ਕਰਦੇ ਹਨ, ਰਿਸ਼ਭ ਦੇਵ ਪਹਿਲੇ ਤੀਰਥੰਕਰ ਸਨ ਤੇ ਮਹਾਂਬੀਰ ਅੰਤਮ। ਦਰਅਸਲ ਮਹਾਂਬੀਰ ਵਰਧਮਾਨ ਨੇ ਜੋ ਕਿ ਮਹਾਤਮਾ ਬੁਧ ਦੇ ਸਮਕਾਲੀਨ ਸਨ, ਈਸਵੀ ਪੂਰਬ ਪੰਜਵੀਂ-ਛੇਵੀਂ ਸਦੀ ਵਿਚ ਇਸ ਮਤ ਦੀ ਰੂਪ-ਰੇਖਾ ਤਿਆਰ ਕੀਤੀ। ਸਿਧਾਂਤਕ ਤੋਰ ਤੇ ਜੈਨ ਮਤ ਅਨੇਕਾਂਤਵਾਦੀ ਹੈ ਜਿਸ ਦਾ ਭਾਵ ਹੈ ਕਿ ਕੋਈ ਵੀ ਪਦਾਰਥ ਸਤਿ ਜਾਂ ਅਸਤਿ ਨਹੀਂ ਸਗੋਂ ਸਾਪੇਖਕ ਦ੍ਰਿਸ਼ਟੀ ਤੋਂ ਹੀ ਐਸਾ ਕਿਹਾ ਜਾਂਦਾ ਹੈ। ਇਸ ਕਰਕੇ ਇਹ ਲੋਕ ਹਰ ਗੱਲ ਨਾਲ 'ਸ਼ਾਇਦ' ਵਰਤਦੇ ਤੇ ਇਸ ਨੂੰ 'ਸੱਯਾਦਵਾਦ' ਕਹਿੰਦੇ ਹਨ। ਪਰਮੇਸ਼ਰ ਨੂੰ ਇਹ ਉਂਜ ਨਹੀਂ ਮੰਨਦੇ ਤੇ ਨਾ ਹੀ ਕਿਸੇ ਦੇਵਤਾ ਨੂੰ। ਇਨ੍ਹਾਂ ਦੀ ਪੂਜਾ ਵਿਧੀ ਵਿਚ ਕੁਝ-ਕੁਝ ਪੁਰਾਣਾ ਸ਼ਾਕਤ ਪ੍ਰਭਾਵ ਵੀ ਮਿਲਦਾ ਹੈ।

ਸੱਚਾ ਜੈਨੀ ਬਣਨ ਲਈ ਪੰਜ ਮਹਾਂਬ੍ਰਤਾਂ ਦਾ ਪਾਲਣ ਜ਼ਰੂਰੀ ਹੈ, ਇਹ ਬ੍ਰਤ ਹਨ—ਅਹਿੰਸਾ, ਸਤਜ, ਚੋਰੀ ਨਾ ਕਰਨਾ, ਕੁਝ ਗ੍ਰਹਿਣ ਨਾ ਕਰਨਾ ਤੇ ਬ੍ਰਹਮਚਰਜ। ਪਹਿਲੇ ਚਾਰ ਹੀ ਬ੍ਰਤ ਸਨ, ਮਹਾਂਬੀਰ ਜੀ ਨੇ ਇਸ ਵਿਚ ਪੰਜਵਾਂ ਹੋਰ ਜੋੜ ਦਿਤਾ। ਅਹਿੰਸਾ ਇਨ੍ਹਾਂ ਦਾ ਮੁੱਖ ਸਿਧਾਂਤ ਹੈ, ਜਿਸ ਦਾ ਭਾਵ ਹੈ ਕਿ ਕਿਸੇ ਵੀ ਤਰ੍ਹਾਂ ਕਿਸੇ ਜੀਵ ਨੂੰ ਦੁਖਾਇਆ ਨਾ ਜਾਵੇ, ਮਾਰਿਆ ਨਾ ਜਾਵੇ। ਇਸੇ ਕਰਕੇ ਇਹ ਲੋਕ ਸ਼ੁੱਧ ਪਾਣੀ ਨਹੀਂ ਪੀਂਦੇ, ਸ਼ੁੱਧ ਪਾਣੀ ਵਿਚ ਇਸ਼ਨਾਨ ਨਹੀਂ ਕਰਦੇ। ਇਨ੍ਹਾਂ ਦਾ ਖ਼ਿਆਲ ਹੈ ਕਿ ਐਸਾ ਕਰਨ ਨਾਲ ਜੀਵ ਮਰਦੇ ਤੇ ਪਾਪ ਲਗਦਾ ਹੈ। ਹਮੇਸ਼ਾ ਮੂੰਹ ਅਤੇ ਨੱਕ ਉਤੇ ਪੱਟੀ ਬੰਨ੍ਹ ਕੇ ਰਖਦੇ ਤੇ ਹੱਥ ਵਿਚ ਫੁੰਮਣ ਲੈ ਕੇ ਚਲਦੇ ਹਨ ਤੇ ਉਸ ਨਾਲ ਜੀਵਾਂ ਤੋਂ ਰਸਤਾ ਸਾਫ਼ ਕਰਦੇ ਜਾਂਦੇ ਹਨ। ਇਸੇ ਤਰ੍ਹਾਂ ਮੈਲਾ ਪਾਣੀ ਪੀਣਾ, ਜੂਠਾ ਖਾਣਾ, ਗੰਦ ਫੋਲਣਾ, ਤਪ-ਤਾਪਣਾ, ਹੋਰ ਕਈ ਤਰ੍ਹਾਂ ਦੇ ਪ੍ਰਹੇਜ਼ ਨਿਭਾਉਣਾ ਜੈਨੀਆਂ

ਦੇ ਕਰਤੱਬ ਹੋ ਗਏ। ਗੁਰਵਾਕ ਹੈ:—

ਜੈਨ ਮਾਰਗ ਸੰਜਮ ਅਤਿ ਸਾਧਨ।

(ਗਉੜੀ ੫, ਪੰਨਾ ੨੬੫)

ਜਦ ਅਹਿੰਸਾ ਦਾ ਵਿਚਾਰ ਇਸ ਤਰ੍ਹਾਂ ਵਹਿਮ-ਭਰਮ ਦਾ ਰੂਪ ਧਾਰਨ ਕਰ ਗਿਆ ਤਾਂ ਜੈਨੀ ਲੋਕ ਕਰਮ-ਯੋਗੀ ਨਾ ਰਹੇ, ਫੋਕੇ ਕਰਮ-ਕਾਂਡ ਵਿਚ ਫਸ ਕੇ ਧਰਮ ਦੀ ਅਸਲ ਸਪਿਰਟ ਗੁਆ ਬੈਠੇ।

ਜੈਨ ਮਤ ਦੀਆਂ ਦੋ ਸ਼ਾਖਾਂ ਹਨ—ਦਿਗੰਬਰ ਤੇ ਸ੍ਵੇਤੰਬਰ। ਦਿਗੰਬਰ ਨਗਨ ਰਹਿਣਾ ਪਸੰਦ ਕਰਦੇ ਹਨ, ਸ੍ਵੇਤੰਬਰ ਚਿੱਟੇ ਬਸਤ੍ਰ ਪਹਿਨਦੇ ਹਨ। ਇਨ੍ਹਾਂ ਦੇ ਧਰਮ-ਗ੍ਰੰਥ ਆਗਮ ਹਨ। ਗੁਰੂ ਨਾਨਕ ਸਾਹਿਬ ਨੇ ਆਪਣੀ ਭਾਰਤ ਯਾਤਰਾ ਸਮੇਂ ਕਈ ਥਾਂ ਜੈਨ ਮੰਡਲੀਆਂ ਤੱਕੀਆਂ ਸਨ ਜਿਨ੍ਹਾਂ ਦਾ ਆਹਾਰ-ਵਿਹਾਰ ਸੁੱਚ ਨਹੀਂ ਸੀ, ਇਸੇ ਕਰਕੇ ਉਨ੍ਹਾਂ ਇਸ ਦੀ ਆਲੋਚਨਾ ਕਰਦਿਆਂ ਕਿਹਾ ਹੈ:—

ਇਕ ਜੈਨੀ ਉਝੜ ਪਾਇ, ਧੁਰਹੁ ਖੁਆਇਆ।
ਤਿਨ ਮੁਖਿ ਨਾਹੀ ਨਾਮੁ ਨਾ ਤੀਰਥਿ ਨਾਇਆ।
ਹਥੀ ਸਿਰ ਖੋਹਾਇਨਿ ਭਦੁ ਕਰਾਇਆ
ਕੁਚਿਲ ਰਹਹਿ ਦਿਨ ਰਾਤਿ, ਸਬਦੁ ਨ ਭਾਇਆ
ਤਿਨ ਜਾਤਿ ਨ ਪਤਿ ਨ ਕਰਮੁ, ਜਨਮੁ ਗਵਾਇਆ
ਮਨਿ ਜੂਠੇ ਵੇਜਾਤਿ ਜੂਠਾ ਖਾਇਆ।

(ਵਾਰ ਮਲਾਰ ੧, ਪੰਨਾ ੧੨੮੫)

## ਜੋਗ ਤੇ ਜੋਗੀ

ਯੋਗ-ਸ਼ਾਸਤ੍ਰ ਦੇ ਮੋਢੀ ਅਚਾਰਯ ਪਤੰਜਲਿ ਨੇ 'ਚਿਤ ਬ੍ਰਿਤੀ ਨੂੰ ਰੋਕਣ' ਦਾ ਨਾਮ ਯੋਗ ਆਖਿਆ ਹੈ। ਯੋਗ-ਸੂਤ੍ਰ ਦੇ ਚਾਰ ਪਾਦ ਹਨ, ਪਹਿਲੇ ਵਿਚ ਆਤਮ-ਸੰਜਮ ਤੇ ਉਸ ਦੇ ਸਾਧਨ ਵੈਰਾਗ ਆਦਿ ਦਾ ਜ਼ਿਕਰ ਹੈ, ਦੂਜੇ ਪਾਦ ਵਿਚ ਅਸ਼ਟਾਂਗ ਮਾਰਗ, ਤੀਜੇ ਵਿਚ ਯੋਗ ਦੀ ਵਿਭੂਤੀ ਤੇ ਚੌਥੇ ਪਾਦ ਵਿਚ ਯੋਗ ਦੇ ਫਲ 'ਮੋਖ' ਦਾ ਵਰਣਨ ਹੈ। ਦਰ-ਅਸਲ ਯੋਗ ਦੀ ਜਿੰਦਜਾਨ ਅਸ਼ਟਾਂਗ ਸਾਧਨ ਹੈ। ਇਹ ਅੱਠ ਹਨ—ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਣਾ, ਧਯਾਨ, ਸਮਾਧਿ।

੧. ਯਮ, ਪੰਜ ਗੱਲਾਂ ਨਾ ਕਰਨਾ ਹੈ—ਹਿੰਸਾ, ਝੂਠ, ਚੋਰੀ, ਵਿਭਚਾਰ ਤੇ ਗ੍ਰਹਿਣ-ਲਾਲਸਾ।
੨. ਨਿਯਮ-ਪੰਜ ਗੱਲਾਂ ਕਰਨਾ ਹੈ—ਸੱਚ, ਸੰਤੋਖ, ਤਪ, ਅਧਿਐਨ ਤੇ ਈਸ਼ਵਰ-ਸਮਰਪਣ।
੩. ਆਸਨ—ਸੁਖ ਪੂਰਬਕ ਬੈਠਣਾ ਹੈ, ਜੋ ਪਿਛੋਂ ਵਧਦੇ-ਵਧਦੇ ੮੪ ਕਿਸਮ ਦੇ ਹੋ ਗਏ।

੪. ਪ੍ਰਾਣਾਯਾਮ—ਬਾਕਾਇਦਾ ਸਵਾਸ ਸਾਧਣ ਦਾ ਅਭਿਆਸ ਹੈ, ਵਿਧੀ ਨਾਲ ਸਵਾਸ ਚੜ੍ਹਾਉਣਾ, ਠਹਿਰਾਉਣਾ ਤੇ ਲਾਹੁਣਾ ਪੂਰਕ, ਕੁੰਭਕ ਅਤੇ ਰੇਚਕ ਕਹਾਉਂਦਾ ਹੈ।

੫. ਪ੍ਰਤਯਾਹਾਰ—ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕ ਕੇ ਅੰਤਰਮੁਖੀ ਕਰਨਾ ਹੈ।

੬. ਧਾਰਣਾ— ਕਿਸੇ ਥਾਂ ਚਿਤ ਨੂੰ ਇਕਾਗਰ ਕਰਕੇ ਟਿਕਾਉਣਾ ਹੈ।

੭. ਧਿਆਨ—ਏਕਾਗ੍ਰਤਾ ਪੱਕ ਜਾਣ ਨੂੰ ਕਹਿੰਦੇ ਹਨ।

੮. ਸਮਾਧਿ—ਧਿਆਤਾ, ਧਿਆਨ, ਧਯੇਯ ਦਾ ਇਕ-ਮਿਕ ਹੋ ਜਾਣਾ ਹੈ। ਇਹ ਦੋ ਕਿਸਮ ਦੀ ਹੈ—ਸੰਪ੍ਰਗਿਆਤ ਸਮਾਧਿ ਤੇ ਅਸੰਪ੍ਰਗਿਆਤ ਸਮਾਧਿ। ਪਹਿਲੀ ਅਵਸਥਾ ਵਿਚ ਧਿਆਨ ਯੋਗ ਵਸਤੂ ਦਾ ਗਿਆਨ ਰਹਿੰਦਾ ਹੈ ਤੇ ਦੂਜੀ ਵਿਚ ਇਹ ਵੀ ਨਹੀਂ ਰਹਿੰਦਾ, ਪੂਰਣ ਅਭੇਦਤਾ ਹੋ ਜਾਂਦੀ ਹੈ।

ਸਮੁੱਚੇ ਤੌਰ ਤੇ ਯੋਗ ਨੂੰ ਦੋ ਕਿਸਮਾਂ ਵਿਚ ਵੰਡਿਆ ਗਿਆ ਹੈ ਰਾਜ-ਯੋਗ ਤੇ ਹਠ-ਯੋਗ ਤੇ ਪਤੰਜਲਿ ਦਾ ਰਾਜ-ਯੋਗ ਹੈ ਅਤੇ ਗੋਰਖਨਾਥ ਵਾਲਾ ਕਠਿਨ ਤਪੱਸਿਆ ਤੇ ਸਾਧਨਾ ਤੇ ਜ਼ੋਰ ਦੇਣ ਕਾਰਨ ਹਠ-ਯੋਗ ਕਹਾਉਂਦਾ ਹੈ। ਇਸ ਵਿਚ ਸਾਧਕ ਛੇ ਚੱਕ੍ਰਾਂ ਨੂੰ ਭੇਦ ਕੇ ਕੁੰਡਲਨੀ ਨੂੰ ਜਗਾਉਣ ਦਾ ਯਤਨ ਕਰਦਾ ਹੈ ਤੇ ਇਸ ਦੇ ਲਈ ਨੇਤੀ, ਧੋਤੀ ਆਦਿ ਖਟ ਕਰਮ ਕਰਕੇ ਸਰੀਰ ਨੂੰ ਵੀ ਸ਼ੁੱਧ ਕਰਦਾ ਹੈ ਅਤੇ ਸੁਖਮਨਾ ਨਾੜੀ ਰਾਹੀਂ ਸਵਾਸ ਚੜ੍ਹਾ ਕੇ ਦਸਮ ਦੁਆਰ ਤਕ ਪਹੁੰਚਦਾ ਹੈ ਜਿਥੇ ਕਿ ਅੰਮ੍ਰਿਤ ਝਰਦਾ ਅਤੇ ਅਨਹਦ ਨਾਦ ਸੁਣਾਈ ਦਿੰਦਾ ਦਸਿਆ ਜਾਂਦਾ ਹੈ। ਹਠ-ਯੋਗੀਆਂ ਜਿਥੇ ਦੇ ਸਾਧਨ ਕਰੜੀ ਘਾਲ ਵਾਲੇ ਸਨ, ਉਥੇ ਉਹ ਬਾਹਰਲੇ ਭੇਖ, ਮੁੰਦ੍ਰਾਂ, ਵਿਭੂਤਿ, ਜਟਾ, ਝੋਲੀ, ਡੰਡਾ, ਕਿੰਗਰੀ ਆਦਿ ਵੀ ਰਖਦੇ ਸਨ। ਯੋਗ ਲੈਣ ਲਈ ਕੰਨ ਪੜਵਾਉਣਾ ਜ਼ਰੂਰੀ ਸੀ। ਧੂਣੇ ਤਾਪਣਾ, ਬੀਆਬਾਨ ਜਾਂ ਮਸਾਣਾਂ ਵਿਚ ਬਹਿਣਾ, ਭੁੱਖੇ ਰਹਿਣਾ ਤੇ ਭਿੱਛਿਆ ਮੰਗ ਕੇ ਗੁਜ਼ਾਰਾ ਕਰਨਾ ਆਮ ਗੱਲ ਸੀ। ਇਹ ਪਰਸਪਰ ਮਿਲਣ ਸਮੇਂ 'ਅਲਖ' ਜਾਂ 'ਆਦੇਸ਼-ਆਦੇਸ਼' ਦੀ ਆਵਾਜ਼ ਦਿੰਦੇ ਸਨ। ਜਦੋਂ ਇਹ ਲੋਕ ਅੰਤਰੀਵ ਸਾਧਨਾ ਛਡ ਬੈਠੇ ਤੇ ਕੇਵਲ ਬਾਹਰਲੇ ਭੇਖ ਜੋਗੀ ਹੀ ਰਹਿ ਗਏ ਤਾਂ ਇਨ੍ਹਾਂ ਦੀ ਮਾਨਤਾ ਘਟ ਗਈ। ਭਗਤੀ ਲਹਿਰ ਸਮੇਂ ਜੋਗੀ-ਮੰਡਲੀਆਂ ਆਮ ਤੁਰਦੀਆਂ-ਫਿਰਦੀਆਂ ਸਨ ਜੋ ਕਿ ਵਿਹਲੜ ਹੋਣ ਕਾਰਣ ਇਕ ਤਰ੍ਹਾਂ ਸਮਾਜ ਉਤੇ ਬੋਝ ਸਨ। ਇਨ੍ਹਾਂ ਭੇਖਧਾਰੀ ਜੋਗੀਆਂ ਦੀ, ਕਬੀਰ ਤੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਖੂਬ ਚੀਰ-ਫਾੜ ਕੀਤੀ ਹੈ।

ਜੋਗੁ ਨ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ
ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗੁ ਜੁਗਤਿ ਇਵ ਪਾਈਐ
ਗਲੀ ਜੋਗੁ ਨ ਹੋਈ
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ॥

(ਸੂਹੀ ੧, ਪੰਨਾ ੭੩੦)

## ਜੰਤਕ (ਜੋਤਿਸ਼)

ਗ੍ਰਹਿ ਤੇ ਨਛੱਤਰਾਂ ਨਾਲ ਸੰਬੰਧ ਰਖਣ ਵਾਲੀ ਵਿਦਿਆ ਜੋਤਿਸ਼ ਹੈ ਤੇ ਇਸ ਦਾ ਜਾਣੂ ਹੈ ਜੋਤਸ਼ੀ। ਜੋਤਿਸ਼ ਦਾ ਭਾਵ 'ਜਯੋਤਿ' ਹੈ ਅਰਥਾਤ ਪ੍ਰਕਾਸ਼-ਪੁੰਜ ਸੂਰਜ ਨਛੱਤਰਾਂ ਸੰਬੰਧੀ ਵਿਵੇਚਨਾ। ਆਦਿ ਕਾਲ ਤੋਂ ਅਕਾਸ਼ ਮੰਡਲ ਵਿਚ ਚਮਕਣ ਵਾਲੇ ਪਿੰਡਾਂ ਨੇ ਮਨੁੱਖ ਨੂੰ ਆਪਣੇ ਪ੍ਰਤੀ ਜਗਿਆਸੂ ਬਣਾਈ ਰਖਿਆ ਹੈ। ਸੋ ਜੋਤਿਸ਼ ਉਹ ਵਿਦਿਆ ਹੈ ਜਿਸ ਵਿਚ ਮਨੁੱਖ ਅਤੇ ਧਰਤੀ ਉਤੇ ਗ੍ਰਹਿ ਤੇ ਨਛਤ੍ਰਾਂ ਦੇ ਸ਼ੁਭ ਅਸ਼ੁਭ ਪ੍ਰਭਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਤਾਰੇ ਦੋ ਕਿਸਮ ਦੇ ਹਨ, ਜੋ ਸਿਥਿਤ ਦਿਖਾਈ ਦਿੰਦੇ ਉਹ ਨਛਤ੍ਰ ਕਹਲਾਉਂਦੇ ਹਨ; ਜੋ ਨਛੱਤ੍ਰਾਂ ਵਿਚਕਾਰ ਆਪਣੀ ਥਾਂ ਬਦਲਦੇ ਰਹਿੰਦੇ ਹਨ, ਗ੍ਰਹਿ ਆਖੇ ਜਾਂਦੇ ਹਨ। ਪ੍ਰਾਚੀਨ ਕਾਲ ਤੋਂ ਵਿਦਵਾਨਾਂ ਨੇ ਗ੍ਰਹਿਆਂ ਦੀਆਂ ਚਾਲਾਂ ਅਨੁਸਾਰ ਪ੍ਰਾਣੀਆਂ ਉਤੇ ਪੈਂਦੇ ਪ੍ਰਭਾਵਾਂ ਦਾ ਅਧਿਐਨ ਕਰਕੇ ਇਨ੍ਹਾਂ ਦਾ ਸੁਭਾਵ ਜਾਣਿਆ ਹੈ। ਇਸ ਵਿਦਿਆ ਦੇ ਆਧਾਰ ਤੇ ਜੋਤਸ਼ੀ ਗ੍ਰਹਿ, ਨਛੱਤਰਾਂ ਦੀ ਵਿਸ਼ੇਸ਼ ਸਥਿਤੀ ਤੋਂ ਇਨ੍ਹਾਂ ਦੇ ਸ਼ੁਭ ਅਸ਼ੁਭ ਫਲ ਦਸਦੇ ਹਨ। ਇਨ੍ਹਾਂ ਦੀ ਸਥਿਤੀ ਹਰੇਕ ਪਲ ਪਰਿਵਰਤਨਸ਼ੀਲ ਹੈ। ਹਰ ਪਲ ਵਿਚ ਵਾਪਰਨ ਵਾਲੀ ਘਟਨਾ ਤੇ ਇਨ੍ਹਾਂ ਦਾ ਪ੍ਰਭਾਵ ਵੀ ਵੱਖਰਾ ਵੱਖਰਾ ਪੈਂਦਾ ਹੈ। ਇਹ ਗ੍ਰਹਿ ਆਪਣੇ ਸ਼ੁਭ, ਅਸ਼ੁਭ ਪ੍ਰਭਾਵ ਵਿਸ਼ੇਸ਼ ਤਰ੍ਹਾਂ ਨਾਲ ਆਪਣੀ ਦਸ਼ਾ ਵਿਚ ਹੀ ਪਾਉਂਦੇ ਹਨ, ਕਈ ਵਾਰ ਕਿਸੇ ਗ੍ਰਹਿ ਦੀ ਵਿਸ਼ੇਸ਼ ਦਸ਼ਾ ਵਿਚ ਕੋਈ ਹੋਰ ਗ੍ਰਹਿ ਵੀ ਆਪਣਾ ਪ੍ਰਭਾਵ ਦਿਖਾ ਦਿੰਦੇ ਹਨ। ਇਸ ਨੂੰ ਉਸ ਗ੍ਰਹਿ ਦੀ 'ਅੰਤਰਦਸ਼ਾ' ਕਹਿੰਦੇ ਹਨ।

ਮੁਖ ਤੌਰ ਤੇ ਸੂਰਜ ਚੰਦਰਮਾ ਤੇ ਤਾਰਿਆਂ ਦਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਪ੍ਰਿਥਵੀ ਵਿਸ਼ੇਸ਼ ਰੁਖ ਵਲ ਚਲਦੀ ਹੈ ਜਿਸ ਨੂੰ ਭਾਂਤੀ ਵ੍ਰਿਤੀ ਕਹਿੰਦੇ ਹਨ। ਇਸ ਰੁਖ ਦੇ ਇਰਦ ਗਿਰਦ ਕੁਝ ਤਾਰਾ ਮੰਡਲ ਹੈ ਜਿਸ ਨੂੰ 'ਰਾਸ਼ੀਆਂ' ਕਹਿੰਦੇ ਹਨ ਇਨ੍ਹਾਂ ਦੀ ਗਿਣਤੀ ੧੨ ਹੈ। ਭਾਰਤ ਵਿਚ ਇਨ੍ਹਾਂ ੧੨ ਰਾਸ਼ੀਆਂ ਦੇ ੨੭ ਭਾਗ ਕੀਤੇ ਗਏ ਹਨ, ਜਿਨ੍ਹਾਂ ਨੂੰ ਨਛੱਤਰ ਕਹਿੰਦੇ ਹਨ। ਭਾਰਤੀ ਪੱਧਤੀ ਵਿਚ ਸੱਤ ਗ੍ਰਹਿ ਮੰਨੇ ਗਏ ਹਨ—ਉਹ ਹਨ, ਸੂਰਜ, ਚੰਦਰਮਾ, ਮੰਗਲ, ਬੁਧ, ਸ਼ੁਕਰ, ਸ਼ਨੀ ਬ੍ਰਿਹਸਪਤਿ। ਇਨ੍ਹਾਂ ਤੋਂ ਇਲਾਵਾ ਦੋ ਤਾਮਸੀ ਗ੍ਰਹਿ ਰਾਹੂ ਤੇ ਕੇਤੂ ਹੋਰ ਹਨ। ਇਨ੍ਹਾਂ ਦਾ ਧਰਤੀ ਅਤੇ ਇਸ ਦੇ ਨਿਵਾਸੀਆਂ ਉਤੇ ਪ੍ਰਭਾਵ ਪੈਂਦਾ ਰਹਿੰਦਾ ਹੈ। ਧਰਤੀ ਚੌਵੀ ਘੰਟੇ ਵਿਚ ਆਪਣੇ ਧੁਰੇ ਤੇ ਪੱਛਮ ਤੋਂ ਪੂਰਬ ਵਲ ਘੁੰਮਦੀ ਹੈ। ਜਿਸ ਕਰਕੇ ਇਹ ਸਭ ਪੂਰਬ ਵਲੋਂ ਨਿਕਲ ਕੇ ਪੱਛਮ ਵਲ ਲੋਪ ਹੁੰਦੇ ਦਿਖਾਈ ਦਿੰਦੇ ਹਨ। ਦਰਅਸਲ ਇਹ ਚਲਦੇ ਪੱਛਮ ਤੋਂ ਪੂਰਬ ਵਲ ਹੀ ਹਨ।

ਗੁਰੂ ਸਾਹਿਬ ਇਸ ਰਾਇ ਦੇ ਹਨ ਕਿ ਪੂਰਬ ਕਰਮ ਅਨੁਸਾਰ ਪਿਆ ਹੁਕਮੀ ਲੇਖ ਮਿਟਦਾ ਨਹੀਂ, ਜੋਤਸ਼ੀ ਯਾ ਉਨ੍ਹਾਂ ਦੀ ਜੋਤਿਸ਼ ਵਿਦਿਆ ਇਥੇ ਅਸਮਰੱਥ ਸਿੱਧ ਹੁੰਦੀ ਹੈ :

ਗਣਿ ਗਣਿ ਜੋਤਕ ਕਾਂਡੀ ਕੀਨੀ। ਪੜੈ ਸੁਣਾਵੈ ਤਤੁ ਨ ਚੀਨੀ।
ਸਭਸੈ ਊਪਰਿ ਗੁਰਸਬਦੁ ਬੀਚਾਰੁ। ਹੋਰ ਕਥਨੀ ਬਦਉ ਨ ਸਗਲੀ ਛਾਰੁ।
(ਰਾਮਕਲੀ ੧ ਪੰਨਾ ੯੦੪)
ਪੜਿ ਪੜਿ ਪੰਡਿਤ ਜੋਤਕੀ, ਵਾਦ ਕਰਹਿ ਬੀਚਾਰੁ। [ਸਿਰੀ ੩
ਜੰਤ੍ਰ ਮੰਤ੍ਰ ਤੰਤ੍ਰ—ਦੇਖੋ ਤੰਤ੍ਰ ਮੰਤ੍ਰ ਜੰਤ੍ਰ

## ਟੋਡੀ

ਇਹ ਸੰਪੂਰਣ ਰਾਗ ਹੈ, ਇਸਦਾ ਪਾ ਵਾਦੀ ਤੇ ਗਾ ਸੰਵਾਦੀ ਹੈ, ਰੇ ਗਾ, ਧਾ ਕੋਮਲ, ਮਾ ਤੀਬਰ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਪੁਰਾਣੇ ਮਤਾਂ ਅਨੁਸਾਰ ਇਹ ਦੀਪਕ ਦੀ ਰਾਗਣੀ ਹੈ, 'ਨਾਦ ਬਿਨੋਦ' ਅਨੁਸਾਰ ਭੈਰਉ ਦੀ ਰਾਗਣੀ ਹੈ, ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਅਕਬਰੀ ਦਰਬਾਰ ਦਾ ਪ੍ਰਮੁਖ ਗਵੱਈਆ ਮੀਆਂ ਤਾਨ ਸੈਨ ਇਸ ਰਾਗ ਨੂੰ ਵਿਸ਼ੇਸ਼ ਢੰਗ ਨਾਲ ਗਾਇਆ ਕਰਦਾ ਸੀ, ਉਸੇ ਦੇ ਨਾਂ ਤੇ 'ਮੀਏਂ ਕੀ ਟੋਡੀ' ਵੱਖਰੀ ਪ੍ਰਸਿੱਧ ਹੋਈ।

ਆਦਿ ਗ੍ਰੰਥ ਵਿਚ ਇਹ ਰਾਗ ਬਾਰ੍ਹਵੇਂ ਨੰਬਰ ਤੇ ਦਰਜ ਹੈ। ਇਸ ਵਿਚ ਜ਼ਿਆਦਾ ਗੁਰੂ ਅਰਜਨ ਸਾਹਿਬ ਦੇ ਸ਼ਬਦ ਹਨ।

## ਠਗ ਠਗਉਰੀ

ਠੱਗਾਂ ਵਲੋਂ ਕਿਸੇ ਮੁਸਾਫ਼ਰ ਨੂੰ ਲੁੱਟਣ ਖ਼ਾਤਰ ਬੇਹੋਸ਼ ਕਰਨ ਲਈ ਦਿਤੀ ਠੱਗ-ਬੂਟੀ ਯਾ ਕੋਈ ਦਵਾਈ 'ਠਗਉਰੀ' ਕਹਾਉਂਦੀ ਹੈ। ਪੁਰਾਣੇ ਜ਼ਮਾਨੇ ਵਿਚ ਠੱਗਾਂ ਦੀ ਗੁਪਤ ਜਥੇਬੰਦੀ ਹੁੰਦੀ ਸੀ, ਉਹ ਸ਼ਾਹੀ ਰਾਹਾਂ ਤੋਂ ਦੋ ਦੋ ਤਿੰਨ ਤਿੰਨ ਕੋਹ ਦੂਰ ਭੇਸ ਵਟਾ ਕੇ ਫਿਰਦੇ ਰਹਿੰਦੇ ਸਨ। ਜਦੋਂ ਕਿਸੇ ਸੁਦਾਗਰ ਦਾ ਮਾਲ ਯਾ ਸਰਕਾਰੀ ਖ਼ਜ਼ਾਨਾ ਲੰਘਦਾ ਤਾਂ ਇਹ ਸੂਹ ਕੱਢ ਕੇ ਉਨ੍ਹਾਂ ਦੇ ਨਾਲ ਹੋ ਲੈਂਦੇ, ਸਾਂਝ ਪਾ ਕੇ ਕੁਝ ਰਸਤਾ ਗੱਲਾਂ-ਬਾਤਾਂ ਕਰਦੇ ਇਕੱਠਿਆਂ ਤੈਅ ਕਰਦੇ। ਫਿਰ ਮੌਕਾ ਪਾ ਕੇ ਮਾਲ ਖ਼ਜ਼ਾਨੇ ਦੇ ਰਖਵਾਲਿਆਂ ਨੂੰ ਬੂਟੀ ਸੁੰਘਾ ਕੇ ਯਾ ਦਵਾਈ (ਠਗਉਰੀ) ਪਿਲਾ ਕੇ ਬੇਹੋਸ਼ ਕਰ ਦਿੰਦੇ ਤੇ ਸਭ ਕੁਝ ਲੁੱਟ ਲੈਂਦੇ। ਕਈ ਵੇਰ ਬੇਹੋਸ਼ ਪਿਆਂ ਨੂੰ ਕਤਲ ਕਰਕੇ ਲਾਸ਼ਾਂ ਦੱਬ ਦਿੰਦੇ ਤੇ ਉਨ੍ਹਾਂ ਦਾ ਮੁਸ਼ਕ ਹੀ ਨ ਰਹਿਣ ਦਿੰਦੇ।

ਐਸੇ ਠੱਗਾਂ ਦਾ ਪ੍ਰਤੀਕ ਯਾ ਦ੍ਰਿਸ਼ਟਾਂਤ ਅਤੇ ਠਗਉਰੀ ਦਾ ਅਲੰਕਾਰ ਆਮ ਵਰਤਿਆ ਗਿਆ ਹੈ। ਜਿਵੇਂ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ —

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ।
ਇਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ।
(ਵਾਰ ਮਲਾਰ ੧, ੧੨੮੮)

ਵਿਸ਼ੇ ਵਿਕਾਰਾਂ ਯਾ ਮਾਇਆ ਨੂੰ ਠਗਉਰੀ ਦੱਸਿਆ ਹੈ—

ਬਿਖੈ ਠਗਉਰੀ ਜਿਨਿ ਜਿਨਿ ਖਾਈ।
ਤਾ ਕੀ ਤ੍ਰਿਸਨਾ ਕਬਹੂੰ ਨ ਜਾਈ।

(ਗਉੜੀ ੫, ਪੰਨਾ ੧੯੯)

ਪ੍ਰੇਮ ਠਗਉਰੀ ਪਾਇ ਰੀਝਾਇ
ਗੋਬਿੰਦ ਮਨੁ ਮੋਹਿਆ ਜੀਉ।

(ਸਿਰੀ ਰਾਗ ਛੰਤ ੫, ਪੰਨਾ ੮੧)

## ਡਖਣਾ

'ਡੱਖਣਾ' ਸਿੰਧੀ ਭਾਸ਼ਾ ਦਾ ਸ਼ਬਦ ਹੈ ਜੋ ਕਿ ਊਠਵਾਨ ਯਾ ਸ਼ੁਤਰਵਾਨ ਲਈ ਵਰਤਿਆ ਜਾਂਦਾ ਹੈ। ਜੋ ਦੋਹਰੇ ਯਾ ਸ਼ਲੋਕ ਊਠਾਂ ਵਾਲੇ ਹੇਕਾਂ ਲਾ ਲਾ ਗਾਉਂਦੇ ਜਾਂਦੇ ਸਨ, ਉਨ੍ਹਾਂ ਨੂੰ 'ਡਖਣਾ' ਕਿਹਾ ਜਾਣ ਲਗਾ। ਜਿਵੇਂ ਕਰਹੇ (ਊਠਾਂ) ਵਾਲਿਆਂ ਦੇ ਗੀਤ ਰਾਜਸਥਾਨੀ ਵਿਚ 'ਕਰਹਲੇ' ਕਹਾਉਂਦੇ ਹਨ, ਤਿਵੇਂ ਇਹ ਪੇਂਡੂ ਸ਼ੁਤਰਵਾਨਾਂ ਦੇ ਗੀਤ 'ਡੱਖਣੇ' ਕਹਿਲਾਏ। ਆਦਿ ਗ੍ਰੰਥ ਵਿਚ ਲਹਿੰਦੀ ਵਿਚ ਲਿਖੇ ਸ਼ਲੋਕਾਂ ਨੂੰ 'ਡਖਣਾ' ਸਿਰਲੇਖ ਦਿਤਾ ਗਿਆ ਹੈ, ਇਸ ਤੋਂ ਪਰਗਟ ਹੈ ਕਿ ਗੁਰੂ ਸਾਹਿਬਾਨ ਨੇ ਇਹ ਸਲੋਕ, ਲੋਕ-ਧੁਨ ਦੇ ਆਧਾਰ ਤੇ ਉਚਾਰਣ ਕੀਤੇ।

ਕੁਝ ਵਿਦਵਾਨਾਂ ਇਹ ਵੀ ਵਿਚਾਰ ਦਿਤਾ ਹੈ ਕਿ ਮੁਲਤਾਨ ਪੰਜਾਬ ਦੇ ਦੱਖਣ ਵਲ ਹੈ, ਇਸ ਲਈ ਇਹ ਨਾਂ 'ਦੱਖਣਾ ਯਾ 'ਡਖਣਾ' ਪਿਆ। ਪਰ ਇਹ ਗੱਲ ਇਸ ਲਈ ਠੀਕ ਨਹੀਂ ਕਿਉਂਕਿ ਸਿੰਧੀ ਤੇ ਪੱਛਮੀ ਪੰਜਾਬੀ ਵਿਚ ਇਹ ਸੰਕੇਤ ਪਹਿਲੇ ਮੌਜੂਦ ਹੈ, ਇਹ ਇਧਰ ਪੂਰਬੀ ਪੰਜਾਬ ਵਲ ਨਹੀਂ ਘੜਿਆ ਗਿਆ।

ਇਹ ਅਸਲੀਅਤ ਹੈ, ਪੂਰਬੀ ਪੰਜਾਬੀ ਵਿਚ ਜੋ ਕੁਝ ਸਲੋਕ ਹੈ, ਉਹੀ ਲਹਿੰਦੀ ਵਿਚ 'ਡਖਣਾ' ਹੈ।

ਇਹ 'ਡਖਣੇ' ਵਧੇਰੇ ਗੁਰੂ ਅਰਜਨ ਸਾਹਿਬ ਨੇ ਲਿਖੇ ਹਨ ਜੋ ਕਿ 'ਵਾਰ ਮਾਰੂ ਕੀ' ਵਿਚ ਦਰਜ ਹਨ ਯਾ ਫਿਰ ਸਿਰੀ ਰਾਗ ਦੇ ਛੰਤਾਂ ਵਿਚ ਮਿਲਦੇ ਹਨ।

ਮਿਸਾਲ ਵਜੋਂ ਇਕ ਡਖਣਾ ਪੇਸ਼ ਹੈ—

ਤੂ ਚਉ ਸਜਣ ਮੈਡਿਆ ਡੇਈਂ ਸਿਸੁ ਉਤਾਰਿ।
ਨੈਣ ਮਹਿੰਜੇ ਤਰਸਦੇ, ਕਦਿ ਪਸੀ ਦੀਦਾਰੁ।

(ਵਾਰ ਮਾਰੂ ੫, ਪੰਨਾ ੧੦੯੪)

## ਡੰਡਉਤ

ਡੰਡੇ ਵਾਂਙ ਸਿਧੇ ਸਤੰਲ ਲੇਟ ਕੇ ਪ੍ਰਣਾਮ ਕਰਨਾ ਡੰਡਉਤ ਹੈ। ਪੁਰਾਣੇ ਲੋਕ ਛਾਤੀ, ਵੱਖੀ, ਬਾਹਾਂ, ਗੋਡੇ ਤੇ ਸਿਰ ਧਰਤੀ ਨਾਲ ਲਾ ਕੇ ਦ੍ਰਿਸ਼ਟੀ, ਮਨ, ਬਾਣੀ ਕਰਕੇ ਨਮਸਕਾਰ ਕਰਨ ਨੂੰ ਅਸ਼ਟਾਂਗ ਪ੍ਰਣਾਮ ਕਹਿੰਦੇ ਸਨ। ਇਹ ਡੰਡਉਤ ਦਾ

ਹੀ ਦੂਜਾ ਰੂਪ ਹੈ ।

उरसा वक्षसा बाहु जानुभ्यां शिरसा तथा
मनसा वाचादष्टया प्रमाणोऽष्टांग उच्यते ।

ਕਈ ਸ਼ਰਧਾਲੂ ਭਗਤ ਲੰਮੇ ਪੈ ਪੈ ਕੇ ਡੰਡਉਤਾਂ ਕਰਦੇ ਦੇਵੀ ਦੀ ਯਾਤਰਾ ਕਰਦੇ ਹਨ । ਜੋ ਕਿ ਇਕ ਅਨੋਖੀ ਕਾਰ ਹੈ । ਡੰਡਉਤ ਦਾ ਭਾਵ ਆਤਮ ਸਮਰਪਣ ਹੈ, ਆਪਣੇ ਇਸ਼ਟ ਅੱਗੇ ਸਨਿੰਮਰ ਹੋ ਕੇ ਪੇਸ਼ ਹੋਣਾ ਹੈ, ਜੋ ਕਿ ਅਦਬ ਸਤਿਕਾਰ ਦਾ ਚਿੰਨ੍ਹ ਹੈ ।

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ
ਕਰਿ ਡੰਡਉਤ ਪੁਨੁ ਵਡਾ ਹੇ ।

(ਗਉੜੀ ਪੂਰਬੀ ੪, ਪੰਨਾ ੧੩)

ਗੁਰੂ ਸਾਹਿਬ ਨੇ ਸਰਬ ਕਲਾ-ਸਮਰੱਥ ਪਰਮੇਸਰ ਨੂੰ ਹੀ ਡੰਡਉਤ ਬੰਦਨ ਕਰਨੀ ਉਚਿਤ ਸਮਝੀ ਹੈ ।

ਡੰਡਉਤ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ ।

(ਗਉੜੀ ਬਾਵਨ ਅਖਰੀ ੫, ਪੰਨਾ ੨੫੬)

## ਡੰਡਾਧਾਰੀ

ਇਹ ਵਿਸ਼ੇਸ਼ਣ ਸੰਨਿਆਸੀਆਂ ਤੇ ਜੋਗੀਆਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਦੇ ਭੇਖ ਵਿਚ ਧਾਰਮਿਕ ਰਹਤ ਵਜੋਂ ਡੰਡਾ ਧਾਰਨ ਕਰਨਾ ਜ਼ਰੂਰੀ ਹੈ । ਮਾਲੂਮ ਇਉਂ ਹੁੰਦਾ ਹੈ ਕਿ ਤਿਆਗੀ ਫਿਰਕੇ ਵਧੇਰੇ ਜੰਗਲਾਂ ਵਿਚ ਵਾਸ ਰਖਦੇ ਸਨ ਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਇਨ੍ਹਾਂ ਲਈ ਛੋਟੀ ਮੋਟੀ ਸੋਟੀ ਯਾ ਡੰਡਾ ਰੱਖਣਾ ਜ਼ਰੂਰੀ ਸੀ । ਇਹੋ ਪਿਛੋਂ ਭੇਖ ਦਾ ਅੰਗ ਬਣ ਗਿਆ ।

ਗੁਰੂ ਨਾਨਕ ਸਾਹਿਬ ਨੇ ਜੋਗੀਆਂ ਲਈ 'ਜੁਗਤਿ ਡੰਡਾ ਪਰਤੀਤਿ' ਕਹਿ ਕੇ ਨਿਸਚੇ ਦਾ ਡੰਡਾ ਧਾਰਨ ਦੀ ਤਾਕੀਦ ਕੀਤੀ ਹੈ ।

ਹਰਿ ਆਪੇ ਜੋਗੀ ਡੰਡਾਧਾਰੀ :
ਹਰਿ ਆਪੇ ਰਵਿ ਰਹਿਆ ਬਨਵਾਰੀ ।

(ਗਉੜੀ ੪, ਪੰਨਾ ੧੬੫)

ਸਭਹੂੰ ਕੋ ਰਸੁ ਹਰਿ ਹੋ ।
ਕਾਹੂ ਜੋਗ ਕਾਹੂ ਭੋਗ
ਕਾਹੂ ਗਿਆਨ ਕਾਹੂ ਧਿਆਨ
ਕਾਹੂ ਹੋ ਡੰਡ ਧਰਿ ਹੋ ।

(ਗਉੜੀ ੫, ਪੰਨਾਂ ੨੧੩)

## ਢਾਡੀ

ਢੱਡ ਸਾਰੰਗੀ ਵਜਾ ਕੇ ਵਾਰਾਂ ਦੁਆਰਾ ਸੂਰਮਿਆਂ ਜੋਧਿਆਂ ਦਾ ਜਸ ਗਾਉਣ ਵਾਲੇ 'ਢਾਡੀ' ਕਹੇ ਜਾਂਦੇ ਹਨ। ਪੁਰਾਣੇ ਜ਼ਮਾਨੇ ਵਿਚ ਹਰ ਬਹਾਦਰ ਕਬੀਲੇ ਦਾ ਜਸ ਗਾਉਣ ਵਾਲਾ ਕੋਈ ਭੱਟ ਯਾ ਢਾਡੀ ਹੁੰਦਾ ਸੀ, ਜੋ ਆਪਣੇ ਮਾਲਕ ਤੇ ਉਸਦੇ ਬਜ਼ੁਰਗਾਂ ਦੀ ਵਡਿਆਈ ਗਾ ਕੇ ਸੁਣਾਉਂਦਾ ਤੇ ਲੋਕਾਂ ਨੂੰ ਉਚ ਪੂਰਨਿਆਂ ਉਤੇ ਚਲਣ ਲਈ ਪ੍ਰੇਰਦਾ। ਅਗੋਂ ਮਾਲਕ ਵੀ ਢਾਡੀ ਦੇ ਗੀਤ ਸੁਣ ਕੇ ਖੁਸ਼ ਹੋ ਉਨ੍ਹਾਂ ਨੂੰ ਗਹਿਣੇ, ਪੁਸ਼ਾਕੇ ਤੇ ਨਕਦ ਇਨਾਮ ਪ੍ਰਦਾਨ ਕਰਦੇ। ਢਾਡੀ ਆਮ ਤੌਰ ਤੇ ਲੜਾਈਆਂ ਤੇ ਜੁੱਧਾਂ ਦੇ ਪ੍ਰਸੰਗ ਹੀ ਸੁਣਾਉਂਦੇ ਸਨ, ਇਹ ਬੀਰ ਜੋਧੇ ਤੋਂ ਬਿਨਾਂ ਕਿਸੇ ਨੂੰ ਵਾਰ ਦਾ ਨਾਇਕ ਨਹੀਂ ਸੀ ਬਣਾਉਂਦੇ। ਸੋ ਸਰਦਾਰਾਂ ਰਾਜਿਆਂ ਦਾ ਜਸ ਗਾਉਣਾ ਹੀ ਇਨ੍ਹਾਂ ਦਾ ਖ਼ਾਨਦਾਨੀ ਕਿੱਤਾ ਸੀ। ਪੰਜਾਬ ਵਿਚ ਢਾਡੀਆਂ ਦੀ ਪਰੰਪਰਾ ਬੜੀ ਪੁਰਾਣੀ ਹੈ ਤੇ ਸਾਡਾ ਵਾਰ-ਸਾਹਿਤ ਇਨ੍ਹਾਂ ਦੀ ਬਦੋਲਤ ਹੀ ਲਿਖਿਆ ਗਿਆ ਹੈ। ਗੁਰੂਆਂ ਵਿਸ਼ੇਸ਼ ਮਨੁੱਖਾਂ ਦੀ ਥਾਂ ਪ੍ਰਭੂ ਦੀ ਮਹਿਮਾ ਵਿਚ ਵਾਰਾਂ ਲਿਖੀਆਂ ਅਤੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਯਾ ਉਸਤਤਿ ਕਰਨ ਵਾਲਾ ਆਖਿਆ :—

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ।

(ਵਾਰ ਸਿਰੀ ੪,ਪੰਨਾ ੯੧)

## ਤਸਬੀ

ਤਸਬੀ ਦਾ ਲਫ਼ਜ਼ੀ ਅਰਥ ਅਤਿ ਪਵਿੱਤਰ ਪਰਮੇਸ਼ਰ ਦਾ ਜਾਪ ਕਰਨਾ ਹੈ। ਮੁਸਲਮਾਨ ਦਰਵੇਸ਼ ਸੌ ਮਣਕਿਆਂ ਦੀ ਮਾਲਾ ਰਖਦੇ ਤੇ ਉਸ ਨਾਲ ਰੱਬੀ ਨਾਮਾਂ ਦਾ ਸਿਮਰਨ ਕਰਦੇ ਸਨ, ਇਸ ਲਈ ਉਸ ਨੂੰ ਤਸਬੀ ਕਿਹਾ ਜਾਣ ਲਗਾ। ਇਹ ਵੀ ਕਿਹਾ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਮਾਲਾ ਨਹੀਂ ਸੀ ਰਖਦੇ,ਪਿਛੋਂ ਜਾ ਕੇ ਭਾਰਤੀ ਸਾਧੂਆਂ ਦੀ ਸੰਗਤ ਸਦਕਾ ਮੁਸਲਮਾਨ ਫ਼ਕੀਰ ਮਾਲਾ ਰੱਖਣ ਲਗ ਪਏ ਸਨ।

ਸਤਿਗੁਰੂ ਦੀ ਦ੍ਰਿਸ਼ਟੀ ਵਿਚ ਪ੍ਰਭੂ ਦੀ ਯਾਦ ਹੀ ਸੱਚੀ ਤਸਬੀ ਯਾ ਮਾਲਾ ਹੈ, ਗੁਰੂ ਅਰਜਨ ਲਿਖਦੇ ਹਨ—

ਤਸਬੀ ਯਾਦਿ ਕਰਹੁ ਦਸ ਮਰਦਨੁ
ਸੁੰਨਤਿ ਸੀਲੁ ਬੰਧਾਨਿ ਬਰਾ ।੧।

(ਮਾਰੂ ਸੋਲਹੇ ੫, ੧੦੮੪)

### ਤਕਬੀਰ

ਤਕਬੀਰ ਅਰਬੀ ਸ਼ਬਦ ਹੈ, ਜਿਸਦਾ ਅਰਥ ਹੈ ਬਜ਼ੁਰਗੀ, ਵਡਿਆਈ ਇਸਲਾਮ ਦੇ ਮਜ਼੍ਹਬੀ ਸੰਕੇਤ ਵਿਚ ਨਮਾਜ਼ ਪੜ੍ਹਦਿਆਂ ਝੁਕ ਕੇ 'ਅੱਲਾਹੂ ਅਕਬਰ' (ਪਰਮੇਸ਼ਰ ਵੱਡਾ ਹੈ) ਕਹਿਣਾ ਤਕਬੀਰ ਹੈ। ਇਸੇ ਤੋਂ ਅਗੇ ਅਰਥ ਵਿਸਤਾਰ ਹੋ ਗਿਆ ਤੇ 'ਅੰਤਮ ਸੰਸਕਾਰ' ਨੂੰ ਵੀ ਏਸੇ ਸ਼ਬਦ ਨਾਲ ਯਾਦ ਕੀਤਾ ਜਾਣ ਲਗਾ ਕਿਉਂਕਿ ਮਰਨੇ ਪਰਨੇ 'ਅੱਲਾਹੂ ਅਕਬਰ' 'ਯਾ' ਰਾਮ ਨਾਮ ਸੱਤ ਹੈ, ਦੀ ਧੁਨ ਆਮ ਉਚਾਰੀ ਜਾਂਦੀ ਹੈ। ਇਸ ਕਰਕੇ ਮੁਸਲਮਾਨ, ਮ੍ਰਿਤਕ ਸੰਸਕਾਰ ਨੂੰ ਤਕਬੀਰ ਪੜ੍ਹਨਾ ਵੀ ਕਹਿੰਦੇ ਹਨ।

ਜਨ ਪਿਸਰ ਪਦਰ ਬਿਰਾਦਰਾਂ, ਕਸ ਨੇਸ ਦਸਤਗੀਰ
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸ਼ਵਦ ਤਕਬੀਰ।

(ਤਿਲੰਗ ੧, ਪੰਨਾ ੭੨੧)

### ਤਪਾ

ਤਪੱਸਿਆ ਕਰਨ ਵਾਲਾ ਤਪੀਆ ਯਾ ਤਪਾ ਕਹਿਲਾਉਂਦਾ ਹੈ। ਆਮ ਤੌਰ ਤੇ ਭਾਰਤੀ ਧਰਮ ਸਾਧਨਾ ਵਿਚ ਮਨ ਨੂੰ ਸਾਧਣ ਲਈ ਸਰੀਰ ਨੂੰ ਕਠਿਨ ਤਿਤਿਖਆ ਵਿਚੋਂ ਲੰਘਾਇਆ ਜਾਂਦਾ ਹੈ, ਜਿਵੇਂ ਭੁੱਖੇ ਰਹਿਣਾ, ਨੰਗੇ ਰਹਿਣਾ, ਕਪੜਾ ਨਾ ਪਹਿਨਣਾ, ਸੌਣਾ ਨ ਯਾ ਕੋਈ ਹੋਰ ਸੁਖ ਆਰਾਮ ਕਬੂਲ ਨ ਕਰਨਾ, ਇਹ ਸਭ ਕੁਝ ਤਪ ਸਾਧਨਾ ਹੈ। ਪੁਰਾਣੇ ਲੋਕਾਂ ਦਾ ਖਿਆਲ ਸੀ ਕਿ ਕਮਜ਼ੋਰ ਸਰੀਰ ਤੇ ਕਮਜ਼ੋਰ ਇੰਦ੍ਰੇ ਵਿਸ਼ੇ ਵਿਕਾਰਾਂ ਵਲ ਨਹੀਂ ਜਾਂਦੇ ਤੇ ਆਪਣੇ ਆਪ ਧਰਮ ਵਲ ਝੁਕ ਜਾਂਦੇ ਹਨ। ਇਹ ਗੱਲ ਕੁਝ ਹੱਦ ਤਕ ਠੀਕ ਵੀ ਸੀ ਕਿ ਅੱਯਾਸ਼ੀ ਦਾ ਖਾਣ ਪੀਣ ਯਾ ਪਹਿਨਣ ਮਨ ਨੂੰ ਵਿਕਾਰੀ ਬਣਾਉਂਦਾ ਹੈ। ਸੋ ਇਸ ਤੋਂ ਬਚਣ ਲਈ ਤਪ ਤਾਪਣ ਦਾ ਰਿਵਾਜ ਪਿਆ ਅਤੇ ਇਸ ਕਠਿਨ ਸਾਧਨਾਂ ਨੂੰ ਨਿਭਾਉਣ ਵਾਲੇ ਤਪੀਏ ਯਾ ਤਪੇ ਕਹਿਲਾਏ।

ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਇਕ ਦੋ ਵਿਸ਼ੇਸ਼ ਤਪਿਆਂ ਦਾ ਵੀ ਜ਼ਿਕਰ ਹੈ ਜਿਨ੍ਹਾਂ ਮੂੜ੍ਹ ਮਤ ਕਰਕੇ ਗੁਰੂ ਸਾਹਿਬਾਨ ਦਾ ਅਕਾਰਣ ਵਿਰੋਧ ਕੀਤਾ। ਗੋਇੰਦਵਾਲ ਵਿਚ ਇਕ ਬ੍ਰਾਹਮਣ ਤਪਾ ਮਰਵਾਹਿਆਂ ਦਾ ਪਰੋਹਤ ਸੀ, ਜੋ ਗੁਰੂ ਘਰ ਨਾਲ ਸਦਾ ਈਰਖਾ ਕਰਦਾ ਸੀ। ਇਸੇ ਨੇ ਪਹਿਲੇ ਗੁਰੂ ਸਾਹਿਬ ਦੇ ਪ੍ਰੀਤੀ ਭੋਜਨ ਤੇ ਆਉਣੋਂ ਇਨਕਾਰ ਕਰ ਦਿਤਾ ਸੀ ਤੇ ਪਿਛੋਂ ਦੱਛਣਾ ਦੇ ਲਾਲਚ ਵਿਚ ਆਪਣੇ ਪੁੱਤਰ ਨੂੰ ਕੰਧ ਤੋਂ ਦੀ ਟਪਾ ਕੇ ਘੱਲਿਆ ਸੀ, ਜਿਸ ਦੀ ਲੱਤ ਟੁੱਟ ਗਈ। ਇਹ ਕਰਤੂਤ ਵੇਖਕੇ ਸਭਨਾਂ ਸਿਆਣਿਆਂ ਤਪੇ ਦੀ ਨਿਖੇਧੀ ਕੀਤੀ। ਗੁਰੂ ਰਾਮਦਾਸ ਜੀ ਨੇ ਅੱਖੀਂ ਵੇਖੀ ਘਟਨਾ ਦਾ ਹਾਲ ਦਸਦਿਆਂ ਕਿਹਾ ਹੈ :—

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ।
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ,
ਪਿਛੋ ਦੇ ਪਛਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ।
ਪੰਚ ਲੋਕ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ।
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ।
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ. ਬਹਿ ਸਾਧ ਜਨਾ ਵੀਚਾਰਿਆ ।

(ਵਾਰ ਗਉੜੀ ੪, ਪੰਨਾ ੩੧੫)

**ਤਰੀਕਤ**

ਸੂਫ਼ੀਆਂ ਦੇ ਚਾਰ ਸਾਧਨ-ਮਾਰਗਾਂ (ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ) ਵਿਚੋਂ ਤਰੀਕਤ, ਦੂਜਾ ਸਾਧਨ ਹੈ । ਤਰੀਕਤ ਦਾ ਲਫ਼ਜ਼ੀ ਮਾਅਨਾ ਹੈ ਆਤਮ-ਸੁੱਧੀ, ਅੰਦਰ ਦੀ ਪਵਿਤ੍ਰਤਾ । ਭਾਵ ਇਸ ਦਾ ਇਹ ਹੈ ਬਾਹਰਲੇ ਕਰਮ ਧਰਮ ਤੋਂ ਬਾਅਦ ਆਤਮਿਕ ਪਵਿਤ੍ਰਤਾ ਲਈ ਯਤਨ ਕਰਨਾ 'ਤਰੀਕਤ' ਹੈ। ਮਜ਼ਬੀ ਤਰੀਕੇ ਸਮਝਾਉਣ ਵਾਲੀਆਂ ਕਿਤਾਬਾਂ ਲਈ ਵੀ ਇਹ ਸ਼ਬਦ ਵਰਤਿਆ ਗਿਆ ਹੈ । ਜਿਵੇਂ ਕਿ—

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ।

(ਗਉੜੀ ਕਬੀਰ)

ਗੁਰੂ ਸਾਹਿਬ ਨੇ ਉਸੇ ਦੀ ਖੋਜ ਭਾਲ ਨੂੰ 'ਤਰੀਕਤ' ਆਖਿਆ ਹੈ :

ਸਰਾ ਸਰੀਅਤਿ ਲੇ ਕੰਮਾਵਹੁ । ਤਰੀਕਤਿ ਤਰਕ ਖੋਜਿ ਟੋਲਾਵਹੁ ।
ਮਾਰਫਤਿ ਮਨੁ ਮਾਰਹੁ ਅਬਦਾਲਾ
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ।

(ਮਾਰੂ ੫, ਪੰਨਾ ੧੦੮੩)

ਤ੍ਰੇਤਾ—ਦੇਖੋ ਚਾਰ ਜੁਗ ।

**ਤ੍ਰੈਗੁਣ**

ਮਾਇਆ ਦੀਆਂ ਮੁੱਖ ਤਿੰਨ ਖ਼ੂਬੀਆਂ—ਸਤ, ਰਜ ਤੇ ਤਮ 'ਤ੍ਰੈਗੁਣ' ਕਹੀਆਂ ਜਾਂਦੀਆਂ ਹਨ । ਸਤ-ਸ਼ਾਂਤਿ ਸ੍ਰੇਸ਼ਟਤਾ, ਰਜ-ਮਦ ਅਹੰਕਾਰ ਅਤੇ ਤਮ-ਅਗਿਆਨ ਦਾ ਸੂਚਕ ਹੈ । ਕਈ ਇਸ ਤੋਂ ਮਾਦੇ ਦੀਆਂ ਤਿੰਨ ਹਾਲਤਾਂ-ਠੋਸ ਤਰਲ ਤੇ ਗੈਸ ਦਾ ਭਾਵ ਵੀ ਲੈਂਦੇ ਹਨ । ਭਾਰਤੀ ਚਿੰਤਕਾਂ ਦਾ ਵਿਚਾਰ ਹੈ ਕਿ ਇਹ ਪ੍ਰਕ੍ਰਿਤੀ ਸਤੋ, ਰਜੋ, ਤਮੋ ਦੀ ਸਮ ਅਵਸਥਾ ਹੀ ਹੈ । ਇਸੇ ਤੋਂ ਸਾਰੇ ਸੰਸਾਰ ਦੀ ਸਾਜਨਾ ਹੋਈ ਹੈ, ਇਸੇ ਕਰਕੇ ਸੰਸਾਰ ਨੂੰ ਤ੍ਰਿਗੁਣਾਤਮਕ ਕਿਹਾ ਗਿਆ ਹੈ ਜੋ

ਕਿ ਬੰਧਨ ਰੂਪ ਹੈ। ਸਾਂਖ ਦਰਸ਼ਨ ਇਹ ਪ੍ਰਕ੍ਰਿਤੀ ਦੇ ਆਪਣੇ ਗੁਣ ਗਿਣਦਾ ਹੈ ਲੇਕਿਨ ਗੁਰੂ ਸਾਹਿਬ ਇਨ੍ਹਾਂ ਨੂੰ ਪਰਮੇਸ਼ਰ ਦੀ ਕਿਰਤ ਦਸਦੇ ਹਨ :—

ਤ੍ਰੈਗੁਣ ਸਭਿ ਤੇਰੇ ਤੂ ਆਪੇ ਕਰਤਾ...

(ਸੋਰਠਿ ਮ: ੩, ਪੰਨਾ ੬੦੪)

ਜੇ ਕੋਈ ਇਸ ਤ੍ਰੈਗੁਣੀ ਝਮੇਲੇ ਤੋਂ ਉਤਾਂਹ ਉਠ ਕੇ ਜੀਵਨ ਬਿਤਾਉਂਦਾ ਹੈ, ਉਹੋ ਪਰਮ ਪਦਵੀ ਪਾ ਸਕਦਾ ਹੈ। ਇਸੇ ਕਰਕੇ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਦੇ ਦੂਜੇ ਅਧਿਆਇ (ਸਲੋਕ ੪੫) ਵਿਚ ਇਹੋ ਆਖਿਆ ਸੀ ਕਿ ਹੇ ਅਰਜਨ! ਵੇਦ ਵੀ ਤ੍ਰੈਗੁਣ ਦੇ ਚੱਕ੍ਰ ਵਿਚ ਹੀ ਹੈ, ਤੂੰ ਇਹ ਹਦ-ਬੰਨੇ ਪਾਰ ਕਰ ਲੈ।" ਗੁਰਬਾਣੀ ਵਿਚ ਇਹੋ ਵਿਚਾਰ ਆਇਆ ਹੈ :—

ਸਾਮ ਵੇਦੁ ਰਿਗ ਜੁਜਰੁ ਅਥਰਬਣੁ।
ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ।

(ਮਾਰੂ ਸੋਲਹੇ ੧ ਪੰਨਾ ੧੦੩੭)

ਤ੍ਰੈ ਗੁਣ ਮਾਇਆ ਮੋਹੁ ਹੈ, ਗੁਰਮੁਖਿ ਚਉਥਾ ਪਦੁ ਪਾਇ।

(ਸਿਰੀ ੩, ਪੰਨਾ ੩੦)

**ਤਾਪ**—ਦੇਖੋ ਤਿੰਨ ਤਾਪ

**ਤਿਤੁਕੇ**

ਮੱਧ-ਕਾਲੀਨ ਭਗਤੀ ਕਾਵਿ ਵਿਚ ਜ਼ਿਆਦਾਤਰ ਪਦਿਆਂ ਦੀ ਵਰਤੋਂ ਕੀਤੀ ਗਈ ਹੈ, ਕਿਸੇ ਚਉਪਦੇ ਲਿਖੇ ਤੇ ਕਿਸੇ ਤਿਪਦੇ ਯਾ ਦੁਪਦੇ। ਪਦ, ਛੰਦ ਦੇ ਇਕ ਬੰਦ ਨੂੰ ਕਹਿੰਦੇ ਹਨ, ਇਹ ਦੋ ਤੁਕਾਂ ਦਾ ਵੀ ਹੋ ਸਕਦਾ ਹੈ, ਚਾਰ ਤੁਕਾਂ ਯਾ ਇਸਤੋਂ ਵਧ ਦਾ ਵੀ। ਜਿਥੇ ਇਹ ਪਦੇ ਯਾ ਬੰਦ ਤਿੰਨ ਤਿੰਨ ਤੁਕਾਂ ਨੂੰ ਮਿਲਾ ਕੇ ਬਣਾਏ ਗਏ ਹਨ, ਉਥੇ ਕਿਤੇ ਕਿਤੇ ਗੁਰੂ ਸਾਹਿਬ ਨੇ 'ਤਿਤੁਕੇ' ਯਾ 'ਤਿਤੁਕੀ' ਸਿਰਲੇਖ ਦਿਤਾ ਹੈ। ਇਸਦਾ ਭਾਵ ਹੈ ਤਿੰਨ ਤੁਕਾਂ ਵਾਲਾ, ਪਦਾ। ਅਸਟਪਦੀ ਲਈ 'ਤਿਤੁਕੀ' ਵਿਸ਼ੇਸ਼ਣ ਦਿਤਾ ਹੈ।

ਜਿਵੇਂ ਕਿ ਸੋਰਠਿ ਮ: ੩ ਘਰ ੧ ਤਿਤੁਕੀ (ਪੰਨਾ ੬੩੭)

**ਤਿੰਨ ਗੁਣ**—ਦੇਖੋ 'ਤ੍ਰੈਗੁਣ'

**ਤਿੰਨ ਤਾਪ**

ਭਾਰਤੀ ਸਿਆਣਿਆਂ ਨੇ ਤਾਪ ਯਾ ਦੁਖ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਹੈ :

(੧) ਮਨ ਦੇ ਦੁਖ ਚਿੰਤਾ, ਫ਼ਿਕਰ, ਝੋਰਾ ਆਦਿ ਹਨ। ਇਨ੍ਹਾਂ ਨੂੰ ਆਧਿ ਯਾ ਅਧਿਆਤਮਕ ਤਾਪ ਕਿਹਾ ਜਾਂਦਾ ਹੈ।

(੨) ਤਨ ਦੇ ਦੁਖ-ਬੁਖ਼ਾਰ, ਸਿਰ-ਪੀੜ, ਸੱਟ, ਜ਼ਖ਼ਮ ਆਦਿ ਹਨ, ਇਨ੍ਹਾਂ ਨੂੰ ਬਿਆਧਿ ਯਾ ਅਧਿਭੌਤਿਕ ਕਿਹਾ ਜਾਂਦਾ ਹੈ।

(੩) ਕੁਝ ਦੁਖ ਯਾ ਸੰਕਟ ਐਸੇ ਹਨ ਜੋ ਬਾਹਰੋਂ ਮੀਂਹ ਅਨ੍ਹੇਰੀ ਯਾ ਬਿਜਲੀ ਪੈਣ ਤੇ ਵਾਪਰਨ ਯਾ ਗਰਮੀ, ਸਰਦੀ ਕਾਰਣ ਹੋਣ, ਅਜੇਹੇ ਕਸ਼ਟਾਂ ਨੂੰ ਉਪਾਧਿ ਯਾ ਅਧਿਦੈਵਿਕ ਤਾਪ ਕਿਹਾ ਗਿਆ ਹੈ।

ਗੁਰੂ ਇਸ ਵਿਚਾਰ ਦੇ ਹਨ ਕਿ ਪ੍ਰਭੂ ਸਿਮਰਨ ਨਾਲ ਸਭ ਕਿਸਮ ਦੇ ਦੁਖ ਦੂਰ ਹੋ ਜਾਂਦੇ ਹਨ :

ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੈ ਤੀਨੈ ਤਾਪ
ਤ੍ਰਿਸਨਾ ਬੂਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ।

(ਸਾਰੰਗ ੫, ਪੰਨਾ ੧੨੨੩)

**ਤਿੰਨ ਦੇਵ**—ਦੇਖੋ ਤ੍ਰਿਮੂਰਤੀ

**ਤਿਪਦਾ** - ਦੇਖੋ ਪਦਾ

## ਤ੍ਰਿਕੁਟੀ

ਯੋਗ ਮਤ ਅਨੁਸਾਰ ਮਸਤਕ ਵਿਚ ਜਿਥੇ ਇੜਾ, ਪਿੰਗਲਾ ਤੇ ਸੁਖਮਨਾ ਤਿੰਨੇ ਨਾੜੀਆਂ ਇਕੱਤਰ ਹੁੰਦੀਆਂ ਹਨ, ਉਸ ਨੂੰ 'ਤ੍ਰਿਕੁਟੀ' ਕਿਹਾ ਜਾਂਦਾ ਹੈ। ਯੋਗੀਆਂ ਦਾ ਵਿਚਾਰ ਹੈ ਕਿ ਪ੍ਰਾਣਾਯਾਮ ਦੀ ਸਾਧਨਾ ਨਾਲ ਤਿੰਨਾਂ ਨਾੜੀਆਂ ਦੀ ਗੁੰਝਲ ਖੁਲ੍ਹਦੀ ਤੇ ਦਸਮ ਦੁਆਰ ਤੋਂ ਅੰਮ੍ਰਿਤ ਰਸ ਦੀ ਪ੍ਰਾਪਤੀ ਹੁੰਦੀ ਹੈ। 'ਤ੍ਰਿਕੁਟੀ' ਦਾ ਅਰਥ 'ਤਿਉੜੀ' ਵੀ ਆਇਆ ਹੈ ਪਰ ਪਹਿਲਾ ਅਰਥ ਪ੍ਰਧਾਨ ਹੈ :

ਤ੍ਰਿਕੁਟੀ ਛੂਟੀ ਬਿਮਲ ਮਝਾਰਿ।
ਗੁਰ ਕੀ ਮਤਿ ਜੀਇਆਈ ਕਾਰਿ।

(ਗਉੜੀ ੧, ਪੰਨਾ ੨੨੦)

**ਤ੍ਰਿਬੇਣੀ**—ਦੇਖੋ ਬੇਣੀ ਸੰਗਮ

## ਤ੍ਰਿਮੂਰਤਿ

ਵੇਦਾਂ ਅਨੁਸਾਰ ਅਗਨਿ, ਵਾਯੂ, ਸੂਰਜ ਅਤੇ ਪੁਰਾਣਾਂ ਮੁਤਾਬਿਕ ਬ੍ਰਹਮਾ, ਵਿਸ਼ਣੂ ਤੇ ਸ਼ਿਵ ਤਿੰਨ ਦੇਵਤਿਆਂ ਦੇ ਸਮੂਹ ਨੂੰ 'ਤ੍ਰਿਮੂਰਤਿ' ਕਿਹਾ ਜਾਂਦਾ ਹੈ। ਵੇਦਾਂ ਵਿਚ ਬ੍ਰਹਮਾ ਨੂੰ ਪ੍ਰਜਾਪਤਿ, ਸ਼ਿਵ ਨੂੰ ਰੁਦ੍ਰ ਨਾਮ ਨਾਲ ਪੁਕਾਰਿਆ ਗਿਆ ਹੈ। ਬ੍ਰਹਮਾ ਸ੍ਰਿਸ਼ਟੀ ਉਪਜਾਉਣ ਵਾਲਾ ਹੈ, ਵਿਸ਼ਨੂੰ ਪਾਲਣਾ ਕਰਨ ਵਾਲਾ ਤੇ ਸ਼ਿਵ ਸੰਘਾਰ ਕਰਨ ਵਾਲਾ ਦੇਵਤਾ ਹੈ।

ਗੁਰੂ ਸਾਹਿਬ ਇਨ੍ਹਾਂ ਨੂੰ ਇਹ ਦਰਜਾ ਨਹੀਂ ਦਿੰਦੇ, ਸਗੋਂ ਤ੍ਰੈਗੁਣਾਤਮਕ ਮਾਇਆ ਦਾ ਹੀ ਅੰਗ ਮੰਨਦੇ ਹਨ :

ਬ੍ਰਹਮਾ ਬਿਸਨੁ ਮਹੇਸ ਤ੍ਰੈ ਮੂਰਤਿ
ਤ੍ਰਿਗੁਣਿ ਭਰਮਿ ਭੁਲਾਈ ।

(ਰਾਮਕਲੀ ੩, ਪੰਨਾ ੯੦੯)

**ਵਿਸਥਾਰ ਲਈ**—ਦੇਖੋ ਬ੍ਰਹਮਾ, ਵਿਸ਼ਨੂ, ਸ਼ਿਵ ।

## ਤ੍ਰਿਲੋਚਨ

ਭਗਤ ਤ੍ਰਿਲੋਚਨ (੧੨੬੭ ਜਨਮ) ਵੈਸ਼ ਕੁਲ ਵਿਚੋਂ ਸਨ । ਕੁਝ ਵਿਦਵਾਨ ਆਪ ਦਾ ਜਨਮ-ਸਥਾਨ ਮਹਾਂਰਾਸ਼ਟਰ ਵਿਚ ਸ਼ੋਲਾਪੁਰ ਲਾਗੇ ਪਿੰਡ ਬਾਰਸੀ ਦਸਦੇ ਹਨ ਤੇ ਕਈਆਂ ਦੇ ਖ਼ਿਆਲ ਅਨੁਸਾਰ ਆਪ ਉੱਤਰ ਪ੍ਰਦੇਸ਼ ਦੇ ਜੰਮਪਲ ਸਨ ਤੇ ਰਿਹਾਇਸ਼ ਵਧੇਰੇ ਮਹਾਂਰਾਸ਼ਟਰ ਵਲ ਰੱਖੀ । 'ਹਿੰਦੀ ਸਾਹਿਤ ਕੋਸ਼' (ਪੰਨਾ ੨੨੪) ਵਿਚ ਆਪ ਨੂੰ ਨਾਮਦੇਵ ਤੇ ਗਿਆਨ ਦੇਵ ਦਾ ਗੁਰੂ ਦਸਿਆ ਹੈ । ਕਬੀਰ ਦੇ ਦੋ ਸ਼ਲੋਕਾਂ ਵਿਚ ਨਾਮਦੇਵ ਤੇ ਤ੍ਰਿਲੋਚਨ ਦਾ ਸੰਵਾਦ ਮਿਲਦਾ ਹੈ, ਇਸ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਸ਼ਾਇਦ ਇਹ ਦੋਵੇਂ ਭਗਤ ਸਮਕਾਲੀ ਸਨ ।

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ।
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ।੨੧੨
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ।।੨੧੩

(ਸਲੋਕ ਕਬੀਰ, ਪਨਾ ੧੩੭੬)

ਰਵਿਦਾਸ ਨੇ ਆਪ ਦਾ ਜ਼ਿਕਰ ਇਉਂ ਕੀਤਾ ਹੈ :

ਨਾਮਦੇਵ ਕਬੀਰੁ ਤ੍ਰਿਲੋਚਨੁ ਸਧਨਾ ਸੈਨੁ ਤਰੈ ।

(ਮਾਰੂ ਰਵਿਦਾਸ,ਪੰਨਾ ੧੧੦੬)

ਭਾਈ ਗੁਰਦਾਸ ਜੀ ਨੇ ਜੋ ਕਥਾ ਲਿਖੀ ਹੈ, ਉਸ ਤੋਂ ਵੀ ਪਤਾ ਲਗਦਾ ਹੈ ਕਿ ਤ੍ਰਿਲੋਚਨ ਭਗਤ, ਨਾਮਦੇਵ ਜੀ ਤੋਂ ਪ੍ਰੇਰਨਾ ਪ੍ਰਾਪਤ ਕਰਨ ਵਾਲੇ ਸਨ ।

ਆਦਿ ਗ੍ਰੰਥ ਵਿਚ ਆਪ ਦੇ ਚਾਰ ਸ਼ਬਦ ਸਿਰੀ ਰਾਗ, ਗੂਜਰੀ ਤੇ ਧਨਾਸਰੀ ਵਿਚ ਦਰਜ ਹਨ ।

**ਤੀਰਥ**—ਦੇਖੋ ਅਠਸਠਿ ਤੀਰਥ ।

## ਤੁਖਾਰੀ

ਤੁਖਾਰੀ ਸੰਪੂਰਣ ਰਾਗ ਹੈ । ਇਸ ਦਾ ਵਾਦੀ ਸੁਰ ਰੇ, ਸੰਵਾਦੀ ਪਾ ਤੇ ਅਨੁਵਾਦੀ

ਮਾ ਹੈ, ਇਸ ਵਿਚ ਦੋਵੇਂ ਗਾ ਤੇ ਦੋਵੇਂ ਮਾ ਲਗਦੇ ਹਨ। ਪੁਰਾਤਨ ਲਿਖਤਾਂ ਅਨੁਸਾਰ ਹਿਮਾਲਾ ਦੇ ਉੱਤਰ-ਪੱਛਮ ਦਾ ਦੇਸ 'ਤੁਖਾਰ' ਕਿਹਾ ਜਾਂਦਾ ਸੀ, ਹੋ ਸਕਦਾ ਹੈ, ਇਸ ਇਲਾਕੇ ਦੀ ਗਾਉਣ-ਧੁਨਿ ਤੋਂ ਹੀ ਤੁਖਾਰੀ ਰਾਗ ਵਿਕਸਤ ਹੋਇਆ ਹੋਵੇ।

ਇਸਦੀ ਗਵੈਸ਼ ਦਿਨ ਚੜ੍ਹੇ ਕੀਤੀ ਜਾਂਦੀ ਹੈ। ਆਦਿ ਗ੍ਰੰਥ ਵਿਚ ਇਹ ਬਾਈਵੇਂ ਨੰਬਰ ਤੇ ਦਰਜ ਹੈ ਅਤੇ ਇਸ ਵਿਚ ਗੁਰੂ ਨਾਨਕ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੀ ਬਾਣੀ ਹੈ, ਸਭ ਨੇ ਛੰਤ ਹੀ ਵਰਤਿਆ ਹੈ। ਗੁਰੂ ਨਾਨਕ ਸਾਹਿਬ ਨੇ ਬਾਰਾਂਮਾਹ ਵੀ ਇਸੇ ਰਾਗ ਵਿਚ ਲਿਖਿਆ ਹੈ।

### ਤੁਰਕ

ਤੁਰਕ ਇਕ ਨਸਲ ਹੈ ਜਿਸਦਾ ਕੇਂਦਰੀ ਸਥਾਨ ਮੁਲਕ ਤੁਰਕਸਤਾਨ ਹੈ। ਇਹ ਮੱਧ ਏਸ਼ੀਆ ਦਾ ਉਹ ਦੇਸ਼ ਹੈ ਜਿਸ ਦੇ ਉੱਤਰ ਵਲ ਸਾਇਬੇਰੀਆ, ਦੱਖਣ ਵਲ ਤਿੱਬਤ, ਭਾਰਤ ਤੇ ਅਫ਼ਗਾਨਸਤਾਨ, ਪੂਰਬ ਵਲ ਮੰਗੋਲੀਆ ਤੇ ਗੋਬੀ ਦਾ ਰੇਗਿਸਤਾਨ ਅਤੇ ਪੱਛਮ ਵਲ ਕੈਸਪੀਅਨ ਸਾਗਰ ਹੈ। ਇਹ ਲੋਕ ਬੜੇ ਜਾਬਰ ਤੇ ਲੜਨ ਭਿੜਨ ਵਾਲੇ ਸਨ, ਤਾਤਾਰ ਤੇ ਮੰਗੋਲ ਵੀ ਇਨ੍ਹਾਂ ਦੇ ਸਾਥੀ ਕਬੀਲੇ ਹੀ ਸਨ। ਅਲ-ਬੇਰੂਨੀ ਨੇ ਲਿਖਿਆ ਹੈ ਕਿ ਤੁਰਕ ਜਿਥੋਂ ਦੀ ਲੰਘ ਜਾਂਦੇ, ਉਧਰ ਉਜਾੜਾ ਪੈ ਜਾਂਦਾ ਸੀ। ਇਨ੍ਹਾਂ ਵਿਚੋਂ ਹੀ ਤੁਗਲਕ, ਖਿਲਜੀ ਘਰਾਣੇ ਦੇ ਬਾਦਸ਼ਾਹ ਹੋਏ ਜਿਨ੍ਹਾਂ ਹਿੰਦ ਉਤੇ ਹਮਲੇ ਕਰਕੇ ਰਾਜ ਸਥਾਪਤ ਕੀਤਾ। 'ਸੁਲਤਾਨ' ਲਫ਼ਜ਼ ਤੁਰਕੀ ਦਾ ਹੈ। ਤੁਰਕੀ ਬਾਦਸ਼ਾਹ ਸੁਲਤਾਨ ਕਹਾਉਂਦੇ ਸਨ। ਇਹ ਬਿਦੇਸ਼ੀ ਮੁਸਲਮਾਨ, ਖ਼ਾਨਦਾਨੀ ਤੌਰ ਤੇ ਆਪਣੇ ਆਪ ਨੂੰ ਉਚੇਰਾ ਸਮਝਦੇ ਸਨ ਤੇ ਹਿੰਦੁਸਤਾਨੀ ਮੁਸਲਮਾਨਾਂ ਨੂੰ ਨੀਵਾਂ। ਪਹਿਲੇ ਪਹਿਲ ਹਿੰਦੁਸਤਾਨੀ ਲੋਕ ਵੀ 'ਤੁਰਕ' ਪਦ ਬਿਦੇਸੀ ਲਈ ਵਰਤਦੇ ਰਹੇ ਸਨ, ਪਿਛੋਂ ਜਾ ਕੇ ਇਸ ਦਾ ਪ੍ਰਯੋਗ 'ਮੁਸਲਮਾਨ ਮਾਤ੍ਰ' ਲਈ ਕੀਤਾ ਜਾਣ ਲਗਾ, ਜਿਵੇਂ ਕਿ ਕਬੀਰ ਜੀ ਨੇ ਲਿਖਿਆ ਹੈ :—

ਹਿੰਦੂ ਤੁਰਕ ਕਹਾਂ ਤੇ ਆਏ ਕਿਨਿ ਏਹ ਰਾਹ ਚਲਾਈ।

(ਆਸਾ ਕਬੀਰ, ਪੰਨਾ ੪੭੭)

ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ।

(ਆਸਾ ਕਬੀਰ, ਪੰਨਾ ੪੭੭)

**ਤੁਰੀਆ ਪਦ** —ਦੇਖੋ ਚਉਥਾ ਪਦ

### ਤੇਜ਼ੋ

ਤੀਸਰੇ ਗੁਰੂ ਅਮਰਦਾਸ ਜੀ ਦੇ ਪਿਤਾ ਦਾ ਨਾਮ ਤੇਜੋ ਯਾ ਤੇਜਭਾਨ ਸੀ ਜੋ ਕਿ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਦੇ ਰਹਿਣ ਵਾਲੇ ਸਨ। ਭੱਟਾਂ ਦੀ ਗੋਤ

ਹੈ ਕਿ ਉਹ ਕਈ ਵਾਰ ਉਸਤਤਿ ਕਰਨ ਵਾਲੇ ਦੇ ਪਿਤਾ ਦਾ ਨਾਮ ਲੈ ਕੇ ਸੰਬੋਧਨ ਕਰਦੇ ਹਨ। ਕੱਲ ਭੱਟ ਨੇ ਗੁਰੂ ਅਮਰਦਾਸ ਜੀ ਦੀ ਉਸਤਤਿ ਕਰਦਿਆਂ ਕਿਹਾ ਹੈ :

ਭਲਹੁ ਪ੍ਰਸਿਧੁ ਤੇਜੋ ਤਨੋ
ਕਲ੍ਯ ਜੋੜਿ ਕਰ ਧ੍ਯਾਇਅਓ।
ਸੋਈ ਨਾਮੁ ਭਗਤ ਭਵਜਲ ਹਰਣੁ
ਗੁਰ ਅਮਰਦਾਸ ਤੈ ਪਾਇਓ।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੩)

## ਤੰਤ੍ਰ ਮੰਤ੍ਰ ਜੰਤ੍ਰ

ਤਾਂਤ੍ਰਿਕ ਵਿਧੀ ਅਨੁਸਾਰ ਕਿਸੇ ਦੇਵਤਾ ਯਾ ਗ੍ਰਹਿ ਦਾ ਚੁਕੋਨਾ ਯਾ ਗੋਲ ਚੋਕ ਉਲੀਕ ਕੇ ਉਸ ਵਿਚ ਵਿਸ਼ੇਸ਼ ਅੱਖਰ ਯਾ ਕੋਈ ਵਿਸ਼ੇਸ਼ ਮੰਤ੍ਰ ਲਿਖ ਕੇ ਦੇਣਾ ਜੰਤ੍ਰ ਹੈ। ਕਿਸੇ ਦੇਵਤਾ ਦੀ ਉਸਤਤੀ ਅਰਾਧਨਾ ਤੇ ਸਿੱਧੀ ਪ੍ਰਾਪਤੀ ਲਈ ਪੜ੍ਹਿਆ ਜਾਣ ਵਾਲਾ ਗੁਪਤ ਸ਼ਬਦ, 'ਮੰਤ੍ਰ' ਕਹਾਉਂਦਾ ਹੈ, ਤੰਤ੍ਰ ਦਾ ਅੱਖਰੀ ਅਰਥ ਵਿਸਥਾਰ ਕਰਨਾ ਹੈ, ਕੁਝ ਖਾਸ ਚੀਜ਼ਾਂ ਜਿਵੇਂ ਸੰਧੂਰ, ਹਲਦੀ ਤੇ ਦਾਲ ਚੋਲ ਆਦਿ ਲੈ ਕੇ ਟੂਣਾ ਕਰਨਾ, ਤੰਤ੍ਰ ਹੈ। ਤਾਂਤ੍ਰਿਕ ਮਤ ਵਿਚ ਇਨ੍ਹਾਂ ਤਿੰਨਾਂ ਨੂੰ ਵੱਖ ਵੱਖ ਤਰ੍ਹਾਂ ਵਰਤਿਆ ਜਾਂਦਾ ਰਿਹਾ ਹੈ ਅਤੇ ਹੋਰ ਮਤ ਵੀ ਅਜੇਹੇ ਭਰਮ ਕਰਮਾਂ ਦਾ ਸ਼ਿਕਾਰ ਹੁੰਦੇ ਰਹੇ ਹਨ। ਮੁਸਲਮਾਨਾਂ ਵਿਚ ਟੂਣੇ ਤਵੀਤ ਦਾ ਤਕੜਾ ਰਿਵਾਜ ਹੈ, ਫ਼ਕੀਰ ਯਾ ਸਿਆਣੇ ਕਹੇ ਜਾਂਦੇ ਲੋਕ ਕਾਗਜ਼ ਤੇ ਦੋ ਚਾਰ ਅੱਖਰ ਲਿਖ ਕੇ ਤਾਵੀਤ ਵਿਚ ਮੜ੍ਹ ਦਿੰਦੇ ਤੇ ਲੋੜਵੰਦ ਨੂੰ ਗਲ ਵਿਚ ਪਾ ਕੇ ਰੱਖਣ ਦੀ ਤਾਕੀਦ ਕਰਦੇ ਹਨ। ਇਜੇਹਾ ਕਰਨ ਨਾਲ ਇਕ ਪ੍ਰਭੂ ਦਾ ਵਿਸ਼ਵਾਸ ਕਮਜ਼ੋਰ ਪੈਂਦਾ ਤੇ ਸੁਰਤਿ ਭਰਮਾਂ ਵਿਚ ਫਸ ਕੇ ਕਰਮਹੀਣ ਹੋ ਕੇ ਰਹਿ ਜਾਂਦੀ ਹੈ। ਇਸ ਲਈ ਗੁਰੂਆਂ ਅਜੇਹੀਆਂ ਮਨੌਤਾਂ ਦਾ ਖੰਡਨ ਕਰਦਿਆਂ ਕਿਹਾ ਹੈ :—

ਅਵਰੁ ਨ ਅਉਖਧੁ ਤੰਤ ਨ ਮੰਤਾ
ਹਰਿ ਹਰਿ ਸਿਮਰਣੁ ਕਿਲਬਿਖ ਹੰਤਾ।

(ਆਸਾ ੧, ੪੧੬)

ਅਉਖਧ ਮੰਤ੍ਰ ਤੰਤ ਸਭਿ ਛਾਰੁ
ਕਰਣੈਹਾਰੁ ਰਿਦੇ ਮਹਿ ਧਾਰਿ।

(ਗਉੜੀ ਮ ੫ ਪੰਨਾ ੧੯੬)

## ਥਿਤੀ

ਸਮੇਂ ਦੇ ਪੈਮਾਨਿਆਂ ਨੂੰ ਅਧਾਰ ਬਣਾ ਕੇ ਕਾਵਿ-ਰਚਨਾ ਦਾ ਰਿਵਾਜ ਪੁਰਾਣਾ ਹੈ, ਇਸ ਲੜੀ ਵਿਚ ਅਸੀਂ ਸਤਵਾਰਾ, ਥਿਤੀ ਤੇ ਬਾਰਾਮਾਹ ਆਦਿ ਨੂੰ ਗਿਣ ਸਕਦੇ ਹਾਂ। ਦੇਸ਼ੀ ਤਿਥੀਆਂ ਦੇ ਆਧਾਰ ਤੇ ਲਿਖੀ ਕਾਵਿ-ਰਚਨਾ 'ਥਿਤੀ'

ਕਹਾਉਂਦੀ ਹੈ । ਇਹ ਤਿਥੀ ਦਾ ਹੀ ਬਦਲਿਆ ਰੂਪ ਹੈ । ਦੇਸੀ ਸਾਲ ਦੇ ਮਹੀਨੇ ਦੋ ਤਰ੍ਹਾਂ ਗਿਣੇ ਜਾਂਦੇ ਹਨ—ਸੰਗ੍ਰਾਂਦੀ ਤੇ ਤਿਥੀ । ਸੰਗ੍ਰਾਂਦੀ ਮਹੀਨੇ ਸੂਰਜ ਦੀ ਚਾਲ ਨਾਲ ਚਲਦੇ ਹਨ ਤੇ ਤਿਥਾਂ ਯਾ ਪ੍ਰਵਿਸਟ੍ਰਿਆਂ ਨੂੰ ਚੰਦ੍ਰਮਾ ਦੇ ਉਤਰਾ ਚੜ੍ਹਾ ਅਨੁਸਾਰ ਗਿਣਿਆ ਜਾਂਦਾ ਹੈ । ਇਨ੍ਹਾਂ ਦੀ ਗਿਣਤੀ ੧੫ ਹੈ । ਸੋ ਥਿਤੀ ਇਕ ਕਾਵਿਰੂਪ ਹੈ ਜੋ ਏਕਮ, ਦੂਜ ਆਦਿ ੧੫ ਤਿਥਾਂ ਦੇ ਅਧਾਰ ਤੇ ਹੀ ਚਲਦਾ ਹੈ । ਸਭ ਤੋਂ ਪੁਰਾਣੀ ਗੋਰਖ ਨਾਥ ਦੇ ਨਾਂ ਤੇ 'ਪੰਦ੍ਰਹ ਥਿਤੀ' ਮਿਲਦੀ ਹੈ । ਆਦਿ ਗ੍ਰੰਥ ਵਿਚ ਕਬੀਰ, ਗੁਰੂ ਨਾਨਕ ਤੇ ਗੁਰੂ ਅਰਜਨ ਨੇ ਇਸ ਕਾਵਿ-ਰੂਪ ਦਾ ਪ੍ਰਯੋਗ ਕੀਤਾ ਹੈ । ਕਬੀਰ ਸਾਹਿਬ ਦੀ ਥਿਤੀ ਗਉੜੀ ਰਾਗ ਵਿਚ ਹੈ ਤੇ ਇਸ ਦੇ ੧੬ ਬੰਦ ਹਨ, ਭਗਤ ਜੀ ਨੇ ਅਮਾਵਸ ਤੋਂ ਗੱਲ ਤੋਰ ਕੇ ਪੂਰਨਮਾਸ਼ੀ ਦੀ ਰੋਸ਼ਨੀ ਵਿਚ ਗੱਲ ਮੁਕਾਈ ਹੈ, ਅਰਥਾਤ ਅਗਿਆਨ ਤੋਂ ਗਿਆਨ ਵਲ :

ਪੂਨਿਉ ਪੂਰ: ਚੰਦ ਆਕਾਸੁ
ਪਸਰਹਿ ਕਲਾ ਸਹਜਿ ਪਰਗਾਸੁ ।

ਭਾਵ ਇਹ ਕਿ ਸਾਡੀ ਆਤਮਾ ਮਾਇਕ ਅੰਧੇਰੇ ਵਿਚੋਂ ਨਿਕਲ ਕੇ ਪਰਮਾਤਮਾ ਪ੍ਰਕਾਸ਼ ਵਲ ਵਧਦੀ ਸੋਲਾਂ ਕਲਾ ਸੰਪੂਰਨ ਹੁੰਦੀ ਹੈ । ਇਸੇ ਤਰ੍ਹਾਂ ਗੁਰੂ ਨਾਨਕ ਕਿਰਤ 'ਥਿਤੀ' ਬਿਲਾਵਲ ਰਾਗ ਵਿਚ ਹੈ ਤੇ ਇਸ ਦੇ ੨੦ ਬੰਦ ਹਨ, ਇਸ ਦੀ ਵਿਚਾਰਧਾਰਾ ਦਾ ਗੋਲ ਗੁੰਬਦ ਵੀ ਇਸੇ ਪਰਕਾਰ ਦਾ ਹੈ—

ਸਸੀਅਰੁ ਗਗਨਿ ਜੋਤਿ ਤਿਹੁ ਲੋਈ ।
ਕਰਿ ਕਰਿ ਵੇਖੈ ਕਰਤਾ ਸੋਈ ।

(ਬਿਲਾਵਲ ਥਿਤੀ, ਪੰਨਾ ੮੪੦)

ਗੁਰੂ ਅਰਜਨ ਦੇਵ ਦੀ ਰਚੀ 'ਥਿਤੀ', ਗਉੜੀ ਵਿਚ ਹੈ ਤੇ ਇਸ ਦੀਆਂ ੧੭ ਪਉੜੀਆਂ ਹਨ ।

**ਦਸ ਅਵਤਾਰ**—ਦੇਖੋ 'ਅਵਤਾਰ'

**ਦਸ ਦਿਸ਼ਾ**

ਪੂਰਬ, ਪੱਛਮ, ਉੱਤਰ, ਦੱਖਣ ਚਾਰ ਦਿਸ਼ਾਵਾਂ ਤੋਂ ਇਲਾਵਾ ਚਾਰ ਉਪਦਿਸ਼ਾਵਾਂ ਉੱਤਰ-ਪੂਰਬ ਦੇ ਵਿਚਕਾਰ ਈਸਾਨ ਕੋਣ, ਉੱਤਰ-ਪੱਛਮ ਵਿਚਕਾਰ ਵਾਯਵੀ ਕੋਣ, ਪੱਛਮ ਦੱਖਣ ਵਿਚ ਨੈਰਿਤ ਕੋਣ ਤੇ ਦੱਖਣ ਤੇ ਪੂਰਬ ਵਿਚਕਾਰ ਅਗਨਿਕੋਣ ਮੰਨੀਆਂ ਗਈਆਂ ਹਨ । ਇਨ੍ਹਾਂ ਅੱਠਾਂ ਨਾਲ ਹੇਠਾਂ (ਪਤਾਲ) ਤੇ ਉਪਰ (ਆਕਾਸ਼) ਮਿਲਾ ਕੇ ਦਸ ਦਿਸ਼ਾ ਬਣ ਜਾਂਦੀਆਂ ਹਨ । 'ਦਸ ਦਿਸ਼ਾ' ਸੰਕੇਤ ਦਾ ਭਾਵ ਸਾਰੇ ਪਾਸੇ ਹੈ ਜੋ ਕਿ ਬਾਣੀ ਵਿਚ ਆਮ ਵਰਤਿਆ ਗਿਆ ਹੈ —

ਦਸੇ ਦਿਸਾ ਰਵਿਆ ਪ੍ਰਭੁ ਏਕੁ ।
ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ।

(ਗਉੜੀ ੫, ਪੰਨਾ ੨੯੭)

## ਦਸਮਦੁਆਰ

ਸਾਡੇ ਸਰੀਰ ਵਿਚ ਨੌਂ ਛਿੱਦ੍ਰ ਹਨ ਜਿਨ੍ਹਾਂ ਰਾਹੀਂ ਅਸੀਂ ਗਿਆਨ ਪ੍ਰਾਪਤ ਕਰਦੇ ਯਾ ਕੋਈ ਕਰਮ ਕਰਦੇ ਹਾਂ। ਇਹ ਹਨ :—

ਦੋ ਕੰਨ, ਦੋ ਅੱਖਾਂ, ਦੋ ਨਾਸਿਕਾ, ਮੂੰਹ, ਗੁਦਾ ਤੇ ਲਿੰਗ

ਇਨ੍ਹਾਂ ਨੂੰ ਨੌਂ ਦੁਆਰੇ ਯਾ ਨੌਂ ਦਰਵਾਜ਼ੇ ਵੀ ਆਖਿਆ ਗਿਆ ਹੈ, ਜਿਵੇਂ—

ਦੇਹੀ ਨਗਰੀ ਨਉ ਦਰਵਾਜੇ, ਸੋ ਦਸਵਾ ਗੁਪਤ ਰਹਾਤਾ ਹੈ।

(ਮਾਰੂ ੧, ਪੰਨਾ ੧੦੩੧)

ਚੂੰਕਿ ਇਨ੍ਹਾਂ ਦੀ ਗਿਣਤੀ ਨੌਂ ਹੈ, ਇਸ ਲਈ ਰਹੱਸਵਾਦੀ ਮਹਾਂਪੁਰਸ਼ਾਂ ਪ੍ਰਭੂ-ਨਿਵਾਸ ਸਥਾਨ ਨੂੰ 'ਦਸਮ ਦੁਆਰ' ਆਖਿਆ ਹੈ। ਇਸ ਲਈ ਕਿ ਉਹ ਅਗਮ ਅਗੋਚਰ ਇਨ੍ਹਾਂ ਇੰਦ੍ਰਿਆਂ ਦੁਆਰਾ ਜਾਣਿਆ ਨਹੀਂ ਜਾਂਦਾ, ਇਸ ਕਰਕੇ ਉਸ ਨੂੰ ਦਸਮ ਦੁਆਰ ਵਿਚ ਬੈਠਾ ਗੁਪਤ ਦਸਿਆ ਗਿਆ ਹੈ, ਭਾਵ ਇਸ ਦਾ ਇਹੀ ਹੈ ਕਿ ਦੁਨਿਆਵੀ ਸੀਮਾ ਨੂੰ ਲੰਘ ਕੇ ਹੀ ਅਧਿਆਤਮਕ ਅਨੰਦ ਮਾਣਿਆ ਜਾ ਸਕਦਾ ਹੈ। ਕਈ ਦਸਮ ਦੁਆਰ ਦਾ ਅਰਥ 'ਦਿਮਾਗ਼' ਵੀ ਕਰਦੇ ਹਨ, ਪਰ ਅਜੇਹਾ ਮੰਨਣ ਨਾਲ ਸਥੂਲ ਸਥਾਨ ਦਾ ਹੀ ਬੋਧ ਹੁੰਦਾ ਹੈ ਜੋ ਅਧਿਆਤਮਵਾਦੀ ਨਿਸਚੇ ਅਨੁਸਾਰ ਠੀਕ ਨਹੀਂ। ਇਸ ਸ਼ਬਦ ਤੋਂ ਗੁਰੂ ਜੀ ਦਾ ਭਾਵ ਵਧੇਰੇ ਸਪੱਸ਼ਟ ਹੋ ਸਕੇਗਾ।

ਹਰਿ ਜੀਉ ਗੁਫਾ ਅੰਦਰਿ ਰਖਕੈ ਵਾਜਾ ਪਵਣੁ ਵਜਾਇਆ।
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟ ਕੀਏ,
ਦਸਵਾ ਗੁਪਤ ਰਖਾਇਆ।
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ।
ਤਹਿ ਅਨੇਕ ਰੂਪ ਨਾਉ ਨਵਨਿਧਿ, ਤਿਸਦਾ ਅੰਤੁ ਨ ਜਾਈ ਪਾਇਆ।

(ਰਾਮਕਲੀ ਅਨੰਦ ੩ ਪੰਨਾ ੯੨੨)

**ਦਸਰਥ**—ਦੇਖੋ ਜਸਰਥਰਾਇ

**ਦਹਸਿਰ**—ਦੇਖੋ ਰਾਵਣ

## ਦਰਵੇਸ਼

ਦਰਵੇਸ਼ ਫ਼ਾਰਸੀ ਪਦ ਹੈ, ਜਿਸ ਦਾ ਅਰਥ ਹੈ, ਦਰਵਾਜ਼ੇ ਤੇ ਮੰਗਣ ਵਾਲਾ ਭਿਖਾਰੀ, ਜਾਚਕ। ਖ਼ੁਦਾ-ਰਸੀਦਾ, ਮੁਸਲਮ ਸਾਧੂ ਹਿੰਦੂ ਸੰਨਿਆਸੀਆਂ ਵਾਂਙ ਬਿਰਕਤੀ ਧਾਰਨ ਕਰ ਲੈਂਦੇ ਤੇ ਮੰਗ-ਪਿੰਨ ਕੇ ਗੁਜ਼ਾਰਾ ਕਰਦੇ ਸਨ, ਇਸ ਲਈ ਉਨ੍ਹਾਂ ਨੂੰ ਦਰਵੇਸ਼ ਕਿਹਾ ਜਾਣ ਲਗਾ। ਪਰੰਤੂ ਸੱਚੇ ਸੰਤਾਂ ਯਾ ਸੂਫੀਆਂ ਇਸ ਗੱਲ ਨੂੰ ਠੀਕ ਨਹੀਂ ਜਾਤਾ। ਉਨ੍ਹਾਂ ਦਾ ਖਿਆਲ ਸੀ ਕਿ ਜੋ ਕੋਈ ਰੱਬੀ ਸੇਵਕ ਹੋ ਕੇ ਘਰ-ਘਰ ਮੰਗਦਾ ਫਿਰਦਾ ਹੈ, ਉਸ ਦੇ ਦਰਵੇਸ਼ੀ ਭੇਸ ਨੂੰ ਧਿਰਕਾਰ ਹੈ :—

ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸੁ ।
ਜੇ ਘਰਿ ਘਰਿ ਹੰਢੈ ਮੰਗਦਾ, ਧਿਗੁ ਜੀਵਣੁ ਧਿਗੁ ਵੇਸੁ ।

(ਵਾਰ ਬਿਹਾਗੜਾ, ੩, ਪੰਨਾ ੫੫੦)

ਬਾਬਾ ਫਰੀਦ ਦੇ ਵਿਚਾਰ ਅਨੁਸਾਰ ਸੱਚਾ ਦਰਵੇਸ਼ ਉਹੀ ਹੈ ਜੋ ਰੱਬ ਦੇ ਦੁਆਰੇ ਦਾ ਜਾਚਕ ਹੈ, ਅਤੇ ਰੁੱਖਾਂ ਵਾਂਙ ਸਬਰ ਤੇ ਸਹਿਨਸ਼ੀਲਤਾ ਵਾਲਾ ਜੀਵਨ ਬਸਰ ਕਰਦਾ ਹੈ ।

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ।

(ਆਸਾ ਫਰੀਦ ਪੰਨਾ ੪੮੮)

ਫਰੀਦਾ ਸਾਹਿਬ ਦੀ ਕਰਿ ਚਾਕਰੀ, ਦਿਲ ਦੀ ਲਾਹਿ ਭਰਾਂਦਿ ।
ਦਰਵੇਸਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ ।

(ਸਲੋਕ ਫਰੀਦ, ਪੰਨਾ ੧੩੮੧)

## ਦਰੂਦ

'ਦਰੂਦ' ਫ਼ਾਰਸੀ ਪਦ ਹੈ, ਜਿਸ ਦਾ ਅਰਥ ਹੈ ਬੇਨਤੀ, ਪ੍ਰਾਰਥਨਾ ਮੁਸਲਮਾਨ ਸ਼ਰਧਾਲੂ ਆਪਣੇ ਪੀਰ ਪੈਗੰਬਰ ਦੀ ਸਿਫ਼ਤ ਵਿਚ ਖ਼ਾਸ ਦੁਆ ਪੜ੍ਹਦੇ ਹਨ, ਉਹ 'ਦਰਦ' ਕਹਾਉਂਦੀ ਹੈ । ਜੈਸਾ ਕਿ ਗੁਰਵਾਕ ਹੈ :—

ਸੇਖ ਮਸਾਇਕ ਕਾਜੀ ਮੁਲਾ, ਦਰਿ ਦਰਵੇਸ ਰਸੀਦ
ਬਰਕਤਿ ਤਿਨ ਕਉ ਅਗਲੀ, ਪੜਦੇ ਰਹਨਿ ਦਰੂਦ ।੩।

(ਸਿਰੀ ੧, ਪੰਨਾ ੫੩)

ਸਖੀ ਸੁਲਤਾਨ ਦੇ ਪੁਜਾਰੀ ਆਪਣੇ ਇਸ਼ਟ ਨੂੰ ਪ੍ਰਸੰਨ ਕਰਨ ਲਈ ਰੋਟ ਅੱਗੇ ਰੱਖ ਕੇ ਜੋ ਦੁਆ ਬੇਨਤੀ ਦੀਆਂ ਸਤਰਾਂ ਪੜ੍ਹਦੇ ਹਨ, ਉਨ੍ਹਾਂ ਵਲ ਸੰਕੇਤ ਕਰਦਿਆਂ ਆਖਿਆ ਗਿਆ ਹੈ :—

ਨਾਨਕ ਪੀਠਾ ਪਕਾ ਸਾਜਿਆ, ਧਰਿਆ ਆਣਿ ਮਉਜੂਦੁ
ਬਾਝਹੁ ਸਤਿਗੁਰ ਆਪਣੇ, ਬੈਠਾ ਝਾਕੁ ਦਰੂਦ ।

(ਵਾਰ ਮਾਰੂ ੫, ਪੰਨਾ ੧੦੯੬)

## ਦ੍ਰੋਪਦੀ

ਪੰਚਾਲ ਦੇਸ ਦੇ ਰਾਜੇ ਦਰੁਪਦ ਦੀ ਬੇਟੀ ਕ੍ਰਿਸ਼ਨਾ ਨੂੰ ਪਿਤਾ ਦੇ ਨਾਂ ਤੇ 'ਦ੍ਰੋਪਦੀ' ਤੇ ਦੇਸ ਦੇ ਨਾਂ ਤੇ 'ਪੰਚਾਲੀ' ਕਿਹਾ ਜਾਂਦਾ ਹੈ । ਜਦੋਂ ਪਿਤਾ ਨੇ ਇਸ ਦਾ ਸਵੰਬਰ ਰਚਿਆ ਤਾਂ ਸ਼ਰਤ ਇਹ ਸੀ ਕਿ ਜੋ ਕੋਈ ਬੀਰ ਯੋਧਾ ਉਤੇ ਘੁੰਮਦੀ ਮੱਛੀ ਦੀ ਅੱਖ ਦਾ ਨਿਸ਼ਾਨਾ ਹੇਠ ਤੇਲ ਦੇ ਕੜਾਹੇ ਵਿਚ ਪੈ ਰਹੇ ਪ੍ਰਤਿਬਿੰਬ ਦੇ ਅਧਾਰ ਤੇ ਲਾ ਸਕੇ, ਉਸ ਨੂੰ ਦ੍ਰੋਪਦੀ ਵਿਆਹੀ ਜਾਵੇਗੀ । ਅਰਜਨ ਨੇ ਇਹ ਨਿਸ਼ਾਨਾ ਠੀਕ ਲਾਇਆ ਤੇ ਦ੍ਰੋਪਦੀ ਨੂੰ ਵਿਆਹ ਕੇ ਲਿਆਂਦਾ । ਜਦ ਇਹ ਘਰ ਪਹੁੰਚਿਆ ਤਾਂ ਅਰਜਨ ਨੇ ਮਾਤਾ

ਕੁੰਤੀ ਨੂੰ ਆਵਾਜ਼ ਦਿਤੀ ਕਿ ਅਸੀਂ ਇਕ ਨਵੀਂ ਚੀਜ਼ ਲੈ ਕੇ ਆਏ ਹਾਂ ਤਾਂ ਮਾਂ ਨੇ ਪਿਆਰ ਨਾਲ ਕਿਹਾ ਕਿ ਸਭ ਨੇ ਵੰਡ ਕੇ ਵਰਤਣਾ। ਇਸ ਬਚਨ ਦਾ ਸਿੱਟਾ ਇਹ ਕਿ ਦ੍ਰੋਪਦੀ ਪੰਜਾਂ ਪਾਂਡਵਾਂ-ਯੁਧਿਸ਼ਟਰ, ਭੀਮ, ਅਰਜਨ, ਨਕੁਲ ਤੇ ਸਹਦੇਵ ਦੀ ਸਾਂਝੀ ਨਾਰ ਬਣੀ। ਕੋਰਵਾਂ ਦੇ ਰਾਜੇ ਦੁਰਯੋਧਨ ਨਾਲ ਪਾਂਡਵ ਜੂਆ ਖੇਡਣ ਲਗੇ ਤੇ ਦ੍ਰੋਪਦੀ ਨੂੰ ਵੀ ਇਨ੍ਹਾਂ ਜੂਏ ਵਿਚ ਹੀ ਲਾ ਦਿਤਾ। ਇਸ ਕਰਕੇ ਇਸ ਨੂੰ ਦੁਰਯੋਧਨ ਦੀ ਦਾਸੀ ਬਣਨਾ ਪਿਆ, ਰਾਜ-ਅਭਿਮਾਨ ਵਿਚ ਦੁਰਯੋਧਨ ਨੂੰ ਆਚਾਰ ਵਿਹਾਰ ਦਾ ਕੋਈ ਖਿਆਲ ਨ ਰਿਹਾ, ਇਸ ਲਈ ਉਸ ਨੇ ਪਿੰਗੋਜੰਗੀ ਦ੍ਰੋਪਦੀ ਨੂੰ ਸਭਾ ਵਿਚ ਬੁਲਾਇਆ ਤੇ ਬੇਪਤ ਕਰਨ ਲਈ ਕਪੜੇ ਉਤਾਰਨ ਦਾ ਹੁਕਮ ਦਿਤਾ। ਇਸ ਸਮੇਂ ਦ੍ਰੋਪਦੀ ਨੇ ਸੱਚੇ ਮਨੋਂ ਅਰਦਾਸ ਕੀਤੀ ਕਿ ਹੇ ਪ੍ਰਭੂ! ਇਸ ਦੁਸ਼ਟ ਦੀ ਨੀਚਤਾ ਤੋਂ ਤੂੰ ਹੀ ਮੈਨੂੰ ਬਚਾ ਸਕਦਾ ਹੈਂ, ਮੇਰਾ ਕੋਈ ਰਾਖਾ ਨਹੀਂ। ਇਹ ਦਿਲ ਦੀ ਵੇਦਨ ਜਾਣ ਕੇ ਭਗਵਾਨ ਨੇ ਐਸਾ ਕੌਤਕ ਵਰਤਾਇਆ ਕਿ ਅਨੇਕਾਂ ਕਪੜੇ ਉਤਾਰਨ ਦੇ ਬਾਵਜੂਦ ਦ੍ਰੋਪਦੀ ਨਗਨ ਨ ਹੋ ਸਕੀ। ਇਸ ਘਟਨਾ ਵਲ ਬਾਣੀ ਵਿਚ ਕਈ ਥਾਂ ਸੰਕੇਤ ਹੈ :—

ਪ੍ਰਹਲਾਦ ਰਖੀ ਹਰਿ ਪੈਜ ਆਪ। ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ।
ਜਿਨਿ ਜਿਨਿ ਸੇਵਿਆ ਅੰਤ ਬਾਰ। ਰੇ ਮਨ ਸੇਵਿ ਤੂ ਪਰਹਿ ਪਾਰ।

(ਬਸੰਤ ੫, ਪੰਨਾ ੧੧੯੨)

ਇਹ ਵੀ ਰਵਾਇਤ ਹੈ ਕਿ ਦੁਰਬਾਸ਼ਾ ਦਾ ਪਰਨਾ ਨਦੀ ਵਿਚ ਇਸ਼ਨਾਨ ਕਰਨ ਸਮੇਂ ਰੁੜ੍ਹ ਗਿਆ ਤਾਂ ਉਸ ਵੇਲੇ ਦ੍ਰੋਪਦੀ ਨੇ ਆਪਣੀ ਚਾਦਰ ਪਾੜ ਕੇ ਦਿਤੀ ਤਾਂ ਰਿਸ਼ੀ ਨੇ ਆਖਿਆ ਸੀ, ਭਗਵਾਨ ਤੇਰੇ ਵੀ ਪੜਦੇ ਕੱਜੇਗਾ। ਕਈ ਕਹਿੰਦੇ ਹਨ ਕਿ ਸ਼ਿਸ਼ੂਪਾਲ ਨੂੰ ਮਾਰਨ ਸਮੇਂ ਕ੍ਰਿਸ਼ਣ ਜੀ ਦੀ ਉਂਗਲ ਜ਼ਖਮੀ ਹੋ ਗਈ ਤਾਂ ਇਸ ਪੱਟੀ ਬੰਨ੍ਹਣ ਲਈ ਕਪੜਾ ਦਿਤਾ ਸੀ, ਜਿਸ ਲਈ ਇਸ ਨੂੰ ਅਨੇਕਾਂ ਬਸਤ੍ਰ ਮਿਲੇ।

## ਦਾਨ

ਗੁਰਬਾਣੀ ਵਿਚ ਨਾਮ, ਦਾਨ, ਇਸ਼ਨਾਨ ਦਾ ਬਾਰ ਬਾਰ ਆਦੇਸ਼ ਹੈ। ਦਾਨ, ਆਪਣੇ ਅਧਿਕਾਰ ਵਾਲੀ ਵਸਤੂ, ਬਿਨਾ ਕਿਸੇ ਇਵਜ਼ਾਨੇ ਦੇ ਲੋੜਵੰਦ ਨੂੰ ਸਮਰਪਣ ਕਰਨਾ ਹੈ। ਸਿਆਣਿਆਂ ਸਾਤਵਿਕ, ਰਾਜਸ ਤੇ ਤਾਮਸ ਭੇਦ ਕਰਕੇ ਇਸ ਦੇ ਤਿੰਨ ਭੇਦ ਕੀਤੇ ਹਨ। ਸ਼ੁਭ ਅਸਥਾਨ ਤੇ ਸ਼ੁਭ ਭਾਵਨਾ ਤੇ ਨਿਸ਼ਕਾਮਤਾ ਨਾਲ ਕੀਤਾ ਦਾਨ ਸਾਤਵਿਕ ਹੈ, ਕਾਮਨਾ ਰੱਖ ਕੇ ਕੀਤਾ ਦਾਨ ਰਾਜਸ ਹੈ ਅਤੇ ਬੇ-ਮੌਕੇ ਕੁਪਾਤਰ ਨੂੰ ਮੰਦੀ ਭਾਵਨਾ ਰੱਖ ਕੇ ਕੀਤਾ ਦਾਨ ਤਾਮਸ ਕਹਾਉਂਦਾ ਹੈ। ਹਰ ਧਰਮ ਨੇ ਸਾਤਵਿਕ ਦਾਨ ਦੀ ਪ੍ਰੇਰਣਾ ਕੀਤੀ ਹੈ ਤਾਂ ਕਿ ਸਮਾਜ ਵਿਚ ਲੋੜਵੰਦ ਦੀ ਲੋੜ ਪੂਰੀ ਹੁੰਦੀ ਰਹੇ ਤੇ ਉਦਾਰਤਾ ਤੇ ਉਪਕਾਰ ਦੀ ਭਾਵਨਾ ਮਨੁੱਖ ਨੂੰ ਉਚੇਰਾ ਉਠਾਉਂਦੀ ਜਾਵੇ, ਇਸੇ ਲਈ ਗੁਰਮੁਖ ਦੇ ਲੱਛਣ ਬਿਆਨ ਕਰਦਿਆਂ ਕਿਹਾ ਹੈ :—

ਗੁਰਮੁਖਿ ਨਾਮੁ ਦਾਨੁ ਇਸਨਾਨੁ ।
ਗੁਰਮੁਖਿ ਲਾਗੈ ਸਹਜਿ ਧਿਆਨੁ ।

(ਰਾਮਕਲੀ ੧, ਪੰਨਾ ੯੪੨)

ਕਈ ਥਾਂ ਬਾਣੀ ਵਿਚ ਦਾਨ ਦਾ ਵਿਰੋਧ ਵੀ ਕੀਤਾ ਗਿਆ ਹੈ ਜੋ ਪ੍ਰੋਹਤਾਂ ਨੇ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਪ੍ਰਚਲਤ ਕੀਤੇ ਸਨ, ਜਿਵੇਂ ਬਨਾਰਸ ਵਿਚ ਜਾ ਕੇ ਆਪਣੇ ਆਪ ਨੂੰ ਸੋਨੇ ਬਰਾਬਰ ਤੋਲਣਾ ਤੇ ਫਿਰ ਇਹ ਸੋਨਾ ਬ੍ਰਾਹਮਣਾਂ ਨੂੰ ਦਾਨ ਦੇ ਦੇਣਾ। ਇਸੇ ਤਰ੍ਹਾਂ ਤੀਰਥਾਂ ਉਤੇ ਜਾ ਕੇ ਹਾਥੀ ਘੋੜੇ ਯਾ ਗਊਆਂ ਪੁੰਨ ਕਰਨੀਆਂ ਵੀ ਉਤਮ ਦਾਨ ਕਿਹਾ ਗਿਆ ਹੈ ਜੋ ਕਿ ਦਰਅਸਲ ਬ੍ਰਾਹਮਣੀ ਸੁਆਰਥ ਦਾ ਸਿੱਟਾ ਸੀ। ਇਸ ਕਰਕੇ ਤਮਾਮ ਸੰਤਾਂ, ਭਗਤਾਂ ਤੇ ਗੁਰੂਆਂ ਅਜੇਹੇ ਦਾਨਾਂ ਨਾਲੋਂ ਨਾਮ ਸਿਮਰਨ ਨੂੰ ਸ੍ਰੇਸ਼ਟ ਕਿਹਾ ਹੈ :—

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ
ਆਤਮ ਜਉ ਨਿਰਮਾਇਲੁ ਕੀਜੈ
ਆਪਿ ਬਰਾਬਰਿ ਕੰਚਨੁ ਦੀਜੈ
ਰਾਮ ਨਾਮ ਸਰਿ ਤਉ ਨ ਪੂਜੈ ।

(ਰਾਮਕਲੀ ਨਾਮਦੇਵ, ਪੰਨਾ ੯੭੩)

## ਦਾਨਵ

ਬ੍ਰਹਮਾ ਦੇ ਪੁੱਤਰ ਮਰੀਚਿ ਦਾ ਬੇਟਾ ਕੱਸ਼ਪ ਸੀ ਜਿਸ ਨੂੰ ਦਖਛ ਪ੍ਰਜਾਪਤਿ ਦੀਆਂ ਤੇਰਾਂ ਧੀਆਂ ਵਿਆਹੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਇਕ ਦਾ ਨਾਮ ਦਨੂ ਸੀ, ਇਹ ਦਨੂ ਦੀ ਸੰਤਾਨ ਹੀ 'ਦਾਨਵ' ਕਹਾਈ। ਹੋਰ ਰਾਣੀਆਂ ਸਨ। ਦਿਤਿ ਤੇ ਅਦਿਤਿ, ਦਿਤਿ ਦੀ ਉਲਾਦ ਦੈਂਤ ਅਤੇ ਅਦਿਤਿ ਤੋਂ ਦੇਵਤੇ ਪਰਗਟ ਹੋਏ, ਅਜੇਹਾ ਪੁਰਾਣਾਂ ਵਿਚ ਵਰਣਨ ਮਿਲਦਾ ਹੈ। ਸੋ ਦਾਨਵ, ਦੈਂਤਾਂ ਦੇ ਹੀ ਭਰਾ ਭਾਈ ਸਨ।

ਆਖਹਿ ਦਾਨਵ ਆਖਹਿ ਦੇਵ ।

(ਜਪੁ ੧, ਪੰਨਾ ੬)

## ਦਿਗੰਬਰ

ਜੈਨੀਆਂ ਦੇ ਦੋ ਮੁਖ ਫਿਰਕੇ ਹਨ—ਸ੍ਵੇਤਾਂਬਰ ਤੇ ਦਿਗੰਬਰ। ਸ੍ਵੇਤਾਂਬਰ ਚਿਟੇ ਬਸਤ੍ਰ ਪਹਿਨਦੇ ਹਨ ਤੇ ਦਿਗੰਬਰ ਬਸਤਰ ਉਕਾ ਹੀ ਧਾਰਨ ਨਹੀਂ ਕਰਦੇ। ਦਿਗੰਬਰ ਦਾ ਲਫ਼ਜ਼ੀ ਮਾਅਨਾ ਹੈ ਕਿ ਦਿਸ਼ਾ ਹੀ ਜਿਸ ਦਾ ਅੰਬਰ (ਕਪੜਾ) ਹੈ ਅਰਥਾਤ ਜੋ ਕਪੜਾ ਨਹੀਂ ਪਹਿਨਦਾ। ਭਾਰਤ ਵਿਚ ਨਾਂਗਿਆਂ ਦੀ ਸੰਪ੍ਰਦਾ ਵੱਖਰੀ ਵੀ ਹੈ, ਜੋਨੀ ਨਾਂਗੇ 'ਦਗੰਬਰ' ਕਹਾਉਂਦੇ ਹਨ। ਇਨ੍ਹਾਂ ਦੀ ਧਾਰਮਕ ਮੰਨਤ ਅਨੁਸਾਰ ਨਗਨ ਰਹਿਣਾ ਮੋਖ

ਪ੍ਰਾਪਤੀ ਦਾ ਸਾਧਨ ਹੈ। ਇਹ ਸ੍ਵੇਤਾਂਬਰ ਫਿਰਕੇ ਦੇ ੪੫ ਆਗਮ ਗ੍ਰੰਥਾਂ ਨੂੰ ਵੀ ਨਹੀਂ ਮੰਨਦੇ। ਆਮ ਖਿਆਲ ਹੈ ਕਿ ਈਸਵੀ ਸਦੀ ਪਹਿਲੀ ਵਿਚ ਇਹ ਦੋ ਸੰਪ੍ਰਦਾਇ ਬਣੇ। ਦਿਗੰਬਰਾਂ ਦੀ ਮਨੌਤ ਅਨੁਸਾਰ ਚੰਦ੍ਰ-ਗੁਪਤ ਦੇ ਰਾਜ ਸਮੇਂ ਭੱਦ੍ਰਵਾਹੂ ਦੀ ਭਵਿਸ਼-ਬਾਣੀ ਅਨੁਸਾਰ ਵਿਸ਼ਾਖਾਚਾਰਯ ਅਤੇ ਆਪਣੇ ਸੰਗੀਆਂ ਨੂੰ ਲੈ ਕੇ ਪੁੰਨਾਟ ਚਲੇ ਗਏ, ਕੁਝ ਸਾਧੂ ਸਿੰਧ ਵਲ ਨਿਕਲ ਗਏ। ਜਦ ਇਹ ਲੋਕ ਉਜੈਨ ਮੁੜੇ ਤਾਂ ਆਚਾਰਯ ਨੇ ਇਨ੍ਹਾਂ ਨੂੰ ਲੰਗੋਟੀ ਪਹਿਨਣ ਦਾ ਆਦੇਸ਼ ਦਿਤਾ। ਜਿਨ੍ਹਾਂ ਕਪੜੇ ਪਾ ਲਏ ਉਹ ਸ੍ਵੇਤੰਬਰ ਤੇ ਬਾਕੀ ਦਿਗੰਬਰ ਕਹਾਏ। ਗੁਰੂ ਜੀ ਨੇ ਇਸ ਗੱਲ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਕੇਵਲ ਕਪੜੇ ਉਤਾਰਨ ਨਾਲ ਧਾਰਮਿਕਤਾ ਨਹੀਂ ਆਉਂਦੀ :—

ਬਸਤ੍ਰ ਉਤਾਰਿ ਦਿਗੰਬਰ ਹੋਗੁ।
ਜਟਾ ਧਾਰਿ ਕਿਆ ਕਮਾਵੈ ਜੋਗੁ।
ਮਨੁ ਨਿਰਮਲ ਨਹੀ ਦਸਵੈ ਦੁਆਰ।
ਭ੍ਰਮਿ ਭ੍ਰਮਿ ਆਵੈ ਮੂੜਾ ਵਾਰੋ ਵਾਰ :

(ਬਸੰਤ ੧, ਪੰਨਾ ੧੧੬੯)

ਉਪਜੀ ਤਰਕ ਦਿਗੰਬਰੁ ਹੋਆ
ਮਨੁ ਦਹਦਿਸ ਚਲਿ ਗਵਨੁ ਕਰਦੀਆ।
ਪ੍ਰਭਵਨੁ ਕਰੈ ਬੂਝੈ ਨਹੀਂ ਤ੍ਰਿਸਨਾ
ਮਿਲਿ ਸੰਗਿ ਸਾਧ ਦਇਆ ਘਰੁ ਲਹੀਆ।

(ਬਿਲਾਵਲ ੪, ਪੰਨਾ ੮੩੫)

## ਦਿਨ ਰੈਣਿ

ਜਿਸ ਤਰ੍ਹਾਂ 'ਬਾਰਾਂਮਾਹ' ਤੇ 'ਥਿਤੀ' ਕਾਵਿ-ਰੂਪ ਹਨ, ਇਸੇ ਤਰ੍ਹਾਂ 'ਦਿਨ ਰੈਣਿ' ਇਕ ਕਾਵਿ ਰੂਪ ਹੈ ਜਿਸ ਦਾ ਪ੍ਰਯੋਗ ਗੁਰੂ ਅਰਜਨ ਸਾਹਿਬ ਨੇ ਕੀਤਾ ਹੈ। ਮਾਝ ਰਾਗ ਵਿਚ ਬਾਰਾਂਮਾਹ ਤੋਂ ਬਾਅਦ ਛੰਤ ਵਾਂਙ ਚਾਰ ਬੰਦਾਂ ਵਾਲੀ ਇਕ ਰਚਨਾ ਹੈ, ਜਿਸ ਦਾ ਸਿਰਲੇਖ 'ਦਿਨ ਰੈਣਿ' ਦਿਤਾ ਗਿਆ ਹੈ। ਇਸ ਵਿਚ ਗੁਰੂ ਸਾਹਿਬ ਨੇ ਰਾਤ ਦਿਨ ਅਰਥਾਤ ਸਦਾ ਸਦਾ ਪ੍ਰਭੂ ਸਿਮਰਨ ਕਰਨ ਤੇ ਜ਼ੋਰ ਦਿਤਾ ਹੈ। ਅਰੰਭ ਇਉਂ ਹੈ—

ਸੇਵੀ ਸਤਿਗੁਰੁ ਆਪਣਾ, ਹਰਿ ਸਿਮਰੀ ਦਿਨ ਸਭਿ ਰੈਣ।

(ਮਾਝ ੫ ਦਿਨ ਰੈਣਿ, ਪੰਨਾ ੧੩੬)

## ਦੀਪ

'ਭਾਗਵਤ ਪੁਰਾਣ' ਵਿਚ ਕਥਾ ਹੈ ਕਿ ਰਾਜਾ ਪ੍ਰਿਯਵ੍ਰਤ ਇਕ ਪਹੀਏ ਵਾਲੇ ਰਥ ਉਤੇ ਚੜ੍ਹ ਕੇ ਸੱਤ ਵਾਰੀ ਧਰਤੀ ਦੁਆਲੇ ਘੁੰਮਿਆ ਜਿਸ ਕਾਰਣ ਪਹੀਏ ਦੀ

ਲੀਕ ਨਾਲ ਸੱਤ ਸਮੁੰਦਰ ਬਣ ਗਏ ਤੇ ਉਨ੍ਹਾਂ ਸੱਤ ਸਮੁੰਦਰਾਂ ਵਿਚ ਘਿਰੇ ਹੋਏ ਖੁਸ਼ਕ ਧਰਤੀ ਦੇ ਹਿਸੇ ਦੀਪ ਕਹਿਲਾਏ। ਇਹ ਸੱਤ 'ਦੀਪ' ਸੁਮੇਰ ਪਰਬਤ ਦੀ ਧੁਰੀ ਤੋਂ ਕੰਵਲ ਦੇ ਪੱਤਿਆਂ ਵਾਂਙ ਫੈਲੇ ਹੋਏ ਹਨ, ਨਾਮ ਇਹ ਹਨ :—

ਜੰਬੂ, ਪਲਖ, ਸ਼ਾਲਮਲਿ, ਕੁਸ਼, ਕ੍ਰੌਚ, ਸ਼ਾਕ ਤੇ ਪੁਸ਼ਕਰ।

ਵਿਸ਼ਨੂੰ ਪੁਰਾਣ ਵਿਚ ਨੌਂ ਦੀਪ ਲਿਖੇ ਹਨ, ਇੰਦ੍ਰ ਦੀਪ, ਖੇਰਮਤ, ਤਾਮ੍ਰਵਰਣ, ਗਭਸਤਿਮਤ, ਨਾਗ, ਸੌਮਯ, ਮਾਂਧ੍ਰਵ, ਵਾਰੁਣ ਤੇ ਕੁਮਾਰਕ।

ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।

(ਵਾਰ ਆਸਾ ੧, ਪੰਨਾ ੪੬੭)

ਸਪਤ ਦੀਪ ਸਪਤ ਸਾਗਰਾ ਨਵ ਖੰਡ
ਚਾਰਿ ਵੇਦ ਦਸਅਸਟ ਪੁਰਾਣਾ।

(ਵਾਰ ਸਿਰੀ ੪, ਪੰਨਾ ੮੪)

### ਦੁਆਦਸ ਸਿਲਾ

ਉਹ ਬਾਰਾਂ ਦੇਵੀ ਦੇਵਤਿਆਂ ਦੀਆਂ ਪੱਥਰ-ਮੂਰਤੀਆਂ, ਜਿਨ੍ਹਾਂ ਦੀ ਹਿੰਦੂ ਲੋਕ, ਪੂਜਾ ਕਰਦੇ ਹਨ, ਉਹ ਇਹ ਹਨ—

ਵਿਸ਼ਨੂੰ, ਸ਼ਿਵ, ਲੱਛਮੀ, ਪਾਰਬਤੀ, ਬ੍ਰਹਮਾ, ਸਰਸਵਤੀ, ਗਣੇਸ਼, ਕਾਲ, ਭੈਰਵ, ਸੂਰਜ, ਇੰਦ੍ਰ ਅਤੇ ਯਮ।

'ਵੈਦਜਨਾਥ' ਮਹਾਤਮ, ਅਨੁਸਾਰ ਸ਼ਿਵ ਦੇ ਬਾਰਾਂ ਸ਼ਿਵ-ਲਿੰਗਾਂ ਨੂੰ ਵੀ 'ਬਾਰਹ ਸ਼ਿਲਾ' ਕਿਹਾ ਜਾਂਦਾ ਹੈ ਜੋ ਕਿ ਇਨ੍ਹਾਂ ਥਾਵਾਂ ਤੇ ਹਨ :

੧. ਪਰਿਭਾਸ ਖੇਤਰ ਵਿਚ 'ਸੋਮਨਾਥ'।
੨. ਕਿਸ਼ਕਿੰਧਾ ਕੋਲ ਸ੍ਰੀ ਸ਼ੈਲ ਨਾਂ ਦੇ ਪਹਾੜ ਤੇ ਮੱਲਿਕਾਰਜੁਨ।
੩. ਉਜੈਨ ਪੁਰੀ ਵਿਚ 'ਮਹਾਂਕਾਲ'।
੪. ਨਰਮਦਾ ਕਿਨਾਰੇ ਅਮਰੇਸ਼ਵਰ ਵਿਚ 'ਓਅੰਕਾਰ'।
੫. ਗਇਆ ਪਾਸ ਦੇਵਗੜ੍ਹ ਵਿਚ 'ਵੈਦਨਾਥ'।
੬. ਪੂਨੇ ਕੋਲ ਸਾਕਿਨੀ ਨਦੀ ਕਿਨਾਰੇ 'ਭੀਮ ਸ਼ੰਕਰ'।
੭. ਲੰਕਾ ਦੇ ਪੁਲ ਕੋਲ 'ਰਾਮੇਸ਼ਵਰ'।
੮. ਦਵਾਰਿਕਾ ਤੋਂ ਤਿੰਨ ਕੋਹ ਪਰੇ 'ਨਾਗੇਸ਼ਵਰ'।
੯. ਕਾਂਸ਼ੀ ਵਿਚ 'ਵਿਸ਼ਵੇਸ਼ਵਰ'।
੧੦. ਗੋਦਾਵਰੀ ਕਿਨਾਰੇ 'ਤ੍ਰਯੰਬਕ'।
੧੧. ਹਿਮਾਲਾ ਵਿਚ ਬਦਰੀਨਾਰਾਯਣ ਪਾਸ 'ਬਦਰੀਨਾਥ'।
੧੨. ਦੱਖਣ ਵਿਚ ਔਰੰਗਾਬਾਦ ਪਾਸ 'ਘ੍ਰਿਸ਼ਣੇਸ਼ਵਰ'। [ਮਹਾਨ ਕੋਸ਼

ਭਗਤ ਰਵਿਦਾਸ ਜੀ ਨੇ ਕਿਹਾ ਹੈ, ਇਨ੍ਹਾਂ ਬਾਰਾਂ ਦੀ ਪੂਜਾ ਕਰਨ ਵਾਲਾ ਧਰਮਾਤਮਾ ਵੀ ਜੇ ਨਿੰਦਾ ਦੇ ਔਗੁਣ ਨਾਲ ਕਲੰਕਿਤ ਹੋ ਜਾਵੇ ਤਾਂ ਉਸ ਦੀ ਪੂਜਾ

ਅਕਾਰਥ ਜਾਂਦੀ ਹੈ ।

ਜੇ ਓਹੁ ਦੁਆਦਸ ਸਿਲਾ ਪੂਜਾਵੈ ।
ਕਰੈ ਨਿੰਦ ਸਭ ਬਿਰਥਾ ਜਾਵੈ ।

(ਗੋਂਡ ਰਵਿਦਾਸ, ਪੰਨਾ ੮੭੫)

**ਦੁਆਪੁਰ**—ਦੇਖੋ ਚਾਰ ਜੁਗ ।

## ਦੁਆਰਕਾ ਪੁਰੀ

ਹਿੰਦੂਆਂ ਦੀਆਂ ਸੱਤ ਪੁਰੀਆਂ ਵਿਚੋਂ ਪ੍ਰਸਿੱਧ ਤੀਰਥ ਅਸਥਾਨ ਜੋ ਕਿ ਗੁਜਰਾਤ ਕਾਠੀਆਵਾੜ ਵਿੱਚ ਸਮੁੰਦਰ ਕਿਨਾਰੇ ਹੈ । ਦਸਿਆ ਜਾਂਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਜਰਾਸਿੰਧ ਦੇ ਹਮਲਿਆਂ ਤੋਂ ਤੰਗ ਆ ਕੇ ਮਥਰਾ ਨੂੰ ਛੱਡ ਦਿੱਤਾ ਤੇ ਸੰਬੰਧੀਆਂ ਸਮੇਤ ਇਥੇ ਆ ਟਿਕਾਣਾ ਬਣਾਇਆ ਤੇ ਉਮਰ ਦਾ ਬਹੁਤ ਹਿੱਸਾ ਇਥੇ ਹੀ ਬਿਤਾਇਆ । ਇਹ ਸ਼ਹਿਰ ਕਾਫ਼ੀ ਅਰਸਾ ਯਾਦਵਾਂ ਦੀ ਰਾਜਧਾਨੀ ਰਿਹਾ । ਇਹ ਵੀ ਰਵਾਇਤ ਹੈ ਕਿ ਕ੍ਰਿਸ਼ਨ ਜੀ ਦੇ ਸਰੀਰ ਤਿਆਗਣ ਪਿਛੋਂ ਇਹ ਨਗਰੀ ਸਮੁੰਦਰ ਨੇ ਸੱਤਵੇਂ ਦਿਨ ਆਪਣੇ ਵਿਚ ਲੀਨ ਕਰ ਲਈ ਸੀ । ਇਥੇ ਕਈ ਮੰਦਰ ਹਨ ਜਿਨ੍ਹਾਂ ਵਿਚ ਬੜੀਆਂ ਸੁੰਦਰ ਮੂਰਤੀਆਂ ਹਨ । ਇਥੋਂ ਦੇ ਵਡੇ ਮੰਦਰ ਵਿਚ 'ਰਣਛੋੜ' ਨਾਮ ਦੀ ਕ੍ਰਿਸ਼ਨ ਮੂਰਤੀ ਹੈ । ਕ੍ਰਿਸ਼ਨ ਉਪਾਸ਼ਕ ਇਸਦੀ ਯਾਤਰਾ ਕਰਦੇ ਹਨ ।

ਇਸ ਨੂੰ ਅਬਧਿ ਨਗਰੀ ਭੀ ਕਿਹਾ ਜਾਂਦਾ ਹੈ ।

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ।
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ।

(ਤਿਲੰਗ ਨਾਮਦੇਵ ਪੰਨਾ ੭੨੭)

## ਦੁਹਸਾਸਨ

ਦੁਹਸਾਸਨ ਕੋਰਵ ਵੰਸ਼ੀ ਰਾਜਾ ਧ੍ਰਿਤਰਾਸ਼ਟਰ ਦਾ ਪੁੱਤਰ ਦੁਰਯੋਜਨ ਦਾ ਛੋਟਾ ਭਰਾ ਤੇ ਵਜ਼ੀਰ ਸੀ । ਜਦੋਂ ਦੁਰਯੋਧਨ ਨੇ ਦ੍ਰੋਪਦੀ ਨੂੰ ਬੇਪਤ ਕਰਨ ਲਈ ਬੁਲਾਇਆ ਤਦੋਂ ਦੁਹਸਾਸਨ ਉਸਨੂੰ ਕੇਸੋਂ ਪਕੜ, ਘਸੀਟ ਕੇ ਲਿਆਇਆ ਸੀ । ਦੁਰਯੋਧਨ ਦੇ ਹੁਕਮ ਤੇ ਇਸ ਨੇ ਦ੍ਰੋਪਦੀ ਦੇ ਕਪੜੇ ਉਤਾਰਨੇ ਸ਼ੁਰੂ ਕੀਤੇ । ਦੁਹਸਾਸਨ ਜਿੰਨੇ ਬਸਤਰ ਉਤਾਰਦਾ ਜਾਂਦਾ ਉੱਨੇ ਹੀ ਹੋਰ ਹੇਠੋਂ ਨਿਕਲਦੇ ਆਉਂਦੇ ਸਨ । ਦੁਹਸਾਸਨ ਦੀ ਮੌਤ ਕੁਰਖੇਤਰ ਦੀ ਰਣਭੂਮੀ ਵਿਚ ਭੀਮਸੈਨ ਹੱਥੋਂ ਹੋਈ, ਜਿਸ ਨੇ ਦ੍ਰੋਪਦੀ ਦੇ ਅਪਮਾਨ ਸਮੇਂ ਪ੍ਰਤਿੱਗਿਆ ਕੀਤੀ ਸੀ ਕਿ ਇਸ ਦੇ ਬਦਲੇ ਉਹ ਦੁਹਸਾਸਨ ਦਾ ਲਹੂ ਪੀਵੇਗਾ ।

ਇਸ ਵਾਰਤਾ ਦਾ ਹਵਾਲਾ ਗੁਰੂ ਗ੍ਰੰਥ ਸਾਹਿਬ ਵਿਚ ਇਉਂ ਮਿਲਦਾ ਹੈ :—

ਦੁਹਸਾਸਨ ਕੀ ਸਭਾ ਦ੍ਰੋਪਤੀ
ਅੰਬਰ ਲੇਤ ਉਬਾਰੀਅਲੇ ।

(ਮਾਲੀ ਗਉੜਾ, ਨਾਮਦੇਵ, ੯੮੮)

ਦੁਪਦਾ—ਦੇਖੋ 'ਪਦਾ'

**ਦੁਰਗਾ**

ਦੈਂਤ ਦੇ ਪੁੱਤਰ 'ਦੁਰਗ' ਨੂੰ ਮਾਰਨ ਵਾਲੀ ਦੇਵੀ 'ਦੁਰਗਾ' ਕਹਾਉਂਦੀ ਹੈ । ਇਹ ਸ਼ੇਰ ਦੀ ਸਵਾਰੀ ਕਰਦੀ ਤੇ ਆਪਣੀਆਂ ਅੱਠ ਭੁਜਾਵਾਂ ਵਿਚ ਭਿੰਨ ਭਿੰਨ ਤਰ੍ਹਾਂ ਦੇ ਸ਼ਸਤ੍ਰ ਰਖਦੀ ਹੈ । ਇਕ ਵਾਰ ਜਦੋਂ ਦੈਂਤਾਂ ਪਾਸੋਂ ਇੰਦਰ ਹਾਰ ਗਿਆ ਤਾਂ ਇਸ ਨੇ ਦੁਰਗਾ ਦੀ ਸ਼ਰਣ ਲਈ ਅਤੇ ਦੁਰਗਾ ਮਾਈ ਨੇ ਦੈਂਤਾਂ ਦਾ ਨਾਸ ਕਰਕੇ ਇੰਦਰ ਨੂੰ ਮੁੜ ਰਾਜ ਦਿਵਾਇਆ । ਮਾਰਕੰਡੇ ਪੁਰਾਣ ਦੇ ੮੧ਵੇਂ ਅਧਿਆਇ ਤੋਂ ਲੈ ਕੇ ੯੪ ਅਧਿਆਇ ਤਕ ਦੁਰਗਾ ਦੀ ਉਸਤਤਿ ਗਾਈ ਗਈ ਹੈ ਤੇ ਇਸੇ ਸੱਤ ਸੌ ਸ਼ਲੋਕਾਂ ਦੇ ਪਾਠ ਨੂੰ 'ਦੁਰਗਾ ਸਪਤਸ਼ਤੀ' ਨਾਮ ਦਿਤਾ ਗਿਆ ਹੈ, ਜਿਸਨੂੰ ਦੇਵੀ ਭਗਤ ਰੋਜ਼ਾਨਾ ਪੜ੍ਹਦੇ ਹਨ । ਅੱਸੂ ਸੁਦੀ ਅਸ਼ਟਮੀ ਤੇ ਚੇਤ ਸੁਦੀ ਅਸ਼ਟਮੀ ਨੂੰ ਦੁਰਗਾ ਪੂਜਾ ਹੁੰਦੀ ਹੈ ਤੇ ਕੱਤਕ ਸੁਦੀ ਨੌਮੀ ਨੂੰ ਵੀ ਦੁਰਗਾ ਦਾ ਸਾਰਾ ਦਿਨ ਅਰਾਧਨ ਕੀਤਾ ਜਾਂਦਾ ਹੈ ।

ਆਦਿ ਗ੍ਰੰਥ ਵਿਚ ਪਰਮੇਸ਼ਰ ਨੂੰ ਹੀ ਸਰਬ ਸ਼ਕਤੀਮਾਨ ਤੇ ਪੂਜਨੀਕ ਮੰਨਿਆ ਗਿਆ ਹੈ, ਦੇਵੀ ਦੇਵਤਿਆਂ ਨੂੰ ਨਹੀਂ । ਕਬੀਰ ਸਾਹਿਬ ਲਿਖਦੇ ਹਨ ਕਿ ਇਕ ਦੁਰਗਾ ਨਹੀਂ ਬਲਕਿ ਦੁਰਗਾ ਵਰਗੀਆਂ ਕ੍ਰੋੜਾਂ ਦੇਵੀਆਂ ਉਸ ਦੀ ਮੁੱਠੀ ਚਾਪੀ ਕਰ ਰਹੀਆਂ ਹਨ ।

ਦੁਰਗਾ ਕੋਟਿ ਜਾਕੈ ਮਰਦਨੁ ਕਰੈ ।

(ਭੈਰਉ ਕਬੀਰ ਪੰਨਾ ੧੧੬੨)

**ਦੁਰਬਾਸਾ**

ਦੁਰਬਾਸਾ ਦਾ ਜਨਮ ਅੱਤ੍ਰਿ ਰਿਸ਼ੀ ਦੇ ਘਰ ਅਨਸੂਯਾ ਦੀ ਕੁੱਖੋਂ ਹੋਇਆ । ਇਸ ਦਾ ਸੁਭਾ ਸਖ਼ਤ ਸੀ ਤੇ ਕਦੀ ਕਦੀ ਮਾਮੂਲੀ ਗੱਲ ਤੇ ਹਰ ਇਕ ਨੂੰ ਸਰਾਪ ਦੇ ਦਿੰਦਾ ਸੀ ।

ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਜਦੋਂ ਰਿਸ਼ੀ ਨੇ ਇੰਦ੍ਰ ਨੂੰ ਸਿਰੋਪਾਉ ਵਜੋਂ ਦਿੱਤੇ ਹਾਰ ਦਾ ਅਪਮਾਨ ਕਰਦਿਆਂ ਦੇਖਿਆ ਤਾਂ ਸਰਾਪ ਦੇ ਦਿੱਤਾ ਕਿ ਉਸਦਾ ਤਿੰਨ ਲੋਕਾਂ ਦਾ ਰਾਜ ਨਸ਼ਟ ਹੋ ਜਾਵੇ । ਇਸ ਸਰਾਪ ਕਾਰਣ ਦੇਵਤਿਆਂ ਦੀ ਸ਼ਕਤੀ ਮੱਧਮ ਪੈ ਗਈ ।

ਮਹਾਂ ਭਾਰਤ ਵਿਚ ਆਉਂਦਾ ਹੈ ਕਿ ਇਕ ਵਾਰੀ ਸ੍ਰੀ ਕ੍ਰਿਸ਼ਨ ਨੇ ਦੁਰਬਾਸਾ

ਰਿਸ਼ੀ ਦੀ ਆਉ ਭਗਤ ਕੀਤੀ, ਪਰ ਰਿਸ਼ੀ ਦੇ ਚਰਨ ਤੋਂ ਅੰਨ ਦਾ ਜੂਠਾ ਕਿਣਕਾ ਪੂੰਝਣੋਂ ਚੁਕ ਗਏ। ਇਸ ਤੇ ਉਨ੍ਹਾਂ ਸਰਾਪ ਦੇ ਦਿਤਾ ਕਿ ਤੇਰਾ ਅੰਤ ਪੈਰ ਵਿਚ ਤੀਰ ਲਗਣ ਨਾਲ ਹੋਵੇਗਾ।

ਇਸੇ ਤਰ੍ਹਾਂ ਇਕ ਵਾਰ ਰਿਸ਼ੀਆਂ ਦੀ ਮੰਡਲੀ ਨਾਲ ਦੁਰਬਾਸਾ ਜੀ ਦੁਆਰਕਾ ਆਏ ਤੇ ਪ੍ਰਕਾਸ਼ ਖੇਤਰ ਤੇ ਕੁਝ ਦੇਰ ਟਿਕੇ। ਇਥੇ ਯਾਦਵ ਕੁਲ ਦੇ ਲੜਕੇ ਖੇਡ ਰਹੇ ਸਨ। ਉਨ੍ਹਾਂ ਕ੍ਰਿਸ਼ਨ ਜੀ ਦੇ ਲੜਕੇ ਸਾਂਭ ਦੇ ਪੇਟ ਤੇ ਮੂਸਲ ਬੰਨ੍ਹ ਕੇ ਤੇ ਉਤੇ ਕਪੜੇ ਲਪੇਟ ਕੇ ਇਸਤ੍ਰੀ ਵਾਲਾ ਭੇਸ ਬਣਾ ਰਿਖੀ ਤੋਂ ਮਸ਼ਕਰੀ ਨਾਲ ਪੁਛਿਆ ਕਿ ਇਸ ਦੇ ਪੇਟ ਤੋਂ ਕੀ ਜੰਮੇਗਾ ? ਇਸ ਤੇ ਰਿਖੀ ਅਤਿ ਕ੍ਰੋਧਵਾਨ ਹੋਇਆ ਤੇ ਸਰਾਪ ਦਿੱਤਾ ਕਿ ਇਸ ਦੇ ਪੇਟ ਤੋਂ ਉਹ ਜੰਮੇਗਾ ਜੋ ਯਾਦਵਾਂ ਦੀ ਕੁਲ ਦਾ ਨਾਸ ਕਰੇਗਾ। ਕ੍ਰਿਸ਼ਨ ਜੀ ਨੂੰ ਇਹ ਗੱਲ ਪਤਾ ਲਗਣ ਤੇ ਉਨ੍ਹਾਂ ਉਸ ਮੂਸਲ ਦੇ ਟੁਕੜੇ ਕਰਵਾ ਦਿੱਤੇ ਅਤੇ ਉਸ ਤੋਂ ਸਰਕੜਾ ਪੈਦਾ ਹੋਇਆ। ਮੂਸਲ ਦਾ ਇਕ ਟੁਕੜਾ ਜੋ ਮੱਛੀ ਨੇ ਖਾਧਾ ਸੀ ਬਧਕ ਨੇ ਤੀਰ ਨਾਲ ਲਾ ਲਿਆ। ਕੁਝ ਚਿਰ ਪਿਛੋਂ ਯਾਦਵਾਂ ਦਾ ਸਾਰਾ ਪਰਵਾਰ ਪ੍ਰਭਾਸ ਖੇਤਰ ਤੇ ਇਸ਼ਨਾਨ ਕਰਨ ਗਿਆ। ਯਾਦਵ ਸ਼ਰਾਬ ਪੀ ਕੇ ਆਪਸ ਵਿਚ ਲੜ ਪਏ ਤੇ ਉਸੇ ਸਰਕੜੇ ਨਾਲ ਹੀ ਇਕ ਦੂਜੇ ਨੂੰ ਮਾਰ ਮੁਕਾਇਆ।

ਇਸ ਘਟਨਾ ਵਲ ਸੰਕੇਤ ਕਰਦਿਆਂ ਨਾਮਦੇਵ ਜੀ ਨੇ ਲਿਖਿਆ ਹੈ :—

ਦੁਰਬਾਸਾ ਸਿਉ ਕਰਤ ਠਗਉਰੀ
ਜਾਦਵ ਏ ਫਲ ਪਾਏ।

(ਧਨਾਸਰੀ ਨਾਮਦੇਵ, ਪੰਨਾ ੬੯੩)

## ਦੁਰਜੋਧਨ

ਚੰਦ੍ਰਬੰਸੀ ਰਾਜਾ ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਜੋ ਕਿ ਕੌਰਵਾਂ ਦਾ ਮੁਖੀ ਸੀ। ਇਸ ਨੇ ਆਪਣੇ ਪਾਂਡਵ ਭਰਾਵਾਂ ਨਾਲ ਅਨਿਆਂ ਕੀਤਾ, ਰਾਜ ਦਾ ਯੋਗ ਹਿਸਾ ਨਾ ਦਿਤਾ। ਰਾਜਾ ਪੰਡੂ ਦੇ ਤਪ ਕਰਨ ਜਾਣ ਤੇ ਰਾਜ ਦੀ ਵਾਗ-ਡੋਰ ਧ੍ਰਿਤਰਾਸ਼ਟਰ ਕੋਲ ਸੀ ਤੇ ਧ੍ਰਿਤਰਾਸ਼ਟਰ ਦੇ ਅੰਨ੍ਹੇ ਹੋਣ ਕਾਰਨ ਸਾਰਾ ਕੰਮ ਕਾਰ ਦੁਰਯੋਧਨ ਦੇ ਹੱਥ ਸੀ। ਪੰਡੂ ਰਾਜਾ ਦੀ ਮੌਤ ਬਾਦ ਕੁੰਤੀ ਆਪਣੇ ਪੰਜਾਂ ਪੁਤਰਾਂ ਸਮੇਤ ਧ੍ਰਿਤਰਾਸ਼ਟਰ ਕੋਲ ਆ ਗਈ। ਉਸ ਨੇ ਇਨ੍ਹਾਂ ਦਾ ਪੂਰਾ ਪੂਰਾ ਸੁਆਗਤ ਕੀਤਾ। ਪਰ ਦੁਰਯੋਧਨ ਦੀ ਕੋਸ਼ਿਸ਼ ਸੀ ਕਿ ਕਿਸੇ ਤਰ੍ਹਾਂ ਇਨ੍ਹਾਂ ਨੂੰ ਦੂਰ ਕਰਕੇ ਇਕੱਲਿਆਂ ਰਾਜ ਦਾ ਮਾਲਕ ਬਣਿਆ ਜਾਵੇ। ਇਕ ਵਾਰ ਪਾਂਡਵਾਂ ਨੇ ਦ੍ਰੋਪਦੀ ਦੇ ਪਿਤਾ ਦ੍ਰੋਪਦ ਦੀ ਸਹਾਇਤਾ ਨਾਲ ਯੁਧਿਸ਼ਟਰ ਨੇ ਅੱਧਾ ਰਾਜ ਲੈ ਲਿਆ ਤੇ ਸੁਖ ਨਾਲ ਰਹਿਣ ਲਗੇ। ਇਸੇ ਸਮੇਂ ਪਾਂਡਵਾਂ ਨੇ ਆਪਣੀ ਰਾਜਧਾਨੀ ਇੰਦ੍ਰਪ੍ਰਸਥ (ਦਿੱਲੀ) ਵਿੱਚ ਰਾਜਸੂਯ ਜੱਗ ਕੀਤਾ। ਪਾਂਡਵਾਂ ਦੀ ਪ੍ਰਭੁਤਾ ਵੇਖ ਕੇ ਦੁਰਯੋਧਨ ਜਲ ਉਠਿਆ ਤੇ ਉਨ੍ਹਾਂ ਨੂੰ ਨਾਸ਼ ਕਰਨ ਦਾ ਇਰਾਦਾ ਧਾਰ ਲਿਆ। ਇਸਨੇ ਆਪਣੇ ਮਾਮੇ ਸ਼ਕੁਨਿ

ਦੀ ਸਹਾਇਤਾ ਸਦਕਾ ਯੁਧਿਸ਼ਟਰ ਨੂੰ ਜੂਆ ਖੇਡਣ ਲਈ ਤਿਆਰ ਕਰਕੇ ਧੋਖੇ ਨਾਲ ਉਸ ਤੋਂ ਰਾਜ ਭਾਗ ਤੇ ਦ੍ਰੋਪਦੀ ਜਿੱਤ ਲਈ। ਫਿਰ ਦ੍ਰੋਪਦੀ ਦੀ ਰਾਜ ਸਭਾ ਵਿਚ ਬੇਇਜ਼ਤੀ ਕੀਤੀ। ਪਾਂਡਵਾਂ ਦੇ ਬਾਰਾਂ ਸਾਲ ਬਨਵਾਸ ਤੇ ਇਕ ਸਾਲ ਲੁਕ ਛਿੱਪ ਕੇ ਕੱਟਣ ਤੋਂ ਬਾਦ ਆਉਣ ਤੇ ਰਾਜ ਦਾ ਹਿੱਸਾ ਮੰਗਣ ਤੇ ਨਾਂਹ ਕਰ ਦਿੱਤੀ। ਸ੍ਰੀ ਕ੍ਰਿਸ਼ਨ ਜੀ ਨੇ ਰਾਜ਼ੀਨਾਮਾ ਕਰਵਾਉਣ ਦਾ ਯਤਨ ਕੀਤਾ, ਪਰ ਦੁਯੋਧਨ ਨਾ ਮੰਨਿਆ। ਅਤ ਮਹਾਂ ਭਾਰਤ ਦਾ ਯੁੱਧ ਹੋਇਆ। ਭਾਵੇਂ ਦੁਰਯੋਧਨ ਦੀ ਸੈਨਾ ਬੇਅੰਦਾਜ਼ ਸੀ, ਪਰ ਯੁੱਧ ਵਿੱਚ ਪਾਂਡਵਾਂ ਹੱਥੋਂ ਇਹ ਬੁਰੀ ਮੌਤ ਮਰਿਆ।

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ।
ਬਾਰਹ ਜੋਜਨ ਛਤ੍ਰ ਚਲੈ ਥਾ, ਦੇਹੀ ਗਿਰਝਨ ਖਾਈ।

(ਧਨਾਸਰੀ ਨਾਮਦੇਵ, ਪੰਨਾ ੬੯੨)

## ਦੇਵਕੀ

ਦੇਵਕੀ ਯਦੂਵੰਸ਼ੀ ਰਾਜਾ ਦੇਵਕ ਦੀ ਪੁੱਤਰੀ ਵਾਸੁਦੇਵ ਦੀ ਪਤਨੀ ਤੇ ਸ੍ਰੀ ਕ੍ਰਿਸ਼ਨ ਜੀ ਦੀ ਜਨਮ-ਦਾਤੀ ਮਾਤਾ ਸੀ। ਵਿਆਹ ਬਾਦ ਜਦੋਂ ਵਾਸੁਦੇਵ ਦੇਵਕੀ ਨੂੰ ਲੈ ਜਾ ਰਿਹਾ ਸੀ ਉਸ ਵੇਲੇ ਕੰਸ ਰਥ ਚਲਾ ਰਿਹਾ ਸੀ। ਕੰਸ ਨੂੰ ਆਕਾਸ਼-ਬਾਣੀ ਹੋਈ ਕਿ ਤੂੰ ਜਿਸ ਭੈਣ, ਭਣਵਈਏ ਨੂੰ ਤੂੰ ਲੈ ਜਾ ਰਿਹਾ ਹੈਂ, ਇਨ੍ਹਾਂ ਦੀ ਔਲਾਦ ਹੱਥੋਂ ਤੇਰੀ ਮੌਤ ਹੋਵੇਗੀ। ਉਸ ਵੇਲੇ ਕੰਸ ਨੇ ਦੇਵਕੀ ਨੂੰ ਮਾਰਨ ਲਈ ਤਲਵਾਰ ਖਿੱਚ ਲਈ, ਪਰ ਵਾਸੁਦੇਵ ਦੇ ਮਿੰਨਤਾਂ ਨਾਲ ਇਹ ਬਚਨ ਦੇਣ ਤੇ ਕਿ ਦੇਵਕੀ ਦੇ ਘਰ ਹੋਇਆ ਬੱਚਾ ਤੁਹਾਡੇ ਹਵਾਲੇ ਕਰ ਦਿਤਾ ਜਾਵੇਗਾ, ਕੰਸ ਨੇ ਭੈਣ ਨੂੰ ਛੱਡ ਦਿਤਾ। ਦੇਵਕੀ ਘਰ ਹੋਏ ਛੇ ਬੱਚੇ ਕੰਸ ਨੇ ਮਰਵਾ ਦਿੱਤੇ। ਸੱਤਵਾਂ ਬੱਚਾ ਬਲਰਾਮ ਸੀ ਜਿਸ ਨੂੰ ਗੋਕੁਲ ਪਹੁੰਚਾ ਦਿੱਤਾ। ਉਹ ਨੰਦ ਦੇ ਘਰ ਰੋਹਣੀ ਦੀ ਗੋਦ ਵਿਚ ਪਲਿਆ। ਕ੍ਰਿਸ਼ਨ ਜੀ ਦੇਵਕੀ ਦੇ ਅੱਠਵੇਂ ਗਰਭ ਸਨ। ਇਹ ਨੰਦ ਦੇ ਘਰ ਜਸ਼ੋਧਾਂ ਦੀ ਗੋਦ ਵਿਚ ਪਲੇ। ਵੱਡੇ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਦਿਤਾ ਤੇ ਆਪਣੀ ਮਾਂ ਦੇਵਕੀ ਅਤੇ ਪਿਤਾ ਵਾਸੁਦੇਵ ਨੂੰ ਕੈਦ ਵਿਚੋਂ ਰਿਹਾ ਕਰਾਇਆ।

ਨਾਮਦੇਵ ਜੀ ਨੇ ਲਿਖਿਆ ਹੈ :—

ਧਨਿ ਧਨਿ ਤੂ ਮਾਤਾ ਦੇਵਕੀ।
ਜਿਹ ਗ੍ਰਿਹਿ ਰਮਈਆ ਕਵਲਾਪਤੀ।

(ਮਾਲੀ ਗਉੜਾ, ਨਾਮਦੇਵ ੯੮੮)

## ਦੇਵਤੇ

ਹਿੰਦੂ ਮਨੌਤ ਅਨੁਸਾਰ ਇਸ ਧਰਤੀ ਤੋਂ ਉਪਰ ਅਮਰਾਪੁਰੀ ਵਿਚ ਨਿਵਾਸ ਕਰਨ ਵਾਲੇ ਦੈਵੀ ਲੋਕ ਦੇਵਤਾ ਕਹਾਉਂਦੇ ਹਨ, ਇਨ੍ਹਾਂ ਦਾ ਰਾਜਾ ਇੰਦ੍ਰ ਹੈ। ਰਿਗ ਵੇਦ ਵਿਚ ਅਗਨਿ, ਇੰਦ੍ਰ ਤੇ ਸੂਰਜ ਤਿੰਨ ਪ੍ਰਮੁਖ ਦੇਵਤੇ ਮੰਨੇ ਗਏ ਹਨ,

ਪੁਰਾਣਿਕ ਜ਼ਮਾਨੇ ਵਿਚ ਇਹ ਗਿਣਤੀ ਵਧਦੀ ਗਈ। 'ਵਿਸ਼ਣੁ ਪੁਰਾਣ' ਵਿਚ ਕਸ਼ਯਪ ਦੀ ਸੁਪਤਨੀ ਅਦਿਤੀ ਤੋਂ ਵਿਸ਼ਣੂ ਤੇ ਇੰਦ੍ਰ ਆਦਿ ਪੈਦਾ ਹੋਏ ਦੱਸੇ ਹਨ ਤੇ ਅਦਿਤੀ ਨੂੰ 'ਦੇਵ ਮਾਤਾ' ਕਹਿ ਕੇ ਪੁਕਾਰਿਆ ਗਿਆ ਹੈ।

ਪਿਛੋਂ ਜਾ ਕੇ ਪਰਮੇਸਰ ਦੀ ਉਤਪਾਦਕ, ਪਾਲਕ ਤੇ ਸੰਘਾਰਕ ਸ਼ਕਤੀ ਦੇ ਤਿੰਨ ਦੇਵਤਾ-ਬ੍ਰਹਮਾ, ਵਿਸ਼ਣੂ, ਸ਼ਿਵ ਵਜੂਦ ਵਿਚ ਆਏ, ਜਿਨ੍ਹਾਂ ਦੀ ਮਾਨਤਾ ਵਧੇਰੇ ਹੋਣ ਲਗੀ। ਨਿਰੁਕਤਕਾਰ ਯਾਸਕ ਨੇ ਗਿਆਰਾਂ ਅਕਾਸ਼ ਵਿਚ, ਗਿਆਰਾਂ ਵਾਯੂ ਵਿਚ ਤੇ ਗਿਆਰਾਂ ਦੇਵਤੇ ਧਰਤੀ ਤੇ ਰਹਿੰਦੇ ਦੱਸੇ ਹਨ। ਕਈ ਸੰਸਕ੍ਰਿਤ ਗ੍ਰੰਥਾਂ ਵਿਚ ਅੱਠ ਵਸੂ, ਗਿਆਰਾਂ ਰੁਦ੍ਰ, ਬਾਰਾਂ ਆਦਿਤਯ, ਇੰਦ੍ਰ ਤੇ ਪ੍ਰਜਾਪਤਿ-ਇਹ ਤੇਤੀਸ ਕੋਟਿ ਦੇਵਤੇ ਗਿਣੇ ਹਨ। ਇਥੇ ਤੇਤੀਸ ਕੋਟਿ ਦਾ ਭਾਵ ਤੇਤੀ ਕਿਸਮ ਦੇ ਦੇਵਤਾ ਸਨ, ਪਿਛੋਂ ਜਾ ਕੇ ਕੋਟਿ ਦੀ ਥਾਂ ਕ੍ਰੋੜ ਸ਼ਬਦ ਪ੍ਰਚਲਤ ਹੋ ਗਿਆ ਅਤੇ 'ਤੇਤੀ ਕ੍ਰੋੜ ਦੇਵਤੇ' ਕਹੇ ਜਾਣ ਲਗੇ। ਹਿੰਦੂ ਵਿਸ਼ਵਾਸ ਹੈ ਕਿ ਇਹ ਦੇਵਤੇ ਵਖੋ ਵਖ ਮੌਕਿਆਂ ਉਤੇ ਕਾਰਜ-ਸਿੱਧੀ ਲਈ ਕੰਮ ਆਉਂਦੇ ਹਨ ਤੇ ਇਨ੍ਹਾਂ ਦੀ ਅਰਾਧਨਾ ਫਲ-ਦਾਤੀ ਹੈ। ਗੁਰੂ ਸਾਹਿਬ ਪਰਮੇਸ਼ਵਰ ਨੂੰ ਹੀ ਪੂਜਨੀਕ ਮੰਨਦੇ ਹਨ, ਉਨ੍ਹਾਂ ਦੇ ਖਿਆਲਾਂ ਵਿਚ ਸਭ ਦੇਵਤੇ ਉਸੇ ਦੇ ਸੇਵਕ ਹਨ :—

ਗਾਵਹਿ ਇੰਦ੍ਰ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ।

(ਜਪੁ ੧, ਪੰਨਾ ੬)

ਤੇਤੀਸ ਕਰੋੜੀ ਦਾਸ ਤੁਮਾਰੇ।

(ਆਸਾ ੩, ਪੰਨਾ ੪੨੩)

**ਦੇਵੀ**

ਹਿੰਦੂ ਮਨੌਤ ਅਨੁਸਾਰ ਅਮਰਾਪੁਰੀ ਵਿਚ ਵਸਣ ਵਾਲੇ ਦੇਵਤਿਆਂ ਦੀਆਂ ਸੁਪਤਨੀਆਂ ਦੇਵੀਆਂ ਕਹੀਆਂ ਜਾਂਦੀਆਂ ਹਨ, ਜਿਵੇਂ ਇੰਦ੍ਰ ਦੀ ਘਰ ਵਾਲੀ ਸੁਚੀ, ਵਿਸ਼ਣੂ ਦੀ ਲੱਛਮੀ; ਬ੍ਰਹਮਾ ਦੀ ਸਵਿਤ੍ਰੀ ਤੇ ਸ਼ਿਵ ਦੀ ਪਾਰਬਤੀ। ਅੱਗੇ ਪਾਰਬਤੀ ਦਾ ਅਵਤਾਰ ਲੈਣ ਵਾਲੀਆਂ ਕਈ ਦੇਵੀਆਂ ਹਨ ਜਿਵੇਂ ਭਵਾਨੀ, ਦੁਰਗਾ, ਕਾਮਾਖਿਆ, ਚੰਡੀ, ਕਾਲੀ, ਭੈਰਵੀ ਤਾਰਾ ਦੇਵੀ, ਜੁਆਲਾਮੁਖੀ ਆਦਿ। ਹਰ ਦੇਵੀ ਕਿਸੇ ਨੇ ਕਿਸੇ ਦੈਵੀ ਸ਼ਕਤੀ ਦੀ ਸੂਚਕ ਹੈ—ਜਿਸ ਦੀ ਅਰਾਧਨਾ ਕਲਿਆਣ-ਕਾਰੀ ਮੰਨੀ ਗਈ ਹੈ। ਦਰ-ਅਸਲ ਸ਼ਿਵਾਂ ਦੀ ਪੂਜਾ ਪ੍ਰਧਾਨ ਰਹੀ ਹੈ, ਇਸੇ ਕਰਕੇ ਉਨ੍ਹਾਂ ਦੀ ਘਰ ਵਾਲੀ ਪਾਰਬਤੀ ਦੀ ਮਾਨਤਾ ਜ਼ਿਆਦਾ ਹੁੰਦੀ ਰਹੀ ਹੈ। ਭੈ ਅਧੀਨ, ਕਈ ਕਮਜ਼ੋਰ-ਦਿਲ ਸ਼ਰਧਾਲੂ ਚੇਚਕ ਆਦਿ ਬੀਮਾਰੀਆਂ ਨੂੰ ਵੀ 'ਸੀਤਲਾ ਦੇਵੀ' ਦੀ ਕ੍ਰੋਪੀ ਕਹਿ ਕੇ ਪੂਜਦੇ ਰਹੇ ਹਨ, ਪਰ ਇਹ ਸਭ ਅਗਿਆਨ ਦਾ ਨਤੀਜਾ ਹੈ। ਸਤਿਗੁਰੂ ਅਜੇਹੀ ਮਾਨਤਾ ਨੂੰ ਪਰਵਾਣ ਨਹੀਂ ਕਰਦੇ :—

ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ।
ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ।

(ਸੋਰਠਿ ੧, ਪੰਨਾ ੬੩੭)

## ਦੈਂਤ

ਰਿਸ਼ੀ ਕੱਸ਼ਜਪ ਦੀ ਘਰ ਵਾਲੀ ਦਿਤੀ ਤੋਂ ਪੈਦਾ ਹੋਣ ਵਾਲੀ ਸੰਤਾਨ 'ਦੈ ਤ' ਕਹਾਉਂਦੀ ਹੈ । ਦੈਂਤਾਂ ਬਾਰੇ ਹਿੰਦੂ ਪੁਰਾਣਾਂ ਵਿਚ ਆਮ ਕਹਾਣੀਆਂ ਪਾਈਆਂ ਜਾਂਦੀਆਂ ਹਨ ਕਿ ਇਹ ਦੇਵਤਿਆਂ ਨੂੰ ਔਖਿਆਂ ਕਰਦੇ, ਉਨ੍ਹਾਂ ਦੇ ਯੱਗ, ਹੋਮ ਵਿਚ ਵਿਘਨ ਪਾਉਂਦੇ ਤੇ ਰਾਜੇ ਇੰਦਰ ਨੂੰ ਵੀ ਸਮੇਂ ਸਮੇਂ ਵੰਗਾਰਦੇ ਰਹਿੰਦੇ ਹਨ । ਕਈ ਵਾਰ ਇਨ੍ਹਾਂ ਦੀ ਜਿੱਤ ਵੀ ਹੋ ਜਾਂਦੀ ਹੈ ਤੇ ਫਿਰ ਕੋਈ ਮਹਾਨ ਦੇਵਤਾ ਆਪਣੀ ਸ਼ਕਤੀ ਵਰਤ ਕੇ ਇਨ੍ਹਾਂ ਦਾ ਨਾਸ ਕਰਦਾ ਤੇ ਦੇਵਤਿਆਂ ਨੂੰ ਰਾਜ ਦਿਵਾਉਂਦਾ ਹੈ । ਦੈਂਤਾਂ ਦਾ ਗੁਰੂ ਸੁਕਰਾਚਾਰਯ ਹੈ ਤੇ ਮਹਿਖਾਸੁਰ ਇਨ੍ਹਾਂ ਦਾ ਮੋਹਰੀ ਹੈ । ਚੰਡ, ਮੁੰਡ, ਰਕਤਬੀਜ, ਧੂਮਰਨੈਨ ਆਦਿ ਕਈ ਖਰੂਦੀ ਦੈਂਤ ਹੋਏ, ਜਿਨ੍ਹਾਂ ਨੂੰ ਪਰਮੇਸਰ ਨੇ ਆਪ ਮਿਟਾ ਕੇ ਸੰਤਾਂ, ਭਗਤਾਂ ਦੀ ਰਾਖੀ ਕੀਤੀ ।

ਜਰਾਸੰਧਿ ਕਾਲਜਮੁਨ ਸੰਘਾਰੇ ।
ਰਕਤ ਬੀਜੁ ਕਾਲੁਨੇਮੁ ਬਿਦਾਰੇ ।
ਦੈਤ ਸੰਘਾਰਿ ਸੰਤ ਨਿਸਤਾਰੇ ।੭।

(ਗਉੜੀ ੧, ਪੰਨਾ ੨੨੪)

## ਧਨਾਸਰੀ

ਇਹ ਕਾਫੀ ਠਾਠ ਦਾ ਸੰਪੂਰਣ ਰਾਗ ਹੈ ਜੋ ਪੁਰਾਣੀ ਮਾਨਤਾ ਅਨੁਸਾਰ ਮਾਲਕੌਂਸ ਦੀ ਰਾਗਨੀ ਹੈ । ਆਰੋਹੀ ਸਮੇਂ ਭੀਮਪਲਾਸੀ ਦਾ ਰੰਗ ਤੇ ਅਵਰੋਹੀ ਸਮੇਂ ਪੂਰਬੀ ਤੇ ਮੁਲਤਾਨੀ ਦਾ ਰੰਗ ਝਲਕਦਾ ਹੈ । ਪਾ ਵਾਦੀ ਸੁਰ ਹੈ, ਅਵਰੋਹੀ ਵਿਚ ਧਾ ਮੱਧਮ ਲਗਦਾ ਹੈ ਤੇ ਪਾ ਅਤੇ ਗਾ ਦੀ ਸੰਗਤ ਹੁੰਦੀ ਹੈ । ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ ।

ਦਰਅਸਲ 'ਧਨਾਸਰੀ', ਪੱਛਮੀ ਪੰਜਾਬ ਦੇ ਇਕ ਭਾਗ ਦਾ ਨਾਮ ਸੀ ਤੇ ਇਥੋਂ ਦੀ ਸਥਾਨਕ ਧੁਨ ਦੇ ਅਧਾਰ ਤੇ ਹੀ ਇਸ ਰਾਗ ਦੀ ਸਥਾਪਨਾ ਹੋਈ, ਆਦਿ ਗ੍ਰੰਥ ਵਿਚ ਇਹ ਦਸਵੇਂ ਨੰਬਰ ਤੇ ਆਉਂਦਾ ਹੈ ।

ਧਨਾਸਰੀ ਧਨਵੰਤੀ ਜਾਣੀਐ
ਜਾ ਸਤਿਗੁਰ ਕੀ ਕਾਰ ਕਮਾਇ ।

(ਸਲੋਕ ਵਾਰਾ ਤੇ ਵਧੀਕ ੩, ਪੰਨਾ ੧੪੧੯)

## ਧਰਮ

ਵਿਆਕਰਣਕ ਦ੍ਰਿਸ਼ਟੀ ਤੋਂ 'ਧਰਮ' ਸ਼ਬਦ ਦਾ ਅਰਥ ਧਾਰਨ ਕਰਨ ਵਾਲਾ ਯਾ ਧਾਰਨਯੋਗ ਨਿਯਮ ਹੈ । ਮਨੁੱਖੀ ਆਤਮਾਂ ਨੂੰ ਵਿਕਾਸ ਵਲ ਲਿਜਾਣ ਵਾਲਾ ਹਰ ਕਲਿਆਣਕਾਰੀ ਕਰਮ, ਧਰਮ ਹੈ । ਇਸ ਵਿਚ ਔਗੁਣਾਂ ਦਾ ਤਿਆਗ ਤੇ ਗੁਣਾਂ

ਦਾ ਸੰਕਲਨ ਮੁਖ ਵਸਤੂ ਹੈ। ਮਨੂ ਸਿਮ੍ਰਤੀ (ਅਧਿਆ ੬. ਸਲੋਕ ੯੨) ਵਿਚ ਧੀਰਜ, ਖਿਮਾ, ਮਨ ਸੰਜਮ, ਇੰਦ੍ਰਯ ਸੰਜਮ, ਅਚੋਰੀ, ਅਕ੍ਰੋਧ, ਪਵਿਤ੍ਰਤਾ, ਬੁਧਿ, ਵਿਦਿਆ, ਗਿਆਨ ਤੇ ਸੱਚ-ਦਸ ਗੁਣਾਂ ਦੇ ਸਮੂੰਹ ਨੂੰ ਧਰਮ ਆਖਿਆ ਹੈ। ਵੱਖ-ਵੱਖ ਮਤਾਂ ਨੇ ਸਮੇਂ ਸਮੇਂ ਜੀਵਨ ਨੂੰ ਵਿਕਸਤ ਕਰਨ ਲਈ ਨੇਮਾਵਲੀਆਂ ਬਣਾਈਆਂ ਤੇ ਉਨ੍ਹਾਂ ਨੂੰ ਆਪਣੇ ਮਜ਼ਬ ਦੇ ਮੁਖ ਅਸੂਲ ਮੰਨਿਆ ਜਿਵੇਂ ਕਿ ਸੱਚ ਬੋਲਣਾ, ਝੂਠ ਨਾ ਬੋਲਣਾ, ਚੋਰੀ ਨਾ ਕਰਨਾ, ਵਿਭਚਾਰ ਨਾ ਕਰਨਾ, ਹਿੰਸਾ, ਦ੍ਵੈਸ਼ ਨਾ ਕਰਨਾ, ਸਭ ਨਾਲ ਪ੍ਰੇਮ ਪਿਆਰ ਕਰਨਾ, ਸਬਰ ਸੰਤੋਖ ਦਾ ਜੀਵਨ ਬਸਰ ਕਰਨਾ, ਗਰੀਬੀ, ਨਿੰਮ੍ਰਤਾ ਆਦਿ ਅਜੇਹੇ ਗੁਣ ਹਨ ਜਿਨ੍ਹਾਂ ਨੂੰ ਹਰ ਮਜ਼ਬ ਨੇ ਅਪਣਾਇਆ ਹੈ। ਸੋ ਧਰਮ, ਮਨੁੱਖ ਦਾ ਸਮਾਜ ਪ੍ਰਤੀ ਤੇ ਆਪਣੇ ਸਿਰਜਨਹਾਰ ਪ੍ਰਤੀ ਕਰਤੱਬ ਦਰਸਾਉਂਦਾ ਹੈ। ਇਸ ਕਰਤੱਬ ਦਾ ਪਾਲਣ ਕਰਦਿਆਂ ਨਿਸ਼ਕਾਮ ਰਹਿਣ ਤੇ ਜ਼ੋਰ ਇਸ ਲਈ ਦਿਤਾ ਗਿਆ ਹੈ ਕਿ ਮਨੁੱਖ ਨੇਕੀ, ਕਿਸੇ ਸਵਾਰਥ ਲਈ ਨਾ ਕਰੇ ਸਗੋਂ ਸਹਿਜਸੁਭਾ ਕਰੇ। ਇਹ ਸਹਿਜ ਸੁਭਾਵਕ ਨੇਕੀ ਹੀ ਸੱਚਾ ਧਰਮ ਹੈ।

ਗੁਰਬਾਣੀ ਵਿਚ ਭਾਵੇਂ ਧਰਮ ਸ਼ਬਦ ਪੁੰਨ ਕਰਮ ਯਾ ਪਵਿਤਰ ਕਰਤੱਵ ਮਾਤਰ ਲਈ ਵੀ ਆਇਆ ਹੈ ਪਰੰਤੂ ਇਸ ਵਿਚ ਨਾਮ ਸਿਮਰਨ ਤੇ ਸੇਵਾ ਨੂੰ ਪ੍ਰਮੁਖ ਥਾਂ ਦਿਤੀ ਗਈ ਹੈ। ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿਚ ਪਰਮ ਸੱਚ ਵਿਚ ਵਿਸ਼ਵਾਸ ਹੀ, ਇਕੋ ਇਕ ਧਰਮ ਹੈ —

ਏਕੋ ਧਰਮੁ ਦ੍ਰਿੜੈ ਸਚੁ ਕੋਈ। ਗੁਰਮਤਿ ਪੂਰਾ ਜੁਗਿ ਜੁਗਿ ਹੋਈ।
(ਬਸੰਤ ੧, ਪੰਨਾ ੧੧੮੮)

ਗੁਰੂ ਅਰਜਨ, ਪ੍ਰਭੂ ਸਿਮਰਨ ਨੂੰ ਹੀ ਸਰਬੋਤਮ ਧਰਮ ਕਰਾਰ ਦਿੰਦੇ ਹਨ—

ਸਰਬ ਧਰਮ ਮਹਿ ਸ੍ਰੇਸਟ ਧਰਮੁ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।
(ਗਉੜੀ ਸੁਖਮਨੀ ੫, ਪੰਨਾ ੨੬੬)

## ਧਰਮਸਾਲ

ਧਰਮ ਕਰਮ ਕਰਨ ਲਈ ਨਿਸ਼ਚਤ ਕੇਂਦਰੀ ਟਿਕਾਣਾ-'ਧਰਮਸਾਲਾ' ਕਿਹਾ ਜਾਂਦਾ ਹੈ। ਆਮ ਤੌਰ ਤੇ ਹਰ ਮਜ਼ਬ ਦੇ ਆਪਣੇ ਆਪਣੇ ਮੰਦਰ ਮਸਜਿਦ ਜਾਂ ਗਿਰਜੇ ਆਦਿ ਅਜੇਹੇ ਅਸਥਾਨ ਮੁਕਰੱਰ ਹਨ ਜਿਥੇ ਉਸ ਮਤ ਦੇ ਸ਼ਰਧਾਲੂ ਆਪਣੀ ਰੋਜ਼ਾਨਾ ਜਾਂ ਸਪਤਾਹਕ ਪੂਜਾ ਉਪਾਸ਼ਨਾ ਕਰਦੇ ਹਨ। ਭਗਤੀ ਲਹਿਰ ਸਮੇਂ ਸੰਤਾਂ ਭਗਤਾਂ ਸਾਂਝੇ ਧਰਮ-ਅਸਥਾਨ ਬਣਾਏ ਤੇ ਇਨ੍ਹਾਂ ਨੂੰ 'ਧਰਮਸਾਲਾ' ਨਾਮ ਦਿਤਾ। ਗੁਰੂ ਨਾਨਕ ਸਾਹਿਬ ਵੀ ਜਿਥੇ-ਜਿਥੇ ਗਏ, ਉਥੇ-ਉਥੇ ਉਨ੍ਹਾਂ ਧਰਮਸ਼ਾਲਾ ਸਥਾਪਨ ਦਾ ਜਤਨ ਕੀਤਾ ਜੇਹਾ ਕਿ ਜਨਮ ਸਾਖੀਆਂ ਵਿਚ ਥਾਂ-ਥਾਂ ਹਵਾਲੇ ਮਿਲਦੇ ਹਨ। ਬਾਵਜੂਦ ਅਜੇਹਾ ਕਰਨ ਦੇ ਉਨ੍ਹਾਂ ਮਨੁੱਖ ਜਾਤੀ ਨੂੰ ਇਹ ਵੀ ਨਿਸਚਾ ਕਰਾਇਆ ਕਿ ਹਰ ਧਰਮੀ ਮਨੁੱਖ ਲਈ, ਸਾਰੀ ਧਰਤੀ ਹੀ ਸੱਚੀ ਧਰਮਸਾਲਾ ਅਰਥਾਤ ਧਰਮ

ਕਮਾਉਣ ਦੀ ਪਵਿਤਰ ਜਗ੍ਹਾ ਹੈ, ਇਸ ਲਈ ਕਿਸੇ ਖ਼ਾਸ ਥਾਂ ਦਾ ਪਾਬੰਦ ਹੋਣਾ ਜ਼ਰੂਰੀ ਨਹੀਂ—

ਰਾਤੀ ਰੁਤੀ ਥਿਤੀ ਵਾਰ। ਪਵਣ ਪਾਣੀ ਅਗਨੀ ਪਾਤਾਲ
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ।

(ਜਪੁ ੧, ਪੰਨਾ ੭)

ਗੁਰੂ ਅਰਜਨ ਸਾਹਿਬ ਨੇ ਧਰਮ ਦੀ ਜਾਚ ਸਿਖਾਉਣ ਲਈ ਤੇ ਪਵਿੱਤਰ ਜੀਵਨੀਆਂ ਦੀ ਸੰਗਤ ਸਦਕਾ ਕੀਰਤਨ ਦੁਆਰਾ ਪ੍ਰਭੂ ਨਾਲ ਇਕ-ਮਿਕ ਹੋਣ ਲਈ ਧਰਮਸਾਲਾ ਦਾ ਵਿਸ਼ੇਸ਼ ਮਹੱਤਵ ਕਈ ਥਾਂ ਅੰਕਿਤ ਕੀਤਾ ਹੈ।

ਮੈਂ ਬਧੀ ਸਚੁ ਧਰਮਸਾਲ ਹੈ।
ਗੁਰ ਸਿਖਾਂ ਲਹਦਾ ਭਾਲ ਕੈ।

(ਸਿਰੀ ੫, ਪੰਨਾ ੭੩)

**ਧਰਮ ਖੰਡ** — ਦੇਖੋ ਖੰਡ'

**ਧਰਮਰਾਜ**

ਹਿੰਦੂ ਵਿਸ਼ਵਾਸ ਅਨੁਸਾਰ ਜੀਵਨ ਦਾ ਅੰਤ ਕਰਨ ਵਾਲਾ ਯਮਰਾਜ ਤੇ ਜੀਵਾਂ ਦੇ ਕਰਮਾਂ ਦਾ ਨਿਆਂਕਾਰ ਧਰਮਰਾਜ ਹੈ। ਕਈ ਥਾਂ ਇਨ੍ਹਾਂ ਨੂੰ ਇਕੋ ਤਸੱਵਰ ਕੀਤਾ ਗਿਆ ਹੈ। ਆਮ ਖ਼ਿਆਲ ਹੈ, ਕਿ ਮੌਤ ਬਾਅਦ ਸੰਸਾਰ ਦੇ ਜੀਵਾਂ ਨੂੰ ਧਰਮਰਾਇ ਦੀ ਕਚਹਿਰੀ ਵਿਚ ਹਾਜ਼ਰ ਹੋਣਾ ਪੈਂਦਾ ਹੈ ਜਿਥੇ ਉਨ੍ਹਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਹੁੰਦਾ ਹੈ ਬੁਰੇ ਕੰਮ ਕਰਨ ਵਾਲਿਆਂ ਨੂੰ ਨਰਕ ਤੇ ਚੰਗੇ ਕਰਮ ਵਾਲਿਆਂ ਨੂੰ ਸੁਰਗ ਵਿਚ ਭੇਜ ਦਿਤਾ ਜਾਂਦਾ ਹੈ। ਦੂਸਰੇ ਦੇਵਤਿਆਂ ਦੀ ਤਰ੍ਹਾਂ ਧਰਮਰਾਜ ਦੀ ਆਪਣੀ ਪੁਰੀ ਨੂੰ ਜਿਸ ਦਾ ਨਾਂ ਸੰਯਮਨੀ ਹੈ, ਜਿਸ ਰਜਿਸਟਰ ਵਿਚ ਇਹ ਸਾਰਾ ਲੇਖਾ ਰਖਦਾ ਹੈ, ਉਹ ਅੱਗ੍ਰਸੰਧਾਨੀ ਹੈ। ਚਿਤ੍ਰ ਗੁਪਤ ਇਸ ਦੇ ਦੋ ਵਿਸ਼ੇਸ਼ ਦੂਤ ਹਨ, ਜੋ ਮਨੁੱਖ ਦੇ ਚੰਗੇ ਮੰਦੇ ਦਾ ਲੇਖਾ ਰਖਦੇ ਹਨ ਤੇ ਮੌਤ ਬਾਅਦ ਪੇਸ਼ ਕਰਦੇ ਹਨ। ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ਰ ਦੇ ਨਿਆਂਕਾਰੀ ਕਰਤੱਵ ਦਾ ਹੀ ਮਾਨਵੀਕਰਨ ਕੀਤਾ ਗਿਆ ਹੈ ਤਾਂਕਿ ਮਨੁੱਖ ਬੁਰਿਆਈਆਂ ਤੋਂ ਸੰਕੋਚ ਕਰਕੇ ਨੇਕੀ ਵਲ ਕਦਮ ਵਧਾਵੇ।

ਨਾਨਕ ਜੀਅ ਉਪਾਇਕੈ, ਲਿਖਿ ਨਾਵੈ ਧਰਮੁ ਬਹਾਲਿਆ

(ਵਾਰ ਆਸਾ ੧, ਪੰਨਾ ੪੬੩)

ਧਰਮ ਰਾਇ ਨੋ ਹੁਕਮੁ ਹੈ, ਬਹਿ ਸਚਾ ਧਰਮੁ ਬੀਚਾਰਿ
ਦੂਜੈ ਭਾਇ ਦੁਸਟ ਆਤਮਾ, ਓਹੁ ਤੇਰੀ ਸਰਕਾਰ
ਅਧਿਆਤਮੀ ਹਰਿ ਗੁਣ ਤਾਸੁ ਮਨਿ, ਜਪਹਿ ਏਕੁ ਮੁਰਾਰਿ
ਤਿਨ ਕੀ ਸੇਵਾ ਧਰਮਰਾਇ ਕਰੈ, ਧੰਨੁ ਸਵਾਰਣਹਾਰੁ ॥

(ਸਿਰੀ ੩, ਪੰਨਾ ੩੮-੩੯)

ਬਾਣੀ ਵਿਚ ਇਹ ਵੀ ਕਈ ਥਾਂ ਖਿਆਲ ਦਿਤਾ ਹੈ ਕਿ ਭਲੇ ਪੁਰਸ਼ਾਂ ਦਾ ਧਰਮਰਾਜ ਸੁਆਗਤ ਕਰਦਾ ਤੇ ਉਨ੍ਹਾਂ ਦੀ ਆਮਦ ਨੂੰ ਸ਼ੁਭ ਸ਼ਗਨ ਸਮਝਦਾ ਹੈ—

ਨਾਮ ਧਿਆਇਨਿ ਸਾਜਨਾ, ਨਾਮ ਪਦਾਰਥ ਜੀਤਿ
ਨਾਨਕ ਧਰਮ ਐਸੇ ਚਵਹਿ, 'ਕੀਤੋ ਭਵਨ ਪੁਨੀਤ'।

(ਸਲੋਕ ਵਾਰਾਂ ਤੇ ਵਧੀਕ ੫, ਪੰਨਾ ੧੪੨੫)

**ਧ੍ਰਿਸ਼ਟ ਬੁਧੀ**—ਦੇਖੋ ਚੰਦ੍ਰਹਾਂਸ

**ਧਰੂਅ**

ਆਦਰਸ਼ਕ ਭਗਤਾਂ ਵਿਚ ਧਰੂਅ ਦਾ ਨਾਂ ਵਿਸ਼ੇਸ਼ ਪ੍ਰਸਿੱਧੀ ਦਾ ਮਾਲਕ ਹੈ। ਵਿਸ਼ਣੂ ਪੁਰਾਣ ਅਨੁਸਾਰ ਰਾਜਾ ਉਤਾਨਪਾਦ ਦੀਆਂ ਸੁਨੀਤਿ ਤੇ ਸੁਰੁਚਿ ਦੋ ਰਾਣੀਆਂ ਸਨ, ਸੁਨੀਤਿ ਤੋਂ ਧਰੂਅ ਅਤੇ ਸੁਰੁਚਿ ਤੋਂ ਉਤਮ ਨਾਂ ਦਾ ਪੁੱਤਰ ਪੈਦਾ ਹੋਇਆ। ਸੁਰੁਚਿ ਕੁਝ ਰਾਜੇ ਨੂੰ ਵਧੇਰੇ ਪਿਆਰੀ ਸੀ ਤੇ ਉਹ ਚਾਹੁੰਦੀ ਸੀ ਕਿ ਉਸ ਦਾ ਪੁੱਤਰ ਉਤਮ ਹੀ ਰਾਜ-ਭਾਗ ਦਾ ਵਾਰਸ ਬਣੇ। ਇਕ ਦਿਨ ਕਿਤੇ ਧਰੂਅ ਆਪਣੇ ਪਿਤਾ ਦੀ ਗੋਦ ਵਿਚ ਬੈਠਾ ਸੀ ਜਿਸ ਨੂੰ ਦੇਖ ਕੇ ਮਤ੍ਰੇਈ ਮਾਂ ਖਿਝ ਗਈ ਤੇ ਉਸ ਨੂੰ ਧਿੰਗੋਜ਼ੋਰੀ ਹੇਠਾਂ ਉਤਾਰ ਕੇ ਕਿਹਾ ਕਿ ਤੂੰ ਇਥੇ ਬੈਠਣ ਦਾ ਅਧਿਕਾਰੀ ਨਹੀਂ, ਰਾਜਗੱਦੀ ਦਾ ਮਾਲਕ ਤਾਂ ਮੇਰਾ ਪੁੱਤਰ ਹੀ ਬਣੇਗਾ। ਇਹ ਗੱਲ ਸੁਣ ਕੇ ਬਾਲਕ ਮਨ ਤੇ ਚੋਟ ਵੱਜੀ ਤੇ ਉਹ ਰੋਂਦਾ-ਰੋਂਦਾ ਆਪਣੀ ਮਾਤਾ ਸੁਨੀਤਿ ਕੋਲ ਗਿਆ। ਮਾਂ ਨੇ ਕਿਹਾ ਬੇਟਾ ਰਾਜ-ਭਾਗ ਚੰਗੇ ਕਰਮਾਂ ਨਾਲ ਹੀ ਮਿਲਦਾ ਹੈ, ਜੇ ਤੂ ਇਸ ਨੂੰ ਪਾਉਣਾ ਚਾਹੁੰਦਾ ਹੈਂ ਤਾਂ ਤਪ ਸਾਧਨਾ ਕਰ ਤੇ ਪ੍ਰਭੂ ਭਗਤੀ ਵਿਚ ਲਗ ਜਾ।' ਮਾਤਾ ਦੀ ਸਿਖਿਆ ਸੁਣ ਕੇ ਧਰੂਅ ਮਧੂ ਬਨ ਨੂੰ ਚਲਿਆ ਗਿਆ ਤੇ ਅਜੇਹੀ ਭਗਤੀ ਕੀਤੀ ਕਿ ਪੂਰਨ ਪਦਵੀ ਪਾਈ। ਜਦ ਇਹ ਘਰ ਵਾਪਸ ਆਇਆ ਤਾਂ ਪਿਤਾ ਨੇ ਪ੍ਰਸੰਨ ਹੋ ਕੇ ਰਾਜ-ਗੱਦੀ ਇਸ ਨੂੰ ਸੌਂਪ ਦਿਤੀ ਕਿਉਂਕਿ ਇਸ ਦਾ ਦੂਜਾ ਭਰਾ ਰਾਕਸ਼ਾਂ ਨੇ ਮਾਰ ਦਿਤਾ ਸੀ—ਕਹਿੰਦੇ ਹਨ ਧਰੂਅ ਨੇ ੩੬ ਹਜ਼ਾਰ ਵਰ੍ਹੇ ਰਾਜ ਕੀਤਾ ਤੇ ਇਸ ਤੋਂ ਪਿਛੋਂ ਤਾਰਾ-ਮੰਡਲ ਵਿਚ ਅਟੱਲ ਪਦਵੀ ਪਾਈ।

ਧਰੂਅ ਦੀ ਨਿਸ਼ਠਾ ਨੂੰ ਪ੍ਰਮਾਣ ਵਜੋਂ ਪੇਸ਼ ਕਰਕੇ ਆਖਿਆ ਗਿਆ ਹੈ ਕਿ ਇਸ ਤਰ੍ਹਾਂ ਪ੍ਰਭੂ ਭਗਤੀ ਕਰਨੀ ਚਾਹੀਦੀ ਹੈ—

ਰਾਮ ਜਪਉ ਜੀਅ ਐਸੇ ਐਸੇ।
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ।

(ਗਉੜੀ ਕਬੀਰ, ਪੰਨਾ ੩੩੭)

ਅਟਲ ਭਇਓ ਧ੍ਰੂ ਜਾਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ।

(ਸੋਰਠਿ ੯, ਪੰਨਾ ੬੬੨)

## ਧਿਆਨ

ਮਨ ਨੂੰ ਆਸੇ ਪਾਸੇ ਤੋਂ ਰੋਕ ਕੇ ਕਿਸੇ ਇੱਕ ਟੀਚੇ ਤੇ ਟਿਕਾ ਲੈਣਾ ਧਿਆਨ ਹੈ। ਯੋਗ ਅਨੁਸਾਰ ਅਵਿਚਲ ਅਵਸਥਾ ਦਾ ਨਾਮ ਧਿਆਨ ਹੈ। ਯੋਗ ਦੇ ਅੱਠ ਅੰਗਾਂ ਵਿਚੋਂ ਇਸ ਨੂੰ ਸੱਤਵੀਂ ਥਾਂ ਤੇ ਗਿਣਿਆ ਗਿਆ ਹੈ। ਧਾਰਨਾ ਪੱਕਣ ਤੇ ਧਿਆਨ ਬਣਦਾ ਹੈ ਤੇ ਧਿਆਨ ਪੱਕਣ ਤੇ ਸਮਾਧਿ। ਇਨ੍ਹਾਂ ਤਿੰਨਾਂ ਦਾ ਇੱਕ ਦੂਸਰੇ ਨਾਲ ਗਹਿਰਾ ਸਬੰਧ ਹੈ। ਪਤੰਜਲੀ ਨੇ ਤਿੰਨਾਂ ਨੂੰ ਸੰਯੁਕਤ ਰੂਪ ਵਿਚ 'ਸੰਜਮ' ਕਿਹਾ ਹੈ। ਧਾਰਨਾ ਰਾਹੀਂ ਮਨ ਦੀਆਂ ਬਿਰਤੀਆਂ ਨੂੰ ਕਿਸੇ ਖ਼ਾਸ ਕੇਂਦਰ ਤੇ ਟਿਕਾ ਲਿਆ ਜਾਂਦਾ ਹੈ। ਕਬੀਰ ਆਦਿ ਸੰਤਾਂ ਨੇ ਇਸੇ ਨੂੰ 'ਸੁਰਤਿ-ਸ਼ਬਦ-ਯੋਗ' ਦਾ ਨਾਂ ਦਿਤਾ ਹੈ। ਇਸ ਤਰ੍ਹਾਂ ਮਨ ਚੰਚਲਤਾ ਛਡ ਕੇ ਸਥਿਰ ਹੋ ਜਾਂਦਾ ਹੈ। ਮਨ ਦੀ ਇਕਾਗਰਤਾ ਜਿਉਂ-ਜਿਉਂ ਵਧਦੀ ਹੈ, ਤਿਉਂ-ਤਿਉਂ ਸਾਧਕ ਅਨੂਪਮ ਅਨੁਭਵ ਹੁੰਦਾ ਹੈ ਟਿਕਾਉ ਵਧਦਾ ਹੈ ਤੇ ਇਹੋ ਇਕਾਗਰਤਾ 'ਸਮਾਧਿ ਦੀ ਮੰਜ਼ਲ ਵਲ ਲਿਜਾਂਦੀ ਹੈ, ਗੁਰਮਤਿ ਵਿਚ ਗੁਰੂ ਪਰਮੇਸਰ ਦਾ ਧਿਆਨ ਧਰਨ ਉਤੇ ਜ਼ੋਰ ਦਿਤਾ ਗਿਆ ਹੈ। ਇਸੇ ਦੁਆਰਾ ਅਗਮ ਅਗੋਚਰ ਪ੍ਰਭੂ ਦਾ ਪ੍ਰਤੱਖ ਅਨੁਭਵ ਹੁੰਦਾ ਹੈ।

ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ।
(ਰਾਮਕਲੀ ੧, ਪੰਨਾ ੮੭੯)

## ਧੁਨੀ

ਆਦਿ ਗ੍ਰੰਥ ਵਿਚ ਵੱਖ-ਵੱਖ ਰਾਗਾਂ ਵਿਚ ੨੨ ਵਾਰਾਂ ਹਨ ਤੇ ਇਨ੍ਹਾਂ ੨੨ ਵਿਚੋਂ ੯ ਵਾਰਾਂ ਉਤੇ ਇਹ ਸਿਰਲੇਖ ਦਿਤਾ ਗਿਆ ਹੈ ਕਿ ਇਸ ਵਾਰ ਨੂੰ ਅਮਕੀ ਪੁਰਾਤਨ ਵਾਰ ਦੀ ਧੁਨਿ ਜਾਂ ਧੁਨੀ ਉਤੇ ਗਾਉਣਾ ਹੈ। ਸੋ ਧੁਨਿ ਦਾ ਅਰਥ ਗਾਉਣ ਦੀ ਧਾਰਨਾ ਜਾਂ ਤਰਜ਼ ਹੈ, ਰਬਾਬੀਆਂ ਤੇ ਢਾਡੀਆਂ ਲਈ ਇਸ ਆਦੇਸ਼ ਦਾ ਭਾਵ ਇਹੋ ਹੈ ਕਿ ਇਸ ਅਧਿਆਤਮਕ ਵਾਰ ਨੂੰ ਇਸ ਲੋਕ-ਪ੍ਰਸਿੱਧ ਵਾਰ ਦੀ ਤਰਜ਼ ਉਤੇ ਗਾਉਣਾ ਠੀਕ ਰਹੇਗਾ। ਇਹ ਸੰਕੇਤ ਇਸ ਪਰਕਾਰ ਆਏ ਹਨ—

(੧) ਵਾਰ ਮਾਝ ਕੀ ਮਹਲਾ ੧
ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ

(੨) ਗਉੜੀ ਕੀ ਵਾਰ ਮਹਲਾ ੪
ਰਾਇ ਕਮਾਲ-ਦੀ ਮੋਜਦੀ ਕੀ ਵਾਰ ਕੀ ਧੁਨੀ ਉਪਰਿ ਗਾਵਣੀ

(੩) ਵਾਰ ਆਸਾ ਕੀ ਮਹਲਾ ੧
ਟੁੰਡੇ ਅਸ ਰਾਜੈ ਕੀ ਧੁਨੀ

(੪) ਗੂਜਰੀ ਕੀ ਵਾਰ ਮਹਲਾ ੩
ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

(੫) ਵਡਹੰਸ ਕੀ ਵਾਰ ਮਹਲਾ ੪
ਲਲਾ ਬਹਲੀਮਾ ਕੀ ਧੁਨੀ ਗਾਵਣੀ

(੬) ਰਾਮਕਲੀ ਕੀ ਵਾਰ ਮਹਲਾ ੩
ਜੋਧੈ ਵੀਰੈ ਪੂਰਬਾਣੀ ਕੀ ਧੁਨੀ

(੭) ਸਾਰੰਗ ਕੀ ਵਾਰ ਮਹਲਾ ੪
ਰਾਇ ਮਹਮੇ ਹਸਨੇ ਕੀ ਧੁਨੀ

(੮) ਵਾਰ ਮਲਾਰ ਕੀ ਮਹਲਾ ੧
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ

(੯) ਕਾਨੜੇ ਕੀ ਵਾਰ ਮਹਲਾ ੪
ਮੂਸੇ ਕੀ ਵਾਰ ਕੀ ਧੁਨੀ

ਇਨ੍ਹਾਂ ਸੰਕੇਤਾਂ ਵਿਚ ਤਿੰਨ ਥਾਂ 'ਵਾਰ' ਦਾ ਜ਼ਿਕਰ ਹੈ ਬਾਕੀ ਸਭ ਵਿਚ 'ਧੁਨੀ ਉਪਰਿ ਗਾਵਣੀ' ਦਾ ਭਾਵ ਸਮਝਾਉਣ ਲਈ ਫਲਾਨੇ ਦੀ ਧੁਨੀ, ਅਮਕੇ ਕੀ ਧੁਨੀ ਦਾ ਹੀ ਸੰਕੇਤ ਦਿਤਾ ਗਿਆ ਹੈ। ਪੁਰਾਤਨ ਸਮੇਂ ਦੇ ਰਬਾਬੀ ਇਨ੍ਹਾਂ ਨੂੰ ਪੀੜ੍ਹੀ ਦਰ-ਪੀੜ੍ਹੀ ਇਸੇ ਤਰ੍ਹਾਂ ਗਾਉਂਦੇ ਸਨ ਪਰੰਤੂ ਇਹ ਧੁਨਾਂ ਦੀ ਸੰਭਾਲ ਨਾ ਹੋਣ ਕਰਕੇ ਸਾਡੇ ਤਕ ਜਿਉਂ ਦੀਆਂ ਤਿਉਂ ਨਹੀਂ ਪਹੁੰਚੀਆਂ। ਸੰਭਵ ਹੈ, ਪੁਰਾਤਨ ਗੀਤਾਂ ਵਿਚ ਇਨ੍ਹਾਂ ਦਾ ਗਾਉਣ-ਢੰਗ ਕਿਤੇ ਨਾ ਕਿਤੇ ਸੁਰੱਖਿਅਤ ਹੋਵੇ, ਪਰ ਹੁਣ ਇਹ ਪ੍ਰਾਪਤ ਨਹੀਂ। ਸੋ ਇਹ ਦਸਣਾ ਔਖਾ ਹੈ ਇਨ੍ਹਾਂ ਨੇਂ ਧੁਨਾਂ ਦਾ ਸੰਗੀਤਕ ਰੂਪ ਕੀ ਸੀ।

ਸਿੱਖ ਸੰਪ੍ਰਦਾਈ ਗਿਆਨੀ ਪਰੰਪਰਾ ਵਿਚ ਇਨ੍ਹਾਂ ਨੇਂ ਵਾਰਾਂ ਦੀਆਂ ਨੌਂ ਪਉੜੀਆਂ ਵੀ ਸੁਣਾਈਆਂ ਜਾਂਦੀਆਂ ਹਨ। ਲੇਕਿਨ ਇਨ੍ਹਾਂ ਪਉੜੀਆਂ ਦੀ ਪ੍ਰਮਾਣਿਕਤਾ ਅਸੰਦਿਗਧ ਨਹੀਂ। ਪਹਿਲਾ ਇਤਰਾਜ਼ ਜੋ ਹਰ ਪਉੜੀ ਤੇ ਹੋ ਸਕਦਾ ਹੈ, ਉਹ ਇਹ ਹੈ ਕਿ ਇਹ ਵੰਨਗੀ ਵਜੋਂ ਪੇਸ਼ ਕੀਤੀ ਜਾਣ ਵਾਲੀ ਹਰ ਪਉੜੀ ਵਿਚ, ਸਾਰੀ ਵਾਰ ਦੀ ਕਥਾ ਦਾ ਸਾਰ ਇਕੋ ਥਾਂ ਦਿਤਾ ਹੁੰਦਾ ਹੈ ਜੋ ਹਰ ਥਾਂ ਸੰਭਵ ਨਹੀਂ। ਦੂਜੇ, ਬੋਲੀ ਤੇ ਸ਼ੈਲੀ ਵੀ ਸੋਲ੍ਹਵੀਂ ਸਦੀ ਤੋਂ ਪੁਰਾਣੀ ਹੋਣੀ ਚਾਹੀਦੀ ਹੈ, ਪਰ ਐਸਾ ਹੈ ਨਹੀਂ।

## ਧੌਲ ਧਰਮ

ਹਿੰਦੂ ਪੁਰਾਣਾਂ ਵਿਚ ਇਹ ਰਵਾਇਤ ਕਈ ਥਾਂ ਦੁਹਰਾਈ ਗਈ ਹੈ ਕਿ ਇਸ ਧਰਤੀ ਨੂੰ ਇਕ ਸਫੈਦ ਬਲਦ ਨੇ ਸਿੰਗ ਉਤੇ ਚੁਕਿਆ ਹੋਇਆ ਤੇ ਉਹ ਆਪ ਕੱਛੂ ਉਤੇ ਖਲੋਤਾ ਹੈ। ਪੁਰਾਣਕ ਵਿਸ਼ਵਾਸ ਇਹ ਵੀ ਹੈ ਕਿ ਜਦ ਕਦੀ ਉਹ ਬੈਲ ਸਿੰਗ ਬਦਲਦਾ ਹੈ ਤਾਂ ਸੰਸਾਰ ਵਿਚ ਭੁਚਾਲ ਆ ਜਾਂਦਾ ਹੈ। ਗੁਰੂ ਸਾਹਿਬ ਇਸ ਮਨੌਤ ਨੂੰ ਪਰਵਾਣ ਨਹੀਂ ਕਰਦੇ ਤੇ ਦਲੀਲ ਇਹ ਦਿੰਦੇ ਹਨ ਕਿ ਧਰਤੀਆਂ ਅੱਗੇ ਤੇ ਅੱਗੇ ਅਨੇਕਾਂ ਹਨ, ਅੰਤਮ ਧਰਤੀ ਦਾ ਆਸਰਾ ਕਿਸ ਨੂੰ ਮੰਨਿਆ ਜਾਵੇਗਾ। ਸੋ ਇਹ ਧੌਲਵਾਦ ਸੰਭਵ ਨਹੀਂ। ਇਹੋ ਹੀ ਮੰਨਣਾ ਉਚਿਤ ਹੈ ਕਿ

'ਰਬੀ ਕਾਨੂੰਨ' ਯਾ 'ਧਰਮ ਹੀ ਇਸ ਧਰਤੀ ਅਤੇ ਸਾਰੇ ਬ੍ਰਹਿਮੰਡ ਦਾ ਆਸਰਾ ਹੈ :—

ਧੌਲੁ ਧਰਮੁ ਦਇਆ ਕਾ ਪੂਤੁ ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ।

(ਜਪੁ)

ਉਂਜ ਇਹ 'ਧਉਲ ਧਰਮ' ਦਾ ਸੰਕਲਪ ਪੁਰਾਣਾ ਹੈ ।

ਇਸ ਖੇਤੀ-ਬਾੜੀ ਪ੍ਰਧਾਨ ਦੇਸ ਵਿਚ, ਬੈਲ ਤੇ ਗਊ ਦੀ ਬੜੀ ਮਾਨਤਾ ਰਹੀ ਹੈ ਕਿਉਂਕਿ ਅੰਨ ਦੁੱਧ ਆਦਿ ਬਹੁਤਾ ਕੁਝ ਇਨ੍ਹਾਂ ਤੇ ਹੀ ਅਧਾਰਿਤ ਸੀ । ਇਸੇ ਕਰਕੇ ਧਰਮ-ਸ਼ਾਸਤ੍ਰੀਆਂ ਧਰਮ ਨੂੰ 'ਬੈਲ' ਦੇ ਰੂਪ ਵਿਚ ਮੂਰਤੀਮਾਨ ਕੀਤਾ ਹੈ । ਕਹਿੰਦੇ ਹਨ ਪਹਿਲੇ ਪਹਿਲ ਧਰਮ, ਬ੍ਰਹਮਾ ਦੀ ਵੱਖੀ ਵਿਚੋਂ ਪੈਦਾ ਹੋਇਆ ਤੇ ਇਸ ਨੇ ਦਖਛ ਦੀਆਂ ਤੇਰਾਂ ਧੀਆਂ ਵਿਆਹੀਆਂ : ਜੋ ਇਹ ਸਨ-ਸ੍ਰਧਾ, ਮੈਤ੍ਰੀ, ਦਯਾ, ਸ਼ਾਂਤਿ, ਤੁਸ਼ਟੀ, ਪੁਸ਼ਟੀ, ਕ੍ਰਿਆ, ਉੱਨਤੀ, ਬੁਧਿ, ਮੇਧਾ, ਤਿਤਿਖਯਾ, ਹ੍ਰੀ ਤੇ ਮੂਰਤਿ ।

ਇਸ ਧਰਮਰੂਪੀ ਬੈਲ ਦੇ ਚਾਰ ਪੈਰ ਹਨ—ਗੁਣ, ਦ੍ਰਵਯ, ਕ੍ਰਿਆ ਤੇ ਜਾਤਿ । ਕਈਆਂ ਇਹ ਪੈਰ ਸਤ, ਤਪ ਦਯਾ ਤੇ ਦਾਨ ਦਸੇ ਹਨ । ਵਿਸ਼ਨੂ ਪੁਰਾਣ ਅਨੁਸਾਰ ਸਤ, ਯੱਗ, ਪੂਜਾ ਤੇ ਜਪ ਚਾਰ ਚਰਣ ਹਨ । ਭਗਤ ਰਵਿਦਾਸ ਜੀ ਨੇ ਇਨ੍ਹਾਂ ਵਲ ਸੰਕੇਤ ਵੀ ਕੀਤਾ ਹੈ:—

ਸਤ ਜੁਗਿ 'ਸਤੁ' ਤੇਤਾ 'ਜਗੀ', ਦੁਆਪਰਿ ਪੂਜਾਚਾਰ ।
ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ ।

(ਗਉੜੀ ਬੈਰਾਗਣਿ, ਰਵਿਦਾਸ, ਪੰਨਾ ੩੪੬

ਸਤਿਯੁਗ ਵਿਚ ਚਾਰੇ ਚਰਣ ਕਾਇਮ ਸਨ, ਤ੍ਰੇਤੇ ਵਿਚ ਤਿੰਨ, ਦੁਆਪਰ ਵਿਚ ਦੋ ਤੇ ਕਲਿਯੁਗ ਵਿਚ ਇਕੋ ਇਕ ਪੈਰ ਰਹਿ ਗਿਆ ਜਿਸ ਕਰਕੇ ਧਰਮ ਦਾ ਖੜੇ ਰਹਿ ਸਕਣਾ ਮੁਸ਼ਕਲ ਹੋ ਗਿਆ । ਇਸ ਵਿਚਾਰ ਨੂੰ ਗੁਰੂ ਰਾਮਦਾਸ ਜੀ ਨੇ ਆਸਾ ਰਾਗ ਦੇ ਛੰਤਾਂ ਵਿਚ ਵਿਸਤਾਰ ਨਾਲ ਅੰਕਿਤ ਕੀਤਾ ਹੈ : —

ਸਤ ਜੁਗਿ ਸਤੁ ਸੰਤੋਖੁ ਸਰੀਰਾ
ਪਗ ਚਾਰੇ ਧਰਮੁ ਧਿਆਨੁ ਜੀਉ ।

(ਆਸਾ ਛੰਤ ੪, ਪੰਨਾ ੪੪੫)

## ਧੰਨਾ

ਇਹ ਰਾਜਸਥਾਨ ਪ੍ਰਾਂਤ ਦੇ ਇਲਾਕੇ ਧੁਆਨ ਨਗਰ ਦੇ ਜੰਮ-ਪਲ ਜੱਟ ਜ਼ਿਮੀਦਾਰ ਸਨ । ਮੈਕਾਲਫ ਨੇ ਆਪਦਾ ਜਨਮ ਸਾਲ ੧੪੧੬ ਈ. ਦਿਤਾ ਹੈ । ਇਹ ਖੇਤੀ ਬਾੜੀ ਦਾ ਕੰਮ ਕਰਨ ਵਾਲੇ ਤੇ ਸਿਧਾ ਸਾਦਾ ਜੀਵਨ ਬਸਰ ਕਰਨ ਵਾਲੇ ਨਿਰਛਲ ਵਿਅਕਤੀ ਸਨ । ਪੰਡਤਾਂ ਨੂੰ ਪੂਜਾ ਪਾਠ ਕਰਦਿਆਂ ਦੇਖ ਕੇ ਤੇ

ਹੋਰ ਭਗਤਾਂ ਦੀ ਵਡਿਆਈ ਸੁਣ ਕੇ ਭਗਤੀ ਦਾ ਚਾਉ ਜਾਗ ਪਿਆ। ਪਹਿਲੇ ਮੂਰਤੀ-ਪੂਜਾ ਕਰਦੇ ਰਹੇ, ਪਿਛੋਂ ਆਪਣੀ ਸ਼ਰਧਾ ਭਾਵਨਾ ਅਤੇ ਪ੍ਰੇਮ ਭਗਤੀ ਸਦਕੇ ਭਗਵਾਨ ਦੇ ਸਾਮਰਤੱਖ ਦਰਸ਼ਨ ਪਾਏ।

ਆਦਿ ਗ੍ਰੰਥ ਵਿਚ ਇਨ੍ਹਾਂ ਦੇ ਤਿੰਨ ਸ਼ਬਦ ਆਸਾ ਤੇ ਧਨਾਸਰੀ ਰਾਗ ਵਿਚ ਦਰਜ ਹਨ।

ਇਹ ਬਿਧਿ ਸੁਨ ਕੈ ਜਾਟਰੋ, ਉਠਿ ਭਗਤੀ ਲਾਗਾ।
ਮਿਲੇ ਪ੍ਰਤਖ ਗੁਸਾਈਆਂ, ਧੰਨਾ ਵਡਭਾਗਾ।

(ਆਸਾ ੫, ਪੰਨਾ ੪੮੮)

## ਨਉ ਖੰਡ

ਭਾਰਤੀ ਭੂਗੋਲਵੇਤਾ ਇਸ ਧਰਤੀ ਦੇ ਨੌਂ ਹਿਸੇ ਕਰਦੇ ਤੇ ਉਨ੍ਹਾਂ ਨੂੰ ਨਉਂ ਖੰਡ ਨਾਲ ਨਾਲ ਯਾਦ ਕਰਦੇ ਸਨ, ਇਹ ਹਨ—

ਭਰਤ, ਇਲਾਵ੍ਰਿਤ, ਕਿੰਪੁਰਸ਼, ਭਦ੍ਰ, ਕੇਤੁਮਾਲ
ਹਰਿ, ਹਿਰਣਯ, ਰਮਯ ਤੇ ਕੁਸ਼।

ਕਈਆਂ ਇਨ੍ਹਾਂ ਖੰਡਾਂ ਨੂੰ ਨਵੇਂ ਭੂ-ਭਾਗਾਂ ਨਾਲ ਮਿਲਾਉਣ ਦਾ ਜਤਨ ਕੀਤਾ ਹੈ ਪਰ ਇਹ ਹੋ ਨਹੀਂ ਸਕਿਆ। ਦਰਅਸਲ ਪੁਰਾਣੇ ਲੋਕਾਂ ਆਪਣੇ ਸਮੇਂ ਤੇ ਗਿਆਨ ਅਨੁਸਾਰ ਇਹ ਵੰਡ ਕੀਤੀ ਸੀ।

ਨਉ ਖੰਡ ਪ੍ਰਿਥਵੀ ਫਿਰੈ ਚਿਰ ਜੀਵੈ
ਮਹਾਂ ਉਦਾਸ ਤਪੀਸਰ ਥੀਵੈ।

(ਗਉੜੀ ਸੁਖਮਨੀ ੫, ਪੰਨਾ ੨੬੫)

## ਨਉ ਦੁਆਰ

ਪੁਰਾਤਨ ਸਰੀਰ ਵਿਗਿਆਨੀਆਂ ਸਰੀਰ ਦੇ ਨੌਂ ਗਿਆਨ ਇੰਦ੍ਰਿਆਂ ਤੇ ਕਰਮ ਇੰਦ੍ਰਿਆਂ ਨੂੰ 'ਨੌਂ ਦੁਆਰ' ਕਿਹਾ ਹੈ। ਇਹ ਹਨ :—

'ਦੋ ਅੱਖਾਂ, ਦੋ ਕੰਨ, ਦੋ ਨੱਕ
ਮੂੰਹ, ਗੁਦਾ, ਲਿੰਗ ਯਾ ਭਗ,
'ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ।

(ਰਾਮਕਲੀ ਅਨੰਦ ੩, ਪੰਨਾ ੯੨੨)

ਕਾਇਆ ਨੂੰ ਇਕ ਵੱਡੇ ਕਿਲੇ ਯਾ ਮੰਦਰ ਨਾਲ ਉਪਮਾ ਦਿਤੀ ਗਈ ਤੇ ਇਨ੍ਹਾਂ ਇੰਦ੍ਰਿਆਂ ਨੂੰ ਦਰ ਯਾ ਦਰਵਾਜ਼ੇ ਕਹਿ ਕੇ ਯਾਦ ਕੀਤਾ ਗਿਆ ਹੈ—

ਨਉ ਦਰਵਾਜੇ ਕਾਇਆ ਕੋਟੁ ਹੈ
ਦਸਵੈ ਗੁਪਤ ਰਖੀਜੈ।

(ਵਾਰ ਰਾਮਕਲੀ, ਸਲੋਕ ੨ ਪੰਨਾ ੯੫੪)

ਇਨ੍ਹਾਂ ਨੂੰ ਛਿਦ੍ਰ, ਗੋਲਕ, ਸੋਤ ਆਦਿ ਵੀ ਕਿਹਾ ਗਿਆ ਹੈ ।

ਨਉਮੀ ਨਵੇ ਛਿਦ੍ਰ ਅਪਵੀਤ ।

(ਗਉੜੀ ਥਿਤੀ ੫, ਪੰਨਾ ੨੯੮)

ਨਵੇ ਸੋਤ ਸਭਿ ਢਿਲਾ ।

(ਵਾਰ ਗਉੜੀ ੪, ਪੰਨਾ ੩੦੪)

## ਨਉ ਨਾਥ

ਯੋਗੀਆਂ ਦੇ ਪ੍ਰਮੁਖ ਮਹੰਤ ਨੂੰ 'ਨਾਥ' ਕਿਹਾ ਜਾਂਦਾ ਹੈ, ਜਿਸ ਅੱਗੇ ਬਾਕੀ ਯੋਗੀ ਸਿਰ ਝੁਕਾਉਂਦੇ ਤੇ ਸਾਰਾ ਭੇਖ ਉਸ ਦੀ ਆਗਿਆ ਵਿਚ ਚਲਦਾ ਹੈ । ਪੁਰਾਤਨ ਰਵਾਇਤ ਅਨੁਸਾਰ ਨਾਥ ਨੌਂ ਹੋਏ ਜਿਨ੍ਹਾਂ ਦੇ ਨਾਂ ਵਖੋ ਵੱਖ ਪੁਸਤਕਾਂ ਵਿਚ ਵੱਖ ਵੱਖ ਦਿਤੇ ਹੋਏ ਹਨ । 'ਮਹਾਰਣਵ ਤੰਤ੍ਰ' ਅਨੁਸਾਰ ਨੌਂ ਨਾਥ ਇਹ ਹਨ—

ਆਦਿ ਨਾਥ, ਮਛੇਂਦ੍ਰ ਨਾਥ, ਗੋਰਖ, ਜਲੰਧਰ, ਨਾਗਾਜੁਰਨ,
ਸਹਸਾਰਜੁਨ, ਦੱਤਾਤ੍ਰੇਯ, ਦੇਵਦੱਤ, ਜੜ ਭਰਤ ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਹ ਨਾਮ ਦਿਤੇ ਹਨ—

ਆਦਿ ਨਾਥ, ਮਛੇਂਦ੍ਰਨਾਥ, ਉਦਯਨਾਥ, ਸੰਤੋਖਨਾਥ ਕੰਥੜਨਾਥ, ਸਤਯ ਨਾਥ, ਅਚੰਭ ਨਾਥ, ਚੌਰੰਗੀ ਨਾਥ ਤੇ ਗੋਰਖਨਾਥ । ਇਨ੍ਹਾਂ ਵਿਚੋਂ ਮਛੇਂਦ੍ਰ, ਗੋਰਖ ਨਾਥ ਤੇ ਜਲੰਧਰ ਨਾਥ ਦਾ ਨਾਂ ਵਧੇਰੇ ਪ੍ਰਸਿੱਧ ਹੈ ।

ਛਿਅ ਜਤੀ ਮਾਇਆ ਕੇ ਬੰਦਾ
ਨਵੈ ਨਾਥ ਸੂਰਜ ਅਰੁ ਚੰਦਾ ।

(ਭੈਰਉ ਕਬੀਰ, ਪੰਨਾ ੧੧੬੦)

ਗੁਣ ਗਾਵਹਿ ਨਵ ਨਾਥ......

(ਸਵਈਏ ਮਹਲੇ ਪਹਲੇ ਕੇ, ੧੩੯੦)

## ਨਉ ਨਿਧੀ

ਨਿਧੀ ਦਾ ਅਰਥ ਖਜ਼ਾਨਾ ਜਾਂ ਧਨ ਦੌਲਤ ਹੈ । ਪੁਰਾਤਨ ਹਿੰਦੂ ਗ੍ਰੰਥਾਂ ਵਿਚ ਨੌਂ ਨਿਧੀਆਂ ਗਿਣੀਆਂ ਗਈਆਂ ਹਨ ਜਿਨ੍ਹਾਂ ਦਾ ਮਾਲਕ, ਦੇਵਤਿਆਂ ਦਾ ਖਜ਼ਾਨਚੀ ਕੁਬੇਰ ਹੈ । ਗਿਣਤੀ ਇਸ ਪਰਕਾਰ ਹੈ—

ਪਦਮ, ਮਹਾਂਪਦਮ, ਸੰਖ, ਮਕਰ, ਕੱਛਪ
ਮੁਕੰਦ, ਕੁੰਦ, ਨੀਲ ਤੇ ਵਰਚ ।

ਦਰਅਸਲ ਇਹ ਕਈ ਪਰਕਾਰ ਦੇ ਕੀਮਤੀ ਰਤਨ ਹਨ ਜਿਨ੍ਹਾਂ ਦਾ ਮੁੱਲ ਬੇ ਅੰਦਾਜ਼ ਅਨੁਮਾਨਿਆ ਗਿਆ ਹੈ । ਯੋਗ ਸਾਧਨਾ ਕਰਨ ਵਾਲੇ ਜਗਿਆਸੂ ਇਹ ਆਸ ਕਰਦੇ ਸਨ ਕਿ ਇਸ ਹਠ-ਤਪ ਨਾਲ ਸਿਧੀਆਂ ਤੇ ਨਿਧੀਆਂ ਵੀ ਮਿਲ ਜਾਂਦੀਆਂ ਹਨ । ਲੇਕਿਨ ਗੁਰੂ ਸਾਹਿਬ ਨੇ ਇਹੋ ਆਖਿਆ ਕਿ ਪ੍ਰਭੂ ਦੀ ਯਾਦ ਨਾਲ

ਇਹ ਧਨ ਸੰਪਦਾ ਦੇ ਸਾਰੇ ਪਦਾਰਥ ਆਪਣੇ-ਆਪ ਪ੍ਰਾਪਤ ਹੋ ਜਾਂਦੇ ਹਨ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ
ਪ੍ਰਭ ਕੈ ਸਿਮਰਨਿ ਗਿਆਨ ਧਿਆਨ ਤਤ ਬੁਧਿ।

(ਗਉੜੀ ਸੁਖਮਨੀ ੫, ਪੰਨਾ ੨੬੨)

## ਨਉ ਮੁਨਿ

ਭਾਗਵਤ ਦੇ ਚੋਥੇ ਸਕੰਧ ਵਿਚ ਨੌਂ ਪ੍ਰਮੁਖ ਮੁਨੀਆਂ ਦੀ ਗਿਣਤੀ ਇਹ ਦਿਤੀ ਹੈ—

ਮਰੀਚਿਕ, ਅਤ੍ਰਿ, ਅੰਗਮ, ਪੁਲਸਤਯ, ਪੁਲਹ, ਕ੍ਰਤੁ,
ਭ੍ਰਿਗੁ, ਵਸਿਸ਼ਟ, ਅਥਰਵਣੀ।
'ਜਨਕ ਜਨਕ ਬੈਠੇ ਸਿੰਘਾਸਨਿ
ਨਉ ਮੁਨੀ ਧੂਰਿ ਲੈ ਲਾਵੈਗੋ।'

(ਕਾਨੜਾ ੪, ਪੰਨਾ ੧੩੦੯)

## ਨਖਿਅਤ੍ਰ

ਇਕ ਕਿਸਮ ਦੇ ਵਿਸ਼ੇਸ ਚਮਕਦਾਰ ਸਤਾਰੇ 'ਨਖਯਤ੍ਰ' ਕਹਾਉਂਦੇ ਹਨ। ਭਾਰਤੀ ਜੋਤਿਸ਼ ਸ਼ਾਸਤ੍ਰ ਅਨੁਸਾਰ ਤਾਰਿਆਂ ਦੇ ਸਮੂੰਹ ਦਾ ਉਹ ਪਿੰਡ ਜੋ ਖਗੋਲ ਵਿਚ ਚੰਦ ਦਾ ਮਾਰਗ ਬਣਾਉਂਦਾ ਹੈ। ਚੰਦ੍ਰਮਾ ਇਸੇ ਰਸਤੇ ਪ੍ਰਿਥਵੀ ਦੀ ਪਰਿਕ੍ਰਮਾ ਕਰਦਾ ਹੈ। ਇਹ ਨਖਯਤ੍ਰ ਸਤਾਈ ਮੰਨੇ ਗਏ ਹਨ—

ਅਸ਼ਵਿਨੀ, ਤਰਣੀ, ਕ੍ਰਿਤਿਕਾ, ਰੋਹਿਣੀ, ਮ੍ਰਿਗ, ਸ਼ਿਰਾ, ਆਰਦ੍ਰਾ, ਪੁਨਰਵਸੁ, ਪੁਸ਼ਯ, ਸਲੇਸ਼ਾ, ਮਘਾ, ਪੂਰਵਾ ਫਾਲਗੁਨੀ, ਉਤਰਾ ਫਾਲਗੁਨੀ, ਹਸਤ, ਚਿਤ੍ਰਾ, ਸ੍ਵਾਂਤੀ, ਵਿਸ਼ਾਖਾ, ਅਨੁਰਾਧਾ, ਜਯੇਸ਼ਠਾ, ਮੂਲ, ਪੂਰਬਾਸਾਢਾ, ਉਤਰਾ ਸਾਢਾ, ਸ੍ਰਵਣ, ਧਨਿਸ਼ਠਾ, ਸ਼ਤਭਿਖਾ, ਪੂਰਵਾ ਭਦ੍ਰਪਦਾ, ਉਤਰਾ ਭਦ੍ਰਾਪਦਾ ਅਤੇ ਰੇਵਤੀ।

(ਮਹਾਨ ਕੋਸ਼)

ਗੁਰੂ ਸਾਹਿਬ ਨੇ ਬਾਣੀ ਵਿਚ ਇਹ ਖਿਆਲ ਦਿਤਾ ਹੈ ਕਿ ਇਨ੍ਹਾਂ ਨਖਯਤ੍ਰਾਂ ਵਿਚ ਵੀ ਉਸੇ ਇਕੋ ਦੀ ਜੋਤਿ ਵਿਆਪਕ ਹੈ।

ਸਸੀਅਰ ਸੂਰ ਨਖਯਤ੍ਰ ਮਹਿ ਏਕ।

(ਗਉੜੀ ਸੁਖਮਨੀ ੫,)

ਪਰ ਇਹ ਸਦਾ ਰਹਿਣ ਵਾਲੇ ਨਹੀਂ—

ਨਿਸ ਬਾਸਰ ਨਖਿਅਤ੍ਰ ਬਿਨਾਸੀ
ਰਵਿ ਸਸੀਅਰੁ ਬੇਨਾਧਾ।

(ਸਾਰੰਗ ੫, ਪੰਨਾ ੧੨੦੪)

## ਨਟ ਨਾਰਾਇਣ

ਨਟ ਨਾਰਾਇਣ ਸੰਪੂਰਣ ਜਾਤਿ ਦਾ ਰਾਗ ਹੈ ਜੋ ਬਿਲਾਵਲ, ਕਲਿਆਣ ਤੇ ਨਟ ਦੇ ਸੁਮੇਲ ਨਾਲ ਬਣਦਾ ਹੈ। ਪੁਰਾਤਨ ਸੰਗੀਤਵੇਤਾ ਇਸ ਨੂੰ ਮੇਘ ਦਾ ਦਾ ਪੁੱਤਰ ਮੰਨਦੇ ਹਨ। ਇਸ ਨੂੰ ਸਾਰੇ ਸ਼ੁੱਧ ਸੁਰ ਲਗਦੇ ਹਨ, ਆਰੋਹੀ ਵਿਚ ਗਾ ਅਤੇ ਨੀ ਅਤੇ ਅਵਰੋਹੀ ਵਿਚ ਕੇਵਲ ਗਾ ਲਾਉਣਾ ਮਨ੍ਹਾ ਹੈ। ਵਾਦੀ ਸੁਰ ਰੇ ਹੈ ਤੇ ਕਿਤੇ-ਕਿਤੇ ਸਾਰੰਗ ਦੀ ਝਲਕ ਪੈਂਦੀ ਹੈ, ਸ਼ਾਮ ਸਮੇਂ ਚੌਥੇ ਪਹਿਰ ਗਾਇਆ ਜਾਂਦਾ ਹੈ।

ਆਦਿ ਗ੍ਰੰਥ ਵਿਚ ਇਹ ੧੯ਵੇਂ ਥਾਂ ਤੇ ਆਇਆ ਹੈ ਅਤੇ ਇਸ ਵਿਚ ਕੇਵਲ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੀ ਥੋੜੀ ਜੇਹੀ ਬਾਣੀ ਹੈ।

## ਨਦਰਿ ਕਰਮ

'ਨਦਰਿ ਕਰਮ' ਸ਼ਬਦ, ਅਰਬੀ ਦੇ 'ਨਜ਼ਰਿ ਕਰਮ' ਤੋਂ ਬਦਲ ਕੇ ਬਣਿਆ ਹੈ, ਜਿਸ ਦਾ ਅਰਥ ਹੈ 'ਕ੍ਰਿਪਾ-ਦ੍ਰਿਸ਼ਟੀ' ਜਾਂ ਮਿਹਰਾਂ-ਭਰੀ ਨਜ਼ਰ। ਭਾਰਤੀ ਵਿਚਾਰਧਾਰਾ ਭਗਤੀ ਪਰਧਾਨ ਰਹੀ ਹੈ ਤੇ ਬੋਧੀ ਜੈਨੀ ਵਿਚਾਰਾਂ ਵਿਚ ਸਦਾਚਾਰ ਉਤੇ ਵਧੇਰੇ ਜ਼ੋਰ ਦਿਤਾ ਜਾਂਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਭਗਤੀ ਤੇ ਸਦਾਚਾਰ ਦੋਹਾਂ ਨੂੰ ਲਾਜ਼ਮੀ ਦਸਦਿਆਂ ਫਿਰ ਵੀ ਇਸ ਗੱਲ ਦੀ ਤਾਕੀਦ ਕੀਤੀ ਹੈ ਕਿ ਜਗਿਆਸੂ ਨੂੰ ਕਿਸੇ ਵੀ ਆਪਣੇ ਕਰਮ ਉਤੇ ਦਾਅਵਾ ਨਹੀਂ ਕਰਨਾ ਚਾਹੀਦਾ ਸਗੋਂ ਸਰੇਸ਼ਟ ਤੇ ਸਹੀ ਧਾਰਣਾ ਇਹੋ ਹੈ ਕਿ ਮੁਕਤੀ ਜਾਂ ਅਨੰਦ ਦੀ ਪ੍ਰਾਪਤੀ ਦਾ ਨਿਰਭਰ 'ਨਦਰਿ' ਉਤੇ ਰੱਖਿਆ ਜਾਵੇ। ਗੁਰੂ ਵਾਕ ਹੈ—

ਕਰਮੀ ਆਵਹਿ ਕਪੜਾ
ਨਦਰੀ ਮੋਖੁ ਦੁਆਰੁ।

(ਜਪੁ)

ਉਂਜ ਵੀ ਆਸਤਿਕ ਸਿਧਾਂਤਾਂ ਵਿਚ ਇਹ ਦ੍ਰਿੜ ਕਰਾਇਆ ਜਾਂਦਾ ਹੈ ਕਿ ਕਰਨਹਾਰ ਇਕੋ ਇਕ ਪਰਮੇਸ਼ਰ ਹੈ, ਅਸੀਂ ਕੁਝ ਵੀ ਨਹੀਂ। ਇਸ ਕਰਕੇ ਆਪਣੀ ਸਾਧਨਾ ਦੇ ਬਲ ਨਾਲ ਮੁਕਤੀ ਪ੍ਰਾਪਤ ਕਰਨਾ ਵੀ ਸਾਡੇ ਵਸ ਦੀ ਬਾਤ ਨਹੀਂ, ਜੇ ਉਹ ਪ੍ਰਭੂ ਪ੍ਰਸੰਨ ਹੋ ਕੇ ਕ੍ਰਿਪਾ-ਦ੍ਰਿਸ਼ਟੀ ਕਰੇ ਤਾਂ ਉਸ ਦੀ 'ਨਦਰਿ' ਦੁਆਰਾ ਹੀ ਇਹ ਪ੍ਰਾਪਤੀ ਸੰਭਵ ਹੈ। ਇਸ ਨਦਰਿ ਨੂੰ 'ਪ੍ਰਸਾਦ' ਵੀ ਕਿਹਾ ਗਿਆ ਹੈ। ਇਸੇ ਨਦਰਿ ਸਦਕੇ ਪ੍ਰਭੂ ਸਿਮਰਨ ਵਿਚ ਲਗਾਉ ਹੁੰਦਾ ਤੇ ਇਸੇ ਰਾਹੀਂ ਭਵ ਸਾਗਰ ਤੋਂ ਪਾਰ ਹੋ ਸਕੀਦਾ ਹੈ।

ਸਿਖੀ ਸਿਖਿਆ ਗੁਰ ਵੀਚਾਰਿ
ਨਦਰੀ ਕਰਮਿ ਲੰਘਾਏ ਪਾਰਿ।

(ਵਾਰ ਆਸਾ ੧, ਪੰਨਾ ੪੬੫)

## ਨਮਾਜ਼

ਮੁਸਲਮਾਨਾਂ ਦਾ ਪੂਜਾ ਪਾਠ ਯਾ ਰੱਬੀ ਪ੍ਰਾਰਥਨਾ ਨਮਾਜ਼ ਹੈ, ਜੋ ਪੰਜ ਵੇਲੇ ਕੀਤਾ ਜਾਂਦਾ ਹੈ। 'ਨਮਾਜ਼', ਫਾਰਸੀ ਸ਼ਬਦ ਤੇ ਅਰਬੀ ਲਫ਼ਜ਼ 'ਸਲਾਤ' ਹੈ। ਸ਼ਰ੍ਹਾ ਅਨੁਸਾਰ ਮੋਮਨ ਨੂੰ ਹੇਠ ਲਿਖੇ ਅਨੁਸਾਰ ਪੰਜ ਨਿਮਾਜ਼ਾਂ ਪੜ੍ਹਨ ਦਾ ਹੁਕਮ ਹੈ ਜਦੋਂ ਕਿ ਯਹੂਦੀਆਂ ਵਿਚ ਸੱਤ ਵੇਲੇ ਨਿਮਾਜ਼ ਦਾ ਵਿਧਾਨ ਸੀ :—

੧. ਸਲਾਤੁਲ ਫਜ਼ਰ—ਸੂਰਜ ਚੜ੍ਹਨ ਤੋਂ ਪਹਿਲਾਂ ਪੜ੍ਹੀ ਦੀ ਹੈ।
੨. ਸਲਾਤੁਲ ਜੁਹਰ—ਸੂਰਜ ਢਲਣ ਸਮੇਂ ਪੜ੍ਹੀ ਜਾਂਦੀ ਏ।
੩. ਸਲਾਤੁਲ ਅਸਰ—ਤੀਜੇ ਪਹਿਰ ਪੜ੍ਹੀ ਜਾਂਦੀ ਹੈ।
੪. ਸਲਾਤੁਲ ਅਗ਼ਰਬ—ਸੂਰਜ ਛਿਪਣ ਸਮੇਂ ਪੜ੍ਹੀ ਜਾਂਦੀ ਹੈ।
੫. ਸਲਾਤੁਲ ਇਸ਼ਾ—ਸੌਣ ਵੇਲੇ ਪੜ੍ਹੀ ਜਾਂਦੀ ਹੈ।

ਇਹ ਨਿਮਾਜ਼ਾਂ ਕੁਰਾਨ ਸ਼ਰੀਫ਼ ਦੀਆਂ ਕੁਝ ਆਇਤਾਂ ਹਨ ਜਿਨ੍ਹਾਂ ਨੂੰ ਵੱਖੋ ਵੱਖ ਦੇਸ਼ਾਂ ਦੇ ਮੁਸਲਮਾਨ, ਅਰਬੀ ਵਿਚ ਹੀ ਪੜ੍ਹਦੇ ਹਨ। ਇਸ ਵਿਚ ੪੨ ਰਕਅਤ ਹੁੰਦੇ ਹਨ। ਇਕ ਰਕਅਤ ਇਕ ਵਾਰ ਖੜੇ ਹੋਕੇ ਬੈਠਣ ਤਕ ਦੀ ਹੁੰਦੀ ਹੈ ਜਿਸ ਵਿਚ ਦੋ ਸਜ਼ਦੇ ਤੇ ਇਕ ਰਕੂਅ ਹੁੰਦਾ ਹੈ। ਨਮਾਜ਼ੀ ਲਈ ਜ਼ਰੂਰੀ ਹੈ ਕਿ ਉਹ ਸੁਧ ਬਸਤਰ ਪਹਿਨ ਕੇ ਤੇ ਸੁੱਧ ਪਵਿਤਰ ਥਾਂ ਤੇ ਨਮਾਜ਼ ਪੜ੍ਹੇ। ਗੁਰੂ ਨਾਨਕ ਸਾਹਿਬ ਦੇ ਜ਼ਮਾਨੇ ਨਮਾਜ਼ ਵੀ ਇਕ ਰਵਾਇਤੀ ਕਰਮ ਹੋ ਗਿਆ ਸੀ, ਇਸ ਲਈ ਆਪ ਨੇ ਪੰਜ ਸੁਭ ਗੁਣਾ ਨੂੰ ਹੀ ਪੰਜ ਨਿਮਾਜ਼ਾਂ ਦੱਸਿਆ। ਆਪ ਲਿਖਦੇ ਹਨ :--

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।
ਪਹਿਲਾ ਸਚੁ ਹਲਾਲੁ ਦੁਇ, ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ, ਪੰਜਵੀਂ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ, ਤ ਮੁਸਲਮਾਣੁ ਸਦਾਇ।

(ਵਾਰ ਮਾਝ ੧, ਪੰਨਾ ੧੪੧)

## ਨਰਸਿੰਘ

ਹਿਦੂ ਪੁਰਾਣਾਂ ਅਨੁਸਾਰ ਨਰ ਸਿੰਘ ਵਿਸ਼ਨੂ ਦਾ ਅਵਤਾਰ ਹੈ ਜਿਸ ਦਾ ਅੱਧਾ ਸਰੀਰ ਮਨੁੱਖ ਦਾ ਤੇ ਅੱਧਾ ਸ਼ੇਰ ਦਾ ਸੀ। ਕਹਿੰਦੇ ਹਨ, ਸਤਿਯੁਗ ਵਿਚ ਹਿਰਣ ਕੱਸ਼ਯਪ ਨੇ ਇਤਨਾ ਤਪ ਕੀਤਾ ਕਿ ਬ੍ਰਹਮਾ ਨੇ ਖੁਸ਼ ਹੋ ਕੇ ਉਸਨੂੰ ਵਰ ਦਿਤਾ ਕਿ ਤੇਰੀ ਮੌਤ ਕਿਸੇ ਸ਼ਸਤ੍ਰ ਅਸਤ੍ਰ ਨਾਲ ਨਹੀਂ ਹੋਵੇਗੀ ਤੇ ਨਾਹੀ ਦਿਨੇ ਯਾ ਰਾਤੀਂ। ਇਸ ਕਾਰਣ ਹਿਰਣਕੱਸ਼ਯਪ ਨੂੰ ਬਹੁਤ ਅਭਿਮਾਨ ਹੋ ਗਿਆ। ਇਸਦਾ ਇਕ ਪੁੱਤਰ ਪ੍ਰਹਿਲਾਦ, ਵਿਸ਼ਨੂ-ਭਗਤ ਸੀ, ਇਸ ਨੇ ਉਸ ਨੂੰ ਭਗਤੀ ਤੋਂ ਵਰਜਿਆ, ਪਰ ਉਹ ਨਾ ਹਟਿਆ। ਪਿਤਾ ਨੇ ਕਿਹਾ, ਤੇਰਾ ਭਗਵਾਨ ਕਿਥੇ ਹੈ, ਪ੍ਰਹਿਲਾਦ ਦਾ ਜਵਾਬ

ਸੀ ਕਿ ਉਹ ਹਰ ਥਾਂ ਹਾਜ਼ਰ ਨਾਜ਼ਰ ਹੈ । ਅੰਤ ਪ੍ਰਹਿਲਾਦ ਨੂੰ ਤੱਤੇ ਥੰਮ ਨਾਲ ਜੱਫੀ ਪਾਉਣ ਲਈ ਆਖਿਆ ਗਿਆ, ਇਸੇ ਸਮੇਂ ਭਗਵਾਨ ਥੰਮ੍ਹ ਪਾੜ ਕੇ 'ਨਰਸਿੰਘ' ਦਾ ਰੂਪ ਧਾਰ ਕੇ ਪ੍ਰਗਟ ਹੋਏ ਤੇ ਹਿਰਣਕੱਸ਼ਯਪ ਨੂੰ ਨਹੁੰਆਂ ਨਾਲ ਚੀਰ ਕੇ ਥਾਂ ਮਾਰ ਦਿਤਾ । ਹਰਿਬੰਸ਼ ਪੁਰਾਣ ਤੇ ਭਾਗਵਤ ਵਿਚ ਪ੍ਰਸੰਗ ਇਸੇਤਰ੍ਹਾਂ ਹੈ ਪਿਛੋਂ ਹਿਰਣਯਕੱਸ਼ਪ ਦੀ ਥਾਂ ਨਾਮ 'ਹਰਨਾਖਸ਼' ਪਰਸਿਧ ਹੋ ਗਿਆ ਤੇ ਭਗਤੀ ਲਹਿਰ ਸਮੇਂ ਆਮ ਭਗਤਾਂ ਇਸੇ ਨਾਮ ਦਾ ਪ੍ਰਯੋਗ ਕੀਤਾ ਹੈ :—

ਭਗਤ ਹੇਤਿ ਮਾਰਿਓ ਹਰਨਾਖਸੁ, ਨਰ ਸਿੰਘ ਰੂਪ ਹੋਇ ਦੇਹ ਧਰਿਓ ।
ਨਾਮਾ ਕਹੈ ਭਗਤਿ ਬਸ ਕੇਸਵ, ਅਜਹੂ ਬਲਿ ਕੇ ਦੁਆਰ ਖਰੋ ।

(ਮਾਰੂ ਨਾਮਦੇਵ, ਪੰਨਾ ੧੧੦੫)

## ਨਰਕ

ਕਿਸੇ ਨ ਕਿਸੇ ਰੂਪ ਵਿਚ ਹਰ ਧਰਮ ਅੰਦਰ ਅਜੇਹਾ ਵਿਸ਼ਵਾਸ ਚਲਿਆ ਆਉਂਦਾ ਹੈ ਕਿ ਬੁਰੇ ਕੰਮ ਕਰਨ ਵਾਲੇ 'ਨਰਕ' ਵਿਚ ਦੁਖ ਭੋਗਦੇ ਤੇ ਚੰਗੇ ਕੰਮ ਕਰਨ ਵਾਲੇ 'ਸੁਰਗ' ਵਿਚ ਸੁਖ ਭੋਗਦੇ ਹਨ । ਸੋ ਨਰਕ ਇਕ ਅਜਿਹਾ ਕਲਿਪਤ ਸਥਾਨ ਹੈ ਜਿਥੇ ਧਰਮਰਾਜ ਵਲੋਂ ਮਰਣ ਪਿਛੋਂ ਦੋਸ਼ੀਆਂ ਨੂੰ ਦੰਡ ਦਿਤਾ ਜਾਂਦਾ ਹੈ । ਇਸਲਾਮ ਤੇ ਈਸਾਈਅਤ ਵਿਚ ਦੋਜ਼ਖ ਦਾ ਸੰਕਲਪ ਵੀ ਕੁਝ ਐਸਾ ਹੀ ਹੈ ਜਿਥੇ ਭਿਆਨਕ ਅੱਗ ਬਲਦੀ ਹੈ । ਪਾਰਸੀ ਗੰਦੀ, ਅਨ੍ਹੇਰੀ ਤੇ ਰੋਣ ਕੁਰਲਾਉਣ ਵਾਲੀ ਦੋਜ਼ਖਾਨਾ ਥਾਂ ਨੂੰ 'ਦੁਜੋਤਮਨ' ਕਹਿੰਦੇ ਹਨ । ਹਿੰਦੂ ਗ੍ਰੰਥਾਂ ਨੇ ਤਾਂ ਬੁਰਿਆਈਆਂ ਦੀਆਂ ਕਿਸਮਾਂ ਸਾਮ੍ਹਣੇ ਰੱਖ ਕੇ ਨਰਕਾਂ ਦੇ ਵੀ ਕਈ ਭੇਦ ਬਿਆਨ ਕੀਤੇ ਹਨ । ਮਨੂ ਸਿਮ੍ਰਤੀ ਵਿਚ ੨੧ ਨਰਕਾਂ ਦਾ ਜ਼ਿਕਰ ਹੈ ਜਿਵੇਂ ਕਿ ਤਾਮਿਸ੍ਰ, ਤਾਮਿਸ੍ਰ ਅੰਧ, ਰੌਰਵ, ਮਹਾਂ ਰੌਰਵ, ਨਰਕ, ਮਹਾਂ ਨਰਕ, ਕਾਲ ਸੂਤ੍ਰ, ਸੰਜੀਵਨ, ਮਹਾਂਬੀਚੀ, ਤਾਪਨ, ਸੰਪ੍ਰਤਾਪਨ, ਸੰਹਾਤ, ਸੰਕਾ ਕੋਲ,ਕੁਡਮਲ, ਪ੍ਰਤਿਮੂਰਤਕ, ਲੋਹਸ਼ੰਕੂ ਰਿਜਿਸ, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ, ਤੇ ਲੋਹ ਦਾਰਕ ।

ਭਾਗਵਤ ਵਿਚ ੨੮ ਤੇ ਬ੍ਰਹਮ ਵੈਵਰਤ ਪੁਰਾਣ ਵਿਚ ੮੬ ਨਰਕ ਕੁੰਡ ਲਿਖੇ ਹਨ । ਬਾਣੀ ਵਿੱਚ ਮਨੁਖ ਨੂੰ ਸਾਵਧਾਨ ਕਰਨ ਲਈ ਨਰਕਾਂ ਦੇ ਭੈ ਦੀ ਤਾੜਨਾ ਜ਼ਰੂਰ ਹੈ ਪਰੰਤੂ ਇਨ੍ਹਾਂ ਦੀ ਹੋਂਦ ਇਸਤਰ੍ਹਾਂ ਨਹੀਂ ਮੰਨੀ ਕਿ ਉਹ ਕੋਈ ਖਾਸ ਟਿਕਾਣੇ ਤੇ ਸਿਥਿਤ ਹਨ । ਕਬੀਰ ਸਾਹਿਬ ਨੇ ਲਿਖਿਆ ਹੈ :—

ਕਵਨ ਨਰਕ ਕਿਆ ਸੁਰਗ ਬਿਚਾਰਾ, ਸੰਤਨ ਦੋਊ ਰਾਦੇ ।

(ਰਾਮਕਲੀ ਕਬੀਰ, ੯੬੯)

ਜਾਂ

ਪਾਪ ਪੁੰਨ ਤਹ ਭਈ ਕਹਾਵਤ । ਕੋਊ ਨਰਕ ਕੋਊ ਸੁਰਗ ਬੰਛਾਵਤ ।

(ਗਉੜੀ ਸੁਖਮਨੀ ਪ, ਪੰਨਾ ੨੯੨)

## ਨਲਜ (ਭੱਟ)

ਆਦਿ ਗ੍ਰੰਥ ਵਿਚ ਆਏ ੧੧ ਭੱਟਾਂ ਵਿਚੋਂ ਇਕ ਭੱਟ ਜਿਸ ਨੇ ਕੇਵਲ ਸ੍ਰੀ ਗੁਰੂ ਰਾਮਦਾਸ ਬਾਰੇ ੧੬ ਛੰਦ ਲਿਖੇ ਹਨ। ਇਸ ਤੋਂ ਇਉਂ ਮਾਲੂਮ ਹੁੰਦਾ ਹੈ ਕਿ ਇਹ ਭੱਟ ਸ਼ਾਇਦ ਚੌਥੇ ਸਤਿਗੁਰਾਂ ਦੇ ਦਰਬਾਰ ਵਿਚ ਆਪ ਹਾਜ਼ਰ ਹੋਇਆ ਸੀ ਤੇ ਇਸਨੇ 'ਰਾਜ ਜੋਗ ਤਖ਼ਤ ਦੇ ਮਾਲਕ' ਸਤਿਗੁਰੂ ਦੇ ਦਰਸ਼ਨਾਂ ਉਪਰੰਤ ਇਹ ਕਿਹਾ ਸੀ ਕਿ ਗੁਰੂ ਪਾਰਸ ਹੈ ਜਿਸ ਨੂੰ ਪਰਸ ਕੇ ਕੱਚ ਵੀ ਕੰਚਨ ਹੋ ਜਾਂਦਾ ਅਤੇ ਮਾਮੂਲੀ ਲੋਹਾ, ਲਾਲ ਹੋ ਨਿਬੜਦਾ ਹੈ। ਕੁਝ ਛੰਦਾਂ ਵਿਚ ਇਸ ਨੇ ਆਪਣੇ ਆਪ ਨੂੰ 'ਦਾਸ' ਕਹਿ ਕੇ ਅੰਕਿਤ ਕੀਤਾ ਤੇ ਕਈ ਸਜਣਾਂ ਇਸਤੋਂ ਵੱਖਰੇ ਭੱਟ ਦਾ ਭੁਲੇਖਾ ਖਾਧਾ ਹੈ ਲੇਕਿਨ ਛੰਦਾ ਦਾ ਜੋੜ ਦਸਦਾ ਹੈ ਕਿ ਇਹ ਸਭ, ਛੰਦ ਨਲਜ ਦੇ ਹਨ। ਦਾਸ ਕੇਵਲ ਨਿੰਮ੍ਰਤਾ ਵਾਚਕ ਪਦ ਹੈ, ਜੋ ਉਸ ਨੇ ਵਰਤਿਆ ਹੈ।

ਨਲਜ ਕਵਿ ਪਾਰਸ ਪਰਸ ਕਚ ਕੰਚਨਾ ਹੋਇ
ਚੰਦਨਾ, ਸੁਬਾਸ ਜਾਸੁ ਸਿਮਰਤ ਅਨ ਤਰ ।੩।

(ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੯)

## ਨਵ ਗ੍ਰਹਿ

ਭਾਰਤੀ ਜੋਤਿਸ਼ ਸ਼ਾਸਤ੍ਰ ਅਨੁਸਾਰ ਪ੍ਰਮੁਖ ਸਤਾਰੇ 'ਗ੍ਰਹਿ' ਅਖਵਾਉਂਦੇ ਹਨ, ਇਨ੍ਹਾਂ ਦੀ ਗਿਣਤੀ ਨੌਂ ਹੈ :—

ਸੂਰਜ, ਚੰਦ, ਮੰਗਲ, ਬੁਧ,
ਬ੍ਰਿਹਸਪਤਿ, ਸ਼ੁਕਰ, ਸ਼ਨੀ
ਰਾਹੂ ਤੇ ਕੇਤੂ।

ਕਬੀਰ ਸਾਹਿਬ ਦਾ ਵਾਕ ਹੈ :—

ਨਵ ਗ੍ਰਹ ਕੋਟਿ ਠਾਢੇ ਦਰਬਾਰਿ।
ਧਰਮ ਕੋਟਿ ਜਾਕੈ ਪ੍ਰਤਿਹਾਰ।

(ਭੈਰਉ ਕਬੀਰ, ਪਨਾ ੧੧੬੩)

## ਨਵਧਾ ਭਗਤਿ

ਭਗਤੀ ਭਾਵ ਦੀ ਵਿਆਖਿਆ ਕਰਨ ਵਾਲੇ ਵਿਦਵਾਨਾਂ, ਇਸ਼ਟ ਦੀ ਪੂਜਾ ਉਪਾਸ਼ਨਾ ਦੇ ਨੌਂ ਕਰਮ ਗਿਣੇ ਹਨ ਤੇ ਇਸ ਨੂੰ 'ਨਵਧਾ ਭਗਤਿ' ਕਿਹਾ ਗਿਆ ਹੈ। ਇਹ ਇਸ ਪਰਕਾਰ ਹਨ :—

ਸ੍ਰਵਣ, ਕੀਰਤਨ, ਸਿਮਰਨ, ਪਾਦਸੇਵਨ,
ਅਰਚਨ (ਫੁੱਲਾਂ ਤੇ ਜਲ ਨਾਲ ਪੂਜਾ) ਬੰਦਨ,
ਸਖੀ ਭਾਵ, ਦਾਸ ਭਾਵ, ਆਤਮ-ਸਮਰਪਣ।

ਗੁਰੂ ਅਰਜਨ ਸਾਹਿਬ ਨੇ ਲਿਖਿਆ ਹੈ ।—

ਭਗਤਿ ਨਵੈ ਪਰਕਾਰਾ ।
ਪੰਡਿਤੁ ਵੇਦੁ ਪੁਕਾਰਾ ।

(ਸ੍ਰੀ ੫, ਪੰਨਾ ੭੧)

**ਨਾਥ**— ਦੇਖੋ ਨਉ ਨਾਥ ।

**ਨਾਦ**

ਜਦ ਪ੍ਰਾਣਾਯਾਮ ਦੁਆਰਾ ਜੋਗੀ ਲੋਕ, ਕੁੰਡਲਨੀ ਨੂੰ ਜਗਾ ਲੈਂਦੇ ਤੇ ਉਹ ਮੇਰੂ ਦੰਡ ਆਸਰੇ ਸੁਖਮਨਾ ਵਿਚੋਂ ਲੰਘਕੇ ਉਪਰ ਨੂੰ ਉਠਦੀ ਹੈ ਤਾਂ ਇਕ ਅਵਾਜ਼ ਪੈਦਾ ਹੁੰਦੀ ਹੈ, ਇਸੇ ਨੂੰ ਜੋਗੀ 'ਨਾਦ' ਕਹਿੰਦੇ ਹਨ । ਉਨ੍ਹਾਂ ਅਨੁਸਾਰ ਇਹ 'ਨਾਦ' ਪਿੰਡ ਤੇ ਬ੍ਰਹਿਮੰਡ ਸਾਰੇ ਹੋ ਰਿਹਾ ਹੈ ਲੇਕਿਨ ਹਰ ਇਕ ਨੂੰ ਸੁਣਾਈ ਨਹੀਂ ਦਿੰਦਾ । ਉਹੀ ਸੁਣ ਸਕਦੇ ਸਨ ਜੋ ਯੋਗ ਦੇ ਅਸ਼ਟਾਂਗ ਸਾਧਨ ਦੁਆਰਾ ਸੁਖਮਨਾ ਨੂੰ ਨਿਰਮਲ ਕਰਕੇ ਸਮਾਧੀ ਲਗਾ ਸਕਣ ।

ਇਸ ਨਾਦ ਦੇ ਦੋ ਭੇਦ ਹਨ-ਆਹਤ ਨਾਦ ਤੇ ਅਨਾਹਤ ਨਾਦ । ਆਹਤ ਨਾਦ ਦੋ ਚੀਜ਼ਾਂ ਦੇ ਟਕਰਾਉ ਤੋਂ ਪੈਦਾ ਹੁੰਦਾ ਹੈ ਲੇਕਿਨ ਅਨਾਹਤ ਨਾਦ ਐਸਾ ਹੈ ਜੋ ਇਸ ਤਰ੍ਹਾਂ ਨਹੀਂ ਸਗੋਂ ਆਪਣੇ ਆਪ ਸੰਖ, ਘੰਟੇ ਤੇ ਨਫੀਰੀ ਵਾਂਗ ਵਜਦਾ ਸੁਣਾਈ ਦਿੰਦਾ ਹੈ । ਜੋਗੀ ਇਸ ਨਾਦ ਤੇ ਬਿਰਤੀ ਟਿਕਾ ਤੇ ਆਤਮ-ਅਨੰਦ ਮਾਣਦੇ ਹਨ ।

ਹਠਯੋਗ ਪ੍ਰਦੀਪਕਾ ਦਾ ਕਰਤਾ ਲਿਖਦਾ ਹੈ :—

'ਯੋਗੀ ਮੁਕਤਾਸਨ ਲਾ ਕੇ ਸ਼ਾਂਭਵੀ ਮੁਦ੍ਰਾ ਧਾਰਨ ਕਰੇ ਤੇ ਫਿਰ ਏਕਾਗਰ ਚਿਤ ਹੋਕੇ ਅੰਦਰ ਦੀਆਂ ਅਵਾਜ਼ਾਂ ਸੁਣੇ । ਇਹ ਸੱਜੇ ਕੰਨ ਪਾਸ ਸੁਣਾਈ ਦੇਣਗੀਆਂ । ਕੰਨ, ਨੱਕ ਮੂੰਹ, ਅੱਖਾਂ ਬੰਦ ਕਰਨ ਉਪਰੰਤ ਪ੍ਰਾਣਾਯਾਮ ਰਾਹੀਂ ਨਿਰਮਲ ਕੀਤੀ ਸੁਖਮਨਾ ਵਿਚ ਇਹ ਨਾਦ ਸੁਣਾਈ ਦੇਵੇਗਾ । ਇਸ ਦੀਆਂ ਚਾਰ ਹਾਲਤਾ ਹਨ । ਅਰੰਭ, ਘਟ, ਪਰਿਚਯ ਤੇ ਨਿਸ਼ਪਤੀ । ਪਹਿਲੀ ਅਵਸਥਾ ਇਹ ਹੈ ਜਦੋਂ ਪ੍ਰਾਣਾਯਾਮ ਕਰਕੇ ਬ੍ਰਹਮ-ਗ੍ਰੰਥੀ ਵਿੰਨ੍ਹੀ ਜਾਂਦੀ ਹੈ ਤਾਂ ਹਿਰਦੇ ਵਿਚ ਗਹਣਿਆਂ ਦੀ ਛਣਕਾਰ ਵਾਂਗ ਅਨੰਦ-ਦਾਤੀ ਧੁਨਿ ਸੁਣਾਈ ਦਿੰਦੀ ਹੈ । ਜਦੋਂ ਇਉਂ ਨਾਦ ਦਾ ਆਰੰਭ ਹੁੰਦਾ ਹੈ ਤਾਂ ਦੇਹੀ ਦਿਵਯ, ਤੇਜਸਵੀ, ਸੁਗੰਧਤ ਤੇ ਅਨੰਦਪੂਰਣ ਹੋ ਜਾਂਦੀ ਹੈ । 'ਘਟ' ਅਵਸਥਾ ਸਮੇਂ ਸ੍ਵਾਸ ਮੱਧ ਚਕ੍ਰ ਵਿਚ ਜਾਂਦੇ ਹਨ ਤਾਂ ਯੋਗੀ ਅਡੋਲ ਆਸਨ ਤੇ ਦੇਵ ਗਿਆਨ ਦਾ ਮਾਲਕ ਹੋ ਜਾਂਦਾ ਹੈ । ਵਿਸ਼ਨੂੰ ਗ੍ਰੰਥੀ ਨੂੰ ਵਿੰਨ੍ਹ ਲੈਣਾ ਪਰਮਾਨੰਦ ਦਾ ਸੂਚਕ ਹੈ, ਇਥੇ ਅਤੀ ਸ਼ੂਨਯ ਭੇਰੀ ਵਰਗਾ ਸ਼ਬਦ ਸੁਣਾਈ ਦਿੰਦਾ ਹੈ । ਤੀਜੀ ਅਵਸਥਾ 'ਪਰਿਚਯ' ਸਮੇਂ ਢੋਲਕ ਜੇਹੀ ਆਵਾਜ਼ ਸੁਣਾਈ ਦਿੰਦੀ ਹੈ, ਸ੍ਵਾਸ ਮਹਾਂ ਸ਼ੂਨ ਵਿਚ ਜੋ ਸਾਰੀਆਂ ਸਿਧੀਆਂ ਦਾ ਸਥਾਨ ਹੈ, ਚਲੇ ਜਾਂਦੇ ਹਨ ਤੇ ਸਹਜ ਅਨੰਦ ਪ੍ਰਾਪਤ ਹੋ ਜਾਂਦਾ ਹੈ । ਯੋਗੀ ਦੁਖ, ਬੁਢੇਪਾ, ਰੋਗ, ਭੁਖ, ਨੀਂਦ ਆਦਿ ਉਤੇ ਕਾਬੂ

ਪਾ ਲੈਂਦਾ ਹੈ। ਜਦੋਂ ਰੁਦ੍ਰ ਗ੍ਰੰਥੀ ਨੂੰ ਵਿੰਨ੍ਹ ਕੇ ਸੁਆਸ ਈਸ਼ਵਰ ਦੇ ਅਸਥਾਨ ਤੇ ਚਲੇ ਜਾਂਦੇ ਹਨ ਤਾਂ ਚੌਥੀ ਅਵਸਥਾ 'ਨਿਸ਼ਪਤੀ' ਆਉਂਦੀ ਹੈ ਤੇ ਇਥੇ ਬੰਸਰੀ ਤੇ ਵੀਣਾ ਵਰਗੀ ਆਵਾਜ਼ ਸੁਣਾਈ ਦਿੰਦੀ ਹੈ।

(ਹਠ ਯੋਗ ਪ੍ਰਦੀਪਕਾ-ਚੌਥਾ ਉਪਦੇਸ਼ ਸਲੋਕ ੬੫-੭੬)

ਸੋ ਸਿੱਧਾਂ ਨਾਥਾਂ ਵਿਚ 'ਨਾਦ' ਦਾ ਵਿਸ਼ੇਸ਼ ਮਹੱਤਵ ਹੈ ਤੇ ਇਹ 'ਨਾਦ' ਸੁਣਨ ਲਈ ਹਠਯੋਗ ਦੀ ਘਾਲ ਕਰਦੇ ਹਨ। ਇਸੇ ਕਰਕੇ ਇਨ੍ਹਾਂ ਨੂੰ 'ਨਾਦੀ' ਆਖਦੇ ਹਨ ਤੇ ਬਾਕੀ ਵੇਦ, ਸ਼ਾਸਤ੍ਰ ਦੇ ਮਤ ਵਾਲਿਆਂ ਨੂੰ ਬੇਦੀ। ਤਾਂਤ੍ਰਿਕਾਂ ਵਿਚ ਵੀ ਨਾਦ ਤੇ ਬਿੰਦ ਦੀ ਮਾਨਤਾ ਹੈ, ਕਬੀਰ ਸਾਹਿਬ ਕਹਿੰਦੇ ਹਨ:—'ਨਾਦੀ ਬੇਦੀ ਸਬਦੀ ਮੋਨੀ, ਜਮ ਕੇ ਪਟੈ ਲਿਖਾਇਆ (ਸੋਰਠਿ)। ਸੰਤਾਂ ਤੇ ਗੁਰੂਆਂ ਨਾਦ ਦਾ ਅਜਿਹਾ ਮਹੱਤਵ ਪਰਵਾਣ ਨਹੀਂ ਕੀਤਾ, ਉਨ੍ਹਾਂ ਗੁਰੂ-ਬਾਣੀ ਨੂੰ ਯਾ ਗੁਰੂ ਨੂੰ ਹੀ ਨਾਦ ਵੇਦ ਕਿਹਾ ਹੈ:

ਸਭ ਨਾਦ ਬੇਦ ਗੁਰਬਾਣੀ।
ਮਨ ਰਾਤਾ ਸਾਰਿੰਗ ਪਾਣੀ।

(ਰਾਮਕਲੀ ੧. ਪੰਨਾ ੮੭੯)

'ਗੁਰਮੁਖਿ ਨਾਦੰ ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ।'

(ਜਪੁ ੧, ਪੰ: ੨)

## ਨਾਨਕ (ਗੁਰੂ)

ਗੁਰੂ ਨਾਨਕ, ਸਿਖ ਧਰਮ ਦੇ ਬਾਨੀ ਗੁਰੂ ਸਨ। ਆਪ ਦਾ ਜਨਮ ੧੫ ਅਪ੍ਰੈਲ, ੧੪੬੯ ਈ. ਨੂੰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਚੜ੍ਹਦੀ ਜਵਾਨੀ ਵਿਚ ਸੁਲਤਾਨਪੁਰ ਚਲੇ ਗਏ ਜੋ ਕਿ ਉਸ ਸਮੇਂ ਇਸਲਾਮੀ ਵਿਦਿਆ ਦਾ ਕੇਂਦਰ ਸੀ। ਆਪ ਨੇ ਸਾਧੂਆਂ ਫ਼ਕੀਰਾਂ ਦੀ ਸੰਗਤ ਦੁਆਰਾ ਆਪਣੇ ਅਨੁਭਵ ਨੂੰ ਵਿਸ਼ਾਲ ਕੀਤਾ ਤੇ ਸਮਕਾਲੀ ਧਾਰਮਕ ਤੇ ਸਮਾਜਕ ਜੀਵਨ ਨੂੰ ਗਹੁ ਨਾਲ ਘੋਖਿਆ। ਵੀਹ ਬਾਈ ਵਰ੍ਹੇ ਭਾਰਤ ਤੇ ਭਾਰਤ ਤੋਂ ਬਾਹਰ ਲੰਕਾ, ਅਰਬ ਤੇ ਰੂਸ, ਚੀਨ ਦੇ ਕੁਝ ਭਾਗਾਂ ਵਿਚ ਘੁੰਮ ਫਿਰ ਕੇ ਥਾਂ ਥਾਂ ਆਪਣਾ ਜੀਵਨ-ਸੰਦੇਸ਼ ਪਹੁੰਚਾਇਆ, ਜਿਸਦੇ-ਨਾਮ ਜਪਣਾ ਤੇ ਕਿਰਤ ਕਮਾਈ ਕਰਕੇ ਵੰਡ ਛਕਣਾ, ਦੋ ਬੁਨਿਆਦੀ ਨੁਕਤੇ ਸਨ। ਲੋਕ-ਭਲਾਈ ਲਈ ਇਤਨਾ ਵੱਡਾ ਲੰਮਾ ਸਫ਼ਰ ਕਿਸੇ ਹੋਰ ਗੁਰੂ ਯਾ ਪੀਰ ਪੈਗੰਬਰ ਨੇ ਨਹੀਂ ਕੀਤਾ, ਇਸ ਤੋਂ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੀ ਵਿਸ਼ਾਲਤਾ ਡੂੰਘੀ ਸੋਚ, ਵਿਉਂਤਬੰਦੀ, ਅਥਾਹ ਲਗਨ ਤੇ ਅਣਥੱਕ ਘਾਲ ਦੀ ਟੋਹ ਲਗਦੀ ਹੈ। ਕੁਦਰਤ ਆਪ ਦਾ ਪਹਿਲਾ ਭੰਡਾਰ ਸੀ, ਦੂਸਰੇ ਸਨ ਅਨੁਭਵੀ ਸੰਤ ਸਾਧੂ। ਆਮ ਮਨੁਖੀ ਜੀਵਨ ਨੂੰ ਵਿਕਸਤ ਕਰਨਾ ਉਨ੍ਹਾਂ ਦਾ ਮੁਖ ਉਦੇਸ਼ ਸੀ ਤੇ ਹਰ ਥਾਂ ਉਨ੍ਹਾਂ ਪੂਰੀ ਦ੍ਰਿੜ੍ਹਤਾ ਤੇ ਲਗਨ ਨਾਲ ਇਸ ਤੇ ਪਹਿਰਾ ਦਿਤਾ। ਉਮਰ ਦੇ ਆਖਰੀ ਹਿੱਸੇ ਵਿਚ ਉਹ ੧੫-੨੦

ਵਰ੍ਹੇ ਕਰਤਾਰਪੁਰ ਖੇਤੀਬਾੜੀ ਕਰ ਕਰ ਕੇ ਵੀ ਇਹੋ ਦ੍ਰਿੜ੍ਹਾਉਂਦੇ ਰਹੇ ਕਿ ਨਾਮ ਦੀ ਚੜ੍ਹਦੀ ਕਲਾ ਤੇ ਸਰਬਤ ਦਾ ਭਲਾ ਹੀ ਵਧੀਆ ਮਾਰਗ ਹੈ ਤੇ ਗ੍ਰਿਹਸਤੀ ਜੀਵਨ ਦੇ ਕਰਮ ਯੋਗ,ਦੁਆਰਾ ਹੀ ਇਸ ਨੂੰ ਅੱਛੀ ਤਰ੍ਹਾਂ ਨਿਭਾਇਆ ਜਾ ਸਕਦਾ ਹੈ।

ਆਪ ਪੰਜਾਬੀ ਤੇ ਸੰਤ-ਭਾਸ਼ਾ ਦੇ ਮਹਾਨ ਕਵੀ ਸਨ ਜਿਨ੍ਹਾਂ ੧੯ ਰਾਗਾਂ ਵਿਚ ੯੭੪ ਸ਼ਬਦ ਉਚਾਰਣ ਕੀਤੇ। ਇਸ ਰਚਨਾਵਲੀ ਵਿਚ ਜਪੁ, ਓਅੰਕਾਰ, ਸਿਧ ਗੋਸਟਿ, ਬਾਰਾਮਾਂਹ ਤੁਖਾਰੀ, ਤਿੰਨ ਵਾਰਾਂ (ਮਾਝ, ਆਸਾ, ਮਲ੍ਹਾਰ) ਛੰਤ ਤੇ ਸੋਲਹੇ ਵਿਸ਼ੇਸ਼ ਧਿਆਨ ਦੇ ਮੁਥਾਜ ਹਨ। ਸਤਿਗੁਰਾਂ ਦਾ ਰਹੱਸਵਾਦੀ ਅਨੁਭਵ ਇਕ ਸ੍ਰੇਸ਼ਟ ਦਾਰਸ਼ਨਿਕ ਸੰਤ ਕਲਾਕਾਰ ਦਾ ਅਨੁਭਵ ਹੈ ਜਿਸ ਵਿਚ ਜੀਵਨ ਦੇ ਯਥਾਰਥ ਨੂੰ ਅੱਖੋਂ ਓਹਲੇ ਨਹੀਂ ਹੋਣ ਦਿਤਾ ਗਿਆ।

ਜੀਵਨ ਦੀ ਸੁਤੰਤਰਤਾ ਨੂੰ ਬਰਕਰਾਰ ਰੱਖਣ ਲਈ ਇਹ ਵੀ ਪਹਿਲੇ ਉਨ੍ਹਾਂ ਦਾ ਹੀ ਫੁਰਨਾ ਸੀ ਕਿ ਪ੍ਰਮੁਖ ਸੰਤਾਂ ਭਗਤਾਂ ਦੇ ਬਚਨ ਸੰਕਲਿਤ ਕਰਕੇ ਉਨ੍ਹਾਂ ਤੋਂ ਜੀਵਨ-ਅਗਵਾਈ ਲਈ ਜਾਵੇ। ਇਸ ਮਨੋਰਥ ਲਈ ਭਾਰਤ ਭਰ ਦੇ ਭ੍ਰਮਣ ਸਮੇਂ ਉਨ੍ਹਾਂ ਹਰ ਪ੍ਰਾਂਤ ਦੇ ਮਹਾਂਪੁਰਸ਼ਾਂ ਦੀ ਬਾਣੀ ਇਕੱਤਰ ਕਰਨ ਦਾ ਬੀੜਾ ਉਠਾਇਆ ਜਿਸ ਦੇ ਆਧਾਰ ਤੇ ਪਿਛੋਂ 'ਆਦਿ ਗ੍ਰੰਥ' ਦਾ ਸੰਪਾਦਨ ਹੋਇਆ। ਬਾਕੀ ਭਗਤੀ ਲਹਿਰ ਦੇ ਸੰਤਾਂ ਨਾਲੋਂ ਇਹ ਗੱਲ ਵੀ ਉਨ੍ਹਾਂ ਦੀ ਵਿਲੱਖਣਤਾ ਦੇ ਦੂਰ-ਦਰਸ਼ਤਾ ਦੀ ਸੂਚਕ ਹੈ ਕਿ ਉਨ੍ਹਾਂ ਆਪਣੇ ਜਾਂਨਸ਼ੀਨ ਟਿੱਕ ਕੇ ਇਸ ਕੰਮ ਨੂੰ ਲੜੀਬਧ ਨਿਰੰਤਰ ਅਗੇ ਤੋਰਨ ਦਾ ਫੈਸਲਾ ਕੀਤਾ।

ਦਰਿਆ ਰਾਵੀ, ਕੰਢੇ ਕਰਤਾਰਪੁਰ (ਜ਼ਿਲਾ ਗੁਰਦਾਸਪੁਰ) ੨੨ ਸਤੰਬਰ ੧੫੩੯ ਈ: ਨੂੰ ਜੋਤੀ ਜੋਤਿ ਸਮਾਏ।

ਆਦਿ ਗ੍ਰੰਥ ਵਿਚ ਆਈ ਗੁਰੂ-ਬਾਣੀ ਅੰਦਰ ਜਿਥੇ ਗੁਰੂ ਨਾਨਕ ਸਾਹਿਬ ਨੇ 'ਨਾਨਕ' ਛਾਪ ਵਰਤੀ ਹੈ ਉਥੇ, ਬਾਕੀ ਗੁਰੂਆਂ ਵੀ 'ਨਾਨਕ' ਛਾਪ ਦਾ ਪ੍ਰਯੋਗ ਕੀਤਾ ਹੈ ਪਰੰਤੂ ਨਾਲ ਮਹਲਾ ੨, ੩, ੪, ੫, ਯਾ ੯ ਲਿਖ ਕੇ ਇਹ ਸਪਸ਼ਟ ਕਰ ਦਿਤਾ ਹੈ ਕਿ ਇਹ ਬਾਣੀ ਕਿਹੜੇ ਜਾਂਨਸ਼ੀਨ ਦੀ ਹੈ। ਕਲਯ ਭਟ ਨੇ ਲਿਖਿਆ ਹੈ :—

ਕਲਿ ਜੁਗਿ ਪ੍ਰਮਾਣ ਨਾਨਕ ਗੁਰੂ ਅੰਗਦ, ਅਮਰੁ ਕਹਾਇਓ।
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ।

(ਸਵਈਏ ਮਹਲੇ ਪਹਲੇ ੧ ੧੩੯੦)

## ਨਾਭਿ ਕਮਲ

ਹਿੰਦੂਆਂ ਦੀ ਪੁਰਾਣਕ ਰਵਾਇਤ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵਿਸ਼ਣੂ ਸਮੁੰਦਰ ਦੀ ਸੇਜਾ ਉਤੇ ਬਿਰਾਜਮਾਨ ਸੀ ਤੇ ਲੱਛਮੀ ਉਨ੍ਹਾਂ ਦੇ ਚਰਨ ਘੁੱਟ ਰਹੀ ਸੀ। ਵਿਸ਼ਣੂ ਜੀ ਦੀ ਨਾਭੀ ਵਿਚੋਂ ਇਕ ਕਮਲ ਪੈਦਾ ਹੋਇਆ ਤੇ ਇਸ ਕਮਲ ਵਿਚੋਂ ਬ੍ਰਹਮਾ ਜੀ ਨੇ ਜਨਮ ਲਿਆ ਜਿਨ੍ਹਾਂ ਸਾਰੀ ਸ੍ਰਿਸ਼ਟੀ ਦੀ

ਰਚਨਾ ਕੀਤੀ। ਕਹਿੰਦੇ ਹਨ ਕਿ ਬ੍ਰਹਮਾ ਨੂੰ ਅਭਿਮਾਨ ਹੋ ਗਿਆ ਕਿ ਮੇਰੀ ਉਤਪਤੀ ਇਸ ਮਾਮੂਲੀ ਕੰਵਲ ਤੋਂ ਨਹੀਂ ਹੋਈ। ਅਸਮਾਨੋਂ ਆਵਾਜ਼ ਆਈ, 'ਐਸਾ ਹੀ ਹੈ, ਤੂੰ ਸੰਸਾ ਨ ਕਰ।' ਲੇਕਿਨ ਬ੍ਰਹਮਾਂ ਨੇ ਰੋਹ ਵਿਚ ਆ ਕੇ ਉਸ ਕੰਵਲ ਨਾਲੀ ਤੇ ਲੱਤ ਮਾਰੀ ਜਿਸ ਕਰਕੇ ਉਹ ਉਸ ਵਿਚ ਹੀ ਗੁੰਮ ਹੋ ਗਿਆ ਤੇ ਛੱਤੀ ਜੁਗ ਇਸੇ ਵਿਚ ਭਟਕਦਾ ਰਿਹਾ। ਇਸੇ ਕਥਾ ਵਲ ਇਸ਼ਾਰਾ ਕਰਦਿਆਂ ਗੁਰੂ ਜੀ ਨੇ ਲਿਖਿਆ ਹੈ :—

ਨਾਭਿਕਮਲ ਤੇ ਬ੍ਰਹਮਾ ਉਪਜੇ<br>
ਬੇਦ ਪੜਹਿ ਮੁਖਿ ਕੰਠਿ ਸਵਾਰਿ।<br>
ਤਾ ਕੋ ਅੰਤੁ ਨ ਜਾਈ ਲਖਣਾ,<br>
ਆਵਤ ਜਾਤ ਰਹੈ ਗੁਬਾਰਿ।

(ਗੂਜਰੀ ਮ. ੧, ਪੰਨਾ ੪੯੯)

## ਨਾਮ

ਭਗਤੀ ਲਹਿਰ ਦੇ ਧਾਰਮਿਕ ਸਾਹਿਤ ਵਿਚ ਪਰਮੇਸ਼ਰ ਦੀ ਸਰਬ ਵਿਆਪਕ ਹਸਤੀ ਲਈ 'ਨਾਮ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਸੋ ਇਹ ਇਕ ਸੰਗਿਆ ਜਾਂ ਨਾਂ ਮਾਤ੍ਰ ਨਹੀਂ ਸਗੋਂ ਨਿਰਾਕਾਰ ਤੇ ਨਿਰਗੁਣ ਪ੍ਰਭੂ ਦਾ ਉਹ ਸਰੂਪ ਹੈ ਜੋ ਉਹ ਸ੍ਰਿਸ਼ਟੀ ਰਚਨਾ ਸਮੇਂ ਧਾਰਨ ਕਰਦਾ ਹੈ। ਆਸਤਕਾਂ ਦਾ ਆਮ ਨਿਸਚਾ ਹੈ ਕਿ ਪਰਮੇਸਰ ਨੇ ਇਕ ਤੋਂ ਬਹੁਤੇ ਹੋਣ ਦੀ ਇਛਿਆ ਕੀਤੀ,ਹੁਕਮ (ਕਵਾਉ) ਫੁਰਮਾਇਆ ਤਾਂ ਇਹ ਸ੍ਰਿਸ਼ਟੀ ਬਣ ਗਈ। ਇਹ ਰੱਬੀ 'ਇਛਿਆ' ਯਾ 'ਹੁਕਮ' ਹੀ ਨਾਮ ਹੈ। ਗੁਰੂ ਨਾਨਕ ਸਾਹਿਬ ਨੇ ਹੁਕਮ, ਨਾਮ, ਸ਼ਬਦ, ਬਾਣੀ ਨੂੰ ਇਕੋ ਅਰਥ ਵਿਚ ਵਰਤਦਿਆਂ ਲਿਖਿਆ ਹੈ :—

ਚਹੁ ਦਿਸਿ 'ਹੁਕਮੁ' ਵਰਤੈ ਪ੍ਰਭ ਤੇਰਾ, ਚਹੁ ਦਿਸਿ 'ਨਾਮ' ਪਤਾਲੰ।<br>
ਸਭ ਮਹਿ 'ਸਬਦੁ' ਵਰਤਹਿ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ।

(ਮਲਾਰ ੧, ਪੰਨਾ ੧੨੭੫)

ਇਕ ਥਾਂ ਹੋਰ ਵਾਕ ਹੈ :—

ਸਤਿ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।<br>
ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰ ਦੀਆ ਬੁਝਾਇ ਜੀਉ।

(ਸਿਰੀ ੧, ਪੰਨਾ ੭੨)

ਜਦੋਂ ਜਗਿਆਸੂ ਪ੍ਰਭੂ ਦੇ ਹੁਕਮ ਦੀ ਪਛਾਣ ਕਰ ਲੈਂਦਾ ਹੈ ਤਾਂ ਉਸਦੀ ਹਉਮੈ ਘਟ ਜਾਂਦੀ ਹੈ। ਸੋ 'ਨਾਮ ਸਿਮਰਨ' ਦਾ ਭਾਵ ਪ੍ਰਭੂ ਦੇ ਭਾਣੇ ਵਿਚ ਵਿਚਰਨਾ ਹੈ। ਇਸੇ ਕਰਕੇ 'ਸਰਬਰੋਗ ਕਾ ਅਉਖਦੁ ਨਾਮੁ' ਕਿਹਾ ਗਿਆ ਤੇ ਇਸਨੂੰ ਬਾਰ ਬਾਰ ਜਪਣ ਦਾ ਆਦੇਸ਼ ਹੈ :—

ਅੰਮ੍ਰਿਤੁ ਨਾਮ ਨਿਧਾਨੁ ਹੈ ਮਿਲਿ ਪੀਵਹੁ ਭਾਈ ।
ਜਿਸੁ ਸਿਮਰਤ ਸੁਖੁ ਪਾਈਐ, ਸਭ ਤਿਖਾ ਬੁਝਾਈ ।

(ਗਉੜੀ ਵਾਰ ੫, ਪੰਨਾ ੩੧੮)

ਨਉ ਨਿਧਿ ਅੰਮ੍ਰਿਤ ਪ੍ਰਭੁ ਕਾ ਨਾਮ ।
ਦੇਹੀ ਮਹਿ ਇਸ ਕਾ ਬਿਸ੍ਰਾਮ ।

(ਗਉੜੀ ਸੁਖਮਨੀ ੫, ਪੰਨਾ ੨੯੩)

## ਨਾਮਦੇਵ

ਆਪ ਦਾ ਜਨਮ ਮਹਾਂਰਾਸ਼ਟਰ ਵਿਖੇ ਜ਼ਿਲਾ ਸਤਾਰਾ ਦੇ ਪਿੰਡ ਨਰਸੀ ਵਾਮਨੀ ਵਿਚ ਪਿਤਾ ਦਮਸੇਤੀ ਦੇ ਘਰ ਮਾਤਾ ਗੋਨਾਬਾਈ ਦੀ ਕੁੱਖੋਂ ੧੨੭੦ ਈ. ਵਿਚ ਹੋਇਆ । ਪਿਤਾ ਤੋਂ ਪ੍ਰੇਮਾ ਭਗਤੀ ਦੀ ਗੁੜ੍ਹਤੀ ਮਿਲੀ ਤੇ ਵਿਸ਼ੋਭਾ ਖੇਚਰ ਨੂੰ ਗੁਰੂ ਧਾਰਨ ਕੀਤਾ । ਇਸ ਸਮੇਂ 'ਵਾਰਕਰੀ' ਸੰਪ੍ਰਦਾ ਜ਼ੋਰਾਂ ਤੇ ਸੀ ਤੇ ਨਾਮਦੇਵ ਵੀ ਇਸੇ ਪੰਥ ਵਿਚ ਰਲ ਕੇ ਵਿੱਠਲ ਦੀ ਪੂਜਾ ਕਰਨ ਲਗੇ । ਪੰਡਰਪੁਰ ਇਨ੍ਹਾਂ ਦੀ ਪੂਜਾ ਉਪਾਸ਼ਨਾ ਦਾ ਕੇਂਦਰੀ ਸਥਾਨ ਸੀ ਤੇ ਆਪ ਆਪਣੇ ਸਾਥੀਆਂ ਨਾਲ ਸਦਾ ਹਾੜ੍ਹ ਤੇ ਕੱਤਕ ਦੀ ਏਕਾਦਸ਼ੀ ਨੂੰ ਇਸ ਥਾਂ ਦੀ ਯਾਤ੍ਰਾ ਕਰਦੇ । ਭਗਤੀ ਦੀ ਪਰਿਪੱਕਤਾ ਪਿਛੋਂ ਉਹ ਸਰਗੁਣਵਾਦੀ ਦੀ ਥਾਂ ਨਿਰਗੁਣਵਾਦੀ ਹੋ ਗਏ । ਕੁਝ ਸਮੇਂ ਪਿਛੋਂ ਆਪਣੇ ਸਾਥੀ ਗਿਆਨੇਸ਼ਵਰ ਨਾਲ ਤੀਰਥ-ਯਾਤਰਾ ਕਰਦਿਆਂ ਉਤਰੀ ਭਾਰਤ ਦੀ ਸੈਰ ਕੀਤੀ ਤੇ ਪੰਜਾਬ ਆਏ । ਪੰਜਾਬੀ ਸ਼ਰਧਾਲੂਆਂ ਦਾ ਖਿਆਲ ਹੈ ਕਿ ਆਪ ਦਾ ਦੇਹਾਂਤ ਅੱਸੂ ਵਦੀ ਤ੍ਰੇਦਸ਼ੀ ਨੂੰ (੧੩੫੦ ਈ:) ਪਿੰਡ ਘੁਮਾਣ ਜ਼ਿਲਾ ਗੁਰਦਾਸ ਪੁਰ ਵਿਚ ਹੋਇਆ ਜਿਥੇ ਕਿ ਆਪ ਦੀ ਸਮਾਧਿ ਬਣੀ ਹੋਈ ਹੈ ਤੇ ਸਾਲਾਨਾ ਮੇਲਾ ਲਗਦਾ ਹੈ ।

ਨਾਮਦੇਵ ਜੀ ਦੀ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਸਮੇਂ ਦੀ ਪਰੋਹਤ ਜਮਾਤ ਤੇ ਰਾਜਸ਼ਕਤੀ ਨੂੰ ਆਪ ਦਾ ਭਗਤੀ ਭਾਵ ਨਹੀਂ ਸੀ ਭਾਉਂਦਾ । ਬ੍ਰਾਹਮਣ ਆਪ ਨੂੰ ਮੰਦਰ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਸੀ ਦਿੰਦਾ ਤੇ 'ਸੂਦ੍ਰ' ਆਖ ਕੇ ਤ੍ਰਿਸਕਾਰਦਾ ਸੀ । ਇਸੇ ਤਰ੍ਹਾਂ ਜਾਬਰ ਮੁਸਲਮ ਹਾਕਮ ਆਪ ਨੂੰ ਇਸਲਾਮ ਵਿਚ ਲਿਆਉਣ ਲਈ ਜ਼ੋਰ ਲਾਉਂਦੇ ਰਹੇ ਪਰੰਤੂ ਭਗਤ ਨਾਮਦੇਵ ਦ੍ਰਿੜ੍ਹ ਰਹੇ ਤੇ ਅੰਤ ਉਨ੍ਹਾਂ ਦੀ ਜਿੱਤ ਹੋਈ । ਕਬੀਰ ਸਾਹਿਬ ਨੇ ਲਿਖਿਆ ਹੈ :—

ਜੈ ਦੇਉ ਨਾਮਾ ਬਿਪ ਸੁਦਾਮਾ, ਤਿਨ ਕਉ ਕ੍ਰਿਪਾ ਭਈ ਹੈ ਅਪਾਰ ।

(ਬਿਲਾਵਲ, ਪੰਨਾ ੮੫੬)

ਨਾਮਦੇਵ ਜੀ ਦੀ ਰਚਨਾ ਮਰਾਠੀ ਤੇ ਸੰਤਭਾਸ਼ਾ ਦੋਹਾਂ ਵਿਚ ਮਿਲਦੀ ਹੈ, ਮਰਾਠੀ ਅਭੰਗ 'ਨਾਮਦੇਵ ਗਾਥਾ' ਵਿਚ ਸੰਕਲਿਤ ਹਨ ਤੇ ਮਹਾਂਰਾਸ਼ਟਰ ਵਿਚ ਆਮ ਗਾਏ ਜਾਂਦੇ ਹਨ । ਆਦਿ ਗ੍ਰੰਥ ਵਿਚ ਆਪਦੇ ੬੧ ਸ਼ਬਦ ਦਰਜ ਹਨ ਜਿਨ੍ਹਾਂ ਦਾ ਵਿਸ਼ਾ ਭਗਤ ਜੀ ਦੇ ਵੰਨਸੁਵੰਨੇ ਅਧਿਆਤਮਕ ਅਨੁਭਵ ਹਨ ।

ਨਾਮਦੇਇ ਸਿਮਰਨੁ ਕਰਿ ਜਾਨਾ ।
ਜਗ ਜੀਵਨ ਸਿਉ ਜੀਉ ਸਮਾਨਾ ।

(ਬਿਲਾਵਲ ਨਾਮਦੇਵ, ਪੰਨਾ ੮੫੮)

## ਨਾਰਦ

ਇਕ ਪ੍ਰਸਿਧ ਰਿਸ਼ੀ ਜਿਸਨੂੰ ਬ੍ਰਹਮਾ ਦਾ ਪੁੱਤਰ ਕਿਹਾ ਜਾਂਦਾ ਹੈ । ਵਿਸ਼ਨੂੰ ਪੁਰਾਣ ਅਨੁਸਾਰ ਇਹ ਕੱਸ਼ਪ ਦਾ ਪੁਤਰ ਹੈ ਤੇ ਰਿਗਵੇਦ ਦੀ ਲਿਖਤ ਇਸਨੂੰ ਕਣਵ ਰਿਸ਼ੀ ਦੀ ਬੰਸ ਨਾਲ ਜੋੜਦੀ ਹੈ । ਕੁਝ ਵੀ ਹੋਵੇ ਪੁਰਾਣਕ ਮਨੌਤ ਮੁਤਾਬਿਕ ਇਹ ਹੱਥ ਵਿਚ ਵੀਣਾ ਰੱਖਦਾ ਤੇ ਭਗਤੀ ਵਿਚ ਮਗਨ ਰਹਿੰਦਾ ਹੈ । ਧਰੂ ਨੂੰ ਭਗਤੀ ਦਾ ਉਪਦੇਸ਼ ਇਸੇ ਦਿਤਾ ਸੀ ।

'ਨਾਰਦ ਪੰਚ ਰਾਤ੍ਰ' ਵਿਚ ਕਥਾ ਇਹ ਹੈ ਕਿ ਇਸ ਦੇ ਪਿਤਾ ਬ੍ਰਹਮਾ ਨੇ ਇਸ ਨੂੰ ਵਿਆਹ ਕਰਨ ਲਈ ਆਖਿਆ, ਇਸ ਨੇ ਨਾਂਹ ਕਰ ਦਿਤੀ। ਪਿਤਾ ਨੇ ਗੁੱਸੇ ਵਿਚ ਆ ਕੇ ਕਿਹਾ; 'ਜਿਸ ਚੀਜ਼ ਤੋਂ ਤੂੰ ਇਨਕਾਰ ਕਰਦਾ ਹੈਂ', ਉਸੇ ਕਾਮਨੀ ਦੀ ਵਾਸ਼ਨਾ ਪਿਛੇ ਭਟਕਦਾ ਫਿਰੇਂਗਾ' ਇਸ ਤੇ ਨਾਰਦ ਨੂੰ ਰੋਹ ਆ ਗਿਆ, ਉਸਨੇ ਕਿਹਾ, 'ਤੂੰ ਵੀ ਖੇਹ ਖੁਆਰ ਹੋਵੇਂਗਾ' ਕਹਿੰਦੇ ਹਨ ਕਿ ਇਸ ਸਰਾਪ ਕਾਰਣ ਦੋਵੇਂ ਪੂਜਾ ਦੇ ਯੋਗ ਨ ਰਹੇ ।

ਬਾਅਦ ਦੀਆਂ ਲਿਖਤਾਂ ਵਿਚ ਨਾਰਦ ਨੂੰ 'ਕਲਹ ਦਾ ਮੂਲ' ਯਾ ਉਪਦ੍ਰਵ ਕਰਾਉਣ ਵਾਲਾ ਕਲਪਿਆ ਗਿਆ ਹੈ । ਕਲਿਯੁਗ ਦਾ ਹਾਲ ਦਸਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ :—

ਨਾਰਦ ਨਾਚੈ ਕਲਿ ਕਾ ਭਾਉ ।

(ਆਸਾ ਮ: ੧)

ਇਹ ਵੀ ਖਿਆਲ ਹੈ ਕਿ ਮੂਰਤੀ ਪੂਜਾ ਦੀ ਰੀਤਿ ਨਾਰਦ ਨੇ ਚਲਾਈ :—

ਹਿੰਦੂ ਮੂਲੇ ਭੂਲੇ ਅਖੁਟੇ ਜਾਹੀ
ਨਾਰਦਿ ਕਹਿਆ ਸਿ ਪੂਜ ਕਰਾਹੀ ।

(ਵਾਰ ਬਿਹਾਗੜਾ ੧, ਪੰਨਾ ੫੫੬)

ਵੈਸੇ ਆਦਿ ਗ੍ਰੰਥ ਵਿਚ ਇਨ੍ਹਾਂ ਸਭ ਸ਼ਕਤੀਆਂ ਨੂੰ ਪ੍ਰਭੂ ਦੇ ਸੇਵਕ ਦਸਿਆ ਹੈ :—

ਨਾਰਦ ਸਾਰਦ ਕਰਹਿ ਖਵਾਸੀ ।
ਪਾਸਿ ਬੈਠੀ ਬੀਬੀ ਕਵਲਾ ਦਾਸੀ ।

(ਆਸਾ, ਕਬੀਰ, ੪੭੮)

**ਨਿਹਕਲੰਕ**

ਵਿਸ਼ਨੂੰ ਦਾ ਹੋਣ ਵਾਲਾ ਚੌਵ੍ਹੀਵਾਂ ਕਲਪਿਤ ਅਵਤਾਰ ਨਿਹਕਲੰਕ ਯਾ ਕਲਕੀ ਨਾਂ ਨਾਲ ਪੁਕਾਰਿਆ ਜਾਂਦਾ ਹੈ। ਸ਼ਰਧਾਲੂਆਂ ਵਿਚ ਵਿਸ਼ਵਾਸ ਹੈ ਕਿ ਇਹ ਅਤਿ ਦੇ ਸੰਕਟ ਸਮੇਂ ਕਲਿਜੁਗ ਦੇ ਅੰਤ ਵਿਚ, ਭਗਤਾਂ ਦੇ ਦੁਖ ਨਿਵਾਰਣ ਲਈ ਪਰਗਟ ਹੋਵੇਗਾ। ਵਿਸ਼ਨੂੰ ਪੁਰਾਣ ਵਿਚ ਤਾਂ ਇਹ ਵੀ ਲਿਖਿਆ ਹੈ ਕਿ ਇਹ ਨਗਰ ਸੰਭਲ ਜ਼ਿਲ੍ਹਾ ਮੁਰਾਦਾਬਾਦ ਵਿਚ ਵਿਸ਼ਨੂੰਯਸ਼ ਨਾਮੀ ਬ੍ਰਾਹਮਣ ਦੇ ਘਰ ਜਨਮ ਲਵੇਗਾ ਤੇ ਚਿਟੇ ਘੋੜੇ ਤੇ ਸਵਾਰ ਹੋ ਕੇ ਦੋਖੀਆਂ ਦਾ ਨਾਸ ਅਤੇ ਧਰਮ ਦਾ ਪ੍ਰਕਾਸ਼ ਕਰੇਗਾ। ਇਹ ਵੀ ਖਿਆਲ ਹੈ ਕਿ ਲੱਛਮੀ ਦੇਵੀ ਵੀ ਅਵਤਾਰ ਲਵੇਗੀ ਤੇ ਇਨ੍ਹਾਂ ਦਾ ਪੱਲਾ ਪਕੜੇਗੀ। ਇਹ ਮਨੌਤ ਬੜੀ ਚਿਰੋਕੀ ਚਲੀ ਆਉਂਦੀ ਹੈ। ਇਸੇ ਮਨੌਤ ਨੂੰ ਸਾਮ੍ਹਣੇ ਰੱਖ ਕੇ ਭੱਟਾਂ ਨੇ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਇਹ ਆਖਿਆ ਹੈ ਕਿ ਗੁਰੂ ਜੋਤਿ ਨਿਹਕਲੰਕ ਅਵਤਾਰ ਵਾਂਗ ਡੰਕੇ ਵਜਾਉਂਦੀ ਉਚਿਆਂ ਚੜ੍ਹ ਰਹੀ ਹੈ।

ਸਤਿਗੁਰੂ ਸਤਿਗੁਰੂ ਗੋਬਿੰਦ ਜੀਉ
ਬਲਿਹਿ ਛਲਨ ਸਬਲ ਮਲਨ ਭਗਤ ਫਲਨ ਕਾਨ੍ਹ ਕੁਅਰ
ਨਿਹਕਲੰਕ ਬਜੀ ਡੰਕ ਚੜ੍ਹ ਦਲ ਰਵਿੰਦ ਜੀਉ।

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੩)

**ਨਿਗਮ** — ਦੇਖੋ ਆਗਮ ਨਿਗਮ
**ਨਿਧਿ** — ਦੇਖੋ ਨਉ ਨਿਧਿ

**ਨਿਰਬਾਣ**

ਨਿਰਬਾਣ ਦਾ ਸ਼ਬਦੀ ਅਰਥ 'ਦੀਵੇ ਦਾ ਬੁਝਣਾ ਹੈ।' ਬੁਧ ਮਤ ਵਿਚ ਇਸਦੀ ਵਰਤੋਂ 'ਮੁਕਤ' ਯਾ ਉਸ ਸ਼ਾਂਤ ਅਵਸਥਾ ਲਈ ਕੀਤੀ ਜਾਂਦੀ ਹੈ ਜਿਥੇ ਕੋਈ ਦੁਖ ਸੁਖ ਨਾ ਰਹੇ। ਕਈ ਬੋਧੀ ਅਚਾਰਯ ਇਸਨੂੰ ਨਿਰੋਲ 'ਸੂੰਨਯ' ਵੀ ਕਹਿੰਦੇ ਰਹੇ ਹਨ, ਪਰ ਇਹ ਅਭਾਵ ਮਾਤਰ ਨਹੀਂ, ਸਗੋਂ ਆਤਮਾ ਦੀ ਪ੍ਰਾਪਤੀ ਦੀ ਵਿਸ਼ੇਸ਼ ਅਚਲ ਦਸ਼ਾ ਹੈ। ਜਿਵੇਂ ਸੰਤਾਂ ਨੇ 'ਤੁਰੀਆ ਪਦ' ਯਾ ਸਿਧਾਂ ਜੋਗੀਆਂ ਨੇ 'ਸਹਿਜ ਪਦ' ਯਾ ਪਰਮ ਪਦ ਨੂੰ ਆਤਮਾ ਦੀ ਉਚ ਅਵਸਥਾ ਮੰਨਿਆ ਹੈ, ਤਿਵੇਂ ਬੋਧੀ ਸਾਹਿਤ ਵਿਚ 'ਨਿਰਬਾਣ ਪਦ' ਉੱਚ ਅਵਸਥਾ ਦਾ ਸੂਚਕ ਹੈ। ਪਿਛੋਂ ਇਸ ਸੰਕੇਤ ਨੂੰ ਸੰਤਾਂ ਭਗਤਾਂ ਨੇ 'ਮੁਕਤੀ' ਦੇ ਅਰਥਾਂ ਵਿਚ ਆਮ ਵਰਤਿਆ ਹੈ। ਬੁਧ ਮਤ ਵਿਚ ਨਿਰਬਾਣ ਪ੍ਰਾਪਤੀ ਦਾ ਮਾਰਗ ਅਸ਼ਟਾਂਗ ਸੀ ਲੇਕਿਨ ਭਗਤੀ ਲਹਿਰ ਦੇ ਮਹਾਂ ਪੁਰਸ਼ਾਂ ਇਕੋ ਇਕ ਨਾਮ ਸਿਮਰਨ ਨੂੰ ਹੀ ਸੰਪੂਰਨ ਰਸਤਾ ਮੰਨਿਆ :—

ਮਿਥਿਆ ਜਿਹਬਾ ਅਵਰੇ ਕਾਮ
ਨਿਰਬਾਣ ਪਦੁ ਇਕੁ ਹਰਿ ਕੋ ਨਾਮ।

(ਭੈਰਉ ਨਾਮਦੇਵ, ਪੰਨਾ ੧੧੬੩)

ਜੀਵਨ ਪਦੁ ਨਿਰਬਾਣੁ, ਇਕੋ ਸਿਮਰੀਐ
ਦੂਜੈ ਨਾਹੀ ਜਾਇ ਕਿਨ ਬਿਧਿ ਧੀਰੀਐ ।

(ਵਾਰ ਗਉੜੀ ੫, ਪੰਨਾ ੩੨੨)

**ਨੀਸਾਣ**

ਮੁਗਲ ਜ਼ਮਾਨੇ ਵਿਚ ਸ਼ਾਹੀ-ਫੁਰਮਾਨਾਂ ਵਾਂਗ ਕਿਸੇ ਆਲ੍ਹਾ ਅਧਿਕਾਰੀ ਵਲੋਂ ਲਿਖਿਆ ਰੁੱਕਾ 'ਨੀਸਾਣ' ਕਹਾਉਂਦਾ ਸੀ, ਜਿਸ ਨੂੰ ਦਿਖਾ ਕੇ ਕੰਮ ਨਜਿੱਠ ਲਿਆ ਜਾਂਦਾ ਸੀ ਯਾ ਉਸ ਦੇ ਕਰਨ ਕਰਾਉਣ ਵਿਚ ਜ਼ਰਾ ਸਹੂਲਤ ਹੋ ਜਾਂਦੀ ਸੀ ।

ਗੁਰੂਆਂ, ਨਾਮ ਯਾ ਬਾਣੀ ਨੂੰ ਹੀ 'ਨੀਸਾਣ' ਕਿਹਾ ਹੈ ਜੋ ਅਗਲੀ ਦਰਗਾਹ ਵਿਚ ਜੀਵ ਦਾ ਸਹਾਇਕ ਹੁੰਦਾ ਹੈ । ਗੁਰੂ ਨਾਨਕ ਸਾਹਿਬ ਲਿਖਦੇ ਹਨ—

ਜਿਥੈ ਲੇਖਾ ਮੰਗੀਐ, ਤਿਥੈ ਹੋਇ ਸਚਾ ਨੀਸਾਣੁ ।

(ਸਿਰੀ ੧, ਪੰਨਾ ੧੬)

ਯਾ

ਤਪੁ ਕਾਗਦੁ ਤੇਰਾ ਨਾਮੁ ਨੀਸਾਣੁ ।

(ਮਲਾਰ ੧, ਪੰਨਾ ੧੨੫੭)

ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਦਾ ਤਤਕਰਾ ਲਿਖਦਿਆਂ ਜਪੁ ਨੂੰ 'ਜਪੁ ਨੀਸਾਣੁ' ਕਰਕੇ ਦਰਜ ਕੀਤਾ ਹੈ । ਉਥੇ ਇਸ ਦਾ ਭਾਵ ਇਹੋ ਹੈ ਕਿ ਜਪੁ ਬਾਣੀ ਇਕ ਤਰ੍ਹਾਂ ਦਾ ਸ਼ਾਹੀ ਰੁਕਾ ਹੈ, ਜੋ ਜੀਵਨ ਦੇ ਕੰਮ ਸੰਵਾਰਨ ਵਾਲਾ ਹੈ । ਯਾ ਇਹ ਇਸ ਕਿਸਮ ਦੀ ਨਿਸ਼ਾਨੀ ਹੈ ਜਿਸਨੂੰ ਦੇਖਣ ਸਾਰ ਅਧਿਆਤਮਕ ਕਾਰਜ ਦੀ ਸਫਲਤਾ ਦਾ ਵਿਸ਼ਵਾਸ ਬੱਝ ਜਾਂਦਾ ਹੈ ।

**ਨੰਦ**

ਸ੍ਰੀ ਕ੍ਰਿਸ਼ਣ ਜੀ ਦਾ ਪਾਲਕ ਪਿਤਾ ਨੰਦ, ਗੋਕਲ ਦਾ ਵਸਨੀਕ ਅਤੇ ਗਊਆਂ ਚਾਰਣੇ ਦਾ ਕੰਮ ਕਰਦਾ ਸੀ । ਇਸ ਦੀ ਘਰ ਵਾਲੀ ਜਸੋਧਾਂ ਨੇ ਬਾਲਕ ਕਾਨ੍ਹ ਨੂੰ ਬਹੁਤ ਲਾਡ ਲਡਾ ਕੇ ਪਾਲਿਆ । ਕ੍ਰਿਸ਼ਨ ਜੀ ਦੇ ਜਨਮ-ਦਾਤੇ ਮਾਪੇ-ਸ੍ਰੀ ਵਸੁਦੇਵ ਤੇ ਦੇਵਕੀ ਸਨ ਲੇਕਿਨ ਕੰਸ ਤੋਂ ਬਚਾਉਣ ਲਈ ਉਨ੍ਹਾਂ ਕਾਨ੍ਹ ਜੀ ਨੂੰ ਨੰਦ ਦੇ ਘਰ ਭੇਜ ਦਿਤਾ ਸੀ । ਕਬੀਰ ਜੀ ਨੇ ਅਵਤਾਰਵਾਦ ਦਾ ਖੰਡਨ ਕਰਦਿਆਂ ਲਿਖਿਆ ਹੈ :—

ਤੁਮ੍ਹ ਜੁ ਕਹਤ ਹਉ ਨੰਦ ਕੋ ਨੰਦਨੁ
ਨੰਦ ਸੁ ਨੰਦਨੁ ਕਾ ਕੋ ਰੇ
ਧਰਨਿ ਅਕਾਸੁ ਦਸੋ ਦਿਸ ਨਾਹੀ
ਤਬ ਇਹੁ ਨੰਦੁ ਕਹਾ ਥੋ ਰੇ ।

(ਗਉੜੀ ਕਬੀਰ, ਪੰਨਾ ੩੩੮)

## ਪਉੜੀ

ਪੰਜਾਬੀ ਬੀਰ-ਕਾਵਿ ਦਾ ਇਕ ਖਾਸ ਬਹਿਰ ਜਾਂ ਚਰਣ-ਪ੍ਰਬੰਧ, ਜਿਸ ਵਿਚ ਕਈ ਪਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਮਿਲਦੀ ਹੈ ਤੇ ਵਾਰਾਂ ਵਿਚ ਇਸ ਦਾ ਪ੍ਰਯੋਗ ਵਧੇਰੇ ਹੋਇਆ ਹੈ। ਸੋ ਇਸ ਨੂੰ ਇਕ ਛੰਦ ਕਹਿਣਾ ਠੀਕ ਨਹੀਂ ਕਿਉਂਕਿ ਸਾਰੀਆਂ ਪਉੜੀਆਂ ਦਾ ਇਕ ਵਜ਼ਨ ਨਹੀਂ। ਅਜੇਹੀਆ ਪਉੜੀਆਂ ਵੀ ਹਨ ਜਿਨ੍ਹਾਂ ਵਿਚ ੨੦ ਤੋਂ ੩੦ ਮਾਤ੍ਰਾਂ ਤਕ ਮਿਲਦੀਆਂ ਹਨ ਤੇ ੨੦, ੨੧ ਵਾਲੀਆਂ ਵਧੇਰੇ ਪ੍ਰਚਲਤ ਹਨ। ਛੰਦਾਬੰਦੀ ਦੇ ਪੱਖ ਤੋਂ ਪਉੜੀ ਦੇ ਕਲੇਵਰ ਵਿਚ ਨਿਸ਼ਾਨੀ ਛੰਦ, ਸਿਰਖੰਡੀ, ਹੰਸਗਤਿ ਆਦਿ ਕਈ ਛੰਦਾਂ ਦੇ ਵਜ਼ਨ ਹਨ ਤੇ ਚਰਣਾਂ ਦੀ ਗਿਣਤੀ ਵਿਚ ਵੀ ਕਾਫ਼ੀ ਭੇਦ ਹੈ। ਕਿਸੇ ਪਉੜੀ ਦੇ ਚਾਰ, ਪੰਜ, ਛੇ ਚਰਣ ਹਨ ਕਿਸੇ ਦੇ ੮ ਯਾ ਇਸ ਤੋਂ ਵਧ। ਬਾਵਨ ਅਖਰੀ ਵਿਚ ਚੌਪਈ ਦੀ ਬਣਤ ਵਾਲੀ ਰਚਨਾ ਵੀ ਪਉੜੀ ਕਹਿ ਕੇ ਅੰਕਿਤ ਕੀਤੀ ਗਈ, ਇਸੇ ਤਰ੍ਹਾਂ ਹੋਰ।

ਇਹ ਪਉੜੀ ਦੇ ਭੇਦ ਦੇਖਣ ਲਈ ਕੁਝ ਉਦਾਹਰਣ ਪੇਸ਼ ਹਨ :

ਆਪੀਨੈ ਆਪੁ ਸਾਜਿ ਆਪੁ ਪਛਾਣਿਆ
ਅੰਬਰ ਧਰਤਿ ਵਿਛੋੜਿ ਚੰਦੋਆ ਤਾਣਿਆ।

(ਵਾਰ ਮਲਾਰ, ੧ ਪੰਨਾ ੧੨੭੯)

ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ।

(ਵਾਰ ਆਸਾ ੧, ਪੰਨਾ ੪੬੩)

ਤਿਸੁ ਗੁਰ ਕਉ ਹਉ ਵਾਰਿਆ, ਜਿਨਿ ਹਰਿ ਕੀ ਹਰਿ ਕਥਾ ਸੁਣਾਈ।

(ਵਾਰ ਵਡਹੰਸ ੪, ਪੰਨਾ ੫੯੨)

ਤਟ ਤੀਰਥ ਦੇਵ ਦੇਵਾਲਿਆ, ਕੇਦਾਰੁ ਮਥੁਰਾ ਕਾਸੀ
ਕੋਟਿ ਤੇਤੀਸਾ ਦੇਵਤੇ, ਸਣੁ ਇੰਦ੍ਰੈ ਜਾਸੀ।

(ਵਾਰ ਮਾਰੂ ੫, ੧੧੦੦)

## ਪਹਰਿਆ ਕੈ ਘਰਿ ਗਾਵਣਾ

ਸਿਰੀ ਰਾਗ ਵਿਚ ਭਗਤ ਬੇਣੀ ਜੀ ਦੇ ਇਕ ਸ਼ਬਦ 'ਰੇ ਨਰ ਗਰਭ ਕੁੰਡਲ ਜਬ ਆਛਤ' ਦੇ ਅਰੰਭ ਵਿਚ ਇਹ ਹਦਾਇਤ ਦਿਤੀ ਹੈ ਕਿ ਇਸਨੂੰ 'ਪਹਰਿਆ ਕੈ ਘਰਿ ਗਾਵਣਾ' ਹੈ। 'ਪਹਰੇ' ਇਕ ਕਾਵਿ-ਰੂਪ ਹੈ ਤੇ ਇਸ ਨੂੰ ਗਾਉਣ ਦੀ ਵੀ ਇਕ ਵਿਸ਼ੇਸ਼ ਧਾਰਣਾ ਪ੍ਰਚਲਤ ਹੈ। ਸੋ ਇਨ ਸ਼ਬਦ ਬਾਰੇ ਕਿਹਾ ਗਿਆ ਹੈ ਕਿ ਇਸਨੂੰ ਵੀ ਉਸੇ ਤਰਜ਼ ਤੇ ਗਾਉਣਾ ਹੈ ਜਿਸ ਤੇ ਸਿਰੀ ਰਾਗ ਦੇ 'ਪਹਰੇ' ਬਾਣੀ ਗਾਈ ਜਾਂਦੀ ਹੈ। ਜੇਕਰ ਘਰ ਦਾ ਅਰਥ 'ਤਾਲ' ਹੀ ਹੁੰਦਾ ਤਾਂ ਇਤਨੀ ਲੰਮੀ ਸੂਚਨਾ ਦੇਣ ਦੀ ਥਾਂ 'ਘਰ ੧' ਲਿਖਣਾ ਵਧੇਰੇ ਸੌਖਾ ਤੇ ਕਾਫ਼ੀ ਸੀ, ਪਰ ਮਾਲੂਮ ਹੁੰਦਾ ਹੈ ਇਸ ਨੋਟ ਦਾ ਭਾਵ ਇਹੋ ਹੈ ਕਿ ਇਸਨੂੰ ਪਹਰਿਆਂ ਵਾਂਙ ਹੀ ਗਾਇਆ ਜਾਵੇ।

## ਪਹਰੇ

ਇਕ ਕਾਵਿ ਰੂਪ ਜੋ ਰਾਤ ਦੇ ਚਾਰ ਪਹਰਾਂ ਨੂੰ ਅਧਾਰ ਬਣਾ ਕੇ ਜੀਵਨ-ਸਿਖਿਆ ਦਾ ਪਾਠ ਪੇਸ਼ ਕਰਦਾ ਹੈ। ਪੁਰਾਣੇ ਜ਼ਮਾਨੇ ਵਿਚ ਸਮੇਂ ਦੇ ਮਾਪ ਦੰਡ-ਵਿਸਾ, ਚਸਾ, ਘੜੀ, ਪਲ, ਪਹਰ, ਤੇ ਦਿਨ ਰਾਤ ਸਨ। ੧੫ ਨਿਮਖਾਂ ਦਾ ਵਿਸਾ, ੧੫ ਵਿਸਿਆਂ ਦਾ ਚਸਾ, ੩ ਚਸੇ ਦਾ ਪਲ, ੬੦ ਪਲਾਂ ਦੀ ਘੜੀ, ਅੱਠ ਘੜੀਆਂ ਦਾ ਪਹਰ ਤੇ ਅੱਠ ਪਹਰ ਦਾ ਦਿਨ ਰਾਤ ਗਿਣਿਆ ਜਾਂਦਾ ਸੀ। 'ਪਹਰੇ' ਬਾਣੀ ਵਿਚ ਰਾਤ ਦੇ ਚਾਰ ਪਹਰਾਂ ਨੂੰ ਅਧਾਰ ਬਣਾ ਕੇ ਗਰਭ ਅਵਸਥਾ,ਬਾਲ ਅਵਸਥਾ, ਜੋਬਨ ਤੇ ਬਿਰਧ ਅਵਸਥਾ ਦਾ ਵਰਣਨ ਕਰਕੇ ਜੀਵ ਨੂੰ ਦੁਨਿਆਵੀ ਜੰਜਾਲ ਵਿਚ ਫਸਣ ਦੀ ਥਾਂ ਪ੍ਰਭੂ ਸਿਮਰਨ ਵਲ ਪ੍ਰੇਰਿਆ ਗਿਆ ਹੈ।

ਸਿਰੀ ਰਾਗ ਵਿਚ ਗੁਰੂ ਨਾਨਕ,ਗੁਰੂ ਰਾਮਦਾਸ ਤੇ ਗੁਰੂ ਅਰਜਨ ਤਿੰਨਾਂ ਦੇ ਵੱਖ ਵੱਖ 'ਪਹਰੇ' ਲਿਖੇ ਹਨ ਅਤੇ ਰਾਗ ਤੁਖਾਰੀ ਵਿਚ ਗੁਰੂ ਨਾਨਕ ਸਾਹਿਬ ਨੇ 'ਪਹਿਰੇ ਛੰਤ ਰੂਪ ਵਿਚ ਉਚਾਰੇ ਤੇ ਉਥੇ ਜੀਵਾਤਮਾਂ ਨੂੰ 'ਇਸਤਰੀ' ਕਹਿ ਕੇ ਸੰਬੋਧਨ ਕੀਤਾ ਹੈ ਜਦੋਂ ਕਿ ਪਹਿਲਿਆਂ ਵਿਚ 'ਵਣਜਾਰਾ' ਆਖਿਆ ਗਿਆ ਹੈ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਿਰਧਿ ਭਇਆ ਤਨੁ ਖੀਣੁ।

(ਸਿਰੀ ੧, ਪੰਨਾ ੭੫)

ਪਹਲੈ ਪਹਰੈ ਨੈਣ ਸਲੋਨੜੀਏ
ਰੈਣਿ ਅੰਧਿਆਰੀ ਰਾਮ।

(ਤੁਖਾਰੀ ੧, ਪੰਨਾ, ੧੧੧੦)

## ਪਟੀ

ਭਾਰਤੀ ਸਾਹਿਤ ਵਿਚ ਵਰਣਮਾਲਾ ਆਸਰੇ ਕਾਵਿ-ਰਚਨਾ ਕਰਨ ਦਾ ਰਿਵਾਜ ਬੜਾ ਪੁਰਾਣਾ ਹੈ। ਇਸ ਕਿਸਮ ਦੀਆਂ ਰਚਨਾਵਾਂ ਬਾਵਨ ਅਖਰੀ, ਬਾਵਨੀ, ਕਕਹਿਰਾ, ਪਟੀ, ਪੈਂਤੀਸ ਅੱਖਰੀ ਆਦਿ ਕਈ ਮਿਲਦੀਆਂ ਹਨ। ਗੁਰੂ ਨਾਨਕ ਸਾਹਿਬ ਨੇ'ਪਟੀ'ਕਾਵਿ ਰੂਪ ਵਾਲੀ ਰਚਨਾ ਗੁਰਮੁਖੀ ਦੇ ੩੫ ਅੱਖਰਾਂ ਦੇ ਅਧਾਰ ਤੇ ਲਿਖੀ ਜੋ ਕਿ ਆਸਾ ਰਾਗ ਵਿਚ ੩੫ ਛੰਦਾਂ ਦੀ ਰਚਨਾ ਹੈ। ਪੱਟੀ, ਅੱਖਰ ਲਿਖਣ ਵਾਲੀ ਲੱਕੜ ਦੀ ਤਖਤੀ ਨੂੰ ਕਹਿੰਦੇ ਹਨ ਜਿਸ ਤੇ ਅਧਿਆਪਕ ਪਹਿਲੇ ਪੂਰਨੇ ਪਾ ਦਿੰਦਾ ਤੇ ਨਵਾਂ ਸਿਖਾਂਦਰੂ ਬੱਚਾ ਉਸਦੀ ਨਕਲ ਕਰਕੇ ਅੱਖਰ ਪਕਾ ਲੈਂਦਾ ਹੈ। ਇਸ ਤੋਂ ਵਰਣਮਾਲਾ ਦਾ ਨਾਮ 'ਪੱਟੀ' ਪਿਆ। ਸੋ ਸਾਹਿਤ ਵਿਚ 'ਪਟੀ' ਉਹ ਕਾਵਿ-ਰੂਪ ਹੈ. ਜਿਸ ਵਿਚ ਗੁਰਮੁਖੀ ਵਰਣਮਾਲਾ ਆਸਰੇ ਕੋਈ ਕਵਿਤਾ ਲਿਖੀ ਜਾਵੇ।

ਆਸਾ ਰਾਗ ਵਿਚ ਗੁਰੂ ਨਾਨਕ ਤੇ ਗੁਰੂ ਅਮਰਦਾਸ ਜੀ ਦੀਆਂ ਲਿਖੀਆਂ ਦੋ ਪਟੀਆਂ ਮਿਲਦੀਆਂ ਹਨ। ਜਨਮਸਾਖੀਆਂ ਦੀ ਰਵਾਇਤ ਅਨੁਸਾਰ ਗੁਰੂ ਨਾਨਕ

ਸਾਹਿਬ ਜਦੋਂ ਬਾਲ ਅਵਸਥਾ ਵਿਚ ਪੜ੍ਹਨੇ ਪਏ ਤਾਂ ਉਨ੍ਹਾਂ ਪਾਂਧੇ ਨੂੰ ਉਪਦੇਸ਼ ਦੇਣ ਲਈ ਇਹ ਪਟੀ ਉਚਾਰੀ ਸੀ। ਇਸ 'ਪਟੀ' ਦਾ ਪ੍ਰਧਾਨ ਵਿਸ਼ਾ ਸਹੀ ਗਿਆਨ ਦੀ ਪ੍ਰਾਪਤੀ ਦਾ ਯਤਨ ਹੈ ਜਿਸ ਨਾਲ ਆਤਮਾ ਦੀ ਕਲਿਆਣ ਹੋ ਸਕੇ।

**ਪਦਮਾਸਨ** — ਦੇਖੋ ਚਉਰਾਸੀਹ ਆਸਨ

**ਪਦਾ**

ਸੰਸਕ੍ਰਿਤ ਵਿਚ ਛੰਦ-ਬਧ ਰਚਨਾ ਪਦਜ ਤੇ ਇਸਤੋਂ ਬਿਨਾ ਬਾਕੀ ਗੱਦਜ, ਆਖੀ ਜਾਂਦੀ ਹੈ। ਸੋ ਪਦਾ ਸ਼ਬਦ ਪੱਦਜ ਤੋਂ ਹੀ ਬਦਲ ਕੇ ਬਣਿਆ ਹੈ। ਜੈਦੇਵ ਜੀ ਦਾ ਰਾਗ ਗੂਜਰੀ ਵਿਚ ਆਇਆ ਸੰਸਕ੍ਰਿਤਮਈ ਗੀਤ 'ਪਦਾ' ਨਾਮ ਨਾਲ ਸਿਰਲੇਖਿਆ ਗਿਆ ਹੈ ਚੂੰਕਿ ਵੈਸ਼ਣਵ ਲੋਕ ਵਿਸ਼ਨੂਪਦਿਆਂ ਦਾ ਗਾਇਨ ਕਰਦੇ ਸਨ, ਇਸ ਕਰਕੇ ਪਿਛੋਂ ਜਾ ਕੇ ਉਸਤਤੀ ਗੀਤਾਂ ਨੂੰ ਬਿਸ਼ਨ ਪਦੇ ਯਾ ਪਦੇ ਆਖਿਆ ਜਾਣ ਲਗਾ। ਭਗਤੀ ਲਹਿਰ ਸਮੇਂ ਸੰਤਾਂ ਦੇ ਉਚਾਰੇ ਅਧਿਆਤਮਕ ਗੀਤ 'ਪਦੇ' ਅਖਵਾਏ। 'ਪਦਾ', ਛੰਦ ਦੇ ਇਕ ਭਾਗ ਨੂੰ ਵੀ ਕਿਹਾ ਜਾਂਦਾ ਹੈ, ਇਸੇ ਦੇ ਅਧਾਰ ਤੇ ਅਗੇ ਇਸ ਦੇ ਕਈ ਭੇਦ ਹੋਏ ਜਿਵੇਂ ਕਿ ਦੁਪਦੇ, ਤਿਪਦੇ, ਚਉਪਦੇ ਆਦਿ। ਦੋ ਬੰਦਾਂ ਵਾਲੇ ਛੰਦ ਦੁਪਦੇ, ਤਿੰਨਾਂ ਵਾਲੇ ਤਿਪਦੇ ਤੇ ਚਾਰ ਚਾਰ ਬੰਦਾਂ ਵਾਲੇ ਛੰਦ 'ਚਉਪਦੇ' ਕਹਾਉਂਦੇ ਹਨ। ਮੱਧਕਾਲੀਨ ਭਗਤੀ-ਕਾਵਿ ਵਿਚ ਸੰਤ ਕਵੀਆਂ ਇਨ੍ਹਾਂ ਦੀ ਹੀ ਵਧੇਰੇ ਵਰਤੋਂ ਕੀਤੀ ਹੈ।

**ਪਦਾਰਥ**—ਦੇਖੋ ਚਾਰ ਪਦਾਰਥ

**ਪਰਸੁਰਾਮ**

ਪਰਸੁ ਦਾ ਅਰਥ ਹੈ ਕੁਹਾੜਾ, 'ਕੁਹਾੜੇ ਵਾਲਾ ਰਾਮ' ਪਰਸਰਾਮ ਕਿਹਾ ਜਾਂਦਾ ਹੈ ਜੋ ਕਿ ਬ੍ਰਾਹਮਣ ਰਿਸ਼ੀ ਜਮਦਗਨ ਤੇ ਕਾਮਲੀ ਰੇਣਕਾ ਦਾ ਪੁੱਤਰ ਸੀ। ਪੁਰਾਣਕ ਮਨੌਤ ਅਨੁਸਾਰ ਇਹ ਵਿਸ਼ਨੂੰ ਦਾ ਅਵਤਾਰ ਸੀ ਜਿਸ ਨੇ ੨੧ ਵਾਰ ਖਤਰੀਆਂ ਦਾ ਸੰਘਾਰ ਕਰਕੇ ਧਰਤੀ ਬ੍ਰਾਹਮਣਾਂ ਦੇ ਹਵਾਲੇ ਕੀਤੀ। ਚੂੰਕਿ ਇਹ ਧਰਤੀ ਬ੍ਰਾਹਮਣਾਂ ਨੂੰ ਦਾਨ ਕਰ ਚੁਕਾ ਸੀ, ਇਸ ਲਈ ਇਹ ਆਪ ਇਥੇ ਨਿਵਾਸ ਨਹੀਂ ਸੀ ਰਖਦਾ, ਆਕਾਸ਼ ਵਿਚ ਜਾ ਕੇ ਬਿਸਰਾਮ ਕਰਦਾ ਸੀ।

ਖਤ੍ਰੀਆਂ ਨਾਲ ਇਸ ਦਾ ਵਿਰੋਧ ਹੋਣ ਦਾ ਕਾਰਣ ਇਹ ਦਸਿਆ ਜਾਂਦਾ ਹੈ ਕਿ ਇਸ ਦੇ ਪਿਤਾ ਜਮਦਗਨ ਨੂੰ ਰਾਜਾ ਸਹਸ੍ਰਬਾਹੂ ਨੇ ਮਾਰ ਦਿਤਾ ਤੇ ਇਹ ਜਦ ਤਪੱਸਿਆ ਕਰਨ ਪਿਛੋਂ ਘਰ ਆਇਆ ਤਾਂ ਇਸ ਦੀ ਮਾਤਾ ਦੁਹੱਥੜੀਂ ਪਿੱਟ ਰਹੀ ਸੀ। ਇਸੇ ਘਟਨਾ ਵਲ ਸੰਕੇਤ ਕਰਦਿਆਂ ਗੁਰੂ ਸਾਹਿਬ ਨੇ ਲਿਖਿਆ ਹੈ—

ਪਰਸਰਾਮ ਰੋਵੈ ਘਰਿ ਆਇਆ ।

(ਵਾਰ ਰਾਮਕਲੀ ੧ ਪੰਨਾ ੯੫੩)

ਪਰਸਰਾਮ ਨੇ ਕਿਹਾ ਕਿ ਮੈਂ ਇਸ ਦਾ ਬਦਲਾ ਲਵਾਂਗਾ, ਇਸ ਲਈ ਇਸ ਨੇ ੨੧ ਵਾਰ ਖਤ੍ਰੀ ਮਾਰ ਕੇ ਸਾਰੀ ਧਰਤੀ ਖਤਰੀ-ਰਹਿਤ ਕੀਤੀ ਤੇ ਪੰਜ ਵਡੇ ਤਾਲਾਬ ਲਹੂ ਨਾਲ ਭਰ ਦਿਤੇ । ਪਿਛੋਂ ਰਿਸ਼ੀ ਰਚੀਕ ਦੇ ਕਹਿਣ ਤੇ ਇਸ ਕੱਟਾਵਢੀ ਬੰਦ ਕੀਤੀ ਤੇ ਗੰਧਮਾਦਨ ਪਰਬਤ ਤੇ ਤਪ ਕਰਨ ਚਲਾ ਗਿਆ । ਪਰਸੁਰਾਮ ਬੜਾ ਸੂਰਬੀਰ ਯੋਧਾ ਸੀ, ਇਸ ਨੂੰ ਕੁਹਾੜਾ ਸ਼ਿਵਾਂ ਨੇ ਪ੍ਰਦਾਨ ਕੀਤਾ ਸੀ, ਇਸ ਨੇ ਕਰਣ ਨੂੰ ਅਸਤ੍ਰ ਵਿਦਿਆ ਸਿਖਾਈ ਤੇ ਭੀਸ਼ਮ ਨਾਲ ਯੁੱਧ ਵੀ ਕੀਤਾ ਸੀ ।

ਪਰੰਤੂ ਰਾਮਾਇਣ ਵਿਚ ਦਿਤੀ ਕਥਾ ਅਨੁਸਾਰ ਸ੍ਰੀ ਰਾਮਚੰਦਰ ਜੀ ਪਰਸਰਾਮ ਦੀ ਸੂਰਬੀਰਤਾ ਉਤੇ ਭਾਰੂ ਹੋ ਗਏ ਸਨ । ਜਦੋਂ ਰਾਮ ਜੀ ਨੇ ਸ਼ਿਵਾਂ ਦਾ ਧਨੁਖ ਤੋੜ ਦਿਤਾ ਤਾਂ ਪਰਸੁਰਾਮ ਨੂੰ ਗੁੱਸਾ ਬੜਾ ਆਇਆ ਤੇ ਇਸ ਨੇ ਕਿਹਾ, 'ਮੇਰੇ ਧਨੁਖ ਦਾ ਚਿੱਲਾ ਚੜ੍ਹਾ ਕੇ ਦਿਖਾਓ ।' ਸ੍ਰੀ ਰਾਮ ਚੰਦ੍ਰ ਜੀ ਨੇ ਸਹਿਜੇ ਹੀ ਇਹ ਵੀ ਚੜ੍ਹਾ ਦਿਤਾ ਤੇ ਨਾਲ ਹੀ ਤੀਰ ਮਾਰ ਕੇ ਪਰਸਰਾਮ ਦੀ ਅਕਾਸ਼ਗਤੀ ਰੋਕ ਦਿਤੀ । ਇਸੇ ਕਥਾ ਵਲ ਇਸ਼ਾਰਾ ਕਰਦਾ ਭੱਟ ਕਲਸਹਾਰ ਲਿਖਦਾ ਹੈ :

ਗਾਵੈ ਜਮਦਗਨਿ ਪਰਸਰਾਮੇਸਰ, ਕਰਿ ਕੁਠਾਰ ਰਘੁ ਤੇਜ ਹਰਿਓ ।

(ਸਵਈਏ ਮਹਲੇ ਪਹਲੇ ਕੇ ਪੰਨਾ, ੧੩੮੯)

## ਪ੍ਰਸਾਦਿ

ਪ੍ਰਸਾਦ ਦਾ ਸ਼ਬਦੀ ਅਰਥ ਕ੍ਰਿਪਾ ਯਾ ਪਵਿਤ੍ਰਤਾ ਹੈ । ਗੁਰਬਾਣੀ ਵਿਚ ਬਾਰ ਬਾਰ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਸਭ ਕੁਝ ਦਾ ਕਰਤਾ ਧਰਤਾ ਪਰਮੇਸ਼ਰ ਹੈ, ਮਨੁੱਖ ਨਹੀਂ । ਇਸ ਲਈ ਜੇ ਉਹ ਕਰਮ ਧਰਮ ਕਰਕੇ ਮੁਕਤੀ ਯਾ ਪਰਮ ਪਦਵੀ ਪਾਉਣਾ ਚਾਹੇ ਤਾਂ ਇਹ ਸੰਭਵ ਨਹੀਂ ਸਗੋਂ ਇਹ ਸਭ ਕੁਝ ਉਸ ਦੀ ਕ੍ਰਿਪਾ ਦਾ ਹੀ ਸਿੱਟਾ ਹੈ । ਇਸੇ ਕਰਕੇ ਮੂਲਮੰਤ੍ਰ ਵਿਚ ਪਰਮਸੱਤਾ ਦੀ ਪ੍ਰਾਪਤੀ ਦਾ ਮਾਰਗ 'ਗੁਰਪ੍ਰਸਾਦਿ ਅਰਥਾਤ 'ਗੁਰੂ ਦੀ ਕ੍ਰਿਪਾ ਦੁਆਰਾ' ਦਸਿਆ ਗਿਆ ਹੈ । ਇਸੇ ਕਰਕੇ ਸਚਖੰਡ ਪਹੁੰਚਣ ਲਈ 'ਕਰਮਖੰਡ' 'ਜ਼ਰੂਰੀ ਪਉੜੀ ਹੈ, ਕਰਮਖੰਡ ਦਾ ਭਾਵ ਵੀ ਬਖਸ਼ਿਸ਼ ਦਾ ਪੜਾਉ ਹੈ ।

ਸੋ ਸੰਤ ਸੰਕੇਤਾਵਲੀ ਵਿਚ 'ਪ੍ਰਭੂ ਕ੍ਰਿਪਾ' ਨੂੰ 'ਪ੍ਰਸਾਦ' ਕਹਿ ਕੇ ਯਾਦ ਕੀਤਾ ਗਿਆ ਹੈ । ਇਸ ਦਾ ਭਾਵ ਇਹੋ ਹੈ ਕਿ ਜਗਿਆਸੂ ਇਸ ਵਿਸ਼ਵਾਸ਼ ਦਾ ਧਾਰਨੀ ਬਣੇ ਕਿ ਉਹ ਆਪਣੇ ਕਰਮ ਨਾਲ ਕੁਝ ਵੀ ਹਾਸਲ ਨਹੀਂ ਕਰ ਸਕਦਾ, ਸਭ ਕੁਝ ਉਸ ਦੀ ਕ੍ਰਿਪਾ ਯਾ ਪ੍ਰਸਾਦ ਤੇ ਨਿਰਭਰ ਹੈ ।

ਜਿਸ ਪ੍ਰਸਾਦਿ ਪਰਮਗਤਿ ਪਾਵਹਿ
ਜਿਸ ਪ੍ਰਸਾਦਿ ਸੁਖਿ ਸਹਜਿ ਸਮਾਵਹਿ ।
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ । ੬ ।

(ਗਉੜੀ ਸੁਖਮਨੀ ੫, ਪੰਨਾ ੨੭੦)

## ਪ੍ਰਹਿਲਾਦ

ਪ੍ਰਹਿਲਾਦ ਦਾ ਪਿਤਾ ਹਿਰਣਯਕੱਸ਼ਪ ਦਿਤੀ ਦੇ ਉਦਰ ਤੋਂ ਕੱਸ਼ਯਪ ਦਾ ਪੁੱਤਰ ਸੀ ਇਸ ਨੇ ੧੧ ਹਜ਼ਾਰ ਵਰ੍ਹੇ ਕਠਿਨ ਤਪੱਸਿਆ ਕਰਕੇ ਬ੍ਰਹਮਾ ਤੋਂ ਵਰ ਪ੍ਰਾਪਤ ਕੀਤਾ ਕਿ ਨਾ ਉਹ ਦਿਨੇ ਮਰੇਗਾ ਨਾ ਰਾਤ, ਨਾ ਅੰਦਰ ਨਾ ਬਾਹਰ, ਨਾ ਜਲ ਵਿਚ ਨ ਥਲ ਵਿਚ, ਨ ਉਸਦੀ ਮੌਤ ਕਿਸੇ ਪਸੂ ਕੋਲੋਂ ਹੋਵੇਗੀ ਨਾ ਦੇਵਤਾ ਜਾਂ ਮਨੁੱਖ ਕੋਲੋਂ ਅਤੇ ਨਾ ਹੀ ਉਹ ਕਿਸੇ ਸ਼ਸਤ੍ਰ ਨਾਲ ਮਾਰਿਆ ਜਾ ਸਕੇਗਾ : ਇਸ ਵਰ ਪ੍ਰਾਪਤੀ ਬਾਅਦ ਇਸਨੇ ਇੰਦ੍ਰ ਤੋਂ ਸੁਰਗ ਦਾ ਰਾਜ ਖੋਹ ਲਿਆ ਉਹ ਵਿਸ਼ਨੂੰ ਦਾ ਵਿਰੋਧੀ ਬਣ ਗਿਆ ਅਤੇ ਲੋਕਾਂ ਉਤੇ ਤਰ੍ਹਾਂ ਤਰ੍ਹਾਂ ਦੀ ਸਖਤੀ ਕਰਨ ਲਗਾ। ਹਿਰਣਯਕੱਸ਼ਪ ਦੇ ਚਾਰ ਪੁੱਤਰ ਸਨ ਅਨੁਹਲਾਦ, ਹਲਾਦ, ਪ੍ਰਹਲਾਦ ਅਤੇ ਸੰਹਲਾਦ। ਪ੍ਰਹਲਾਦ ਵਿਸ਼ਨੂੰ ਦਾ ਅਨਿੰਨ ਭਗਤ ਸੀ, ਇਸ ਕਰਕੇ ਪਿਤਾ ਉਸ ਨਾਲ ਨਰਾਜ਼ ਸੀ। ਉਸ ਨੇ ਪ੍ਰਹਲਾਦ ਨੂੰ ਵਿਸ਼ਨੂੰ-ਭਗਤੀ ਵਲੋਂ ਮੋੜਨ ਲਈ ਬਹੁਤ ਸਮਝਾਇਆ। ਪਰ ਉਹ ਨਾ ਮੰਨਿਆ ਹਿਰਣਯਕੱਸ਼ਪ ਨੇ ਉਸ ਨੂੰ ਤਰ੍ਹਾਂ ਤਰ੍ਹਾਂ ਦੇ ਕਸ਼ਟ ਦਿਤੇ। ਅੰਤ ਵਿਚ ਪ੍ਰਹਲਾਦ ਨੂੰ ਇਕ ਥੰਮ ਨਾਲ ਬੰਨ੍ਹ ਦਿਤਾ ਤੇ ਪੁਛਿਆ ਕਿ ਦੱਸ ਤੇਰਾ ਵਿਸ਼ਨੂੰ ਭਗਵਾਨ ਕਿਥੇ ਹੈ ? ਕਹਿੰਦੇ ਹਨ ਕਿ ਉਸੇ ਵੇਲੇ ਭਗਵਾਨ ਨਰਸਿੰਘ ਰੂਪ ਵਿਚ ਪਰਗਟ ਹੋਇਆ ਤੇ ਉਸ ਨੇ ਹਿਰਣਯਕੱਸ਼ਪ ਨੂੰ ਨਹੁੰਦਰਾਂ ਨਾਲ ਮਾਰ ਦਿਤਾ। ਫਿਰ ਭਗਵਾਨ ਨੇ ਪ੍ਰਹਿਲਾਦ ਨੂੰ ਪੁਛਿਆ, ਦੱਸ ਤੇਰੀ ਕੀ ਮੰਗ ਹੈ, ਤਾਂ ਪ੍ਰਹਿਲਾਦ ਨੇ ਆਪਣੇ ਪਿਤਾ ਦੀ ਕਲਿਆਣ ਦਾ ਵਰ ਮੰਗਿਆ। ਭਗਤੀ ਕਾਲ ਦੀ ਰਚਨਾ ਵਿਚ ਪ੍ਰਹਿਲਾਦ ਨੂੰ ਹਿਰਣਯਕੱਸ਼ਪ ਦੀ ਥਾਂ ਹਰਨਾਖਸ਼ ਦਾ ਪੁੱਤਰ ਦਸਿਆ ਗਿਆ ਹੈ।

ਸੰਤ ਬਾਣੀ ਤੇ ਗੁਰੂ ਬਾਣੀ ਵਿਚ ਪ੍ਰਹਿਲਾਦ ਭਗਤ ਦੀ ਮਿਸਾਲ ਬਾਰ ਬਾਰ ਵਰਤੀ ਗਈ ਹੈ ਕਿ ਆਪ ਪਰਮੇਸ਼ਰ, ਭਗਤਾਂ ਦੀ ਪੈਜ ਰਖਦਾ ਹੈ:—

ਹਰਿ ਜੁਗੁ ਜੁਗੁ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ
ਹਰਿਣਾਖਸੁ ਦੁਸਟੁ ਹਰਿ ਮਾਰਿਆ, ਪ੍ਰਹਿਲਾਦੁ ਤਰਾਇਆ।

(ਆਸਾ ਛੰਤ ੪, ਪੰਨਾ ੪੫੧,)

## ਪ੍ਰਭਾਤੀ

ਭੈਰਵ ਠਾਠ ਦਾ ਸੰਪੂਰਨ ਰਾਗ, ਜਿਸਦਾ ਮਾ ਵਾਦੀ ਤੇ ਸਾ ਸੰਵਾਦੀ ਹੈ। ਇਸਨੂੰ ਸਾ, ਗਾ, ਮਾ, ਪਾ, ਨੀ ਸੁਧ ਤੇ ਰੇ ਅਤੇ ਧਾ ਕੋਮਲ ਲਗਦੇ ਹਨ।

ਪ੍ਰਾਚੀਨ ਸੰਗੀਤਕਾਰ ਇਸਨੂੰ ਆਸਾ ਤੇ ਭੈਰਉ ਦੇ ਮੇਲ ਤੋਂ ਬਣਿਆ ਮੰਨਦੇ ਹਨ। ਕਈ ਇਸ ਨੂੰ ਹਿੰਡੋਲ ਦਾ ਪੁੱਤਰ ਆਖਦੇ ਹਨ। ਇਸ ਦੇ ਗਾਉਣ ਦਾ ਸਮਾਂ ਸਵੇਰ ਸਾਰ ਹੈ। ਆਦਿ ਗ੍ਰੰਥ ਵਿਚ ਇਹ ਤੀਹਵੀਂ ਥਾਂ ਤੇ ਦਰਜ ਹੈ ਤੇ ਕੁਝ ਥਾਈਂ ਇਸਨੂੰ ਬਿਭਾਸ ਨਾਲ ਮਿਲਾ ਕੇ ਗਾਉਣ ਦਾ ਸੰਕੇਤ ਹੈ। ਬਿਭਾਸ ਵੀ ਭੈਰਵ

ਠਾਠ ਦਾ ਔੜਵ ਰਾਗ ਹੈ, ਇਸ ਦਾ ਧਾ ਵਾਦੀ ਤੇ ਗਾ ਸੰਵਾਦੀ ਹੁੰਦਾ ਹੈ ਤੇ ਮਾ ਤੇ ਨੀ ਨਹੀਂ ਲਾਏ ਜਾਂਦੇ ।

ਪਰਮਗਤਿ ]
ਪਰਮਪਦ ] ਦੇਖੋ ਚਉਥਾ ਪਦ

## ਪਰਮਾਨੰਦ

ਭਗਤ ਪਰਮਾਨੰਦ ਦਾ ਜਨਮ ੧੩੯੯ ਈ. ਵਿਚ ਬੰਬਈ ਪ੍ਰਾਂਤ ਦੇ ਜ਼ਿਲਾ ਸ਼ੋਲਾਪੁਰ ਦੇ ਬਾਰਸੀ ਪਿੰਡ ਵਿਚ ਹੋਇਆ । ਬਚਪਨ ਤੋਂ ਹੀ ਇਹ ਚੰਗੇ ਗਵੱਈਏ ਕਵੀ ਤੇ ਕ੍ਰਿਸ਼ਨ-ਭਗਤ ਸਨ । ਇਨ੍ਹਾਂ ਰਾਮਾਨੰਦ ਤੋਂ ਸਿਖਿਆ ਧਾਰਨ ਕੀਤੀ ਤੇ ਚੰਗਾ ਉਚਾ ਅਧਿਆਤਮਕ ਜੀਵਨ ਬਸਰ ਕੀਤਾ । ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਹਿੰਦੀ ਦੇ 'ਅਸ਼ਟਛਾਪ' ਵਾਲੇ ਕਵੀਆਂ ਵਿਚ ਆਏ ਪਰਮਾਨੰਦ ਦਾਸ (੧੪੯੩-੧੫੮੩ ਈ.) ਹੀ ਭਗਤ ਪਰਮਾਨੰਦ ਸਨ । ਇਹ ਕਨੌਜ ਵਾਸੀ ਕਾਨ ਕੁਬਜ ਬ੍ਰਾਹਮਣ ਸਨ । ਇਨ੍ਹਾਂ ਦੇ ਪਦਿਆਂ ਦਾ ਗ੍ਰੰਥ 'ਪਰਮਾਨੰਦ ਸਾਗਰ' ਹੈ । ਵੱਡੀ ਗੱਲ ਨਹੀਂ, ਇਹੋ ਕ੍ਰਿਸ਼ਣ-ਭਗਤ ਕਵੀ ਪਿਛੋਂ ਨਿਰੰਕਾਰੀ ਭਗਤ ਹੋ ਗਏ ਹੋਣ ।

ਆਦਿ ਗ੍ਰੰਥ ਵਿਚ ਆਪ ਦਾ ਇਕ ਸ਼ਬਦ, ਸਾਰੰਗ ਰਾਗ ਵਿਚ ਹੈ ।

ਹਿੰਸਾ ਤਉ ਮਨ ਤੇ ਨਹੀਂ ਛੂਟੀ
ਜੀਅ ਦਇਆ ਨਹੀਂ ਪਾਲੀ ।
ਪਰਮਾਨੰਦ ਸਾਧਸੰਗਤਿ ਮਿਲਿ
ਕਥਾ ਪੁਨੀਤ ਨ ਚਾਲੀ ।

(ਸਾਰੰਗ, ਪਰਮਾਨੰਦ, ਪੰਨਾ ੧੨੫੩)

ਪ੍ਰਾਣਾਯਾਮ—ਦੇਖੋ ਜੋਗ ਤੇ ਜੋਗੀ

## ਪਰੀਖਤ

ਚੰਦ੍ਰਬੰਸੀ ਰਾਜਾ ਪਰੀਖਤ ਅਰਜਨ ਦਾ ਪੋਤਰਾ, ਅਭਿਮੰਨੂ ਦਾ ਪੁੱਤਰ ਮਾਤਾ ਉਤਰਾ ਦੀ ਕੁੱਖੋਂ ਸੀ ਤੇ ਇਹ ਜਨਮੇਜੇ ਦਾ ਪਿਤਾ ਸੀ । ਖਿਆਲ ਹੈ ਕਿ ਜਦੋਂ ਪਰੀਖਤ ਹਾਲੇ ਗਰਭ ਵਿਚ ਹੀ ਸੀ ਤਾਂ ਅਸ਼ਵਥਾਮਾ ਨੇ ਉਸ ਨੂੰ ਸਰਾਪ ਦੇ ਕੇ ਅੰਦਰ ਹੀ ਮਾਰ ਦਿਤਾ ਸੀ ਲੇਕਿਨ ਕ੍ਰਿਸ਼ਨ ਜੀ ਨੇ ਉਸ ਦੀ ਰਖਿਆ ਕੀਤੀ । ਭਾਗਵਤ ਅਨੁਸਾਰ ਗਰਭਕਾਲ ਵਿਚ ਹੀ ਆਪਣੇ ਰੱਖਿਅਕ ਵਿਸ਼ਨੂੰ ਨੂੰ ਭਾਲਣ ਕਰਕੇ ਇਸਦਾ ਨਾਂ 'ਪਰੀਖਤ' ਪਿਆ । ਮਹਾਂਭਾਰਤ ਅਨੁਸਾਰ ਕੌਰਵਵੰਸ਼ ਦੇ ਪਰਿਖੀਣ ਹੋਣ ਤੇ ਉਸ ਦਾ ਜਨਮ ਹੋਣ ਕਾਰਣ ਪਰੀਖਤ ਨਾਮ ਹੋਇਆ । ਯੁਧਿਸ਼ਟਰ ਪਿਛੋਂ ਇਸ ਨੇ ਹਸਤਨਾਪੁਰ ਦੀ ਰਾਜਗੱਦੀ ਸੰਭਾਲੀ ।

ਇਕ ਵਾਰ ਰਾਜਾ ਪਰੀਖਤ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਤਾਂ ਉਸ ਨੂੰ ਪਿਆਸ ਲੱਗ ਗਈ। ਉਹ ਪਾਣੀ ਦੀ ਭਾਲ ਵਿਚ ਸ਼ਮੀਕ ਰਿਖੀ ਦੀ ਕੁਟੀਆ ਤੇ ਗਿਆ ਤੇ ਪਾਣੀ ਮੰਗਿਆ, ਪਰ ਸਮਾਧੀ ਲੱਗੀ ਹੋਣ ਕਰਕੇ ਰਿਖੀ ਨੂੰ ਪਤਾ ਨਾ ਲੱਗਾ। ਗੁੱਸੇ ਵਿਚ ਆ ਕੇ ਪਰੀਖੰਤ ਨੇ ਉਸ ਦੇ ਗਲ ਵਿਚ ਮਰਿਆ ਹੋਇਆ ਸੱਪ ਪਾ ਦਿਤਾ। ਜਦੋਂ ਰਿਖੀ ਦਾ ਪੁੱਤਰ ਸ੍ਰਿੰਗੀ ਰਿਖੀ ਆਇਆ ਤਾਂ ਉਸ ਨੇ ਇਹ ਗੱਲ ਦੇਖ ਕੇ ਪਰੀਖਤ ਨੂੰ ਹਫਤੇ ਅੰਦਰ ਤੱਛਕ ਨਾਗ ਲੜ ਕੇ ਮਰ ਜਾਣ ਦਾ ਸਰਾਪ ਦੇ ਦਿਤਾ। ਪਰੀਖਤ ਨੇ ਬਚਣ ਲਈ ਕਈ ਯਤਨ ਕੀਤੇ ਤੇ ਇਕ ਸੁਰੱਖਿਅਤ ਥਾਂ ਵੀ ਬਣਵਾਈ। ਪਰ ਸੱਤਵੇਂ ਦਿਨ ਤੱਛਕ ਨੇ ਉਸ ਨੂੰ ਫੁਲਾਂ ਵਿਚ ਦਾਖਲ ਹੋ ਕੇ ਡੰਗ ਦਿਤਾ ਅਤੇ ਉਸ ਦੀ ੯੬ ਸਾਲ ਦੀ ਉਮਰ ਵਿਚ ਮੌਤ ਹੋ ਗਈ। ਕਲਯ ਭੱਟ ਨੇ ਲਿਖਿਆ ਹੈ :

ਸੁਖਦੇਉ ਪਰੀਖ੍ਯਤ ਗੁਣ ਰਵੈ, ਗੋਤਮ ਰਿਖਿ ਜਸੁ ਗਾਇਓ
ਕਬਿ ਕਲ੍ਯ ਸੁਜਸੁ ਨਾਨਕ ਗੁਰ, ਨਿਤ ਨਵਤਨੁ ਜਗਿ ਛਾਇਓ।

(ਸਵਈਏ ਮਹਲੇ ਪਹਲੇ ੧ ਕੇ, ਪੰਨਾ ੧੩੯੦)

## ਪਰੂਰਉ

ਪਹਿਲਾ ਚੰਦ੍ਰਬੰਸੀ ਰਾਜਾ ਪਰੂਰਵਸ ਸੀ ਜੋ ਕਿ ਚੰਦ੍ਰਮਾ ਦੇ ਸਪੁੱਤਰ ਬੁਧ ਤੇ ਮਨੂ ਦੀ ਧੀ ਇਲਾ ਦਾ ਬੇਟਾ ਸੀ। ਇਸ ਦੀ ਰਾਜਧਾਨੀ ਪ੍ਰਯਾਗ ਦੇ ਨੇੜੇ ਪ੍ਰਤਿਸ਼ਠਾਨ ਸੀ। ਪਰੂਰਵਾ ਦੇ ਛੇ ਪੁੱਤਰ ਸਨ ਜਿਨ੍ਹਾਂ ਵਿਚੋਂ ਆਯੂ ਤੇ ਅਮਾਵਸੁ ਵਧੇਰੇ ਪ੍ਰਸਿੱਧ ਹੋਏ। ਆਯੂ ਪ੍ਰਤਿਸਠਾਨ ਦਾ ਰਾਜਾ ਬਣਿਆ ਤੇ ਅਮਾਵਸੁ ਨੇ ਕਾਨਕੁਬਜ ਵਿਚ ਇਕ ਨਵੇਂ ਰਾਜ ਦੀ ਨੀਂਹ ਰੱਖੀ। ਇਸੇ ਕੁਲ ਵਿਚੋਂ ਰਾਜਾ ਜਾਹਨੂੰ ਹੋਇਆ ਜਿਸਨੇ ਗੰਗਾ ਲਿਆਂਦੀ ਤੇ ਇਸ ਦਾ ਨਾਮ ਜਾਹਨਵੀ ਪਿਆ। ਯਯਾਤੀ ਵਰਗੇ ਚੱਕ੍ਰਵਰਤੀ ਰਾਜੇ ਤੇ ਵਿਸ਼ਵਾਮਿਤਰ ਵਰਗੇ ਰਿਸ਼ੀ ਇਸੇ ਖਾਨਦਾਨ ਦੇ ਸਤਾਰੇ ਸਨ।

ਦ੍ਰਬਾ ਪਰੂਰਉ ਅੰਗਰੈ
ਗੁਰੂ ਨਾਨਕ ਜਸੁ ਗਾਇਓ
ਕਬਿ ਕਲ ਸੁਜਸੁ ਨਾਨਕ ਗੁਰ
ਘਟਿ ਘਟਿ ਸਹਜਿ ਸਮਾਇਓ।

(ਸਵਈਏ ਮਹਲੇ ਪਹਿਲੇ ਕੇ ੧, ਪੰਨਾ ੧੩੯੦)

## ਪੜਤਾਲ

'ਪੜਤਾਲ' ਦਾ ਅਰਥ ਹੈ ਤਾਲ ਦੀ ਚਤਰਾਈ। ਕਿਸੇ ਇਕ ਗੀਤ ਵਿਚ ਤਾਲ ਬਦਲ ਬਦਲ ਕੇ ਗਾਉਣਾ 'ਪੜਤਾਲ' ਹੈ। ਇਹ ਗਾਉਣ ਕਲਾ ਦਾ ਚਮਤਕਾਰੀ ਖੇਲ ਹੈ ਕਿ ਸਥਾਈ ਹੋਰ ਤਾਲ ਵਿਚ ਅਤੇ ਅੰਤਰਾ ਹੋਰ ਤਾਲ ਵਿਚ

ਗਾਇਆ ਜਾਂਦਾ ਹੈ। ਆਮ ਤੌਰ ਤੇ ਇਹ ਕਾਰੀਗਰੀ ਚਾਰ ਤਾਲ ਯਾ ਪੰਜ ਤਾਲ ਵਿਚ ਗਾਉਂਦਿਆਂ ਗਾਉਂਦਿਆਂ ਦਿਖਾਈ ਜਾਂਦੀ ਹੈ। ਇਸ ਕਰਕੇ ਕਈ ਇਸ ਨੂੰ ਚਾਰ ਤਾਲ ਦਾ ਇਕ ਭੇਦ ਮੰਨਦੇ ਹਨ । ਆਦਿ ਗ੍ਰੰਥ ਦੇ ਰਾਗ ਆਸਾ, ਬਿਲਾਵਲ, ਨਟ ਤੇ ਕਾਨੜਾ ਰਾਗ ਵਿਚ ਇਸ ਕਿਸਮ ਦੇ ਸ਼ਬਦ ਮੌਜੂਦ ਹਨ ਜੋ ਇਸ ਤਰ੍ਹਾਂ ਤਾਲ ਬਦਲਕੇ ਗਾਈਦੇ ਹਨ। ਇਨ੍ਹਾਂ ਦੀ ਬੰਦਸ਼ ਵਿਚ ਵੀ ਆਮ ਗੀਤਾਂ ਯਾ ਸ਼ਬਦਾਂ ਨਾਲੋਂ ਅੰਤਰ ਹੁੰਦਾ ਹੈ।

## ਪਾਖੰਡੀ

ਸੰਸਕ੍ਰਿਤ ਸ਼ਬਦ ਪਾਸ਼ੰਡੀ ਇਕ ਪੁਰਾਣੀ ਧਾਰਮਿਕ ਸੰਪ੍ਰਦਾ ਦਾ ਵਾਚਕ ਹੈ। ਇਹ ਲੋਕ ਵੇਦਾਂ ਨੂੰ ਨਹੀਂ ਸੀ ਮੰਨਦੇ ਤੇ ਜਤ ਸਤ ਰਾਹੀਂ ਉਚੇ ਆਚਾਰ ਦੀ ਪਾਲਣਾ ਕਰਦੇ ਸਨ। ਬ੍ਰਾਹਮਣ ਇਨ੍ਹਾਂ ਨੂੰ ਵੇਦ ਵਿਰੋਧੀ ਸਮਝ ਕੇ ਆਦਰ ਦੀ ਦ੍ਰਿਸ਼ਟੀ ਨਾਲ ਨਹੀਂ ਸੀ ਦੇਖਦੇ। ਇਸ ਕਰਕੇ ਇਨ੍ਹਾਂ ਨੂੰ ਬਨਾਉਟੀ ਯਾ 'ਨਕਲੀ ਧਰਮੀ' ਕਿਹਾ ਜਾਣ ਲਗਾ। ਪਿਛੋਂ ਜਾ ਕੇ ਇਹ ਸ਼ਬਦ ਦੇ ਇਹ ਅਰਥ ਪਰਵਾਨ ਹੋ ਗਏ ਤੇ ਸੰਪ੍ਰਦਾ ਦਾ ਅਸਲ ਕਰਮ ਧਰਮ ਲੁਪਤ ਹੋ ਗਿਆ।

ਗੁਰੂ ਨਾਨਕ ਸਾਹਿਬ ਨੇ ਜਿਥੇ ਚੰਗੇ ਚੰਗੇ ਗ੍ਰਿਹਸਤੀ, ਅਵਧੂਤੀ, ਬੈਰਾਗੀ ਆਦਿ ਦੇ ਲੱਛਣ ਦਸੇ ਹਨ, ਉਥੇ ਨਾਲ ਹੀ ਚੰਗੇ ਪਾਖੰਡੀ ਦੇ ਗੁਣ ਦਸਦਿਆਂ ਇਉਂ ਲਿਖਿਆ ਹੈ :

ਸੋ ਪਾਖੰਡੀ ਜਿ ਕਾਇਆ ਪਖਾਲੇ
ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ
ਸੁਪਨੈ ਬਿੰਦੁ ਨ ਦੇਈ ਝਰਣਾ।
ਤਿਸੁ ਪਾਖੰਡੀ ਜਰਾ ਨ ਮਰਣਾ।

(ਵਾਰ ਰਾਮਕਲੀ ੧, ਪੰਨਾ ੯੫੨)

## ਪਾਂਡਵ

ਚੰਦ੍ਰਬੰਸੀ ਰਾਜਾ ਸ਼ਾਂਤਨੂੰ ਦਾ ਪੁੱਤਰ ਵਿਚਿਤ੍ਰ ਵੀਰਯ ਜੁਆਨੀ ਵਿਚ ਮਰ ਗਿਆ ਤੇ ਉਸ ਦੀਆਂ ਦੋ ਪਤਨੀਆਂ-ਅੰਬਿਕਾ ਤੇ ਅੰਬਾਲਿਕਾ ਤੋਂ ਬਿਆਸ ਦੇ ਸੰਜੋਗ ਨਾਲ ਧ੍ਰਿਤਰਾਸ਼ਟਰ ਤੇ ਪਾਂਡੂ ਦੋ ਪੁੱਤਰ ਪੈਦਾ ਹੋਏ। ਅੱਗੇ ਧ੍ਰਿਤਰਾਸ਼ਟਰ ਦੀ ਔਲਾਦ ਕੌਰਵ ਕਹਿਲਾਈ ਤੇ ਪਾਂਡੂ ਦੀਆਂ ਇਸਤਰੀਆਂ ਕੁੰਤੀ ਦੇ ਮਾਦ੍ਰੀ ਤੋਂ ਪੰਜ ਪਾਂਡਵ ਪੈਦਾ ਹੋਏ–ਯੁਧਿਸ਼ਟਰ, ਭੀਮਸੈਨ, ਅਰਜਨ, ਨਕਲ ਤੇ ਸਹਿਦੇਵ। ਕੌਰਵਾਂ ਦੀ ਰਾਜਧਾਨੀ ਹਸਤਨਾਪੁਰ ਸੀ ਤੇ ਪਾਂਡਵਾਂ ਦੀ ਇੰਦ੍ਰਪ੍ਰਸਥ। ਈਰਖਾ ਦਵੈਖ ਨੇ ਦੋਹਾਂ ਨੂੰ ਨਿਖੇੜ ਦਿਤਾ ਤੇ ਦੁਰਜੋਧਨ ਦੇ ਅਭਿਮਾਨੀ ਰਵਈਏ ਕਾਰਣ ਇਨ੍ਹਾਂ ਦੀ ਸਖਤ ਅਣਬਣ ਹੋ ਗਈ। ਫਿਰ ਇਨ੍ਹਾਂ ਦੋਹਾਂ ਜੂਆ ਖੇਲਿਆ ਤੇ ਜੂਏ ਵਿਚ ਪਾਂਡਵ ਹਾਰ

ਗਏ । ਹਰਣ ਵਾਲੀ ਧਿਰ ਲਈ ਇਹ ਸ਼ਰਤ ਸੀ ਕਿ ਉਹ ਬਾਰਾਂ ਸਾਲ ਬਨਵਾਸ ਕੱਟੇ ਤੇ ਤੇਰ੍ਹਵਾਂ ਸਾਲ ਲੁਕ ਛੁਪ ਕੇ ਗੁਜ਼ਾਰੇ ।

ਇਸ ਕਾਰਣ ਪਾਂਡਵਾਂ ਨੂੰ ਰਾਜ ਭਾਗ ਛੱਡ ਕੇ ਬਨਵਾਸੀ ਹੋਣਾ ਪਿਆ ਤੇ ਕਈ ਥਾਂ ਮਾਮੂਲੀ ਮਜ਼ੂਰੀ ਕਰਕੇ ਦਿਨ-ਕੱਟੀ ਕਰਨੀ ਪਈ । ਭਾਵੇਂ ਸ੍ਰੀ ਕ੍ਰਿਸ਼ਣ ਇਨ੍ਹਾਂ ਦੀ ਵੇਲੇ ਕੁਵੇਲੇ ਸਹਾਇਤਾ ਕਰਦੇ ਰਹੇ, ਪਰ ਹੋਣੀ ਨੇ ਖਹਿੜਾ ਨਾ ਛੱਡਿਆ । ਇਸੇ ਵਲ ਇਸ਼ਾਰਾ ਕਰਦਿਆਂ ਕਿਹਾ ਗਿਆ ਹੈ :—

ਰੋਵਹਿ ਪਾਂਡਵ ਭਏ ਮਜੂਰ
ਜਿਨ ਕੈ ਸੁਆਮੀ ਰਹਤ ਹਦੂਰਿ ।

(ਵਾਰ ਰਾਮਕਲੀ ੧, ਪੰਨਾ ੯੫੪)

**ਪਾਰਜਾਤ**—ਦੇਖੋ ਕਲਪਤਰੁ

**ਪਾਰਵਤੀ**

ਹਿਮਾਲਾ ਦੀ ਸਪੁੱਤਰੀ, ਸ਼ਿਵਾਂ ਦੀ ਘਰ ਵਾਲੀ, ਗਣੇਸ਼ ਜੀ ਦੀ ਮਾਤਾ ਦਾ ਨਾਂ ਪਾਰਬਤੀ ਹੈ ਜਿਸਦਾ ਗੌਰਵ ਬਾਕੀ ਦੇਵੀਆਂ ਨਾਲੋਂ ਵਧੇਰੇ ਮੰਨਿਆ ਗਿਆ ਹੈ । ਇਹ ਵੀ ਖਿਆਲ ਹੈ ਕਿ ਦੁਰਗਾ, ਚੰਡੀ, ਭਵਾਨੀ ਆਦਿ ਸਭ ਇਸੇ ਦੇ ਅਵਤਾਰ ਹਨ । ਮਾਲੂਮ ਹੁੰਦਾ ਹੈ ਕਿ ਇਹ ਪਹਿਲੇ ਪਰਬਤ-ਵਾਸੀਆਂ ਦੀ ਪੂਜਨੀਕ ਦੇਵੀ ਸੀ ਤੇ ਇਸਨੂੰ ਪਰਬਤਾਂ ਵਿਚ ਰਹਿਣ ਵਾਲੀ ਹੋਣ ਕਰਕੇ ਪਾਰਬਤੀ ਕਿਹਾ ਜਾਂਦਾ ਸੀ । ਇਸ ਦਾ ਸਭ ਤੋਂ ਪੁਰਾਤਨ ਹਵਾਲਾ 'ਕੇਨ ਉਪਨਿਸ਼ਦ' ਵਿਚ ਮਿਲਦਾ ਹੈ । ਪਿਛੋਂ ਜਾ ਕੇ ਕਠਿਨ ਤਪੱਸਿਆ ਬਾਅਦ ਇਸਦਾ ਸ਼ਿਵ ਜੀ ਨਾਲ ਸੰਬੰਧ ਜੁੜ ਗਿਆ ਜਿਸ ਕਰਕੇ ਸ਼ੈਵ ਤੇ ਸਾਕਤ ਲੋਕ ਇਸਨੂੰ 'ਮਹਾਂ ਮਾਈ' ਮੰਨ ਕੇ ਪੂਜਣ ਲਗੇ ਤੇ ਸਿੱਧਾਂ ਜੋਗੀਆਂ ਵੀ ਇਸ ਦੀ ਮਹਾਨਤਾ ਨੂੰ ਸਵੀਕਾਰ ਕੀਤਾ । ਕਿਸੇ 'ਗੌਰੀ' ਕਹਿ ਕੇ ਇਸਦਾ ਕੋਮਲ ਸਰੂਪ ਧਿਆਨ ਵਿਚ ਕੀਤਾ ਤੇ ਕਿਸੇ 'ਕਾਲਕਾ' ਵਰਗੇ ਭਿਅੰਕਰ ਰੂਪ ਨੂੰ ਸਲਾਹਿਆ । ਸਤਿਗੁਰੂ ਦੇਵੀ ਦੇਵਤਿਆਂ ਨੂੰ ਇਸ਼ਟ ਰੂਪ ਵਿਚ ਅੰਗੀਕਾਰ ਨਹੀਂ ਕਰਦੇ, ਉਨ੍ਹਾਂ ਦੇ ਵਿਚਾਰ ਵਿਚ ਸ਼ਿਵ ਤੇ ਸ਼ਕਤੀ ਸਭੋ ਕੁਝ ਗੁਰੂ ਪਰਮੇਸ਼ਰ ਹੀ ਹੈ ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ,

(ਜਪੁ, ੧, ਪੰਨਾ ੨)

**ਪਿਸ਼ਾਚ**

ਪਿਸ਼ਾਚ ਦਾ ਲਫ਼ਜ਼ੀ ਅਰਥ ਮਾਸ ਖਾਣ ਵਾਲਾ ਹੈ । ਆਰੀਆ ਲੋਕ ਜਖਛਾਂ ਤੋਂ ਵੀ ਨੀਵੇਂ ਦਰਜੇ ਦੀ ਦੁਸ਼ਟ-ਸੁਭਾ ਦੀ ਇਕ ਜਾਤੀ ਨੂੰ ਪਿਸ਼ਾਚ ਆਖਦੇ ਸਨ ।

ਇਨ੍ਹਾਂ ਦੀ ਪੈਦਾਇਸ਼ ਬਾਰੇ ਮਹਾਂ ਭਾਰਤ ਵਿਚ ਲਿਖਿਆ ਹੈ ਕਿ ਅਸੁਰਾਂ ਤੇ ਰਾਖਸ਼ਾਂ ਦੀ ਸਾਜਨਾ ਤੋਂ ਬਾਅਦ ਜੋ ਮਸਾਲਾ ਬਚ ਗਿਆ, ਉਸ ਨਾਲ 'ਪਿਸ਼ਾਚ' ਤਿਆਰ ਕੀਤੇ ਗਏ। ਪੁਰਾਣਾਂ ਅਨੁਸਾਰ ਇਹ ਕੱਸ਼ਪ ਰਿਸ਼ੀ ਦੀ ਪਤਨੀ ਪਿਸ਼ਾਚਾ ਯਾ ਕਪਿਸ਼ਾ ਦੀ ਕੁੱਖ ਤੋਂ ਪੈਦਾ ਹੋਏ। ਇਸ ਸਾਰੀ ਵਿਚਾਰ ਤੋਂ ਸਪਸ਼ਟ ਹੈ ਕਿ ਇਹ ਪੁਰਾਣੇ ਜ਼ਮਾਨੇ ਦਾ ਕੋਈ ਨਿਕੀ ਮੋਟੀ ਅਸਭ੍ਯ ਜਾਤੀ ਸੀ ਜਿਨ੍ਹਾਂ ਦਾ ਨਿਵਾਸ ਪੱਛਮੋਤਰੀ ਸਰਹਦੀ ਪ੍ਰਾਂਤ ਯਾ ਕਸ਼ਮੀਰ ਦੇ ਉਤਲੇ ਪਹਾੜਾਂ ਵਿਚ ਸੀ। ਤੇ ਇਨ੍ਹਾਂ ਦੀ ਭਾਸ਼ਾ ਨੂੰ 'ਪੈਸ਼ਾਚੀ' ਕਹਿ ਕੇ ਅੰਕਿਤ ਕੀਤਾ ਗਿਆ।

ਸਾਂਖ ਦਰਸ਼ਨ ਵਿਚ ਅੱਠ ਲੋਕ ਗਿਣੇ ਗਏ ਹਨ ਜਿਵੇਂ ਕਿ : ਬ੍ਰਹਮਾਲੋਕ, ਪਿਤ੍ਰੀ ਲੋਕ, ਸੋਮ ਲੋਕ, ਇੰਦ੍ਰ ਲੋਕ, ਗੰਧ੍ਰਵ ਲੋਕ, ਰਾਖਸ਼ ਲੋਕ, ਯਖਛ ਲੋਕ। ਸੋ 'ਪਿਸ਼ਾਚ' ਲੋਕ ਸਭ ਤੋਂ ਆਖਰੀ ਤੇ ਘਟੀਆ ਮੰਨਿਆ ਗਿਆ ਹੈ।

ਕਈ ਕੋਟਿ ਜਖ੍ਯ, ਕਿੰਨਰ ਪਿਸਾਚ
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ।

(ਗਉੜੀ ਸੁਖਮਨੀ ੫, ਪੰਨਾ ੨੭੬)

## ਪਿੰਗਲਾ

ਹਠ ਯੋਗੀਆਂ ਦੇ ਸੰਕੇਤ ਅਨੁਸਾਰ ਇਕ ਨਾੜੀ ਜੋ ਸੱਜੀ ਨਾਸਿਕਾ ਤੋਂ ਹੁੰਦੀ ਹੋਈ ਦਿਮਾਗ ਤਕ ਪਹੁੰਚਦੀ ਹੈ। ਯੋਗੀ ਇਸਨੂੰ ਸੂਰਜ ਨਾੜੀ ਵੀ ਕਹਿੰਦੇ ਹਨ ਜਦੋਂ ਕਿ ਖੱਬੇ ਪਾਸੇ ਵਾਲੀ-ਇੜਾ ਨੂੰ ਚੰਦ੍ਰਮਾ ਨਾੜੀ ਆਖਿਆ ਜਾਂਦਾ ਹੈ। ਸੁਖਮਨਾ ਦੋਹਾਂ ਦੇ ਦਰਮਿਆਨ ਸਥਿਤ ਹੈ, ਇਨ੍ਹਾਂ ਤਿੰਨਾਂ ਯਾ ਤ੍ਰਿਕੁਟੀ ਦੀ ਸਾਧਨਾ ਯੋਗ ਅਭਿਆਸ ਦਾ ਵਿਸ਼ੇਸ਼ ਕਾਰਜ ਹੈ।

ਇੜਾ ਪਿੰਗੁਲਾ ਅਉਰ ਸੁਖਮਨਾ, ਪਉਨੈ ਬੰਧਿ ਰਹਾਉਗੋ
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ, ਬ੍ਰਹਮ ਜੋਤਿ ਮਿਲਿ ਜਾਉਗੋ।

(ਰਾਮਕਲੀ ਨਾਮਦੇਵ, ਪੰਨਾ ੯੭੩)

## ਪੀਪਾ

ਪੀਪਾ ਭਗਤ (ਜਨਮ ੧੪੨੬ ਈ.) ਨੂੰ ਰਵਾਇਤ ਰਾਮਾਨੰਦ ਦੇ ਚੇਲਿਆਂ ਵਿਚ ਗਿਣਦੀ ਹੈ। ਮੇਵਾੜ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਹ ਰਾਣਾ ਕੁੰਭਾ ਦੇ ਸਮਕਾਲੀ ਅਤੇ ਗਗਰੋਨ ਗਢ ਦੇ ਚੋਹਾਨ ਰਾਜਾ ਸਨ। ਜਨਰਲ ਕਨਿੰਘਮ ਨੇ ਇਨ੍ਹਾਂ ਨੂੰ ਜੈਤਪਾਲ ਦੀ ਚੋਥੀ ਪੀੜ੍ਹੀ ਵਿਚ ਹੋਏ ਦੱਸਿਆ ਹੈ। ਰਾਜ ਭਾਗ ਦਾ ਮੋਹ ਛੱਡ ਕੇ ਭਗਤੀ ਵਲ ਲਗ ਗਏ, ਦੁਆਰਕਾ ਵਲ ਤੀਰਥ ਯਾਤ੍ਰਾ ਕੀਤੀ ਜਿਸ ਦੀ ਯਾਦਗਾਰ 'ਪੀਪਾ ਵਟ' ਪ੍ਰਸਿਧ ਮਠ ਹੈ।

ਆਦਿ ਗ੍ਰੰਥ ਵਿਚ ਆਪ ਦਾ ਇਕ ਸ਼ਬਦ ਧਨਾਸਰੀ ਰਾਗ ਵਿਚ 'ਜੋ ਬ੍ਰਹਮੰਡੇ

ਸੋਈ ਪਿੰਡੇ' ਦੇ ਸਿਧਾਂਤ ਦੀ ਪੁਸ਼ਟੀ ਕਰਦਾ, ਆਪੇ ਵਿਚੋਂ ਪਰਮ ਤੱਤ ਖੋਜਣ ਦੀ ਪਰੇਰਨਾ ਦਿੰਦਾ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ
ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ।

(ਧਨਾਸਰੀ ਪੀਪਾ, ਪੰਨਾ, ੬੦੫)

## ਪੀਰ

ਫਾਰਸੀ ਵਿਚ ਪੀਰ ਬਿਰਧ ਬਜ਼ੁਰਗ, ਨੂੰ ਕਹਿੰਦੇ ਹਨ, ਬਜ਼ੁਰਗੀ ਦੇ ਭਾਵ ਲੈ ਕੇ ਹੀ ਇਸਲਾਮ ਵਿਚ ਮਜ਼ਹਬੀ ਅਗਵਾਈ ਕਰਨ ਵਾਲੇ 'ਧਰਮ-ਅਚਾਰਯ' ਨੂੰ ਪੀਰ ਕਿਹਾ ਜਾਂਦਾ ਹੈ, ਜਿਵੇਂ ਪੀਰ ਅਬਦੁਲ ਕਾਦਰ ਜੀਲਾਨੀ ਯਾ ਉਚ ਦਾ ਪੀਰ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਕਿਸੇ ਦਰਵੇਸ਼ੀ ਸਿਲਸਿਲੇ ਨਾਲ ਸਬੰਧਿਤ ਹੋਵੇ ਤੇ ਇਸਨੂੰ ਯੋਗ ਸਮਝ ਕੇ ਥਾਪਿਆ ਗਿਆ ਹੋਵੇ। ਪੀਰਾਂ ਦੇ ਬਚਨਾਂ ਵਿਚ ਵੀ ਸੱਤਿਆ ਮੰਨੀ ਗਈ ਹੈ ਤੇ ਮੁਸਲਮਾਨ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਨ। ਗੁਰੂ ਸਾਹਿਬ ਏਕਵਾਦੀ ਹੋਣ ਦੇ ਨਾਤੇ ਪੀਰਾਂ ਪੈਗੰਬਰਾਂ ਦੀ ਇੱਜ਼ਤ ਦੇ ਬਾਵਜੂਦ ਉਨ੍ਹਾਂ ਨੂੰ ਪਰਮੇਸ਼ਰ ਵਾਂਗ ਅਜਰ ਅਮਰ ਨਹੀਂ ਮੰਨਦੇ। ਇਸੇ ਲਈ ਲਿਖਿਆ ਹੈ :

ਪੀਰ ਪੈਕਾਬਰ ਅਉਲੀਏ, ਕੋ ਥਿਰੁ ਨ ਰਹਾਸੀ।

(ਵਾਰ ਮਾਰੂ ਡਖਣੇ ੫, ਪੰਨਾ ੧੧੦੦)

## ਪੁਰਸਲਾਤ

ਮੁਸਲਮਾਨੀ ਮਨੌਤ ਅਨੁਸਾਰ ਦੋਜ਼ਖ ਉਤੇ 'ਸਿਰਾਤ' ਨਾਮੀ ਪੁਲ ਜਿਸ ਦਾ ਪਾਰ ਕਰਨਾ ਬੜਾ ਔਖਾ ਦੱਸਿਆ ਜਾਂਦਾ ਹੈ। ਪੁਲਸਿਰਾਤ ਤੋਂ ਹੀ ਬਦਲ ਕੇ 'ਪੁਰਸਲਾਤ' ਪਦ ਬਣਿਆ ਹੈ। ਇਹ ਪੁਲ ਬੜਾ ਹੀ ਬਾਰੀਕ ਤੇ ਕੰਡਿਆਲਾ ਹੈ, ਜਿਸ ਨੂੰ ਪੁੰਨਾਤਮਾ ਸੌਖਿਆਂ ਪਾਰ ਕਰ ਲੈਂਦੇ ਹਨ, ਪਰੰਤੂ ਪਾਪਾਤਮਾ ਨੂੰ ਸੰਕਟਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਪਾਰਸੀਆਂ ਵਿਚ ਇਸ ਕਿਸਮ ਦੀ ਮਨੌਤ ਹੈ ਕਿ ਅਗਲੀ ਦੁਨੀਆਂ ਵਿਚ 'ਚਿਨਵਤ ਪੇਰੇਤੂ' ਨਾਮੀ ਪੁਲ ਹੈ। ਯਹੂਦੀ ਵੀ ਕੁਝ ਐਸਾ ਹੀ ਮੰਨਦੇ ਹਨ। (ਮਹਾਨ ਕੋਸ਼) ਇਸ ਸਾਰੀ ਮਨੌਤ ਦਾ ਭਾਵ ਇਤਨਾ ਹੀ ਹੈ ਕਿ ਮਨੁੱਖ ਨੂੰ ਤਾੜਨਾ ਕਰਕੇ ਬੁਰਿਆਈ ਤੋਂ ਬਚਾਇਆ ਜਾਵੇ।

ਬਾਬਾ ਫਰੀਦ ਨੇ ਮੁਸਲਮਾਨੀ ਸੰਕਲਪ ਲੈ ਕੇ ਹੀ ਇਹ ਗੱਲ ਲਿਖੀ ਹੈ :

ਵਾਲਹੁ ਨਿਕੀ ਪੁਰਸਲਾਤ, ਕੰਨੀਂ ਨ ਸੁਣੀਆਇ
ਫਰੀਦਾ ਕਿੜੀ ਪਵੰਦੀਈਂ, ਖੜਾ ਨ ਆਪੁ ਮੁਹਾਇ।

(ਸਲੋਕ ਫਰੀਦ, ਪੰਨਾ ੧੩੭੭)

ਪੁਰਸਲਾਤ ਕਾ ਪੰਥੁ ਦੁਹੇਲਾ
ਸੰਗਿ ਨ ਸਾਥੀ ਗਵਨੁ ਇਕੇਲਾ।

(ਸੂਹੀ ਰਵਿਦਾਸ, ਪੰਨਾ ੭੯੩)

## ਪੁਰਖ

ਸਰਬ-ਵਿਆਪਕ ਚੇਤਨਾ ਲਈ ਪਹਿਲੇ ਪਹਿਲ ਰਿਗਵੇਦ ਦੇ 'ਪੁਰਖ ਸੂਕਤ' ਵਿਚ ਪੁਰਖ ਪਦ ਦਾ ਪ੍ਰਯੋਗ ਹੋਇਆ ਮਿਲਦਾ ਹੈ। ਲਿਖਿਆ ਹੈ ਕਿ 'ਇਸ ਦੀਆਂ ਇਕ ਹਜ਼ਾਰ ਅੱਖਾਂ, ਇਕ ਹਜ਼ਾਰ ਸਿਰ ਤੇ ਇਕ ਹਜ਼ਾਰ ਪੈਰ ਹਨ।

ਸਾਰੀ ਧਰਤੀ ਤੇ ਜੋ ਕੁਝ ਹੋ ਚੁਕਾ ਯਾ ਅੱਗੇ ਹੋਵੇਗਾ, ਉਹ ਸਭ ਪੁਰਖ ਹੀ ਹੈ। ਬਾਕੀ ਸ੍ਰਿਸ਼ਟੀ ਇਸਦਾ ੧/੪ ਭਾਗ ਹੈ ਤੇ ੩/੪ ਭਾਗ, ਉਹ ਚੀਜ਼ਾਂ ਹਨ ਜੋ ਅਕਾਸ਼ ਵਿਚ ਹਨ।

ਅਗੇ ਦਸਿਆ ਹੈ ਕਿ ਜਦ ਦੇਵਤਿਆਂ ਪੁਰਖ ਦੀ ਵੰਡ ਕੀਤੀ ਤਾਂ ਇਸ ਦਾ ਮੁਖ-ਬ੍ਰਾਹਮਣ, ਭੁਜਾ-ਛਤ੍ਰੀ, ਜੰਘਾਂ-ਵੈਸ਼ ਤੇ ਪੈਰ-ਸ਼ੂਦ੍ਰ ਬਣੇ।

ਇਸਦੇ ਮਨ ਵਿਚੋਂ ਪ੍ਰਾਤਾਕਾਲ, ਅੱਖਾਂ ਵਿਚੋਂ ਸੂਰਜ, ਮੂੰਹ ਵਿਚੋਂ ਇੰਦ੍ਰ ਅਤੇ ਅਗਨੀ. ਸਵਾਸ ਵਿਚੋਂ ਪੌਣ, ਸਿਰ ਵਿਚੋਂ ਅਕਾਸ਼, ਪੈਰਾਂ ਵਿਚੋਂ ਧਰਤੀ ਅਤੇ ਕੰਨਾਂ ਵਿਚੋਂ ਚਾਰ ਦਿਸ਼ਾਵਾਂ ਪਰਗਟ ਹੋਈਆਂ।'

ਇਸ ਪ੍ਰਾਚੀਨ ਕਥਨ ਤੋਂ ਸਪਸ਼ਟ ਹੈ ਕਿ ਪੁਰਖ ਇਕ ਐਸੀ ਸਰਬ ਵਿਆਪਕ ਸੱਤਾ ਹੈ ਜਿਸ ਵਿਚੋਂ ਸਾਰੀ ਸ੍ਰਿਸ਼ਟੀ ਤੇ ਸਾਰੀ ਮਨੁੱਖ ਜਾਤੀ (ਚਾਰ ਵਰਣ) ਪਰਗਟ ਹੋਈ ਹੈ। ਪਿਛੋਂ ਜਾ ਕੇ ਭਾਵੇਂ ਸਾਂਖ ਦਰਸ਼ਨ ਨੇ ਪੁਰਖ ਪਦ ਆਤਮਾ ਲਈ ਵੀ ਵਰਤਿਆ, ਪਰ ਬਾਕੀ ਦੇ ਆਸਤਿਕ ਗ੍ਰੰਥਾਂ ਵਿਚ ਇਸਨੂੰ ਪਰਮਾਤਮਾ ਦਾ ਵਾਚਕ ਹੀ ਮੰਨਿਆ ਗਿਆ। ਆਦਿ ਗ੍ਰੰਥ ਵਿਚ ਵੀ ਪਰਮ ਤੱਤ ਨੂੰ 'ਪੁਰਖ' ਆਖਿਆ ਗਿਆ ਹੈ, ਗੁਰੂ ਨਾਨਕ ਸਾਹਿਬ ਨੇ ਮੂਲ ਮੰਤ੍ਰ ਵਿਚ ਇਸ ਵਿਸ਼ੇਸਣ ਨੂੰ ਖਾਸ ਥਾਂ ਦਿਤਾ ਹੈ ਅਤੇ ਇਸਨੂੰ ਅਦੁਤੀ ਕਿਹਾ ਹੈ—

ਤੂ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧ ਜੇਵਡ ਅਵਰ ਨ ਕੋਈ।
ਤੂ ਜੁਗੁ ਜੁਗੁ ਏਕੋ ਸਦਾ ਸਦਾ ਤੂ ਏਕੋ ਜੀ
ਤੂ ਨਿਹਚਲੁ ਕਰਤਾ ਸੋਈ।

(ਆਸਾ ੪, ਪੰਨਾ ੩੪੮)

## ਪੁਰਾਣ—ਦੇਖੋ ਅਠਾਰਹ ਪੁਰਾਣ

## ਪੁਰੀ

ਪੁਰੀ ਦਾ ਅਰਥ ਨਗਰ ਯਾ ਲੋਕ ਹੈ। ਹਿਦੂ-ਵਿਸ਼ਵਾਸ਼ ਅਨੁਸਾਰ ਇਹ ਸੱਤ ਪੁਰੀਆਂ ਪਵਿਤਰ ਮੰਨੀਆਂ ਜਾਂਦੀਆਂ ਹਨ—

ਅਜੁਧਿਆ, ਮਥਰਾ, ਮਾਯਾ (ਹਰਿਦੁਆਰ)
ਕਾਂਸੀ, ਕਾਂਚੀ, ਅਵੰਤਿਕਾ, ਦੁਆਰਕਾ।

ਪੁਰੀ ਦਾ ਅਰਥ 'ਲੋਕ' ਵੀ ਹੈ, ਜਿਵੇਂ ਇੰਦ੍ਰਪੁਰੀ ਤੇ ਬ੍ਰਹਮ-ਲੋਕ ਲਈ ਬ੍ਰਹਮਪੁਰੀ ਸ਼ਬਦ ਵਰਤਿਆ ਗਿਆ ਹੈ। ਪਰੰਤੂ ਸਤਿਗੁਰੂ ਇਨ੍ਹਾਂ ਪੁਰੀਆਂ ਨੂੰ ਥਿਰ ਨਹੀਂ ਮੰਨਦੇ, ਉਹ ਸਪਸ਼ਟ ਲਿਖਦੇ ਹਨ।

ਇੰਦ੍ਰਪੁਰੀ ਮਹਿ ਸਰਪਰ ਮਰਣਾ। ਬ੍ਰਹਮਪੁਰੀ ਨਿਹਚਲੁ ਨਹੀਂ ਰਹਣਾ
ਸਿਵਪੁਰੀ ਕਾ ਹੋਇਗਾ ਕਾਲਾ। ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ।

(ਗਉੜੀ ੫, ਪੰਨਾ ੨੩੭)

ਪੁਰੀਆ ਖੰਡਾ ਸਿਰਿ ਕਰੇ, ਇਕ ਪੈਰਿ ਧਿਆਏ।

(ਵਾਰ ਸਾਰੰਗ ੧, ਪੰਨਾ ੧੨੪੧)

## ਪੂਜਾ

ਇਸ਼ਟ ਪ੍ਰਤੀ ਸ਼ਰਧਾ ਭਾਵਨਾ ਯਾ ਆਦਰ ਪ੍ਰੇਮ ਪ੍ਰਗਟਾਉਣ ਵਾਲੀ ਕ੍ਰਿਆ ਪੂਜਾ ਹੈ। ਹਿੰਦੂ ਮਤ ਵਿਚ ਚੂੰਕਿ ਦੇਵਤਾ ਨੂੰ ਸਾਕਾਰ ਰੂਪ ਵਿਚ ਕਲਪਿਆ ਜਾਂਦਾ ਸੀ, ਇਸ ਲਈ ਮਾਨਸਿਕ ਪੂਜਾ ਮਾਤਰ ਤੋਂ ਇਲਾਵਾ ਬਾਹਰਲੇ ਅਮਲਾਂ ਰਾਹੀਂ ਵੀ ਉਸਨੂੰ ਪੂਜਿਆ ਅਰਾਧਿਆ ਜਾਂਦਾ ਹੈ। ਇਸਦੇ ੧੬ ਭੇਦ ਦਸੇ ਗਏ ਹਨ—

ਆਵਾਹਨ, ਆਸਨ, ਪਾਦਯ, ਅਰਘ, ਆਚਮਨ, ਇਸ਼ਨਾਨ, ਬਸਤ੍ਰ, ਜਨੇਊ, ਸੁਗੰਧ, ਪੁਸ਼ਪ, ਧੂਪ, ਦੀਪ, ਭੋਜਨ, ਭੇਟਾ, ਵਾਰੇ ਜਾਣਾ, ਬਿਰਾਜਮਾਨ ਕਰਨਾ।

ਇਹ ਇਕ ਦੇਵਤੇ ਨੂੰ ਬੁਲਾਉਣ ਤੋਂ ਲੈ ਕੇ ਉਸਦੇ ਹੱਥ ਮੂੰਹ ਧੁਆਉਣ, ਸੁਗੰਧਿਤ ਕਰਨ ਤੇ ਅੰਤ ਆਪਣੇ ਆਸਨ ਤੇ ਬਿਰਾਜਮਾਨ ਕਰਨ ਤਕ ਦੀ ਕ੍ਰਿਆ ਹੈ। ਭਾਵ ਇਸਦਾ ਇਹੀ ਹੈ ਕਿ ਉਸਦੀ ਪ੍ਰਸੰਨਤਾ ਲਈ ਭਗਤੀ ਭਾਵ ਨਾਲ ਹਰ ਗੱਲ ਕਰਨੀ ਤੇ ਜਿਵੇਂ ਕਿਵੇਂ ਇਸ਼ਟ ਨੂੰ ਰੀਝਾਉਣਾ।

ਗੁਰੂ ਨਾਨਕ ਸਾਹਿਬ ਨੇ ਦਿਖਾਵੇ ਦੀ ਕਰਮਕਾਂਡੀ ਪੂਜਾ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਅਸਲ ਪੂਜਾ 'ਪ੍ਰਭੂ ਸਿਮਰਨ' ਹੈ।

ਤੇਰਾ ਨਾਮੁ ਕਰੀ ਚਨਣਾਠੀਆ, ਜੇ ਮਨੁ ਉਰਸਾ ਹੋਇ।
ਕਰਣੀ ਕੁੰਗੂ ਜੇ ਰਲੈ, ਘਟ ਅੰਤਰਿ ਪੂਜਾ ਹੋਇ।
ਪੂਜਾ ਕੀਚੈ ਨਾਮ ਧਿਆਈਐ, ਬਿਨੁ ਨਾਵੈ ਪੂਜ ਨ ਹੋਇ।

(ਗੂਜਰੀ ੧, ਪੰਨਾ ੪੮੯)

ਗੁਰੂ ਸਾਹਿਬ ਨੇ ਸੱਚੀ ਪੂਜਾ ਦੀ ਕਸਵੱਟੀ ਇਹੋ ਰਖੀ ਹੈ ਕਿ ਜਿਸ ਦੁਆਰਾ ਪ੍ਰਭੂ ਨਾਲ ਪ੍ਰੀਤਿ ਪਰਿਪੱਕ ਹੋਵੇ :

'ਸਾ ਜਪੁ ਸਾ ਤਪੁ ਸਾ ਬ੍ਰਤ ਪੂਜਾ, ਜਿਤੁ ਹਰਿ ਸਿਉ ਪ੍ਰੀਤਿ ਲਗਾਇ।
'ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ, ਕਿਆ ਹਉ ਪੂਜ ਚੜਾਈ।
ਹਰਿ ਸਾਚੇ ਭਾਣੇ ਸਾ ਪੂਜਾ ਹੋਵੈ, ਭਾਣਾ ਮੰਨਿ ਵਸਾਈ।

(ਰਾਮਕਲੀ ੫, ਪੰਨਾ ੯੧੦)

ਅਨਿਕ ਪੂਜਾ ਮੈਂ ਬਹੁ ਬਿਧਿ ਖੋਜੀ, ਸਾ ਪੂਜਾ ਜਿ ਹਰਿ ਭਾਵਾਸਿ।

(ਕਾਨੜਾ ੫, ਪੰਨਾ ੧੩੦੪)

**ਪੂਤਨਾ**

ਪੁਰਾਣਕ ਕਥਾ-ਅਨੁਸਾਰ ਪੂਤਨਾ ਇਕ ਰਾਖਸ਼ਣੀ ਸੀ ਜੋ ਬਲਿ ਦੀ ਧੀ ਅਤੇ ਵਕਾਸੁਰ ਅਤੇ ਅਘਾਸੁਰ ਦੀ ਭੈਣ ਸੀ । ਜਦੋਂ ਕ੍ਰਿਸ਼ਨ ਜੀ ਗੋਕਲ ਵਿਖੇ ਨੰਦ ਦੇ ਘਰ ਪਰਵਰਸ਼ ਪਾ ਰਹੇ ਸਨ ਤਾਂ ਦੋਖੀ ਰਾਜੇ ਕੰਸ ਨੇ ਕ੍ਰਿਸ਼ਨ ਨੂੰ ਮਾਰਨ ਲਈ ਪੂਤਨਾ ਨੂੰ ਭੇਜਿਆ । ਸਾਰਸ਼ ਅਨੁਸਾਰ ਇਸ ਨੇ ਆਪਣੀਆਂ ਦੁੱਧੀਆਂ ਨੂੰ ਜ਼ਹਿਰ ਲਾਇਆ ਹੋਇਆ ਸੀ ਤਾਂ ਕਿ ਦੁੱਧ ਚੁੰਘਾਉਣ ਦੇ ਬਹਾਨੇ ਜ਼ਹਿਰ ਦੇ ਕੇ ਕ੍ਰਿਸ਼ਨ ਨੂੰ ਮਾਰ ਦਿਤਾ ਜਾਵੇ । ਕ੍ਰਿਸ਼ਨ ਜੀ ਨੇ ਉਸ ਨੂੰ ਥਾਂ ਹੀ ਮਾਰ ਦਿੱਤਾ । ਆਮ ਖਿਆਲ ਹੈ ਕਿ ਉਸ ਦਾ ਭਗਵਾਨ ਦੇ ਸਪਰਸ਼ ਕਾਰਣ ਉਧਾਰ ਹੋ ਗਿਆ ।

ਹਰਿ ਹਰਿ ਕਰਤ ਪੂਤਨਾਂ ਤਰੀ
ਬਾਲ ਘਾਤਨੀ ਕਪਟਹਿ ਭਰੀ ।

(ਗੋਂਡ ਨਾਮਦੇਉ, ਪੰਨਾ ੮੭੪)

**ਪੂਰਕ**—ਦੇਖੋ ਜੋਗ ਤੇ ਜੋਗੀ ।

**ਪੈਗੰਬਰ**

ਇਹ ਫ਼ਾਰਸੀ ਪਦ ਹੈ ਜਿਸਦਾ ਅਰਥ ਹੈ ਪੈਗ਼ਾਮ ਲਿਆਉਣ ਵਾਲਾ । ਸੋ ਰੱਬੀ ਸੰਦੇਸ਼ ਲੋਕਾਂ ਤਕ ਪਹੁੰਚਾਣ ਵਾਲਾ ਪੈਗੰਬਰ ਹੈ । ਕਹਿੰਦੇ ਹਨ ਜਿਬਰਾਈਲ ਫਰਿਸ਼ਤੇ ਨੇ ਖ਼ੁਦਾ ਪਾਸੋਂ ਆਯਤਾਂ ਸੁਣ ਕੇ ਮੁਹੰਮਦ ਸਾਹਿਬ ਪਾਸ ਪਹੁੰਚਾਈਆਂ ਤੇ ਅੱਗੇ ਇਹੋ ਪੈਗ਼ਾਮ, ਨਬੀ ਨੇ ਲੋਕਾਂ ਨੂੰ ਦਿਤਾ । ਇਸੇ ਕਰਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਨਬੀ ਜਾਂ ਪੈਗੰਬਰ ਕਹਿ ਕੇ ਯਾਦ ਕੀਤਾ ਜਾਂਦਾ ਹੈ ਤੇ ਇਸ ਤੋਂ ਪਹਿਲੇ ਮਹਾਂਪੁਰਸ਼ਾਂ ਹਜ਼ਰਤ ਇਬਰਾਹੀਮ, ਹਜ਼ਰਤ ਮੂਸਾ, ਹਜ਼ਰਤ ਸੁਲੇਮਾਨ ਆਦਿ ਨੂੰ ਵੀ ਇਸੇ ਵਿਸ਼ੇਸ਼ਣ ਨਾਲ ਸੰਬੋਧਿਤ ਕੀਤਾ ਗਿਆ ਹੈ । ਸਾਮੀ ਮਜ਼ਹਬਾਂ ਵਿਚ ਪੈਗੰਬਰ ਦਾ ਦਰਜਾ ਬਹੁਤ ਉਚਾ ਹੈ, ਪਰ ਗੁਰੂ ਸਾਹਿਬ ਇਸ ਵਿਚਾਰ ਦੇ ਹਨ ਕਿ ਸਾਡੇ ਲਈ ਮਉਲਾ-ਪਰਮੇਸ਼ਰ ਹੀ ਪੀਰ ਪੈਗੰਬਰ ਤੇ ਸਭ ਕੁਝ ਹੈ :—

ਮਿਹਰਵਾਨ ਮਉਲਾ ਤੂਹੀ ਏਕ । ਪੀਰ ਪੈਕਾਬਰ ਸੇਖ ।
ਦਿਲਾ ਕਾ ਮਾਲਕੁ ਕਰੇ ਹਾਕੁ । ਕੁਰਾਨ ਕਤੇਬ ਤੇ ਪਾਕੁ ॥

(ਰਾਮਕਲੀ ਮ. ਪੰਨਾ ੮੯੭)

**ਪੰਚ ਸ਼ਬਦ**

ਪੰਜ ਵਾਜਿਆਂ ਦੀ ਧੁਨ ਨੂੰ 'ਪੰਚ ਸ਼ਬਦ' ਕਹਿ ਕੇ ਵਰਣਨ ਕੀਤਾ ਗਿਆ ਹੈ । ਭਾਰਤੀ ਸੰਗੀਤ ਅਨੁਸਾਰ ਪੰਜ ਵਾਜੇ ਇਹ ਹਨ :—

੧. ਤਤ—ਤਾਰ ਅਤੇ ਤੰਦ ਵਾਲੇ ਸਾਜ਼ ਜਿਵੇਂ ਰਬਾਬ, ਸਿਤਾਰ ਆਦਿ ।

੨. ਵ੍ਰਿਤ-ਚੰਮ ਨਾਲ ਮੜ੍ਹੇ ਸਾਜ਼ ਜਿਵੇਂ ਢੋਲਕ ਜੋੜੀ ਆਦਿ।

੩. ਘਨ-ਧਾਤ ਦੇ ਬਣੇ ਹੋਏ ਸਾਜ਼ ਜਿਵੇਂ ਕੈਂਸੀਆਂ, ਛੈਣੇ ਆਦਿ।

੪. ਨਾਦ-ਜਿਨ੍ਹਾਂ ਦੇ ਪੁਲਾੜ ਵਿਚੋਂ ਹੱਥ ਮਾਰ ਕੇ ਅਵਾਜ਼ ਕੱਢੀਦੀ ਹੈ ਜਿਵੇਂ ਘੜਾ ਆਦਿ।

੫. ਸੁਖਿਰ-ਫੂਕ ਮਾਰ ਕੇ ਵਜਣ ਵਾਲੇ ਸਾਜ਼, ਜਿਵੇਂ ਬਸਰੀ, ਬੀਨ ਆਦਿ।

ਯੋਗੀਆਂ ਦੀ ਮਨੌਤ ਅਨੁਸਾਰ ਦਸਮ ਦੁਆਰ ਵਿਚ ਪੰਚ ਸ਼ਬਦਾਂ-ਸੰਖ, ਮਿਰਦੰਗ, ਕਿੰਗੁਰੀ, ਮੁਰਲੀ ਅਤੇ ਵੀਣਾ ਦੀ ਅਵਾਜ਼ ਹੁੰਦੀ ਹੈ।

'ਹਠਯੋਗ ਪ੍ਰਦੀਪਿਕਾ' ਵਿਚ ਪੰਚ ਸ਼ਬਦ ਇਹ ਦਸੇ ਹਨ—ਭ੍ਰਮਰ-ਗੁੰਜਾਰ, ਘੰਟਾ ਧੁਨੀ, ਹਵਾ ਭਰੀ ਨਲਕੀ ਦੀ ਧੁਨੀ ਜਿਹਾ ਸ਼ਬਦ, ਸਮੁੰਦਰੀ ਗਰਜ ਤੇ ਮੇਘ ਦੀ ਗਰਜ ਆਦਿ।

ਪੁਰਾਣਾਂ ਅਨੁਸਾਰ ਵੇਦ ਧੁਨੀ, ਬੰਦੀਜਨ ਧੁਨੀ, ਜਯ-ਧੁਨੀ, ਸੰਖ ਧੁਨੀ ਤੇ ਵਿਸ਼ਾਲ ਧੁਨੀ ਪੰਚ ਸ਼ਬਦ ਹਨ।

(ਮਹਾਨ ਕੋਸ਼)

ਸੰਤ ਬਾਣੀ ਤੇ ਗੁਰਬਾਣੀ ਵਿਚ ਇਹ ਸੰਕੇਤ ਅਤਿਅੰਤ ਖ਼ੁਸ਼ੀ ਤੇ ਅਨੰਦ ਦੇ ਪ੍ਰਗਟਾਵੇ ਲਈ ਵਰਤਿਆ ਗਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਜਦੋਂ ਆਤਮਾ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ ਤਾਂ ਅਨੰਤ ਖ਼ੁਸ਼ੀ ਦੀ ਧੁਨਿਕਾਰ ਉਠਦੀ ਹੈ ਜੋ ਮਨ ਨੂੰ ਰਸ ਵਿਚ ਲੀਨ ਕਰ ਦਿੰਦੀ ਹੈ।

ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ।
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ।

(ਸੂਹੀ ੧, ਪੰਨਾ ੭੬੪)

## ਪੰਚ ਤੱਤ

ਭਾਰਤੀ ਮਨੌਤ ਅਨੁਸਾਰ-ਪ੍ਰਿਥਵੀ, ਪੌਣ, ਪਾਣੀ, ਅਗਨੀ ਤੇ ਅਕਾਸ਼ ਪੰਜ ਮੂਲ ਤੱਤ ਹਨ ਜਿਨ੍ਹਾਂ ਤੋਂ ਸਾਰੀ ਸ੍ਰਿਸ਼ਟੀ ਦੀ ਸਾਜਨਾ ਹੋਈ ਹੈ। ਵਰਤਮਾਨ ਵਿਗਿਆਨ ਨੇ ਵਧੇਰੇ ਵਿਸ਼ਲੇਸ਼ਨ ਬਾਅਦ ਇਹ ਗਿਣਤੀ ੯੨ ਤਕ ਦਸੀ ਹੈ। ਪਰੰਤੂ ਜਦੋਂ ਤਕ ਇਹ ਮਸ਼ੀਨੀ ਸਾਧਨ ਨਹੀਂ ਸੀ ਬਣੇ ਤੇ ਬਾਰੀਕ ਪੁਣ-ਛਾਣ ਨਹੀਂ ਸੀ ਹੋਈ, ਉਦੋਂ ਤਕ ਪੰਚ ਤੱਤ ਹੀ ਮੂਲ ਤੱਤ ਮੰਨੇ ਜਾਂਦੇ ਸਨ ਤੇ ਭਾਰਤੀ ਗ੍ਰੰਥਾਂ ਵਿਚ ਇਨ੍ਹਾਂ ਵਲ ਹੀ ਸੰਕੇਤ ਹੈ। ਨਾਲ ਹੀ ਧਰਮੀ ਮਹਾਂਪੁਰਸ਼ਾਂ ਇਹ ਵੀ ਆਖਿਆ ਹੈ ਕਿ ਇਹ ਤੱਤ ਕੋਈ ਆਪਣੇ ਆਪ ਬਣੀ ਵਸਤੂ ਨਹੀਂ ਬਲਕਿ ਇਨ੍ਹਾਂ ਨੂੰ ਪੈਦਾ ਕਰਨ ਵਾਲਾ ਵੀ ਪਰਮੇਸ਼ਰ ਹੈ, ਉਸੇ ਦੀ ਸੱਤਾ ਨਾਲ ਇਹ ਤੱਤ ਜੁੜ ਕੇ ਸਰੀਰ ਦਾ ਢਾਂਚਾ ਤਿਆਰ ਕਰਦੇ ਹਨ।

ਪੰਚ ਤੱਤ ਕੋ ਤਨ ਰਚਿਓ, ਜਾਨਹੁ ਚਤੁਰ ਸੁਜਾਨ।
ਜਿਹ ਤੇ ਉਪਜਿਓ ਨਾਨਕਾ, ਲੀਨ ਤਾਹਿ ਮੈ ਮਾਨ ॥੧੧॥

(ਸਲੋਕ ਮ: ੯, ਪੰਨਾ ੧੪੨੬)

ਪੰਚ ਤਤੁ ਮਿਲਿ ਕਾਇਆ ਕੀਨੀ, ਤਤੁ ਕਹਾ ਤੇ ਕੀਨੁ ਰੇ।
ਕਰਮ ਬਧ ਤੁਮ ਜੀਉ ਕਹਤ ਹੌ, ਕਰਮਹਿ ਕਿਨਿ ਜੀਉ ਦੀਨ ਰੇ।

(ਗੋਂਡ ਕਬੀਰ, ਪੰਨਾ ੮੭੦)

**ਪੰਚ ਦੋਖ**—ਦੇਖੋ ਪੰਚ ਬਿਕਾਰ।

**ਪੰਚ ਬਿਕਾਰ**

ਮਨ ਦੀ ਸੰਤੁਲਿਤ ਅਵਸਥਾ ਨੂੰ ਵਿਗਾੜਨ ਵਾਲੇ ਮੁੱਖ ਪੰਜ ਔਗੁਣ-ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ-ਪੰਚ ਬਿਕਾਰ ਕਹਾਉਂਦੇ ਹਨ। ਇਨ੍ਹਾਂ ਨੂੰ ਚੋਰ, ਠੱਗ, ਬਟਵਾਰੇ, ਚੰਡਾਲ, ਦੂਤ, ਦੋਖ, ਰੋਗ, ਬਿਖਾਦੀ ਆਦਿ ਕਹਿ ਕੇ ਵੀ ਬਿਆਨ ਕੀਤਾ ਗਿਆ ਹੈ ਤੇ ਕਿਤੇ ਕਿਤੇ ਕੇਵਲ 'ਪੰਚ' ਆਖ ਕੇ ਵੀ ਸੰਕੇਤ ਕੀਤਾ ਹੈ। ਗੁਰੂ ਸਾਹਿਬਾਨ ਇਨ੍ਹਾਂ ਬੁਰਿਆਈਆਂ ਦਾ ਇਕੋ ਇਕ ਇਲਾਜ ਪ੍ਰਭੂ ਸਿਮਰਨ ਤੇ ਸਾਧ ਸੰਗਤ ਦੀ ਸੇਵਾ ਦਸਦੇ ਹਨ, ਜਿਸ ਨਾਲ ਸ੍ਰੇਸ਼ਟ ਗੁਣਾਂ ਦੀ ਉਤਪਤੀ ਹੁੰਦੀ ਤੇ ਵਿਕਾਰਾਂ ਤੋਂ ਰਿਹਾਈ ਪਾ ਕੇ ਜੀਵਨ ਸੌਖਾ ਤੇ ਸੁਚੱਜਾ ਹੋ ਨਿਬੜਦਾ ਹੈ।

ਪੰਚ ਬਿਕਾਰ ਮਨ ਮਹਿ ਬਸੇ, ਰਾਚੇ ਮਾਇਆ ਸੰਗਿ
ਸਾਧ ਸੰਗਿ ਹੋਇ ਨਿਰਮਲਾ, ਨਾਨਕ ਪ੍ਰਭ ਕੈ ਰੰਗਿ।

(ਗਉੜੀ ਮ: ੫, ਪੰਨਾ ੨੯੭)

**ਪੰਚਾਲੀ**—ਦੇਖੋ ਦ੍ਰੋਪਦੀ

**ਪੰਡਿਤ**

ਪੜ੍ਹਿਆ ਲਿਖਿਆ ਸ਼ਾਸਤ੍ਰਵੇਤਾ ਬ੍ਰਾਹਮਣ, ਪੰਡਿਤ ਕਿਹਾ ਜਾਂਦਾ ਹੈ ਚੂੰਕਿ ਬ੍ਰਾਹਮਣ ਦੀ ਜ਼ਿੰਮੇਵਾਰੀ ਵੇਦ ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ ਕਰਾਉਣਾ ਤੇ ਦਾਨ ਦੇਣਾ ਤੇ ਲੈਣਾ ਸੀ, ਇਸ ਕਰਕੇ ਪਰੋਹਤ ਨੂੰ ਵੀ ਪਿਛੋਂ ਜਾ ਕੇ ਪੰਡਿਤ ਹੀ ਕਿਹਾ ਜਾਣ ਲਗਾ। ਇਹ ਇਤਿਹਾਸਕ ਸਚਾਈ ਹੈ ਕਿ ਕਰਮ ਧਰਮ ਤੇ ਸੰਸਕਾਰ ਕਰਨੇ ਕਰਾਉਣੇ ਇਨ੍ਹਾਂ ਦੇ ਰੁਜ਼ਗਾਰ ਦਾ ਵਸੀਲਾ ਸੀ, ਇਸ ਕਰਕੇ ਪੰਡਿਤ ਲੋਕ ਵਧੇਰੇ ਕਰਮਕਾਂਡਵਾਦੀ ਹੋ ਗਏ ਤੇ ਧਰਮ ਦੀ ਅਸਲ ਭਾਵਨਾ ਨੂੰ ਛੱਡ ਬੈਠੇ। ਇਸੇ ਕਰਕੇ ਗੀਤਾ ਵਿਚ ਉਪਦੇਸ਼ ਹੈ ਕਿ ਤ੍ਰੈਗੁਣਾਤਮਕ ਵੇਦਕ ਕਰਮ ਨੂੰ ਉਲੰਘ ਕੇ ਤੇ ਸਮਦ੍ਰਿਸ਼ਟਾ ਬਣ ਕੇ ਹੀ ਸੱਚੇ ਪੰਡਿਤ ਹੋ ਸਕੀਦਾ ਹੈ, ਕੇਵਲ ਕਿਤਾਬੀ ਗਿਆਨ ਕਿਸੇ ਲੇਖੇ ਨਹੀਂ। ਭਗਤੀ ਲਹਿਰ ਦੇ ਸੰਤਾਂ ਤੇ ਗੁਰੂਆਂ ਵੀ ਪੰਡਿਤ ਨੂੰ ਆਪਣਾ ਆਪ ਸਵਾਰਨ ਤੇ ਸਹੀ ਧਰਮੀ ਬਣਨ ਉਤੇ ਜ਼ੋਰ ਦਿੱਤਾ ਹੈ। ਗੁਰੂ ਨਾਨਕ ਕਹਿੰਦੇ ਹਨ :—

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ।

(ਆਸਾ ੧, ਪਟੀ, ਪੰਨਾ ੪੩੨)

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ।
ਅਨਦਿਨੁ ਏਕੋ ਨਾਮ ਵਖਾਣੈ ।
ਸਤਿਗੁਰ ਕੀ ਓਹ ਦੀਖਿਆ ਲੇਇ । ਸਤਿਗੁਰ ਆਗੈ ਸੀਸੁ ਧਰੇਇ ।
ਸਦਾ ਅਲਗ ਰਹੈ ਨਿਰਬਾਣੁ । ਸੋ ਪੰਡਿਤ ਦਰਗਹਿ ਪਰਵਾਣੁ ।

(ਮਲਾਰ ੩, ਪੰਨਾ ੧੨੬੧)

ਸੋ ਪੰਡਿਤੁ ਜੋ ਮਨ ਪਰਬੋਧੈ । ਰਾਮ ਨਾਮੁ ਆਤਮ ਮਹਿ ਸੋਧੈ ।
ਰਾਮ ਨਾਮ ਸਾਰੁ ਰਸੁ ਪੀਵੈ । ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ ।

(ਗਉੜੀ ਸੁਖਮਨੀ ੫, ਪੰਨਾ ੨੭੪)

**ਫਰੀਦ (ਸ਼ੇਖ)**

ਸ਼ੇਖ ਫਰੀਦੁੱਦੀਨ ਮਸਊਦ ਸ਼ੱਕਰ ਗੰਜ ਦਾ ਜਨਮ ਪਿੰਡ ਕੋਠੀਵਾਲ (ਚਾਵਲ ਮੁਸ਼ੈਖਾਂ) ਜਿਲਾ ਮੁਲਤਾਨ ਵਿਚ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸਮ ਦੇ ਉਦਰ ਤੋਂ ੧੧੭੫ ਈ: ਵਿਚ ਹੋਇਆ । ਕਈਆਂ ਜਨਮ-ਸਾਲ ੧੧੭੩ ਈ: ਲਿਖਿਆ ਹੈ ।

ਆਪ ਨੇ ਮੁਲਤਾਨ ਜਾ ਕੇ ਖ਼ੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਨੂੰ ਮੁਰਸ਼ਦ ਧਾਰ ਕੇ ਕਠਿਨ ਤਪਸਿਆ ਕੀਤੀ । ੧੫-੨੦ ਸਾਲ ਹਾਂਸੀ ਰਹੇ, ਫਿਰ ਅਜੋਧਨ ਨਿਵਾਸ ਕੀਤਾ ਜਿਸ ਦਾ ਨਾਮ ਹੁਣ ਪਾਕਪਟਨ ਹੈ ਤੇ ਜਿਥੇ ਫਰੀਦ ਦੀ ਗੱਦੀ ਦਾ ਡੇਰਾ ਹੈ । ਚਿਸ਼ਤੀ ਫਿਰਕੇ ਦੇ ਸੂਫੀਆਂ ਵਿਚ ਬਾਬਾ ਫਰੀਦ ਦਾ ਨਾਮ ਬਹੁਤ ਸਤਿਕਾਰ ਨਾਲ ਲਿਆ ਜਾਂਦਾ ਹੈ, ਸ਼ੇਖ ਨਿਜ਼ਾਮੁਦੀਨ ਔਲੀਆ ਆਪ ਦੇ ਹੀ ਚੇਲੇ ਸਨ । ਇਸੇ ਤਰ੍ਹਾਂ ਸਮਕਾਲੀ ਬਾਦਸ਼ਾਹ ਆਪਦੀ ਬਹੁਤ ਇੱਜ਼ਤ ਕਰਦੇ ਸਨ । ਆਪ ਨੇ ਗ੍ਰਿਹਸਤ ਦਾ ਸਿੱਧਾ ਸਾਦਾ ਤੇ ਕਿਰਤੀ ਜੀਵਨ ਬਸਰ ਕੀਤਾ ਅਤੇ ਕਦੀ ਸ਼ਾਹੀ ਰਕਮ ਨੂੰ ਪਰਵਾਣ ਨ ਕੀਤਾ । ਆਪਦੇ ਪੰਜ ਪੁੱਤਰ ਤੇ ਤਿੰਨ ਪੁੱਤਰੀਆਂ ਸਨ । ਦੇਹਾਂਤ ੧੫ ਅਕਤੂਬਰ ੧੨੬੫ ਈ: ਨੂੰ ਪਾਕਪਟਨ ਹੋਇਆ ।

ਆਦਿ ਗ੍ਰੰਥ ਵਿਚ ਆਪਦੇ ੪ ਸ਼ਬਦ (ਦੋ ਆਸਾ ਤੇ, ਦੋ ਸੂਹੀ ਰਾਗ ਵਿਚ) ਤੇ ੧੧੨ ਸਲੋਕ ਸ਼ਾਮਿਲ ਹਨ । ਜਨਮ-ਸਾਖੀਆਂ ਅਨੁਸਾਰ ਗੁਰੂ ਨਾਨਕ ਸਾਹਿਬ ਜਦੋਂ ਪਾਕਪਟਨ ਫਰੀਦ ਦੇ ਜਾਂਨਸ਼ੀਨ ਸ਼ੇਖ ਇਬਰਾਹੀਮ (ਸ਼ੇਖ ਬ੍ਰਹਮ) ਨੂੰ ਮਿਲੇ ਤਾਂ ਇਹ ਫਰੀਦ-ਬਾਣੀ, ਉਨ੍ਹਾਂ ਤੋਂ ਪ੍ਰਾਪਤ ਕੀਤੀ ਸੀ । ਕਈਆਂ ਇਹ ਸ਼ੰਕਾ ਉਠਾਈ ਹੈ ਕਿ ਇਹ ਬਾਣੀ ਸ਼ੇਖ ਬ੍ਰਹਮ ਦੀ ਹੈ, ਪਰ ਇਹ ਠੀਕ ਨਹੀਂ । ਕਿਉਂਕਿ ਜਿਸ ਪੱਧਰ ਤੇ ਜਿਸ ਮਾਨਤਾ ਨਾਲ ਇਸ ਬਾਣੀ ਦੀ ਸੁਰ ਗੂੰਜਦੀ ਹੈ, ਉਹ ਕਿਸੇ ਮਹਾਨ ਸ਼ਖ਼ਸੀਅਤ ਦੀ ਹੋ ਸਕਦੀ ਹੈ । ਪ੍ਰਾਚੀਨ ਮੁਸਲਮ ਤਵਾਰੀਖ਼ਦਾਨਾਂ ਵੀ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਬਾਬਾ ਫਰੀਦ ਨੇ ਅਰਬੀ, ਫਾਰਸੀ ਤੇ ਤੇ ਮੁਲਤਾਨੀ ਵਿਚ ਕਾਵਿ-ਰਚਨਾ ਕੀਤੀ ਜਦ ਕਿ ਸ਼ੇਖ ਇਬਰਾਹੀਮ ਬਾਰੇ ਅਜੇਹੀ ਕੋਈ ਰਵਾਇਤ ਨਹੀਂ ਮਿਲਦੀ । ਆਪ ਦੀ ਬਾਣੀ ਵਧੇਰੇ ਵੈਰਾਗ ਭਰੀ ਹੈ :—

ਬੋਲੈ ਸੇਖ ਫਰੀਦੁ ਪਿਆਰੇ ਅਲਹੁ ਲਗੇ
ਇਹੁ ਤਨੁ ਹੋਸੀ ਖਾਕੁ ਨਿਮਾਣੀ ਗੋਰ ਘਰੇ ।

(ਆਸਾ ਸ਼ੇਖ ਫਰੀਦ, ਪੰਨਾ ੪੮੮)

**ਫਰੇਸ਼ਤਾ**

ਸਾਮੀ ਨਿਸਚੇ ਅਨੁਸਾਰ ਉਹ ਰੱਬੀ ਦੂਤ, ਜੋ ਖ਼ੁਦਾ ਦੇ ਹੁਕਮ ਅਨੁਸਾਰ ਸੰਸਾਰ ਦਾ ਕਾਰ ਵਿਹਾਰ ਚਲਾਉਂਦੇ ਹਨ। ਹਿੰਦੂ ਮਤ ਵਿਚ ਜਿਵੇਂ ਦੇਵਤੇ ਹਨ, ਤਿਵੇਂ ਇਨ੍ਹਾਂ ਦੀ ਮਾਨਤਾ ਹੈ। ਇਨ੍ਹਾਂ ਦੀ ਪੈਦਾਇਸ਼ ਖ਼ੁਦਾ ਦੇ ਨੂਰ ਤੋਂ ਹੋਈ ਮੰਨੀ ਜਾਂਦੀ ਹੈ ਤੇ ਖਿਆਲ ਹੈ ਇਨ੍ਹਾਂ ਨੂੰ ਆਦਮੀਆਂ ਵਾਂਗ ਭੁਖ ਤੇਹ ਨਹੀਂ ਲਗਦੀ। ਭਾਵੇਂ ਇਸਲਾਮੀ ਕਿਤਾਬਾਂ ਵਿਚ ਫਰਿਸ਼ਤਿਆਂ ਦੀ ਗਿਣਤੀ ਸਵਾ ਲੱਖ ਤਕ ਵੀ ਦਿਤੀ ਹੋਈ ਹੈ, ਪਰ ਮੁਖ ਫ਼ਰਿਸ਼ਤੇ ਚਾਰ ਹਨ :—

(੧) ਜਿਬਰਾਈਲ—ਇਹ ਪੈਗ਼ੰਬਰਾਂ ਕੋਲ ਰੱਬੀ ਪੈਗਾਮ ਲਿਜਾਂਦਾ ਹੈ। ਕੁਰਾਨ ਦੀਆਂ ਬਹੁਤੀਆਂ ਆਇਤਾਂ ਇਹੋ ਮੁਹੰਮਦ ਸਾਹਿਬ ਪਾਸ ਲਿਆਇਆ ਸੀ।

(੨) ਮੇਕਾਇਲ—ਇਹ ਜੀਆਂ ਨੂੰ ਅੰਨ ਪਾਣੀ ਦਿੰਦਾ ਤੇ ਬਰਖਾ ਕਰਦਾ ਹੈ।

(੩) ਇਸਰਾਈਲ—ਕਿਆਮਤ ਸਮੇਂ ਇਹ ਨਫ਼ੀਰੀ ਵਜਾਉਂਦਾ ਹੈ ਜਿਸ ਨਾਲ ਸੰਸਾਰ ਤੇ ਪ੍ਰਲਯ ਆ ਜਾਂਦੀ ਤੇ ਮੁਰਦੇ ਕਬਰਾਂ ਵਿਚੋਂ ਉਠਣ ਦਾ ਅਨੁਮਾਨ ਹੈ।

(੪) ਇਜ਼ਰਾਈਲ—ਇਹ ਮੌਤ ਦਾ ਫਰਿਸ਼ਤਾ ਹੈ, ਇਸ ਨੂੰ 'ਮਲਕੁਲਮੌਤ' ਵੀ ਕਿਹਾ ਗਿਆ ਹੈ।

ਅਜਰਾਈਲ ਫਰੇਸ਼ਤਾ, ਤਿਲ ਪੀੜੇ ਘਾਣੀ।

(ਵਾਰ ਗਉੜੀ ੫, ਪੰਨਾ ੩੧੫)

**ਫੁਨਹੇ**

ਇਕ ਛੰਦ ਦਾ ਨਾਮ ਜਿਸ ਵਿਚ ਚਾਰ ਚਰਣ ਤੇ ਹਰ ਚਰਣ ਵਿਚ ਇੱਕੀ ਮਾਤ੍ਰਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ ੧੧ ਮਾਤ੍ਰਾਂ ਤੇ ਜਗਣ-ਅੰਤ ਤੇ ਦੂਜਾ ੧੦ ਮਾਤਰਾਂ ਤੇ ਰਗਣ-ਅੰਤ ਹੁੰਦਾ ਹੈ। ਹਿੰਦੀ ਸਾਹਿਤ ਵਿਚ ਇਹ 'ਅੜਿੱਲ' ਕਰਕੇ ਪ੍ਰਸਿਧ ਹੈ, ਇਸਦੀ, ਦਾਦੂ, ਵਜੀਦ ਆਦਿ ਸੰਤਾਂ ਵੀ ਖੁਲ੍ਹ ਕੇ ਵਰਤੋਂ ਕੀਤੀ ਹੈ। ਇਸ ਛੰਦ ਨੂੰ 'ਪੁਨਹਾ' ਯਾ 'ਚਾਂਦ੍ਰਾਇਣ' ਵੀ ਕਿਹਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਨੇ 'ਫੁਨਹੇ' ਸਿਰਲੇਖ ਦੇ ਕੇ ਅਜੇਹੇ ੨੩ ਛੰਦ ਲਿਖੇ ਹਨ। ਵੰਨਗੀ :—

ਸੰਤ ਸਭਾ ਪਹਿ ਬੈਸਿ, ਕਿ ਕੀਰਤਿ ਮੈ ਕਹਾਂ।
ਅਰਪੀ ਸਭੁ ਸੀਗਾਰੁ, ਏਹੁ ਜੀਉ ਸਭੁ ਦਿਵਾ।
ਆਸ ਪਿਆਸੀ ਸੇਜ, ਸੁ ਕੰਤਿ ਵਿਛਾਈਐ॥
(ਹਰਿ ਹਾਂ) ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥੨॥

(ਫੁਨਹੇ ੫, ਪੰਨਾ ੧੩੬੧)

**ਫੇਰੂ**

ਗੁਰੂ ਅੰਗਦ ਦੇਵ ਜੀ ਦੇ ਪਿਤਾ ਜੋ ਤ੍ਰੇਹਣ ਖੱਤ੍ਰੀ ਸਨ ਅਤੇ ਪਿੰਡ ਮਤੇ ਦੀ ਸਰਾਇ (ਨਾਂਗੇ ਦੀ ਸਰਾਇ) ਜ਼ਿਲਾ ਫ਼ੀਰੋਜ਼ਪੁਰ ਦੇ ਰਹਿਣ ਵਾਲੇ ਸਨ। ਕਿਹਾ ਜਾਂਦਾ ਹੈ ਕਿ ਆਪ ਫ਼ੀਰੋਜ਼ਪੁਰ ਦੇ ਹਾਕਮ ਦੇ ਖ਼ਜ਼ਾਨਚੀ ਸਨ, ਦੇਹਾਂਤ ੧੫੨੬ ਈ: ਵਿਚ ਹੋਇਆ।

ਭਾਈ ਸਤੇ ਨੇ ਸਤਿਗੁਰਾਂ ਦੀ ਮਹਿਮਾ ਕਰਦਿਆਂ ਲਿਖਿਆ ਹੈ ਕਿ ਫੇਰੂ ਆਣਿ-ਫੇਰੂ ਦੇ ਪੁੱਤਰ—ਅੰਗਦ ਨੇ ਗੁਰਿਆਈ ਪ੍ਰਾਪਤ ਕਰਨ ਉਪਰੰਤ ਖਡੂਰ ਨੂੰ ਰੌਣਕ ਦਿਤੀ :

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ।

(ਵਾਰ ਰਾਮਕੱਲੀ ਰਾਇ ਬਲਵੰਡ ਤਥਾ ਸਤੇ ਡੂਮਿ ਆਖੀ, ਪੰਨਾ ੯੬੮)

## ਬਸਿਸ਼ਟ

ਇਕ ਵੈਦਿਕ ਰਿਸ਼ੀ ਜਿਸ ਨੂੰ ਸੱਤ ਮਹਾਂ ਰਿਸ਼ੀਆਂ ਜਾਂ ਦਸ ਪ੍ਰਜਾਪਤੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦਾ ਜਨਮ ਮਿਤ੍ਰਾਵਰਣ ਦੇ ਬੀਰਜ ਤੋਂ ਅਪਸਰਾ ਉਰਵਸੀ ਦੇ ਉਦਰੋਂ ਹੋਇਆ। ਇਹ ਆਪਣੀ ਸੁਯੋਗਤਾ ਸਦਕੇ ਇਕਸ਼ਵਾਕੂ ਬੰਸ ਦਾ ਪਰੋਹਤ ਬਣਿਆ ਤੇ ਸ੍ਰੀ ਰਾਮ ਚੰਦਰ ਜੀ ਦਾ ਗੁਰੂ ਬਣ ਕੇ ਉਨ੍ਹਾਂ ਨੂੰ ਧਰਮ ਵਿਦਿਆ ਦਿੰਦਾ ਰਿਹਾ ਜੋ ਕਿ 'ਯੋਗ ਵਸਿਸ਼ਠ' ਵਿਚ ਦਰਜ ਹੈ। ਵਿਸ਼ਵਾਮਿਤ੍ਰ ਇਕ ਛਤ੍ਰੀ ਰਿਸ਼ੀ ਸੀ ਜਿਸ ਆਪਣੇ ਜਪ ਤਪ ਰਾਹੀਂ ਬ੍ਰਾਹਮਣ ਪਦਵੀ ਪ੍ਰਾਪਤ ਕੀਤੀ। ਪਰੰਤੂ ਬਸਿਸ਼ਟ ਨੇ ਇਸ ਨੂੰ ਕਦੀ ਪਰਵਾਣ ਨਾ ਕੀਤਾ। ਇਸ ਕਰਕੇ ਇਨ੍ਹਾਂ ਦੋਹਾਂ ਦਾ ਸਖ਼ਤ ਵਿਰੋਧ ਹੁੰਦਾ ਗਿਆ। ਇਸੇ ਵੈਰ-ਵਿਰੋਧ ਦਾ ਸਿੱਟਾ ਸੀ ਕਿ ਬਸਿਸਟ ਦੇ ਸੌ ਪੁਤਰ ਇਕ ਆਦਮਖੋਰ ਰਾਖਸ਼ ਦਾ ਸ਼ਿਕਾਰ ਹੋ ਗਏ, ਇਹ ਬਹੁਤ ਦੁਖੀ ਹੋਇਆ, ਕਈ ਤਰ੍ਹਾਂ ਆਤਮਘਾਤ ਕਰਨ ਦੇ ਯਤਨ ਕੀਤੇ, ਪਰ ਸਫਲਤਾ ਨਾ ਮਿਲੀ। ਅਖੀਰ ਇਹ ਆਪਣੇ ਆਸ਼੍ਰਮ ਵਿਚ ਮੁੜ ਆਇਆ।

ਬਸਿਸ਼ਟ ਪਾਸ ਇਕ ਨੰਦਿਨੀ ਗਊ ਸੀ ਜਿਸ ਨੂੰ ਜਿਵੇਂ-ਕਿਵੇਂ ਵਿਸ਼ਵਾਮਿਤ੍ਰ ਲੈਣਾ ਚਾਹੁੰਦਾ ਸੀ। ਉਸ ਕਈ ਯਤਨ ਕੀਤੇ, ਪਰ ਬਸਿਸ਼ਟ ਦੇ ਅੱਗ ਵਰਗੇ ਸੁਆਗਾਂ ਨਾਲ ਵਿਸ਼ਵਾਮਿਤ੍ਰ ਦੇ ਪੁੱਤਰ ਸੜ ਕੇ ਸੁਆਹ ਹੋ ਗਏ ਤੇ ਉਹ ਉਦਾਸ ਹੋ ਕੇ ਹਿਮਾਲਿਆ ਤੇ ਤਪ ਕਰਨ ਚਲਾ ਗਿਆ। ਪਿਛੋਂ ਜਾਕੇ ਦੋਹਾਂ ਰਿਸ਼ੀਆਂ ਦੀ ਸੁਲਾਹ ਹੋ ਗਈ।

ਗੁਰਬਾਣੀ ਵਿਚ ਬਸਿਸ਼ਟ ਦੇ ਨੇਕ ਆਚਰਣ ਦੀ ਸ਼ਲਾਘਾ ਕੀਤੀ ਗਈ ਹੈ :

ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ<br>
ਗੁਰਮੁਖਿ ਬਸਿਸਟਿ ਹਰਿ ਉਪਦੇਸੁ ਦ੍ਰਿੜਾਈ।

(ਵਾਰ ਵਡਹੰਸ ੪, ੫੯੧)

## ਬਸਤ

ਇਹ ਪੂਰਬੀ ਠਾਠ ਦਾ ਸੰਪੂਰਣ ਰਾਗ ਹੈ ਜਿਸ ਦਾ ਵਾਦੀ ਸੁਰ ਸਾ, ਸੰਵਾਦੀ ਮਾ ਹੈ। ਇਸ ਵਿਚ ਦੋਵੇਂ ਮਾ ਲਗਦੇ ਸਾ, ਗਾ, ਮਾ, ਪਾ, ਧਾ, ਨੀ ਸ਼ੁੱਧ, ਰੇ ਕੋਮਲ ਤੇ ਮਾਂ ਤੀਬਰ ਲਗਦਾ ਹੈ। ਇਹ ਹਿੰਡੋਲ ਤੇ ਮਾਲਕੋਂਸ ਮਿਲ ਕੇ ਬਣਦਾ ਹੈ। ਗਾਉਣ ਦਾ ਸਮਾਂ ਰਾਤ ਹੈ ਤੇ ਆਮ ਤੋਰ ਤੇ ਇਸ ਨੂੰ ਬਸੰਤ ਰੁੱਤ ਦੇ ਮਹੀਨਿਆਂ (ਫੱਗਣ, ਚੇਤ)

ਵਿਚ ਗਾਇਆ ਜਾਂਦਾ ਹੈ ।

ਇਹ ਆਦਿ ਗ੍ਰੰਥ ਵਿਚ ੨੪ਵੀਂ ਥਾਂ ਤੇ ਦਰਜ ਹੈ ਅਤੇ ਹਿੰਡੋਲ ਨਾਲ ਮਿਲਾ ਕੇ ਗਾਇਆ ਗਿਆ ਹੈ । ਹਿੰਡੋਲ, ਕਲਿਆਣ ਠਾਠ ਦਾ ਔੜਵ ਰਾਗ ਹੈ, ਇਸ ਦਾ ਵਾਦੀ ਧਾ ਤੇ ਗਾ ਸੰਵਾਦੀ ਹੈ, ਰੇ ਤੇ ਪਾ ਨਹੀਂ ਲਗਦੇ ।

## ਬਕਰੀਦਿ

ਅਰਬੀ ਵਿਚ 'ਬਕਰ' ਗਊ ਯਾ ਬੈਲ ਨੂੰ ਕਹਿੰਦੇ ਹਨ, ਜਿਸ ਸਮੇਂ ਜ਼ੀਹਿੱਜਾ ਦੀ ਦਸ ਤਰੀਕ ਨੂੰ ਖ਼ੁਦਾ ਦੇ ਨਾਂ ਤੇ ਗਊ ਦੀ ਕੁਰ੍ਬਾਨੀ ਦੇ ਕੇ ਈਦ ਮਨਾਈ ਜਾਂਦੀ ਹੈ ਉਸ ਨੂੰ ਬਕਰ-ਈਦ-ਬਕਰੀਦ ਕਹਿੰਦੇ ਹਨ । ਇਸ ਨੂੰ 'ਈਦੇ-ਕੁਰਬਾਂ' ਯਾ 'ਈਦੁਲ ਅਜ਼ਹਾ' ਵੀ ਆਖਦੇ ਹਨ । ਇਸ ਸਮੇਂ ਜ਼ਿਬਹ ਕੀਤੇ ਮਾਸ ਨੂੰ ਸਬੰਧੀਆਂ, ਰਿਸ਼ਤੇਦਾਰਾਂ, ਗਰੀਬ-ਗੁਰਬੇ ਤੇ ਆਪਣੇ ਲਈ—ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਤੇ ਖ਼ੁਸ਼ੀ ਮਨਾਈ ਜਾਂਦੀ ਹੈ । ਕਬੀਰ ਸਾਹਿਬ ਦਾ ਜ਼ਿਕਰ ਕਰਦਿਆਂ ਭਗਤ ਰਵਿਦਾਸ ਜੀ ਨੇ ਲਿਖਿਆ ਹੈ :

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ ।

(ਮਲਾਰ, ਰਵਿਦਾਸ, ੧੨੯੫)

## ਬਤੀਸ ਸੁਲਖਣੀ

ਵਿਦਵਾਨਾਂ ਸ੍ਰੇਸ਼ਟ ਇਸਤ੍ਰੀ ਦੇ ਬੱਤੀ ਸੁਭ ਲੱਛਣ ਇਹ ਮੰਨੇ ਹਨ :

੧. ਸੁੰਦਰਤਾ, ੨. ਸਵੱਛਤਾ, ੩. ਲੱਜਾ, ੪. ਚਤੁਰਾਈ, ੫. ਵਿਦਿਆ, ੬. ਪਤਿਭਗਤੀ, ੭. ਸੇਵਾ, ੮. ਦਯਾ, ੯. ਸਤ੍ਯ, ੧੦. ਪ੍ਰਿਯਬਾਣੀ, ੧੧. ਪ੍ਰਸੰਨਤਾ, ੧੨. ਨਿਮ੍ਰਤਾ, ੧੩. ਨਿਸ਼ਕਪਟਤਾ, ੧੪. ਏਕਤਾ, ੧੫. ਧੀਰਜ, ੧੬. ਧਰਮਨਿਸ਼ਠਾ, ੧੭. ਸੰਯਮ, ੧੮. ਉਦਾਰਤਾ. ੧੯. ਗੰਭੀਰਤਾ, ੨੦. ਉੱਦਮ, ੨੧. ਸੂਰਬੀਰਤਾ, ੨੨. ਰਾਗ, ੨੩. ਕਾਵ੍ਯ, ੨੪. ਨ੍ਰਿਤ, ੨੫. ਚਿਤ੍ਰ, ੨੬. ਔਸ਼ਧੀ, ੨੭. ਰਸੋਈ, ੨੮. ਸਿਉਣਾ ਪ੍ਰੋਣਾ, ੨੯. ਘਰ ਦੀਆਂ ਵਸਤਾਂ ਦਾ ਯਥਾਯੋਗ ਸ਼ਿੰਗਾਰਨਾ, ੩੦. ਬਜ਼ੁਰਗਾਂ ਦਾ ਮਾਣ ਆਦਰ, ੩੧. ਘਰ ਆਏ ਪ੍ਰਾਹੁਣਿਆਂ ਦਾ ਸਨਮਾਨ, ੩੨. ਸੰਤਾਨ ਪਾਲਨ ।

ਸਕੰਦ ਪੁਰਾਣ ਦੇ 'ਕਾਂਸ਼ੀ ਖੰਡ' ਵਿਚ ਬੱਤੀ ਲੱਛਣ ਇਹ ਲਿਖੇ ਹਨ :

ਪੰਜ ਦੀਰਘ—ਨੇਤ੍ਰ, ਜਬਾੜਾ, ਨੱਕ, ਵੱਖੀ, ਭੁਜਾ ।
ਪੰਜ ਸੂਖਮ—ਤ੍ਵਚਾ, ਕੇਸ਼, ਉਂਗਲੀਆਂ, ਦੰਦ, ਉਂਗਲਾਂ ਦੀਆਂ ਗੱਠਾਂ ।
ਸੱਤ ਲਾਲ—ਹਥੇਲੀ, ਪੈਰ ਦੀ ਤਲੀ,ਅੱਖਾਂ ਦੇ ਕੋਏ, ਤਾਲੂਆ, ਜੀਭ, ਹੋਠ, ਨਹੁੰ ।
ਛੇ ਊੱਚੇ—ਕਮਰ ਦੀ ਹੱਡੀ, ਪੇਟ, ਪੱਸਲੀ, ਮੋਢੇ, ਹੱਥ ਦੇ ਉਪਰਲੇ ਪਾਸੇ, ਮੂੰਹ ।

ਤਿੰਨ ਵਿਸਤਾਰ ਵਾਲੇ—ਮੱਥਾ, ਛਾਤੀ, ਕਮਰ ।
ਤਿੰਨ ਛੋਟੇ—ਗਰਦਨ, ਜੰਘਾਂ, ਭਗ ।
ਤਿੰਨ ਗੰਭੀਰ—ਸੁਰ, ਨਾਭੀ, ਸੁਭਾਵ ।

ਗੁਰੂ ਜੀ ਲਿਖਦੇ ਹਨ :

ਬਤੀਹ ਸੁਲਖਣੀ ਸਚੁ ਸੰਤਤਿ ਪੂਤ
ਆਗਿਆਕਾਰੀ ਸੁਘੜ ਸਰੂਪ ।

(ਆਸਾ ੫, ਪੰਨਾ ੩੭੧)

## ਬਧਿਕ

ਬਧਿਕ ਦਾ ਅਰਥ ਹੈ ਸ਼ਿਕਾਰੀ । ਸ਼ਿਕਾਰ ਦੇ ਭੁਲੇਖੇ, ਜੰਗਲ ਵਿਚ ਬਿਰਾਜੇ ਸ੍ਰੀ ਕ੍ਰਿਸ਼ਨ ਜੀ ਦੇ ਪੈਰਾਂ ਤੇ ਤੀਰ ਮਾਰਨ ਵਾਲਾ ਬਧਿਕ, ਹਿੰਦੂ ਮਿਥਿਹਾਸ ਵਿਚ ਪ੍ਰਸਿੱਧ ਹੈ । ਜਦੋਂ ਸ੍ਰੀ ਕ੍ਰਿਸ਼ਨ ਜੀ ਦੀ ਕੁਲ ਦੇ ਸਾਰੇ ਯਾਦਵ ਪਰਭਾਸ ਛੇਤਰ ਵਿਚ ਸ਼ਰਾਬ ਪੀ ਕੇ ਆਪਸ ਵਿਚ ਲੜ ਮਰੇ ਤਾਂ ਸ੍ਰੀ ਕ੍ਰਿਸ਼ਨ ਜੀ ਉਦਾਸ ਹੋ ਨੇੜੇ ਦੇ ਜੰਗਲ ਵਿਚ ਜਾ ਲੰਮੇ ਪਏ । ਬਧਿਕ ਨੇ ਹਿਰਨ ਦਾ ਸ਼ਿਕਾਰ ਕਰਦਿਆਂ ਇਕ ਤੀਰ ਮਾਰਿਆ ਜੋ ਕਿ ਸ੍ਰੀ ਕ੍ਰਿਸ਼ਨ ਜੀ ਦੇ ਪੈਰ ਵਿਚ ਲਗਾ । ਬਧਿਕ ਬੜਾ ਪਛਤਾਇਆ, ਪਰ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਬਖਸ਼ ਦਿੱਤਾ ਤੇ ਮੁਕਤੀ ਪ੍ਰਦਾਨ ਕੀਤੀ । ਗੁਰੂ ਅਰਜਨ ਸਾਹਿਬ ਲਿਖਦੇ ਹਨ :

ਬਧਿਕੁ ਉਧਾਰਿਓ ਖਮਿ ਪ੍ਰਹਾਰ ।

(ਬਸੰਤ, ੫, ਪੰਨਾ ੧੧੯੨)

**ਬਨਾਰਸ**—ਦੇਖੋ ਕਾਂਸ਼ੀ

## ਬਭੀਖਣ (ਭਭੀਖਣ)

ਰਾਵਣ ਦਾ ਛੋਟਾ ਭਾਈ ਬਭੀਖਣ ਇਕ ਭਲੇ ਸੁਭਾ ਦਾ ਆਦਮੀ ਸੀ । ਇਸ ਨੇ ਰਾਵਣ ਨੂੰ ਬੜਾ ਸਮਝਾਇਆ ਕਿ ਉਹ ਸੀਤਾ ਨੂੰ ਰਾਮ ਜੀ ਦੇ ਹਵਾਲੇ ਕਰ ਦੇਵੇ, ਪਰ ਰਾਵਣ ਨਾ ਮੰਨਿਆ । ਲੜਾਈ ਵੇਲੇ ਬਭੀਖਣ ਰਾਮ ਜੀ ਵੱਲ ਹੋ ਗਿਆ ਤੇ ਰਾਵਣ ਦੇ ਸਾਰੇ ਅੰਦਰਲੇ ਭੇਤ ਦੱਸ ਦਿਤੇ । ਇਸਨੇ ਹੀ ਰਾਵਣ ਦੇ ਨਾ ਮਰਨ ਦਾ ਭੇਤ ਰਾਮ ਜੀ ਨੂੰ ਦੱਸਿਆ ਕਿ ਰਾਵਣ ਦੇ ਹਿਰਦੇ ਵਿਚ 'ਅੰਮ੍ਰਿਤ-ਕੁੰਡ' ਹੈ ਜਿਸ ਕਰਕੇ ਇਸ ਦੇ ਵੱਢੇ-ਕੱਟੇ ਅੰਗ ਮੁੜ ਜੁੜ ਜਾਂਦੇ ਹਨ । ਉਸ ਕੁੰਡ ਦੇ ਸੁੱਕਣ ਤੇ ਹੀ ਰਾਵਣ ਮਰ ਸਕਦਾ ਹੈ । ਰਾਮ ਚੰਦਰ ਜੀ ਨੇ 'ਅਗਨਿ ਬਾਣ' ਮਾਰ ਕੇ ਰਾਵਣ ਦਾ 'ਅੰਮ੍ਰਿਤ ਕੁੰਡ' ਸੁਕਾ ਦਿੱਤਾ ਤੇ ਉਹ 'ਰਾਮ ਬਾਣ' ਨਾਲ ਢਹਿ-ਢੇਰੀ ਹੋ ਗਿਆ । ਲੰਕਾ ਫ਼ਤਹਿ ਹੋਣ ਉਪਰੰਤ ਰਾਮ ਚੰਦਰ ਜੀ ਨੇ ਰਾਜਗੱਦੀ ਬਭੀਖਣ ਨੂੰ ਦੇ ਦਿੱਤੀ । ਭਗਤ ਨਾਮਦੇਵ ਲਿਖਦੇ ਹਨ ਕਿ ਇਹ ਸਾਰੀ ਖੇਡ ਪ੍ਰਭੂ, ਆਪ ਹੀ ਵਰਤਾ ਰਿਹਾ ਹੈ :—

ਨਾਮੇ ਕੇ ਸੁਆਮੀ ਸੀਅ ਬਹੋਰੀ, ਲੰਕ ਭਭੀਖਣ ਆਪਿਓ ਹੇ ।

(ਸੋਰਠਿ, ਨਾਮਦੇਵ, ਪੰਨਾ ੬੫੭)

## ਬ੍ਰਹਮੰਡ

ਬ੍ਰਹਮੰਡ ਦੇ ਅਰਥ ਹਨ ਬ੍ਰਹਮ ਦਾ ਅੰਡਾ ਅਰਥਾਤ ਗੋਲਾਕਾਰ ਪ੍ਰਿਥਵੀ। ਮਨੂ ਸਿਮ੍ਰਿਤੀ ਤੇ ਪੁਰਾਣਾਂ ਵਿਚ ਕਥਾ ਹੈ ਕਿ ਜਗਤ ਰਚਨਾ ਤੋਂ ਪਹਿਲਾਂ ਇਕ ਸੋਨੇ ਰੰਗਾ ਅੰਡਾ ਪੈਦਾ ਹੋਇਆ ਜੋ ਹਜ਼ਾਰ ਵਰ੍ਹੇ ਪਿਛੋਂ ਫੁੱਟ ਕੇ ਦੋ ਟੋਟੇ ਹੋ ਗਿਆ ਜਿਸ ਤੋਂ ਸੱਤ ਉਪਰਲੇ ਤੇ ਸੱਤ ਹੇਠਲੇ ਲੋਕ ਬਣੇ। ਸੱਤ ਆਕਾਸ਼ ਇਹ ਹਨ :—

ਭੂਰ, ਭੁਵਰ, ਸੁਵਰ, ਮਹਰ, ਜਨ, ਤਪ, ਸਤ ਤੇ ਸੱਤ ਪਾਤਾਲ ਇਹ ਹਨ— ਅਤਲ, ਬਿਤਲ, ਸੁਤਲ, ਤਲਾਤਲ, ਰਸਾਤਲ, ਮਹਾਂਤਲ, ਪਾਤਾਲ।

ਧਰਤੀ ਦਾ ਚੋਥਾ ਹਿਸਾ ਖੁਸ਼ਕ ਤੇ ਬਾਕੀ ਪਾਣੀ ਹੈ। ਇਹ ਸਾਰਾ ਖੇਤਰ ਉਂਨੀ ਕਰੋੜ ਸੱਤਰ ਲਖ ਵਰਗ ਮੀਲ ਹੈ। ਇਹ ਸੱਤਾਂ ਸਮੁੰਦਰਾਂ ਨਾਲ ਘਿਰੇ ਸੱਤ ਦੀਪਾਂ ਵਿਚ ਹੈ। ਸੱਤ ਦੀਪ ਇਹ ਹਨ :—

ਜੰਬੂ, ਪਲਖ, ਸ਼ਾਲਮਲੀ, ਕੁਸ਼, ਕ੍ਰੌਂਚ, ਸ਼ਾਕ ਤੇ ਪੁਸ਼ਕਰ।

ਨਵੇਂ ਭੂਵਿਗਿਆਨੀ:—ਏਸ਼ੀਆ,ਯੂਰਪ, ਉਤਰੀ ਅਮਰੀਕਾ, ਦੱਖਣੀ ਅਮਰੀਕਾ, ਅਫਰੀਕਾ, ਓਸੀਨੀਆ ਤੇ ਧ੍ਰਵਾਂ ਲਾਗੇ ਬਰਫਾਂ ਨਾਲ ਢਕਿਆ ਹਿੱਸਾ-ਇਹ ਸੱਤ ਭਾਗ ਗਿਣਦੇ ਹਨ। ਗੁਰਬਾਣੀ ਵਿਚ ਕ੍ਰੋੜਾਂ ਬ੍ਰਹਮੰਡ ਮੰਨੇ ਗਏ ਹਨ :—

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ
ਸਰਬ ਜੀਆ ਕਾ ਦਾਤਾ ਰੇ।

(ਸੋਰਠਿ ੫, ਪੰਨਾ ੬੧੨)

## ਬ੍ਰਹਮਾ

ਹਿੰਦੂਆਂ ਦੇ ਤਿੰਨ ਮੁਖ ਦੇਵਤਿਆਂ ਵਿਚੋਂ, ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਹੈ। ਪੁਰਾਣਕ ਕਥਾ ਹੈ ਕਿ ਇਸ ਦਾ ਜਨਮ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਵਿਸ਼ਨੂੰ ਦੀ ਧੁਨੀ ਵਿਚੋਂ ਫੁੱਟੇ ਕਮਲ ਦੇ ਫੁਲ ਤੋਂ ਹੋਇਆ। ਬ੍ਰਹਮਾ ਨੂੰ ਯਕੀਨ ਨਾ ਆਇਆ ਕਿ ਉਸ ਦਾ ਜਨਮ ਇਜੇਹੇ ਨਿਕੇ ਫੁੱਲ ਤੋਂ ਹੋ ਸਕਦਾ ਹੈ, ਇਸ ਲਈ ਉਸ ਨੇ ਲੱਤ ਮਾਰੀ ਤੇ ਉਸੇ ਕਮਲ ਦੀ ਨਾਲੀ ਵਿਚ ੩੬ ਜੁਗ ਘੁਮਦਾ ਰਿਹਾ। ਬ੍ਰਹਮਾ ਦਾ ਰੰਗ ਲਾਲ, ਚਾਰ ਮੂੰਹ ਤੇ ਚਾਰ ਬਾਂਹਾਂ ਦੱਸੀਆਂ ਜਾਂਦੀਆਂ ਹਨ ਇਨ੍ਹਾਂ 'ਚਾਰ ਮੁਖਾਂ 'ਤੋਂ ਚਾਰੇ ਵੇਦਾਂ ਦੀ ਸਿਰਜਣਾ ਹੋਈ ਮੰਨੀ ਜਾਂਦੀ ਹੈ। ਇਹ ਹੰਸ ਦੀ ਸਵਾਰੀ ਕਰਦਾ ਹੈ।

ਸਨਕ, ਸਨੰਦਨ, ਸਨਾਤਨ ਅਤੇ ਸਨਤ ਚਾਰ—ਇਸ ਦੇ ਮਾਨਸਿਕ ਪੁੱਤਰ ਮੰਨੇ ਜਾਂਦੇ ਹਨ, ਸਰਸਵਤੀ ਤੇ ਤਿਲੋਤਮਾ ਦੋ ਪੁਤਰੀਆਂ। ਯਜੁਰ ਵੇਦ ਵਿਚ ਇਹ ਵੀ ਆਖਿਆ ਹੈ ਕਿ ਬ੍ਰਹਮਾ ਦੇ ਮੁਖ ਤੋਂ ਬ੍ਰਾਹਮਣ, ਬਾਹਾਂ ਤੋਂ ਛਤ੍ਰੀ, ਪੱਟਾਂ

ਤੋਂ ਵੈਸ਼ ਤੇ ਪੈਰਾਂ ਤੋਂ ਸ਼ੂਦ੍ਰ ਪੈਦਾ ਹੋਏ । ਬ੍ਰਹਮਾ ਦੀ ਯਾਦ ਵਿਚ ਬਣਿਆ ਇਕੋ ਇਕ ਮੰਦਰ ਪੁਸ਼ਕਰ ਹੈ ।

ਨਾਭਿ ਕਮਲ ਤੇ ਬ੍ਰਹਮਾ ਉਪਜੇ, ਬੇਦ ਪੜਹਿ ਮੁਖਿ ਕੰਠਿ ਸਵਾਰਿ
ਤਾ ਕੋ ਅੰਤੁ ਨ ਜਾਈ ਲਖਣਾ, ਆਵਤ ਜਾਤ ਰਹੈ ਗੁਬਾਰਿ ।

(ਗੂਜਰੀ ੧, ਪੰਨਾ ੪੮੯)

## ਬਰਾਹ

ਪੁਰਾਣਕ ਮਨੌਤ ਅਨੁਸਾਰ ਵਿਸ਼ਣੂ ਦਾ ਇਕ ਅਵਤਾਰ ਜਿਸ ਨੇ ਸੂਰ ਦਾ ਰੂਪ ਧਾਰਨ ਕਰਕੇ ਇਹ ਧਰਤੀ ਦੈਂਤਾਂ ਤੋਂ ਛੁਡਾ ਕੇ ਲਿਆਂਦੀ । ਕਹਿੰਦੇ ਹਨ ਹਿਰਨਾਖ ਦੈਂਤ ਨੇ ਧਰਤੀ ਨੂੰ ਪਤਾਲ ਵਿਚ ਡੁਬੋ ਦਿਤਾ ਤੇ ਵਰਾਹ ਅਵਤਾਰ ਨੇ ਹਜ਼ਾਰ ਵਰ੍ਹੇ ਲੜਾਈ ਕਰਕੇ ਇਸ ਨੂੰ ਵਾਪਸ ਲਿਆਂਦਾ । ਤੈਤਰੀਯ ਸੰਹਿਤਾ ਤੇ ਸ਼ਤਪਥ ਬ੍ਰਾਹਮਣ ਵਿਚ ਵੀ ਇਸੇ ਤਰ੍ਹਾਂ ਕਥਾ ਦਿਤੀ ਹੋਈ ਹੈ ਕਿ ਪਹਿਲੇ ਸਾਰੇ ਪਾਣੀ ਹੀ ਪਾਣੀ ਸੀ, ਪ੍ਰਜਾਪਤੀ ਨੇ ਵਰਾਹ ਰੂਪ ਧਾਰ ਕੇ ਧਰਤੀ ਨੂੰ ਪਾਣੀ ਵਿਚੋਂ ਕੱਢਿਆ ਤੇ ਇਸ ਨੂੰ ਕੰਵਲ ਦੇ ਪੱਤੇ ਉੱਤੇ ਟਿਕਾਇਆ ਜੋ ਫੈਲ ਗਈ ਤੇ 'ਭੂਮੀ' ਕਹਿਲਾਈ ।

ਕਈਆਂ ਵਰਾਹ ਦੀ ਉਤਪਤੀ ਬ੍ਰਹਮਾ ਦੇ ਨੱਕ ਵਿਚੋਂ ਹੋਈ ਦੱਸੀ ਹੈ । ਭੱਟਾਂ ਨੇ ਅਵਤਾਰਾਂ ਵਲ ਇਸ਼ਾਰਾ ਕਰਦਿਆਂ ਲਿਖਿਆ ਹੈ :—

ਜਰਮ ਕਰਮ ਮਛ ਕਛ ਹੁਅ ਬਰਾਹ
ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ।

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੩)

## ਬ੍ਰਾਹਮਣ

ਹਿੰਦੂ ਸ਼ਾਸਤ੍ਰਾਂ ਅਨੁਸਾਰ ਚਾਰ ਵਰਣਾਂ ਵਿਚ ਬ੍ਰਾਹਮਣ ਮੁੱਖ ਤੇ ਸੰਮਾਨਿਤ ਵਰਣ ਹੈ ਜਿਸ ਨੂੰ ਬ੍ਰਹਮਾ ਦੇ ਮੁਖ ਤੋਂ ਪਰਗਟ ਹੋਇਆ ਮੰਨਿਆ ਜਾਂਦਾ ਹੈ । ਇਸ ਦੇ ਮੁੱਖ ਕਰਮ-ਵੇਦ ਪੜ੍ਹਨਾ ਪੜ੍ਹਾਉਣਾ, ਯੱਗ ਕਰਨਾ ਤੇ ਕਰਾਉਣਾ ਤੇ ਦਾਨ ਦੇਣਾ ਅਤੇ ਲੈਣਾ ਰਿਹਾ ਹੈ । ਚੂੰਕਿ ਪੁਰਾਣੇ ਜ਼ਮਾਨੇ ਵਿਚ ਬ੍ਰਾਹਮਣ ਪੜ੍ਹੀ-ਲਿਖੀ ਜਮਾਤ ਸੀ, ਇਸ ਕਰਕੇ ਇਸ ਨੇ ਆਪਣੇ ਆਪ ਦੀ ਪ੍ਰਤਿਸ਼ਠਾ ਵਿਸ਼ੇਸ਼ ਬਣਾਈ ਅਤੇ ਸਮਾਜ ਵਿਚ ਆਪਣਾ ਪ੍ਰਮੁਖ ਅਸਥਾਨ ਰੱਖਿਆ । ਜੀਵਨ ਦਾ ਹਰ ਸੰਸਕਾਰ ਇਸ ਦੇ ਰਾਹੀਂ ਹੁੰਦਾ ਸੀ ਤੇ ਹਰ ਖੇਤਰ ਇਸ ਨੂੰ ਆਦਰ ਮਾਣ ਦਿਤਾ ਜਾਂਦਾ ਸੀ । 'ਸ਼ਤ ਪਥ ਬ੍ਰਾਹਮਣ' ਅਨੁਸਾਰ ਤਾਂ ਦੇਵਤਿਆਂ ਦੇ ਦੋ ਭੇਦ ਕੀਤੇ ਗਏ ਹਨ, ਇਕ ਅਸਮਾਨੀ ਦੇਵ ਤੇ ਦੂਜੇ ਬ੍ਰਾਹਮਣ । ਇਸ ਤਰ੍ਹਾਂ ਕਾਫ਼ੀ ਅਰਸਾ ਭਾਰਤੀ ਸਮਾਜ, ਬ੍ਰਾਹਮਣ ਨੂੰ ਸਰਬੋਚ ਤੇ ਨਿਰਦੋਸ਼ ਮੰਨਦਾ ਰਿਹਾ ।

ਪਿਛੋਂ ਜਾ ਕੇ ਬ੍ਰਾਹਮਣ ਸੁਆਰਥੀ ਹੋ ਗਏ ਤੇ ਬਾਕੀ ਸਾਰੇ ਸਮਾਜ ਨੂੰ ਘਟੀਆ

ਸਮਝ ਕੇ ਤ੍ਰਿਸਕਾਰ ਨਾਲ ਦੇਖਣ ਲਗੇ । ਇਸ ਦਾ ਪ੍ਰਤਿਕਰਮ ਇਹ ਹੋਇਆ ਕਿ ਆਮ ਲੋਕ ਵੀ ਬ੍ਰਾਹਮਣਾਂ ਵਿਰੁੱਧ ਹੋ ਗਏ । ਖਾਸ ਕਰਕੇ ਭਗਤੀ ਲਹਿਰ ਤੇ ਸੰਤਾਂ ਇਸ ਦੀ ਪਰੋਹਤੀ ਦੇ ਪ੍ਰਪੰਚ ਨੂੰ ਲੀਰੋ ਲੀਰ ਕਰ ਦਿਤਾ । ਕਬੀਰ ਸਾਹਿਬ ਕਹਿੰਦੇ ਹਨ :—

ਬਾਮਣ ਗੁਰੁ ਹੈ ਜਗਤ ਕਾ, ਭਗਤਨ ਕਾ ਗੁਰ ਨਾਹਿ
ਅਰਝਿ ਉਰਝਿ ਕੈ ਪਚਿ ਮੂਆ, ਚਾਰਹੁ ਬੇਦਹੁ ਮਾਹਿ ।

(ਸਲੋਕ ਕਬੀਰ)

ਗੁਰੂ ਸਾਹਿਬਾਨ ਨੇ ਸੱਚੇ ਬ੍ਰਾਹਮਣ ਦੇ ਲੱਛਣ ਦਸਦਿਆਂ ਕਿਹਾ ਹੈ :

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ । ਜਪੁ ਤਪੁ ਸੰਜਮੁ ਕਮਾਵੈ ਕਰਮੁ ।

(ਸਲੋਃ ਵਾਰਾਂ ਤੇ ਵਧੀਕ ੧, ਪੰਨਾ ੧੪੧੧)

ਬ੍ਰਹਮ ਬਿੰਦੈ ਸੋ ਬ੍ਰਾਹਮਣ ਕਹੀਐ,ਜਿ ਅਨ ਦਿਨੁ ਹਰਿ ਲਿਵ ਲਾਇ ।

(ਵਾਰ ਗੂਜਰੀ ੩, ਪੰਨਾ ੫੧੨)

## ਬਲਭਦ੍ਰ

ਯਾਦਵ ਕੁਲ ਵਿਚੋਂ ਬਲਭੱਦ੍ਰ ਵਾਸਦੇਵ ਤੇ ਦੇਵਕੀ ਦੇ ਸੱਤਵੇਂ ਪੁਤਰ ਸਨ ਜੋ ਕਿ ਕ੍ਰਿਸ਼ਨ ਜੀ ਦੇ ਵੱਡੇ ਭਾਈ ਸਨ । ਇਸ ਤੋਂ ਪਹਿਲੋਂ ਛੇ ਬੱਚੇ ਕੰਸ ਨੇ ਮਰਵਾ ਦਿੱਤੇ ਸਨ । ਪਰ ਬਲਭੱਦ੍ਰ ਦੇ ਜਨਮ ਲੈਣ ਤੇ ਇਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਗੋਕਲ ਪਹੁੰਚਾ ਦਿਤਾ ਤੇ ਇਹ ਉਥੋਂ ਰੋਹਣੀ ਦੀ ਗੋਦ ਵਿਚ ਪਾਲਿਆ ਗਿਆ ।

ਇਹ ਚੰਗਾ ਬਹਾਦਰ ਸੂਰਮਾ ਸੀ, ਇਸ ਨੇ ਕੰਸ ਦੇ ਮਾਰਨ ਵੇਲੇ ਸ੍ਰੀ ਕ੍ਰਿਸ਼ਨ ਜੀ ਦੀ ਸਹਾਇਤਾ ਕੀਤੀ ਸੀ । ਜਗਨਨਾਥ ਵਿਖੇ ਕ੍ਰਿਸ਼ਨ ਜੀ ਦੀ ਮੂਰਤੀ ਦੇ ਨਾਲ ਹੀ ਬਲਭੱਦ੍ਰ ਦੀ ਵੀ ਪੂਜਾ ਹੁੰਦੀ ਹੈ, ਗੁਰਵਾਕ ਹੈ :—

ਕ੍ਰਿਸ਼ਨ ਬਲਭੱਦ ਗੁਰ ਪਗ ਲਗਿ ਧਿਆਵੈ ।

(ਗਉੜੀ ਗੁਆਰੇਰੀ ੪, ਪੰਨਾ ੧੬੫)

## ਬਲਵੰਡ

ਰਾਇ ਬਲਵੰਡ ਨਾਂ ਤੋਂ ਜ਼ਾਹਰ ਹੈ ਕਿ ਇਹ ਰਾਇ ਭੱਟ ਸੀ, ਜੋ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਇਆ । ਇਸ ਨੇ ਸੱਤੇ ਡੂਮ ਨਾਲ ਰਲਕੇ ਰਾਮਕਲੀ ਰਾਗ ਵਿਚ ਪੰਜ ਗੁਰੂਆਂ ਦੀ ਮਹਿਮਾ ਕਰਦਿਆਂ ਇਕ ਵਾਰ ਉਚਾਰੀ ਸੀ ਜੋ ਕਿ ਆਦਿ ਗ੍ਰੰਥ ਵਿਚ ਦਰਜ ਹੈ । ਕਈਆਂ ਦਾ ਖਿਆਲ ਹੈ ਕਿ ਪਹਿਲੀਆਂ ਪੰਜ ਪਉੜੀਆਂ ਬਲਵੰਡ ਕਿਰਤ ਹਨ ਤੇ ਬਾਕੀ ਤਿੰਨ ਸੱਤੇ ਦੀਆਂ ।

ਗੁਰੂ ਅੰਗਦ ਦੇਵ ਜੀ ਦੀ ਉਸਤਤਿ ਕਰਦਿਆਂ ਬਲਵੰਡ ਨੇ ਆਖਿਆ ਹੈ :—

'ਬਲਵੰਡ' ਖੀਵੀ ਨੇਕ ਜਨ
ਜਿਸੁ ਬਹੁਤੀ ਛਾਉ ਪਤ੍ਰਾਲੀ ।

(ਵਾਰ ਰਾਮਕਲੀ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭)

## ਬਲਿ ਰਾਜਾ

ਬਲਿ ਰਾਜਾ ਭਗਤ ਪ੍ਰਹਿਲਾਦ ਦਾ ਪੋਤਰਾ ਸੀ, ਜਿਸ ਨੂੰ ਦੈਂਤਾਂ ਵਿਚ ਗਿਣਿਆ ਜਾਂਦਾ ਹੈ। ਇਸ ਨੇ ਤਪ ਕਰ ਕੇ ਸਾਰੇ ਦੇਵਤੇ ਜਿਤ ਲਏ, ਫਿਰ ਇੰਦਰ ਦੀ ਪਦਵੀ ਪ੍ਰਾਪਤ ਕਰਨ ਲਈ ਇਕੋਤਰ ਸੌ ਯੱਗ ਆਰੰਭੇ। ਜਦੋਂ ਯੱਗ ਨਿਰਵਿਘਨ ਸਮਾਪਤ ਹੋ ਗਏ ਤੇ ਅਖੀਰਲਾ ਚਲ ਰਿਹਾ ਸੀ ਤਦੋਂ ਇੰਦਰ ਨੇ ਆਪਣਾ ਸਿੰਘਾਸਣ ਹਿਲਦਾ ਵੇਖ ਵਿਸ਼ਨੂੰ ਤੋਂ ਸਹਾਇਤਾ ਮੰਗੀ। ਵਿਸ਼ਨੂੰ ਨੇ ਇੰਦਰ ਦੀ ਸਹਾਇਤਾ ਲਈ ਬੌਨੇ ਬ੍ਰਾਹਮਣ ਦਾ ਰੂਪ ਧਾਰ ਲਿਆ ਤੇ ਬਲਿ ਰਾਜਾ ਦੇ ਦੁਆਰੇ ਪੁੱਜ ਕੇ ਆਪਣੀ ਕੁਟੀਆ ਲਈ ਢਾਈ ਕਰਮਾਂ ਥਾਂ ਮੰਗੀ। ਬਲਿ ਰਾਜਾ ਦੇ ਗੁਰੂ ਸੁਕਰ ਨੂੰ ਇਸ ਭੇਖ ਤੇ ਸ਼ੱਕ ਪਿਆ ਉਸ ਨੇ ਬਲਿ ਰਾਜਾ ਨੂੰ ਦਾਨ ਦੇਣ ਤੋਂ ਰੋਕਿਆ। ਪਰ ਉਸ ਨੇ ਆਪਣੇ ਦਾਨੀ ਸੁਭਾਅ ਦੀ ਹਉਂ ਸਦਕਾ ਗੁਰੂ ਦਾ ਕਿਹਾ ਨਾ ਮੰਨਿਆ ਤੇ ਬ੍ਰਾਹਮਣ ਨੂੰ 'ਹਾਂ' ਕਹਿ ਦਿੱਤੀ। ਵਿਸ਼ਨੂੰ ਨੇ ਕਿਹਾ ਕਿ ਮੈਂ ਥਾਂ ਆਪਣੇ ਕਦਮਾਂ ਨਾਲ ਨਾਪਾਂਗਾ। ਇਸ ਤੇ ਉਸ ਨੇ ਇਕ ਕਦਮ ਨਾਲ ਮਾਤ-ਲੋਕ ਤੇ ਦੂਜੇ ਕਦਮ ਨਾਲ ਆਕਾਸ਼ ਮਿਣ ਲਿਆ ਤੇ ਅੱਧੇ ਕਰਮ ਦੀ ਹੋਰ ਥਾਂ ਬਲਿ ਰਾਜਾ ਤੋਂ ਮੰਗੀ। ਇਸ ਤੇ ਰਾਜੇ ਨੇ ਆਪਣਾ ਆਪ ਹਵਾਲੇ ਕਰ ਦਿੱਤਾ। ਵਿਸ਼ਨੂੰ ਨੇ ਬਲਿ ਰਾਜਾ ਦੀ ਛਾਤੀ ਤੇ ਪੈਰ ਰਖ ਕੇ ਪਤਾਲ ਵਿਚ ਧੱਕ ਦਿੱਤਾ ਤੇ ਕਿਹਾ ਤੂੰ ਇਥੋਂ ਦਾ ਰਾਜ ਸੰਭਾਲ। ਬਲਿ ਰਾਜਾ ਨੇ ਵਿਸ਼ਨੂੰ ਦਾ ਪੈਰ ਘੁਟ ਕੇ ਫੜ ਲਿਆ ਤੇ ਕਿਹਾ ਹੁਣ ਤੁਹਾਨੂੰ ਵੀ ਨਾਲ ਹੀ ਰਖਾਂਗਾ। ਵਿਸ਼ਨੂੰ ਨੇ ਬਲਿ ਰਾਜਾ ਦੇ ਤਪ ਅਤੇ ਦਾਨ ਸਦਕਾ ਉਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਤੇ ਕਿਹਾ ਕਿ ਅਸੀਂ ਤਿੰਨੇ ਮੁਖੀ ਦੇਵਤੇ—ਬ੍ਰਹਮਾ, ਵਿਸ਼ਨੂੰ, ਸ਼ਿਵਜੀ-ਚਾਰ ਚਾਰ ਮਹੀਨੇ ਤੇਰੇ ਦਰ ਤੇ ਪਹਿਰਾ ਦਿੰਦੇ ਰਹਾਂਗੇ। ਗੁਰੂ ਜੀ ਨੇ ਲਿਖਿਆ ਹੈ:

> ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ
> ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ।

(ਪ੍ਰਭਾਤੀ ੧. ੧੩੪੪)

> ਬਲਿ ਰਾਜਾ ਮਾਇਆ ਅਹੰਕਾਰੀ। ਜਗਨ ਕਰੈ ਬਹੁ ਭਾਰ ਅਫਾਰੀ।
> ਬਿਨੁ ਗੁਰ ਪੂਛੇ ਜਾਇ ਪਇਆਰੀ।

(ਗਉੜੀ ੧, ਪੰਨਾ ੨੨੪)

ਭਗਤ ਨਾਮਦੇਵ ਜੀ ਨੇ ਵੀ ਇਸ ਦਾ ਸੰਕੇਤ ਵਰਤਿਆ ਹੈ:

> ਨਾਮਾ ਕਹੈ ਭਗਤਿ ਬਸਿ ਕੇਸਵ, ਅਜਹੂੰ ਬਲਿ ਕੇ ਦੁਆਰ ਖਰੋ।

(ਮਾਰੂ ਨਾਮਦੇਵ, ਪੰਨਾ ੧੧੦੫)

## ਬਾਬਰ ਤੇ ਬਾਬਰਵਾਣੀ

ਜ਼ਹੀਰਉੱਦੀਨ ਮੁਹੰਮਦ ਬਾਬਰ (੧੪੮੩-੧੫੩੦ ਈ:) ਤੈਮੂਰ ਦੀ ਛੇਵੀਂ ਪੀੜ੍ਹੀ ਵਿਚੋਂ ਮੁਗਲ ਰਾਜ ਦਾ ਮੋਢੀ ਬਾਦਸ਼ਾਹ ਸੀ ਜੋ ਕਿ ਤੁਰਕਸਤਾਨ ਦਾ ਜੰਮ-ਪਲ ਤੇ

ਚੰਗਾ ਮਨਚਲਾ ਫ਼ੌਜੀ ਜਰਨੈਲ ਸੀ। ਇਸ ਨੇ ਪਹਿਲੇ ਕਾਬਲ (੧੫੦੪) ਤੇ ਕਬਜ਼ਾ ਕੀਤਾ ਅਤੇ ਫਿਰ ਹਿੰਦੁਸਤਾਨ ਜਿੱਤਣ ਦੀ ਵਿਉਂਤ ਬਣਾਈ। ਭਾਰਤ ਉਤੇ ਚਾਰ ਹਮਲੇ ਕੀਤੇ ਤੇ ਆਖਰੀ ਹਮਲੇ ਸਮੇਂ ਇਬ੍ਰਾਹੀਮ ਲੋਧੀ ਨੂੰ ਹਰਾ ਕੇ ਅਪ੍ਰੈਲ ੧੫੨੬ ਈ: ਵਿਚ ਦਿੱਲੀ ਦਾ ਤਖਤ ਸੰਭਾਲਿਆ ਅਤੇ ਮੁਗਲ ਰਾਜ ਦੀ ਨੀਂਹ ਰੱਖੀ। ੧੫੨੧ ਈ: ਵਿਚ ਕੀਤੇ ਹਮਲੇ ਸਮੇਂ ਇਸ ਦੀ ਫ਼ੌਜ਼ ਨੇ ਏਮਨਾਬਾਦ (ਸੈਦਪੁਰ) ਨਗਰ ਦਾ ਬੁਰਾ ਹਾਲ ਕੀਤਾ ਜਿਸ ਵਿਚ ਗਰੀਬ ਜਨਤਾ ਉਤੇ ਸਖਤ ਅਤਿਆਚਾਰ ਹੋਏ। ਗੁਰੂ ਨਾਨਕ ਸਾਹਿਬ ਇਸ ਸਮੇਂ ਉਥੇ ਹੀ ਸਨ। ਉਨ੍ਹਾਂ ਇਸ ਜਬਰ-ਜ਼ੁਲਮ ਕਾਰਣ ਹੋਈ ਦੁਰਦਸ਼ਾ ਦੀ ਅੱਖੀਂ-ਡਿਠੀ ਤਸਵੀਰ ਆਸਾ ਰਾਗ ਦੇ ਦੋ ਸ਼ਬਦਾਂ ਵਿਚ ਕਲਮਬੰਦ ਕਰਦਿਆਂ ਕਿਹਾ ਹੈ ਕਿ 'ਬਾਬਰਵਾਣੀ' ਅਰਥਾਤ ਬਾਬਰ ਦੀ ਧੱਕੇਸ਼ਾਹੀ ਕਾਰਣ ਕਿਸੇ ਨੂੰ ਰੋਟੀ ਦੀ ਬੁਰਕੀ ਤਕ ਨਸੀਬ ਨਾ ਹੋਈ।'

ਬਾਬਰਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ।

(ਆਸਾ ੧, ਪੰਨਾ ੪੧੭)

ਬਾਬਾ ਆਦਮ—ਦੇਖੋ ਆਦਮ

## ਬਾਬੀਹਾ

ਇਕ ਪੰਛੀ ਜਿਸ ਨੂੰ ਚਾਤ੍ਰਿਕ, ਪਪੀਹਾ, ਬਾਬੀਹਾ ਜਾਂ ਬੰਬੀਹਾ ਕਹਿੰਦੇ ਹਨ। ਇਸ ਬਾਰੇ ਪ੍ਰਸਿੱਧ ਹੈ ਕਿ ਇਹ ਬਰਖਾ ਸਮੇਂ ਇਕ ਖਾਸ ਬੂੰਦ ਦੀ ਇੱਛਾ ਰਖਦਾ ਹੈ, ਜਿਸ ਨੂੰ ਸ੍ਵਾਂਤੀ ਬੂੰਦ ਕਹਿੰਦੇ ਹਨ। ਸ੍ਵਾਂਤੀ ਬੂੰਦ ਉਹ ਕਣੀ ਹੈ ਜੋ 'ਸ੍ਵਾਂਤੀ ਨਛੱਤਰ' ਵਿਚੋਂ ਝਰਦੀ ਹੈ। ਬੰਬੀਹੇ ਬਾਰੇ ਇਹ ਵੀ ਖਿਆਲ ਹੈ ਕਿ ਇਹ ਹੋਰ ਪਾਣੀ ਨਹੀਂ ਪੀਂਦਾ। ਇਸ ਪੰਛੀ ਦੀ ਤਾਂਘ-ਭਰੀ ਭਾਵਨਾ ਤੇ ਪੁਕਾਰ ਨੂੰ ਲੈ ਕੇ ਸੰਤ ਕਵੀਆਂ,ਆਤਮ ਜਗਿਆਸਾ ਦਾ ਪ੍ਰਗਟਾਵਾ ਇਸ ਲਈ ਕੀਤਾ ਹੈ ਕਿ ਪਪੀਹੇ ਦੀ ਕੁਰਲਾਹਟ ਵਿਚ ਡੂੰਘਾ ਸੋਜ਼ ਹੁੰਦਾ ਹੈ ਤੇ ਉਹ ਜਿਸ ਤਰ੍ਹਾਂ ਬੂੰਦ ਲਈ ਸਦਾ ਪੁਕਾਰਦਾ ਰਹਿੰਦਾ ਹੈ, ਇਸ ਤਰ੍ਹਾਂ ਸੰਤ ਜਨ ਨਾਮ ਰਸ ਲਈ ਤੜਪ ਰਖਦੇ ਹਨ।

ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ
ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ।
ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ।

(ਵਾਰ ਮਲਾਰ ੧, ੧੨੮੩)

## ਬਾਰਾਂਮਾਹ

ਇਕ ਕਾਵਿ-ਰੂਪ ਜਿਸ ਵਿਚ ਸਾਲ ਦੇ ਬਾਰਾਂ ਮਹੀਨਿਆਂ ਦੇ ਆਧਾਰ ਤੇ ਕਾਵਿ ਰਚਨਾ ਕੀਤੀ ਜਾਂਦੀ ਹੈ। ਇਹ ਕਾਵਿ-ਰੂਪ ਵਿਸ਼ੇਸ਼ ਕਰਕੇ ਮਹੀਨਿਆਂ ਦੇ ਮੁਤਾਬਿਕ ਬਦਲਦੇ ਪ੍ਰਕ੍ਰਿਤੀ ਰੰਗਾਂ ਦੇ ਆਧਾਰ ਤੇ ਬਿਰਹੁ ਦੀਆਂ ਸੁਰਾਂ ਛੇੜਦਾ, ਅੰਤ ਮਿਲਾਪ

ਦਾ ਨਗਮਾ ਗਾਉਂਦਾ ਹੈ। ਇਸ ਦਾ ਤਾਣਾ-ਪੇਟਾ ਵਧੇਰੇ ਬਿਰਹੁ ਵਿਯੋਗ ਦਾ ਹੁੰਦਾ ਹੈ, ਅੰਤ ਕਪੜਾ ਸੰਜੋਗ ਦਾ ਬੁਣਿਆ ਜਾਂਦਾ ਹੈ। ਮਾਸਊਦ ਸਾਅਦ ਸੁਲੇਮਾਨ ਲਾਹੌਰੀ (੧੦੪੭-੧੧੨੨ ਈ:) ਦਾ ਲਿਖਿਆ ਪ੍ਰਾਪਤ ਫਾਰਸੀ ਬਾਰਾਂਮਾਹ, ਇਸ ਗੱਲ ਦਾ ਪ੍ਰਮਾਣ ਪੇਸ਼ ਕਰਦਾ ਹੈ ਕਿ ਭਾਰਤੀ ਸਾਹਿਤ ਵਿਚ ਇਸ ਦੀ ਪਰੰਪਰਾ ਪੁਰਾਣੀ ਰਹੀ ਹੈ ; ਜਿਸ ਤੋਂ ਪ੍ਰਭਾਵਿਤ ਹੋ ਕੇ ਇਸ ਫਾਰਸੀ ਕਵੀ ਨੇ ਬਾਰਾਂਮਾਹ ਲਿਖਿਆ ਕਿਉਂਕਿ ਈਰਾਨੀ ਸ਼ਾਇਰੀ ਵਿਚ ਤਾਂ ਇਸ ਦਾ ਰਿਵਾਜ ਨਹੀਂ ਸੀ। ਇਸ ਤੋਂ ਪਿਛੋਂ ਦੇ ਲਿਖੇ ਹਿੰਦੀ ਬਾਰਾਂਮਾਹ ਆਮ ਮਿਲਦੇ ਹਨ ਤੇ ਸੰਤ, ਭਗਤ, ਕਵੀਆਂ ਵੀ ਇਸ ਕਾਵਿ-ਰੂਪ ਦਾ ਪ੍ਰਯੋਗ ਕੀਤਾ ਹੈ। (ਦੇਖੋ ਮੇਰੀ ਪੁਸਤਕ-'ਪੰਜਾਬੀ ਬਾਰਾਂਮਾਹੇ')

ਆਦਿ ਗ੍ਰੰਥ ਵਿਚ ਦੋ ਬਾਰਾਂਮਾਹੇ ਪ੍ਰਾਪਤ ਹਨ : ਗੁਰੂ ਨਾਨਕ ਸਾਹਿਬ ਕਿਰਤ ਤੁਖਾਰੀ ਬਾਰਾਂਮਾਹ ਜੋ ੧੭ ਛੰਦਾਂ ਵਿਚ ਹੈ, ਗੁਰੂ ਅਰਜਨ ਸਾਹਿਬ ਕਿਰਤ 'ਮਾਝ ਬਾਰਾਂਮਾਹ' ੧੪ ਛੰਦਾਂ ਵਿਚ ਹੈ। ਇਨ੍ਹਾਂ ਵਿਚ ਜੀਵਾਤਮਾ ਤੇ ਪਰਮਾਤਮਾ ਦੇ ਵਿਛੋੜੇ ਦਾ ਵਰਣਨ ਕਰਕੇ ਅੰਤ ਅਧਿਆਤਮਕ ਮਿਲਾਪ ਦਾ ਚਿਤ੍ਰ ਦਿਤਾ ਗਿਆ ਹੈ। ਤੁਖਾਰੀ ਬਾਰਾਂਮਾਹ, ਪ੍ਰਕ੍ਰਿਤੀ-ਚਿਤ੍ਰਣ ਤੇ ਬਿਰਹੁੰ ਰੰਗਾਂ ਨਾਲ ਭਰਪੂਰ ਹੈ ਤੇ 'ਮਾਝ ਬਾਰਾਂਮਾਹ' ਸਰਲਤਾ ਤੇ ਸਿਖਿਆ ਦੀ ਸੁੰਦਰ ਮਿਸਾਲ ਪੇਸ਼ ਕਰਦਾ ਹੈ। ਵੰਨਗੀ ਲਈ :

(ੳ) ਚੇਤ ਬਸੰਤ ਭਲਾ, ਭਵਰ ਸੁਹਾਵੜੇ
ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੇ।

(ਤੁਖਾਰੀ ਬ ਰਾਂਮਾਹ ੧, ਪੰਨਾ ੧੧੦੮)

(ਅ) ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।
ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਆਧਾਰੁ।

(ਮਾਝ ਬਾਰਾਂਮਾਹ ੫, ਪੰਨਾ ੧੩੪)

## ਬਾਲਮੀਕਿ

ਬਾਲਮੀਕਿ ਨਾਂ ਦੇ ਦੋ ਪ੍ਰਸਿੱਧ ਰਿਸ਼ੀ ਹੋਏ ਹਨ। ਇਕ 'ਰਾਮਾਇਣ' ਦਾ ਕਰਤਾ ਜੋ ਬ੍ਰਾਹਮਣ ਸੀ। ਦੂਜਾ ਬਾਲਮੀਕਿ, ਚੰਡਾਲ ਜਾਤੀ ਦਾ ਸੀ। ਇਹ ਚੋਰੀ ਡਾਕੇ ਕਰਕੇ ਆਪਣੇ ਦਿਨ ਲੰਘਾਉਂਦਾ ਸੀ। ਸੰਤਾਂ ਪੁਛਿਆ ਤੂੰ ਇਹ ਸਭ ਕੁਝ ਕਿਸ ਲਈ ਕਰਦਾ ਹੈਂ, ਉਸ ਕਿਹਾ, 'ਪਰਵਾਰ ਲਈ'। ਸੰਤਾਂ ਦਾ ਅਗਲਾ ਬਚਨ ਸੀ ਕਿ ਇਹ ਪੁੱਤਰ ਧੀਆਂ ਤੇਰੇ ਕੰਮ ਨਹੀਂ ਆਉਣੇ ਤੇ ਇਹ ਪਾਪਾਂ ਦਾ ਫਲ ਤੈਨੂੰ ਹੀ ਭੁਗਤਣਾ ਪਵੇਗਾ। ਇਸ ਤੋਂ ਇਸ ਨੂੰ ਗਿਆਨ ਹੋ ਗਿਆ ਤੇ ਭਗਤੀ ਕਰਨ ਲਗ ਗਿਆ। ਜਦੋਂ ਪਾਂਡਵਾਂ ਯੱਗ ਕੀਤਾ ਤੇ ਯੱਗ ਸੰਪੂਰਨ ਹੋਣ ਤੇ ਆਪੇ ਵੱਜਣ ਵਾਲੀ ਘੰਟੀ ਨਾ ਵੱਜੀ ਤਾਂ ਯੁਧਿਸ਼ਟਰ ਨੇ ਇਸ ਦਾ ਕਾਰਨ ਸ੍ਰੀ ਕ੍ਰਿਸ਼ਨ ਜੀ ਨੂੰ ਪੁਛਿਆ ; ਉਨ੍ਹਾਂ ਦੱਸਿਆ, ਅਵੱਸ਼ ਹੀ ਕੋਈ ਨਿਰਾਦਰੀ ਵਾਲੀ ਗੱਲ ਹੋਈ ਹੈ। ਪਤਾ ਲਗਿਆ ਕਿ ਰਿਸ਼ੀ ਬਾਲਮੀਕਿ ਨੂੰ ਅਛੂਤ ਸਮਝ ਕੇ ਯੱਗ ਵਿਚ ਸ਼ਾਮਲ ਹੋਣੋਂ ਰੋਕ ਦਿਤਾ ਗਿਆ

ਸੀ ਇਸ ਤੇ ਉਨ੍ਹਾਂ ਨੂੰ ਵਾਪਿਸ ਬੁਲਾ ਕੇ ਦ੍ਰੋਪਤੀ ਨੇ ਮਾਫ਼ੀ ਮੰਗੀ ਤੇ ਕ੍ਰਿਸ਼ਨ ਜੀ ਨੇ ਚਰਣ ਧੋਤੇ। ਤਾਂ ਯੱਗ ਸੰਪੂਰਨ ਹੋਣ ਦੀ ਘੰਟੀ ਵੱਜੀ।

ਇਸ ਬਾਰੇ ਸੰਕੇਤ ਹੈ ਕਿ ਸਾਧਸੰਗਤ ਸਦਕੇ ਇਕ ਮਾਮੂਲੀ ਜਾਤੀ ਦਾ ਨੀਚ ਉਧਰ ਗਿਆ।

ਬਾਲਮੀਕੈ ਹੋਆ ਸਾਧਸੰਗੁ।

(ਬਸੰਤ ੫, ਪੰਨਾ ੧੧੯੨)

ਬਾਲਮੀਕੁ ਸੁਪਚਾਰੋ ਤਰਿਓ, ਬਧਿਕ ਤਰੇ ਬਿਚਾਰੇ।

(ਮਾਰੂ ੫, ਪੰਨਾ ੯੯੯)

**ਬਾਵਨ ਅਖਰੀ**

ਭਾਰਤੀ ਸਾਹਿਤ ਵਿਚ ਵਰਣਮਾਲਾ ਆਸਰੇ ਕਾਵਿ-ਰਚਨਾ ਕਰਨ ਦਾ ਰਿਵਾਜ ਪੁਰਾਣਾ ਹੈ। ਬਾਵਨ ਅੱਖਰੀ ਇਸੇ ਤਰ੍ਹਾਂ ਦਾ ਕਾਵਿ-ਰੂਪ ਹੈ। ਆਦਿ ਗ੍ਰੰਥ ਵਿਚ ਦੋ ਬਾਵਨ ਅੱਖਰੀਆਂ ਮਿਲਦੀਆਂ ਹਨ। ਇਕ ਕਬੀਰ ਜੀ ਦੀ ਤੇ ਦੂਜੀ ਗੁਰੂ ਅਰਜਨ ਸਾਹਿਬ ਦੀ। ਦੋਵੇਂ ਗਉੜੀ ਰਾਗ ਵਿਚ ਹਨ। ਕਬੀਰ ਜੀ ਦੀ ਬਾਵਨ ਅੱਖਰੀ ਦੇ ੪੫ ਛੰਦ ਹਨ ਤੇ ਗੁਰੂ ਅਰਜਨ ਦੇਵ ਜੀ ਦੇ ੫੫। ਇਨ੍ਹਾਂ ਦੋਹਾਂ ਵਿਚ ਹੀ ਅੱਖਰਾਂ ਦੇ ਨਾਮ ਉਸ ਤਰ੍ਹਾਂ ਲਏ ਗਏ ਹਨ ਜਿਵੇਂ ਕਿ ਅਜ-ਕਲ੍ਹ ਗੁਰਮੁਖੀ ਵਿਚ ਅਸੀਂ ਉਚਾਰਦੇ ਹਾਂ, ਮਿਸਾਲ ਲਈ ਕਕਾ, ਖਖਾ ਆਦਿ।

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨਹੀ ਮਾਹਿ
ਏ ਅਖਰ ਖਿਰਿ ਜਾਹਿਗੇ, ਓਇ ਅਖਰ ਇਨ ਮਹਿ ਨਾਹਿ।

(ਬਾਵਨ ਅਖਰੀ ਕਬੀਰ, ਪੰਨਾ ੩੪੦)

**ਬਿਆਸ**

ਬਿਆਸ ਰਿਸ਼ੀ ਪਰਾਸ਼ਰ ਦਾ ਪੁੱਤਰ ਸੀ ਜੋ ਕਿ ਮਤਸਯੋਦਰੀ ਦੇ ਉਦਰ ਤੋਂ ਪੈਦਾ ਹੋਇਆ। ਕਈਆਂ ਇਸ ਦੀ ਮਾਤਾ ਦਾ ਨਾਮ 'ਸਤਯਵਤੀ' ਲਿਖਿਆ ਹੈ, ਇਹ ਬਹੁਤ ਵਿਦਵਾਨ ਪੁਰਸ਼ ਸੀ, ਆਮ ਰਵਾਇਤ ਹੈ ਕਿ ਚਾਰ ਵੇਦਾਂ ਦਾ ਸੰਪਾਦਨ-ਰਿਸ਼ੀ ਵੇਦ ਬਿਆਸ ਨੇ ਹੀ ਕੀਤਾ। ਪਹਿਲੇ ਵੇਦ-ਮੰਤ੍ਰ ਜ਼ਬਾਨੀ ਯਾਦ ਚਲੇ ਆਉਂਦੇ ਸਨ, ਇਸ ਨੇ ਇਨ੍ਹਾਂ ਨੂੰ ਵਿਸ਼ੈਵਾਰ ਵੰਡ ਕੇ ਚਾਰ ਵੇਦਾਂ ਦੇ ਰੂਪ ਵਿਚ ਸੰਭਾਲਿਆ। ਵੇਦਾਂਤ ਸ਼ਾਸਤਰ ਦੇ ਵੀ ਇਹ ਮੋਢੀ ਸਨ, ਜਿਨ੍ਹਾਂ 'ਬ੍ਰਹਮ ਸੂਤ੍ਰ' ਲਿਖਿਆ। ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਮਹਾਂਭਾਰਤ ਦਾ ਬਹੁਤਾ ਹਿੱਸਾ ਰਿਸ਼ੀ ਬਿਆਸ ਦੀ ਰਚਨਾ ਹੀ ਹੈ।

'ਭਾਗਵਤ' ਵਿਚ ਬਿਆਸ ਨੂੰ ਵਿਸ਼ਣੂ ਦਾ ਅਵਤਾਰ ਕਿਹਾ ਗਿਆ ਹੈ। ਕੱਲ੍ਹ ਭੱਟ ਲਿਖਦਾ ਹੈ :

ਗੁਣ ਗਾਵੈ ਮੁਨਿ ਬਯਾਸੁ ਜਿਨਿ ਬੇਦ ਬਯਾਕਰਣ ਬੀਚਾਰਿਆ ।

(ਸਵਈਏ ਮਹਲੇ ਪਹਲੇ ਕੇ, ੧੩੯੦)

ਨਾਰਦ ਮੁਨਿਜਨ ਸੁਕ ਬਿਆਸ ਜਸ ਗਾਵਤ ਗੋਬਿੰਦ ।

(ਗਉੜੀ ਥਿਤੀ, ੫, ਪੰਨਾ ੨੯੮)

## ਬਿਹਾਗੜਾ

ਬਿਹਾਗੜਾ ਬਿਲਾਵਲ ਠਾਟ ਦਾ ਸੰਪੂਰਨ ਰਾਗ ਹੈ । ਇਸ ਦਾ ਵਾਦੀ ਸੁਰ ਗਾ ਤੇ ਸੰਵਾਦੀ ਕੋਮਲ ਨੀ ਹੈ, ਅੰਤਰੇ ਵਿਚ ਸ਼ੁੱਧ ਨੀ ਵੀ ਲਗਾਇਆ ਜਾਂਦਾ ਹੈ । ਬਿਹਾਗ ਵਿਚ ਕੋਮਲ ਨੀ ਲਾਉਣ ਨਾਲ ਬਿਹਾਗੜਾ ਬਣ ਜਾਂਦਾ ਹੈ । ਬਿਹਾਗ ਨੂੰ ਆਰੋਹੀ ਵਿਚ ਸਾਰੇ ਸ਼ੁੱਧ ਸੁਰ ਲਗਦੇ ਅਤੇ ਰੇ ਅਤੇ ਧਾ ਵਰਜਿਤ ਕਰਾਰ ਦਿਤੇ ਗਏ ਹਨ । ਜੇ ਰੇ ਲਗਦਾ ਵੀ ਹੈ ਤਾਂ ਬਹੁਤ ਹੀ ਦੁਰਬਲ । ਅਵਰੋਹੀ ਵਿਚ ਤੀਬ੍ਰ ਮਾ ਵੀ ਦੁਰਬਲ ਹੋ ਕੇ ਲਗਦਾ ਹੈ । ਗਾਉਣ ਦਾ ਸਮਾਂ ਅੱਧੀ ਰਾਤ ਹੈ ।

ਆਦਿ ਗ੍ਰੰਥ ਵਿਚ ਇਹ ਰਾਗ ਸਤਵੀਂ ਥਾਂ ਆਇਆ ਹੈ । ਪਹਿਲੇ ਤਿੰਨ ਗੁਰੂਆਂ ਇਸਦੀ ਵਰਤੋਂ ਨਹੀਂ ਕੀਤੀ ਤੇ ਨਾਹੀ ਇਸ ਵਿਚ ਭਗਤਾ ਦੀ ਬਾਣੀ ਹੈ ।

## ਬਿਦਰ

ਬਿਦਰ, ਰਾਜਾ ਬਚਿਤਰ ਬੀਰਜ ਦੀ ਟਹਿਲਣ ਸੁਦੇਸ਼ਨਾ ਦੀ ਕੁੱਖ ਤੋਂ ਬਿਆਸ ਰਿਸ਼ੀ ਦਾ ਪੁੱਤਰ ਸੀ । ਇਸੇ ਲਈ ਇਸ ਨੂੰ 'ਦਾਸੀ-ਸੁਤ' ਵੀ ਕਿਹਾ ਗਿਆ ਹੈ । ਇਹ ਨੀਤੀਵੇਤਾ ਤੇ ਨੇਕ ਆਦਮੀ ਸੀ ਤੇ ਕ੍ਰਿਸ਼ਨ ਜੀ ਦਾ ਚੰਗਾ ਸਨੇਹੀ ਸੀ । ਇਹ ਸਦਾ ਕੌਰਵਾਂ ਤੇ ਪਾਂਡਵਾਂ ਨੂੰ ਆਪਸ ਵਿਚ ਠੀਕ ਬਿਉਹਾਰ ਕਰਨ ਦੀ ਸਿਖਿਆ ਦਿੰਦਾ ਰਹਿੰਦਾ ਸੀ । ਜਦ ਪਾਂਡਵਾਂ ਨੂੰ ਦੁਰਯੋਧਨ ਨੇ ਲਾਖ ਦੇ ਕਿਲੇ ਅੰਦਰ ਸਾੜਨ ਦੀ ਸਾਜ਼ਸ਼ ਕੀਤੀ ਤਦੋਂ ਇਸੇ ਨੇ ਉਨ੍ਹਾਂ ਨੂੰ ਬਚਾਇਆ । ਜਦੋਂ ਦੁਸ਼ਾਸਨ ਦ੍ਰੋਪਤੀ ਨੂੰ ਬੇਪਤ ਕਰਨ ਲਈ ਸਭਾ ਵਿਚ ਲਿਆਇਆ ਤਦੋਂ ਬਿਦਰ ਨੇ ਹੀ ਇਸ ਕੁਕਰਮ ਵਿਰੁਧ ਆਵਾਜ਼ ਉਠਾਈ । ਸ੍ਰੀ ਕ੍ਰਿਸ਼ਨ ਜੀ ਨੇ ਵੀ ਬਿਦਰ ਦੇ ਉਚੇ ਆਚਾਰ ਨੂੰ ਤਰਜੀਹ ਦਿੰਦਿਆਂ ਰਾਜੇ ਦੁਰਯੋਧਨ ਦੀ ਥਾਂ ਬਿਦਰ ਦੇ ਘਰ ਟਿਕਾਣਾ ਕੀਤਾ ਤੇ ਉਸ ਦੇ ਸਾਦੇ ਸਾਗ ਪਾਤ ਨੂੰ ਪਰਵਾਣ ਕੀਤਾ । ਕ੍ਰਿਸ਼ਨ ਜੀ ਦੇ ਪਰਲੋਕ ਗਮਨ ਬਾਦ ਉਸੇ ਹੀ ਥਾਂ ਪਰਭਾਸ ਖੇਤਰ ਵਿਚ ਬਿਦਰ ਭਗਤ ਦਾ ਦੇਹਾਂਤ ਹੋਇਆ । ਕ੍ਰਿਸ਼ਨ ਜੀ ਵਲੋਂ ਬਿਦਰ ਦੇ ਘਰ ਟਿਕਾਣਾ ਕਰਨ ਦੀ ਕਥਾ ਵਲ ਸੰਕੇਤ ਕਰਦਿਆਂ ਲਿਖਿਆ ਹੈ :—

'ਰਾਜਨੁ ਕਉਨੁ ਤੁਮਾਰੈ ਆਵੈ
ਐਸੋ ਭਾਉ ਬਿਦਰ ਕੋ ਦੇਖਿਓ,
ਓਹੁ ਗਰੀਬੁ ਮੋਹਿ ਭਾਵੈ ।'

(ਮਾਰੂ ਕਬੀਰ ਪੰਨਾ, ੧੧੦੫)

## ਬਿੰਦ੍ਰਾਬਨ

'ਬ੍ਰਿੰਦ' ਤੁਲਸੀ ਨੂੰ ਕਹਿੰਦੇ ਹਨ ਜਿਥੇ ਤੁਲਸੀ ਦੇ ਵਧੇਰੇ ਰੁੱਖ ਸਨ, ਉਹ ਥਾਂ 'ਬਿੰਦ੍ਰਾਬਨ' ਕਹਿਲਾਇਆ। ਬ੍ਰਿਜ ਮੰਡਲ ਵਿਚ ੧੨ ਬਣ ਤੇ ੨੪ ਉਪਬਣ ਮੰਨੇ ਗਏ ਹਨ, ਬਿੰਦ੍ਰਾਬਨ ਉਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ ਹੈ ਜੋ ਕਿ ਮਥੁਰਾ ਜ਼ਿਲ੍ਹੇ ਵਿਚ ਜਮਨਾ ਨਦੀ ਦੇ ਕਿਨਾਰੇ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਕੇਦਾਰ ਦੀ ਪੁੱਤਰੀ ਬ੍ਰਿੰਦਾ ਦਾ ਇਹ ਤਪੋ ਅਸਥਾਨ ਸੀ। ਕਈਆਂ ਰਾਧਾ ਦਾ ਨਾਮ ਹੀ ਬ੍ਰਿੰਦਾ ਦੱਸਿਆ ਹੈ। ਇਥੇ ਕਿਤਨਾ ਸਮਾਂ ਕ੍ਰਿਸ਼ਨ ਜੀ ਗੋਪੀਆਂ ਤੇ ਗੁਆਲਿਆਂ ਨਾਲ ਮੌਜ ਮੇਲਾ ਕਰਦੇ ਰਹੇ ਤੇ ਉਨ੍ਹਾਂ ਬੰਸਰੀ ਵਜਾਕੇ ਮਥਰਾ ਵਾਸੀਆਂ ਨੂੰ ਆਪਣਾ ਮਤਵਾਲਾ ਬਣਾਇਆ। ਇਸ ਲਈ ਕ੍ਰਿਸ਼ਨ ਉਪਾਸ਼ਕ ਇਸ ਨੂੰ ਪਵਿੱਤਰ ਤੀਰਥ ਮੰਨਦੇ ਤੇ ਇਸ ਦੀ ਯਾਤਰਾ ਕਰਦੇ ਹਨ। ਇਸ ਵਲ ਇਸ਼ਾਰਾ ਕਰਦਿਆਂ ਕਿਹਾ ਗਿਆ ਹੈ :—

> ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
> ਕਾਨ੍ਹ ਕ੍ਰਿਸਨੁ ਜਾਦਮੁ ਭਇਆ।
> ਪਾਰਜਾਤੁ ਗੋਪੀ ਲੈ ਆਇਆ
> ਬਿੰਦ੍ਰਾਬਨ ਮਹਿ ਰੰਗੁ ਕੀਆ।

(ਵਾਰ ਆਸਾ, ੧, ੪੭੦)

## ਬਿਪਾਸ

ਬਿਪਾਸਾ ਯਾ ਬਿਆਸ, ਪੰਜਾਬ ਦੇ ਪੰਜਾਂ ਦਰਿਆਵਾਂ ਵਿਚੋਂ ਇਕ ਦਰਿਆ ਹੈ। ਇਹ ਹਿਮਾਲਾ ਤੋਂ ਕੁਲੂ ਵਾਦੀ ਵਿਚੋਂ ਰੋਹਤਾਂਗ ਤੋਂ ਨਿਕਲਦਾ ਹੈ ਜਿਥੇ ਕਿ ਬਿਆਸ ਕੁੰਡ ਹੈ। ਫਿਰ ਮੰਡੀ, ਕਾਂਗੜਾ, ਹੁਸ਼ਿਆਰਪੁਰ ਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿਚੀਂ ੨੯੦ ਮੀਲ ਵਹਿੰਦਾ ਹੋਇਆਂ ਕਪੂਰਥਲੇ ਦੀ ਸਰਹੱਦ ਪੁਰ ਹਰੀ ਕੇ ਪੱਤਣ ਪਹੁੰਚ ਕੇ ਸਤਲੁਜ ਵਿਚ ਜਾ ਮਿਲਦਾ ਹੈ। ਇਹ ਦਰਿਆ ਕਾਫ਼ੀ ਡੂੰਘਾ ਹੈ। ਇਸੇ ਦੇ ਕੰਢੇ ਗੋਇੰਦਵਾਲ ਹੈ ਜਿਸ ਨੂੰ ਗੁਰੂ ਅਮਰਦਾਸ ਜੀ ਨੇ ਆਬਾਦ ਕੀਤਾ ਸੀ।

ਬਿਆਸ ਨਦੀ ਦਾ ਪੁਰਾਣਾ ਨਾਮ ਬਿਪਾਸ ਹੈ, ਇਸ ਬਾਰੇ ਪੁਰਾਣਿਕ ਕਥਾ ਹੈ ਕਿ ਇਕ ਵਾਰੀ ਬਿਸ਼ਿਸ਼ਟ ਰਿਖੀ ਪੁੱਤਰ-ਮਰਨ ਦੇ ਸ਼ੋਕ ਸਦਕਾ ਦੁਖੀ ਹੋ ਕੇ ਆਪਣੇ ਸਰੀਰ ਨੂੰ ਬੰਨ੍ਹ ਕੇ ਮਰਨ ਲਈ ਇਸ ਦਰਿਆ ਵਿਚ ਡਿਗ ਪਿਆ। ਪਰ ਉਹ ਮਰਿਆ ਨਹੀਂ ਸਗੋਂ ਉਸ ਦੇ ਬੰਧਨ ਖੁਲ੍ਹ ਗਏ ਸਨ। ਇਸੇ ਤੋਂ ਇਸ ਨਦੀ ਦਾ ਨਾਮ 'ਬਿਪਾਸ' ਪਿਆ।

> ਗੋਬਿੰਦਵਾਲੁ ਗੋਬਿੰਦ ਪੁਰੀ ਸਮ
> ਜਲਨ ਤੀਰਿ ਬਿਪਾਸ ਬਨਾਯਉ।

(ਸਵਈਏ ਮਹਲੇ ਚਉਥੇ ਕੇ, ੧੪੦੦)

**ਬਿਰਹੜੇ**

ਬਿਰਹੁ-ਵਰਣਨ ਵਾਲੇ ਗੀਤਾਂ ਦੀ ਸੰਗਿਆ 'ਬਿਰਹੜੇ' ਹੈ। ਗੁਰੂ ਅਰਜਨ ਸਾਹਿਬ ਜੀ ਨੇ ਆਸਾ ਰਾਗ ਵਿਚ ਇਸ ਸਿਰਲੇਖ ਹੇਠ ਤਿੰਨ ਸ਼ਬਦ ਲਿਖੇ ਹਨ ਤੇ ਉਨ੍ਹਾਂ ਨੂੰ ਛੰਤਾਂ ਦੀ ਤਰਜ਼ ਤੇ ਗਾਉਣ ਦਾ ਆਦੇਸ਼ ਦਿੱਤਾ ਹੈ।

ਇਨ੍ਹਾਂ ਗੀਤਾਂ ਦਾ ਵਿਸ਼ਾ, ਵਿਛੋੜੇ ਦਾ ਗ਼ਮ ਹੈ, ਯਾ ਫਿਰ ਮਿਲਣ ਦੀ ਬਾਰ ਬਾਰ ਤਾਂਘ ਪ੍ਰਗਟਾਈ ਹੈ।

ਸੁੰਦਰੁ ਸੁਘਰੁ ਸੁਜਾਣ ਪ੍ਰਭੁ, ਹਮਰਾ ਜੀਵਨੁ ਦਰਸੁ ਦਿਖਾਇ। ੩।
ਜਿਸ ਤੂ ਮੇਲਹਿ ਸੋ ਮਿਲੈ ਪਿਆਰੇ, ਤਿਸ ਕੈ ਲਾਗਉ ਪਾਇ। ੪।

(ਆਸਾ ੫, ਪੰਨਾ, ੪੩੧)

**ਬਿਲਾਵਲ**

ਸੰਪੂਰਣ ਜਾਤਿ ਦਾ ਇਕ ਰਾਗ ਜਿਸ ਨੂੰ ਸਾਰੇ ਸੁੱਧ ਸੁਰ ਲਗਦੇ ਹਨ। ਇਸਦਾ ਵਾਦੀ ਸਾ ਤੇ ਸੰਵਾਦੀ ਪਾ ਹੈ। ਇਸ ਨੂੰ ਮੰਗਲ ਖੁਸ਼ੀ ਦੇ ਮੌਕੇ ਗਾਉਣ ਦੀ ਰੀਤਿ ਹੈ, ਗਾਉਣ ਦਾ ਸਮਾਂ ਦਿਨ ਦੇ ਦੂਜੇ ਪਹਿਰ ਦਾ ਆਰੰਭ ਹੈ।

ਆਦਿ ਗ੍ਰੰਥ ਵਿਚ ਇਹ ਰਾਗ ਸੋਲ੍ਹਵੀਂ ਥਾਂ ਤੇ ਦਰਜ ਕੀਤਾ ਹੈ।

ਹਰਿ ਉਤਮੁ ਹਰਿ ਪ੍ਰਭੁ ਗਾਵਿਆ
ਕਰਿ ਨਾਦੁ ਬਿਲਾਵਲੁ ਰਾਗੁ।

(ਵਾਰ ਬਿਲਾਵਲ ੩, ਪੰਨਾ ੮੪੯)

**ਬੀਠਲ**

ਮਰਾਠੀ ਵਿਚ 'ਬੀਠਲ' ਉਹ ਦੇਵਤਾ ਹੈ ਜੋ ਸਭ ਦਾ ਸਿਰੋਮਣੀ ਹੈ। ਵਾਰ-ਕਰੀ ਸੰਪ੍ਰਦਾ ਵਾਲੇ ਇਸੇ ਨੂੰ ਆਪਣਾ ਇਸ਼ਟ ਮੰਨਦੇ ਹਨ। ਸਰਗੁਣਵਾਦੀ ਭਗਤਾਂ ਵਿਚ ਕਥਾ ਪ੍ਰਚਲਤ ਹੈ ਕਿ ਇਕ ਵਾਰ ਰੁਕਮਣੀ, ਦੁਆਰਕਾ ਤੋਂ ਰੁੱਸ ਕੇ ਪੰਢਰ ਪੁਰ ਪਾਸ [ਨਦੀ] ਕਿਨਾਰੇ ਆ ਗਈ ਤੇ ਮਗਰੋਂ ਸ੍ਰੀ ਕ੍ਰਿਸ਼ਣ ਜੀ ਆ ਗਏ। ਇਥੇ ਇਕ ਸੰਨਿਆਸੀ ਰਹਿੰਦਾ ਸੀ ਜਿਸ ਨੇ ਇਨ੍ਹਾਂ ਦੀ ਬੜੀ ਸੇਵਾ ਕੀਤੀ। ਅੰਤ ਪ੍ਰਸੰਨ ਹੋ ਕੇ ਸ੍ਰੀ ਕ੍ਰਿਸ਼ਣ ਜੀ ਨੇ ਉਸ ਦੇ ਘਰ ਜਨਮ ਲੈਣਾ ਪਰਵਾਨ ਕੀਤਾ ਤੇ ਇਸ ਦਾ ਨਾਮ 'ਬੀਠਲ' ਰੱਖਿਆ ਗਿਆ। ਇਸ ਤਰ੍ਹਾਂ ਬੀਠਲ ਨੂੰ ਸ੍ਰੀ ਕ੍ਰਿਸ਼ਣ ਜੀ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ।

ਮਰਾਠੀ ਦੇ ਇਸ ਸੰਕੇਤ ਨੂੰ ਨਾਮਦੇਵ ਜੀ ਨੇ ਸਰਬ ਵਿਆਪਕ ਪਰਮੇਸ਼ਰ ਲਈ ਵਰਤਿਆ ਹੈ ਤੇ ਉਨ੍ਹਾਂ ਦੀ ਨਜ਼ਰ ਵਿਚ ਬੀਠਲ ਭਗਵਾਨ ਹੀ ਹੈ।

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀਂ।
ਥਾਨ ਥਨੰਤਰਿ ਨਾਮ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ।

(ਆਸਾ ਨਾਮਦੇਵ, ਪੰਨਾ ੪੮੫)

## ਬੁੱਧ

ਮਹਾਤਮਾ ਬੁਧ ਦਾ ਜਨਮ ੬੨੪ ਈ: ਪੂਰਬ ਰਾਜਾ ਸੁਧੋਦਨ ਦੇ ਘਰ ਮਾਇਆ ਦੇਵੀ ਦੇ ਕੁੱਖੋਂ ਕਪਲ ਵਸਤੂ ਨਗਰ ਲਾਗੇ ਲੁੰਬਿਨੀ ਨਾਮੀ ਬਾਗ ਵਿਚ ਹੋਇਆ। ਪਹਿਲਾ ਨਾਂ ਸਿਧਾਰਥ ਸੀ ਯਾ ਕੁਲ ਨਾਮ ਗੋਤਮ। ਰਾਜਕੁਮਾਰੀ ਯਸ਼ੋਧਰਾ ਨਾਲ ਸ਼ਾਦੀ ਹੋਈ ਜਿਸ ਤੋਂ ਰਾਹੁਲ ਨਾਮੀ ਪੁੱਤਰ ਪੈਦਾ ਹੋਇਆ। ਗੋਤਮ ਮੁੱਢ ਤੋਂ ਹੀ ਕੁਝ ਉਪਰਾਮਚਿਤ ਰਹਿੰਦਾ ਸੀ, ਉਸ ਨੂੰ ਦੁਨਿਆਵੀ ਸੁਖਾਂ ਦੀ ਪਕੜ ਨਹੀਂ ਸੀ। ਜਦੋਂ ਉਸ ਨੇ ਬੁਢਾਪੇ, ਮੌਤ ਅਤੇ ਰੋਗਾਂ ਨਾਲ ਗ੍ਰਸਤ ਸੰਸਾਰ ਨੂੰ ਵੇਖਿਆ ਤਾਂ ਉਹ ਸਦੀਵੀ ਅਨੰਦ ਦੀ ਭਾਲ ਵਿਚ ਘਰ-ਬਾਰ ਛੱਡਕੇ ਜੰਗਲ ਨੂੰ ਚਲਾ ਗਿਆ। ਕਾਫੀ ਅਰਸਾ ਤਪੱਸਿਆ ਕੀਤੀ, ਸਾਧੂਆਂ ਦੀ ਸੰਗਤ ਤੋਂ ਵਰੋਸਾਇਆ ਅੰਤ ਉਸ ਨੂੰ ਗਇਆ ਦੇ ਮੁਕਾਮ ਤੇ ਇਕ ਪਿੱਪਲ ਹੇਠ ਗਿਆਨ ਹੋਇਆ, ਜਿਸ ਕਰਕੇ ਉਹ 'ਬੁੱਧ ਕਹਲਾਇਆ। ਮਹਾਤਮਾ ਬੁਧ ਨੇ ਵੈਦਿਕ ਕਰਮਕਾਂਡਾਂ ਦੀ ਥਾਂ ਤ੍ਰਿਸ਼ਨਾ ਨੂੰ ਮਾਰਨ ਤੇ ਅਹਿੰਸਾ ਅਤੇ ਤਪ ਤਿਆਗ ਉਤੇ ਜ਼ੋਰ ਦਿਤਾ। ਭਗਵਾਨ ਬੁੱਧ ਦੇ ਇਹ ਉਪਦੇਸ-ਬਚਨ 'ਤ੍ਰਿਪਿਟਕ' ਗ੍ਰੰਥ ਵਿਚ ਸੰਕਲਿਤ ਮਿਲਦੇ ਹਨ। ਇਨ੍ਹਾਂ ਵਿਚਾਰਾਂ ਦਾ ਇਤਨਾ ਪ੍ਰਭਾਵ ਹੋਇਆ ਕਿ ਏਸ਼ੀਆ ਭਰ ਵਿਚ ਬੁਧ ਮਤ ਛਾ ਗਿਆ। ਇਹ ਮਹੱਤਵ ਇਤਨਾ ਵਧਿਆ ਕਿ ਅੰਤ ਬ੍ਰਾਹਮਣਾਂ ਨੇ ਵੀ ਇਸ ਨੂੰ ਆਪਣੇ ਚੋਵੀ ਅਵਤਾਰਾਂ ਵਿਚ ਗਿਣਿਆ।

ਗੁਰੂ ਸਾਹਿਬ ਨੇ ਲਿਖਿਆ ਹੈ ਕਿ ਬੁਧ ਵਰਗੇ ਅਨੇਕਾਂ ਮਹਾਂਪੁਰਸ਼ ਉਸ ਦੀ ਸ੍ਰਿਸ਼ਟੀ ਵਿਚ ਸੱਚ ਦੀ ਭਾਲ ਕਰ ਰਹੇ ਹਨ :—

ਆਖਹਿ ਕੇਤੇ ਕੀਤੇ ਬੁਧ।

(ਜਪੁ ੧, ਪੰਨਾ ੬)

## ਬੇਣੀ (ਭਗਤ)

ਭਗਤ ਬੇਣੀ ਦੇ ਸਮੇਂ ਤੇ ਅਸਥਾਨ ਬਾਰੇ ਨਿਸਚਤ ਤੌਰ ਤੇ ਕੁਝ ਆਖਣਾ ਕਠਿਨ ਹੈ। ਆਮ ਖਿਆਲ ਹੈ ਕਿ ਇਹ ਪੰਦ੍ਹਵੀਂ ਸਦੀ ਵਿਚ ਉਤਰ ਪ੍ਰਦੇਸ਼ ਵਿਚ ਕਿਧਰੇ ਹੋਏ। ਘਰੋਗੀ ਨਿਰਬਾਹ ਲਈ ਲੋੜੀਂਦੇ ਸਾਧਨ ਪ੍ਰਾਪਤ ਨਾ ਹੋਣ ਦੇ ਬਾਵਜੂਦ ਆਪ ਇਕ ਪਰਮੇਸ਼ਰ ਤੇ ਟੇਕ ਰਖਦੇ ਤੇ ਸਬਰ ਸੰਤੋਖ ਨਾਲ ਦਿਨ ਲੰਘਾਉਂਦੇ ਸਨ। ਚੰਗੇ ਪੜ੍ਹੇ-ਲਿਖੇ ਵਿਦਵਾਨ ਸਨ ਤੇ ਸਮਕਾਲੀ ਮਤ ਮਤਾਂਤਰਾਂ ਤੋਂ ਜਾਣੂ ਸਨ। ਆਦਿ ਗ੍ਰੰਥ ਵਿਚ ਆਪ ਦੇ ਸਿਰੀ ਰਾਗ, ਰਾਮਕਲੀ ਤੇ ਪ੍ਰਭਾਤੀ ਵਿਚ ਤਿੰਨ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਵਧੇਰੇ ਸਨਾਤਨ ਕਰਮਕਾਂਡ ਤੇ ਜੋਗ ਮਤ ਦੇ ਭੇਖ ਦਾ ਖੰਡਨ ਕੀਤਾ ਗਿਆ ਹੈ।

ਬੇਣੀ ਕਹੈ ਸੁਨਹੁ ਰੇ ਭਗਤਹੁ<br>ਮਰਨ ਮੁਕਤਿ ਕਿਨਿ ਪਾਈ।

(ਸਿਰੀ, ਬੇਣੀ ਪੰਨਾ ੯੩)

**ਬੇਣੀ ਸੰਗਮ**

ਪ੍ਰਯਾਗਰਾਜ ਤੀਰਥ ਨੂੰ ਇਸ ਲਈ ਉਤਮ ਮੰਨਿਆ ਗਿਆ ਹੈ ਕਿਉਂਕਿ ਉੱਥੇ ਗੰਗਾ, ਜਮਨਾ ਤੇ ਗੁਪਤ ਰੂਪ ਵਿਚ ਸਰਸੁਤੀ—ਤਿੰਨ ਪਵਿੱਤਰ ਨਦੀਆਂ ਇਕੱਠੀਆਂ ਹੁੰਦੀਆਂ ਹਨ। ਸ਼ਰਧਾਲੂ ਹਿੰਦੂ ਹਜ਼ਾਰਾਂ ਦੀ ਗਿਣਤੀ ਵਿਚ ਮਾਘੀ ਦੇ ਮੇਲੇ ਤੇ ਇਥੇ ਇਸ਼ਨਾਨ ਕਰਦੇ ਅਤੇ ਬਾਰਾਂ ਸਾਲਾਂ ਬਾਅਦ ਕੁੰਭ ਦਾ ਮੇਲਾ ਵੀ ਲਗਦਾ ਹੈ ਜਦੋਂ ਕਿ ਵਧੇਰੇ ਇਕੱਠ ਹੁੰਦਾ ਹੈ। ਇਸ ਥਾਂ ਦਾ ਇਸ਼ਨਾਨ ਅਤਿ ਪਵਿਤਰ ਮੰਨਿਆ ਜਾਂਦਾ ਹੈ। ਲੇਕਿਨ ਸਤਿਗੁਰਾਂ ਪ੍ਰਯਾਗ ਦੇ ਇਸ਼ਨਾਨ ਨਾਲੋਂ ਸੰਤ ਚਰਨ-ਧੂੜੀ ਨੂੰ ਅਤਿ ਪਵਿਤਰ ਆਖਿਆ ਹੈ :

ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੈ।

ਆਦਿ ਗ੍ਰੰਥ ਵਿਚ ਇਸ ਤ੍ਰਿਬੇਣੀ ਦਾ ਜ਼ਿਕਰ ਵੀ ਆਇਆ ਹੈ ਤੇ ਕੁਝ ਥਾਵਾਂ ਤੇ ਇੜਾ, ਪਿੰਗਲਾ, ਸੁਖਮਨਾ ਤਿੰਨਾਂ ਲਈ ਵੀ 'ਬੇਣੀ ਸੰਗਮ' ਸੰਕੇਤ ਵਰਤਿਆ ਗਿਆ ਹੈ। 'ਹਠ ਯੋਗ ਪ੍ਰਦੀਪਿਕਾ' ਤੇ 'ਸ਼ਿਵ ਸੰਹਿਤਾ' ਵਿਚ ਵੀ ਇਸ ਕਿਸਮ ਦੀ ਪ੍ਰਤੀਕਾਤਮਕ ਵਰਤੋਂ ਮਿਲਦੀ ਹੈ, ਇਸੇ ਤਰ੍ਹਾਂ ਸੰਤਾਂ ਭਗਤਾਂ ਇਹ ਪ੍ਰਯੋਗ ਆਮ ਕੀਤਾ ਹੈ :

(ੳ) ਗੰਗਾ ਜਮੁਨਾ ਕੇਲ ਕੇਦਾਰਾ, ਕਾਂਸੀ ਕਾਂਤੀ ਪੁਰੀ ਦੁਆਰਾ
ਗੰਗਾ ਸਾਗਰ, ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ।

(ਮਾਰੂ ੧, ਪੰਨਾ ੧੦੨੨)

ਭਗਤ ਬੇਣੀ ਆਖਦੇ ਹਨ :

(ਅ) ਇੜਾ, ਪਿੰਗੁਲਾ ਅਉਰ ਸੁਖਮਨਾ, ਤੀਨਿ ਬਸਹਿ ਇਕਠਾਈ
ਬੇਣੀ-ਸੰਗਮੁ ਤਹ ਪਿਰਾਗੁ ਮਨੁ, ਮਜਨੁ ਕਰੇ ਤਿਥਾਂਈ।

(ਰਾਮਕਲੀ ਬੇਣੀ, ਪੰਨਾ ੬੭੪)

**ਬੇਤਾਲ**

ਰਵਾਇਤ ਅਨੁਸਾਰ ਜਿਸ ਮੁਰਦੇ ਵਿਚ ਭੂਤ ਪ੍ਰਵੇਸ਼ ਕਰ ਜਾਵੇ ਉਹ ਬੇਤਾਲ ਹੈ। ਇਹ ਬੜੀ ਭਿਆਨਕ ਤੇ ਨੀਚ ਜੂਨਿ ਹੈ ਤੇ ਇਸ ਨੂੰ ਪ੍ਰੇਤ ਵੀ ਆਖ ਦਿੰਦੇ ਹਨ। ਗੁਰੂਆਂ ਨਾਮਹੀਣ ਪੁਰਸ਼ਾਂ ਨੂੰ ਇਸ ਵਿਸ਼ੇਸ਼ਣ ਨਾਲ ਯਾਦ ਕੀਤਾ ਹੈ :

ਜੋ ਮੋਹਿ ਮਾਇਆ ਚਿਤੁ ਲਾਇਦੇ, ਸੇ ਮਨਮੁਖ ਮੂੜ ਬਿਤਾਲੇ ਰਾਮ।

(ਬਿਹਾਗੜਾ ੪, ਪੰਨਾ ੫੩੯)

**ਬੈਸਨੋ—ਦੇਖੋ ਵੈਸ਼ਣਵ**

**ਬੈਕੁੰਠ**

ਹਿੰਦੂ ਪੁਰਾਣਾਂ ਅਨੁਸਾਰ 'ਵਿਸ਼ਨੂੰਪੁਰੀ' ਦਾ ਨਾਮ 'ਬੈਕੁੰਠ' ਹੈ ਕਈ ਇਹ ਥਾਂ ਸੁਮੇਰ ਪਰਬਤ ਤੇ ਮੰਨਦੇ ਤੇ ਕਈਆਂ ਇਸ ਨੂੰ ਉਤਰੀ ਸਾਗਰ ਵਿਚ ਦੱਸਿਆ ਹੈ। ਪਿਛੋਂ ਇਹ ਸ਼ਬਦ 'ਸੁਰਗ' ਲਈ ਵੀ ਆਮ ਵਰਤਿਆ ਜਾਂਦਾ ਰਿਹਾ।

ਗੁਰੂ ਜਾਂ ਸੰਤ ਭਗਤ ਉਪਰੋਕਤ ਵਿਚਾਰ ਨਾਲ ਸਹਿਮਤ ਨਹੀਂ, ਉਨ੍ਹਾਂ ਪ੍ਰਭੂ ਦੀ ਸਿਫਤ ਸਲਾਹ ਵਾਲੀ ਥਾਂ ਜਾਂ 'ਸਤਿਸੰਗ' ਨੂੰ ਹੀ ਬੈਕੁੰਠ ਕਿਹਾ ਹੈ। ਨਾਲੇ ਇਹ ਵੀ ਆਖਿਆ ਹੈ ਕਿ ਜਿਤਨਾ ਚਿਰ ਜਗਿਆਸੂ ਦੇ ਮਨ ਵਿਚ ਇਸ ਕਲਪਿਤ ਬੈਕੁੰਠ ਜਾਂ ਸੁਰਗ ਦੀ ਇੱਛਾ ਹੈ, ਉਤਨਾ ਚਿਰ ਉਸ ਦੀ ਪ੍ਰਭੂ-ਪ੍ਰੀਤਿ ਸੰਪੂਰਣ ਨਹੀਂ ਹੁੰਦੀ।

ਜਬ ਲਗੁ ਮਨਿ ਬੈਕੁੰਠ ਕੀ ਆਸ
ਤਬ ਲਗੁ ਹੋਇ ਨਹੀ ਚਰਨ ਨਿਵਾਸ।
ਕਹੁ ਕਬੀਰ ਇਹ ਕਹੀਐ ਕਾਹਿ
ਸਾਧ-ਸੰਗਤਿ ਬੈਕੁੰਠੈ ਆਹਿ।

(ਗਉੜੀ ਕਬੀਰ, ਪੰਨਾ ੩੨੫)

ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ :

ਮੁਕਤਿ ਬੈਕੁੰਠ ਸਾਧ ਕੀ ਸੰਗਤਿ, ਜਨ ਪਾਇਓ ਹਰਿ ਕਾ ਧਾਮ।

(ਧਨਾਸਰੀ ੫)

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ, ਤੂ ਆਪੇ ਸਰਧਾ ਲਾਇਹਿ ।੨।

(ਸੂਹੀ ੫, ਪੰਨਾ ੭੪੯)

ਬੈਕੁੰਠ ਨਗਰ ਜਹਾਂ ਸੰਤ ਵਾਸਾ।

(ਸੂਹੀ ੫, ਪਨਾ ੭੪੨)

**ਬੈਰਾਗੀ**

ਵੈਸ਼ਣਵ ਸਾਧੂਆਂ ਦੀ ਇਕ ਸੰਪ੍ਰਦਾ ਜਿਸ ਦੇ ਮੋਢੀ ਅਚਾਰਯ ਰਾਮਾਨੰਦ (੧੩੬੬-੧੪੬੭) ਸਨ। ਇਹ ਰਾਮ ਤੇ ਕ੍ਰਿਸ਼ਣ ਦੋਹਾਂ ਦੀ ਪੂਜਾ ਕਰਦੇ ਹਨ, ਇਨ੍ਹਾਂ ਦੇ ਮੁਖ ਧਰਮ ਕਰਮ ਹਨ—ਕ੍ਰਿਸ਼ਣ ਯਾ ਰਾਮ ਮੂਰਤੀ ਦੀ ਉਪਾਸ਼ਨਾ, ਦਵਾਰਕਾ ਦੀ ਯਾਤਰਾ, ਸੰਖ ਚੱਕ੍ਰਾਂ ਆਦਿ ਵਿਸ਼ਨੂੰ ਚਿੰਨ੍ਹਾਂ ਦੀ ਸਰੀਰ ਪਰ ਛਾਪ ਲਾਉਣਾ, ਗੋਪੀ ਚੰਦਨ ਦਾ ਤਿਲਕ ਲਾਉਣਾ ਤੇ ਤੁਲਸੀ ਮਾਲਾ ਧਾਰਣ ਕਰਨਾ।

ਵੈਰਾਗੀ ਆਮ ਤੌਰ ਤੇ ਜਟਾ-ਜੂਟ ਰਹਿੰਦੇ ਤੇ ਸੰਜਮੀ ਜੀਵਨ ਬਿਤੀਤ ਕਰਦੇ ਹਨ। ਸ੍ਰੀ ਰਾਮ ਇਨ੍ਹਾਂ ਦੇ ਪੂਜਨੀਕ, ਇਸ਼ਟ ਹਨ, ਇਸ ਕਰਕੇ ਇਹ ਆਪਸ ਵਿਚ

ਮਿਲਣ ਸਮੇਂ 'ਜੈ ਜੈ ਰਾਮ' ਬੁਲਾਂਉਂਦੇ ਹਨ, 'ਹਮਾਰੇ ਰਾਮ' ਇਨ੍ਹਾਂ ਦਾ ਤਕੀਆ ਕਲਾਮ ਹੈ। ਇਨ੍ਹਾਂ ਦੇ ਪੂਜਾ ਅਸਥਾਂਨ ਜਗਨਨਾਥ ਤੇ ਅਜੁੱਧਿਆ ਹਨ।

ਗੁਰੂ ਸਾਹਿਬ ਮਨ ਨੂੰ ਸਾਧਣ ਵਾਲੇ ਤੇ ਪ੍ਰਭੂ ਨਾਲ ਲਿਵ ਜੋੜ ਲੈਣ ਵਾਲੇ ਪੁਰਸ਼ ਨੂੰ ਪੂਰਨ ਵੈਰਾਗੀ ਮੰਨਦੇ ਹਨ। ਕੇਵਲ ਸੰਸਾਰਕ ਧੰਦਿਆਂ ਤੋਂ ਦੂਰ ਰਹਿਣ ਵਾਲੇ ਨੂੰ ਨਹੀਂ।

> ਗਿਰਹੁ ਕੁਟੰਬ ਮਹਿ ਸਹਜ ਸਮਾਧੀ
> ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ।
>
> (ਵਾਰ ਸਾਰੰਗ ੪, ਪੰਨਾ ੧੨੪੬)

> ਜੋ ਮਨੁ ਮਾਰਹਿ ਆਪਣਾ, ਸੇ ਪੁਰਖ ਬੈਰਾਗੀ ਰਾਮ।
>
> (ਵਡਹੰਸ: ੩, ਪੰਨਾ ੫੬੯)

> ਸੋ ਬੈਰਾਗੀ ਜਿ ਉਲਟੇ ਬ੍ਰਹਮੁ
> ਗਗਨ ਮੰਡਲ ਮਹਿ ਰੋਪੈ ਥੰਮੁ
> ਅਹਿਨਿਸਿ ਅੰਤਰਿ ਰਹੈ ਧਿਆਨੁ
> ਤੇ ਬੈਰਾਗੀ ਸਤ ਸਮਾਨਿ।
>
> (ਵਾਰ ਰਾਮਕਲੀ ੧ ਪੰਨਾ ੯੫੩)

## ਬੈਰਾੜੀ

ਬੈਰਾੜੀ ਮਾਰੂ ਠਾਠ ਦਾ ਸੰਪੂਰਣ ਰਾਗ ਹੈ, ਇਸ ਨੂੰ ਪੁਰਾਤਨ ਸੰਗੀਤੱਗ ਸਿਰੀ ਰਾਗ ਦੀ ਰਾਗਣੀ ਮੰਨਦੇ ਸਨ। ਇਸਦਾ ਵਾਦੀ ਗਾ ਤੇ ਸੰਵਾਦੀ ਧਾ ਹੈ। ਇਸ ਵਿਚ ਸਾ, ਗਾ, ਪਾ, ਧਾ ਤੇ ਨੀ ਸੁਧ ਲਗਦੇ ਹਨ ਤੇ ਰੇ ਕੋਮਲ ਅਤੇ ਮਾ ਤੀਬਰ। ਗਾਉਣ ਦਾ ਸਮਾਂ ਦੁਪਹਿਰ ਹੈ।

ਆਦਿ ਗ੍ਰੰਥ ਵਿਚ ਇਹ ਤੇਰ੍ਹਵੇਂ ਥਾਂ ਤੇ ਆਇਆ ਹੈ ਤੇ ਇਸ ਵਿਚ ਕੇਵਲ ਸੱਤ ਸ਼ਬਦ ਹਨ—ਛੇ ਗੁਰੂ ਰਾਮਦਾਸ ਜੀ ਦੇ ਤੇ ਇਕ ਗੁਰੂ ਅਰਜਨ ਸਾਹਿਬ ਦਾ।

## ਭਗਤ ਤੇ ਭਗਤ ਬਾਣੀ

ਭਗਤੀ ਲਹਿਰ ਦੇ ਉਹ ਮਹਾਂ ਪੁਰਸ਼ ਜਿਨ੍ਹਾਂ ਮਜ਼ਬੀ ਕਰਮ ਕਾਂਡ ਤੇ ਸ਼ਰਾ ਸ਼ਰੀਅਤ ਦੀ ਥਾਂ ਪ੍ਰੇਮਾ ਭਗਤੀ ਤੇ ਵਧੇਰੇ ਜ਼ੋਰ ਦਿਤਾ, ਉਹ 'ਭਗਤ' ਕਹੇ ਜਾਂਦੇ ਹਨ। ਇਹ ਆਮ ਤੌਰ ਤੇ ਹਰ ਪ੍ਰਾਂਤ ਵਿਚ ਹੀ ਹੋਏ ਜਿਨ੍ਹਾਂ ਭੇਖਾਂ ਦਾ ਖੰਡਨ ਕਰਕੇ ਸੱਚੀ ਦਿਲੀ ਸ਼ਰਧਾ ਤੇ ਸਿਦਕ ਨੂੰ ਪਹਿਲ ਦਿਤੀ। ਦਰਅਸਲ ਭਗਤੀ ਲਹਿਰ ਸਾਂਸਕ੍ਰਿਤਿਕ ਚੇਤਨਾ

ਦੀ ਲਹਿਰ ਸੀ ਜਿਸ ਵਿਚ ਧਾਰਮਿਕ ਤੇ ਸਮਾਜਕ ਪ੍ਰਗਤੀ ਦੀ ਭਾਵਨਾ ਰਲੀ ਮਿਲੀ ਸੀ, ਇਸ ਨੇ ਸਮੁੱਚੇ ਭਾਰਤ ਨੂੰ ਪ੍ਰਭਾਵਿਤ ਕੀਤਾ। ਚੂੰਕਿ ਇਨ੍ਹਾਂ ਭਗਤਾਂ ਦੀ ਬਾਣੀ ਸੱਚ ਦਾ ਪ੍ਰਕਾਸ਼ ਕਰਨ ਵਾਲੀ ਤੇ ਸਰਬ-ਪ੍ਰਵਾਨਗੀ ਪ੍ਰਾਪਤ ਕਰਨ ਵਾਲੀ ਸੀ, ਇਸ ਲਈ ਸਤਿਗੁਰਾਂ ਇਸ ਦੇ ਮਹੱਤਵ ਨੂੰ ਪਛਾਣਿਆਂ ਤੇ ਥਾਂ ਥਾਂ ਤੋਂ ਇਸ ਦਾ ਸੰਚਯ ਕੀਤਾ।

ਗੁਰੂ ਨਾਨਕ ਸਾਹਿਬ ਨੇ ਆਪਣੇ ਪਰਚਾਰ ਦੌਰਿਆਂ ਸਮੇਂ ਕਾਫੀ ਬਾਣੀ ਇਕੱਤਰ ਕੀਤੀ ਤੇ ਕੁਝ ਉਨ੍ਹਾਂ ਨੇ ਜਾਂਨਸ਼ੀਨ ਗੁਰੂਆਂ ਸੰਗ੍ਰਹਿ ਕੀਤੀ। ਇਹ ਬਾਣੀ ਦਰਜ ਕਰਨ ਸਮੇਂ ਸਿਰਲੇਖ, 'ਭਗਤ ਬਾਣੀ' ਯਾ 'ਬਾਣੀ ਭਗਤਾਂ ਕੀ' ਦਿਤਾ ਗਿਆ ਹੈ ਤੇ ਇਨ੍ਹਾਂ ੧੫ ਭਗਤਾਂ ਦੀ ਰਚਨਾ ਆਦਿ ਗ੍ਰੰਥ ਵਿਚ ਸ਼ਾਮਲ ਹੈ :

ਜੈਦੇਵ, ਸ਼ੇਖ ਫ਼ਰੀਦ, ਨਾਮਦੇਵ, ਤ੍ਰਿਲੋਚਨ, ਰਾਮਾਨੰਦ, ਕਬੀਰ, ਬੇਣੀ, ਸਧਨਾ ਸੈਣ, ਪੀਪਾ, ਧੰਨਾ, ਭੀਖਨ, ਰਵਿਦਾਸ, ਪਰਮਾਨੰਦ ਤੇ ਸੂਰਦਾਸ।

**ਭਟ**

ਭੱਟ ਇਕ ਵਿਸ਼ੇਸ਼ ਜਾਤੀ ਹੈ ਜੋ ਕਿ ਢਾਢੀ, ਚਾਰਣਾਂ ਤੇ ਬੰਦੀ ਜਨਾਂ ਵਾਂਗ ਉਸਤਤਿ ਕਰਕੇ ਜੀਵਨ ਨਿਰਬਾਹ ਕਰਦੀ ਆਈ ਹੈ। ਰਾਜਦਰਬਾਰਾਂ ਵਿਚ ਰਾਜਿਆਂ, ਸਰਦਾਰਾਂ, ਚੌਧਰੀਆਂ ਯਾ ਜੋਧਿਆਂ ਦੀ ਵਡਿਆਈ ਛੰਦਾਂ ਵਿਚ ਗੁੰਦ ਕੇ ਸੁਣਾਉਣਾ ਤੇ ਜਜਮਾਨਾਂ ਦੇ ਕੁਰਸੀਨਾਮੇ ਦੁਹਰਾਉਣਾ ਇਨ੍ਹਾਂ ਦਾ ਕਰਤੱਵ ਰਿਹਾ ਹੈ।

ਪੰਜਾਬ ਦੇ ਭੱਟ ਕੌਸ਼ਿਸ਼ ਗੋਤ੍ਰ ਦੇ ਬ੍ਰਾਹਮਣ ਹਨ, ਇਨ੍ਹਾਂ ਦੇ ਵਡੇਰੇ ਸਰਸੁਤੀ ਕੰਢੇ ਵਸਦੇ ਸਨ। ਉਰਲੇ ਪਾਸੇ ਵਸਣ ਵਾਲੇ ਸਾਰਸੁਤ ਤੇ ਪਰਲੇ ਪਾਸੇ ਦੇ ਵਾਸੀ 'ਗੌੜ' ਕਹਿਲਾਏ। ਸਾਰਸੁਤ ਬ੍ਰਾਹਮਣ ਵਿਦਿਆ-ਅਧਿਐਨ ਵਿਚ ਵਧੇਰੇ ਦਿਲਚਸਪੀ ਲੈਂਦੇ ਸਨ ਤੇ ਗੌੜ ਬ੍ਰਾਹਮਣ ਉਸਤਤਿ ਕਰਕੇ ਦਾਨ ਬਖਸ਼ੀਸ ਪਰਵਾਣ ਕਰਦੇ ਤੇ ਆਪਣੇ ਯਜਮਾਨਾਂ ਦੀਆਂ ਬੰਸਾਵਲੀਆਂ ਵਹੀਆਂ ਵਿਚ ਦਰਜ ਕਰ ਛਡਦੇ ਸਨ। ਹੌਲੀ ਹੌਲੀ ਇਨ੍ਹਾਂ ਦੇ ਪਰਿਵਾਰ ਵਧਦੇ ਗਏ ਤੇ ਲੋੜ ਅਨੁਸਾਰ ਇਧਰ ਉਧਰ ਫੈਲਦੇ ਗਏ।

ਇਸੇ ਭੱਟ ਘਰਾਣੇ ਦੇ ਕੁਝ ਆਦਮੀ ਸੁਲਤਾਨਪੁਰ ਵਸਦੇ ਸਨ ਜਿਨ੍ਹਾਂ ਵਿਚੋਂ ਭਿਖੇ ਭੱਟ ਦਾ ਨਾਂ ਪਰਸਿੱਧ ਹੈ। ਇਸੇ ਦੇ ਭਾਈ ਭਤੀਜੇ ਤੇ ਪੁੱਤਰ ਪੋਤਰੇ ਗੁਰੂ ਸਾਹਿਬਾਨ ਦੇ ਸ਼ਰਧਾਲੂ ਬਣੇ ਤੇ ਉਨ੍ਹਾਂ ਗੁਰੂ ਜਸ ਦੇ ੧੨੩ ਛੰਦ ਲਿਖੇ ਜੋ ਕਿ ਆਦਿ ਗ੍ਰੰਥ ਦੇ ਅੰਤ ਵਿਚ ਦਰਜ ਹਨ। ਜਿਨ੍ਹਾਂ ੧੧ ਭੱਟਾਂ ਇਹ ਗੁਰੂ-ਮਹਿਮਾ ਕੀਤੀ, ਉਨ੍ਹਾਂ ਦੇ ਨਾਮ ਇਹ ਹਨ :

ਕਲਜ (ਕਲਸਹਾਰ), ਜਾਲਪ, ਕੀਰਤ, ਸਲਜ, ਭਲਜ, ਨਲਜ, ਭਿਖਾ ਪਰਮਾਨੰਦ, ਬਲਜ, ਹਰਿਬੰਸ ਤੇ ਮਥੁਰਾ।

**ਭਰਥਰ**

ਇਕ ਪ੍ਰਸਿੱਧ ਜੋਗੀ ਜੋ ਕਿ ਪਹਿਲੇ ਮਾਲਵੇ ਦਾ ਰਾਜਾ ਸੀ ਤੇ ਫਿਰ ਬਿਰਕਤ ਹੋ ਕੇ ਚੰਗਾ ਸਾਧੂ ਬਣਿਆ। ਇਹ ਵੀ ਰਵਾਇਤ ਹੈ ਕਿ ਇਹ ਰਾਜਾ ਗੋਪੀਚੰਦ ਦਾ ਮਾਮਾ ਅਤੇ ਮੈਣਾਵੰਤੀ ਦਾ ਭਾਈ ਸੀ। ਨਾਥ ਸਿੱਧਾਂ ਦੀਆਂ ਬਾਣੀਆਂ ਵਿਚ ਇਸ ਦੇ ਪਦੇ ਤੇ ਸਲੋਕ ਮਿਲਦੇ ਹਨ, ਜਿਨ੍ਹਾਂ ਵਿਚ ਵੈਰਾਗ ਦੀ ਪਰਧਾਨਤਾ ਹੈ।

ਗੁਰੂ ਨਾਨਕ ਸਾਹਿਬ ਨੂੰ ਮਿਲਣ ਵਾਲੇ ਜੋਗੀਆਂ ਵਿਚ ਵੀ ਇਕ ਭਰਥਰੀ ਨਾਂ ਦਾ ਜੋਗੀ ਸੀ, ਕਈ ਇਸ ਨੂੰ ਉਹੋ ਪੁਰਾਣਾ ਭਰਥਰੀ ਮੰਨਦੇ ਹਨ। ਹੋ ਸਕਦਾ ਹੈ ਇਹ ਨਾਮ ਗੁਰੂ ਸਾਹਿਬ ਦੇ ਕਿਸੇ ਹੋਰ ਸਮਕਾਲੀ ਸਿੱਧ ਦਾ ਹੋਵੇ। ਗੁਰੂ ਨਾਨਕ ਸਾਹਿਬ ਨੇ ਸੱਚੀ ਸ਼ਰਾਬ ਦਾ ਬਿਆਨ ਕਰਦਿਆਂ ਕਿਹਾ ਹੈ :

ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ
ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ, ਅੰਮ੍ਰਿਤ ਧਾਰੈ।

(ਆਸ ੧, ਪੰਨਾ ੩੬੦)

**ਭਲਜ**

ਭਲਜ ਭੱਟ ਦਾ ਇਕੋ ਇਕ ਸਵਈਆ ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਹ ਇਕ ਵਿਦਵਾਨ ਕਵੀ ਸੀ। ਇਸ ਨੇ ਲਿਖਿਆ ਹੈ ਕਿ ਜਿਵੇਂ ਮੇਘ ਦੀਆਂ ਬੂੰਦਾਂ, ਬਨਾਸਪਤੀ ਦੇ ਪੱਤੇ, ਬਸੰਤ ਦੇ ਫੁੱਲ, ਸੂਰਜ ਚੰਦ੍ਰ ਦੀਆਂ ਕਿਰਣਾਂ, ਸਮੁੰਦ੍ਰ ਦੀ ਡੂੰਘਾਣ ਤੇ ਗੰਗ ਤਰੰਗਾਂ ਦਾ ਅੰਤ ਨਹੀਂ ਤਿਵੇਂ ਗੁਰੂ ਅਮਰਦਾਸ ਦੀ ਵਡਿਆਈ ਅਕਥਨੀਯ ਹੈ।

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ, ਕਬਿ ਜਨ ਭਲਜ ਉਨਹ ਜੋ ਗਾਵੈ
ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਣਿ ਆਵੈ।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੬)

**ਭਵ ਸਾਗਰ**

ਭਾਰਤੀ ਵਿਚਾਰਵਾਨਾਂ ਸੰਸਾਰਕ ਜੀਵਨ ਦੀਆਂ ਭਿਆਨਕ ਔਕੜਾਂ ਤੇ ਗੁੰਝਲਾਂ ਨੂੰ ਚਿਤ੍ਰਣ ਲਈ ਸਾਗਰ ਨਾਲ ਉਪਮਾ ਕੇ 'ਭਵ ਸਾਗਰ' ਦਾ ਅਲੰਕਾਰ ਵਰਤਿਆ ਹੈ। ਭਵ ਦਾ ਸ਼ਬਦੀ ਅਰਥ ਜਨਮ ਹੈ ਤੇ ਇਸ ਤੋਂ ਜਨਮ ਮਰਣ ਦਾ ਚੱਕ੍ਰ ਲੈ ਲਿਆ ਜਾਂਦਾ ਹੈ। ਭਾਵ ਇਸ ਦਾ ਇਹੋ ਹੈ ਕਿ ਜਿਵੇਂ ਸਾਗਰ ਪਾਰ ਕਰਨ ਲਈ ਬੇੜਾ ਜ਼ਰੂਰੀ ਹੈ,

ਇਸੇ ਤਰ੍ਹਾਂ ਇਸ ਸੰਸਾਰ ਦੀਆਂ ਵਿਸ਼ੇ ਵਿਕਾਰਾਂ ਦੀਆਂ ਤਰੰਗਾਂ ਅਤੇ ਹੋਰ ਉਲਝਣਾਂ ਵਿਚੋਂ ਜੀਵਨ ਨੂੰ ਪਾਰ ਲੰਘਾਉਣ ਲਈ ਗੁਰੂ ਤੇ ਪਰਮੇਸਰ ਦੀ ਕ੍ਰਿਪਾਲਤਾ ਆਵਸ਼ਕ ਹੈ।

ਹਰਿ ਕੇ ਚਰਣ ਹਿਰਦੇ ਉਰਧਾਰਿ
ਭਵ ਸਾਗਰੁ ਚੜਿ ਉਤਰਹਿ ਪਾਰਿ।

(ਗਉੜੀ ੫, ਪੰਨਾ ੧੯੬)

**ਭਵਨ**—ਦੇਖੋ ਚਉਦਹ ਲੋਕ,

**ਭਵਾਨੀ**

'ਭਵ' ਦਾ ਅਰਥ ਸ਼ਿਵ ਜੀ ਤੇ ਭਵਾਨੀ ਦਾ ਅਰਥ ਸ਼ਿਵਾਂ ਦੀ ਇਸਤਰੀ ਪਾਰਬਤੀ ਹੈ। ਸ਼ਾਕਤ ਤੇ ਤਾਂਤ੍ਰਿਕ ਲੋਕ ਇਸ ਦੀ 'ਆਦਿ ਸ਼ਕਤੀ' ਯਾ ਮਹਾਂਮਾਈ ਮੰਨ ਕੇ ਪੂਜਾ ਉਪਾਸਨਾ ਕਰਦੇ ਹਨ ਪਰੰਤੂ ਸੱਚਾ ਅਧਿਆਤਮਵਾਦੀ ਐਸਾ ਪਰਵਾਣ ਨਹੀਂ ਕਰਦਾ। ਭਗਤ ਨਾਮਦੇਵ ਲਿਖਦੇ ਹਨ :—

ਮਹਾਂਮਾਈ ਕੀ ਪੂਜਾ ਕਰੈ
ਨਰ ਸੈ ਨਾਰਿ ਹੋਇ ਅਉਤਰੈ।
ਤੂ ਕਹੀਅਤ ਹੀ ਆਦਿ ਭਵਾਨੀ
ਮੁਕਤਿ ਕੀ ਬਰੀਆ ਕਹਾਂ ਛਪਾਨੀ।

(ਗੋਂਡ ਨਾਮਦੇਉ, ਪੰਨਾ ੮੭੪)

**ਭਿਸ਼ਤ**

ਫਾਰਸੀ 'ਬਹਿਸ਼ਤ' ਸ਼ਬਦ ਦਾ ਦੇਸੀ ਰੂਪ 'ਭਿਸਤ' ਹੈ, ਜਿਸ ਦਾ ਭਾਵ ਹੈ ਸੁਰਗ। ਸਾਮੀ ਮਜ਼੍ਹਬਾਂ ਅਨੁਸਾਰ ਮਰਨ ਪਿਛੋਂ ਬਹਿਸ਼ਤ ਨੇਕ ਆਤਮਾਵਾਂ ਲਈ ਹੈ ਤੇ ਦੋਜ਼ਖ ਬਦੀ ਕਰਨ ਵਾਲਿਆਂ ਲਈ। ਇਸਲਾਮੀ ਸੰਕਲਪ ਮੁਤਾਬਿਕ ਬਹਿਸ਼ਤ ਵਿਚ ਸੁੰਦਰ ਹੂਰਾਂ, ਗਿਲਮਾਨ ਤੇ ਚੰਗੀ ਸ਼ਰਾਬ ਦੀਆਂ ਨਦੀਆਂ ਵਹਿੰਦੀਆਂ ਦਸੀਆਂ ਜਾਂਦੀਆਂ ਹਨ ਜ ਮੋਮਨਾਂ ਨੂੰ ਹਾਸਲ ਹੁੰਦੀਆਂ ਹਨ। ਮਗਰ ਸੰਤਾਂ ਸੂਫੀਆਂ ਅਜੇਹੇ ਬਹਿਸ਼ਤ ਨੂੰ ਪਰਵਾਣ ਨਹੀਂ ਕੀਤਾ, ਉਨ੍ਹਾਂ ਪਰਮੇਸ਼ਰ ਦੀ ਨਜ਼ਦੀਕੀ ਨੂੰ ਹੀ ਭਿਸਤ ਕਿਹਾ ਹੈ। ਕਬੀਰ ਸਾਹਿਬ ਲਿਖਦੇ ਹਨ :

ਭਿਸਤੁ, ਨਜੀਕਿ ਰਾਖੁ ਰਹਮਾਨਾ।

(ਭੈਰਉ ਕਬੀਰ, ਪੰਨਾ ੧੧੬੧)

ਗੁਰੂ ਨਾਨਕ ਸਾਹਿਬ ਦਾ ਬਚਨ ਹੈ :

ਗਲੀਂ ਭਿਸਤਿ ਨ ਜਾਈਐ, ਛੁਟੈ ਸਚੁ ਕਮਾਇ।

(ਵਾਰ ਮਾਝ ੧, ਪੰਨਾ ੧੪੧)

**ਭਿੱਖਾ**

੧੧ ਭੱਟਾਂ ਵਿਚੋਂ ਇਕ ਮੁਖੀ ਭੱਟ ਜੋ ਕਿ ਸੁਲਤਾਨਪੁਰ ਦਾ ਰਹਿਣ ਵਾਲਾ ਤੇ ਗੁਰੂ ਅਮਰਦਾਸ ਜੀ ਦਾ ਪ੍ਰੇਮੀ ਸਿਖ ਸੀ । ਇਸੇ ਦੀ ਅਗਵਾਈ ਹੇਠ ਬਾਕੀ ਭੱਟ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ । ਇਸਦੀ ਰਚਨਾ ਦੇ ਦੋ ਛੰਦ'ਸਵਈਏ ਮਹਲੇ ਤੀਜੇ ਕੇ' ਵਿਚ ਦਰਜ ਹਨ ਜਿਥੇ ਕਿ ਇਸਨੇ ਲਿਖਿਆ ਹੈ ਕਿ ਅਸੀਂ ਕਿਵੇਂ ਆਤਮ ਜਗਿਆਸਾ ਧਾਰ ਕੇ ਸਾਲ ਭਰ ਢੂੰਡ ਭਾਲ ਕਰਦੇ ਰਹੇ ਤੇ ਫੇਰ ਲੰਮੀ ਖੋਜ ਬਾਦ ਸਤਿਗੁਰਾਂ ਦੀ ਸ਼ਰਣ ਪ੍ਰਾਪਤ ਹੋਈ :—

ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ
ਸੰਨਿਆਸੀ ਤਪਸੀਅਹੁ, ਮੁਖਹੁ ਏ ਪੰਡਿਤ ਮਿਠੇ
ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ
ਕਹਿਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ ।

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫)

**ਭੀਸ਼ਮ ਪਿਤਾਮਾ**—ਦੇਖੋ ਗੰਗੇਵ ਪਿਤਾਮਾ

**ਭੀਖਨ**

ਭੀਖਨ ਨਾਂ ਦੇ ਦੋ ਸੰਤ ਕਵੀ ਮਿਲਦੇ ਹਨ । ਇਕ ਸੂਫ਼ੀ ਮੁਸਲਮਾਨ ਸੀ ਤੇ ਇਕ ਭਗਤੀ ਭਾਵ ਵਾਲਾ ਵੈਰਾਗੀ ਸਾਧੂ । ਸੂਫ਼ੀ ਭੀਖਨ, ਲਖਨਊ ਲਾਗੇ ਨਗਰ ਕਾਕੋਰੀ ਦਾ ਵਸਨੀਕ ਸੀ ਤੇ ਇਹ ਇਕ ਚੰਗਾ ਕਰਮਯੋਗੀ ਗ੍ਰਿਸਤੀ ਤੇ ਵਿਦਵਾਨ ਪੁਰਸ਼ ਸੀ । ਬਦਾਯੂਨੀ ਨੇ ਇਸ ਦਾ ਦੇਹਾਂਤ ੧੫੭੩ ਈ: ਲਿਖਿਆ ਹੈ ।

ਆਦਿ ਗ੍ਰੰਥ ਵਿਚ ਭੀਖਨ ਦੇ ਦੋ ਸ਼ਬਦ ਸੋਰਠਿ ਰਾਗ ਵਿਚ ਦਰਜ ਹਨ । ਇਨ੍ਹਾਂ ਸ਼ਬਦਾਂ ਵਿਚ ਅਰਬੀ ਫ਼ਾਰਸੀ ਸ਼ਬਦਾਵਲੀ ਨਾ ਹੋਣ ਕਰਕੇ ਕੁਝ ਵਿਦਵਾਨ ਇਸ ਰਾਇ ਦੇ ਵੀ ਹਨ ਕਿ ਇਹ ਮੁਸਲਮ ਫਕੀਰ ਦੀ ਬਾਣੀ ਨਹੀਂ ਸਗੋਂ ਕਿਸੇ ਸੰਤ ਸਾਧੂ ਦੀ ਹੈ ।

ਗੁਰਪਰਸਾਦਿ ਕਹੈ ਜਨੁ ਭੀਖਨੁ, ਪਾਵਉ ਮੋਖ ਦੁਆਰਾ ।

(ਸੋਰਠਿ ਭੀਖਨ, ਪੰਨਾ ੬੫੯)

**ਭੇਖ**

ਕਿਸੇ ਧਰਮ ਦੀ ਬਾਹਰਲੀ ਰਹਿਣੀ ਬਹਿਣੀ 'ਭੇਖ' ਕਹੀ ਜਾਂਦੀ ਹੈ ਤੇ ਕਈ ਧਰਮਾਂ ਵਿਚ ਇਸਨੂੰ ਲੋੜ ਤੋਂ ਵਧ ਮਹੱਤਵ ਦੇ ਕੇ ਅਜੇਹਾ ਬਣਾ ਦਿਤਾ ਗਿਆ ਕਿ ਧਾਰਮਿਕ ਕਹਾਉਣ ਵਾਲੇ ਲੋਕ ਆਮ ਤੌਰ ਤੇ ਮਾਨਸਿਕ ਰਹਿਤ ਦੀ ਥਾਂ ਇਸ ਬਾਹਰਲੀ ਰਹਿਤ ਨੂੰ ਹੀ ਸਭ ਕੁਝ ਮੰਨ ਕੇ ਅਮਲ ਕਰਦੇ ਨਜ਼ਰ ਆਉਂਦੇ ਹਨ । ਇਹ ਠੀਕ ਹੈ ਕਿ ਹਰ ਨਿਸ਼ਚੇ ਤੇ ਭਾਵਨਾ ਦੇ ਪ੍ਰਗਟਾਉ ਲਈ ਕੁਝ ਬਾਹਰਲੇ ਚਿੰਨ੍ਹ ਕਲਪੇ ਜਾਂਦੇ ਤੇ ਮਨੁੱਖ ਉਨ੍ਹਾਂ ਨੂੰ ਅਪਣਾਉਂਦਾ ਆਇਆ ਹੈ ਲੇਕਿਨ ਉਨ੍ਹਾਂ ਨੂੰ ਸਭੋ ਕੁਝ ਸਮਝਣਾ ਭੁੱਲ ਹੈ ਤੇ

ਇਸੇ ਭੁੱਲ ਦਾ ਸ਼ਿਕਾਰ ਹੋ ਕੇ ਆਮ ਧਰਮ ਬੇਜਾਨ ਤੇ ਥੋਥੇ ਹੁੰਦੇ ਗਏ ਹਨ।

ਗੁਰੂ ਸਾਹਿਬ ਨੇ ਬਾਣੀ ਵਿਚ ਬਾਰ ਬਾਰ ਇਹ ਗੱਲ ਦ੍ਰਿੜ੍ਹ ਕਰਾਈ ਗਈ ਹੈ ਕਿ ਬਾਹਰਲੇ ਭੇਖ ਮਾਤਰ ਨਾਲ ਨਾ ਪ੍ਰਭੂ ਨੂੰ ਹੀ ਪ੍ਰਸੰਨ ਕੀਤਾ ਜਾ ਸਕਦਾ ਤੇ ਨਾ ਹੀ ਧਰਮ ਪਾਲਿਆ ਜਾ ਸਕਦਾ ਹੈ।

ਜਾਨਨਹਾਰ ਪ੍ਰਭੂ ਪ੍ਰਬੀਨ
ਬਾਹਰਿ ਭੇਖ ਨ ਕਾਹੂ ਭੀਨ।

(ਗਉੜੀ ਸੁਖਮਨੀ ੫, ਪੰਨਾ ੨੬੯)

ਭੇਖ ਅਨੇਕ ਅਗਨਿ ਨਹੀਂ ਬੁਝੈ
ਕੋਟਿ ਉਪਾਵ ਦਰਗਹ ਨਹੀਂ ਸਿਝੈ।

(ਗਉੜੀ ਸੁਖਮਨੀ ੫, ਪੰਨਾ ੨੬੬)

ਚੇਤਿ ਮਨ ਮਹਿ ਤਜਿ ਸਿਆਣਪ, ਛੋਡਿ ਸਗਲੇ ਭੇਖ।

(ਮਾਰੂ ੫, ਪੰਨਾ ੧੦੦੭)

## ਭੈਰਉ

ਭਾਰਤੀ ਸੰਗੀਤ ਦੇ ਛੇ ਮੁਖ ਰਾਗਾਂ ਵਿਚੋਂ ਭੈਰਉ ਇਕ ਪ੍ਰਮੁਖ ਸੰਪੂਰਣ ਰਾਗ ਹੈ। ਇਸ ਦਾ ਵਾਦੀ ਸੁਰ ਧਾ ਤੇ ਸੰਵਾਦੀ ਰੇ ਹੈ। ਰੇ ਅਤੇ ਧਾ ਕੋਮਲ ਤੇ ਸਾ, ਗਾ, ਮਾ, ਪਾ ਨੀ ਸੁਧ ਲਗਦੇ ਹਨ।

ਗਾਉਣ ਦਾ ਸਮਾਂ ਪ੍ਰਭਾਤ ਹੈ। ਇਹ ਆਦਿ ਗ੍ਰੰਥ ਵਿਚ ੨੪ਵੀਂ ਥਾਂ ਤੇ ਦਰਜ ਹੈ।

## ਮਹਿਖਾਸੁਰ

ਝੋਟੇ ਦੀ ਸ਼ਕਲ ਦਾ ਇਕ ਦੈਂਤ ਜੋ ਕਿ ਰੰਭ ਦਾ ਪੁੱਤਰ ਤੇ ਮੱਝ ਦੀ ਕੁਖੋਂ ਜੰਮਿਆ ਸੀ। ਇਸ ਨੂੰ ਦੁਰਗਾ ਨੇ ਆਪਣੀ ਤਲਵਾਰ ਨਾਲ ਮਾਰਿਆ। ਮਹਾਂ ਭਾਰਤ ਦੀ ਇਕ ਕਥਾ, ਅਨੁਸਾਰ ਸ਼ਿਵਾਂ ਦੇ ਪੁੱਤਰ ਸਕੰਦ ਨੇ ਵੀ ਮਹਖਾਸੁਰ ਦਾ ਸੰਘਾਰ ਕੀਤਾ ਸੀ।

ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਪਰਮੇਸ਼ਰ ਦੀ ਲੀਲ੍ਹਾ ਹੈ ਕਿ ਉਹ ਦੈਂਤਾਂ ਦਾ ਆਪ ਨਾਸ ਕਰਦਾ ਹੈ।

ਸਹਸਬਾਹੁ ਮਧੁਕੀਟ ਮਹਖਾਸਾ।
ਹਰਣਾਖਸ ਲੇ ਨਖਹੁ ਬਿਧਾਸਾ।
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ।

(ਗਉੜੀ ੧, ਪੰਨਾ ੨੨੪)

## ਮਹਲਾ

'ਮਹਲ' ਅਰਬੀ ਲਫਜ਼ ਹੈ, ਜਿਸ ਦਾ ਅਰਥ ਹੈ ਹਲੂਲ ਹੋਣ ਦਾ ਥਾਂ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਜੋਤਿ ਨੂੰ ਅੰਗਦ ਵਿਚ ਹਲੂਲ ਕੀਤਾ ਤੇ ਗੁਰੂ ਅੰਗਦ ਨੇ ਗੁਰੂ ਅਮਰਦਾਸ ਵਿਚ ਜੋਤਿ ਲੀਨ ਕੀਤੀ, ਇਸੇ ਤਰ੍ਹਾਂ ਬਾਕੀ ਗੁਰੂਆਂ ਨੇ। ਇਸ ਲਈ ਸਤਿਗੁਰਾਂ ਦੇ ਵੱਖ ਵੱਖ ਸਰੂਪ, "ਮਹਲ' ਕਹਾਏ। 'ਦਬਿਸਤਾਨਿ ਮਜ਼ਾਂਹਬ' ਦੇ ਲੇਖਕ ਨੇ ਇਸੇ ਵਿਚਾਰ ਦੀ ਪੁਸ਼ਟੀ ਕਰਦਿਆਂ ਲਿਖਿਆ ਹੈ ਕਿ ਕਿਉਂਕਿ ਇਹ ਗੁਰਗੱਦੀ ਦੇ ਜਾਂਨਸ਼ੀਨ ਇਕ ਦੂਜੇ ਵਿਚ ਲੀਨ ਹੁੰਦੇ ਰਹੇ; ਇਸੇ ਕਰਕੇ ਇਨ੍ਹਾਂ ਦੀ ਸੰਗਿਆ 'ਮਹਲ' ਹੈ, ਇਸੇ 'ਮਹਲ' ਪਦ ਤੋਂ 'ਮਹਲਾ' ਸੰਕੇਤ ਬਣਿਆ ਜਾਪਦਾ ਹੈ।

ਗੁਰਬਾਣੀ ਦਾ ਸੰਪਾਦਨ ਕਰਦਿਆਂ ਗੁਰੂ ਅਰਜਨ ਸਾਹਿਬ ਨੇ ਮਹਲਾ ਸ਼ਬਦ ਨਾਲ ੧, ੨, ੩, ੪, ੫, ਆਦਿ ਅੰਕ ਲਾ ਕੇ ਇਹ ਸੰਕੇਤ ਕੀਤਾ ਹੈ ਕਿ ਇਹ ਫਲਾਨੇ ਗੁਰੂ ਸਰੂਪ ਦੀ ਬਾਣੀ ਹੈ। ਗੁਰੂ ਨਾਨਕ ਲਈ ਮਹਲਾ ੧, ਗੁਰੂ ਅੰਗਦ ਲਈ ਮਹਲਾ ੨, ਗੁਰੂ ਅਮਰਦਾਸ ਲਈ ਮਹਲਾ ੩, ਗੁਰੂ ਅਮਰਦਾਸ ਲਈ ਮਹਲਾ ੪ ਤੇ ਗੁਰੂ ਅਰਜਨ ਲਈ 'ਮਹਲਾ ੫ ਕਰਕੇ ਵਰਤੋਂ ਕੀਤੀ ਗਈ ਹੈ, ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਲਈ ਮਹਲਾ ੯ ਲਿਖਿਆ ਹੈ।

**ਮਹਾਂਦੇਵ**—ਦੇਖੋ ਸ਼ਿਵ

**ਮੱਕਾ**—ਦੇਖੋ ਕਾਬਾ

## ਮਗਹਰ

ਉਤਰ ਪ੍ਰਦੇਸ਼ ਦੇ ਬਸਤੀ ਜ਼ਿਲੇ ਦਾ ਇਕ ਸ਼ਹਿਰ ਜੋ ਕਿ ਕਾਂਸ਼ੀ ਤੋਂ ੮੦ ਮੀਲ ਅਤੇ ਅਜੁੱਧਿਆ ਤੋਂ ੨੫ ਮੀਲ ਦੀ ਵਿਥ ਤੇ ਹੈ। ਹਿੰਦੂ ਮਨੌਤ ਅਨੁਸਾਰ ਜਿਥੇ ਕਾਂਸ਼ੀ ਵਿਚ ਮਰਨ ਵਾਲਾ ਮਨੁੱਖ ਸਿੱਧਾ ਸਵਰਗ ਨੂੰ ਜਾਂਦਾ ਹੈ, ਉਥੇ ਮਗਹਰ ਯਾ ਹੜੰਬੇ ਵਿਚ ਮਰਨ ਵਾਲਾ ਖੋਤੇ ਦੀ ਜੂਨ ਪੈਂਦਾ ਹੈ। ਮਗਹਰ ਦਾ ਇਲਾਕਾ ਅਜੁਧਿਆ ਤੋਂ ੮੫ ਮੀਲ ਪੂਰਬ ਹੈ ਤੇ ਹੜੰਬਾ ਕਾਂਸ਼ੀ ਤੋਂ ੨੦-੨੫ ਦੇ ਫਾਸਲੇ ਤੇ ਹੈ। ਕਬੀਰ ਸ਼ਾਹਿਬ ਨੇ ਇਸ ਵਿਚਾਰ ਦਾ ਖੰਡਨ ਕਰਦਿਆਂ ਲਿਖਿਆ ਕਿ ਪਾਰ ਉਤਾਰਾ ਭਗਤੀ ਕਾਰਣ ਹੀ ਹੁੰਦਾ ਹੈ. ਕਿਸੇ ਖਾਸ ਥਾਂ ਦੇ ਵਸੇਬੇ ਨਾਲ ਕੁਝ ਨਹੀਂ ਹੁੰਦਾ। ਕਈਆਂ ਦਾ ਇਹ ਵੀ ਖਿਆਲ ਹੈ ਕਿ ਇਸ ਭਰਮ ਨੂੰ ਤੋੜਨ ਲਈ ਕਬੀਰ ਸਾਹਿਬ ਆਪਣੇ ਅੰਤਮ ਸਮੇਂ ਇਥੇ ਆ ਬਿਰਾਜੇ ਸਨ ਤੇ ਇਥੇ ਹੀ ਉਨ੍ਹਾਂ ਸਰੀਰ ਤਿਆਗਿਆ। ਇਹ ਰਵਾਇਤ ਸ਼ਾਇਦ ਇਸ ਸ਼ਬਦ ਦੇ ਆਧਾਰ ਤੇ ਬਣੀ ਹੈ :

ਸਗਲ ਜਨਮੁ ਸਿਵਪੁਰੀ ਗਵਾਇਆ।
ਮਰਤੀ ਬਾਰ ਮਗਹਰਿ ਉਠਿ ਆਇਆ।੨।
ਬਹੁਤੁ ਬਰਸ ਤਪੁ ਕੀਆ ਕਾਸੀ।
ਮਰਨੁ ਭਇਆ ਮਗਹਰ ਕੀ ਬਾਸੀ।੩।

ਕਾਸੀ ਮਗਹਰ ਸਮ ਬੀਚਾਰੀ
ਓਛੀ ਭਗਤਿ ਕੈਸੇ ਉਤਰਸਿ ਪਾਰੀ ।੪।
ਕਹੁ ਗੁਰ ਗਜ ਸਿਵ ਸਭੁ ਕੋ ਜਾਨੈ ।
ਮੂਆ ਕਬੀਰੁ ਰਮਤ ਸ੍ਰੀਰਾਮੈ ।੫।

(ਗਉੜੀ ਕਬੀਰ, ਪੰਨਾ ੩੨੬)

## ਮਛ (ਅਵਤਾਰ)

ਵਿਸ਼ਣੂ ਦੇ ਚੌਵੀ ਅਵਤਾਰਾਂ ਵਿਚ ਮੱਛ ਪਹਿਲਾ ਅਵਤਾਰ ਹੈ ਜੋਕਿ ਸਤਿਯੁਗ ਸਮੇਂ ਹੋਇਆ । ਕਹਿੰਦੇ ਹਨ, ਜਦੋਂ ਪ੍ਰਲੋ ਸਮੇਂ ਸਾਰੇ ਲੋਕ ਪਾਣੀ ਵਿਚ ਡੁਬ ਗਏ ਤਾਂ ਸੁੱਤੇ ਹੋਏ ਬ੍ਰਹਮਾ ਦੇ ਮੂੰਹੋਂ ਵੇਦਾਂ ਦਾ ਉਚਾਰਣ ਹੋਇਆ । ਇਹ ਵੇਦ, ਹਯਗ੍ਰੀਵ ਦੈਂਤ ਚੁਕ ਕੇ ਪਾਣੀ ਵਿਚ ਜਾ ਵੜਿਆ ਤੇ ਸਮੁੰਦਰ ਵਿਚ ਲੁਕ ਗਿਆ । ਵਿਸ਼ਨੂੰ ਭਗਵਾਨ ਨੇ ਮੱਛ ਦਾ ਰੂਪ ਧਾਰਨ ਕੀਤਾ ਤੇ ਉਸ ਦੈਂਤ ਤੋਂ ਵੇਦ ਲਿਆ ਕੇ ਬ੍ਰਹਮੇ ਨੂੰ ਵਾਪਸ ਦਿਤੇ । ਗੁਰੂ ਸਾਹਿਬ ਕਹਿੰਦੇ ਹਨ ਕਿ ਹਰ ਸਮੇਂ ਪ੍ਰਭੂ ਆਪਣੀ ਸ਼ਕਤੀ ਦਾ ਪ੍ਰਯੋਗ ਕਰਕੇ ਅਨੋਖੇ ਚਰਿੱਤਰ ਕਰਦਾ ਹੈ :

ਸ੍ਰੀ ਰੰਗ ਬੈਕੁੰਠ ਕੇ ਵਾਸੀ
ਮਛੁ ਕਛੁ ਕੂਰਮੁ ਆਗਿਆ ਅਉਤਰਾਸੀ
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ।

(ਮਾਰੂ ੫, ਪੰਨਾ ੧੦੮੨)

## ਮਛਿੰਦ੍ਰ ਨਾਥ

ਸਿੱਧ ਪਰੰਪਰਾ ਦਾ ਇਕ ਮਹਾਨ ਪੁਰਸ਼ ਜੋ ਕਿ ਗੋਰਖਨਾਥ ਦਾ ਗੁਰੂ ਸੀ । ਇਹ ਪਹਿਲੇ ਮਲਾਹਗੀਰੀ ਦਾ ਕੰਮ ਕਰਦਾ ਸੀ, ਫਿਰ ਤਪਤਿਆਗ ਦੀ ਸਾਧਨਾ ਨਾਲ ਪ੍ਰਸਿੱਧ ਜੋਗੀ ਹੋਇਆ ਜਿਸ ਨੂੰ ਕਿ ਨੌਂ ਨਾਥਾਂ ਵਿਚ ਗਿਣਿਆ ਜਾਂਦਾ ਹੈ । ਇਸ ਬਾਰੇ ਇਹ ਵੀ ਰਵਾਇਤ ਹੈ ਕਿ ਇਹ ਆਪਣਾ ਗਿਆਨ ਧਿਆਨ ਭੁੱਲ ਕੇ ਤ੍ਰਿਯਾਜਾਲ ਵਿਚ ਫਸ ਗਿਆ ਸੀ ਤੇ ਇਸ ਨੂੰ ਗੋਰਖ ਨੇ ਚਤਰਾਈ ਨਾਲ ਕਜਲੀ ਬਨ ਤੋਂ ਛੁਡਾ ਕੇ ਲਿਆਂਦਾ ਸੀ ।

ਗੁਰੂ ਨਾਨਕ ਸਾਹਿਬ ਨੂੰ ਮਿਲਣ ਵਾਲਾ ਇਕ ਸਿੱਧ ਵੀ ਮਛਿੰਦਰ ਨਾਮ ਰਖਦਾ ਸੀ, ਉਸ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਕਿਹਾ ਹੈ :

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ
ਵਸਗਤਿ ਪੰਚ ਕਰੇ ਨਹ ਡੋਲੈ
ਐਸੀ ਜੁਗਤਿ ਜੋਗ ਕਉ ਪਾਲੇ
ਆਪਿ ਤਰੈ ਸਗਲੇ ਕੁਲ ਤਾਰੇ ।

(ਰਾਮਕਲੀ ੧, ਪੰਨਾ ੯੩੮)

## ਮਜੀਠ

ਇਕ ਕਿਸਮ ਦਾ ਗੂੜ੍ਹਾ ਪੱਕਾ ਲਾਲ ਰੰਗ ਜੋ ਕਿ ਮਜੀਠ ਨਾਂ ਦੀ ਵੇਲ ਵਿਚੋਂ ਤਿਆਰ ਕੀਤਾ ਜਾਂਦਾ ਹੈ। ਇਸ ਬਾਰੇ ਪ੍ਰਸਿੱਧੀ ਇਹ ਹੈ ਕਿ ਇਹ ਧੋਣ ਨਾਲ ਉਤਰਦਾ ਨਹੀਂ। ਇਸ ਦੇ ਮੁਕਾਬਲੇ ਤੇ ਕਸੁੰਭੇ ਦਾ ਰੰਗ ਕੱਚਾ ਹੁੰਦਾ ਹੈ ਜੋਕਿ ਛੇਤੀ ਲਹਿ ਜਾਂਦਾ ਹੈ। ਰਹੱਸਵਾਦੀ ਸੰਤਾਂ 'ਪ੍ਰਭੂ ਪਿਆਰ' ਨੂੰ ਮਜੀਠ ਦੇ ਰੰਗ ਨਾਲ ਤੁਲਨਾ ਦਿਤੀ ਹੈ ਤੇ 'ਜਗਤ-ਮੋਹ' ਨੂੰ ਕਸੁੰਭੇ ਨਾਲ । ਸਤਿਗੁਰੂ ਨਾਮ ਨੂੰ ਮਜੀਠੀ ਰੰਗ ਕਹਿ ਕੇ ਇਉਂ ਸਲਾਹੁੰਦੇ ਹਨ :

ਤੇਰਾ ਇਕੋ ਨਾਮੁ ਮੰਜੀਠੜਾ
ਰਤਾ ਮੇਰਾ ਚੋਲਾ ਸਦ ਰੰਗ ਢੋਲਾ ।

(ਸੂਹੀ ੧, ਪੰਨਾ ੭੨੯)

## ਮਥਰਾ

ਉਤਰ ਪ੍ਰਦੇਸ ਵਿਚ ਜਮਨਾ ਕਿਨਾਰੇ ਵਸਿਆ ਇਕ ਸ਼ਹਿਰ ਜਿਥੇ ਕਿ ਸ੍ਰੀ ਕ੍ਰਿਸ਼ਣ ਜੀ ਦਾ ਜਨਮ ਹੋਇਆ ਤੇ ਉਨ੍ਹਾਂ ਬਾਲ—ਕੌਂਤਕ ਕੀਤੇ। ਹਿੰਦੂ ਇਸ ਨੂੰ ਵੀ ਪਵਿਤਰ ਤੀਰਥ ਮੰਨ ਕੇ ਯਾਤਰਾ ਕਰਦੇ ਤੇ ਇਸ ਨੂੰ ਸੱਤ ਪਵਿਤਰ ਪੁਰੀਆਂ ਵਿਚ ਗਿਣਦੇ ਹਨ। ਪੁਰਾਣਕ ਕਥਾ ਇਹ ਵੀ ਹੈ ਕਿ ਇਥੇ ਮਧੁ ਨਾਮੀ ਦੈਂਤ ਰਾਜ ਕਰਦਾ ਸੀ, ਇਸ ਕਰਕੇ ਇਸ ਦਾ ਨਾਂ ਮਧੂ ਪੁਰੀ ਪਿਆ; ਤੇ ਇਸੇ ਤੋਂ ਬਦਲ ਕੇ ਮਧੁਰਾ ਯਾ ਮਥਰਾ ਬਣਿਆ। ਰਵਾਇਤ ਹੈ ਕਿ ਧਰੂ, ਅੰਬਰੀਕ ਤੇ ਬਲੀ ਆਦਿ ਰਿਸ਼ੀ ਮੁਨੀ ਵੀ ਇਥੇ ਹੀ ਤਪ ਕਰਦੇ ਰਹੇ ਸਨ। ਗੁਰੂ ਅਰਜਨ ਸਾਹਿਬ ਲਿਖਦੇ ਹਨ :

ਤਟ ਤੀਰਥ ਦੇਵ ਦੇਵਾਲਿਆ, ਕੇਦਾਰੁ ਮਥੁਰਾ ਕਾਸੀ
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ।

(ਮਾਰੂ ਡਖਣੇ ੫, ਪੰਨਾ ੧੧੦੦)

## ਮਥਰਾ (ਭੱਟ)

ਗਿਆਰਾਂ ਭੱਟਾਂ ਵਿਚੋਂ ਮਥਰਾ ਇਕ ਵਿਦਵਾਨ ਭੱਟ ਸੀ ਜਿਸਨੇ ਗੁਰੂ ਰਾਮਦਾਸ ਬਾਰੇ ੭ ਤੇ ਗੁਰੂ ਅਰਜਨ ਦੇਵ ਜੀ ਸਬੰਧੀ ੭ ਉਸਤਤੀ ਛੰਦ ਲਿਖੇ ਹਨ। ਮਾਲੂਮ ਹੁੰਦਾ ਹੈ ਇਸਨੇ ਚੌਥੇ ਤੇ ਪੰਚਮ ਗੁਰੂ ਦੀ ਪ੍ਰਭੂਤਾ ਨੂੰ ਅੱਖੀਂ ਵੇਖ ਕੇ ਹੀ ਇਹ ਲਿਖਿਆ ਸੀ ਕਿ ਇਹ ਮਹਾਨ ਵਿਅਕਤੀਆਂ ਜਗਤ ਦੇ ਕਲਿਆਣ ਹਿਤ ਅਵਤਰੀਆਂ ਹਨ।

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ, ਬਨਾਯਉ
ਜਪਿਓ ਜਿਨ ਅਰਜੁਨ ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ ਨ ਆਯਉ ।

(ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯)

## ਮਧੁ ਕੈਟਭ

ਮਧੁ ਤੇ ਕੈਟਭ ਦੋ ਦੈਂਤ ਸਨ ਜੋ ਕਿ ਪੁਰਾਣਾਂ ਅਨੁਸਾਰ ਵਿਸ਼ਣੂ ਭਗਵਾਨ ਦੇ ਕੰਨ ਵਿਚੋਂ ਮੈਲ ਸੁੱਟਣ ਤੋਂ ਪੈਦਾ ਹੋਏ। ਇਸ ਸਮੇਂ ਚਾਰੇ ਪਾਸੇ ਪਾਣੀ ਹੀ ਪਾਣੀ ਸੀ;ਜਾਂ ਬ੍ਰਹਮਾ ਕੰਵਲ ਵਿਚੋਂ ਪੈਦਾ ਹੋ ਚੁਕਾ ਸੀ। ਇਹ ਦੈਂਤ ਬ੍ਰਹਮਾ ਨੂੰ ਮਾਰਨ ਲਈ ਦੌੜੇ ਤਾਂ ਵਿਸ਼ਣੂ ਨੇ ਮੁਕਾਬਲਾ ਕੀਤਾ ਤੇ ਇਹ ਲੜਾਈ ਪੰਜ ਹਜ਼ਾਰ ਵਰ੍ਹੇ ਤਕ ਚਲਦੀ ਰਹੀ। ਅਖੀਰ ਇਨ੍ਹਾਂ ਦੈਂਤਾਂ ਵਿਸ਼ਣੂ ਦੀ ਬੀਰਤਾ ਉਤੇ ਪ੍ਰਸੰਨ ਹੋ ਕੇ ਕਿਹਾ, "ਜੋ ਤੂੰ ਮੰਗੇਂਗਾ ਦੇਵਾਂਗੇ।" ਵਿਸ਼ਣੂ ਮਹਾਰਾਜ ਨੇ ਸਿਰ ਮੰਗ ਲਏ। ਇਨ੍ਹਾਂ ਕਿਹਾ ਸਾਡੇ ਸਿਰ ਖੁਸ਼ਕ ਥਾਂ ਤੇ ਕੱਟੇ ਜਾਣ। ਕਹਿੰਦੇ ਹਨ ਕਿ ਵਿਸ਼ਣੂ ਨੇ ਪੱਟ ਉਤੇ ਰੱਖ ਕੇ ਇਨ੍ਹਾਂ ਦੇ ਸੀਸ ਕੱਟੇ ਅਤੇ ਇਨ੍ਹਾਂ ਦੀ ਮਿੱਝ ਪਾਣੀ ਉਤੇ ਤਰਨ ਲਗੀ। ਇਸੇ ਕਰਕੇ ਇਹ ਧਰਤੀ 'ਮੇਦਨੀ' ਕਹਿਲਾਈ।

ਮਧੂ ਦੈਂਤ ਨੂੰ ਮਾਰਨ ਕਰਕੇ ਵਿਸ਼ਣੂ ਨੂੰ 'ਮਧੁਸੂਦਨ' ਵੀ ਕਿਹਾ ਜਾਂਦਾ ਹੈ ਤੇ ਇਸ ਕਥਾ ਦਾ ਹਵਾਲਾ ਬਾਣੀ ਵਿਚ ਕਈ ਥਾਂ ਆਇਆ ਹੈ।

ਸਹਸਬਾਹੁ ਮਧੁਕੀਟ ਮਹਖਾਸਾ
ਹਰਣਾਖਸੁ ਲੇ ਨਖਹੁ ਬਿਧਾਸਾ
ਦੈਂਤ ਸੰਘਾਰੇ ਬਿਨੁ ਭਗਤਿ ਅਭਿਆਸਾ।

(ਗਉੜੀ ੧, ਪੰਨਾ ੨੨੦)

## ਮਨਮੁਖਿ

ਭਗਤੀ ਲਹਿਰ ਸਮੇਂ ਰਚੇ ਗਏ ਸਾਹਿਤ ਵਿਚ ਦੋ ਸੰਕੇਤ ਆਮ ਵਰਤੇ ਮਿਲਦੇ ਹਨ, ਗੁਰਮੁਖਿ ਤੇ ਮਨਮੁਖਿ। ਗੁਰਮੁਖਿ ਚੰਗੇ ਸੁਚੱਜੇ ਜੀਵਨ ਦਾ ਸੂਚਕ ਹੈ ਤੇ ਮਨਮੁਖ ਮੰਦੇ ਕੁੱਚਜੇ ਜੀਵਨ ਦਾ। ਗੁਰਮੁਖਿ ਉਹ ਹੈ ਜੋ ਗੁਰੂ ਦੀ ਸਿਖਿਆ ਅਨੁਸਾਰ ਪ੍ਰਭੂ—ਪਰਾਇਣ ਹੋ ਕੇ ਚਲਦਾ ਹੈ। ਇਸ ਤੋਂ ਉਲਟ ਗੁਰਮਤਿ ਤਿਆਗ ਕੇ ਮਾਇਆ-ਪਰਾਇਣ ਬਿਰਤੀ ਅਧੀਨ ਚਲਣ ਵਾਲਾ ਮਨਮੁਖਿ ਹੈ। ਗੁਰਬਾਣੀ ਵਿਚ ਮਨਮੁਖ ਦਾ ਕੁਚੱਜਾ ਅਚਾਰ ਬਾਰ ਬਾਰ ਨਿੰਦਿਆ ਗਿਆ ਹੈ ਤੇ ਹੋਰਾਂ ਨੂੰ ਉਸਦੀ ਸੰਗਤ ਤੋਂ ਬਚਣ ਦੀ ਤਾਕੀਦ ਕੀਤੀ ਹੈ।

ਗੁਰੂ ਅਮਰਦਾਸ ਜੀ ਨੇ ਮਨਮੁਖ ਦੇ ਲੱਛਣ ਦਸਦਿਆਂ ਕਿਹਾ ਹੈ :—

ਸੋ ਮਨਮੁਖ ਜੋ ਸਬਦੁ ਨ ਪਛਾਣਹਿ
ਗੁਰ ਕੇ ਭੈ ਕੀ ਸਾਰ ਨ ਜਾਣਹਿ।

(ਮਾਰੂ ੩, ਪੰਨਾ ੧੦੫੪)

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ
ਇਹੁ ਮਨਮੁਖ ਕਾ ਆਚਾਰੁ।

(ਵਾਰ ਗੂਜਰੀ ੩, ਪੰਨਾ ੫੦੯)

## ਮਰਦਾਨਾ

ਗੁਰੂ ਨਾਨਕ ਦੇਵ ਜੀ ਦੇ ਸਫਰਾਂ ਦਾ ਸਾਥੀ ਰਬਾਬੀ ਮਰਦਾਨਾ, ਤਲਵੰਡੀ ਜ਼ਿਲਾ ਸ਼ੇਖੂਪੁਰੇ ਦਾ ਰਹਿਣ ਵਾਲਾ ਸੀ। ਇਸ ਦਾ ਜਨਮ ੧੪੫੯ ਈ. ਵਿਚ ਮੀਰ ਬਾਦਰੇ ਦੇ ਘਰ ਮਾਈ ਲੱਖੋ ਦੀ ਕੁਖੋਂ ਹੋਇਆ। ਜਦੋਂ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਨਿਵਾਸ ਰਖਦੇ ਸਨ ਤਾਂ ਮਰਦਾਨਾ ਤਲਵੰਡੀ ਤੋਂ ਆ ਕੇ ਗੁਰੂ ਜੀ ਨੂੰ ਮਿਲਿਆ ਤੇ ਉਨ੍ਹਾਂ ਇਸ ਨੂੰ ਪਰਚਾਰ-ਯਾਤਰਾ ਲਈ ਆਪਣਾ ਸਾਥੀ ਚੁਣਿਆ। ਇਹ ਰਬਾਬ ਦਾ ਚੰਗਾ ਵਜੰਤ੍ਰੀ ਸੀ। ਜਦੋਂ ਵੀ ਗੁਰੂ ਸਾਹਿਬ ਬਾਣੀ ਉਚਾਰਣ ਦੇ ਰੰਗ ਵਿਚ ਆਉਂਦੇ ਤਾਂ ਭਾਈ ਮਰਦਾਨਾ ਰਬਾਬ ਦੀਆਂ ਮਧੁਰ ਸੁਰਾਂ ਛੇੜ ਕੇ ਢੁਕਵਾਂ ਵਾਤਾਵਰਣ ਪੈਦਾ ਕਰਦਾ। ਕਈ ਥਾਂ ਕਈਆਂ ਦੇ ਉਧਾਰ ਲਈ ਮਰਦਾਨਾ ਹੀ ਬਹਾਨਾ ਬਣਦਾ ਰਿਹਾ।

ਇਸ ਦਾ ਦੇਹਾਂਤ ੧੫੩੪ ਈ. ਅਫਗਾਨਸਤਾਨ ਵਿਚ ਖੁਰਮ ਨਦੀ ਕੰਢੇ ਹੋਇਆ ਜਦੋਂ ਕਿ ਗੁਰੂ ਸਾਹਿਬ ਤੀਜੀ ਉਦਾਸੀ ਸਮੇਂ ਯਾਤਰਾਂ ਕਰਕੇ ਦੇਸ ਨੂੰ ਪਰਤ ਰਹੇ ਸਨ। ਮਰਦਾਨੇ ਦੇ ਨਾਂ ਤੇ ਤਿੰਨ ਸਲੋਕ 'ਵਾਰ ਬਿਹਾਗੜਾ' ਵਿਚ ਸ਼ਾਮਲ ਮਿਲਦੇ ਹਨ। ਕਈ ਵਿਦਵਾਨ ਇਨ੍ਹਾਂ ਨੂੰ ਗੁਰੂ ਨਾਨਕ-ਕਿਰਤ ਹੀ ਮੰਨਦੇ ਹਨ।

**ਮਲਕੁਲ ਮੌਤ**—ਦੇਖੋ ਅਜਰਾਈਲ

## ਮਲਾਰ

ਇਹ ਖਮਾਚ ਠਾਠ ਦਾ ਔੜਵ ਰਾਗ ਹੈ, ਇਸ ਦਾ ਵਾਦੀ ਸੁਰ ਮਾ ਤੇ ਸੰਵਾਦੀ ਸਾ ਹੈ, ਇਸ ਵਿਚ ਗਾ ਤੇ ਨੀ ਨਹੀਂ ਲਗਦੇ ਤੇ ਸਾ, ਰੇ, ਮਾ, ਪਾ ਸ਼ੁੱਧ ਲਗਦੇ ਹਨ। ਇਸ ਦੇ ਕਈ ਭੇਦ ਸੰਪੂਰਣ ਜਾਤੀ ਦੇ ਵੀ ਹਨ, ਜਿਨ੍ਹਾਂ ਨੂੰ ਸੱਤੇ ਸੁਰਾਂ ਲਗਦੀਆਂ ਹਨ। ਪੁਰਾਤਨ ਵਿਚਾਰ ਅਨੁਸਾਰ ਸਾਰੰਗ, ਸੋਰਠਿ ਤੇ ਬਿਲਾਵਲ ਮਿਲ ਕੇ ਮਲਾਰ ਬਣਦਾ ਹੈ।

ਇਹ ਬਰਸਾਤ ਦੀ ਰੁੱਤ ਵਿਚ ਆਮ ਤੌਰ ਤੇ ਰਾਤ ਨੂੰ ਗਾਇਆ ਜਾਂਦਾ ਹੈ। ਆਦਿ ਗ੍ਰੰਥ ਵਿਚ ਇਹ ੨੭ ਵੀਂ ਥਾਂ ਤੇ ਦਰਜ ਹੈ।

> ਗੁਰਮੁਖਿ ਮਲਾਰ ਰਾਗੁ ਜੋ ਕਰਹਿ
> ਤਿਨ ਮਨੁ ਤਨੁ ਸੀਤਲੁ ਹੋਇ।

(ਵਾਰ ਮਲਾਰ ੪, ਪੰਨਾ ੧੨੮੫)

## ਮਾਇਆ

ਭਗਤੀ ਵਿਚਾਰਧਾਰਾ ਵਿਚ 'ਮਾਇਆ' ਦਾ ਸੰਕਲਪ ਕਈ ਰੂਪਾਂ ਵਿਚ ਨਿਰਪੂਣ ਕੀਤਾ ਮਿਲਦਾ ਹੈ। ਬ੍ਰਹਮ ਦੀ ਅਨੰਤ ਸ਼ਕਤੀ ਨੂੰ ਵੀ ਮਾਇਆ ਆਖਿਆ ਗਿਆ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਕਈਆਂ ਪ੍ਰਕ੍ਰਿਤੀ ਨੂੰ ਮਾਇਆ ਕਿਹਾ ਹੈ ਪਰੰਤੂ ਵੇਦਾਂਤ ਨੇ ਉਸ 'ਭਰਮ' 'ਯਾ' ਅਵਿਦਿਆ' ਨੂੰ ਮਾਇਆ ਆਖਿਆ

ਹੈ ਜੋ ਜੀਵ ਵਿਚ ਭਿੰਨ ਭੇਦਾ ਪੈਦਾ ਕਰਕੇ ਦੁਖਾਂ ਦਾ ਕਾਰਣ ਬਣਦੀ ਹੈ। ਇਸ ਨੂੰ ਉਨ੍ਹਾਂ 'ਅਨਿਰਵਚਨੀਯਾ' ਵਿਸ਼ੇਸ਼ਣ ਨਾਲ ਯਾਦ ਕੀਤਾ ਹੈ। ਜਿਸ ਦਾ ਭਾਵ ਹੈ ਇਸ ਦੀ ਵਿਆਖਿਆ ਨਹੀਂ ਹੋ ਸਕਦੀ।

ਗੁਰਬਾਣੀ ਵਿਚ ਮਾਇਆ ਨੂੰ ਛਲ,ਪ੍ਰਪੰਚ, ਨਾਗਣਿ ਯਾ ਠਗਉਰੀ ਕਹਿ ਕੇ ਇਸ ਦਾ ਲੱਛਣ ਇਹ ਕੀਤਾ ਹੈ, ਜਿਸ ਕਾਰਣ ਜੀਵ, ਪਰਮ ਸੱਤ ਪਰਮੇਸ਼ਰ ਤੋਂ ਵਿਛੜ ਕੇ ਸੰਸਾਰਕ ਮੋਹ ਚੱਕਰ ਵਿਚ ਫਸਦਾ ਹੈ। ਚੂੰਕਿ ਸੰਸਾਰਕ ਪਦਾਰਥਾਂ ਦਾ ਮੋਹ ਦ੍ਵੈਤਭਾਵ ਪੈਦਾ ਕਰਦਾ ਹੈ ਤੇ ਮਨੁਖ ਨੂੰ ਗਲਤ ਪਾਸੇ ਤੋਰ ਕੇ ਦੁਖਾਂ ਵਿਚ ਉਲਝਾਉਂਦਾ ਹੈ, ਇਸ ਲਈ ਸਾਰੇ ਸੰਸਾਰ ਨੂੰ ਵੀ ਮਾਇਆ ਕਹਿ ਦਿਤਾ ਹੈ ਜਿਵੇਂ ਕਿ ਕਬੀਰ ਸਾਹਿਬ ਦਾ ਕਥਨ ਹੈ :—

ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ।
(ਕੇਦਾਰਾ ਕਬੀਰ ਪੰ. ੧੧੨੩)

ਗੁਰੂ ਅਮਰਦਾਸ ਦਾ ਵਾਕ ਹੈ :—

ਇਹੁ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ।
(ਰਾਮਕਲੀ ਅਨੰਦ ੩ ਪੰਨਾ ੯੨੧)

ਮਾਈ ਮਾਇਆ ਛਲੁ
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ, ਗੋਬਿੰਦ ਭਜਨ ਬਿਨ ਹੜ ਕਾ ਜਲੁ।
(ਟੋਡੀ ੫, ਪੰਨਾ ੭੧੭)

## ਮਾਝ

ਸੰਪੂਰਣ ਜਾਤਿ ਦਾ ਰਾਗ ਹੈ, ਇਸ ਦਾ ਵਾਦੀ ਸਾ, ਸੰਵਾਦੀ ਰੇ ਤੇ ਅਨੁਵਾਦੀ ਗਾ ਹੈ। ਇਸ ਵਿਚ ਰੇ, ਮਾ, ਪਾ ਤੇ ਧਾ ਸ਼ੁੱਧ ਲਗਦੇ ਅਤੇ ਨੀ, ਸੁਧ ਤੇ ਕੋਮਲ ਦੋਹਾਂ ਤਰ੍ਹਾਂ ਦੀ ਲਗਦੀ ਹੈ। 'ਸੁਰਤਾਲ ਸੰਮੂਹ' ਦੀ ਲਿਖਤ ਅਨੁਸਾਰ—ਸੋਰਠਿ, ਬਿਲਾਵਲ, ਸਾਰੰਗ, ਧਨਾਸਰੀ ਤੇ ਨਟ ਮਿਲ ਕੇ ਇਹ ਰਾਗ ਬਣਦਾ ਹੈ। ਦਰਅਸਲ ਇਹ ਪੰਜਾਬ ਦਾ ਵਿਸ਼ੇਸ਼ ਰਾਗ ਹੈ। ਇਸ ਦਾ ਪੁਰਾਤਨ ਸੰਗੀਤ-ਗ੍ਰੰਥਾਂ ਵਿਚ ਚਰਚਾ ਨਹੀਂ ਮਿਲਦਾ। ਗਾਉਣ ਦਾ ਸਮਾ ਚੌਥਾ ਪਹਿਰ ਹੈ।

ਆਦਿ ਗ੍ਰੰਥ ਵਿਚ ਇਹ ਦੂਜੀ ਥਾਂ ਤੇ ਆਇਆ ਹੈ।

## ਮਾਂਧਾਤਾ

ਇਖਸ਼ਵਾਕੁ ਬੰਸ ਦੇ ਰਾਜਾ ਯੁਵਨਾਸ਼ਵ ਦਾ ਪੁਤਰ ਮਾਂਧਾਤਾ ਇਕ ਪ੍ਰਸਿੱਧ ਚੱਕ੍ਰਵਰਤੀ ਰਾਜਾ ਹੋਇਆ ਹੈ। ਰਵਾਇਤ ਹੈ ਕਿ ਰਾਜੇ ਦੇ ਘਰ ਔਲਾਦ ਨਹੀਂ ਸੀ ਇਸ ਲਈ ਉਸ ਨੇ ਰਿਖੀਆਂ ਤੋਂ ਯੱਗ ਕਰਵਾਇਆ। ਰਿਖੀਆਂ ਯੱਗ-ਸ਼ਾਲਾ ਵਿਚ ਮੰਤ੍ਰ ਪੜ੍ਹਾ ਕੇ ਜਲ ਦਾ ਘੜਾ ਰੱਖਿਆ ਜਿਸ ਦਾ ਪਾਣੀ ਦੂਸਰੇ ਦਿਨ ਔਲਾਦ ਲਈ ਰਾਣੀ ਨੂੰ ਪੀਣ

ਲਈ ਦੇਣਾ ਸੀ।

ਰਾਤ ਨੂੰ ਯੁਵਨਾਸ਼ਵ ਨੂੰ ਪਿਆਸ ਲੱਗੀ ਤਾਂ ਉਸ ਨੇ ਖੁਦ ਇਹ ਪਾਣੀ ਪੀ ਲਿਆ। ਜਿਸ ਕਾਰਣ ਰਾਜੇ ਦੇ ਉਦਰ ਤੋਂ ਬੱਚੇ ਦਾ ਜਨਮ ਹੋਇਆ। ਹੁਣ ਇਸ ਨੂੰ ਦੁੱਧ ਕੌਣ ਪਿਲਾਵੇ ਤਾਂ ਇੰਦ੍ਰ ਨੇ ਆਪਣੀ ਉਂਗਲ ਵਧਾ ਕੇ ਕਿਹਾ ਕਿ ਮੈਂ ਕਰਾਂਗਾ। ਇਸ ਕਰਕੇ ਇਸ ਦਾ ਨਾਮ 'ਮਾਂ ਧਾਤ੍ਰੀ' ਪਿਆ। ਇਸ ਰਾਜਰਿਸ਼ੀ ਦਾ ਤਪ-ਸਥਾਨ ਕੈਲਾਸ਼ ਪਰਬਤ ਦੇ ਸਾਹਮਣੇ ਮਾਨਸਰੋਵਰ ਝੀਲ ਕਿਨਾਰੇ ਮਾਨਧਾਤਾ ਪਹਾੜ ਤੇ ਹੈ। ਭੱਟ ਲਿਖਦਾ ਹੈ ਕਿ ਇਹ ਵੀ ਪ੍ਰਭੂ ਦੇ ਗੁਣ ਗਾਇਨ ਕਰ ਰਿਹਾ ਹੈ :

ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ।

(ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੯੦)

## ਮਾਨਸਰੋਵਰ

ਹਿਮਾਲਾ ਪਰਬਤ ਦੀ ਇਕ ਪ੍ਰਸਿੱਧ ਝੀਲ ਜੋ ਕਿ ਤਿੱਬਤ ਵਿਚ ਹੈ। ਇਹ ੧੫ ਹਜ਼ਾਰ ਫੁਟ ਦੀ ਉਚਾਈ ਤੇ ੫੦-੬੦ ਮੀਲਾਂ ਵਿਚ ਫੈਲੀ ਹੋਈ ਹੈ। ਹਿੰਦੂ ਮਿਥਿਹਾਸ ਅਨੁਸਾਰ ਬ੍ਰਹਮਾ ਨੇ ਇਸ ਦੀ ਰਚਨਾ ਕੈਲਾਸ਼ ਪਰਬਤ ਤੇ ਕੀਤੀ। ਵਾਯੂ ਪੁਰਾਣ ਵਿਚ ਇਹ ਲਿਖਿਆ ਹੈ ਕਿ ਜਦੋਂ ਸਮੁੰਦਰ ਨੂੰ ਸੁਰਗ ਤੋਂ ਥੱਲੇ ਸੁਟਿਆ ਗਿਆ ਤਾਂ ਉਹ ਸੁਮੇਰ ਪਰਬਤ ਤੇ ਡਿਗ ਕੇ ਚਾਰ ਝੀਲਾਂ ਦੇ ਰੂਪ ਵਿਚ ਵਟ ਗਿਆ। ਇਹ ਚਾਰ ਝੀਲਾਂ ਚਾਰ ਦਿਸ਼ਾਵਾਂ ਵਿਚ ਹਨ—ਪੂਰਬ ਵਿਚ ਅਰਣੋਦ, ਪੱਛਮ ਵਿਚ ਸ਼ਿਤੋਦ, ਉੱਤਰ ਵਿਚ ਮਹਾਂ ਭਾਰਤ ਤੇ ਦੱਖਣ ਵਿਚ ਮਾਨਸਰੋਵਰ।

ਮਾਨਸਰੋਵਰ ਬਾਰੇ ਇਹ ਵੀ ਰਵਾਇਤ ਹੈ ਕਿ ਉਸ ਦੇ ਕਿਨਾਰੇ ਹੰਸ ਰਹਿੰਦੇ ਹਨ ਜੋ ਮੋਤੀ ਖਾਂਦੇ ਹਨ। ਇਸ ਕਰਕੇ ਧਾਰਮਿਕ ਸਾਹਿਤ ਵਿਚ 'ਰੂਹਾਨੀ ਮੰਡਲ' ਯਾ 'ਸਤਿਸੰਗ' ਨੂੰ ਮਾਨਸਰੋਵਰ ਨਾਲ ਉਪਮਾਇਆ ਗਿਆ ਹੈ :

ਜੋ ਬ੍ਰਹਿਮੰਡਿ ਪਿੰਡਿ ਸੋ ਜਾਨੁ
ਮਾਨਸਰੋਵਰਿ ਕਰਿ ਇਸਨਾਨੁ।

(ਭੈਰਉ ਕਬੀਰ, ਪੰਨਾ ੧੧੬੨)

## ਮਾਰਕੰਡ

ਮ੍ਰਿਕੰਡੂ ਰਿਸ਼ੀ ਤੇ ਮਾਨਸਵਨੀ ਦਾ ਸਪੁੱਤਰ ਮਾਰਕੰਡੇਯ, ਅਜੇ ਬਚਪਨ ਵਿਚ ਹੀ ਸੀ ਜਦੋਂ ਪਿਤਾ ਨੇ ਜਾਣ ਲਿਆ ਕਿ ਇਸ ਦੀ ੧੨ ਵਰ੍ਹੇ ਤੋਂ ਵਧ ਉਮਰ ਨਹੀਂ ਹੋਵੇਗੀ। ਮਾਪਿਆਂ ਨੂੰ ਉਦਾਸ ਦੇਖ ਕੇ ਬਾਲਕ ਨੇ ਤਪ ਕਰਨਾ ਸ਼ੁਰੂ ਕਰ ਦਿਤਾ ਤੇ ਵਿਸ਼ਣੂ ਨੂੰ ਪ੍ਰਸੰਨ ਕਰਕੇ ਲੰਮੀ ਉਮਰ ਦਾ ਵਰ ਪਾਇਆ। 'ਪਦਮ ਪੁਰਾਣ' ਅਨੁਸਾਰ ਸੱਤ ਰਿਸ਼ੀ ਇਸ ਨੂੰ ਬਰਮਾ ਪਾਸ ਲੈ ਗਏ ਤੇ ਬ੍ਰਹਮਾ ਨੇ ਇਸ ਨੂੰ ਲੰਮੀ ਉਮਰ ਦਾ ਵਰਦਾਨ ਦਿਤਾ। ਸੋ ਇਹ ਹਿੰਦੂ ਮਿਥਿਹਾਸ ਵਿਚ ਆਪਣੇ ਤਪ ਤੇ ਲੰਮੀ ਉਮਰ ਲਈ

ਪ੍ਰਸਿੱਧ ਹੈ। ਕਹਿੰਦੇ ਹਨ ਕਿ ਇਸ ਨੇ ਉਮਰ ਭਰ ਕੋਈ ਕੁਟੀਆ ਨ ਬਣਾਈ, ਕੇਵਲ ਸਿਰ ਉਤੇ ਮਾਮੂਲੀ ਕੱਖ ਕਾਨੇ ਰੱਖਕੇ ਮੀਂਹਾਂ ਧੁੱਪਾਂ ਤੋਂ ਬਚਾਉ ਕਰਦਾ ਰਿਹਾ। ਇਸ ਦਾ ਸੰਕੇਤ ਕਰਦਿਆਂ ਨਾਮਦੇਵ ਜੀ ਨੇ ਲਿਖਿਆ ਹੈ :

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ।

(ਧਨਾਸਰੀ ਨਾਮਦੇਵ, ਪੰਨਾ ੬੯੨)

## ਮਾਰਫਤ

ਸੂਫੀ ਮਤ ਅਨੁਸਾਰ ਜੀਵਨ-ਸਾਧਨਾ ਦੀਆਂ ਚਾਰ ਅਵਸਥਾਵਾਂ ਹਨ—ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ। ਸੋ ਮਾਰਫਤ ਉਹ ਅਵਸਥਾ ਹੈ ਜਦੋਂ ਜਗਿਆਸੂ ਗਿਆਨ ਪ੍ਰਾਪਤੀ ਦੀ ਮੰਜ਼ਲ ਤੇ ਪਹੁੰਚਦਾ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਮਨ ਦੀ ਸੁਧਾਈ ਹੀ ਮਾਰਫ਼ਤ ਹੈ ਕਿਉਂਕਿ ਇਸ ਸੋਧ ਉਪਰੰਤ ਹੀ ਵਿਸ਼ੁੱਧ ਗਿਆਨ ਹਾਸਲ ਹੁੰਦਾ ਹੈ :

ਸਰਾ ਸਰੀਅਤਿ ਲੇ ਕੰਮਾਵਹੁ।<br>
ਤਰੀਕਤਿ ਤਰਕ ਖੋਜਿ ਟੋਲਾਵਹੁ।<br>
ਮਾਰਫਤਿ ਮਨੁ ਮਾਰਹੁ ਅਬਦਾਲਾ।<br>
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।

(ਮਾਰੂ ੫, ਪੰਨਾ ੧੦੮੩)

## ਮਾਰਵਾੜ

ਇਕ ਇਲਾਕਾ ਜੋ ਕਿ ਰੇਗਸਤਾਨ ਹੋਣ ਕਰਕੇ ਬੜਾ ਖੁਸ਼ਕ ਤੇ ਜਿਥੇ ਪਾਣੀ ਘੱਟ ਮਿਲਦਾ ਹੈ। ਰਾਜਸਥਾਨ ਦਾ ਬਹੁਤਾ ਹਿੱਸਾ ਇਸੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਬੀਕਾਨੇਰ ਰੇਤ-ਥਲ ਲਈ ਮਾਰਵਾੜ ਸੰਕੇਤ ਦੀ ਵਧੇਰੇ ਪ੍ਰਸਿੱਧੀ ਹੈ। ਭਗਤ ਨਾਮਦੇਵ ਜੀ ਨੇ ਆਖਿਆ ਹੈ ਕਿ ਜਿਵੇਂ ਮਰੂ ਥਲ ਦੇ ਵਸਨੀਕ ਲਈ ਪਾਣੀ ਅਤਿ ਪਿਆਰਾ ਹੁੰਦਾ ਹੈ, ਤਿਵੇਂ ਮੇਰੇ ਲਈ ਪਰਮੇਸ਼ਰ ਦਾ ਨਾਮ ਹੈ :

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।<br>
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ।

(ਧਨਾਸਰੀ ਨਾਮਦੇਵ ਪੰਨਾ ੬੯੩)

## ਮਾਰੂ

ਇਹ ਖਾੜਵ ਜਾਤੀ ਦਾ ਰਾਗ ਹੈ ਜਿਸ ਦੀ ਸੁਰ ਬੜੀ ਸ਼ੋਕ-ਪੂਰਣ ਹੁੰਦੀ ਹੈ ਇਸ ਦਾ ਵਾਦੀ ਗਾ ਤੇ ਸੰਵਾਦੀ ਧਾ ਹੈ। ਇਸ ਵਿਚ ਸਾ, ਗਾ, ਧਾ, ਨੀ ਸ਼ੁੱਧ, ਰੇ ਕੋਮਲ ਅਤੇ ਮਾ ਤੀਬਰ ਲਗਦਾ ਹੈ, ਪਾ ਨਹੀਂ ਲਗਦਾ। ਪੁਰਾਤਨ ਸੰਗੀਤਵੇਤਿਆਂ

ਅਨੁਸਾਰ ਇਹ ਮਾਲਕੌਂਸ ਦਾ ਪੁਤਰ ਹੈ ਤੇ ਤੀਜੇ ਪਹਿਰ ਗਾਇਆ ਜਾਂਦਾ ਹੈ। ਇਹ ਰਾਗ ਯੁੱਧ ਵੇਲੇ ਯਾ ਫਿਰ ਕਿਸੇ ਪ੍ਰਾਣੀ ਦੇ ਚਲਾਣੇ ਸਮੇਂ ਗਾਇਆ ਜਾਂਦਾ ਹੈ।

ਆਦਿ ਗ੍ਰੰਥ ਵਿਚ ਇਹ ੨੧ਵੀਂ ਥਾਂ ਤੇ ਦਰਜ ਹੈ।

## ਮਾਲੀ ਗਉੜਾ

ਇਹ ਮਾਰੂ ਠਾਠ ਦਾ ਸੰਪੂਰਨ ਰਾਗ ਹੈ, ਜਿਸ ਦਾ ਵਾਦੀ ਸੁਰ ਰਾ ਤੇ ਸੰਵਾਦੀ ਧਾ ਹੈ, ਧਾ ਦੋਵੇਂ ਤਰ੍ਹਾਂ ਦੇ ਲਗਦੇ ਅਤੇ ਗਾ ਤੇ ਪਾ ਤੋਂ ਇਸ ਦਾ ਸਰੂਪ ਵਧੇਰੇ ਉਘੜਦਾ ਹੈ। ਕਈ ਗਾ ਤੇ ਪਾ ਨੂੰ ਹੀ ਇਸ ਦਾ ਵਾਦੀ ਤੇ ਸੰਵਾਦੀ ਸੁਰ ਮੰਨਦੇ ਹਨ। ਪੁਰਾਤਨ ਸੰਗੀਤਵੇਤਿਆਂ ਅਨੁਸਾਰ ਸੋਰਠਿ ਤੇ ਗਉੜੀ ਮਿਲਕੇ ਮਾਲੀ ਗਉੜਾ ਬਣਦਾ ਹੈ।

ਦਿਨ ਤੇ ਤੀਜੇ ਪਹਿਰ ਗਾਇਆ ਜਾਂਦਾ ਹੈ। ਆਦਿ ਗ੍ਰੰਥ ਵਿਚ ਇਹ ਵੀਹਵੀਂ ਥਾਂ ਤੇ ਆਇਆ ਹੈ। ਇਸ ਵਿਚ ਕੇਵਲ ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਦੇ ਕੁਲ ੧੪ ਸ਼ਬਦ ਹਨ ਯਾ ਫਿਰ ਤਿੰਨ ਨਾਮਦੇਵ ਜੀ ਦੇ।

## ਮ੍ਰਿਗਤ੍ਰਿਸ਼ਨਾ

ਕਿਸੇ ਰੇਗਸਤਾਨ ਵਿਚ ਸੂਰਜ ਦੀਆਂ ਕਿਰਣਾਂ ਪੈ ਕੇ ਰੇਤ-ਕਣ ਦੂਰੋਂ ਇਉਂ ਚਮਕਦੇ ਪ੍ਰਤੀਤ ਹੁੰਦੇ ਹਨ ਜਿਵੇਂ ਉਥੇ ਪਾਣੀ ਦਾ ਦਰਿਆ ਵਹਿ ਰਿਹਾ ਹੋਵੇ। ਇਜੇਹੇ ਭੁਲੇਖੇ ਨਾਲ ਮ੍ਰਿਗ, ਪਾਣੀ ਪੀਣ ਖਾਤਰ ਉਸ ਥਾਂ ਵਲ ਦੌੜਦੇ ਹਨ ਪਰ ਬੇਚਾਰੇ ਨਿਰਾਸ਼ ਹੋ ਕੇ ਰਹਿ ਜਾਂਦੇ ਹਨ, ਕਈ ਵਾਰ ਉਸ ਥਾਂ ਤੋਂ ਹੋਰ ਅੱਗੇ ਉਸੇ ਤਰ੍ਹਾਂ ਪਾਣੀ ਦੀ ਚਮਕ ਪ੍ਰਤੀਤ ਹੁੰਦੀ ਹੈ ਪਰ ਵਾਸਤਵ ਵਿਚ ਪਾਣੀ ਨਹੀਂ ਹੁੰਦਾ; ਇਸ ਫਰੇਬ ਦੇ ਪਾਣੀ ਨੂੰ 'ਮ੍ਰਿਗਤ੍ਰਿਸ਼ਨਾ' ਕਿਹਾ ਗਿਆ ਤੇ ਇਸ ਨਾਲ ਮਾਇਆ ਯਾ ਨਾਸ਼ਮਾਨ ਸੰਸਾਰ ਨੂੰ ਉਪਮਾਇਆ ਗਿਆ ਹੈ :

ਮ੍ਰਿਗਤ੍ਰਿਸਨਾ ਜਿਉ ਜਗ ਰਚਨਾ
ਯਹ ਦੇਖਹੁ ਰਿਦੈ ਬਿਚਾਰਿ।

(ਦੇਵਗੰਧਾਰੀ ੯, ਪੰਨਾ ੫੩੬)

## ਮੁਸਲਮਾਨ

ਅਰਬੀ ਵਿਚ ਇਸਲਾਮ ਦਾ ਭਾਵ ਆਤਮ-ਸਮਰਪਣ ਹੈ, ਜੋ ਆਦਮੀ ਆਪਣੇ ਆਪ ਨੂੰ ਖ਼ੁਦਾ ਦੀ ਰਜ਼ਾ ਅੱਗੇ ਅਰਪਣ ਕਰਦਾ ਹੈ, ਉਹ ਮੁਸਲਮਾਨ ਹੈ। ਮਜ਼ਬੀ ਦ੍ਰਿਸ਼ਟੀ ਤੋਂ ਹਜ਼ਰਤ ਮੁਹੰਮਦ ਅਤੇ ਕੁਰਾਨ ਉਤੇ ਯਕੀਨ ਰੱਖਣ ਵਾਲਾ ਮੁਸਲਮਾਨ ਕਿਹਾ ਜਾਂਦਾ ਹੈ। ਸ਼ਰੀਅਤ ਅਨੁਸਾਰ ਉਸ ਲਈ ਕਲਮਾ, ਨਿਮਾਜ਼, ਰੋਜ਼ਾ, ਜ਼ਕਾਤ

ਅਤੇ ਹੱਜ ਇਨ੍ਹਾਂ ਪੰਜਾਂ ਗੱਲਾਂ ਉਤੇ ਵਿਸ਼ਵਾਸ ਤੇ ਅਮਲ ਕਰਨਾ ਜ਼ਰੂਰੀ ਹੈ। ਕਲਮਾ-'ਲਾਇੱਲਾਹ ਇਲਿੱਲਾਹੁ ਮੁਹੰਮਦ ਰਸੂਲਿੱਲਾਹ'—ਰੱਬ ਬਿਨਾਂ ਕੋਈ ਪੂਜਣ ਯੋਗ ਨਹੀਂ ਮੁਹੰਮਦ ਉਸਦਾ ਰਸੂਲ ਹੈ—ਮੁਸਲਮਾਨਾਂ ਦਾ ਮੂਲਮੰਤ੍ਰ ਹੈ, ਇਸ ਦੁਆਰਾ ਪਰਗਟ ਹੈ ਕਿ ਖੁਦਾ ਅਤੇ ਰਸੂਲ ਉਤੇ ਭਰੋਸਾ ਪਹਿਲੀ ਸ਼ਰਤ ਹੈ। ਪੰਜੇ ਵਕਤ ਪੰਜ ਨਿਮਾਜ਼ਾਂ ਪੜ੍ਹਨੀਆਂ ਦੂਜੀ ਸ਼ਰਤ ਹੈ। ਰਮਜ਼ਾਨ ਦੇ ਮਹੀਨੇ ਯਾ ਕਿਸੇ ਹੋਰ ਮੌਕੇ ਤੇ ਵਰਤ ਰਖਣਾ ਰੋਜ਼ਾ ਕਹਾਉਂਦਾ ਹੈ, ਰੋਜ਼ੇ ਵੀ ਮੁਸਲਮਾਨ ਲਈ ਜ਼ਰੂਰੀ ਹਨ। ਜ਼ਕਾਤ-ਧਰਮ ਅਰਥ ਦਾਨ ਦੇਣਾ ਹੈ, ਕਮਾਈ ਦਾ ਚਾਲ੍ਹੀਵਾਂ ਹਿੱਸਾ ਜ਼ਕਾਤ ਵਜੋਂ ਦੇਣਾ ਜ਼ਰੂਰੀ ਹੈ। ਹੱਜ-ਮੱਕੇ ਦੀ ਯਾਤਰਾ ਕਰਨ ਨੂੰ ਕਹਿੰਦੇ ਹਨ, ਇਹ ਵੀ ਮੁਸਲਮਾਨ ਲਈ ਜ਼ਰੂਰੀ ਕਰਾਰ ਦਿਤਾ ਗਿਆ ਹੈ ਕਿ ਉਹ ਕਿਵੇਂ ਨ ਕਿਵੇਂ ਇਕ ਵਾਰ ਆਪਣੇ ਰਸੂਲ ਦੇ ਪਵਿਤ੍ਰ ਅਸਥਾਨ ਦੇ ਦਰਸ਼ਨ ਜ਼ਰੂਰ ਕਰੇ।

ਗੁਰੂ ਸਾਹਿਬਾਨ ਦੇ ਜ਼ਮਾਨੇ ਮੁਸਲਮਾਨ ਵਧੇਰੇ ਸ਼ਰੀਅਤ-ਪ੍ਰਸਤ ਹੋ ਗਏ ਸਨ ਤੇ ਬਾਹਰਲੇ ਕਰਮਕਾਂਡ ਨੂੰ ਹੀ ਸਭ ਕੁਝ ਸਮਝਣ ਲਗ ਪਏ ਸਨ ਅਤੇ ਰਾਜ-ਮਦ ਕਾਰਣ ਵੀ ਸ੍ਰੇਸ਼ਟਾਚਾਰੀ ਨਹੀਂ ਸਨ ਰਹੇ।

ਇਸ ਲਈ ਆਪ ਨੇ ਸੱਚੇ ਮਸਲਮਾਨ ਦੇ ਲੱਛਣ ਦਸਦਿਆਂ ਕਿਹਾ ਹੈ।

ਮਿਹਰਿ ਮਸੀਤਿ ਸਿਦਕ ਮੁਸਲਾ, ਹਕੁ ਹਲਾਲੁ ਕੁਰਾਣੁ
ਸਰਮ ਸੁੰਨਤ ਸੀਲੁ ਰੋਜ਼ਾ, ਹੋਹੁ ਮੁਸਲਮਾਣੁ।

(ਵਾਰ ਮਾਝ ੧, ਪੰਨਾ. ੧੪੦)

## ਮੁਸਲਾ

ਇਹ ਅਰਬੀ ਪਦ ਹੈ, ਜਿਸ ਦਾ ਅਰਥ ਹੈ, ਬੈਠਣ ਵਾਲਾ ਆਸਣ। ਮੁਸਲਮਾਨ ਉਸ ਕਪੜੇ ਯਾ ਚਟਾਈ ਨੂੰ ਮੁਸੱਲਾ ਆਖਦੇ ਹਨ, ਜਿਸ ਤੇ ਬੈਠ ਕੇ ਨਿਮਾਜ਼ ਪੜ੍ਹੀ ਜਾਂਦੀ ਯਾ ਭਜਨ ਬੰਦਗੀ ਕੀਤੀ ਜਾਂਦੀ ਹੈ। ਕਈ ਮਜ਼ਬੀ ਕਰਮਕਾਂਡੀ ਇਸ ਨੂੰ ਸ਼ਰੀਅਤ ਦਾ ਜ਼ਰੂਰੀ ਅੰਗ ਤਸੱਵਰ ਕਰਦੇ ਸਨ। ਇਸ ਲਈ ਗੁਰੂ ਸਾਹਿਬ ਨੇ ਕਿਹਾ ਕਿ ਰੱਬ ਦੀ ਹਸਤੀ ਵਿਚ ਪੂਰਨ ਵਿਸਵਾਸ਼ ਯਾ 'ਸਿਦਕ' ਹੀ ਸੱਚਾ ਮੁਸੱਲਾ ਹੈ :

ਮਿਹਰ ਮਸੀਤਿ ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ।

(ਵਾਰ ਮਾਝ, ੧, ਪੰਨਾ ੧੪੦)

ਸਚੁ ਨਿਵਾਜੁ ਯਕੀਨੁ ਮੁਸਲਾ।

(ਮਾਰੂ ੫, ਪੰਨਾ, ੧੦੮੩)

ਮੁਕਤੀ—ਦੇਖੋ ਚਾਰ ਮੁਕਤੀਆਂ

## ਮੁਗਲ

ਤਾਤਾਰ ਦੀ ਵਸਨੀਕ ਇਕ ਬਹਾਦਰ ਜਾਤੀ ਜਿਸ ਵਿਚੋਂ ਤੈਮੂਰ (੧੩੩੬-੧੪੦੫ ਈ.) ਤੇ ਬਾਬਰ (੧੪੮੩-੧੫੩੦ ਈ.) ਵਰਗੇ ਜੇਤੂ ਹੋਏ ਤੇ ਜਿਨ੍ਹਾਂ

ਹਿੰਦੁਸਤਾਨ ਉਤੇ ਹਮਲੇ ਕਰ ਕੇ ਇਥੇ ਰਾਜ ਸਥਾਪਤ ਕੀਤਾ । ਤੈਮੂਰ ਨੇ ੧੩੯੮ ਈ. ਵਿਚ ਦਿੱਲੀ ਉਤੇ ਧਾਵਾ ਕਰ ਕੇ ਇਥੋਂ ਦੀ ਦੌਲਤ ਲੁਟੀ ਤੇ ਭਿਆਨਕ ਕਤਲਾਮ ਮਚਾਈ ਸੀ, ਇਸ ਕਰ ਕੇ ਮੁਗ਼ਲਾਂ ਦਾ ਤਕੜਾ ਦਬਦਬਾ ਛਾ ਗਿਆ । ਫਿਰ ਬਾਬਰ ਨੇ ਸੋਲ੍ਹਵੀਂ ਸਦੀ ਵਿਚ ਕਈ ਹਮਲੇ ਕਰ ਕੇ ਆਖ਼ਰ ੧੫੨੬ ਈ. ਵਿਚ ਦਿੱਲੀ ਦਾ ਤਖ਼ਤ ਸੰਭਾਲਿਆ ਤੇ ਮੁਗ਼ਲ ਰਾਜ ਦੀ ਸਥਾਪਨਾ ਕੀਤੀ ਜੋ ਕਿ ਦੋ ਸੌ ਵਰ੍ਹੇ ਤੋਂ ਵਧ ਚਲਦਾ ਰਿਹਾ । ਜਦੋਂ ਬਾਬਰ ਨੇ ਆਪਣੀ ਮੁਗ਼ਲ ਫ਼ੌਜ ਲੈ ਕੇ ਪਾਨੀਪਤ ਦੇ ਮੈਦਾਨ ਵਿਚ ਪਠਾਣ ਬਾਦਸ਼ਾਹ ਇਬ੍ਰਾਹੀਮ ਲੋਧੀ ਨਾਲ ਟੱਕਰ ਲਈ ਤਾਂ ਉਸ ਦਾ ਚਰਚਾ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ ਕਿ ਦੋਹਾਂ ਸੈਨਾਵਾਂ ਵਿਚ ਵੱਡਾ ਅੰਤਰ ਇਹੋ ਸੀ ਕਿ ਮੁਗ਼ਲਾਂ ਪਾਸ ਤੋਪਾਂ ਸਨ ਤੇ ਪਠਾਣ, ਪੁਰਾਣੇ ਹਾਥੀ ਦਲ ਲੈ ਕੇ ਲੜ ਰਹੇ ਸਨ :

ਮੁਗਲ ਪਠਾਣ ਭਈ ਲੜਾਈ, ਰਣ ਮਹਿ ਤੇਗ ਵਗਾਈ ।
ਓਨੀ ਤੁਪਕ ਤਾਣਿ ਚਲਾਈ, ਓਨ੍ਹੀ ਹਸਤਿ ਚਿੜਾਈ ।

(ਆਸਾ ੧, ਪੰਨਾ ੪੧੮)

## ਮੁੰਦਾਵਣੀ

ਆਦਿ ਗ੍ਰੰਥ ਵਿਚ ਇਹ ਪਦ ਦੋ ਰੂਪਾਂ ਵਿਚ ਪ੍ਰਾਪਤ ਹੈ—ਮੁਦਾਵਣੀ ਤੇ ਮੁੰਦਾਵਣੀ । ਮੁਦਾਵਣੀ ਸ਼ਬਦ 'ਮੁਦ' ਧਾਤੂ (ਪ੍ਰਸੰਨ ਕਰਨਾ) ਤੋਂ ਹੈ ਜਿਸ ਦਾ ਅਰਥ ਹੈ ਬੁਝਾਰਤ ਯਾ ਪਹੇਲੀ । ਪੱਛਮੀ ਪੰਜਾਬ ਵਿਚ ਹੁਣ ਵੀ ਇਸ ਦੀ ਵਰਤੋਂ ਹੈ । ਦੂਜਾ ਪਦ "ਮੁੰਦਾਵਣੀ" ਗ੍ਰੰਥ ਦੇ ਅੰਤ ਵਿਚ ਸਿਰਲੇਖ ਵਜੋਂ ਆਇਆ ਹੈ, ਇਹ "ਮੁੰਦ" ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਮੋਹਰ ਛਾਪ । ਪੁਰਾਣੇ ਜ਼ਮਾਨੇ ਇਹ ਕਾਇਦਾ ਸੀ ਕਿ ਰਾਜੇ-ਮਹਾਰਾਜਿਆਂ ਦਾ ਭੋਜਨ ਕਿਸੇ ਵਿਸ਼ੇਸ਼ ਅਧਿਕਾਰੀ ਦੀ ਨਿਗਰਾਨੀ ਵਿਚ ਬਣਦਾ ਸੀ ਤੇ ਥਾਲ ਪਰੋਸ ਕੇ ਉਤੇ ਮੋਹਰ ਲਾ ਦਿਤੀ ਜਾਂਦੀ ਸੀ ਤਾਂ ਕਿ ਕੋਈ ਦੋਖੀ ਹਾਨੀਕਾਰਕ ਜਾਂ ਵਾਧੂ ਚੀਜ਼ ਨਾ ਮਿਲਾ ਸਕੇ । ਇਸੇ ਤਰ੍ਹਾਂ ਆਦਿ ਗ੍ਰੰਥ ਦੇ ਅੰਤ ਦੀ ਮੋਹਰ ਛਾਪ ਮੁੰਦਾਵਣੀ ਹੈ ਜਿਥੇ ਗੁਰੂ ਜੀ ਨੇ ਗ੍ਰੰਥ ਦੀ ਸਮਾਪਤੀ ਕਰਦਿਆਂ ਲਿਖਿਆ ਹੈ :

ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ।

(ਮੁੰਦਾਵਣੀ ੫, ਪੰਨਾ ੧੪੨੯)

ਮੁਸਨ—ਦੇਖੋ ਸਿਮਨ

## ਮੂਰਤਿ ਪੂਜਾ

ਕਲਾਕਾਰ ਯਾ ਕਾਰੀਗਰ ਦੁਆਰਾ ਕਿਸੇ ਦੇਵੀ ਦੇਵਤੇ ਦਾ ਮਿਟੀ, ਪੱਥਰ ਯਾ ਹੋਰ ਮਸਾਲੇ ਨਾਲ ਤਿਆਰ ਕੀਤਾ ਦੇਹਧਾਰੀ ਸਰੂਪ 'ਮੂਰਤਿ' ਕਹਾਉਂਦਾ ਹੈ ਤੇ ਸ਼ਰਧਾ-

ਭਾਵਨਾ ਨਾਲ ਇਸ ਦੀ ਮਾਨਤਾ ਕਰਨਾ 'ਮੂਰਤੀ ਪੂਜਾ' ਹੈ। ਹਿੰਦੂ ਸੰਪ੍ਰਦਾਵਾਂ ਵਿਚ ਭਿੰਨ-ਭਿੰਨ ਦੇਵੀ ਦੇਵਤਿਆਂ ਦੀਆਂ ਵਖੋ-ਵਖ ਮੂਰਤੀਆਂ ਮਿਲਦੀਆਂ ਹਨ। ਪਹਿਲੇ-ਪਹਿਲ ਸ਼ਾਇਦ, ਸਿਆਣੇ ਧਾਰਮਕ ਪੰਡਤਾਂ, ਜਨ-ਸਾਧਾਰਣ ਦਾ ਇਸ਼ਟ ਵਿਚ ਧਿਆਨ ਜੋੜਨ ਲਈ ਯਾ ਫਿਰ ਨਿਰਾਕਾਰ ਪਰਮੇਸ਼ਰ ਨੂੰ ਸਾਕਾਰ ਰੂਪ ਦੇ ਕੇ ਦ੍ਰਿਸ਼ਟੀਗੋਚਰ ਕਰਨ ਲਈ ਮੂਰਤੀ ਪੂਜਾ ਦੀ ਵਿਧੀ ਤੋਰੀ ਸੀ ਲੇਕਿਨ ਪਿਛੋਂ ਜਾ ਕੇ ਲੋਕਾਂ ਅਸਲ ਮਨੋਰਥ ਨੂੰ ਭੁਲਾ ਕੇ ਉਨ੍ਹਾਂ ਬੁਤਾਂ ਯਾ ਪੱਥਰਾਂ ਦੀ ਹੀ ਪੂਜਾ ਮਾਨਤਾ ਕਰਨੀ ਸ਼ੁਰੂ ਕਰ ਦਿਤੀ ਤੇ ਸਾਰਾ ਭਾਰਤ ਬੁਤ-ਪ੍ਰਸਤ ਹੋ ਗਿਆ। ਇਸ ਪੱਥਰ-ਪੂਜਾ ਦੇ ਕੀ ਭੈੜੇ ਸਿੱਟੇ ਨਿਕਲੇ, ਕਿਸ ਤਰ੍ਹਾਂ ਪਰੋਹਤ ਵਰਗ ਨੇ ਇਸ ਦੁਆਰਾ ਲੋਕਾਂ ਨੂੰ ਵਰਗਲਾਇਆ, ਇਹ ਇਕ ਦੁਖਦਾਇਕ ਕਹਾਣੀ ਹੈ। ਭਗਤੀ ਲਹਿਰ ਸਮੇਂ ਸੰਤਾਂ ਭਗਤਾਂ ਨੇ ਪਰਮੇਸ਼ਰ ਦੀ ਪੂਜਾ ਉਤੇ ਜ਼ੋਰ ਦਿਤਾ ਤੇ ਮੂਰਤੀ-ਪੂਜਾ ਦੀ ਨਿਖੇਧੀ ਕਰ ਕੇ ਸਮਝਾਇਆ ਕਿ ਬੇ-ਜਾਨ ਬੁਤ ਮਨੁਖ ਦਾ ਕੁਝ ਨਹੀਂ ਸਵਾਰ ਸਕਦਾ, ਇਸ ਦੀ ਪੂਜਾ ਮਾਨਤਾ ਬਿਅਰਥ ਹੈ।

ਗੁਰੂ ਸਾਹਿਬਾਨ ਨੇ ਇਸੇ ਵਿਚਾਰ ਦੀ ਪੁਸ਼ਟੀ ਕੀਤੀ। ਗੁਰੂ ਨਾਨਕ ਸਾਹਿਬ ਨੇ ਤਾਂ ਇਹ ਵੀ ਸੰਕੇਤ ਕੀਤਾ ਹੈ ਕਿ ਇਹ 'ਮੂਰਤੀ ਪੂਜਾ' ਨਾਰਦ ਦੀ ਸਿਖਿਆ ਤੋਂ ਸ਼ੁਰੂ ਹੋਈ ਸੀ :

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ।
ਅੰਧੇ ਗੁੰਗੇ ਅੰਧ ਅੰਧਾਰ। ਪਾਥਰੁ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਹਾਰੁ।

(ਵਾਰ ਬਿਹਾਗੜਾ ੧, ਪੰਨਾ ੫੫੬)

ਪਾਖਾਨ ਗਢਿ ਕੈ ਮੂਰਤਿ ਕੀਨੀ, ਦੇ ਕੈ ਛਾਤੀ ਪਾਉ।
ਜੇ ਇਹ ਮੂਰਤਿ ਸਾਚੀ ਹੈ, ਤਉ ਗੜ੍ਹਣਹਾਰੇ ਖਾਉ।

(ਆਸਾ ਕਬੀਰ, ਪੰਨਾ ੪੭੯)

ਮੇਰ—ਦੇਖੋ ਸੁਮੇਰ

## ਮੋਹਨ

ਗੁਰੂ ਅਮਰਦਾਸ ਜੀ ਦੇ ਵਡੇ ਸਪੁੱਤਰ ਬਾਬਾ ਮੋਹਨ ਦਾ ਜਨਮ ੧੫੩੬ ਈ. ਵਿਚ ਹੋਇਆ। ਇਹ ਮੁੱਢ ਤੋਂ ਹੀ ਉਪਰਾਮ ਬਿਰਤੀ ਰਖਦੇ ਸਨ, ਜੀਵਨ ਦਾ ਬਹੁਤਾ ਹਿੱਸਾ ਗੋਇੰਦਵਾਲ ਬਿਤਾਇਆ। ਕਹਿੰਦੇ ਹਨ ਇਨ੍ਹਾਂ ਪਾਸ ਗੁਰਬਾਣੀ ਦੀਆਂ ਕੁਝ ਪੋਥੀਆਂ ਸਨ, ਜਦੋਂ ਗੁਰੂ ਅਰਜਨ ਦੇਵ ਬਾਣੀ ਦਾ ਸੰਕਲਨ ਕਰ ਰਹੇ ਸਨ ਤਾਂ ਉਨ੍ਹਾਂ ਪੋਥੀਆਂ ਲੈਣ ਲਈ ਖੁਦ ਆ ਕੇ ਆਪਣੇ ਮਾਮਾ ਮੋਹਨ ਜੀ ਦੇ ਚੁਬਾਰੇ ਸਾਮ੍ਹਣੇ ਗਲੀ ਵਿਚ ਬੈਠ ਕੇ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਇਹ ਰੂਹਾਨੀ ਮਸਤੀ ਨਾਲ ਭਰਪੂਰ ਧੁਨਿ ਸੁਣ ਕੇ ਉਹ ਹੇਠਾਂ ਆਏ ਤੇ ਪੋਥੀਆਂ ਗੁਰੂ ਜੀ ਦੇ ਹਵਾਲੇ ਕਰ ਦਿਤੀਆਂ।

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ।
ਮੋਹਨ ਤੂ ਮਾਨਹਿ ਏਕੁ ਜੀ, ਅਵਰ ਸਭ ਰਾਲੀ।

(ਗਉੜੀ ੫ ਪੰਨਾ ੨੪੮)

**ਮੋਹਰੀ**

ਬਾਬਾ ਮੋਹਰੀ ਗੁਰੂ ਅਮਰਦਾਸ ਜੀ ਦੇ ਛੋਟੇ ਪੁੱਤਰ ਸਨ ਜਿਨ੍ਹਾਂ ਦਾ ਜਨਮ ੧੫੩੯ ਈ. ਵਿਚ ਪਿੰਡ ਬਾਸਰ ਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ । ਜਦੋਂ ਗੁਰੂ ਅਮਰਦਾਸ ਜੀ ਨੇ ਆਪਣੇ ਜਮਾਤਾ ਜੇਠਾ ਜੀ ਨੂੰ ੧੫੭੪ ਈ. ਵਿਚ ਗੁਰਿਆਈ ਦਿਤੀ ਤਾਂ ਮੋਹਰੀ ਜੀ ਨੇ ਪਿਤਾ ਦੀ ਆਗਿਆ ਅਨੁਸਾਰ ਸਭ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕੀਤੀ । ਇਸ ਦਾ ਹਾਲ ਦਸਦਿਆਂ ਬਾਬਾ ਸੁੰਦਰ ਜੀ ਨੇ ਲਿਖਿਆ ਹੈ :

ਸਤਿਗੁਰ ਪੁਰਖੁ ਜਿ ਬੋਲਿਆ ਗੁਰਸਿਖਾਂ ਮੰਨਿ ਲਈ ਰਜਾਇ ਜੀਉ ।<br>
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀਂ ਪਾਇ ਜੀਉ ।

(ਰਾਮਕਲੀ ਸਦ, ਪੰਨਾ ੯੨੪)

**ਮੰਤ੍ਰ ਜੰਤ੍ਰ ਤੰਤ੍ਰ**—ਦੇਖੋ ਤੰਤ੍ਰ ਮੰਤ੍ਰ ਜੰਤ੍ਰ (ਸੁਦਰ)

**ਯਜੁਰ**—ਦੇਖੋ ਚਾਰ ਵੇਦ

**ਯਾਦਵ (ਜਾਦਵ)**

ਚੰਦ੍ਰ-ਬੰਸੀ ਯਦੂ ਰਾਜੇ ਦੀ ਔਲਾਦ 'ਯਾਦਵ' ਕਹਾਉਂਦੀ ਹੈ । ਸ੍ਰੀ ਕ੍ਰਿਸ਼ਣ ਜੀ ਇਸੇ ਯਾਦਵ ਬੰਸ ਵਿਚੋਂ ਸਨ । ਪਹਿਲੇ ਇਨ੍ਹਾਂ ਦੀ ਰਾਜਧਾਨੀ ਮਥਰਾ ਸੀ ਤੇ ਫਿਰ ਦੁਆਰਕਾ ਤਕ ਇਨ੍ਹਾਂ ਦਾ ਬੋਲ-ਬਾਲਾ ਰਿਹਾ । ਦੁਰਬਾਸ਼ਾ ਰਿਸ਼ੀ ਦੇ ਸਰਾਪ ਕਾਰਣ ਤੇ ਫੁਟ ਕਰ ਕੇ ਇਸ ਬੰਸ ਦਾ ਨਾਸ਼ ਹੋਇਆ । ਨਾਮਦੇਵ ਜੀ ਨੇ ਲਿਖਿਆ ਹੈ :

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ।

(ਧਨਾਸਰੀ ਨਾਮਦੇਉ, ਪੰਨਾ ੬੯੩)

**ਯਾਨੜੀਏ ਕੇ ਘਰਿ ਗਾਵਣਾ**

ਤਿਲੰਗ ਰਾਗ ਵਿਚ ਇਕ ਸ਼ਬਦ ਇਉਂ ਸ਼ੁਰੂ ਹੁੰਦਾ ਹੈ, "ਇਆਨੜੀਏ ਮਾਨੜਾ ਕਾਇ ਕਰੇਹਿ" ਤੇ ਇਹ ਸ਼ਬਦ (ਪੰਨਾ ੭੨੨) ਘਰ ਤਿੰਨ ਵਿਚ ਗਾਇਨ ਕਰਨ ਦਾ ਆਦੇਸ਼ ਹੈ । ਰਾਗ ਬਿਲਾਵਲ ਵਿਚ ਪੰਚਮ ਗੁਰੂ ਦਾ ਇਕ ਸ਼ਬਦ ਹੈ ਜਿਸ ਨੂੰ ਘਰ ਦੋ ਵਿਚ ਗਾਉਣ ਦਾ ਆਦੇਸ਼ ਹੈ ਤੇ ਨਾਲ ਹੀ ਇਹ ਲਿਖਿਆ ਹੈ—"ਯਾਨੜੀਏ ਕੈ ਘਰਿ ਗਾਵਣਾ ।" ਇਸ ਦਾ ਅਰਥ ਆਮ ਸੰਪ੍ਰਦਾਈ ਗਿਆਨੀ ਇਹੋ ਦਸਦੇ ਹਨ ਕਿ ਇਹ ਸ਼ਬਦ "ਇਆਨੜੀਏ—" ਵਾਲੇ ਸ਼ਬਦ ਵਾਂਙ ਗਾਉਣਾ ਹੈ । ਹਾਲਾਂ ਕਿ ਦੋਹਾਂ ਸ਼ਬਦਾਂ ਦੇ ਰਾਗ ਤੇ ਘਰ ਵੱਖ-ਵੱਖ ਹਨ ਤੇ ਛੰਦ-ਚਾਲ ਵੀ ਭਿੰਨ ਹੈ, ਜਿਵੇਂ ਕਿ :

ਇਆਨੜੀਏ ਮਾਨੜਾ ਕਾਇ ਕਰੇਹਿ ।

(ਤਿਲੰਗ, ਪੰਨਾ ੭੨੨)

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ, ਮੈ ਮਨਿ ਤੇਰੀ ਟੇਕ ।

(ਬਿਲਾਵਲ ੫, ਪੰਨਾ ੮੦੨)

ਮਾਲੂਮ ਹੁੰਦਾ ਹੈ ਕਿ ਇਹ ਕੋਈ ਹੋਰ ਲੋਕ-ਧਾਰਨਾ ਸੀ, ਜਿਸ ਦੀ ਤਰਜ਼ ਤੇ ਇਸ ਸ਼ਬਦ ਨੂੰ ਗਾਉਣ ਦੀ ਹਦਾਇਤ ਕੀਤੀ ਗਈ ਹੈ ।

**ਰਸ**—ਦੇਖੋ ਖਟ ਰਸ

**ਰਸੂਲ**—ਦੇਖੋ ਪੈਗੰਬਰ

## ਰਹਰਾਸਿ

ਜੋਗੀਆਂ ਦੀ ਸੰਧਿਆਂ ਸਮੇਂ ਕੀਤੀ ਵਿਸ਼ੇਸ਼ ਪੂਜਾ ਉਪਾਸਨਾ ਰਹਰਾਸਿ ਹੈ ਜੋ ਕਿ ਸ਼ਿਵਾਂ ਨੂੰ ਸਨਮੁਖ ਰੱਖ ਕੇ ਕੀਤੀ ਜਾਂਦੀ ਹੈ। ਇਸ ਬਾਰੇ ਗੋਰਖਨਾਥ ਦੀ 'ਗੋਰਖ ਰੋਰਾਸਿ' ਨਾਂ ਦੀ ਛੋਟੀ ਜੇਹੀ ਰਚਨਾ ਵੀ ਮਿਲਦੀ ਹੈ । ਗੁਰੂ ਨਾਨਕ ਸਾਹਿਬ ਨੇ ਸਿੱਧਾਂ ਪ੍ਰਤੀ ਆਪਣੀ ਰਹਰਾਸਿ ਦਸਦਿਆਂ ਇਹੋ ਆਖਿਆ ਹੈ ਸਾਡੀ ਸ਼ਰਧਾ ਬੰਦਨਾ ਉਸ ਪਰਮੇਸ਼ਰ ਨੂੰ ਹੈ, ਇਹੋ ਸਾਡੀ ਰਹਰਾਸਿ ਹੈ ।

ਤਿਸੁ ਅਗੈ ਰਹਰਾਸਿ ਹਮਾਰੀ
ਸਾਚਾ ਅਪਰ ਅਪਾਰੋ ।

(ਰਾਮਕਲੀ ਸਿਧ ਗੋਸਟਿ ੧, ਪੰਨਾ ੯੩੮)

ਗੁਰੂ ਰਾਮਦਾਸ ਜੀ ਨੇ 'ਹਰਿ ਕੀਰਤਨ' ਨੂੰ ਰਹਰਾਸਿ ਆਖਿਆ ਹੈ :—

ਗੁਰਮਤਿ ਨਾਮੁ ਮੇਰਾ ਪ੍ਰਾਣ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ ।

(ਗੂਜਰੀ ੪, ਪੰਨਾ ੪੯੨)

ਸਿਖਾਂ ਵਿਚ ਸ਼ਾਮ ਨੂੰ ਪੜ੍ਹੀ ਜਾਣ ਵਾਲੀ ਬਾਣੀ ਵੀ 'ਰਹਰਾਸਿ' ਕਹਾਉਂਦੀ ਹੈ ਭਾਵੇਂ ਆਦਿ ਗ੍ਰੰਥ ਵਿਚ ਇਸ ਦਾ ਇਹ ਸਿਰਲੇਖ ਨਹੀਂ । ਕਈ ਲੇਖਕਾਂ ਫਾਰਸੀ ਦੇ 'ਰਾਹਿ-ਰਾਸਤ' ਸ਼ਬਦ ਤੋਂ ਇਸ ਦੀ ਬਣਤਰ ਮੰਨੀ ਹੈ, ਪਰ ਇਹ ਠੀਕ ਨਹੀਂ ਕਿਉਂਕਿ ਇਸਦਾ ਪ੍ਰਯੋਗ, ਪ੍ਰਾਚੀਨ ਸਿੱਧ-ਸਾਹਿੱਤ ਵਿਚ ਵੀ ਕਾਫ਼ੀ ਮਿਲਦਾ ਹੈ ।

## ਰਹਾਉ

'ਰਹਾਉ' ਦਾ ਭਾਵ ਟੇਕ ਜਾਂ ਧਾਰਨਾ ਹੈ । ਹਰ ਸ਼ਬਦ ਵਿਚ ਜੋ ਸਥਾਈ ਦੀ ਤੁਕ ਹੁੰਦੀ ਹੈ, ਉਸ ਨਾਲ 'ਰਹਾਉ' ਲਿਖਿਆ ਮਿਲਦਾ ਹੈ । ਪ੍ਰਯੋਜਨ ਇਹੋ ਜਾਪਦਾ ਹੈ ਕਿ ਸ਼ਬਦ ਦੇ ਗਾਇਨ ਸਮੇਂ ਇਸ ਤੁਕ ਨੂੰ ਧਾਰਨਾ ਬਣਾਉਣਾ ਹੈ । ਇਸੇ ਕਰਕੇ ਸੰਪ੍ਰਦਾਈ ਗਿਆਨੀ ਇਸ ਵਿਚਾਰ ਦੇ ਹਨ ਕਿ ਰਹਾਉ ਦੀ ਤੁਕ ਵਿਚ ਕੇਂਦਰੀ ਭਾਵ ਹੁੰਦਾ ਹੈ ਤੇ ਇਸੇ ਦੁਆਲੇ ਸਾਰੇ ਖਿਆਲ ਦੀ ਉਸਾਰੀ ਕੀਤੀ ਗਈ ਹੁੰਦੀ ਹੈ। ਕੁਝ

ਕੁ ਸ਼ਬਦਾਂ ਵਿਚ ਅੰਤ ਤੇ 'ਰਹਾਉ ਦੂਜਾ' ਵੀ ਲਿਖਿਆ ਮਿਲਦਾ ਹੈ । ਇਸ ਦਾ ਮੰਤਵ ਇਤਨਾ ਹੀ ਹੈ ਕਿ ਜਿਨ੍ਹਾਂ ਸ਼ਬਦਾਂ ਵਿਚ ਖਿਆਲ ਦੀ ਉਸਾਰੀ ਸਿਰੇ ਤਕ ਪੁਜ ਗਈ ਤੇ ਫਿਰ ਧਾਰਨਾ ਬਦਲਣ ਦੀ ਲੋੜ ਪੈਂਦੀ ਹੈ, ਇਸ ਲਈ ਕਿਤੇ ਕਿਤੇ ਇਸਦਾ ਵੀ ਸੰਕੇਤ ਕੀਤਾ ਗਿਆ ਹੈ । ਜਿਵੇਂ ਕਿ ੧੭੫ ਪੰਨੇ ਤੇ ਗੁਰੂ ਅਰਜਨ ਸਾਹਿਬ ਦੇ ਗਉੜੀ ਰਾਗ ਵਿਚਲੇ ਸ਼ਬਦ ਦੀ ਰਹਾਉ ਦੀ ਤੁਕ ਹੈ :—

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ । ਕਿਉ ਪਾਈਐ ਹਰਿ ਰਾਮ ਸਹਾਈ ।

ਇਸੇ ਸ਼ਬਦ ਦੇ ਅੰਤ ਤੇ 'ਰਹਾਉ ਦੂਜਾ' ਦੀ ਤੁਕ ਇਉਂ ਆਉਂਦੀ ਹੈ :—

ਇਨਿ ਬਿਧਿ ਕੁਸਲ ਹੋਤ ਮੇਰੇ ਭਾਈ । ਇਉ ਪਾਈਐ ਹਰਿ ਰਾਮ ਸਹਾਈ ।

(ਗਉੜੀ ਗੁਆਰੇਰੀ ੫, ਪੰਨਾ ੧੭੫-੭੬)

## ਰਹੋਏ ਕੇ ਛੰਤ ਕੇ ਘਰਿ

ਰਹੋਆ, ਇਕ ਕਿਸਮ ਦਾ ਪੇਂਡੂ ਪੰਜਾਬੀ ਗੀਤ ਹੈ ਜੋ ਲੰਮੀ ਹੇਕ ਨਾਲ ਗਾਇਆ ਜਾਂਦਾ ਹੈ । ਜ਼ਨਾਨੀਆਂ, ਵਿਆਹ ਸਮੇਂ ਯਾ ਫਿਰ ਦੇਵ ਮੰਦਿਰਾਂ ਵਿਚ ਇਸ ਗੀਤ ਦਾ ਗਾਇਨ ਕਰਦੀਆਂ ਹਨ । ਗਉੜੀ ਰਾਗ ਵਿਚ ਗੁਰੂ ਅਰਜਨ ਕਿਰਤ ਇਕ ਸ਼ਬਦ 'ਹੈ ਕੋਈ ਰਾਮ ਪਿਆਰੋ ਗਾਵੈ' ਨੂੰ ਇਸੇ ਤਰਜ਼ ਤੇ ਗਾਉਣ ਦੀ ਹਦਾਇਤ ਕੀਤੀ ਗਈ ਹੈ । (ਦੇਖੋ ਗੁਰੂ ਗ੍ਰੰਥ ਸਾਹਿਬ ਪੰਨਾ ੨੦੩)

## ਰਕਤਬੀਜ

ਇਕ ਰਾਖਸ਼ ਦਾ ਨਾਮ ਜੋ ਕਿ ਰਾਜੇ ਸ਼ੁੰਭ ਦਾ ਸੈਨਾਪਤੀ ਸੀ । ਕਿਹਾ ਜਾਂਦਾ ਹੈ ਕਿ ਲੜਾਈ ਵਿਚ ਇਸ ਦੇ ਜਿਤਨੇ ਖ਼ੂਨ ਦੇ ਕਤਰੇ ਡਿਗਦੇ ਉਨ੍ਹਾਂ ਤੋਂ ਉਤਨੇ ਹੀ ਹੋਰ ਦੈਂਤ ਪੈਦਾ ਹੋ ਜਾਂਦੇ ਸਨ । ਮਾਰਕੰਡੇ ਪੁਰਾਣ ਅਨੁਸਾਰ ਇਸ ਨੂੰ ਕਾਲੀ ਅਤੇ ਦੁਰਗਾ ਨੇ ਮਿਲ ਕੇ ਮਾਰਿਆ । ਕਾਲੀ ਨੇ ਇਸ ਤੇਜ਼ੀ ਨਾਲ ਲਹੂ ਦੇ ਤੁਪਕੇ ਚੱਟੇ ਕਿ ਕੋਈ ਦੈਂਤ ਵਜੂਦ ਵਿਚ ਹੀ ਨਾ ਆਇਆ । ਦੁਰਗਾ ਨੇ ਇਸ ਦਾ ਸਿਰ ਕੱਟ ਦਿਤਾ । ਸਤਿਗੁਰਾਂ ਦੇ ਕਥਨ ਅਨੁਸਾਰ ਅਜੇਹੇ ਰਾਖਸ਼ਾਂ ਨੂੰ ਨਾਸ਼ ਕਰਨ ਵਾਲਾ ਸਰਬ ਸ਼ਕਤੀਮਾਨ ਪ੍ਰਭੂ ਆਪ ਹੀ ਹੈ :

ਰਕਤਬੀਜੁ ਕਾਲੁ ਨੇਮੁ ਬਿਦਾਰੇ ।

(ਗਉੜੀ ੧, ਪੰਨਾ ੨੨੪)

ਰਤਨ—ਦੇਖੋ ਚਉਦਹ ਰਤਨ

## ਰਵਿਦਾਸ

ਰਵਿਦਾਸ ਭਗਤ, ਜਾਤੀ ਦੇ ਚਮਾਰ ਤੇ ਬਨਾਰਸ ਦੇ ਜੰਮਪਲ ਸਨ । ਇਨ੍ਹਾਂ ਦਾ ਸਮਾਂ ਸੋਲ੍ਹਵੀਂ ਸਦੀ ਹੈ ਪਰੰਤੂ ਜਨਮ ਮਰਨ ਦੀਆਂ ਨਿਸਚਤ ਤਰੀਕਾਂ ਨਹੀਂ ਮਿਲਦੀਆਂ ।

ਕਈਆਂ ਇਨ੍ਹਾਂ ਨੂੰ ਸ੍ਰੀ ਰਾਮਾਨੰਦ ਦੇ ਚੇਲੇ ਲਿਖਿਆ ਹੈ, ਪਰ ਇਹ ਗੱਲ ਇਤਿਹਾਸਕ ਤੌਰ ਤੇ ਸਿੱਧ ਨਹੀਂ ਹੁੰਦੀ, ਕਬੀਰ ਨਾਲ ਵੀ ਇਨ੍ਹਾਂ ਦਾ ਸਬੰਧ ਜੋੜਿਆ ਜਾਂਦਾ ਹੈ, ਪਰ ਇਸ ਦੇ ਵੀ ਪਰਮਾਣ ਪ੍ਰਾਪਤ ਨਹੀਂ। ਪ੍ਰਿਯਦਾਸ ਕ੍ਰਿਤ ਭਗਤਮਾਲ ਦੀ ਟੀਕਾ ਵਿਚ ਇਹ ਹਵਾਲਾ ਮਿਲਦਾ ਹੈ ਕਿ ਮਹਾਰਾਣਾ ਸਾਂਗਾ ਦੀ ਪਤਨੀ ਝਾਲਾਂ ਰਾਣੀ ਇਨ੍ਹਾਂ ਦੀ ਚੇਲੀ ਸੀ; ਇਸ ਤੋਂ ਅਸੀਂ ਰਵਿਦਾਸ ਦਾ ਸਮਾਂ ੧੪੯੨-੧੫੨੭ ਈ. ਅਨੁਮਾਨ ਕਰ ਸਕਦੇ ਹਾਂ। ਕਈ ਲਿਖਤਾਂ ਅਨੁਸਾਰ ਮੀਰਾਂ ਬਾਈ ਨੂੰ ਵੀ ਰਵਿਦਾਸ ਜੀ ਦੀ ਸ਼ਰਧਾਲੂ ਦਸਿਆ ਗਿਆ ਹੈ ਪਰ ਇਹ ਵੀ ਪ੍ਰਮਾਣਿਤ ਨਹੀਂ।

ਆਦਿ ਗ੍ਰੰਥ ਵਿਚ ਭਗਤ ਰਵਿਦਾਸ ਜੀ ਦੇ ੪੦ ਸ਼ਬਦ ਵੱਖ ਵੱਖ ਸੋਲਾਂ ਰਾਗਾਂ ਵਿਚ ਮਿਲਦੇ ਹਨ। ਇਨ੍ਹਾਂ ਸ਼ਬਦਾਂ ਵਿਚ ਰਵਿਦਾਸ ਜੀ ਨੇ ਬਿਨਾਂ ਕਿਸੇ ਸੰਕੋਚ ਦੇ ਆਪਣੀ ਜਾਤਿ ਦਾ ਜ਼ਿਕਰ ਕੀਤਾ ਹੈ।

ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤੁ ਹਮਾਰਾ।

(ਗਉੜੀ ਰਵਿਦਾਸ, ਪੰਨਾ ੩੪੫)

## ਰਾਸ ਮੰਡਲ

ਸ੍ਰੀ ਕ੍ਰਿਸ਼ਨ ਜੀ ਦੀ ਗੋਪੀਆਂ ਨਾਲ ਕੀਤੀ ਖੇਲ ਕ੍ਰੀੜਾ ਦਾ ਨਾਟਕ 'ਰਾਸ ਲੀਲ੍ਹਾ' ਤੇ ਇਸ ਲੀਲ੍ਹਾ ਭੂਮੀ ਨੂੰ 'ਰਾਸਮੰਡਲ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਵੈਸ਼ਣਵ ਭਗਤਾਂ ਵਿਚ ਰਾਸ ਲੀਲ੍ਹਾ ਦਾ ਇਸ ਲਈ ਬੜਾ ਮਹੱਤਵ ਰਿਹਾ ਹੈ ਕਿਉਂਕਿ ਉਹ ਇਹ ਵਿਸ਼ਵਾਸ਼ ਕਰਦੇ ਸਨ ਕਿ ਕ੍ਰਿਸ਼ਣ ਸਾਡਾ ਨਾਇਕ ਪ੍ਰੀਤਮ ਹੈ ਤੇ ਅਸੀਂ ਸਾਰੇ ਭਗਤ ਉਸ ਦੀਆਂ ਗੋਪੀਆਂ ਹਾਂ। ਜੇ ਉਹ ਸਾਡੇ ਨਾਲ ਖੇਲ ਕ੍ਰੀੜਾ ਰਚਾਉਂਦਾ ਹੈ ਤਾਂ ਇਸਤੋਂ ਉਸ ਦੀ ਖੁਸ਼ੀ ਪਰਗਟ ਹੁੰਦੀ ਹੈ। ਇਸੇ ਕਰਕੇ ਵੈਸ਼ਣਵ ਸੰਪ੍ਰਦਾਵਾਂ ਵਿਚ 'ਰਾਸ ਲੀਲ੍ਹਾ' ਕਰਨਾ ਇਕ 'ਉਚਾ ਧਰਮ-ਕਰਮ' ਬਣ ਗਿਆ। 'ਰਾਧਾ ਵੱਲਭੀ ਸੰਪ੍ਰਦਾਇ, ਵਾਲੇ 'ਕੁੰਜ ਕ੍ਰੀੜਾ' ਤੇ ਬ੍ਰਿੰਦਾਬਨ ਰਾਸ' ਨੂੰ ਬਹੁਤ ਮਹੱਤਵ ਦਿੰਦੇ ਆਏ ਹਨ। ਪਰੰਤੂ ਕੁਝ ਅਰਸੇ ਬਾਦ ਇਸ ਪੜਦੇ ਹੇਠ ਬੜੇ ਕੁਕਰਮ ਹੋਣ ਲਗ ਪਏ ਜਿਸ ਨੇ ਸਾਰੇ ਵੈਸ਼ਣਵ ਧਰਮ ਨੂੰ ਹੀ ਬਦਨਾਮ ਕਰ ਦਿਤਾ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ:-

ਕੇਤੀਆ ਕੰਨ੍ਹ ਕਹਾਣੀਆ, ਕੇਤੇ ਬੇਦ ਬੀਚਾਰ,
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ
ਗਾਵਹਿ ਰਾਜੇ ਰਾਣੀਆਂ, ਬੋਲਹਿ ਆਲ੍ਹ ਪਤਾਲ

(ਵਾਰ ਆਸਾ ੧, ਪੰਨਾ ੪੬੪)

ਇਸਦੀ ਥਾਂ ਗੁਰੂ ਸਾਹਿਬ ਨੇ ਕੁਦਰਤ ਵਿਚ ਵਰਤ ਰਹੀ ਰਾਸ ਲੀਲ੍ਹਾ ਵਲ ਧਿਆਨ ਦਿਵਾਉਂਦਿਆਂ ਕਿਹਾ ਹੈ :—

'ਘੜੀਆ ਸਭੇ ਗੋਪੀਆ, ਪਹਰ ਕੰਨੁ ਗੋਪਾਲੁ
ਗਹਣੇ ਪਉਣ ਪਾਣੀ ਬੈਸੰਤਰ, ਚੰਦ ਸੂਰਜ ਅਵਤਾਰ
ਸਗਲੀ ਧਰਤੀ ਮਾਲਧਨੁ, ਵਰਤਣਿ ਸਰਬ ਜੰਜਾਲ ।

(ਵਾਰ ਆਸਾ ੧ ਪੰਨਾ ੪੬੫)

ਗੁਰੂ ਅਰਜਨ ਸਾਹਿਬ ਨੇ ਇਸ ਜਗਤ ਨੂੰ 'ਰਾਸ ਮੰਡਲ 'ਕਹਿਕੇ ਵਰਣਨ ਕੀਤਾ ਹੈ—

ਰਾਸਿ ਮੰਡਲ ਕੀਨੋ ਆਖਾਰਾ
ਸਗਲੋ ਸਾਜਿ ਰਖਿਓ ਪਾਸਾਰਾ ।

(ਸੂਹੀ ੫, ਪੰਨਾ ੭੪੮)

## ਰਾਗ

ਸੁਰ ਤਾਲ.ਅਤੇ ਲੈਅ ਵਿਚ ਉਚਾਰੀ ਧੁਨ ਰਾਗ ਹੈ । ਸੰਗੀਤ ਵਿਦਿਆ ਵਾਲੇ ਸੱਤ ਸੁਰਾਂ-ਸਾ, ਰੇ, ਗਾ, ਮਾ, ਪਾ, ਧਾ, ਨੀ ਮੰਨਦੇ ਹਨ। ਹਰ ਰਾਗ ਇਨ੍ਹਾਂ ਸੁਰਾਂ ਦੇ ਵਧਾ ਘਟਾ ਨਾਲ ਹੀ ਆਪਣਾ ਸਰੂਪ ਬਣਾਉਂਦਾ ਹੈ। ਜਿਸ ਰਾਗ ਨੂੰ ਪੰਜ ਸੁਰਾਂ ਲਗਣ ਉਹ ਔੜਵ, ਜਿਸਨੂੰ ਛੇ ਲਗਣ ਖਾੜਵ ਤੇ ਜਿਸਨੂੰ ਸੱਤ ਸੁਰਾਂ ਲਗਣ ਉਹ ਸੰਪੂਰਣ ਕਿਹਾ ਜਾਂਦਾ ਹੈ। ਦੇਸ਼ ਭੇਦ ਕਰਕੇ ਰਾਗਾਂ ਦੇ ਕਈ ਭੇਦ ਹਨ। ਪ੍ਰਧਾਨ ਰਾਗ ਛੇ ਹਨ:—

ਸਿਰੀ, ਭੈਰਉ, ਦੀਪਕ, ਮਾਲਕੌਂਸ, ਹਿੰਡੋਲ, ਤੇ ਮੇਘ ।

ਭਗਤੀ ਲਹਿਰ ਸਮੇਂ ਤਮਾਮ ਨਿਰਗੁਣਵਾਦੀ ਤੇ ਸਰਗੁਣਵਾਦੀ ਭਗਤ ਪ੍ਰਭੂ ਕੀਰਤਨ ਦਾ ਗਾਇਨ ਕਰਕੇ ਹੀ ਪੂਜਾ ਉਪਾਸਨਾ ਕਰਦੇ ਸਨ, ਇਸ ਲਈ ਉਨ੍ਹਾਂ ਰਾਗਾਂ ਵਿਚ ਹੀ ਭਜਨ ਤੇ ਗੀਤ ਲਿਖੇ। ਗੁਰਆਂ ਵੀ ਇਸੇ ਵਿਧੀ ਨੂੰ ਅਪਣਾਇਆ। ਆਦਿ ਗ੍ਰੰਥ ਵਿਚ ਸੰਕਲਿਤ ਬਾਣੀ ਹੇਠ ਲਿਖੇ ੩੧ ਰਾਗਾਂ ਵਿਚ ਦਰਜ ਹੈ :—

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਰਾਇਣ, ਮਾਲੀ, ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ।

ਗੁਰੂਆਂ, ਰਾਗਾਂ ਦਾ ਮਹੱਤਵ ਇਸੇ ਗੱਲ ਵਿਚ ਬਿਆਨ ਕੀਤਾ ਹੈ ਕਿ ਇਨ੍ਹਾਂ ਦੁਆਰਾ ਪ੍ਰਭੂ ਜਸ ਗਾਇਆ ਜਾਵੇ। ਉਨ੍ਹਾਂ ਸਪਸ਼ਟ ਲਿਖਿਆ ਹੈ :—

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ।

(ਵਾਰ ਰਾਮਕਲੀ, ੫, ੯੫੮)

ਗੁਣ ਗੋਬਿੰਦ ਗਾਵਹੁ ਸਭਿ ਹਰਿਜਨ, ਰਾਗ ਰਤਨ ਰਸਨਾ ਅਲਾਪ ।

(ਬਿਲਾਵਲ ੫, ਪੰਨਾ ੮੨੧)

## ਰਾਮਕਲੀ

ਇਹ ਭੈਰਵ ਠਾਠ ਦਾ ਔੜਵ ਸੰਪੂਰਣ ਰਾਗ ਹੈ ਜਿਸਦਾ ਵਾਦੀ ਸੁਰ ਧਾ ਤੇ ਰੇ ਸੰਵਾਦੀ ਹੈ। ਆਰੋਹੀ ਸਮੇਂ ਮਾ ਅਤੇ ਨੀ ਵਰਜਿਤ ਹਨ, ਰੇ ਅਤੇ ਧਾ ਕੋਮਲ ਅਤੇ ਬਾਕੀ ਸੁਧ ਲਗਦੇ ਹਨ।

ਗਾਉਣ ਦਾ ਸਮਾਂ ਸੂਰਜ ਨਿਕਲਣ ਤੋਂ ਲੈ ਕੇ ਪਹਰ ਦਿਨ-ਚੜ੍ਹੇ ਤਕ ਹੈ। ਆਦਿ ਗ੍ਰੰਥ ਵਿਚ ਇਹ ਅਠਾਰ੍ਹਵੀਂ ਥਾਂ ਤੇ ਦਰਜ ਹੈ। ਇਹ ਰਾਗ ਜੋਗੀਆਂ ਵਲੋਂ ਵਧੇਰੇ ਵਰਤਿਆ ਗਿਆ ਹੈ, ਇਸੇ ਕਰਕੇ ਗੁਰੂ ਸਾਹਿਬਾਨ ਨੇ ਵੀ ਜੋਗਮਤ ਬਾਰੇ ਆਲੋਚਨਾ ਵਧੇਰੇ ਇਸੇ ਰਾਗ ਦੀਆਂ ਬਾਣੀਆਂ ਵਿਚ ਕੀਤੀ ਹੈ।

## ਰਾਮਚੰਦ੍ਰ

ਸ੍ਰੀ ਰਾਮਚੰਦ੍ਰ ਤ੍ਰੇਤਾ ਯੁਗ ਵਿਚ ਰਘੂ ਖਾਨਦਾਨ ਵਿਚੋਂ ਅਯੁੱਧਿਆ ਦੇ ਰਾਜਾ ਦਸਰਥ ਤੇ ਮਾਤਾ ਕੌਸ਼ਲਿਆ ਦੇ ਜੇਠੇ ਸਪੁੱਤਰ ਸਨ, ਜਿਨ੍ਹਾਂ ਉਚ ਆਚਾਰ ਤੇ ਉਚ-ਆਦਰਸ਼ਾਂ ਕਾਰਣ ਲੋਕ-ਪ੍ਰਿਯਤਾ ਪ੍ਰਾਪਤ ਕੀਤੀ। ਹਿੰਦੂ ਸ਼ਰਧਾਲੂ ਇਨ੍ਹਾਂ ਨੂੰ ਵਿਸ਼ਣੂ ਦਾ ਸੱਤਵਾਂ ਅਵਤਾਰ ਮੰਨਦੇ ਤੇ 'ਮਰਯਾਦਾ-ਪੁਰਸ਼ੋਤਮ' ਕਹਿ ਕੇ ਸਤਿਕਾਰਦੇ ਹਨ।

ਆਪ ਨੇ ਰਿਸ਼ੀ ਵਸ਼ਿਸ਼ਟ ਤੋਂ ਵਿਦਿਆ ਪ੍ਰਾਪਤ ਕੀਤੀ, ਵਾਸਦੇਵ ਤੋਂ ਵੇਦਾਂਗ ਪੜ੍ਹੇ ਤੇ ਵਿਸ਼ਵਾਮਿਤ੍ਰ ਤੋਂ ਸ਼ਸਤਰ ਵਿਦਿਆ ਸਿਖ ਕੇ ਵੱਡੇ ਯੋਧੇ ਤੇ ਨੀਤੀ-ਨਿਪੁੰਨ ਬਣੇ। ਯੁਵਾ ਅਵਸਥਾ ਵਿਚ ਸ਼ਿਵਜੀ ਦਾ ਧਨੁਖ ਤੋੜ ਕੇ ਮਿਥਲਾ ਦੇ ਰਾਜਾ ਜਨਕ ਦੀ ਸਪੁੱਤਰੀ ਸੀਤਾ ਜੀ ਨੂੰ ਵਰ ਕੇ ਲਿਆਂਦਾ। ਜਦ ਰਾਜ-ਤਿਲਕ ਦਾ ਸਮਾਂ ਆਇਆ ਤਾਂ ਮਤ੍ਰੇਈ ਮਾਂ ਕੈਕਈ ਦੇ ਪਿਤਾ ਦਸ਼ਰਥ ਨਾਲ ਕੀਤੇ ਬਚਨ ਨੂੰ ਪੂਰਾ ਕਰਨ ਲਈ ੧੪ ਸਾਲ ਦਾ ਬਨਵਾਸ ਸਵੀਕਾਰ ਕੀਤਾ। ਬਨਵਾਸ ਸਮੇਂ ਰਾਵਣ ਦੀ ਭੈਣ ਸਰੂਪਨਖਾ ਨਾਲ ਲਛਮਣ ਦਾ ਝਗੜਾ ਹੋ ਜਾਣ ਤੇ ਰਾਵਣ ਕ੍ਰੋਧਵਾਨ ਹੋ ਕੇ ਸੀਤਾ ਨੂੰ ਉਧਾਲ ਕੇ ਲੈ ਗਿਆ। ਰਾਮ, ਵਿਛੋੜੇ ਵਿਚ ਬੜੇ ਵਿਆਕੁਲ ਹੋਏ ਤੇ ਵਿਭੀਖਨ ਦੀ ਮੱਦਦ ਨਾਲ ਰਾਵਣ ਨੂੰ ਮਾਰਿਆ। ਜਿੱਤ ਉਪਰੰਤ ਲਛਮਣ ਤੇ ਸੀਤਾ ਸਮੇਤ ਵਾਪਿਸ ਅਜੁਧਿਆ ਆਏ ਤੇ ਦਸ ਹਜ਼ਾਰ ਵਰ੍ਹੇ ਤਕ ਰਾਜ ਕੀਤਾ। ਸ੍ਰੀ ਰਾਮਚੰਦ੍ਰ ਜੀ ਦੀ ਕਥਾ ਬਾਲਮੀਕਿ ਰਿਸ਼ੀ ਨੇ ਪਹਿਲੇ ਪਹਿਲ ਰਾਮਾਇਣ ਵਿਚ ਲਿਖੀ ਤੇ ਇਸੇ ਤੋਂ ਲੈ ਕੇ ਵੈਸ਼ਣਵ ਭਗਤ ਤੁਲਸੀ ਦਾਸ ਨੇ ਇਸਨੂੰ ਹਿੰਦੀ ਵਿਚ ਕਲਮਬਧ ਕੀਤਾ।

ਸ੍ਰੀ ਰਾਮ ਜੀ ਦੇ ਬਨਵਾਸ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ :

ਰੋਵੈ ਰਾਮੁ ਨਿਕਾਲਾ ਭਇਆ  
ਸੀਤਾ ਲਛਮਣੁ ਵਿਛੁੜਿ ਗਇਆ।

(ਰਾਮਕਲੀ, ਪੰਨਾ ੯੫੩)

ਨਾਮਦੇਵ ਜੀ ਨੇ ਇਸ ਰਾਮਕਥਾ ਵਲ ਸੰਕੇਤ ਕਰਦਿਆਂ ਕਿਹਾ ਹੈ :

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ

ਰਾਵਨ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ ।

(ਗੋਂਡ ਨਾਮਦੇਵ, ਪੰਨਾ ੮੭੫)

## ਰਾਮਦਾਸ (ਗੁਰੂ)

ਗੁਰੂ ਨਾਨਕ ਗੱਦੀ ਦੇ ਚੌਥੇ ਜਾਂਨਸ਼ੀਨ ਸ੍ਰੀ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ ਵਿਚ ਸੋਢੀ ਹਰਿਦਾਸ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ੨੪ ਸਤੰਬਰ ੧੫੩੪ ਈ: ਨੂੰ ਹੋਇਆ । ਪਹਿਲਾ ਨਾਮ ਜੇਠਾ ਸੀ । ਜੇਠਾ, ਸਿਖ ਸੰਗਤ ਨਾਲ ਗੋਇੰਦਵਾਲ ਆਇਆ ਤੇ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਮਸਤ ਹੋ ਕੇ ਇਥੇ ਹੀ ਟਿਕ ਗਿਆ । ਤੀਸਰੇ ਸਤਿਗੁਰੂ ਨੇ ਆਪਣੀ ਬੇਟੀ ਭਾਨੀ ਦੀ ਸ਼ਾਦੀ ਜੇਠੇ ਜੀ ਨਾਲ ਕਰ ਦਿਤੀ ਫਿਰ ਵੀ ਆਪ ਨੇ ਲੋਕ—ਲਾਜ ਦੀ ਪਰਵਾਹ ਨਾ ਕਰਦਿਆਂ ਸੇਵਾ ਦੀ ਕਾਰ ਨ ਛੱਡੀ ਸਗੋਂ ਬਾਉਲੀ ਦੀ ਕਠਿਨ ਸੇਵਾ ਪੂਰੇ ਤਨ ਮਨ ਨਾਲ ਕੀਤੀ । ਸਤਿਗੁਰਾਂ ਦੋਹਾਂ ਜਵਾਈਆਂ ਰਾਮਾ ਤੇ ਜੇਠਾ ਅਤੇ ਆਪਣੇ ਦੋਵੇਂ ਪੁੱਤਰਾਂ ਮੋਹਨ ਤੇ ਮੋਹਰੀ ਦੀ ਪਰੀਖਿਆ ਉਪਰੰਤ, ਆਪ ਨੂੰ ਹੀ ਸਭ ਤਰ੍ਹਾਂ ਯੋਗ ਸਮਝ ਕੇ ੧ ਸਤੰਬਰ ੧੫੭੪ ਨੂੰ ਗੁਰਿਆਈ ਦੇ ਦਿਤੀ । ਆਪਨੇ ੧੫੭੭ ਈ. ਵਿਚ 'ਗੁਰੂ ਕਾ ਚੱਕ' ਆਬਾਦ ਕੀਤਾ ਜੋ ਕਿ ਪਿਛੋਂ ਜਾ ਕੇ 'ਅੰਮ੍ਰਿਤਸਰ' ਨਾਮ ਨਾਲ ਪ੍ਰਸਿੱਧ ਹੋਇਆ । ਇਸ ਵਿਚ ਬਿਨਾਂ ਕਿਸੇ ਭਿੰਨ-ਭੇਦ ਦੇ ੫੨ ਜਾਤੀਆਂ ਦੇ ਲੋਕਾਂ ਨੂੰ ਵਸਾਇਆ ਗਿਆ ਤਾਂ ਕਿ ਹਰ ਕਿਸਮ ਦਾ ਹੁਨਰ ਤੇ ਦਸਤਕਾਰੀ ਪ੍ਰਫੁਲਤ ਹੋ ਸਕੇ । ਗੁਰੂ ਸਾਹਿਬ ਨੇ ਪ੍ਰਚਾਰ ਲਈ ਦੂਰ ਦੂਰ ਮੁਖੀ ਸਿਖਾਂ ਨੂੰ ਭੇਜਿਆ ਤੇ ਮਸਨਦਾਂ-ਗੱਦੀਆਂ ਕਾਇਮ ਕੀਤੀਆਂ, ਇਸੇ ਤੋਂ ਮਸੰਦ-ਪ੍ਰਣਾਲੀ ਦਾ ਵਿਕਾਸ ਹੋਇਆ । ਆਪ ਦੇ ਤਿੰਨ ਪੁੱਤਰ ਸਨ-ਪ੍ਰਿਥੀਚੰਦ, ਮਹਾਂਦੇਵ ਤੇ ਅਰਜਨ । ਸ੍ਰੀ ਅਰਜਨ ਨੂੰ ਗੁਰਗੱਦੀ ਸੌਂਪਕੇ ਆਪ ੧ ਸਤੰਬਰ ੧੫੮੧ ਈ ਗੋਇੰਦਵਾਲ ਜੋਤੀ ਜੋਤਿ ਸਮਾ ਗਏ ।

ਗੁਰੂ ਰਾਮਦਾਸ ਜੀ ਨੇ ਕੇਦਾਰਾ ਤੇ ਜੈਜਾਵੰਤੀ ਨੂੰ ਛੱਡ ਕੇ ਬਾਕੀ ੨੯ ਰਾਗਾਂ ਵਿਚ ਬਾਣੀ ਲਿਖੀ ਹੈ । ਰਾਇ ਬਲਵੰਡ ਨੇ ਆਪ ਦੀ ਪ੍ਰਸੰਸਾ ਕਰਦਿਆਂ ਕਿਹਾ ਹੈ :

ਧੰਨੁ ਧੰਨੁ ਰਾਮਦਾਸ ਗੁਰੂ ਜਿਨਿ ਸਿਰਿਆ ਤਿਨਹਿ ਸਵਾਰਿਆ ।

(ਵਾਰ ਰਾਮਕਲੀ, ਪੰਨਾ ੯੬੮)

## ਰਾਮਦਾਸ ਪੁਰ

ਅੰਮ੍ਰਿਤਸਰ ਦਾ ਪਹਿਲਾਂ ਨਾਂ 'ਗੁਰੂ ਕਾ ਚੱਕ' ਸੀ ਜੋ ੧੫੭੭ ਈ. ਵਿਚ ਗੁਰੂ ਰਾਮਦਾਸ ਜੀ ਨੇ ਵਸਾਇਆ, ਗੁਰੂ ਅਰਜਨ ਸਾਹਿਬ ਨੇ ਗੁਰੂ ਰਾਮਦਾਸ ਜੀ ਦੇ ਨਾਮ ਤੇ ਇਸ ਦਾ ਨਾਂ 'ਰਾਮਦਾਸ ਪੁਰ ਰਖਿਆ । ਪੰਚਮ ਗੁਰੂ ਦੇ

ਸਮੇਂ ਇਹ ਨੌਆਬਾਦੀ ਚੰਗੀ ਚੋਖੀ ਵਸੋਂ ਵਾਲੀ ਹੋ ਗਈ ਸੀ, ਜੈਸਾ ਕਿ ਵਾਕ ਹੈ :—

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ
ਹਰਿ ਹਾਂ ਨਾਨਕ ਕਸਮਲ ਜਾਹਿ, ਨਾਇਐ ਰਾਮਦਾਸ ਸਰ ।

(ਫੁਨਹੇ ੫, ਪੰਨਾ ੧੩੬੨)

### ਰਾਮਦਾਸੀ

ਸ੍ਰੀ ਰਾਮ ਚੰਦਰ ਦੇ ਉਪਾਸ਼ਕ ਵੈਰਾਗੀ ਸਾਧੂ 'ਰਾਮਦਾਸੀ' ਕਹੇ ਜਾਂਦੇ ਹਨ ਜੋ ਕਿ ਰਾਮ-ਭਗਤੀ ਕਰਨ ਲਈ ਘੁੰਗਰੂ ਬੰਨ੍ਹ ਕੇ ਨੱਚਦੇ ਤੇ ਰਾਮ ਦੇ ਗੀਤ ਗਾਉਂਦੇ ਹਨ । ਗੁਰੂ ਸਾਹਿਬਾਨ ਨੇ ਅਜੇਹੇ ਪੇਸ਼ਾਵਰ ਨ੍ਰਿਤਕਾਰ ਭਗਉਤੀਆਂ ਉਤੇ ਕਟਾਖਸ਼ ਕਰਦਿਆਂ ਕਿਹਾ ਹੈ ਕਿ ਇਹ ਲੋਕ ਇਹ ਕੰਮ ਉਤਨਾ ਧਰਮ-ਪਰਾਇਣ ਹੋ ਕੇ ਨਹੀਂ ਕਰਦੇ ਜਿਤਨਾ ਕਿ ਆਪਣੇ ਪੇਟ ਦੀ ਖਾਤਰ ਯਾ ਕੇਵਲ ਦਿਖਾਵੇ ਖਾਤਰ ਕਰਦੇ ਹਨ । ਆਪ ਲਿਖਦੇ ਹਨ :—

ਘੂਘਰ ਬਾਂਧਿ ਭਏ ਰਾਮਦਾਸਾ, ਰੋਟੀਅਨ ਕੇ ਓਪਾਵਾ
ਬਰਤ ਨੇਮ ਕਰਮ ਖਟ ਕੀਨੇ, ਬਾਹਰਿ ਭੇਖ ਦਿਖਾਵਾ ।
ਗੀਤ ਨਾਦ ਮੁਖਿ ਰਾਗ ਆਲਾਪੇ, ਮਨਿ ਨਹੀਂ ਹਰਿ ਹਰਿ ਗਾਵਾ ।

(ਮਾਰੂ ੫, ਪੰਨਾ ੧੫੦੩)

ਜੋਗੀ ਜਤੀ ਬੈਸਨੋ ਰਾਮਦਾਸ
ਮਿਤਿ ਨਾਹੀ ਬ੍ਰਹਮ ਅਬਿਨਾਸ ।

(ਗੋਡ ੫, ਪੰਨਾ ੮੬੭)

### ਰਾਮਾਨੰਦ

ਸੁਆਮੀ ਰਾਮਾਨੰਦ (੧੩੬੬-੧੪੬੭ ਈ:) ਉਤਰੀ ਹਿੰਦ ਵਿਚ ਭਗਤੀ ਲਹਿਰ ਦੇ ਮੋਢੀ ਪ੍ਰਚਾਰ-ਕਰਤਾ ਆਖੇ ਜਾਂਦੇ ਹਨ ਤੇ ਵੈਰਾਗੀ ਸੰਪ੍ਰਦਾ ਆਪ ਨੂੰ ਆਪਣਾ ਮੁੱਖ ਅਚਾਰਯ ਮੰਨਦੀ ਹੈ । ਦੱਖਣ ਵਾਸੀ ਰਾਮਾਨੁਜ (੧੦੧੭-੧੧੩੭ ਈ.) ਦੀ ਸ਼ਿਸ਼-ਪਰੰਪਰਾ ਵਿਚ ਆਪ ਰਾਘਵਾਚਾਰਯ ਦੇ ਚੇਲੇ ਸਨ । ਇਨ੍ਹਾਂ ਦੇ 'ਵਿਸਿਸ਼ਟ ਅਦ੍ਵੈਤਵਾਦ' ਦਾ ਆਪ ਉਤੇ ਵਿਸ਼ੇਸ਼ ਪ੍ਰਭਾਵ ਪਿਆ ਤੇ ਪਿਛੋਂ ਜਾ ਕੇ ਆਪਣੇ ਗੁਰੂ ਨਾਲੋਂ ਵੀ ਵਧ ਵਡਿਆਈ ਦੇ ਮਾਲਕ ਬਣੇ ਤੇ 'ਰਾਮਭਗਤੀ' ਦੇ ਤਾਂ ਅਚਾਰਯ ਕਹਿਕੇ ਸਤਿਕਾਰੇ ਗਏ । ਕਬੀਰ ਵਰਗੇ ਨਿਰਗੁਣਵਾਦੀ ਤੇ ਤੁਲਸੀਦਾਸ ਵਰਗੇ ਸਰਗੁਣਵਾਦੀ ਭਗਤਾਂ ਆਪ ਦਾ ਬਰਾਬਰ ਸਤਿਕਾਰ ਕੀਤਾ । ਕਈਆਂ ਉਨ੍ਹਾਂ ਨੂੰ ਦੱਖਣ ਦੇ ਜਨਮੇ ਮੰਨਿਆ ਹੈ, ਮੈਕਾਲਫ ਉਨ੍ਹਾਂ ਨੂੰ ਮੈਸੂਰ ਦੇ ਮੇਲ ਕੋਟਾ ਨਗਰ ਦੇ ਜਾਏ ਦਸਦਾ ਹੈ । ਆਪ ਕਾਨਕੁਬਜ ਬ੍ਰਾਹਮਣ ਤੇ ਪ੍ਰਯਾਗ ਦੇ ਜੰਮਪਲ ਸਨ । ਆਪ ਦੀ ਵਰਣਨ ਯੋਗ ਵਿਸ਼ੇਸ਼ਤਾ ਇਹ ਹੈ ਕਿ ਆਪ ਨੇ ਬਿਨਾ ਕਿਸੇ ਜਾਤਪਾਤ ਦੇ ਵਿਤਕਰੇ ਦੇ ਸਭ ਨੂੰ ਭਗਤੀ ਕਰਨ ਦਾ ਅਧਿਕਾਰ ਦਿਤਾ । ਆਪ ਦਾ ਕੇਂਦਰੀ ਮਠ ਕਾਂਸ਼ੀ ਵਿਚ

ਪੰਚਗੰਗਾ ਘਾਟ ਤੇ ਸੀ ਬਾਹਰ ਵੀ ਦੂਰ ਦੂਰ ਤੀਰਥਾਂ ਤੇ ਜਾ ਕੇ ਪ੍ਰਚਾਰ ਕਰਦੇ ਰਹਿੰਦੇ ਸਨ। ਕਬੀਰ, ਸੈਣ, ਧੰਨਾ, ਪੀਪਾ ਆਦਿ ਨੂੰ ਆਪ ਦੇ ਹੀ ਚੇਲੇ ਦੱਸਿਆ ਜਾਂਦਾ ਹੈ, ਭਾਵੇਂ ਇਨ੍ਹਾਂ ਸਭ ਦਾ ਸਮਕਾਲੀ ਹੋਣਾ ਸਿੱਧ ਨਹੀਂ ਹੁੰਦਾ। ਨਾਭਾਦਾਸ ਨੇ ਭਗਤਮਾਲ ਵਿਚ ੧੨ ਚੇਲੇ ਗਿਣੇ ਹਨ ਤੇ ਕਈਆਂ ਇਹ ਗਿਣਤੀ ਪੰਜ ਸੌ ਤਕ ਦੱਸੀ ਹੈ। ਇਸ ਤੋਂ ਇਤਨਾ ਅਨੁਮਾਨ ਜ਼ਰੂਰ ਲਗਦਾ ਹੈ ਕਿ ਆਪਦੀ ਮਾਨਵ-ਪ੍ਰੇਮੀ ਮਨੋਹਰ ਸ਼ਖਸੀਅਤ ਨੇ ਅਨੇਕਾਂ ਨੂੰ ਭਗਤੀ ਵਲ ਲਾਇਆ।

ਰਾਮਾਨੰਦ ਜੀ ਵਿਦਵਾਨ ਪੰਡਿਤ ਸਨ, ਆਪ ਦੀਆਂ ਸ੍ਰੀ ਵੈਸ਼ਣਵ ਮਤਾਂਬੁਜ ਭਾਸਕਰ, ਸ੍ਰੀ ਰਾਮਾਰਚਨ ਪੱਧਤੀ ਆਦਿ ਸੰਸਕ੍ਰਿਤ ਪੁਸਤਕਾਂ ਵੀ ਮਿਲਦੀਆਂ ਹਨ। ਆਦਿ ਗ੍ਰੰਥ ਵਿਚ ਆਪਦਾ ਇਕੋ ਇਕ ਸ਼ਬਦ, ਬਸੰਤ ਰਾਗ ਵਿਚ ਦਰਜ ਹੈ।

ਰਾਮਾਨੰਦ ਸੁਆਮੀ ਰਮਤ ਬ੍ਰਹਮ
ਗੁਰ ਕਾ ਸਬਦੁ ਕਾਟੈ ਕੋਟਿ ਕਰਮ।

(ਬਸੰਤ ਰਾਮਾਨੰਦ, ਪੰਨਾ ੧੧੯੫)

## ਰਾਵਣ

ਰਾਖਸ਼ਾਂ ਦਾ ਆਗੂ ਮਹਾਂ ਬਲੀ ਜੋਧਾ ਰਾਵਣ, ਲੰਕਾ ਦਾ ਰਾਜਾ ਸੀ। ਇਹ ਰਿਸ਼ੀ ਪੁਲਸਤ੍ਯ ਦਾ ਪੋਤਰਾ ਸੀ ਜਿਸ ਦਾ ਜਨਮ ਪਿਤਾ ਵਿਸ਼ਵ ਤੇ ਮਾਤਾ ਨਿਕਸਾ ਦੇ ਘਰ ਹੋਇਆ। ਇਸ ਦੇ ਦਸ ਸਿਰ ਸਨ ਤੇ ਵੀਹ ਬਾਂਹਵਾਂ, ਕੱਦ ਪਹਾੜ ਵਰਗਾ ਲੰਮਾ, ਅੱਖਾਂ ਤਾਂਬੇ ਰੰਗ ਦੀਆਂ ਤੇ ਸ਼ਕਲ ਸੂਰਤ ਭਿਅੰਕਰ ਬੱਦਲ ਵਰਗੀ ਸੀ। ਇਹ ਇਤਨਾ ਬਲੀ ਸੀ ਕਿ ਜ਼ਰਾ ਜਿੰਨੀ ਹਰਕਤ ਨਾਲ ਸਮੁੰਦਰ ਤੇ ਪਹਾੜਾਂ ਨੂੰ ਹਿਲਾ ਸਕਦਾ ਸੀ। ਲੰਮੀ ਤਪ ਸਾਧਨਾ ਸਦਕੇ ਇਸ ਨੇ ਸ਼ਿਵਾਂ ਨੂੰ ਪ੍ਰਸੰਨ ਕਰਕੇ ਅਮਰ ਰਹਿਣ ਦਾ ਵਰਦਾਨ ਵੀ ਪ੍ਰਾਪਤ ਕੀਤਾ ਹੋਇਆ ਸੀ ਕਈ ਦੇਵੀ ਦੇਵਤੇ ਇਸ ਦੇ ਸੇਵਕ ਸਨ, ਅਗਨੀ ਦੇਵਤਾ, ਰਸੋਈਏ ਦਾ, ਵਰੁਣ ਮਾਸ਼ਕੀ ਦਾ, ਵਾਯੂ ਬੁਹਾਰੀ ਦੇਣ ਤੇ ਕੁਬੇਰ ਧਨ ਲਿਆਉਣ ਦੀ ਸੇਵਾ ਕਰਦਾ ਸੀ। ਇਸ ਦਾ ਪੁੱਤਰ ਮੇਘਨਾਦ ਇਤਨਾ ਜ਼ੋਰਾਵਰ ਸੀ ਕਿ ਉਸਨੇ ਇੰਦ੍ਰ ਨੂੰ ਫਤਹਿ ਕਰ ਲਿਆ ਸੀ। ਬਲ ਤੋਂ ਇਲਾਵਾ ਰਾਵਣ ਵਿਦਿਆ ਵਿਚ ਵੀ ਨਿਪੁੰਣ ਸੀ, ਜਿਸ ਨੂੰ ਚਾਰ ਵੇਦਾਂ ਦਾ ਵਕਤਾ ਕਿਹਾ ਗਿਆ ਹੈ।

ਪਰੰਤੂ ਵਧੇਰੇ ਤਾਕਤ ਕਾਰਣ ਰਾਵਣ ਗਰਬ ਨਾਲ ਚੂਰ ਹੋ ਗਿਆ ਤੇ ਉਸ ਨੇ ਗੁੱਸੇ ਵਿਚ ਸ੍ਰੀ ਰਾਮ ਚੰਦਰ ਜੀ ਦੀ ਸਤਵੰਤੀ ਸੀਤਾ ਨੂੰ ਉਧਾਲ ਕੇ ਲੰਕਾ ਲਿਆਂਦਾ। ਇਸ ਦੀ ਮਹਾਰਾਣੀ ਮੰਦੋਦਰੀ ਵੀ ਇਸ ਨੂੰ ਸਮਝਾਉਂਦੀ ਰਹੀ ਪਰ ਇਸ ਤੇ ਕੋਈ ਅਸਰ ਨਾ ਹੋਇਆ। ਸ੍ਰੀ ਰਾਮ ਜੀ ਨੇ ਸੁਗ੍ਰੀਵ ਤੇ ਹਨੂਮਾਨ ਦੀ ਸੈਨਾ ਲੈ ਕੇ ਲੰਕਾ ਉਤੇ ਚੜ੍ਹਾਈ ਕਰ ਦਿਤੀ ਤੇ ਅੰਤ ਅਜਿਤ ਤੇ ਅਮਰ ਕਹਾਉਣ ਵਾਲੇ ਰਾਵਣ ਨੂੰ ਆਪਣੇ ਅਗਨਿ ਬਾਣ ਨਾਲ ਮਾਰ ਦਿਤਾ। ਕਬੀਰ ਜੀ ਨੇ ਲਿਖਿਆ ਹੈ :—

ਲੰਕਾ ਸਾ ਕੋਟੁ ਸਮੁੰਦ ਸੀ ਖਾਈ। ਤਿਹ ਰਾਵਨ ਘਰਿ ਖਬਰਿ ਨ ਪਾਈ
ਇਕੁ ਲਖ ਪੂਤ ਸਵਾ ਲਖ ਨਾਤੀ ! ਤਿਹ ਰਾਵਨ ਘਰਿ ਦੀਆ ਨ ਬਾਤੀ।

(ਆਸਾ ਕਬੀਰ, ਪੰਨਾ ੪੮੧)

**ਰਿਖਿ**

ਸੰਸਕ੍ਰਿਤ ਵਿਚ ਦੋ ਵੱਖ ਵੱਖ ਸ਼ਬਦ ਹਨ—**਋ਿਸ਼ਿ ਤੇ ਋ਿਕਸ਼** ਪਹਿਲੇ ਦਾ ਅਰਥ ਮਹਾਂ-ਪੁਰਸ਼ ਹੈ, ਦੂਜੇ ਦਾ ਅਰਥ ਚਮਕਦੀ ਚੋਟੀ ਵਾਲਾ ਸਤਾਰਾ ਹੈ। ਸ਼ਤ-ਪਥ ਬ੍ਰਾਹਮਣ ਅਨੁਸਾਰ—ਕਸ਼ਯਪ, ਅਤ੍ਰਿ, ਵਸ਼ਿਸ਼ਟ, ਵਿਸ਼ਵਾਮਿਤ੍ਰ, ਗੌਤਮ: ਜਮਦਗਨਿ ਤੇ ਭਰਦਵਾਜ, ਅਤੇ ਮਹਾਂ ਭਾਰਤ ਮੁਤਾਬਿਕ-ਮਰੀਚਿ, ਅਤ੍ਰਿ, ਪੁਲਹ, ਪੁਲਸਤਯ, ਕ੍ਰਤੁ, ਅੰਗਿਰਾ ਤੇ ਵਸ਼ਿਸ਼ਟ-ਸੱਤ ਰਿਸ਼ੀ ਮੰਨੇ ਜਾਂਦੇ ਹਨ।

ਆਪਣੇ ਗੁਣਾਂ ਕਰਕੇ ਇਨ੍ਹਾਂ ਅਮਰ ਹਸਤੀਆਂ ਨੂੰ ਅਸਮਾਨ ਵਿਚਲੇ ਵਿਸ਼ੇਸ਼ ਸੱਤ ਸਤਾਰਿਆਂ ਨਾਲ ਵੀ ਮੇਲਿਆ ਗਿਆ ਹੈ। ਭੱਟਾਂ ਦਾ ਕਥਨ ਹੈ :

ਜਿਸਹਿ ਧਾਰਿਯਉ ਧਰਤਿ ਅਰੁ ਵਿਓਮੁ ਅਰੁ ਪਵਣੁ ਤੇ ਨੀਰ ਸਰ
ਅਵਰ ਅਨਲ ਅਨਾਦਿ ਕੀਅਉ
ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ।

**(ਸਵਈਏ ਮਹਲਾ ਚਉਥੇ ਕੇ. ਪੰਨਾ ੧੩੯੯)**

ਵੈਸੇ ਰਿਖਿ ਯਾ ਰਿਸ਼ਿ ਪਦ ਦੈਵੀ ਗਿਆਨ-ਪ੍ਰਾਪਤ ਪੁਰਸ਼ ਲਈ ਆਮ ਵਰਤਿਆ ਗਿਆ ਹੈ, ਵੈਦਿਕ ਕਾਲ ਵਿਚ ਸੰਤ ਮਹਾਤਮਾਵਾਂ ਨੂੰ 'ਰਿਖਿ' ਕਿਹਾ ਜਾਂਦਾ ਸੀ।

**ਰਿਗ**—ਦੇਖੋ ਚਾਰ ਵੇਦ

**ਰੁਕਮਾਂਗਦ**

ਰੁਕਮਾਂਗਦ ਇਕ ਧਰਮੀ ਰਾਜਾ ਸੀ ਜੋ ਕਿ ਮੋਹਨੀ ਦਾ ਪਤੀ ਤੇ ਧਰਮਾਂਗਦ ਦਾ ਪਿਤਾ ਸੀ। ਇਸ ਨੇ ਇਕ ਸੁੰਦਰ ਬਾਗ ਲਵਾਇਆ ਹੋਇਆ ਸੀ, ਜਿਥੋਂ ਇੰਦ੍ਰ ਦੀਆਂ ਅਪੱਛਰਾਂ ਫੁਲ ਤੋੜ ਕੇ ਲੈ ਜਾਂਦੀਆਂ। ਇਕ ਵਾਰੀ ਇਕ ਅਪੱਛਰਾਂ ਫੁਲ ਤੋੜਦੀ ਕੰਡਿਆਂ ਵਿਚ ਉਲਝ ਗਈ ਤੇ ਉਡ ਕੇ ਸੁਰਗ ਵਾਪਸ ਨਾ ਜਾ ਸਕੀ। ਉਸ ਨੇ ਕਿਹਾ ਕਿ ਜੇ ਕੋਈ ਮੇਰੇ ਲਈ ਇਕਾਦਸ਼ੀ ਵਰਤ ਰਖੇ ਤਾਂ ਮੈਂ ਵਾਪਿਸ ਆ ਸਕਦੀ ਹਾਂ। ਰਾਜੇ ਰੁਕਮਾਂਗਦ ਨੇ ਇਕ ਬਾਣੀਏ ਦੀ ਦਾਸੀ ਤੋਂ ਸੋ ਵਰਤ ਰਖਵਾ ਕੇ ਉਸ ਨੂੰ ਦਾਨ ਦਿੱਤਾ ਤੇ ਆਪ ਉਸ ਅਪੱਛਰਾਂ ਤੇ ਲੁਭਾਇਮਾਨ ਨਾ ਹੋਇਆ। ਭੱਟਾਂ ਨੇ ਲਿਖਿਆ ਹੈ :—

ਰੁਕਮਾਂਗਦ ਕਰਤੂਤਿ, ਰਾਮੁ ਜੰਪਹੁ ਨਿਤ ਭਾਈ।

**(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੪)**

**ਰੁਤੀ**

ਇਕ ਕਾਵਿ-ਰੂਪ ਹੈ, ਜਿਸ ਵਿਚ ਛੇ ਰੁਤਾਂ ਦੇ ਅਧਾਰ ਤੇ ਵਿਯੋਗ ਸੰਜੋਗ ਦੇ ਜਜ਼ਬਿਆਂ ਨੂੰ ਉਲੀਕਿਆ ਜਾਂਦਾ ਹੈ। ਕਾਲੀਦਾਸ ਦਾ 'ਰਿਤੂ ਸੰਹਾਰ' ਇਸੇ ਕਿਸਮ

ਦੀ ਪੁਰਾਤਨ ਰਚਨਾ ਹੈ। ਭਾਰਤ ਵਿਚ ਛੇ ਰੁੱਤਾਂ ਮੰਨੀਆਂ ਗਈਆਂ ਤੇ ਹਰੇਕ ਰੁੱਤ ਦੋ ਦੋ ਮਹੀਨੇ ਦੀ ਹੈ।

੧. ਚੇਤ ਵਿਸਾਖ — ਬਸੰਤ।
੨. ਜੇਠ ਹਾੜ — ਗ੍ਰੀਖਮ।
੩. ਸੌਣ ਭਾਦੋਂ — ਪਾਵਸ (ਬਰਖਾ)
੪. ਅੱਸੂ ਕੱਤਕ — ਸਰਦ
੫. ਮੱਘਰ ਪੋਹ — ਹੇਮੰਤ
੬. ਮਾਘ ਫੱਗਣ — ਸਿਸਰ

ਗੁਰੂ ਅਰਜਨ ਨੇ ਰਾਮਕਲੀ ਰਾਗ ਵਿਚ 'ਰੁਤੀ' ਬਾਣੀ, ਲਿਖੀ ਹੈ ਜੋ ੯੨੭ ਪੰਨੇ ਤੇ ਦਰਜ ਹੈ ਤੇ ਜਿਸ ਵਿਚ ਛੇ ਰੁਤਾਂ ਦੀ ਪਲ ਪਲ ਬਦਲਦੀ ਪ੍ਰਾਕ੍ਰਿਤਿਕ ਨੁਹਾਰ ਅਨੁਸਾਰ ਜਗਿਆਸੂ ਜੀਵ-ਇਸਤ੍ਰੀ ਦੇ ਮਨੋਭਾਵ ਅੰਕਿਤ ਕੀਤੇ ਗਏ ਹਨ। ਇਥੇ ਰੁਤਾਂ ਦੀ ਤਰਤੀਬ ਵਿਚ ਹੇਮੰਤ ਪੰਜਵੇਂ ਥਾਂ ਰਖੀ ਹੈ ਜਦੋਂ ਕਿ ਪਰੰਪਰਾ ਅਨੁਸਾਰ ਇਹ ਆਖਰੀ ਰੁਤ ਅਰਥਾਤ ਛੇਵੀਂ ਗਿਣੀ ਜਾਂਦੀ ਹੈ। ਇਸ ਤੋਂ ਪਿਛੋਂ 'ਰੁਤੀ' ਕਾਵਿਰੂਪ ਵਧੇਰੇ ਪ੍ਰਸਿਧ ਨ ਰਿਹਾ ਤੇ ਇਸਦੀ ਥਾਂ 'ਬਾਰਾਂਮਾਹ ਨੇ ਲੈ ਲਈ ਜੋ ਕਿ ਹਿੰਦੀ ਪਜਾਬੀ ਵਿਚ ਬੇਅੰਦਾਜ਼ ਲਿਖੇ ਗਏ। (ਦੇਖੋ ਮੇਰੀ ਪੁਸਤਕ ਪੰਜਾਬੀ ਬਾਰਾਂਮਾਹ)

**ਰੁਦ੍ਰ**—ਦੇਖੋ ਸ਼ਿਵ

**ਰੇਚਕ**—ਦੇਖੋ ਜੋਗ ਤੇ ਜੋਗੀ

**ਰੋਜ਼ੇ**

ਮੁਸਲਮਾਨਾਂ ਵਲੋਂ ਰਖੇ ਬਰਤ, ਰੋਜ਼ੇ ਕਹਾਉਂਦੇ ਹਨ। ਇਹ ਕਈ ਕਿਸਮ ਦੇ ਹਨ ਜਿਨ੍ਹਾਂ ਦਾ ਰੱਖਣਾ ਧਰਮ ਕਰਮ ਕਰਾਰ ਦਿਤਾ ਗਿਆ ਹੈ। ਸ਼ੁਰੂ ਵਿਚ ਮੁਹੰਮਦ ਸਾਹਿਬ ਨੇ ਯਹੂਦੀਆਂ ਵਾਲੇ ਰੋਜ਼ੇ ਮੁਸਲਮਾਨਾਂ ਲਈ ਨੀਯਤ ਕੀਤੇ ਤੇ ਮੂਸਾ ਦੇ ਫਰਾਊਨ ਦੇ ਹਥੋਂ ਅਜ਼ਾਦ ਹੋਣ ਦੇ ਦਿਨ ਦਾ ਰੋਜ਼ਾ ਰਖਾਉਂਦੇ। ਪਿਛੋਂ ਅਜ਼ਾਨ ਦੇ ਮਹੀਨੇ ਰੋਜ਼ਿਆਂ ਦਾ ਰਿਵਾਜ ਚਲਾ ਗਿਆ। ਰਮਜ਼ਾਨ ਦੇ ਮਹੀਨੇ ਬ੍ਰਤ ਰਖਣਾ ਪਵਿੱਤਰ ਕਰਮ ਮੰਨਿਆ ਗਿਆ। 'ਮਿਸ਼ਕਾਤ' ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਦਾ ਬਚਨ ਹੈ ਕਿ ਰਮਜ਼ਾਨ ਵਿਚ ਸਵਰਗ ਦੇ ਦਰਵਾਜ਼ੇ ਖੁਲ੍ਹੇ ਅਤੇ ਨਰਕ ਦੇ ਬੰਦ ਰਹਿੰਦੇ ਹਨ। ਇਸ ਮਹੀਨੇ ਸ਼ੈਤਾਨ ਨੂੰ ਪੈਰਾਂ ਵਿਚ ਬੰਧਨ ਪਾ ਕੇ ਕੈਦ ਰਖਿਆ ਜਾਂਦਾ ਹੈ। ਰਮਜ਼ਾਨ ਵਿਚ ਰੋਜ਼ਾ ਰੱਖਣ ਵਾਲੇ ਦੇ ਪਾਪ ਬਖਸ਼ੇ ਜਾਂਦੇ ਹਨ।

ਮੱਕੇ ਦੇ ਨਿਵਾਸ ਸਮੇਂ ਮੁਹੰਮਦ ਸਾਹਿਬ ਤੇਰ੍ਹਾਂ ਚੌਦਾਂ ਤੇ ਪੰਦਰਾਂ ਤਰੀਕ ਨੂੰ ਅਸ਼ੂਰੇ ਦੇ ਰੋਜ਼ੇ ਰਖਦੇ ਆਉਂਦੇ ਸਨ, ਪਰੰਤੂ ਮਦੀਨੇ ਵਿਖੇ ਯਹੂਦੀਆਂ ਤੋਂ ਵੱਖ ਹੋਣ ਤੇ ਰਮਜ਼ਾਨ ਦਾ ਸਾਰਾ ਮਹੀਨਾ ਰੋਜ਼ਿਆਂ ਦਾ ਬਣਾ ਦਿਤਾ। ਫਤੂਅਲਗ਼ੈਬ ਵਿਚ ਹਰ ਮਹੀਨੇ ਦੀ ਤਰ੍ਹਾਂ, ਚੌਦਾਂ ਤੇ ਪੰਦਰਾਂ ਤਰੀਕ ਨੂੰ ਬਰਤ ਰਖਣ ਦਾ ਫਲ ਲਿਖਿਆ ਹੈ ਕਿ ਪਹਿਲੇ

ਰੋਜ਼ੇ ਦਾ ਫਲ ਦਸ ਹਜ਼ਾਰ ਬਰਸ਼ ਦੀ ਇਬਾਦਤ, ਦੂਸਰੇ ਦੀ ਤੀਹ ਹਜ਼ਾਰ ਸਾਲ ਦੀ, ਤੀਜੇ ਦੀ ਇਕ ਲੱਖ ਸਾਲ ਦੀ ਇਬਾਦਤ ਦਾ ਫਲ ਮਿਲਦਾ ਹੈ।

ਈਦੁਲਫਿਤਰ ਪਿਛੋਂ ਛੇ ਦਿਨ ਰੋਜ਼ੇ ਰਖਣਾ ਪੁੰਨ ਕਰਮ ਹੈ। ਹਫਤੇ ਦੇ ਹਰੇਕ ਸੋਮ ਤੇ ਵੀਰਵਾਰ ਨੂੰ ਵੀ। ਤੇ ਸ਼ਅਬਾਨ ਦਾ ਸਾਰਾ ਮਹੀਨਾ ਬ੍ਰਤ ਰਖਣਾ ਕਿਹਾ ਗਿਆ ਹੈ। ਇਕ ਦਿਨ ਖਾਣਾ ਦੂਜੇ ਦਿਨ ਬ੍ਰਤ ਰਖਣਾ ਨਿੱਤ ਬ੍ਰਤ ਕਹਾਉਂਦਾ ਹੈ।

(ਮਹਾਨਕੋਸ਼ ਪੰਨਾ ੭੬੬)

ਰੋਜ਼ਿਆਂ ਸਬੰਧੀ ਮੁਸਲਮਾਨਾਂ ਵਿਚ ਕਥਾ ਹੈ ਕਿ ਖੁਦਾ ਨੇ ਜਦੋਂ ਆਦਮ ਬਣਾਇਆ ਤਾਂ ਸੰਸਾਰ ਵਿਚ ਆਉਣ ਤੇ ਬਾਬਾ ਆਦਮ ਦਾ ਪਿੰਡਾ ਧੁੱਪ ਨਾਲ ਕਾਲਾ ਹੋ ਗਿਆ। ਸੋ ਤਿੰਨ ਰੋਜ਼ੇ-ਤੇਰਾਂ,ਚੌਦਾਂ ਤੇ ਪੰਦਰਾਂ ਤਰੀਕ ਨੂੰ ਉਸਦਾ ਉੱਜਲ ਚਿੱਟਾ ਕਰਣ ਹਿੱਤ ਰਖੇ ਜਾਂਦੇ ਹਨ।

ਗੁਰਬਾਣੀ ਅਨੁਸਾਰ ਰੋਜ਼ੇ ਰੱਖਣ ਦੀ ਖੇਚਲ ਬਿਅਰਥ ਹੈ ਜੇ ਅੰਦਰ ਪ੍ਰਭੂ ਤੇ ਪ੍ਰਭੂ ਦੇ ਲੋਕਾਂ ਲਈ ਪਿਆਰ ਨਹੀਂ। ਇਸ ਨਾਲ ਬਹਿਸ਼ਤ ਦੀ ਪ੍ਰਾਪਤੀ ਨਹੀਂ ਹੁੰਦੀ :—

ਰੋਜ਼ਾ ਬਾਂਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ।

(ਵਾਰ ਮਾਰੂ ੜਖਣੇ ੫, ਪੰਨਾ ੧੧੦੦)

ਰੋਜ਼ਾ ਧਰੈ ਨਿਵਾਜ ਗੁਜਾਰੈ, ਕਲਮਾ ਭਿਸਤਿ ਨ ਹੋਈ।

(ਆਸਾ ਕਬੀਰ, ਪੰਨਾ ੪੮੦)

**ਲਹਣਾ**—ਦੇਖੋ ਅੰਗਦ ਗੁਰੂ

**ਲਛਮਣ**

ਸ੍ਰੀ ਰਾਮਚੰਦ੍ਰ ਜੀ ਦਾ ਛੋਟਾ ਭਾਈ ਲਛਮਣ ਸੀ ਜੋ ਕਿ ਰਾਜਾ ਦਸਰਥ ਤੇ ਰਾਣੀ ਸੁਮਿਤ੍ਰਾ ਦਾ ਪੁੱਤਰ ਸੀ। 'ਅਧਿਆਤਮ ਰਾਮਾਇਣ' ਵਿਚ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਕਿਹਾ ਗਿਆ ਹੈ। ਜਦੋਂ ਸ੍ਰੀ ਰਾਮ ਨੂੰ ਚੌਦਾਂ ਸਾਲਾਂ ਦਾ ਬਨਵਾਸ ਮਿਲਿਆ ਤਾਂ ਭ੍ਰਾਤ੍ਰੀ ਪ੍ਰੇਮ ਕਾਰਣ ਇਹ ਵੀ ਨਾਲ ਗਿਆ ਤੇ ਇਸ ਨੇ ਆਪਣੇ ਵੱਡੇ ਭਾਈ ਦੀ ਦਿਲ ਮਨ ਲਾ ਕੇ ਸੇਵਾ ਕੀਤੀ, ਜਦੋਂ ਰਾਵਣ ਦੀ ਭੈਣ ਸਰੂਪਨਖਾ ਨੇ ਸ੍ਰੀ ਰਾਮ ਜੀ ਨੂੰ ਮੰਦਾ ਚੰਗਾ ਬੋਲਿਆ ਤਾਂ ਲਛਮਣ ਨੇ ਉਸ ਦਾ ਨੱਕ ਕੱਟ ਦਿਤਾ। ਲੰਕਾ ਵਿਚ ਰਾਵਣ ਨਾਲ ਹੋਏ ਜੁੱਧ ਵਿਚ ਇਸਨੇ ਮੂਹਰੇ ਹੋ ਕੇ ਹਿਸਾ ਲਿਆ ਤੇ ਬਰਛੀ ਲਗਣ ਕਾਰਣ ਬੇਹੋਸ਼ ਵੀ ਹੋ ਗਿਆ ਜਿਸਨੂੰ ਹਨੂਮਾਨ ਵਲੋਂ ਲਿਆਂਦੀ ਸੰਜੀਵਨੀ ਬੂਟੀ ਦੁਆਰਾ ਮੁੜ ਰਾਜ਼ੀ ਕੀਤਾ ਗਿਆ। ਇਹ ਵੀ ਰਵਾਇਤ ਹੈ ਕਿ ਰਾਮਚੰਦ੍ਰ ਜੀ ਦੀ ਅੰਧ ਮੁੱਕ ਚੁਕੀ ਸੀ। ਜਦੋਂ ਕਾਲ, ਸ੍ਰੀ ਰਾਮ ਜੀ ਨਾਲ ਗੱਲ ਕਰ ਰਿਹਾ ਸੀ ਤਾਂ ਦੁਰਬਾਸਾ ਰਿਸ਼ੀ ਵੀ ਮਿਲਣ ਲਈ ਆਇਆ ਤੇ ਉਸਨੇ ਸਰਾਪ ਦੀ ਧਮਕੀ ਦਿਤੀ। ਲਛਮਣ ਨੇ ਸਰਾਪ ਦਾ ਫ਼ਲ ਭੁਗਤਣ ਲਈ ਆਪਣੇ ਆਪ ਨੂੰ ਪੇਸ਼ ਕੀਤਾ ਤੇ ਯੋਗ ਸਾਧਨਾ ਦੁਆਰਾ ਪ੍ਰਾਣ ਤਿਆਗ ਕੇ ਬਾਕੀ ਦੀ ਉਮਰ ਭਾਈ ਨੂੰ ਦੇ ਦਿਤੀ। ਇਸ ਦੀ ਆਚਰਣਕ ਪਵਿਤ੍ਰਤਾ ਨੂੰ

ਬਾਰ ਬਾਰ ਸਲਾਹਿਆ ਗਿਆ ਤੇ ਛੇ ਜਤੀਆਂ ਵਿਚ ਵੀ ਇਸਦਾ ਨਾਂ ਲਿਆ ਜਾਂਦਾ ਹੈ। ਹਾਲਾਂ ਕਿ ਲਛਮਣ ਉਰਮਿਲਾ ਨੂੰ ਵਿਆਹਿਆ ਹੋਇਆ ਸੀ ਤੇ ਇਸਦੇ ਚੰਦ੍ਰਕੇਤੂ ਤੇ ਅੰਗਦ ਦੋ ਪੁੱਤਰ ਸਨ।

ਸੀਤਾ ਲੈ ਗਇਆ ਦਹਸਰੋ, ਲਛਮਣੁ ਮੂਓ ਸਰਾਪਿ
ਨਾਨਕ ਕਰਤਾ ਕਰਣਹਾਰੁ, ਕਰਿ ਵੇਖੈ ਥਾਪਿ ਉਥਾਪਿ।

(ਸਲੋਕ ਵਾਰਾਂ ਤੇ ਵਧੀਕ ੧, ਪੰਨਾ ੧੪੧੨)

## ਲੱਛਮੀ

ਹਿੰਦੂ ਮਨੌਤ ਅਨੁਸਾਰ ਵਿਸ਼ਨੂੰ ਜੀ ਦੀ ਸੁਪਤਨੀ, ਜੋ ਕਿ ਦੇਵਤਿਆਂ ਦੇ ਸਮੁੰਦਰ ਮਥਨ ਸਮੇਂ ਸਾਗਰ ਵਿਚੋਂ ਪੈਦਾ ਹੋਈ ਸੀ। ਇਸਨੂੰ ਚੋਦਾਂ ਰਤਨਾਂ ਵਿਚ ਗਿਣਿਆ ਜਾਂਦਾ ਹੈ। ਇਸਦਾ ਚਾਰ ਭੁਜਾਂ ਵਾਲਾ ਵਿਸ਼ਾਲ ਕਮਲ ਉਤੇ, ਬਿਰਾਜਮਾਨ ਸੁੰਦਰ ਸਰੀਰ, ਬਹੁਤ ਹੀ ਮਨਮੋਹਨ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਇਕ ਹੱਥ ਵਿਚ ਕਮਲ ਦਿਖਾਇਆ ਹੁੰਦਾ ਹੈ। ਕਹਿੰਦੇ ਹਨ; ਵਿਸ਼ਨੂ ਮਹਾਰਾਜ ਸ਼ੇਸਨਾਗ ਦੀ ਸੇਜਾ ਉਤੇ ਬਿਰਾਜਮਾਨ ਹਨ ਤੇ ਲੱਛਮੀ ਉਨ੍ਹਾਂ ਦੇ ਚਰਨ ਘੁਟਦੀ ਰਹਿੰਦੀ ਹੈ। ਇਸ ਦਾ ਭਾਵ ਇਹ ਵੀ ਲਿਆ ਜਾਂਦਾ ਹੈ ਕਿ ਮਾਇਆ, ਭਗਵਾਨ ਦੀ ਸੇਵਕਾ ਹੈ। ਇਸ ਲਈ ਜਗਿਆਸੂ ਨੂੰ, ਭਗਵਾਨ ਨੂੰ ਛੱਡ ਕੇ ਮਾਇਆ-ਪਰਾਇਣ ਨਹੀਂ ਹੋਣਾ ਚਾਹੀਦਾ। ਉਂਜ ਲੱਛਮੀ ਧਨ ਸੰਪਦਾ ਦੀ ਦੇਵੀ ਮੰਨੀ ਗਈ ਹੈ, ਜੋ ਕਿ ਉੱਲੂ ਦੀ ਸਵਾਰੀ ਕਰਦੀ ਹੈ। ਹਿੰਦੂ ਪੁਰਾਣਾਂ ਵਿਚ ਇਹ ਸੰਕੇਤ ਵੀ ਮਿਲਦੇ ਹਨ ਕਿ ਜਦੋਂ ਵਿਸਨੂ ਭਗਵਾਨ ਰਾਮ ਬਣਕੇ ਅਵਤਰੇ ਤਾਂ ਲੱਛਮੀ ਸੀਤਾ ਬਣਕੇ ਜਨਮੀ, ਜਦੋਂ ਕ੍ਰਿਸ਼ਨ ਬਣਕੇ ਪਰਗਟ ਹੋਏ ਤਾਂ ਇਹ ਰੁਕਮਣੀ ਬਣ ਕੇ ਆਈ। ਭਾਵ ਇਹ ਕਿ ਇਹ ਅਵਤਾਰ ਧਾਰਨ ਸਮੇਂ ਵੀ ਵਿਸ਼ਨੂ ਨਾਲ ਜਨਮ ਲੈਂਦੀ ਰਹੀ। ਨਾਮਦੇਵ ਲਿਖਦੇ ਹਨ।

ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ
ਸਪਤ ਲੋਕ ਸਾਮਾਨਿ ਪੂਰੀਅਲੇ
ਜਾਂਚੈ ਘਰਿ ਲਛਿਮੀ ਕੁਆਰੀ
ਚੰਦ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ
ਸੁ ਐਸਾ ਰਾਜਾ ਸ੍ਰੀ ਨਰਹਰੀ।

(ਮਲਾਰ ਨਾਮਦੇਉ, ਪੰਨਾ ੧੨੯੨)

ਭਗਤ ਤ੍ਰਿਲੋਚਨ ਨੇ ਰਤਨਾਂ ਦੀ ਗਿਣਤੀ ਕਰਦਿਆਂ ਕਿਹਾ ਹੈ :—

ਅੰਮ੍ਰਿਤ, ਸਸੀਆ, ਧੇਨ, ਲਛਿਮੀ, ਕਲਪਤਰ
ਸਿਖਰਿ ਸੁਨਾਗਰ ਨਦੀਚੇ ਨਾਥੰ।
ਕਰਮ ਕਰਿ ਖਾਰੁ ਮਫੀਟਸਿਰੀ।

(ਧਨਾਸਰੀ ਤ੍ਰਿਲੋਚਨ, ਪੰਨਾ ੬੯੫)

## ਲਾਹੌਰ

ਪੰਜਾਬ ਦਾ ਇਕ ਪ੍ਰਾਚੀਨ ਨਗਰ ਜੋ ਕਿ ਰਾਵੀ ਕੰਢੇ ਵਸਿਆ ਹੋਇਆ ਹੈ ਤੇ ਇਸ ਪ੍ਰਾਂਤ ਦੀ ਚਿਰ ਤਕ ਰਾਜਧਾਨੀ ਰਿਹਾ ਹੈ। ਰਵਾਇਤ ਹੈ ਕਿ ਇਸਨੂੰ ਸ੍ਰੀ ਰਾਮਚੰਦ੍ਰ ਜੀ ਦੇ ਸਪੁੱਤਰ ਲਵ ਨੇ ਵਸਾਇਆ ਤੇ 'ਨਾਮ' ਲਵਪੁਰ' ਰੱਖਿਆ ਸੀ। ਗਜ਼ਨਵੀ ਘਰਾਣੇ ਦੇ ਬਾਦਸ਼ਾਹਾਂ ਇਸਨੂੰ ਆਪਣਾ ਕੇਂਦਰ ਬਣਾਇਆ ਜੋ ਪਿਛੋਂ ਕਾਬਲ ਤੇ ਦਿੱਲੀ ਦੇ ਦਰਮਿਆਨ ਇਕ ਵਿਸ਼ੇਸ਼ ਅਹਿਮੀਅਤ ਵਾਲੀ ਰਾਜਧਾਨੀ ਬਣ ਗਿਆ।

ਜਦੋਂ ੧੫੨੧ ਈ: ਵਿਚ ਬਾਬਰ ਨੇ ਹਿੰਦ ਉਤੇ ਹਮਲਾ ਕੀਤਾ ਤਾਂ ਲਾਹੌਰ ਸ਼ਹਿਰ ਉਤੇ ਬਹੁਤ ਜ਼ੁਲਮ ਢਾਹੇ ਗਏ, ਹਜ਼ਾਰਾਂ ਬੇਗੁਨਾਹਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਸ ਦਰਦਨਾਕ ਅਵਸਥਾ ਨੂੰ ਦੇਖਕੇ ਗੁਰੂ ਨਾਨਕ ਸਾਹਿਬ ਨੇ ਕਿਹਾ :—

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।

(ਸਲੋਕ ਵਾਰਾਂ ਤੇ ਵਧੀਕ ੧, ਪੰਨਾ ੧੪੧੨)

ਇਸ ਤੋਂ ਕੁਝ ਦਹਾਕੇ ਪਿਛੋਂ ਜਦੋਂ ਗੁਰੂ ਅਮਰਦਾਸ ਜੀ ਨੇ ਇਸ ਸ਼ਹਿਰ ਦੀ ਅਮਨ ਅਮਾਨ ਵਾਲੀ ਅਵਸਥਾ ਤੱਕੀ ਤਾਂ ਫੁਰਮਾਇਆ; ਕਿ ਇਹ ਲਾਹੌਰ ਤਾਂ ਸਿਫਤੀ ਦਾ ਸਥਾਨ ਹੋਣ ਕਾਰਣ ਅੰਮ੍ਰਿਤ ਦਾ ਘਰ ਹੈ—

ਲਾਹੌਰ ਸਹਰੁ-ਅੰਮ੍ਰਿਤਸਰੁ-ਸਿਫਤੀ ਦਾ ਘਰੁ

(ਸਲੋਕ ਵਾਰਾਂ ਤੇ ਵਧੀਕ ੩, ਪੰਨਾ ੧੪੧੨)

ਕਈ ਇਥੇ 'ਅੰਮ੍ਰਿਤਸਰ' ਦਾ ਅਰਥ ਅੰਮ੍ਰਿਤਸਰ ਸ਼ਹਿਰ ਲੈਂਦੇ ਹਨ, ਇਹ ਭੁੱਲ ਹੈ ਕਿਉਂਕਿ ਗੁਰੂ ਅਮਰਦਾਸ ਸਮੇਂ ਇਹ ਥਾਂ ਨਹੀਂ ਸੀ ਬਣਿਆ ਤੇ ਇਹ ਨਾਮ ਸੰਸਕਾਰ ਵੀ ਨਹੀਂ ਸੀ ਹੋਇਆ।

## ਲਾਲੋ

ਗੁਰੂ ਨਾਨਕ ਸਾਹਿਬ ਦਾ ਪ੍ਰੇਮੀ ਕਿਰਤੀ ਸਿਖ, ਜੋ ਕਿ ਜਾਤੀ ਦਾ ਤਰਖਾਣ ਤੇ ਜ਼ਿਲ੍ਹਾ ਗੁਜਰਾਂ ਵਾਲੇ ਦੇ ਨਗਰ ਏਮਨਾਬਾਦ ਦਾ ਵਸਨੀਕ ਸੀ। ਇਹ ਹੱਥੀਂ ਕਿਰਤ ਕਰਕੇ ਗੁਜ਼ਾਰਾ ਕਰਦਾ ਤੇ ਰਾਤ ਦਿਨ 'ਸਤਿ ਕਰਤਾਰ' ਦੇ ਭਜਨ ਵਿਚ ਲੀਨ ਰਹਿੰਦਾ। ਜਦੋਂ ੧੫੨੧ ਈ. ਵਿਚ ਬਾਬਰ ਨੇ ਹਿੰਦ ਉਤੇ ਹਮਲਾ ਕੀਤਾ ਤਾਂ ਏਮਨਾਬਾਦ ਦੇ ਮੁਕਾਮ ਤੇ ਬੜੀ ਭਾਰੀ ਕਤਲਾਮ ਹੋਈ ਤੇ ਅਨੇਕਾਂ ਬੇਗੁਨਾਹ ਮਾਰੇ ਗਏ ਸਨ। ਇਸ ਸਮੇਂ ਗੁਰੂ ਸਾਹਿਬ ਤੀਜੀ ਉਦਾਸੀ ਤੋਂ ਵਾਪਸ ਆਉਂਦੇ ਭਾਈ ਲਾਲੋ ਪਾਸ ਠਹਿਰੇ ਹੋਏ ਸਨ, ਉਸ ਸਮੇਂ ਦੇਸ ਦੀ ਦੁਰਦਸ਼ਾ ਤੇ ਬਾਬਰ ਦੇ ਅਤਿਆਚਾਰੀ ਕਾਰਨਾਮਿਆਂ ਉਤੇ ਹੰਝੂ ਵਹਾਉਂਦਿਆਂ ਆਪ ਨੇ ਭਾਈ ਲਾਲੋ ਨੂੰ ਸੰਬੋਧਨ ਕਰਦਿਆਂ ਕਿਹਾ ਸੀ—

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ।

(ਤਿਲੰਗ ੧, ਪੰਨਾ ੭੨੨)

## ਲੋਹਾਰੀਪਾ

ਚੌਰਾਸੀ ਸਿਧਾਂ ਦੀ ਸੂਚੀ ਵਿਚ ਇਕ ਨਾਮ ਲੂਈਪਾ ਯਾ ਲੂਇਪਾਦ ਆਉਂਦਾ ਹੈ ਜੋ ਕਿ ਗੋਰਖਨਾਥ ਦਾ ਚੇਲਾ ਸੀ ਇਹੋ ਲੋਹਾਰੀਪਾ ਸੀ। ਇਸ ਦਾ ਸਮਾਂ ਦਸਵੀਂ ਸਦੀ ਮੰਨਿਆ ਗਿਆ ਹੈ।

ਜਦੋਂ ਗੁਰੂ ਨਾਨਕ ਸਾਹਿਬ ਦੀ ਸਿਧਾਂ ਨਾਲ ਗੋਸ਼ਟਿ ਹੋਈ ਤਾਂ ਇਨ੍ਹਾਂ ਵਿਚ ਲੋਹਾਰੀਪਾ ਸਿਧ ਵੀ ਸੀ, ਕਈ ਇਸਨੂੰ ਦੀਰਘ ਆਯੂ ਵਾਲਾ ਪੁਰਾਣਾ ਲੂਇਪਾ ਮੰਨਦੇ ਤੇ ਕਈ ਵਿਦਵਾਨ ਇਸ ਵਿਚਾਰ ਦੇ ਹਨ ਕਿ ਇਹ ਗੁਰੂ ਜੀ ਦਾ ਸਮਕਾਲੀ, ਹੋਰ ਸਿੱਧ ਸੀ। ਇਸ ਨੇ ਜੋਗੀਆਂ ਦੇ ਤਿਆਗੀ ਜੀਵਨ ਦਾ ਚਰਚਾ ਕਰਦਿਆਂ ਆਖਿਆ ਕਿ ਬਨਵਾਸ ਲੈਣਾ, ਮਾਮੂਲੀ ਕੰਦ ਮੂਲ ਖਾ ਕੇ ਗੁਜ਼ਾਰਾ ਕਰਨਾ ਤੇ ਤੀਰਥ ਇਸ਼ਨਾਨ ਕਰਨਾ—ਇਹ ਜੋਗ ਜੁਗਤੀ ਹੈ। ਇਸ ਦੀ ਵਿਆਖਿਆ ਦੇ ਉਤਰ ਵਜੋਂ ਗੁਰੂ ਜੀ ਨੇ ਆਪਣੀ ਜੀਵਨ-ਜੁਗਤੀ ਵੀ ਸਮਝਾਈ ਸੀ :

ਹਾਟੀ ਬਾਟੀ ਰਹਹਿ ਨਿਰਾਲੇ, ਰੂਖਿ ਬਿਰਖਿ ਉਦਿਆਨੇ
ਕੰਦ ਮੂਲੁ ਅਹਾਰੋ ਖਾਈਐ, ਅਉਧੂ ਬੋਲੈ ਗਿਆਨੇ
ਤੀਰਥਿ ਨਾਈਐ ਸੁਖੁ ਫਲੁ ਪਾਈਐ, ਮੈਲੁ ਨ ਲਾਗੈ ਕਾਈ
ਗੋਰਖ-ਪੂਤੁ ਲੋਹਾਰੀਪਾ ਬੋਲੈ, ਜੋਗ ਜੁਗਤਿ ਬਿਧਿ ਸਾਈ। ੭।

(ਰਾਮਕਲੀ ਸਿਧ ਗੋਸ਼ਟਿ ੧, ਪੰਨਾ ੯੩੯)

## ਲੰਕਾ

ਰਾਵਣ ਦੀ ਰਾਜਧਾਨੀ ਲੰਕਾ, ਸਾਡੇ ਇਤਿਹਾਸ ਵਿਚ ਇਸ ਲਈ ਪ੍ਰਸਿੱਧ ਹੈ ਕਿ ਸ੍ਰੀ ਰਾਮਚੰਦਰ ਜੀ ਨੇ ਰਾਵਣ ਉਤੇ ਵਿਜੈ ਪਾ ਕੇ ਲੰਕਾ ਤੋਂ ਸੀਤਾ ਨੂੰ ਛੁਡਾ ਕੇ ਲਿਆਂਦਾ ਸੀ। ਪੁਰਾਣਾਂ ਵਿਚ ਲਿਖਿਆ ਹੈ ਕਿ ਪਹਿਲੇ ਲੰਕਾ ਸੁਮੇਰ ਪਰਬਤ ਦੀ ਚੋਟੀ ਤੇ ਸੀ ਤੇ ਵਿਸ਼ਵਕਰਮਾ ਨੇ ਇਸਨੂੰ ਕੁਬੇਰ ਦੀ ਰਿਹਾਇਸ਼ ਲਈ ਬਣਾਇਆ ਸੀ; ਪਿਛੋਂ ਰਾਵਣ ਨੇ ਧੱਕੇ ਨਾਲ ਇਸਨੂੰ ਕੁਬੇਰ ਤੋਂ ਖੋਹ ਲਿਆਂਦਾ। ਪ੍ਰਸਿੱਧ ਹੈ ਕਿ ਇਸ ਨਗਰ ਵਿਚ ਬੜੇ ਵੱਡੇ ਵੱਡੇ ਕਿਲੇ ਤੇ ਸੁਨਹਿਰੀ ਮਹਲ ਸਨ ਤੇ ਆਲੇ ਦੁਆਲੇ ਸੁਰੱਖਿਆ ਲਈ ਕਈ ਡੂੰਘੀਆਂ ਖਾਈਆਂ ਬਣਾਈਆਂ ਹੋਈਆਂ ਸਨ ਪਰੰਤੂ ਰਾਵਣ ਦੇ ਗਰਬ ਤੇ ਗਲਤ ਵਿਉਹਾਰ ਕਾਰਣ ਇਹ ਸੋਨੇ ਦੀ ਲੰਕਾ ਅੰਤ ਢਹਿ ਢੇਰੀ ਹੋ ਗਈ।

ਅਜ ਕੱਲ੍ਹ ਭਾਰਤ ਦੇ ਦੱਖਣ ਵਿਚ ਲੰਕਾ, ਹਿੰਦ ਮਹਾਂ ਸਾਗਰ ਦਾ ਪ੍ਰਸਿੱਧ ਟਾਪੂ ਹੈ ਜਿਸ ਦੀ ਰਾਜਧਾਨੀ ਕੋਲੰਬੂ ਹੈ। ਇਤਿਹਾਸਕ ਤੌਰ ਤੇ ਇਹ ਦੱਸਣਾ ਔਖਾ ਹੈ ਕਿ ਇਥੇ ਹੀ ਰਾਮ ਰਾਵਣ ਦੀ ਲੜਾਈ ਹੋਈ ਯਾ ਕਿਤੇ ਹਿੰਦ ਦੇ ਹੋਰ ਭਾਗ ਵਿਚ।

ਸਾਡੇ ਸਾਹਿਤ ਵਿਚ ਲੰਕਾ ਦੀ ਅਮੀਰੀ ਬਾਰੇ ਆਮ ਸੰਕੇਤ ਮਿਲਦੇ ਹਨ :—

ਲੰਕਾ ਗਢੁ ਸੋਨੇ ਕਾ ਭਇਆ
ਮੂਰਖੁ ਰਾਵਨੁ ਕਿਆ ਲੇ ਗਇਆ ।

[ਭੈਰਉ ਕਬੀਰ, ਪੰਨਾ ੧੧੫੮

**ਵਡਹੰਸ**

ਇਹ ਖਮਾਜ ਠਾਠ ਦਾ ਸੰਪੂਰਣ ਰਾਗ ਹੈ, ਇਸ ਦਾ ਵਾਦੀ ਸੁਰ ਪਾ ਤੇ ਸੰਵਾਦੀ ਰੇ ਹੈ । ਇਸ ਵਿਚ ਨੀ ਦੋਵੇਂ—ਕੋਮਲ ਤੇ ਤੀਬਰ ਲਗਦੇ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਹੁੰਦਾ ਹੈ ।

ਗਾਉਣ ਦਾ ਸਮਾਂ ਦੁਪਹਿਰ ਯਾ ਰਾਤ ਦਾ ਦੂਜਾ ਪਹਿਰ ਹੈ । ਆਦਿ ਗ੍ਰੰਥ ਵਿਚ ਇਹ ਅੱਠਵੀਂ ਥਾਂ ਤੇ ਦਰਜ ਹੈ ।

**ਵਣਜਾਰਾ**

ਪੁਰਾਣੇ ਜ਼ਮਾਨੇ ਵਿਚ ਜਦ ਵਪਾਰੀ ਵਣਜਾਰੇ, ਸੌਦਾ ਲੱਦ ਕੇ ਵੇਚਣ ਲਈ ਦੂਜੀ ਥਾਂ ਜਾਂਦੇ ਤਾਂ ਰਾਹ ਵਿਚ ਗੀਤ ਗਾਉਂਦੇ ਚਲਦੇ ਸਨ । ਇਸੇ ਤਰਜ਼ ਨੂੰ ਲੈ ਕੇ ਸਿਰੀ ਰਾਗ ਵਿਚ ਗੁਰੂ ਰਾਮਦਾਸ ਜੀ ਨੇ ਜੋ ਬਾਣੀ ਲਿਖੀ ਹੈ ਉਸ ਦਾ ਸਿਰਲੇਖ 'ਵਣਜਾਰਾ' ਹੈ ਤੇ ਇਸ ਵਿਚ 'ਵਣਜਾਰਿਆ ਮਿਤ੍ਰਾ' ਦਾ ਥਾਂ ਥਾਂ ਸੰਬੋਧਨ ਹੈ । ਸੋ ਇਹ ਇਕ ਕਾਵਿ ਰੂਪ ਹੈ, ਜਿਸ ਦੀ ਵਰਤੋਂ ਮੱਧਕਾਲੀਨ ਸਾਹਿਤ ਵਿਚ ਕਾਫ਼ੀ ਰਹੀ ਹੈ ।

**ਵਰਣ**—ਦੇਖੋ ਚਾਰ ਵਰਣ

**ਵਰਤ**

ਵਰਤ ਦਾ ਲਫ਼ਜ਼ੀ ਅਰਥ 'ਪ੍ਰਣ' ਹੈ । ਚੂੰਕਿ ਜਦੋਂ ਕੋਈ ਪ੍ਰਾਣੀ ਇਹ ਪ੍ਰਤੱਗਿਆ ਕਰਦਾ ਹੈ ਕਿ ਮੈਂ ਇਤਨੇ ਸਮੇਂ ਲਈ ਇਹ ਚੀਜ਼ ਨਹੀਂ ਖਾਵਾਂ ਪੀਵਾਂਗਾ, 'ਵਰਤ' ਕਹਾਉਂਦਾ ਹੈ । ਭਾਵੇਂ ਖਾਣ ਪੀਣ ਦਾ ਸੰਜਮ ਸਿਹਤ ਲਈ ਬਹੁਤ ਹੀ ਲਾਭਵੰਦ ਹੈ ਲੇਕਿਨ ਕਿਸੇ ਰਸਮ ਰਿਵਾਜ ਦੇ ਬਸ ਹੋ ਕੇ ਅੰਨ ਤਿਆਗ ਕਰਨਾ ਧਰਮ ਨਹੀਂ ਕਹਿਆ ਜਾ ਸਕਦਾ । ਹਿੰਦੂ ਮਤ ਵਿਚ ਵਰਤ ਦਾ ਬਹੁਤ ਵਿਧਾਨ ਹੈ, ਕੋਈ ਤਿਥੀ ਯਾ ਮਹੀਨਾ ਐਸਾ ਨਹੀਂ ਜਿਸ ਵਿਚ ਵਰਤਾਂ ਦੀ ਭਰਮਾਰ ਨਾ ਹੋਵੇ । ਦੇਵਗਿਰੀ ਦੇ ਯਾਦਵ ਰਾਜਾ ਦੇ ਮੰਤ੍ਰੀ ਹੇਮਾਡ੍ਰਪੰਤ ਸਨ, ਉਨ੍ਹਾਂ 'ਚਤਰ ਵਰਗ ਚਿੰਤਾਮਣਿ', ਗ੍ਰੰਥ ਵਿਚ ਸਾਲ ਵਿਚ ਦੋ ਹਜ਼ਾਰ ਵਰਤਾਂ ਦਾ ਵਿਧਾਨ ਲਿਖਿਆ ਹੈ । ਲੇਕਿਨ ਇਹ ਸਚਾਈ ਹੈ, ਕੋਈ ਕੰਮ ਕਰਨ ਵਾਲਾ ਆਦਮੀ ਨਿਤ ਨਿਤ ਅਜੇਹੇ ਵਰਤ ਨਹੀਂ ਨਿਭਾ ਸਕਦਾ । ਯਹੂਦੀਆਂ ਵਿਚ ੪੦ ਤੇ ਮੁਸਲਮਾਨਾਂ ਵਿਚ ੩੦ ਰੋਜ਼ੇ ਰਖਣ ਦਾ

ਰਿਵਾਜ ਹੈ, ਇਸੇ ਤਰ੍ਹਾਂ ਹਿੰਦੂ ਕਈ ਪਰਕਾਰ ਦੇ ਵਰਤ ਰਖਦੇ ਹਨ, ਜਿਨ੍ਹਾਂ ਵਿਚ ਏਕਾਦਸ਼ੀ ਵਧੇਰੇ ਪਰਧਾਨ ਹੈ। ਗੁਰੂ ਸਾਹਿਬਾਨ ਨੇ ਇਸ ਵਰਤ ਰੀਤਿ ਨੂੰ ਪਰਵਾਨ ਨਹੀਂ ਕੀਤਾ। ਉਨ੍ਹਾਂ ਦੇ ਖਿਆਲ ਅਨੁਸਾਰ ਸਰੀਰ ਨੂੰ ਖੁਰਾਕ ਦੀ ਲੋੜ ਹੈ ਇਸ ਲਈ ਇਨ੍ਹਾਂ ਪਾਬੰਦੀਆਂ ਨੂੰ ਛੱਡ ਕੇ ਵੈਸੇ ਹੀ ਥੋੜ੍ਹਾ ਖਾਣਾ ਠੀਕ ਹੈ ਪਰੰਤੂ ਮਨ ਦੀ ਸਾਧਨਾ ਲਈ ਇਕ ਵਿਚ ਵਿਸ਼ਵਾਸ਼, ਬੁਰਾਈਆਂ ਦਾ ਤਿਆਗ, ਗੁਣਾਂ ਦਾ ਗ੍ਰਹਿਣ ਹੀ ਸੱਚਾ ਵਰਤ ਹੈ। ਆਪ ਲਿਖਦੇ ਹਨ :

ਨਉਮੀ ਨੇਮੁ ਸਚੁ ਜੇ ਕਰੈ। ਕਾਮ ਕ੍ਰੋਧੁ ਤ੍ਰਿਸਨਾ ਉਚਰੈ
ਦਸਮੀ ਦਸੇ ਦੁਆਰ ਜੇ ਠਾਕੈ, ਏਕਾਦਸੀ ਏਕੁ ਕਰਿ ਜਾਣੈ
ਦੁਆਦਸੀ ਪੰਚ ਵਸਗਤਿ ਕਰ ਰਾਖੈ
ਤਉ ਨਾਨਕ ਮਨਿ ਮਾਨੈ।
ਐਸਾ ਵਰਤ ਰਹੀਜੈ ਪਾਂਡੇ ਹੋਰ ਬਹੁਤ ਸਿਖ ਕਿਆ ਦੀਜੈ।

[ਵਾਰ ਸਾਰੰਗ, ੩, ਪੰਨਾ ੧੨੪੫]

ਗੁਰੂ ਅਰਜਨ ਜੀ ਦਾ ਬਚਨ ਹੈ :

ਵਰਤ ਨ ਰਹਉ ਨ ਮਹ ਰਮਦਾਨਾ
ਤਿਸ ਸੇਵੀ ਜੋ ਰਖੈ ਨਿਦਾਨਾ।

[ਭੈਰਉ ੫, ੧੧੩੫]

(ਹੋਰ ਦੇਖੋ ਏਕਾਦਸੀ)

### ਵਾਹਗੁਰੂ

ਇਹ ਸੰਕੇਤ ਦੋ ਸ਼ਬਦਾਂ ਦਾ ਸਮਾਸ ਹੈ—ਵਾਹ ਤੇ ਗੁਰੂ। ਵਾਹ ਦਾ ਅਰਥ ਅਸਚਰਜ ਤੇ ਗੁਰੂ ਦਾ ਅਰਥ 'ਪ੍ਰਕਾਸ਼ਕ' ਗਿਆਨ ਸੱਤਾ ਹੈ। ਦੂਜੇ ਸ਼ਬਦਾਂ ਵਿਚ ਉਹ ਪਰਮ ਸ਼ਕਤੀ ਜੋ ਅਗਮ ਅਗੋਚਰ ਹੋਣ ਕਰਕੇ ਅਸਚਰਜ ਤੇ ਰਹਿਨੁਮਾਈ ਦੇਣ ਵਾਲੀ ਹੈ, ਉਹ ਵਾਹਗੁਰੂ ਹੈ। ਪ੍ਰਾਚੀਨ ਭਾਰਤੀ ਸਾਹਿਤ ਵਿਚ ਇਹ ਸ਼ਬਦ ਪ੍ਰਾਪਤ ਨਹੀਂ, ਸਿਖ ਸਾਹਿਤ ਵਿਚ ਨਵਾਂ ਸਿਰਜਿਆ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਇਉਂ ਪਤਾ ਲਗਦਾ ਹੈ ਕਿ ਪਹਿਲੇ ਪਹਿਲ ਜੋ ਗੁਰੂ-ਦਰਸ਼ਨ ਲਈ ਸਿਖ ਆਉਂਦੇ ਸਨ, ਉਹ ਗੁਰੂ ਦੇ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਵਾਹ-ਗੁਰੂ, ਵਾਹ-ਗੁਰੂ (ਧੰਨ ਗੁਰੂ) ਸ਼ਬਦ ਦਾ ਉਚਾਰਣ ਕਰਦੇ ਸਨ। ਉਹ ਆਪਣੇ ਆਤਮਕ ਅਨੰਦ ਨੂੰ ਇਸੇ ਤਰ੍ਹਾਂ ਪਰਗਟ ਕਰ ਸਕਦੇ ਸਨ। ਹੌਲੀ ਹੌਲੀ ਦੋਵੇਂ ਸ਼ਬਦ ਜੁੜ ਕੇ ਸਮਾਸ ਬਣ ਗਿਆ ਤੇ ਇਹ ਪਰਮੇਸਰ ਦੇ ਅਰਥਾਂ ਵਿਚ ਵਰਤਿਆ ਜਾਣ ਲਗਾ। ਜਦੋਂ ਗੁਰੂ ਗ੍ਰੰਥ ਦੀ ਬੀੜ ਤਿਆਰ ਹੋ ਰਹੀ ਸੀ, ਉਸ ਸਮੇਂ ਭੱਟਾਂ ਇਸ ਸ਼ਬਦ ਦਾ ਪ੍ਰਯੋਗ ਜਿਵੇਂ ਕੀਤਾ ਉਸ ਤੋਂ ਪ੍ਰਤੱਖ ਹੁੰਦਾ ਹੈ ਕਿ ਇਹ ਸ਼ਬਦ, ਪਰਮੇਸਰ ਦਾ ਬੋਧਕ ਹੋ ਗਿਆ ਸੀ। ਚੌਥੇ ਗੁਰੂ ਦੀ ਉਸਤਤਿ ਵਿਚ ਭੱਟ ਲਿਖਦਾ ਹੈ :—

ਕੀਆ ਖੇਲੁ ਬਡ ਮੇਲੁ ਮਤਸਾ ਵਾਹਗੁਰੂ ਤੇਰੀ ਸਭ ਰਚਨਾ ।

[ਪੰਨਾ ੧੪੦੩]

ਯਾ

ਸੇਵਕ ਕੈ ਭਰਪੂਰਿ ਜੁਗਿ ਜੁਗਿ. ਵਾਹ ਗੁਰੂ ਤੇਰਾ ਸਭ ਸਦਕਾ ।

[ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੩]

## ਵਾਰ

ਇਕ ਪੰਜਾਬੀ ਕਾਵਿ-ਰੂਪ, ਜਿਸ ਵਿਚ ਪਉੜੀਆਂ ਦੁਆਰਾ ਕਿਸੇ ਜੁੱਧ ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਗਿਆ ਹੋਵੇ। ਪਉੜੀ, ਵਾਰ ਲਈ ਲਾਜਮੀ ਚਰਣ-ਪ੍ਰਬੰਧ ਹੈ, ਇਸ ਤੋਂ ਬਿਨਾਂ ਜੁੱਧ-ਕਥਾ ਦੇ ਹੁੰਦਿਆਂ ਸੁੰਦਿਆਂ ਵੀ ਕੋਈ ਰਚਨਾ, ਵਾਰ ਨਹੀਂ ਹੋ ਸਕਦੀ। ਪਉੜੀ ਵਾਰ ਦਾ ਸਰੀਰ ਹੈ ਤੇ ਜੁੱਧ-ਕਥਾ ਇਸ ਦੀ ਰੂਹ। ਦੋਹਾਂ ਦੇ ਮੇਲ ਨਾਲ ਹੀ ਵਾਰ ਦੀ ਸਾਜਨਾ ਹੁੰਦੀ ਹੈ। ਪੁਰਾਣੇ ਜ਼ਮਾਨੇ ਵਿਚ ਢਾਡੀ ਲੋਕ ਸੂਰਮਿਆਂ ਦਾ ਜਸ ਗਾਉਣ ਲਈ ਇਸ ਕਾਵਿ-ਰੂਪ ਦੀ ਵਰਤੋਂ ਕਰਦੇ ਸਨ ਤੇ ਇਹ ਬੀਰ-ਕਾਵਿ ਕਾਫ਼ੀ ਲੋਕ-ਪ੍ਰਸਿੱਧੀ ਰਖਦਾ ਸੀ। ਇਸ ਕਰਕੇ ਗੁਰੂਆਂ ਇਸ ਕਾਵਿ-ਰੂਪ ਨੂੰ ਲੈ ਕੇ ਵਿਅਕਤੀਆਂ ਦਾ ਜਸ ਗਾਉਣ ਦੀ ਥਾਂ ਗੁਰੂ ਪਰਮੇਸਰ ਦੀ ਮਹਿਮਾ ਗਾਈ ਤਾਂ ਕਿ ਇਸ ਰਾਹੀਂ ਅਧਿਆਤਮਕ ਨਿਸ਼ਚਿਆਂ ਨੂੰ ਪਰਿਪੱਕ ਕੀਤਾ ਜਾ ਸਕੇ।

ਆਦਿ ਗ੍ਰੰਥ ਵਿਚ ੨੨ ਵਾਰਾਂ ਹਨ। ੨੦ ਵਾਰਾਂ ਸਲੋਕਾਂ ਸਮੇਤ ਤੇ ਦੋ ਕੇਵਲ ਪਉੜੀਆਂ ਵਾਲੀਆਂ ਹਨ—ਵਾਰ ਬਸੰਤ ਕੀ ਕਿਰਤ ਗੁਰੂ ਅਰਜਨ ਤੇ ਵਾਰ ਰਾਮਕਲੀ-ਕਿਰਤ ਰਾਇ ਬਲਵੰਡ ਤੇ ਸੱਤਾ। ਇਨ੍ਹਾਂ ਵਾਰਾਂ ਵਿਚ ਪਉੜੀਆਂ ਦੇ ਤੋਲ ਵੀ ਭਿੰਨ ਭਿੰਨ ਪਰਕਾਰ ਦੇ ਮਿਲਦੇ ਹਨ ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਵਾਰ ਕਾਵਿ-ਰੂਪ ਅਨੇਕ-ਪੱਖੀ ਸਰੂਪਾਂ ਵਿਚ ਵਿਕਸਤ ਹੁੰਦਾ ਰਿਹਾ ਹੈ।

ਇਨ੍ਹਾਂ ਵਾਰਾਂ ਵਿਚੋਂ ਨੌਂ ਵਾਰਾਂ ਨੂੰ ਪ੍ਰਾਚੀਨ ਧੁਨਾਂ ਉਤੇ ਗਾਉਣ ਦਾ ਆਦੇਸ਼ ਅੰਕਿਤ ਹੈ, ਇਹ ਸੰਕੇਤ ਵੀ ਵਾਰ-ਸਾਹਿਤ ਦੀ ਪੁਰਾਤਨਤਾ, ਪ੍ਰਬੁਤਾ ਤੇ ਲੋਕ-ਪ੍ਰਸਿੱਧੀ ਦਾ ਪ੍ਰਮਾਣ ਪੇਸ਼ ਕਰਦਾ ਹੈ। (ਵਿਸਤਾਰ ਲਈ ਦੇਖੋ ਮੇਰੀ ਪੁਸਤਕ 'ਪੰਜਾਬੀ ਵਾਰਾਂ')

## ਵਾਰ ਸਤ

ਵਾਰ ਸਤ ਯਾ 'ਸਤਵਾਰਾ' ਉਹ ਕਾਵਿ ਰੂਪ ਹੈ, ਜਿਸ ਵਿਚ ਸੱਤ ਦਿਨਾਂ ਦੇ ਆਧਾਰ ਤੇ ਕਵਿਤਾ ਲਿਖੀ ਜਾਵੇ। ਕਬੀਰ ਸਾਹਿਬ ਨੇ ਗਉੜੀ ਰਾਗ ਵਿਚ ਤੇ ਗੁਰੂ ਅਮਰਦਾਸ ਜੀ ਨੇ ਬਿਲਾਵਲ ਵਿਚ 'ਵਾਰ ਸਤ' ਲਿਖਿਆ ਹੈ। ਵਖੋ-ਵਖ ਮਤਾਂ ਅਨੁਸਾਰ ਕਈ ਦਿਨ ਆਦਰ-ਯੋਗ ਤੇ ਕਈ ਤ੍ਰਿਸਕਾਰ-ਯੋਗ ਮੰਨੇ ਗਏ ਹਨ। ਜਿਵੇਂ

ਹਿੰਦੂ ਮੰਗਲ, ਮੁਸਲਮਾਨ ਸ਼ੁਕਰ ਤੇ ਈਸਾਈ ਐਤਵਾਰ ਨੂੰ ਚੰਗਾ ਜਾਣਦੇ ਹਨ ਤੇ ਸ਼ਨੀਵਾਰ ਨੂੰ ਮਾੜਾ। ਪਰੰਤੂ ਇਸ ਕਾਵਿ-ਰਚਨਾ ਵਿਚ ਸੰਤਾਂ ਗੁਰੂਆਂ ਇਹੋ ਸਿਖਿਆ ਦਿਤੀ ਹੈ ਕਿ ਪ੍ਰਭੂ ਸਿਮਰਨ ਕਰਨ ਵਾਲੇ ਲਈ ਹਰ ਦਿਨ ਪਵਿਤਰ ਹੈ। ਕਬੀਰ ਜੀ ਦੇ 'ਵਾਰ' ਦੇ ੯ ਬੰਦ ਹਨ ਤੇ ਗੁਰੂ ਅਮਰਦਾਸ ਜੀ ਦੇ 'ਵਾਰ ਸਤ' ਦੇ ੧੦। ਗੁਰੂ ਜੀ ਨੇ ਤਾਂ ਇਹ ਵੀ ਕਿਹਾ ਹੈ ਕਿ ਇਹ ਦਿਨ, ਮਹੀਨੇ, ਰੁਤਾਂ ਬਾਰ-ਬਾਰ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਕੇਵਲ ਪਰਮਸੱਤ ਹੀ ਸਦਾ ਸਿਥਿਰ ਹੈ।

> ਪੰਦ੍ਰਹ ਥਿਤੀ ਤੈ ਸਤ ਵਾਰ
> ਮਾਹਾ ਰੁਤੀ ਆਵਹਿ ਵਾਰ ਵਾਰ।
> ਦਿਨ ਸੁ ਰੈਣਿ ਤਿਵੈ ਸੰਸਾਰੁ
> ਆਵਾਗਉਣੁ ਕੀਆ ਕਰਤਾਰਿ।

(ਬਿਲਾਵਲ ੩, ਪੰਨਾ ੮੪੨)

## ਵਿਆਕਰਣ

ਕਿਸੇ ਬੋਲੀ ਵਿਚ ਵਰਤੀਂਦੇ ਨੇਮ ਦੱਸਣ ਵਾਲੀ ਵਿਦਿਆ 'ਵਿਆਕਰਣ' ਹੈ। ਇਹ ਨੇਮ ਆਪਣੇ ਆਪ ਨਹੀਂ ਬਣਾਏ ਜਾਂਦੇ ਸਗੋਂ ਭਾਸ਼ਾ ਦੀ ਵਰਤੋਂ ਦੇ ਅਧਾਰ ਤੇ ਕੇਵਲ ਸੰਕਲਿਤ ਕੀਤੇ ਜਾਂਦੇ ਹਨ ਤੇ ਕਿਸੇ ਬੋਲੀ ਦਾ ਵਿਆਕਰਣ ਇਨ੍ਹਾਂ ਦੀ ਵਿਆਖਿਆ ਕਰਦਾ ਹੈ। ਚੂੰਕਿ ਸੰਸਕ੍ਰਿਤ ਨੂੰ 'ਦੇਵ ਭਾਸ਼ਾ' ਮੰਨਿਆ ਜਾਂਦਾ ਸੀ ਤੇ ਬਹੁਤੇ ਧਰਮ-ਗ੍ਰੰਥ ਇਸੇ ਵਿਚ ਸਨ, ਇਸ ਕਰ ਕੇ ਇਸ ਦਾ ਅਧਿਐਨ ਜ਼ਰੂਰੀ ਸੀ ਪਰੰਤੂ ਸਮੇਂ ਦੇ ਫੇਰ ਨਾਲ ਇਸ ਵਿਚ ਪਰਿਵਰਤਨ ਹੁੰਦਾ ਗਿਆ ਤੇ ਵੇਦਾਂ ਤੇ ਸ਼ਾਸਤ੍ਰਾਂ ਦੀ ਭਾਸ਼ਾ ਸਮਝਣਾ ਔਖਾ ਹੋ ਗਿਆ। ਇਸ ਕਰ ਕੇ ਵਿਦਵਾਨਾਂ ਪ੍ਰਾਚੀਨ ਰਿਸ਼ੀਆਂ ਦੇ ਪ੍ਰਯੋਗਾਂ, ਅਤੇ ਸਮਕਾਲੀ ਵਰਤੋਂ ਨੂੰ ਸਨਮੁਖ ਰਖ ਕੇ ਭਾਸ਼ਾ-ਨੇਮਾਂ ਦੀ ਸੰਭਾਲ ਕੀਤੀ ਤੇ ਵਿਆਕਰਣ ਰਚੇ। ਸੰਸਕ੍ਰਿਤ ਵਿਚ ਪਾਣਿਨੀ ਦਾ "ਅਸ਼ਟਾਧਿਆਈ" ਇਕ ਸ਼੍ਰੋਮਣੀ ਵਿਆਕਰਣ ਮੰਨਿਆ ਗਿਆ ਹੈ ਅਤੇ ਸੰਸਕ੍ਰਿਤ ਨੂੰ ਜਾਣਨ ਦੀ ਇਛਾ ਰੱਖਣ ਵਾਲੇ ਇਸ ਦਾ ਚਿਰ ਤੋਂ ਅਧਿਐਨ ਕਰਦੇ ਆ ਰਹੇ ਹਨ। ਵੈਸੇ ਐਂਦ੍ਰ, ਚਾਂਦ੍ਰ, ਕਾਸ਼ਕ੍ਰਿਤਸਨ, ਕੌਮਾਰ, ਆਪਿਸ਼ਲਿ, ਸਾਕਟਾਯਨ, ਪਾਣਿਨੀਯ, ਆਮਰ, ਜੈਨੇਂਦ੍ਰ ਨੌਂ ਵਿਆਕਰਣ ਮੁਖ ਮੰਨੇ ਗਏ ਹਨ ਅਤੇ ਕਈ ਇਸ, ਵਿਆਕਰਣ-ਅਧਿਐਨ ਨੂੰ ਹੀ ਧਰਮ ਦਾ ਜ਼ਰੂਰੀ ਅੰਗ ਮੰਨਦੇ ਰਹੇ ਹਨ, ਪਰੰਤੂ ਗੁਰੂ ਸਾਹਿਬ ਇਸ ਨੂੰ ਇਹ ਮਹੱਤਵ ਦੇ ਕੇ ਰਾਜ਼ੀ ਨਹੀਂ :

> ਪੁਸਤਕ ਪਾਠ ਵਿਆਕਰਣ ਵਖਾਣੈ, ਸੰਧਿਆ ਕਰਮ ਤਿਕਾਲ ਕਰੈ।
> ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ, ਰਾਮ ਨਾਮ ਬਿਨ ਉਰਝਿ ਮਰੈ।

(ਭੈਰਉ ੧, ਪੰਨਾ ੧੧੨੭)

ਆਦਿ ਗ੍ਰੰਥ ਵਿਚ ਵਿਚ ਜਿਥੇ ਛੇ ਸ਼ਾਸਤ੍ਰਾਂ, ਚਾਰ ਵੇਦਾਂ ਦਾ ਚਰਚਾ ਹੈ, ਉਥੇ ਨਾਲ

ਹੀ ਕਿਤੇ-ਕਿਤੇ 'ਨਵ' ਕਹਿ ਕੇ ਨੌਂ ਵਿਆਕਰਣਾਂ ਵਲ ਸੰਕੇਤ ਕੀਤਾ ਗਿਆ ਹੈ। ਬਹੁਤੇ ਗਿਆਨ ਮਾਰਗੀ ਪੰਡਿਤ ਐਸਾ ਨਿਸਚਾ ਰਖਦੇ ਸਨ ਕਿ ਇਨ੍ਹਾਂ ਸ਼ਾਸਤ੍ਰਾਂ ਤੇ ਵਿਆਕਰਣਾਂ ਦਾ ਪਠਨ-ਪਾਠਨ ਹੀ ਮੁਕਤੀਦਾਇਕ ਹੈ ਪਰੰਤੂ ਗੁਰੂ ਸਾਹਿਬ ਸਪਸ਼ਟ ਲਿਖਦੇ ਹਨ:

ਨਵ ਛਿਅ ਖਟ ਬੋਲਹਿ ਮੁਖ ਆਗਰ
ਮੇਰਾ ਹਰਿ ਪ੍ਰਭੁ ਇਵ ਨ ਪਤੀਨੇ।

(ਧਨਾਸਰੀ ੪, ਪੰਨਾ ੬੬੮)

## ਵਿਸ਼ਨੂੰ

ਹਿੰਦੂ ਮਨੌਤ ਅਨੁਸਾਰ ਬ੍ਰਹਮਾ, ਵਿਸ਼ਨੂੰ, ਸ਼ਿਵ ਤਿੰਨ ਦੇਵਤੇ ਪਰਧਾਨ ਹਨ। ਬ੍ਰਹਮਾ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਸ਼ਿਵ ਇਸ ਦਾ ਸੰਘਾਰ ਕਰਦਾ ਹੈ। ਵਿਸ਼ਨੂੰ ਉਹ ਦੇਵਤਾਂ ਹੈ ਜੋ ਸਭ ਦੀ ਪਾਲਣਾ ਕਰਦਾ ਹੈ। ਇਸੇ ਕਰ ਕੇ ਇਸ ਦੀ ਪੂਜਾ ਮਾਨਤਾ ਵਧੇਰੇ ਹੈ। ਖਿਆਲ ਹੈ, ਇਹ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਹੈ ਜਿਥੇ ਲੱਛਮੀ ਇਸ ਦੇ ਚਰਨ ਘੁੱਟ ਰਹੀ ਹੈ। ਇਸ ਦੀ ਧੁੰਨੀ ਵਿਚੋਂ ਫੁਟੇ ਕੰਵਲ ਤੋਂ ਹੀ ਬ੍ਰਹਮਾ ਨੇ ਜਨਮ ਲਿਆ ਤੇ ਮਹਾਂ ਭਾਰਤ ਅਨੁਸਾਰ ਸ਼ਿਵ ਵੀ ਇਸ ਦੇ ਮਸਤਕ ਵਿਚੋਂ ਪਰਗਟ ਹੋਇਆ ਸੀ। ਵਿਸ਼ਨੂੰ ਦੀਆਂ ਚਾਰ ਭੁਜਾਂ ਹਨ ਜਿਨ੍ਹਾਂ ਵਿਚ ਇਸ ਨੇ ਸੰਖ ਚਕ੍ਰ, ਗਦਾ ਤੇ ਪਦਮ ਧਾਰਣ ਕੀਤਾ ਹੋਇਆ ਹੈ। ਇਹ ਗਰੜ ਦੀ ਸਵਾਰੀ ਕਰਦਾ ਤੇ ਇਸ ਦਾ ਨਿਵਾਸ ਸਥਾਨ 'ਬੈਕੁੰਠ' ਕਹਾਉਂਦਾ ਹੈ। ਜਿਸ-ਜਿਸ ਸਮੇਂ ਧਰਤੀ ਉਤੇ ਜੀਵਾਂ ਨੂੰ ਕੋਈ ਕਸ਼ਟ ਹੁੰਦਾ ਹੈ ਤਾਂ ਇਹ ਕਸ਼ਟ ਨਿਵਾਰਣ ਲਈ ਆਪ ਅਵਤਾਰ ਧਾਰਨ ਕਰਦਾ ਹੈ। ਮੱਛ, ਕੱਛ, ਬਰਾਹ, ਨਰ-ਸਿੰਘ, ਪਰਸੁਰਾਮ, ਰਾਮ, ਕ੍ਰਿਸ਼ਨ ਆਦਿ ਚੌਵੀ ਅਵਤਾਰ ਇਸ ਨੇ ਧਾਰਨ ਕੀਤੇ। ਸੋ ਵਿਸ਼ਨੂੰ ਦਾ ਇਹ ਮਿਥਿਹਾਸਕ ਯਾ ਇਤਿਹਾਸਕ ਸਰੂਪ ਸ਼ਰਧਾਲੂਆਂ ਲਈ ਵਧੇਰੇ ਉਪਯੋਗਤਾ ਤੇ ਖਿਚ ਦਾ ਕਾਰਣ ਹੈ, ਇਸੇ ਕਰ ਕੇ ਭਾਰਤ ਵਿਚ ਇਸ ਦੀ ਪੂਜਾ ਜ਼ਿਆਦਾ ਹੋਈ ਹੈ। ਗੁਰੂ ਸਾਹਿਬ ਅਜੇਹੇ ਦੇਵਤਿਆਂ ਨੂੰ ਪ੍ਰਭੂ ਦੀ ਸ਼ਕਤੀ ਦਾ ਚਮਤਕਾਰ ਮਾਤ੍ਰ ਕਹਿੰਦੇ ਹਨ ਤੇ ਇਨ੍ਹਾਂ ਦਾ ਆਸਰਾ ਲੈਣਾ ਠੀਕ ਨਹੀਂ ਸਮਝਦੇ।

ਬਿਸਨੁ ਮਹੇਸ ਸਿਧ ਮੁਨਿ ਇੰਦ੍ਰਾ, ਕੈ ਦਰਿ ਸਰਨਿ ਪਰਉ।

(ਕਲਿਆਨ ੫, ਪੰਨਾ ੧੩੨੨)

## ਵੇਦ—ਦੇਖੋ ਚਾਰ ਵੇਦ

## ਵੈਸ਼ਣਵ

ਹਿੰਦੂ ਅਵਤਾਰ ਮਾਲਾ ਵਿਚ, ਵਿਸ਼ਨੂੰ, ਪਾਲਣਾ ਕਰਨ ਵਾਲਾ ਦੇਵਤਾ ਹੈ ਜੋ ਜਗਤ ਦੀ ਰੱਖਿਆ, ਪਾਲਣਾ ਲਈ ਸਮੇਂ-ਸਮੇਂ ਜੀਵਾਂ ਉਤੇ ਕ੍ਰਿਪਾਲਤਾ ਕਰ ਕੇ ਅਵਤਾਰ

ਧਾਰਦਾ ਰਹਿੰਦਾ ਹੈ। ਇਸ ਕਰ ਕੇ ਇਸ ਦੀ ਪੂਜਾ ਮਾਨਤਾ ਪਹਿਲਾਂ ਤੋਂ ਹੀ ਹੁੰਦੀ ਆਈ ਹੈ। ਵੈਦਿਕ ਜ਼ਮਾਨੇ ਵਿਚ ਬ੍ਰਾਹਮਣੀ ਧਰਮ, ਯੱਗ ਹੋਮ ਉਤੇ ਵਧੇਰੇ ਜ਼ੋਰ ਦਿੰਦਾ ਸੀ, ਪਰ ਕੁਝ ਲੋਕ ਜਾਨਵਰਾਂ ਦੇ ਮਾਰੇ ਜਾਣ ਨੂੰ ਧਰਮ-ਕਰਮ ਨਹੀਂ ਸੀ ਮੰਨਦੇ, ਉਨ੍ਹਾਂ 'ਅਹਿੰਸਾ' ਉਤੇ ਵਧੇਰੇ ਜ਼ੋਰ ਦਿਤਾ ਅਤੇ ਅਜਿਹੇ ਸ਼ਰਧਾਲੂਆਂ ਦੇ ਪੂਜਨ ਇਸ਼ਟ-ਵਿਸ਼ਨੂੰ ਦੇਵ ਬਣੇ, ਜੋ ਪਿਛੋਂ ਜਾ ਕੇ "ਵੈਸ਼ਣਵ" ਕਹਿਲਾਏ। ਭਾਵੇਂ ਬੋਧੀ ਜੈਨੀ ਲਹਿਰਾਂ ਨੇ ਇਸ ਦਾ ਪ੍ਰਭਾਵ ਕਾਫ਼ੀ ਅਰਸੇ ਲਈ ਮੰਦਾ ਪਾ ਦਿਤਾ ਸੀ ਪਰੰਤੂ ਭਗਤੀ ਲਹਿਰ ਸਮੇਂ ਫਿਰ ਇਹ ਵਿਚਾਰ ਪ੍ਰਬਲ ਹੋ ਗਏ। ਖਾਸ ਕਰ ਕੇ ਸਰਗੁਣਵਾਦੀ ਭਗਤਾਂ-ਰਾਮਾਨੁਜ, ਨਿੰਬਾਰਕ, ਮਾਧਵਾਚਾਰਯ ਤੇ ਵੱਲਭਾਚਾਰਯ ਆਦਿ ਨੇ ਜਿਸ ਪ੍ਰੇਮਾ ਭਗਤੀ ਦਾ ਪ੍ਰਚਾਰ ਕੀਤਾ, ਉਸ ਵਿਚ ਪੂਜਨੀਕ ਦੇਵਤਾ ਵਿਸ਼ਨੂੰ ਹੀ ਸੀ। ਇਸ ਦੇ ੨੪ ਅਵਤਾਰਾਂ ਵਿਚੋਂ ਸ੍ਰੀ ਰਾਮ ਚੰਦ੍ਰ ਤੇ ਸ੍ਰੀ ਕ੍ਰਿਸ਼ਨ ਜੀ ਦੀ ਪੂਜਾ ਉਪਾਸਨਾ ਵਧੇਰੇ ਹੋਈ ਤੇ ਇਹ ਪੂਜਾ ਵੀ ਸਖੀ ਭਾਵ ਵਾਲੀ ਸੀ, ਕ੍ਰਿਸ਼ਨ ਗੋਪੀ ਲੀਲ੍ਹਾ ਇਸੇ ਦਾ ਵਿਕਸਤ ਰੂਪ ਸੀ। ਵੈਸ਼ਣਵਾਂ ਦਾ ਇਹ ਨਿਸ਼ਚਾ ਵੀ ਵਰਣਨ ਯੋਗ ਹੈ ਕਿ ਇਹ ਆਪਣੇ ਕਰਮ-ਧਰਮ ਉਤੇ ਮਾਣ ਨਹੀਂ ਕਰਦੇ ਸਗੋਂ ਭਗਵਾਨ ਦੀ ਦਿਆਲਤਾ ਯਾ ਪ੍ਰਸਾਦ ਉਤੇ ਹੀ ਨਿਰਭਰ ਕਰਦੇ ਹਨ। ਹਿੰਦੂ ਮਤ ਦਾ ਬਹੁਤਾ ਹਿੱਸਾ ਵਿਸ਼ਨੂੰ ਦਾ ਪੁਜਾਰੀ ਹੈ ਤੇ ਇਹ ਲੋਕ ਲੱਛਮੀ ਦੀ ਪੂਜਾ ਉਪਾਸਨਾ ਵੀ ਕਰਦੇ ਆਏ ਹਨ। ਇਨ੍ਹਾਂ ਦੀਆਂ ਕਈ ਸੰਪ੍ਰਦਾਵਾਂ ਹਨ ਜਿਨ੍ਹਾਂ ਵਿਚ ਥੋੜਾ ਬਹੁਤ ਫਰਕ ਵੀ ਹੈ ਪਰ ਵਿਸ਼ਨੂੰ ਦੀ ਸਭੇ ਮਾਨਤਾ ਕਰਦੇ ਹਨ।

ਬਾਹਰਲੀ ਰਹਿਤ ਵਜੋਂ ਵੈਸ਼ਣਵ ਸਾਧੂ-ਮੱਥੇ ਉਤੇ ਤਿਲਕ, ਗਲ ਤੁਲਸੀ ਮਾਲਾ ਤੇ ਸਰੀਰ ਉਤੇ ਸੰਖ ਚੱਕ੍ਰ ਆਦਿ ਦੇ ਚਿੰਨ੍ਹ ਅੰਕਿਤ ਕਰਦੇ ਹਨ।

ਪਰੰਤੂ ਕਬੀਰ ਜੀ ਨੇ ਇਸ ਅਡੰਬਰ ਦਾ ਵਿਰੋਧ ਕਰਦਿਆਂ ਲਿਖਿਆ ਹੈ ;

ਕਬੀਰ ਬੈਸਨੋ ਹੂਆ ਤ ਕਿਆ ਭਇਆ, ਮਾਲਾ ਮੇਲੀਂ ਚਾਰਿ।
ਬਾਹਰਿ ਕੰਚਨ ਬਾਰਹਾ, ਭੀਤਰਿ ਭਰੀ ਭੰਗਾਰ।

[ਸਲੋਕ ਕਬੀਰ, ਪੰਨਾ ੧੩੭੨]

ਗੁਰੂ ਅਰਜਨ ਸਾਹਿਬ ਨੇ ਬੈਸਨੋ ਦੇ ਲੱਛਣ ਕਰਦਿਆਂ ਇਸ ਗੱਲ ਉਤੇ ਜ਼ੋਰ ਦਿਤਾ ਹੈ ਕਿ ਜੋ ਮਾਇਆ ਤੋਂ ਨਿਰਲੇਪ ਰਹੇ ਤੇ ਧਰਮ-ਕਰਮ ਕਰਦਾ ਹੋਇਆ ਵੀ ਨਿਸ਼ਕਾਮ ਵਿਚਰੇ, ਉਹੋ ਸੱਚਾ ਬੈਸਨੋ ਹੈ :

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ। ਬਿਸਨ ਕੀ ਮਾਇਆ ਤੇ ਹੋਇ ਭਿੰਨ।
ਕਰਮ ਕਰਤ ਹੋਵੈ ਨਿਹਕਰਮ। ਤਿਸੁ ਬੈਸਨੋ ਕਾ ਨਿਰਮਲ ਧਰਮ।
ਕਾਹੂ ਫਲ ਕੀ ਇਛਾ ਨਹੀ ਬਾਛੈ। ਕੇਵਲ ਭਗਤਿ ਕੀਰਤਨ ਸੰਗਿ ਰਾਚੈ।
ਮਨ ਤਨ ਅੰਤਰਿ ਸਿਮਰਨ ਗੋਪਾਲ। ਸਭ ਊਪਰਿ ਹੋਵਤ ਕਿਰਪਾਲ।
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ। ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ।

[ਗਉੜੀ ਸੁਖਮਨੀ ੫, ਪੰਨਾ ੨੭੪]